# ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਸਿਧਾਂਤ ਤੇ ਵਿਹਾਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਫ਼ੈਕਲਟੀ ਆਫ਼ ਸੋਸ਼ਲ ਸਾਇੰਸਜ਼ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ

ਖੋਜ-ਪ੍ਰਬੰਧ

2016

ਨਿਗਰਾਨ

ਡਾ. ਸੁਰਿੰਦਰ ਕੌਰ ਧਾਲੀਵਾਲ

ਐਸੋਸੀਏਟ ਪ੍ਰੋਫ਼ੈਸਰ

ਸਰਕਾਰੀ ਰਣਬੀਰ ਕਾਲਜ, ਸੰਗਰੂਰ

ਖੋਜਾਰਥੀ

ਅਜੀਤਪਾਲ ਸਿੰਘ

ਰਾਜਨੀਤੀ ਵਿਗਿਆਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਇਹ ਖੋਜਕਾਰ ਵਿਦਿਆਰਥੀ ਅਜੀਤਪਾਲ ਸਿੰਘ ਨੇ **"ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਸਿਧਾਂਤ ਤੇ ਵਿਹਾਰ"** ਦੇ ਵਿਸ਼ੇ ਉੱਤੇ ਪੀਐਚ. ਡੀ. ਦਾ ਖੋਜ ਪ੍ਰਬੰਧ ਮੇਰੀ ਨਿਗਰਾਨੀ ਅਧੀਨ ਮੁਕੰਮਲ ਕੀਤਾ ਹੈ। ਇਹ ਖੋਜ ਪ੍ਰਬੰਧ ਵਿਦਿਆਰਥੀ ਦੀ ਮੌਲਿਕ ਖੋਜ ਹੈ ਅਤੇ ਮੈਂ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਦੀ ਸੋਸ਼ਲ ਸਾਇੰਸ ਫ਼ੈਕਲਟੀ ਵਿਚ ਪੀਐਚ. ਡੀ. ਦੀ ਡਿਗਰੀ ਲਈ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ।

ਅਗਸਤ, 2016

ਮਿਤੀ 2 ਫਰਵਰੀ, 2017

ਡਾ ਸੁਰਿੰਦਰ ਕੌਰ ਧਾਲੀਵਾਲ

**ਡਾ. ਸੁਰਿੰਦਰ ਕੌਰ ਧਾਲੀਵਾਲ**

**ਐਸੋਸੀਏਟਸ ਪ੍ਰੋਫ਼ੈਸਰ**

**ਸਰਕਾਰੀ ਰਣਬੀਰ ਕਾਲਜ, ਸੰਗਰੂਰ ।**

It is to be certified that there is no suggestions from examiner's side.

(Dr. Surinder Kaur Dhaliwal)

Dhaliwal

2/2/17

# ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਸਿਧਾਂਤ ਤੇ ਵਿਹਾਰ

**ਖੋਜ ਤੱਤ-ਸਾਰ**

ਸਿੱਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚ ਸੁਤੰਤਰਤਾ ਦਾ ਸਿਧਾਂਤ ਧਰਮ, ਸਮਾਨਤਾ ਅਤੇ ਨੈਤਿਕਤਾ 'ਤੇ ਆਧਾਰਿਤ ਹੈ। ਧਰਮ ਤੇ ਰਾਜ ਦੀ ਉਤਪਤੀ ਮਨੁੱਖ ਨੂੰ ਅਧਿਆਤਮਕ ਅਤੇ ਰਾਜਸੀ ਤੌਰ 'ਤੇ ਸੁਤੰਤਰ ਕਰਨ ਲਈ ਹੋਈ ਹੈ। ਇਸ ਕਾਰਜ ਲਈ ਨੈਤਿਕ-ਗੁਣ, ਮਨੁੱਖੀ ਕਦਰਾਂ-ਕੀਮਤਾਂ, ਸਮਾਨਤਾ ਅਤੇ ਲੋੜ ਅਨੁਸਾਰ ਸ਼ਸਤਰ (ਕਿਰਪਾਨ) ਦੀ ਵਰਤੋਂ ਕਰਨਾ ਵੀ ਜ਼ਰੂਰੀ ਹੈ। ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਤੇ ਵਿਹਾਰਕ ਜੀਵਨ ਤੋਂ ਮਨੁੱਖੀ ਸੁਤੰਤਰਤਾ ਲਈ ਕੀਤੇ ਸੰਘਰਸ਼ ਦੀ ਗਵਾਹੀ ਮਿਲਦੀ ਹੈ। ਧਾਰਮਿਕ ਸੁਤੰਤਰਤਾ ਦੀ ਸਵੀਕ੍ਰਿਤੀ ਸਿੱਖ ਵਿਚਾਰਧਾਰਾ ਦਾ ਅਹਿਮ ਪੱਖ ਹੈ। ਮੁਗ਼ਲ ਸ਼ਾਸਨ ਨਾਲ ਟੱਕਰ ਦਾ ਆਧਾਰ ਵੀ ਇਹ ਹੀ ਸੀ। ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਪੰਜ ਸੌ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਦੀ ਖੁੱਲ੍ਹ ਹੋਣਾ, ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੇ ਸੁਤੰਤਰ ਰਾਜ ਵਿਚ ਕਿਸੇ ਦਾ ਜ਼ਬਰੀ ਧਰਮ ਤਬਦੀਲ ਨਾ ਕੀਤਾ ਜਾਣਾ ਅਤੇ ਅੰਗਰੇਜ਼ ਸਾਮਰਾਜ ਸਮੇਂ ਸਿੱਖਾਂ ਵੱਲੋਂ ਗੁਰਦੁਆਰਿਆਂ ਦੀ ਸੁਤੰਤਰਤਾ ਲਈ ਡਟ ਕੇ ਖਲੋਣਾ ਧਾਰਮਿਕ ਸੁਤੰਤਰਤਾ ਦੀ ਸਵੀਕ੍ਰਿਤੀ ਦਾ ਪ੍ਰਮਾਣ ਹੈ। ਸ਼ਖਸੀ ਗੁਰੂ ਦੀ ਸਮਾਪਤੀ ਤੋਂ ਬਾਅਦ ਸਿੱਖਾਂ ਵੱਲੋਂ ਗੁਰੂ ਸਿਧਾਂਤ ਨੂੰ ਵਿਹਾਰਕਤਾ ਪ੍ਰਦਾਨ ਕਰਦਿਆਂ ਸੁਤੰਤਰਤਾ ਦੀ ਪ੍ਰਾਪਤੀ ਦੀ ਗੱਲ ਵੀ ਸਾਹਮਣੇ ਆਉਂਦੀ ਹੈ। ਅੰਗਰੇਜ਼ ਸਾਸ਼ਨ ਵਿਰੁੱਧ ਅਕਾਲੀਆਂ ਦਾ ਸੰਘਰਸ਼ ਵੀ ਸਿੱਖ ਸਿਧਾਂਤ ਦੀ ਵਿਹਾਰਕਤਾ ਨੂੰ ਪ੍ਰਗਟ ਕਰਦਾ ਹੈ। ਸੁਤੰਤਰਤਾ ਦੇ ਸੰਘਰਸ਼ ਵਿਚ ਵੀ 'ਗੁਰੂ ਕੇ ਬਾਗ ਮੋਰਚੇ', 'ਜੈਤੋ ਦੇ ਮੋਰਚੇ' ਅਤੇ 'ਬੱਬਰ ਅਕਾਲੀ ਲਹਿਰ' ਸਮੇਂ ਮੀਰੀ-ਪੀਰੀ ਦਾ ਪ੍ਰਗਟਾਵਾ ਹੁੰਦਾ ਹੈ। ਇਸ ਸਮੇਂ ਦੇ ਸਿੱਖ ਆਗੂਆਂ ਵਿਚ ਗੁਰੂ ਸਿਧਾਂਤ ਅਤੇ ਚੇਤਨਾ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਹੈ। ਗੁਰੂ ਪਰੰਪਰਾ ਦੁਆਰਾ ਵਿਕਲਪਿਤ ਸੁਤੰਤਰ ਰਾਜ ਦੀ ਕੋਈ ਖੇਤਰੀ ਹੱਦਬੰਦੀ ਨਹੀਂ। ਸਿੱਖ ਮਤ ਵਿਚ ਸੁਤੰਤਰਤਾ ਦਾ ਸਿਧਾਂਤ ਹੋਰ ਧਰਮਾਂ ਤੋਂ ਨਿਵੇਕਲਾ ਅਤੇ ਜ਼ਿਆਦਾ ਵਿਆਪਕ ਹੈ। ਪੱਛਮੀ ਦਰਸ਼ਨ ਵਿਚ ਵਿਚ ਕੁਝ ਚਿੰਤਕਾਂ ਵੱਲੋਂ ਸਮਾਜ ਅਤੇ ਰਾਜ ਦੀ ਉੱਨਤੀ ਲਈ ਦਾਸ ਅਤੇ ਮਾਲਕ ਦਾ ਸਿਧਾਂਤ ਪੇਸ਼ ਕੀਤਾ ਗਿਆ ਅਤੇ ਵਿਸ਼ੇਸ਼ ਵਿਅਕਤੀਆਂ ਨੂੰ ਹੀ ਨਾਗਰਿਕਤਾ ਦਾ ਅਧਿਕਾਰ ਦਿੱਤਾ ਗਿਆ ਹੈ। ਹਿੰਦੂ ਸੰਸਕ੍ਰਿਤੀ ਵਿਚ ਵੀ ਵਰਨ ਆਸ਼ਰਮ ਰਾਹੀਂ ਸਮਾਨਤਾ ਦੀ ਘਾਟ ਹੈ।

ਸਿੱਖਮਤ ਵਿਚ ਦਾਸ ਅਤੇ ਗ਼ੁਲਾਮ ਦਾ ਕੋਈ ਸਿਧਾਂਤ ਨਹੀਂ। ਖ਼ਾਲਸੇ ਵਿਚ ਬ੍ਰਾਹਮਣ ਦੀ ਬੁਧੀ, ਖੱਤਰੀ ਦੀ ਬਹਾਦਰੀ, ਵੈਸ਼ ਦੀ ਮਿਹਨਤ ਅਤੇ ਸ਼ੂਦਰ ਦੀ ਸੇਵਾ ਭਾਵ ਦੁਆਰਾ ਚਾਰੇ ਵਰਨਾਂ ਦੀ ਸ਼ਮੂਲੀਅਤ ਦੱਸੀ ਗਈ ਹੈ। 'ਸਰਬੱਤ ਦਾ ਭਲਾ' ਗੁਰਮਤਿ ਅਨੁਸਾਰ ਸੁਤੰਤਰਤਾ ਦਾ ਸਭ ਤੋਂ ਵਧੀਆ ਸਿਧਾਂਤ ਹੈ। ਗੁਰਮਤਿ ਦਾ ਸੁਤੰਤਰਤਾ ਦਾ ਸਿਧਾਂਤ ਮਨੁੱਖੀ ਜੀਵਨ ਦੇ ਉੱਤਮ ਵਿਕਾਸ ਵੱਲ ਕੇਂਦਰਿਤ ਹੈ ਅਤੇ ਵਿਸ਼ਵਵਿਆਪੀ ਹੈ। ਗੁਰਮਤਿ ਅਨੁਸਾਰ ਸੁਤੰਤਰ ਰਾਜ ਉਹ ਹੈ ਜਿਥੇ ਕਿਸੇ ਨਾਲ ਕੋਈ ਭੇਦਭਾਵ ਨਾ ਹੋਵੇ-ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣ ਦਾ ਸਿਧਾਂਤ ਲਾਗੂ ਹੋਵੇ। ਗੁਰੂ ਸਾਹਿਬਾਨ ਦਾ ਮੰਤਵ ਕੇਵਲ ਧਰਮ ਸਥਾਪਿਤ ਕਰਨ ਦਾ ਹੀ ਨਹੀਂ ਸੀ ਸਗੋਂ ਦੇਸ਼ ਨੂੰ ਸੈਂਕੜੇ ਸਾਲ ਪੁਰਾਣੀ ਮੁਗ਼ਲ ਸਾਮਰਾਜ ਦੀ ਗੁਲਾਮੀ ਤੋਂ ਸੁਤੰਤਰ ਕਰਵਾਉਣ ਦਾ ਵੀ ਸੀ। ਦੇਸ਼ ਦੇ ਸੁਤੰਤਰਤਾ ਸੰਘਰਸ਼ ਵਿਚ ਸਿੱਖਾਂ ਨੇ ਗੁਰੂ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ। ਗੁਰੂ ਵਿਚਾਰਧਾਰਾ ਮਨੁੱਖ ਦੀ ਅਧਿਆਤਮਿਕ ਮੁਕਤੀ ਦੇ ਨਾਲ ਰਾਜਸੀ ਸੁਤੰਤਰਤਾ ਦੀ ਵੀ ਅਲੰਬਰਦਾਰ ਹੈ। ਅਜੋਕੀ ਸਿੱਖ ਲੀਡਰਸ਼ਿਪ ਨੂੰ ਸੁਤੰਤਰਤਾ ਦੇ ਵਿਹਾਰ ਲਈ ਗੁਰਮਤਿ ਦੇ ਸਿਧਾਂਤ 'ਤੇ ਪਹਿਰਾ ਦੇਣ ਦੀ ਲੋੜ ਹੈ।


ਨਿਗਰਾਨ ਖੋਜਾਰਥੀ

ਡਾ. ਸੁਰਿੰਦਰ ਕੌਰ ਧਾਲੀਵਾਲ ਅਜੀਤਪਾਲ ਸਿੰਘ

# <u>TO WHOM IT MAY BE CONCERN</u>

It is certifying that Mr. **Ajitpal Singh** is doing Ph.D. on the topic of **“ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਸਿਧਾਂਤ ਤੇ ਵਿਹਾਰ”** under my supervision. He has submitted his thesis on During the research period his following article is being published in the following Journal.

1. ‘The Concept Of Liberation In Sikh Religion’ Page 116-125 (STUDIES IN SIKHISM AND COMPARATIVE RELIGION December-2015) (Guru Nanak Foundation, New Delhi)
2. ‘ਮਹਾਨ ਸਿੱਖ ਬੀਬੀਆਂ’ Page no.146-158 (THE JOURNAL OF RELIGION AND SIKH STUDIES, Jun-2015) Sri Guru Granth Sahib World University, Fatehgarh Sahib)


Dr. Surinder Kaur Dhaliwal
Associates Professor,
Govt. Ranbir college, Sangrur

# ਅਧਿਆਇ ਪਹਿਲਾ

# ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦਾ ਅਰਥ, ਸਰੂਪ ਅਤੇ ਸਰਵੇਖਣ

ਸੁਤੰਤਰਤਾ (Freedom) ਸਭਿਅਕ ਸਮਾਜਿਕ ਜੀਵਨ ਦੀ ਬੁਨਿਆਦ ਹੈ। ਇਸ ਲਈ ਹਰ ਵਰਗ ਦੇ ਮਹਾਨ ਅਤੇ ਸ੍ਰੇਸ਼ਟ ਵਿਚਾਰਵਾਨਾਂ ਨੇ ਸਦਾ ਸੁਤੰਤਰਤਾ ਦੇ ਗੌਰਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਸੁਤੰਤਰਤਾ ਦੀ ਇੱਛਾ ਵਿਅਕਤੀ ਦੀ ਸੁਭਾਵਿਕ ਪ੍ਰਵਿਰਤੀ ਹੈ। ਸੁਤੰਤਰਤਾ ਇਕ ਅਜਿਹਾ ਪ੍ਰੇਰਣਾਦਾਇਕ ਸ਼ਬਦ ਹੈ ਜਿਸ ਦੇ ਆਦਰਸ਼ ਤੋਂ ਪ੍ਰਭਾਵਿਤ ਹੋ ਕੇ ਸਮਾਜ ਵਿਚ ਅਨੇਕਾਂ ਲਹਿਰਾਂ ਚੱਲੀਆਂ। ਸੁਤੰਤਰ ਜੀਵਨ ਜਿਊਂਣ ਦਾ ਸੰਕਲਪ ਹਰੇਕ ਸਮਾਜ ਦੇ ਮਨ ਵਿਚ ਰਿਹਾ ਹੈ ਅਤੇ ਸਮੇਂ-ਸਮੇਂ ਰਾਜਨੀਤਿਕ ਚਿੰਤਕਾਂ , ਦਾਰਸ਼ਨਿਕਾਂ ਅਤੇ ਧਾਰਮਿਕ ਆਗੂਆਂ ਦਾ ਧਿਆਨ ਇਸ ਵਿਸ਼ੇ ਵੱਲ ਆਕਰਸ਼ਿਤ ਹੁੰਦਾ ਰਿਹਾ ਹੈ। ਜਦੋਂ ਵੀ ਮਨੁੱਖ ਅਨਿਆਂ ਤੋਂ ਪੀੜਤ ਹੋਇਆ ਹੈ, ਉਦੋਂ ਹੀ ਉਹ ਸੁਤੰਤਰਤਾ ਦੀ ਪ੍ਰਾਪਤੀ ਲਈ ਜੂਝਿਆ ਹੈ। ਸਿੱਖ-ਇਤਿਹਾਸ ਸੁਤੰਤਰਤਾ ਪ੍ਰਾਪਤੀ ਲਈ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਦਾ ਇਤਿਹਾ ਸ ਹੈ। ਸਿੱਖ ਅੱਜ ਵੀ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ਸ਼ੀਲ ਹਨ ਕਿਉਂਕਿ ਮਨੁੱਖ ਦਾ ਵਿਕਾਸ ਕੇਵਲ ਸੁਤੰਤਰਤਾ ਦੇ ਵਾਤਾਵਰਨ ਵਿਚ ਹੀ ਸੰਭਵ ਹੋ ਸਕਦਾ ਹੈ।

## ਸੁਤੰਤਰਤਾ ਦਾ ਸ਼ਾਬਦਿਕ ਪ੍ਰਸੰਗ

ਸਭ ਤੋਂ ਪਹਿਲਾਂ ਸਾਡੇ ਵਿਸ਼ੇ ਦੇ ਸਿਰਲੇਖ ਦੀ ਬੋਲ -ਬਣਤਰ ਵਿਚੋਂ ਮਹੱਤਵਪੂਰਨ 'ਲਫ਼ਜ਼ਾਂ' ਜਾਂ 'ਵਿਚਾਰਾਂ' ਨੂੰ ਸਪਸ਼ਟ ਕਰਨਾ ਜ਼ਰੂਰੀ ਹੈ ਤਾਂ ਜੋ ਭੁਲੇਖਾ (ambiguity) ਦੂਰ ਰਹੇ ਤੇ ਸਪੱਸ਼ਟਤਾ ਬਰਕਰਾਰ ਰਹੇ। ਕਿਸੇ ਵੀ 'ਲਫ਼ਜ਼', ਜੋ ਵਿਚਾਰ ਨੂੰ ਸਾਂਭਦਾ ਹੈ, ਦੇ ਸਪੱਸ਼ਟ ਸਰੂਪ ਦਾ ਨਿਰਧਾਰਣ ਤਾਂ ਹੀ ਹੋ ਸਕਦਾ ਹੈ ਜੇਕਰ ਗੱਲ ਉਸ ਲਫ਼ਜ਼ ਦੀ ਵਿਉਤਪਤਿ (Etymology) ਤੋਂ ਸ਼ੁਰੂ ਹੋਵੇ।

ਸਾਡੇ ਪੰਜਾਬੀ ਵਰਤੋਂ-ਵਿਹਾਰ ਅੰਦਰ ਅਤਿ ਜ਼ਰੂਰੀ ਲਫ਼ਜ਼ਾਂ ਵਿਚ 'ਆਜ਼ਾਦੀ' ਲਫ਼ਜ਼ ਵੀ ਆਉਂਦਾ ਹੈ ਜਿਸ ਲਫ਼ਜ਼ ਦਾ ਮੂਲ ਭਾਵੇਂ ਫ਼ਾਰਸੀ -ਉਰਦੂ ਹੈ, ਪਰ ਇਸ ਦਾ ਬਦਲ ਸੰਸਕ੍ਰਿਤ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਵੀ ਮਿਲਦਾ ਹੈ। ਅਸੀਂ 'ਆਜ਼ਾਦੀ' ਦੇ ਉਸ ਸੰਕਲਪ ਨੂੰ ਸਹੀ -ਸਹੀ ਅਤੇ ਰਾਜਨੀਤੀ ਦੇ , ਦਰਸ਼ਨ-ਇਤਿਹਾਸੀ ਸਮੁੱਚ ਦੀ ਭਾਵਨਾਤਮਕ ਗਹਿਰ-ਗੰਭੀਰਤਾ ਦੇ ਪ੍ਰਤੀਨਿਧ ਰੂਪ ਵਿਚ ਨਖੇੜ-ਸੰਭਾਲਣ ਦਾ ਉਪਰਾਲਾ ਵੀ ਕਰ ਰਹੇ ਹਾਂ । ਅੱਜ ਤੱਕ ਦੇ ਪੰਜਾਬੀ -ਅੰਗਰੇਜ਼ੀ-ਹਿੰਦੀ ਆਦਿ ਦੇ ਸੰਦਰਭ -ਸਾਹਿਤ (reference literature) ਅੰਦਰ, 'ਆਜ਼ਾਦੀ' ਦੀ ਭਾਵਨਾ ਨੂੰ ਪ੍ਰਗਟਾਉਣ ਵਾਲੇ, ਘੱਟੋ-ਘੱਟ ਦੋ 'ਲਫ਼ਜ਼ਾਂ' ਦਾ ਪ੍ਰਚਲਨ ਪ੍ਰਾਪਤ ਹੁੰਦਾ ਹੈ। ਅੰਗਰੇਜ਼ੀ ਦੇ ਦੋ ਲਫ਼ ਜ਼ (Freedom, liberty) ਜਦ ਸਾਡੀਆਂ ਭਾਸ਼ਾਵਾਂ

ਵਿਚਲੀ ਕੋਸ਼ਕਾਰੀ ਅੰਦਰ ਪਰਿਵਰਤਿਤ ਹੋਏ ਤਾਂ ਉਨ੍ਹਾਂ ਦੋਹਾਂ ਲਫ਼ਜ਼ਾਂ ਦੀ ਅਰਥਾਤਮਕ ਭਾਵਨਾ ਦੀ ਏਕਤਾ-ਅਨੇਕਤਾ ਇਕੱਠੀ ਹੋਈ ਗਈ ਤੇ ਨਵੇਕਲੀ ਨਿਸਚਿਤਤਾ ਘੱਟ ਗਈ:

**ਪੰਜਾਬੀ-ਅੰਗਰੇਜ਼ੀ ਕੋਸ਼:**(ਸੁਤੰਤਰਤਾ)-Freedom, Independence, Sovereignty, Self-Government[1]

**ਅੰਗਰੇਜ਼ੀ-ਪੰਜਾਬੀ ਕੋਸ਼:**(Freedom)-ਆਜ਼ਾਦੀ, ਸੁਤੰਤਰਤਾ, ਸਵਾਧੀਨਤਾ, ਰਾਜਨੀਤਿਕ ਸੁਤੰਤਰਤਾ, ਵਿਅਕਤੀਗਤ ਸੁਤੰਤਰਤਾ, ........ ਨਾਗਰਿਕ ਅਧਿਕਾਰ[2]

**ਅੰਗਰੇਜ਼ੀ-ਪੰਜਾਬੀ ਕੋਸ਼:** (Liberty)-ਖੁੱਲ ਦਿਲੀ, ਬੰਦ-ਖਲਾਸੀ, ਦਾਸਤਾ ਤੋਂ ਮੁਕਤੀ, ਸੁਤੰਤਰਤਾ[3]

**ਫਾਰਸੀ ਕੋਸ਼:**(ਆਜ਼ਾਦੀ)-ਖ਼ੁਦਮੁਖ਼ਤਾਰੀ, ਸੁਤੰਤਰਤਾ, ਖੁੱਲ੍ਹ[4]

**ਮਹਾਨ ਕੋਸ਼:**(ਆਜ਼ਾਦੀ)-ਸ੍ਵਤੰਤਰਤਾ, ਖੁੱਲ੍ਹ, ਬੰਧਨ ਦਾ ਅਭਾਵ[5]

**Latin-English Dictionary:**(Liber) Independent, Free, Unrestrained, free from restraints[6]

**English-English Dictionary:(**Liberty)-Freedom from constraint, Freedom to do as please. Unrestrained enjoyment of natural right power of free choice[7]

**English-English:**(Freedom)-liberty, frankness..

**Free man**- a Man who has been a slave and has been freed;

**Free Thinker**-One who rejects authority in religion; a rationalist.

**Free Will**-Freedom of the will from restraint; liberty of choice, power of self-determination

**free will**-Spontaneous.

**Free States**-.... states.... in which slavery did not exist, as opposed to slave states.

**Free Agency-**state or power of acting freely, or without necessity or constraint; free city- A city constituting a state in itself.[8]

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਰਥਾਂ ਦੇ ਨੁਕਤੇ ਤੋਂ ਲਫ਼ਜ਼ 'liberty' ਬਾਰੇ ਉਪਰਾਲਿਆਂ ਅੰਦਰ ਉਸ ਕਿਸਮ ਦੇ ਪਾਸਾਰਕ ਘੇਰੇ ਨਹੀਂ ਦਰਸਾਏ ਗਏ ਜਿੰਨੇ ਕਿ 'Freedom' ਲਫ਼ਜ਼ ਸਬੰਧੀ, ਹਾਲਾਂਕਿ ਭਾਰਤੀ ਲੋਕ 'liberty' ਅਤੇ 'Freedom' ਬਾਰੇ ਇਕੋ ਹੀ ਸਾਂਝਾ, ਹਿੰਦੁਸਤਾਨੀ-ਪੰਜਾਬੀ ਲਫ਼ਜ਼, 'ਆਜ਼ਾਦੀ' ਵਰਤਦੇ ਹਨ ਪਰ ਵਰਤਮਾਨ ਭਾਰਤੀ ਬੋਲ-ਬਾਣੀ ਨੇ ਪਹਿਲ 'Freedom' ਨੂੰ ਹੀ ਦਿੱਤੀ

---

[1] ਜੋਸ਼ੀ, ਐਸ. ਐਸ. ਅਤੇ ਹੋਰ (ਸੰਪਾ.), *ਪੰਜਾਬੀ-ਅੰਗਰੇਜ਼ੀ ਕੋਸ਼*, ਪੰਨਾ-127

[2] ਅਤਰ ਸਿੰਘ (ਡਾ.) ਅਤੇ ਹੋਰ (ਸੰਪਾ.), *ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ,* ਪੰਨਾ-278

[3] ਉਹੀ, ਪੰਨਾ-387

[4] ਸ਼ੀਤਲ, ਜੀਤ ਸਿੰਘ, *ਫਾਰਸੀ-ਪੰਜਾਬੀ ਕੋਸ਼*, ਪੰਨਾ-7

[5] ਨਾਭਾ, ਭਾਈ ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ ਮਹਾਨ-ਕੋਸ਼*, ਪੰਨਾ-96

[6] *LATIN-DICTIONARY* Revised by J. R. V. Marchant, M. A, & Joseph F. Charles, , p. 317

[7] Willam Geddie (Editor), *Chamber's Twentieth Centaury Dictionary,* p.614

[8] Ibid., p.467

ਹੈ ਕਿਉਂਕਿ 'liberty' ਲਫ਼ਜ਼ ਗ਼ੁਲਾਮੀ ਦੀ ਮਜ਼ਦੂਰੀ (slavery) ਜਾਂ ਬੰਧੂਆ ਮਜ਼ਦੂਰੀ ਨਾਲ ਜੁੜੀ ਹੋਈ ਉਸ ਸਮਾਜ ਦੀ ਸਿਆਸੀ ਹੋਣੀ ਨੂੰ ਦਰਸਾਉਂਦਾ ਹੈ ਜਿਸ ਦਾ ਸ਼ਿਕਾਰ ਅਮਰੀਕਾ ਦੀਆਂ 'slave states' ਸਨ; ਜਦੋਂ ਕਿ 'Free States' ਵਿਚ ਗ਼ੁਲਾਮੀ ਦੀ ਮਜ਼ਦੂਰੀ (slavery) ਨਹੀਂ ਸੀ। ਸੋ ਅਮਰੀਕੀ ਸਿਆਸੀ ਮਾਹੌਲ 1861-65 ਦੇ ਜਨਤਕ ਯੁੱਧ ਤੋਂ ਪਹਿਲਾਂ ਤੋਂ ਬਣਿਆ -ਉਸਰਿਆ ਲਫ਼ਜ਼ 'liberty' ਸਾਡੇ ਪੂਰਬੀ-ਪੰਜਾਬੀ ਮਾਹੌਲ, ਦੀ ਅਨੁਭਵ-ਚਿੰਤਨੀ ਸਮੁੱਚਤਾ ਨੂੰ 'ਅਰਥਾਉਣ-ਪ੍ਰਸਾਰਣ' ਵਿਚ ਇਨਸਾਫ਼ ਨਹੀਂ ਕਰ ਸਕਦਾ। ਜਿਵੇਂ ਅੰਗਰੇਜ਼ੀ ਲਫ਼ਜ਼ 'Secular' ਅਤੇ ਉਸਦਾ ਪੰਜਾਬੀ-ਰੂਪ 'ਧਰਮ-ਨਿਰਪੇਖ' ਸਾਡੀਆਂ ਸਮੁੱਚੀਆਂ ਰਾਜਨੀਤੀ-ਅਧਿਆਤਮੀ ਗੁਥਲੀਆਂ (Compounds) ਦੇ ਅਮੁਲ ਖਜ਼ਾਨਿਆਂ ਦਾ 'ਥਾਹ' ਨਹੀਂ ਪਾ ਸਕਦੇ ਉਵੇਂ ਹੀ ਸ਼ਾਇਦ 'liberty' ਦਾ ਭਾਵਨਾਤਮਕ ਮਾਹੌਲ ਇਕ ਤਰਫਾ ਦਿਸਦਾ ਹੈ। ਸੋ, 'Freedom' ਵਾਲੇ ਅਰਥਾਂ ਨੂੰ 'ਸਮੋਅ' ਲੈਣ ਵਾਲੀ, 'ਆਜ਼ਾਦੀ' ਜਿਹੀ, ਸ਼ਬਦ-ਬਣਤਰ ਹੀ ਸਾਡਾ ਅਰਥ–ਭਾਵਨਾਤਮਕ ਮਾਹੌਲ ਸੰਭਾਲ ਸਕਦੇ ਹਨ , ਜਿਹਾ ਕਿ 'ਸੁਤੰਤਰਤਾ', 'ਸਵਾਧੀਨਤਾ' ਆਦਿ, ਜਿਨ੍ਹਾਂ ਦਾ ਮਕਸਦ 'Self-rule', ਸੁਤੰਤਰਤਾ-ਸੰਗਰਾਮ, ਆਜ਼ਾਦੀ ਦੀ ਲਹਿਰ , ਸੁਤੰਤਰਤਾ-ਸੰਘਰਸ਼ ਦਾ 'ਨਤੀਜਾ' ਪ੍ਰਾਪਤ ਕਰਨਾ ਸੀ ਅਤੇ ਉਹ ਨਤੀਜਾ ਸੀ 'ਰਾਜਸੱਤਾ ਦੇ ਨਾਲ-ਨਾਲ, ਰਾਜ-ਸਾਜ ਦੇ ਸੰਵਿਧਾਨ ਤੋਂ ਲੈ ਕੇ , ਰਾਜ-ਨੀਤੀ, ਰਾਜ-ਵਿਧੀ, ਪ੍ਰਬੰਧਨ ਸਬੰਧੀ ਨਿਰ ਣੈ, ਮੂਲਕ ਫ਼ੈਸਲਿਆਂ ਦੀ ਸੁਤੰਤਰਤਾ ਆਦਿ ਜੋ ਕਿ ਇਕ ਖ਼ੁਦਮੁਖ਼ਤਿਆਰ (Sovereign) ਮੁਲਕ-ਕੌਮ ਦੀ ਪਰਿਭਾਸ਼ਾ ਨੂੰ ਨਿਰਧਾਰਤ ਕਰਦੇ ਹਨ । ਜੇਕਰ ਕਿਧਰੇ ਉਲੇਖ ਵਿਚ 'liberty' ਲਫ਼ਜ਼ ਵਰਤਿਆ ਗਿਆ ਹੈ ਤਾਂ ਉਸ ਦਾ ਅਰਥ 'ਸੰਪੂਰਨ ਆਜ਼ਾਦੀ' (complete Freedom) ਭਾਵ ਸੁਤੰਤਰਤਾ ਹੀ ਹੈ।

ਭਾਵੇਂ ਕਿ ਵਿਆਪਕ ਰੂਪ ਵਿਚ 'ਆਜ਼ਾਦੀ' ਨੂੰ Freedom/liberty ਵਿਚਾਲੇ ਰਲ-ਗਡ ਕਰਕੇ ਪੂਰਬ-ਪੱਛਮ ਸਮਾਵੇਸ਼ ਕਰ ਦਿੱਤਾ ਗਿਆ ਹੈ ਪਰ ਅਸਲ ਗੱਲ ਇਹ ਹੈ ਕਿ ਅਸੀਂ ਇਸ ਭੁਲੇਖੇ ਦਾ ਸ਼ਿਕਾਰ ਨਾ ਹੋ ਕੇ ਹਜ਼ਾਰ ਸਾਲ ਦੀ ਵਿਦੇਸ਼ੀਆਂ ਦੀ ਗ਼ੁਲਾਮੀ ਦੇ ਮੱਦੇਨਜ਼ਰ ਗੁਰੂ ਸਾਹਿਬਾਨ ਦੇ ਦਿੱਤੇ 'ਸਭੇ ਸਾਝੀਵਾਲ' ਦੇ ਨਾਅਰੇ, ਅਨੁਸਾਰ ਰਾਜ-ਸੱਤਾ ਰਹਿਤ ਪ੍ਰਾਪਤੀ ਨੂੰ ਕਦੀ ਵੀ ਕੌਮੀ ਆਜ਼ਾਦੀ ਦਾ ਸੰਕਲਪ ਜਾਂ ਹੰਢਾਉਣਾ ਨਹੀਂ ਕਹਿ ਸਕਦੇ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਪਿਛਲੇ ਤਕਰੀਬਨ 70 ਸਾਲ ਤੋਂ ਸੱਤਾ-ਤੰਤ੍ਰ ਉਪਰ ਸ੍ਵਦੇਸ਼ੀਆਂ ਦੇ ਰਾਜ-ਸਾਜ਼ ਨੇ ਸਹੀ ਮਾਅਨਿਆਂ ਵਿਚ ਸਾਨੂੰ ਸਿਆਸੀ 'ਆਜ਼ਾਦੀ' ਦਾ ਰਸਦਾਇਕ ਅਵਸਰ ਪ੍ਰਦਾਨ ਕੀਤਾ ਹੈ। ਪੱਛਮ ਵਿਚ ਉਸਰੇ -ਬਣੇ ਲਫਜ਼ਾਂ ਅਤੇ ਉਨ੍ਹਾਂ ਦੇ ਅਰਥਭਾਵੀ ਮਾਹੌਲ ਨੂੰ ਕਿਸੇ ਹੋਰ (ਪੱਛਮੀ ਸੰਦਰਭ ਵਾਲੇ ) ਮਾਹੌਲ ਨੇ ਵਰਤੋਂ -ਵਿਉਹਾਰ ਵਿਚ ਲਿਆਂਦਾ ਹੋਇਆ ਹੁੰਦਾ ਹੈ , ਜਿਸ ਤਰ੍ਹਾਂ ਕਿ

ਉਦਰਿਤ ਲਫ਼ਜ਼ ਜਾਂ ਵਿਚਾਰ, ('Secular' ਅਤੇ 'liberty') ਇਸ ਲਈ ਸਾਡੇ ਮਾਹੌਲ ਮੁਤਾਬਕ ਅਰਥਾਏ ਹੋਏ ਪਸਾਰ-ਘੇਰਿਆਂ ਨੂੰ ਪਛਾਣਨ-ਵਰਤਣ ਦੀ ਲੋੜ ਜ਼ਰੂਰੀ ਹੈ। ਜੇਕਰ ਅਸੀਂ ਧਰਮ ਨਿਰਪੱਖ (Secular) ਅਤੇ 'ਗ਼ੁਲਾਮੀ ਤੋਂ ਮੁਕਤੀ' (liberty) ਦੇ ਡਿਕਸ਼ਨਰੀ ਅਰਥਾਂ ਵਿਚ ਜਕੜੇ ਰਹਾਂਗੇ ਤਾਂ 'ਮੀਰੀ-ਪੀਰੀ' ਦਾ ਸਮਾਵੇਸ਼ੀ (accommodating) ਚਿੰਤਨ-ਮਾਹੌਲ ਕਿਵੇਂ ਸਾਂਭ ਸਕਾਂਗੇ? ਡਾ. ਅਤਰ ਸਿੰਘ ਨੇ ਆਪਣੇ ਖੋਜ-ਪ੍ਰਬੰਧ ਵਿਚ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ 'ਗੁਰੂ ਗ੍ਰੰਥ ਬਾਣੀ' ਅਤੇ 'ਮੀਰੀ-ਪੀਰੀ', 'ਬ੍ਰਹਮ-ਜਨ' ਆਦਿ ਦੇ ਸਮਾਵੇਸ਼ੀ (ਨਜ਼ਦੀਕੀ ਵਾਲੇ) ਵਾਤਾਵਰਣ ਨੂੰ 'ਧਰਮ-ਨਿਰਪੇਖ' (ਧਰਮ-ਰਹਿਤ), ਉਜਰਤ-ਰਹਿਤ ਬੰਧੂਆ ਮਜ਼ਦੂਰੀ ਤੋਂ ਮੁਕਤੀ (liberty) ਆਦਿ, ਵਾਲੇ ਅਰਥ ਭਾਰਤੀ-ਪੰਜਾਬੀ ਵਾਤਾਵਰਣ ਉੱਪਰ ਬਹੁਤੇ ਨਹੀਂ ਢੁਕਦੇ ਹਨ।[9] ਸਾਡੀ ਸਮੁੱਚੀ, ਭਾਵਨਾਤਮਕ ਅਤੇ ਗਿਆਨਾਤਮਕ, ਜੀਵਨ-ਜਾਚ ਦੀ ਜਗਿਆਸਾ-ਨੁਹਾਰ ਨੂੰ ਜਿੰਨਾ ਢੁਕਵੇਂ ਰੂਪ ਵਿਚ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ 'Freedom' 'Sovereignty' ਆਦਿ ਲਫ਼ਜ਼ ਸਾਡੀ ਆਜ਼ਾਦੀ/ਸੁਤੰਤਰਤਾ ਅਤੇ ਸਾਂਝੀਵਾਲਤਾ ਵਾਲੀ ਭਾਵਨਾ ਦੀ ਤਰਜਮਾਨੀ ਕਰਦੇ ਹਨ ਉੱਨੀ Secular (ਧਰਮ-ਨਿਰਪੇਖ), 'liberty' (ਉਜਰਤ ਰਹਿਤ ਗੁਲਾਮੀ ਤੋਂ ਆਜ਼ਾਦੀ ) ਜਿਹੇ ਲਫ਼ਜ਼ ਨਹੀਂ ਕਰ ਸਕਦੇ। ਸਾਡੇ ਅਧਿਆਤਮ-ਦਰਸ਼ਨਾਤਮਕ ਅਤੇ ਰਾਜ-ਸਾਜ ਯੁਕਤ ਸ੍ਵਰਾਜਤਾ ਵਾਲੀ (ਮੀਰੀ-ਪੀਰੀ) ਦੀ ਸਥਾਪਨਾ, (sovereign set-up)ਤੋਂ ਬਿਨਾਂ ਅਧੂਰੀ ਹੈ। 'ਕੌਮੀ ਸੁਤੰਤਰਤਾ' ਲਈ 'Freedom' ਲਫ਼ਜ਼, 'liberty' ਲਫ਼ਜ਼ ਤੋਂ ਜ਼ਿਆਦਾ ਢੁਕਵਾਂ ਹੈ।

ਆਮ ਤੌਰ 'ਤੇ ਸੁਤੰਤਰਤਾ ਨੂੰ ਯੂਨਾਨੀ ਆਂ ਦੀ ਲਾਤੀਨੀ (Latin) ਭਾਸ਼ਾ ਦੇ ਸ਼ਬਦ (liber) ਦਾ ਅਨੁਵਾਦ ਮੰਨਿਆ ਜਾਂਦਾ ਹੈ। ਇਹ ਪੱਛਮੀ ਮੁਲਕਾਂ ਵਿਚ ਹੀ ਜ਼ਿਆਦਾ ਵਰਤੋਂ-ਵਿਹਾਰ ਵਿਚ ਲਿਆਂਦਾ ਗਿਆ ਹੈ। ਪਰ ਉਕਤ ਤੱਥਾਂ ਦੇ ਆਧਾਰ 'ਤੇ ਸਪਸ਼ਟ ਹੁੰਦਾ ਹੈ ਕਿ ਭਾਰਤੀ ਸਾਹਿਤ ਸੰਦਰਭ ਵਿਚ ਸੁਤੰਤਰਤਾ ਕੌਮੀ ਆਜ਼ਾਦੀ ਲਈ ਢੁਕਵਾਂ ਸ਼ਬਦ ਹੈ। ਇਸ ਲਈ ਇਸ ਖੋਜ -ਪ੍ਰਬੰਧ ਦੇ ਪੱਛਮੀ -ਪਰਿਪੇਖ ਵਿਚ 'liberty', ਭਾਰਤੀ ਅਤੇ ਸਿੱਖ-ਪਰਿਪੇਖ ਵਿਚ ਸੁਤੰਤਰਤਾ ਲਈ 'Freedom' ਸ਼ਬਦ ਹੀ ਵਰਤਿਆ ਗਿਆ ਹੈ ਅਤੇ ਪੰਜਾਬੀ ਵਿਚ ਇਨ੍ਹਾਂ ਦੋ ਹਾਂ ਲਈ ਸਾਂਝਾ ਸ਼ਬਦ 'ਸੁਤੰਤਰਤਾ' ਢੁਕਦਾ ਹੈ। 'liberty' ਲਫ਼ਜ਼ ਦੀ ਉਤਪਤੀ ਦੇ ਪੱਖ ਤੋਂ ਸੁਤੰਤਰਤਾ ਦਾ ਅਰਥ ਮਨੁੱਖ ਉੱਪਰ ਕਿਸੇ ਪ੍ਰਕਾਰ ਦੀਆਂ ਪਾਬੰਦੀਆਂ ਜਾਂ ਰੋਕਾਂ ਦਾ ਨਾ ਹੋਣਾ ਹੈ ਭਾਵ ਬੇਲਗਾਮ ਹੋਣਾ। ਅਜਿਹੀ ਹੋਂਦ ਕਿਸੇ ਸਭਿਅਕ ਸਮਾਜ ਵਿਚ ਸੰਭਵ ਨਹੀਂ। ਇਸ ਤਰ੍ਹਾਂ ਦੀ 'liberty' ਨੂੰ ਵਿਦਵਾਨਾਂ ਨੇ ਸੁਤੰਤਰਤਾ ਦਾ ਨਾਕਾਰਤਮਕ ਪੱਖ ਕਿਹਾ ਹੈ ਕਿਉਂਕਿ ਇਹ ਸੁਤੰਤਰਤਾ ਦੂਸਰੇ ਵਿਅਕਤੀ ਦੀ

[9] Attar Singh(Dr.), *The Principle in modern punjabi poetry,* p. 27-35

ਸੁਤੰਤਰਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇ. ਐਚ. ਲਾਸਕੀ ਅਨੁਸਾਰ, 'liberty' ਤੋਂ ਭਾਵ ਅਜਿਹੇ ਵਾਤਾਵਰਣ ਨੂੰ ਬਣਾਏ ਰੱਖਣ ਦੀ ਉਤਸੁਕਤਾ ਜਿਸ ਵਿਚ ਲੋਕਾਂ ਨੂੰ ਆਪਣੇ ਸਰਵੋਤਮ ਆਪੇ ਨੂੰ ਪ੍ਰਗਟ ਕਰਨ ਦਾ ਅਵਸਰ ਪ੍ਰਾਪਤ ਹੋਵੇ। ਇਸ ਲਈ ਸੁਤੰਤਰਤਾ ਅਧਿਕਾਰਾਂ ਦੀ ਉਪਜ ਹੈ। ਇਹ ਅਧਿਕਾਰ ਰਾਜ ਨੇ ਮਨੁੱਖ ਲਈ ਨਿਸ਼ਚਿਤ ਕੀਤੇ ਹੁੰਦੇ ਹਨ।[10] ਰਾਜ ਦੀ ਹੋਂਦ ਵਿਚ ਹੀ ਵਿਅਕਤੀ ਦੇ ਹਿੱਤਾਂ ਅਤੇ ਸੁਤੰਤਰਤਾ ਦਾ ਸਹੀ ਪ੍ਰਗਟਾਅ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਸੁਤੰ ਤਰਤਾ ਦਾ ਅਰਥ 'ਉੱਤਮ ਤੰਤਰ' ਦੱਸਿਆ ਹੈ ਜਿਸਦਾ ਭਾਵ ਹੈ ਉੱਤਮ ਵਿਕਾਸ।[11] ਸ੍ਵਤੰਤ੍ਰ, ਸ੍ਵ ਦਾ ਅਰਥ ਹੈ 'ਆਪਣੇ' ਅਤੇ ਤੰਤ੍ਰ ਦਾ ਅਰਥ ਹੈ 'ਅਧੀਨ' ਭਾਵ ਜੋ ਕਿਸੇ ਦੂਸਰੇ ਦੇ ਵੱਸ ਵਿਚ ਨਹੀਂ।[12] ਇਸ ਤਰ੍ਹਾਂ ਸੁਤੰਤਰਤਾ ਵਿਅਕਤੀ ਦੇ ਸਰਵਪੱਖੀ ਵਿਕਾਸ ਨਾਲ ਜੁੜਿਆ ਸ਼ਬਦ ਹੈ। ਸਮਾਜ ਵਿਗਿਆਨ ਵਿਚ ਆਮ ਜਾਂ ਖ਼ਾਸ ਪਾਬੰਦੀ ਦੀ ਘਾਟ ਕਿਹਾ ਗਿਆ ਹੈ। ਇਸ ਦੀਆਂ ਏਜੰਸੀਆਂ ਦੀਆਂ ਵਧੀਕੀਆਂ ਵਿਰੁੱਧ ਕਾਨੂੰਨੀ ਗਰੰਟੀਆਂ, ਨਿੱਜੀ ਕਾਨੂੰਨੀ ਖੁੱਲ ਕਦੇ ਵੀ ਪੂਰੀ ਨਹੀਂ ਹੁੰਦੀ ਕਿਉਂਕਿ ਇਸ ਨੂੰ ਆਮ ਭਲਾਈ ਅਤੇ ਦੂਜਿਆਂ ਦੀ ਖੁੱਲ, ਸੁਤੰਤਰਤਾ, ਆਜ਼ਾਦੀ ਜਾਂ ਹੱਕਾਂ ਤੋਂ ਵੱਖਰੀ ਚੀਜ਼ ਮੰਨਿਆ ਗਿਆ ਹੈ।[13] ਸਮਾਜ ਸ਼ਾਸਤ੍ਰੀ ਨੁਕਤੇ ਤੋਂ ਸੁਤੰਤਰਤਾ ਦਾ ਵਿਰੋਧੀ ਤੱਤ ਗ਼ੁਲਾਮੀ ਭਾਵ ਅਧੀਨਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗ਼ੁਲਾਮੀ ਦਾ ਅਰਥ, 'ਲੁੱਟ ਵਿਚ ਹੱਥ ਆਇਆ ਜਾਂ ਮੁੱਲ ਲਿਆ ਹੋਇਆ ਸੇਵਕ ' ਭਾਵ ਜੋ ਸਭ ਤਰ੍ਹਾਂ ਮਾਲਕ ਦੇ ਅਧੀਨ ਹੁੰਦਾ ਹੋਇਆ ਆਪਣੀ ਇੱਛਾ ਅਨੁਸਾਰ ਕੋਈ ਭੀ ਕੰਮ ਕਰਨ ਦੇ ਸਮਰੱਥ ਨਹੀਂ ਸੀ। ਗ਼ੁਲਾਮੀ ਨੂੰ 'ਦਾਸਤ੍ਵ' (ਦਾਸਤਾ) ਵੀ ਕਿਹਾ ਹੈ।[14] ਇਸ ਤਰ੍ਹਾਂ ਗ਼ੁਲਾਮੀ ਦਾ ਭਾਵ-ਅਰਥ ਹੈ: ਆਪਣੇ ਮਨ ਦੀ ਇੱਛਾ ਅਨੁਸਾਰ ਕੋਈ ਕਰਤੱਵ ਨਾ ਕਰ ਸਕਣਾ। ਦੂਜੇ ਸ਼ਬਦਾਂ ਵਿਚ ਆਤਮਿਕ, ਸਮਾਜਿਕ ਤੇ ਰਾਜਨੀਤਿਕ ਤਿੰਨਾਂ ਖੇਤਰਾਂ ਵਿਚ ਆਪਣੇ ਤੋਂ ਕਿਸੇ ਵੱਡੀ ਸ਼ਸਕਤਾ ਦੇ ਅਧੀਨ ਰਹਿਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗ਼ੁਲਾਮ ਲਈ 'ਗੋਲਾ ਅਤੇ ਬੈਖਰੀਦ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ : ਮੁਲ ਖਰੀਦੀ ਲਾਲਾ ਗੋਲਾ।।[15],...ਬੈਖਰੀਦ ਕਿਆ ਕਰੇ ਚਤੁਰਾਈ।।[16] ਇਸ ਤਰ੍ਹਾਂ ਗ਼ੁਲਾਮੀ ਦਾ ਜੀਵਨ ਲਾਹਨਤ ਹੈ।

ਸਰਬ ਵਿਆਪਕ ਸੁਭਾਅ ਸੁਤੰਤਰਤਾ ਦਾ ਮੁੱਖ ਤੱਤ ਹੈ। ਕਿਸੇ ਵੀ ਵਿਅਕਤੀ ਨਾਲ ਜਨਮ , ਧਰਮ,

---

10 *ਰਾਜਨੀਤੀ ਵਿਆਕਰਣ,* ਹਰਮੰਦਰ ਸਿੰਘ (ਪ੍ਰੋ.)(ਅਨੁ.), ਪੰਨਾ-107

11 *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ-221

12 ਉਹੀ, ਪੰਨਾ-282.

13 ਪਰਕਾਸ਼ ਸਿੰਘ ਜੰਮੂ (ਸੰਪਾ.), *ਸਮਾਜ ਵਿਗਿਆਨ ਦਾ ਵਿਸ਼ਾ-ਕੋਸ਼,* ਪੰਨਾ-7

14 *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-362

15 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-911

16 ਉਹੀ, ਅੰਗ-738

ਰੰਗ, ਲਿੰਗ, ਨਸਲ, ਜਾਤ, ਵੰਸ਼ ਅਤੇ ਸੰਪੱਤੀ ਆਦਿ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਹੋਣਾ ਚਾਹੀਦਾ। ਹਰ ਵਿਅਕਤੀ ਨੂੰ ਆਪਣੀ ਯੋਗਤਾ ਅਤੇ ਸ਼ਖਸੀਅਤ ਦਾ ਵਿਕਾਸ ਕਰਨ ਲਈ ਚੰਗੇ ਮੌਕੇ ਅਤੇ ਵਾਤਾਵਰਣ ਮੁਹੱਈਆ ਹੋਣਾ ਚਾਹੀਦਾ ਹੈ। ਸੁਤੰਤਰਤਾ ਦਾ ਅਰਥ ਪੂਰੀ ਤਰ੍ਹਾਂ ਨਾਲ ਰਾਜਨੀਤਿਕ ਸ਼ਕਤੀ , ਧਾਰਮਿਕ ਵਿਸ਼ਵਾਸ ਅਤੇ ਕਾਨੂੰਨ ਮੁਤਾਬਕ ਜੀਵਨ ਬਤੀਤ ਕਰਨਾ ਵੀ ਹੈ। ਮਨੁੱਖ ਉੱਥੋਂ ਤੱਕ ਹੀ ਸੁਤੰਤਰ ਰਹਿਣਾ ਚਾਹੀਦਾ ਹੈ , ਜਿੱਥੋਂ ਤੱਕ ਦੂਜਿਆਂ ਦੀ ਸੁਤੰਤਰਤਾ ਭੰਗ ਨਾ ਹੋਵੇ। ਨਾਕਾਰਤਮਕ ਸੁਤੰਤਰਤਾ ਮਨੁੱਖ ਨੂੰ ਪ੍ਰਾਕ੍ਰਿਤਕ ਬਣਾ ਕੇ ਸਮਾਜਿਕ ਜੀਵਨ ਦਾ ਅੰਤ ਕਰ ਸਕਦੀ ਹੈ। ਰਾਜਨੀਤਿਕ ਸੁਤੰਤਰਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਕੇਵਲ ਰਾਜ ਵਿਚ ਹੀ ਮਾਣਿਆ ਜਾ ਸਕਦਾ ਹੈ। ਰਾਜ ਆਪਣੇ ਕਾਨੂੰਨਾਂ ਦੁਆਰਾ ਅਜਿ ਹਾ ਵਾਤਾਵਰਣ ਪੈਦਾ ਕਰਦਾ ਹੈ ਜਿਸ ਵਿਚ ਰਹਿ ਕੇ ਵਿਅਕਤੀ ਸੁਤੰਤਰਤਾ ਨੂੰ ਭੋਗ ਸਕਦਾ ਹੈ। ਰਾਜ ਵਿਅਕਤੀ ਦੀ ਸੁਤੰਤਰਤਾ ਵਿਚਲੀ ਅਣਉਚਿਤ ਦਖ਼ਲਅੰਦਾ ਜ਼ੀ ਨੂੰ ਰੋਕਦਾ ਹੈ। ਰਾਜ ਦੀ ਹੋਂਦ ਸੁਤੰਤਰਤਾ ਦੀ ਹੋਂਦ ਨੂੰ ਅਰਥਪੂਰਨ ਅਤੇ ਯਥਾਰਥਕ ਬਣਾਉਂਦੀ ਹੈ। ਰਾਜ ਤੋਂ ਬਾਹਰ ਸੁਤੰਤਰਤਾ ਨਾਕਾਰਤਮਕ ਪੱਖ ਦੀ ਹੈ ਰਾਜ ਦੇ ਕਾਨੂੰਨ ਹੀ ਸੁ ਤੰਤਰਤਾ ਦੀ ਸਹੀ ਪ੍ਰਮਾਣਿਕਤਾ ਪੇਸ਼ ਕਰਦੇ ਹਨ। ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ, ਲੋਕ ਹਿਤ ਅਤੇ ਲੋਕ ਕਲਿਆਣ ਦੇ ਮੁਹਾਂਦਰੇ ਨੂੰ ਦੱਸਣ ਤੋਂ ਪਹਿਲਾਂ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਦੀ ਰਾਜਨੀਤਿਕ ਵਿਚਾਰਧਾਰਾ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ। ਜਿਸ ਰਾਹੀਂ ਸਿੱਖ ਧਰਮ ਦੀ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਸਿਧਾਂਤ ਨੂੰ ਤੁਲਨਾਤਮਕ ਅਧਿਐਨ ਰਾਹੀਂ ਪੱਛਮੀ ਪਰਿਪੇਖ ਦੁਆਰਾ ਸੁਤੰਤਰਤਾ ਦੇ ਸਰੂਪ ਨੂੰ ਵਿਧੀਵਤ ਢੰਗ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸ ਅਧਿਐਨ ਦੁਆਰਾ ਸਪੱਸ਼ਟ ਪਤਾ ਚੱਲੇਗਾ ਕਿ ਸਿੱਖਮਤ ਵਿਚ ਕਿਹੜੇ-ਕਿਹੜੇ ਵਿਲੱਖਣ ਗੁਣ ਹਨ ਜੋ 'ਸਰਬੱਤ ਦੇ ਭਲੇ' ਰਾਹੀਂ ਉਘੜ ਕੇ ਸਾਹਮਣੇ ਆਉਂਦੇ ਹਨ। ਜਿਸ ਵਿਚ ਸੁਤੰਤਰਤਾ ਦਾ ਸੰਕਲਪ ਮੌਜੂਦ ਹੈ।

## ਪੱਛਮੀ ਪਰਿਪੇਖ

ਸੁਤੰਤਰਤਾ ਦਾ ਸਬੰਧ ਵਿਅਕਤੀ ਅਤੇ ਰਾਜ ਨਾਲ ਹੈ । ਦੋਵਾਂ ਦਾ ਵਿਸ਼ਲੇਸ਼ਣ ਇਕੱਠੇ ਕਰਨਾ ਅਤਿ ਜ਼ਰੂਰੀ ਹੈ। ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਸੰਕਲਪ ਦੀ ਜੇਕਰ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਯੂਨਾਨੀ ਦਾਰਸ਼ਨਿਕਾਂ ਦਾ ਜ਼ਿਕਰ ਕਰਨਾ ਬਣਦਾ ਹੈ। ਜਿਨ੍ਹਾਂ ਦੀ ਰਾਜਨੀਤਿਕ ਚਿੰਤਨ ਨੂੰ ਵੱਡਮੁੱਲੀ ਦੇਣ ਹੈ। ਰਾਜ ਦੇ ਕਾਰਜਾਂ ਤੇ ਮਨੁੱਖੀ ਅਧਿਕਾਰਾਂ ਅਤੇ ਕਰਤੱਵਾਂ ਸਬੰਧੀ ਵਿਚਾਰ ਕਰਕੇ ਸੁਤੰਤਰਤਾ ਦਾ ਸੰਕਲਪ ਪੇਸ਼ ਕੀਤਾ ਗਿਆ ਹੈ।

ਯੂਨਾਨੀਆਂ ਨੂੰ ਧਾਰਮਿਕ ਤੱਥਾਂ ਨੇ ਘੱਟ ਪ੍ਰਭਾਵਿਤ ਕੀਤਾ ਹੈ। ਰਾਜਨੀਤਿਕ ਵਿਚਾਰ ਸਮੱਗਰੀ ਉਨ੍ਹਾਂ ਨੂੰ

ਵਧੇਰੇ ਰੋਚਕ ਲੱਗੀ। ਉਨ੍ਹਾਂ ਨੇ ਵਿਵੇਕ ਦੁਆਰਾ ਹਰੇਕ ਗੱਲ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਹੀ ਉਨ੍ਹਾਂ ਦੁਆਰਾ ਕ੍ਰ ਮਬੱਧ ਤੇ ਲੜੀਬੱਧ ਰਾਜਨੀਤਿਕ ਚਿੰਤਨ ਦੀ ਖੋਜ ਕਰਨਾ ਹੈ। ਜਿਸ ਤਰ੍ਹਾਂ ਮਨੁੱਖ ਲਈ ਰਾਜ ਹੋਂਦ ਵਿਚ ਆਇਆ , ਉਸੇ ਪ੍ਰਕਾਰ ਰਾਜ ਵਿਚ ਮਨੁੱਖੀ ਅਧਿਕਾਰਾਂ ਅਤੇ ਕਰਤੱਵਾਂ ਵਿਚੋਂ ਸੁਤੰਤਰਤਾ ਦਾ ਸੰਕਲਪ ਸਾਹਮਣੇ ਆਇਆ ਹੈ।

**ਪਲੈਟੋ (427–347 ਈ. ਪੂ.)**

ਰਾਜਨੀਤੀ ਸ਼ੁਰੂ ਤੋਂ ਹੀ ਧਰਮ ਨਾਲ ਜੁੜੀ ਹੋਈ ਹੈ। ਪਲੈਟੋ ਰਾਜ ਅਤੇ ਵਿਅਕਤੀ ਦੇ ਸਬੰਧਾਂ ਬਾਰੇ ਆਪਣੀ ਰਾਇ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਰਾਜ ਨਾਗਰਿਕਾਂ ਦੇ ਸਰਵਪੱਖੀ ਵਿਕਾਸ ਲਈ ਪਰਮ-ਆਵੱਸ਼ਕ ਪ੍ਰਾਕ੍ਰਿਤਕ ਸੰਸਥਾ ਹੈ। ਰਾਜ ਵਿਚ ਰਹਿ ਕੇ ਹੀ ਵਿਅਕਤੀ ਆਪਣੇ ਵਿਅਕਤੀਤਵ ਦੇ ਮੁੱ ਢਲੇ ਗੁਣਾਂ ਦਾ ਵਿਕਾਸ ਕਰ ਸਕਦਾ ਹੈ। ਪਲੈਟੋ ਨੇ ਅਜਿਹੇ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਹੈ ਜਿਸਦੀ ਵਾਗਡੋਰ ਗਿਆਨਵਾਨ ਅਤੇ ਦਾਰਸ਼ਨਿਕ ਰਾਜੇ ਦੇ ਹੱਥ ਵਿਚ ਹੈ ਜਿਹੜਾ ਆਪਣੇ ਬਿਬੇ ਕ ਨਾਲ ਮਨੁੱਖ ਦੀਆਂ ਪਰਸਪਰ ਵਿਰੋਧੀ ਰੁਚੀਆਂ ਦੇ ਹੱਥ ਤੇ ਸ਼ਕਤੀਆਂ ਨੂੰ ਇਕੱਠਾ ਕਰਕੇ ਇਕਸੁਰਤਾ ਵਿਚ ਬੰਨ੍ਹ ਸਕਦਾ ਹੈ। ਰਾਜ ਉਤੇ ਚੰਗਾ ਸ਼ਾਸਨ ਉਹੋ ਕਰ ਸਕਦੇ ਹਨ ਜਿਹੜੇ ਰਾਜ ਦੇ ਹਿੱਤ ਨੂੰ ਪ੍ਰਾਥਮਿਕਤਾ ਦਿੰਦੇ ਹੋਣ ਅਤੇ ਰਾਜ ਦੇ ਕਲਿਆਣ ਵਿਚ ਹੀ ਆਪਣਾ ਕਲਿਆਣ ਸਮਝਣ।[17] ਪਲੈਟੋ ਆਦਰਸ਼ ਰਾਜ ਲਈ ਇਕ ਦਾਰਸ਼ਨਿਕ ਰਾਜੇ ਦਾ ਸੰਕਲਪ ਪੇਸ਼ ਕਰਦਾ ਹੈ।

ਜੇਕਰ ਵਿਅਕਤੀ ਦੀ ਸੁਤੰਤਰਤਾ ਨੂੰ ਖੋਹ ਕੇ ਉਸਨੂੰ ਆਪਣੀ ਇੱਛਾ ਦੇ ਖਿਲਾਫ਼ ਵਿਚਰਣ ਦਿੱਤਾ ਜਾਵੇ ਤਾਂ ਉਸਦਾ ਵਿਕਾਸ ਰੁਕ ਜਾਂਦਾ ਹੈ। ਇਸ ਲਈ ਵਿਅਕਤੀ ਦੇ ਸਰਵਪੱਖੀ ਵਿਕਾਸ ਲਈ ਪਲੈਟੋ ਨੇ ਆਦਰਸ਼ ਰਾਜ ਨੂੰ ਨਿਆਂ ਦੇ ਵਿਚਾਰ ਨਾਲ ਜੋੜਿਆ ਹੈ। ਨਿ ਆਂ ਦਾ ਬੰਧਨ ਸਮਾਜ ਨੂੰ ਇਕੱਠਿਆਂ ਰੱਖਦਾ ਹੈ ਅਤੇ ਨਿਆਂ ਹੀ ਵਿਅਕਤੀਆਂ ਦੇ ਇਕ ਅਜਿਹੇ ਸੰਘ ਦਾ ਨਿਰਮਾਣ ਕਰਦਾ ਹੈ ਜਿਸ ਵਿਚ ਸਭ ਵਿਅਕਤੀਆਂ ਨੂੰ ਯੋਗਤਾ ਅਤੇ ਸਿਖਲਾਈ ਮੁਤਾਬਕ ਕੰਮ ਮਿਲਦਾ ਹੋਵੇ ਅਤੇ ਸਭ ਦਾ ਸਰਵਪੱਖੀ ਵਿਕਾਸ ਹੋ ਸਕਦਾ ਹੈ।[18] ਪਲੈਟੋ ਰਾਜ ਨੂੰ ਦੈਵੀ ਸ਼ਕਤੀ ਸਮਝਦਾ ਹੈ ਅਤੇ ਵਿਅਕਤੀ ਨੂੰ ਉਸਦੇ ਹੁਕਮਾਂ ਅਨੁਸਾ ਰ ਚੱਲਣ ਦੀ ਸਲਾਹ ਦਿੰਦਾ ਹੈ। ਰਾਜ ਨੂੰ ਵਿਅਕਤੀ ਦੇ ਵਿਕਾਸ ਅਤੇ ਸੁਤੰਤਰਤਾ ਲਈ ਅਤਿ-ਜ਼ਰੂਰੀ ਸੰਸਥਾ ਮੰਨਦਾ ਹੈ। ਪਲੈਟੋ ਦੇ ਦਾਰਸ਼ਨਿਕ ਰਾਜੇ ਅਤੇ ਨਿਆਂ ਦੇ ਸੰਕਲਪ ਵਿਚ ਲੋਕ ਕਲਿਆਣ ਦਾ ਸੰਕਲਪ ਮੌਜੂਦ ਹੈ।

ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪਲੈਟੋ ਆਪਣੇ ਚਿੰਤਨ ਵਿਚ ਸਮਾਜਿਕ ਬਰਾਬਰੀ ਨੂੰ

---

[17] Barker, Earnest**:** *Greek political Theory Plato and His Predecessors.,* p.195

[18] Ibid, p.189.

ਕਾਇਮ ਨਹੀਂ ਰੱਖ ਸਕਿਆ। ਬਾ ਰਕਰ ਅਨੁਸਾਰ ਪਲੈਟੋ ਨੇ ਆਪਣੇ ਚਿੰਤਨ ਵਿਚ ਵਿਅਕਤੀ ਦੇ ਅਧਿਕਾਰਾਂ ਨੂੰ ਰਾਜ ਦੀ ਰੱਖਿਆ ਲਈ ਕੁਰਬਾਨ ਕੀਤਾ ਹੈ ਜਿਸ ਵਿਚ ਅਧਿਕਾਰਾਂ ਦੀ ਥਾਂ ਵਿਅਕਤੀ ਨੂੰ ਕਰਤੱਵ ਦਾ ਪਾਠ ਪੜਾਇਆ ਗਿਆ ਹੈ। ਨਿਆਂ ਦੇ ਸਿਧਾਂਤ ਦੁਆਰਾ ਕਾਰਜ ਦੇ ਵਰਗੀਕਰਨ ਦੀ ਵਿਆਖਿਆ ਕਰਦੇ ਹੋਏ ਪਲੈਟੋ ਨੇ ਨਾਗਰਿਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ। ਹਰੇ ਕ ਵਰਗ ਦੇ ਵਿਅਕਤੀ ਆਪਣੇ ਨਿਰਧਾਰਿਤ ਕੰਮ ਹੀ ਕਰਨਗੇ ਇਸਦਾ ਅਰਥ ਹੈ ਕਿ ਜੇਕਰ ਵਿਅਕਤੀ ਆਪਣਾ ਕੰਮ ਛੱਡ ਕੇ ਕੋਈ ਹੋਰ ਕੰਮ ਕਰਨਾ ਚਾਹੇ ਤਾਂ ਵੀ ਉਹ ਅਜਿਹਾ ਨਹੀਂ ਕਰ ਸਕੇਗਾ। ਇਸ ਨਾਲ ਵਿਅਕਤੀਗਤ ਸੁਤੰਤਰਤਾ ਅਤੇ ਸਮਾਨਤਾ ਦਾ ਪੂਰਨ ਖਾਤਮਾ ਹੋ ਜਾਵੇਗਾ। ਇਸਦੇ ਨਾਲ ਹੀ ਇਹ ਸ਼ਾਸਕ ਵਰਗ ਲਈ ਵਿਸ਼ੇਸ਼ ਅਧਿਕਾਰਾਂ ਦੀ ਹਾਮੀ ਭਰਦਾ ਹੈ ਜਦੋਂਕਿ ਵਿਸ਼ੇਸ਼ ਅਧਿਕਾਰ ਦੇਣਾ ਰਾਜੇ ਦੀ ਤਾਨਾਸ਼ਾਹੀ ਨੂੰ ਵਧਾਉਂਦਾ ਹੈ। ਪਲੈਟੋ ਦੇ ਸਿਧਾਂਤ ਵਿਚ ਇੱਕ ਪਾਸੇ ਮਾਲਕ ਅਤੇ ਦੂਸਰੇ ਪਾਸੇ ਗ਼ੁਲਾਮ ਦੇ ਸਬੰਧ ਨਾਲ ਵਿਅਕਤੀਗਤ ਸ਼ਖਸੀਅਤ ਦੇ ਪੂਰੇ ਵਿਕਾਸ ਵਿਚ ਅਵਸਰ ਦੀ ਕਮੀ ਹੈ। [19] ਇਸ ਤਰ੍ਹਾਂ ਪਲੈਟੋ ਦਾ ਸਿਧਾਂਤ ਕੁਝ ਹੱਦ ਤੱਕ ਮੰਨੂ ਦੀ ਵਰਣ ਪਰੰਪਰਾ ਦੀ ਹਾਮੀ ਭਰਦਾ ਪ੍ਰਤੀਤ ਹੁੰਦਾ ਹੈ।[20]

**ਅਰਸਤੂ (388–322 ਈ.ਪੂ.)**

ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਅਰਸਤੂ ਅਨੁਸਾਰ , "ਰਾਜ ਕੁਦਰਤ ਦੀ ਰਚਨਾ ਹੈ ਅਤੇ ਮਨੁੱਖ ਸੁਭਾਵਿਕ ਤੌਰ 'ਤੇ ਰਾਜਨੀਤਿਕ ਜੀਵ ਹੈ। ਰਾਜ ਤੋਂ ਬਾਹਰ ਜਾਂ ਤਾਂ ਮਾੜਾ ਮਨੁੱਖ ਹੈ ਜਾਂ ਫਿਰ ਮਨੁੱਖਤਾ ਤੋਂ ਉੱਚਾ ਹੈ।"[21] ਅਰਸਤੂ ਰਾਜ ਦੇ ਨੈਤਿਕ ਪੱਖ 'ਤੇ ਜ਼ੋਰ ਦਿੰਦੇ ਹੋਏ ਇਸਨੂੰ ਜਨ ਕਲਿਆਣ ਦੀ ਸੰਸਥਾ ਮੰਨਦਾ ਹੈ। ਅਰਸਤੂ ਦਾ ਵਿਸ਼ਵਾਸ ਹੈ ਕਿ ਆਦਮੀ ਦਾ ਉਦੇਸ਼ ਕੇਵਲ ਜੀਵਨ ਹੀ ਨ ਹੀਂ ਸਗੋਂ ਇਕ ਆਦਰਸ਼ ਤੇ ਸ਼੍ਰੇਸ਼ਟ ਜੀਵਨ ਦੀ ਪ੍ਰਾਪਤੀ ਹੈ ਅਤੇ ਇਸ ਸ਼੍ਰੇਸ਼ਟ ਤੇ ਉੱਤਮ ਜੀਵਨ ਦੀ ਪ੍ਰਾਪਤੀ ਕਰਾਉਣਾ ਹੀ ਰਾਜ ਦਾ ਉਦੇਸ਼ ਹੈ। ਰਾਜ ਮਨੁੱਖ ਲਈ ਉਂਨਾ ਹੀ ਜ਼ਰੂਰੀ ਹੈ ਜਿੰਨਾ ਪਰਿਵਾਰ। ਅਰਸਤੂ ਅਨੁਸਾਰ ਰਾਜ ਇਕ ਸਾਕਾਰਤਮਕ ਚੰਗਿਆਈ ਹੈ। ਇਸ ਲਈ ਇਸਦਾ ਫਰਜ਼ ਬੁਰੇ ਕੰਮਾਂ ਅਤੇ ਅਪਰਾਧਾਂ ਦੀ ਰੋਕਥਾਮ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਨੈਤਿਕਤਾ ਅਤੇ ਸਦਗੁਣਾਂ ਦੇ ਰਾਹ 'ਤੇ ਅੱਗੇ ਵਧਾਉਣਾ ਵੀ ਹੈ। ਰਾਜ ਦਾ ਉਦੇਸ਼ ਵਿਅਕਤੀ ਦੇ ਜੀਵਨ ਨੂੰ ਸਰਵਪੱਖੀ ਵਿਕਾਸ ਵੱਲ ਤੋਰਨਾ ਹੈ ਕਿਉਂਕਿ ਸਰ ਵਪੱਖੀ ਵਿਕਾਸ ਸੁਤੰਤਰਤਾ ਨਾਲ

---

[19] Wayper, C. L., *Political Thought*, p.29.

[20] ਮੋਹਨ ਲਾਲ ਸ਼ਰਮਾ(ਅਨੁਵਾਦਕ), *ਮੰਨੂ ਸਿਮ੍ਰਤੀ,* ਅਧਿਆਏ-1, ਪੰਨਾ-148-150

[21] *"Hence it is evident that is state is a creation of nature, and that man is by nature a political animal. And he, who by nature and not by mere accident is without a state, is either a bad man or above humanity,* Aristotle, *Politics***,** p. 54.

ਜੁੜਿਆ ਹੈ। ਨਾਗਰਿਕਤਾ ਦੀ ਪਰਿਭਾਸ਼ਾ ਦਿੰਦੇ ਹੋਏ ਅਰਸਤੂ ਕਹਿੰਦਾ ਹੈ "ਨਾਗਰਿਕ ਉਹ ਵਿਅਕਤੀ ਹੈ, ਜੋ ਨਿਆਂ ਦੇ ਪ੍ਰਸ਼ਾਸਨ ਅਤੇ ਅਹੁਦਾ ਸੰਭਾਲਣ ਵਿਚ ਭਾਗ ਲੈਂਦਾ ਹੈ।"[22] ਨਾਗਰਿਕ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਕ ਮੱਲਾਹ ਵਾਂਗ ਰਾਜ ਰੂਪੀ ਜਹਾਜ਼ ਦੀ ਸੁਰੱਖਿਆ ਲਈ ਲੋੜੀਂਦੇ ਕੰਮ ਕਰਦਾ ਰਹੇ। ਰਾਜ ਦੇ ਸਾਰੇ ਨਾਗਰਿਕਾਂ ਦੀ ਇਹ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਰਾਜ ਦੀ ਸੁਰੱਖਿਆ ਲਈ ਕਾਨੂੰਨ ਬਣਾਉਣ ਅਤੇ ਨਿਆਂ ਕਾਰਜਾਂ ਵਿਚ ਜ਼ਰੂਰ ਭਾਗ ਲੈਣ। ਅਰਸਤੂ ਦਾਸ ਨੂੰ ਪਰਿਵਾਰਕ ਸੰਪੱਤੀ ਮੰਨਦਾ ਹੈ। "ਕੋਈ ਵਿਅਕਤੀ ਜੋ ਕੁਦਰਤੀ ਤੌਰ ਆਪਣਾ ਨਹੀਂ ਸਗੋਂ ਕਿਸੇ ਦੂਜੇ ਦਾ ਹੈ, ਉਹ ਦਾਸ ਹੈ।"[23] ਦਾਸ ਪ੍ਰਥਾ ਨੂੰ ਰਾਜ ਲਈ ਜ਼ਰੂਰੀ ਮੰਨਦੇ ਹੋਏ ਅਰਸਤੂ ਕਹਿੰਦਾ ਹੈ ਕਿ ਭਿੰਨਤਾ ਕੁਦਰਤ ਦਾ ਨਿਯਮ ਹੈ। ਕੁਝ ਵਿਅਕਤੀ ਜਨਮ ਤੋਂ ਹੀ ਦਾਸ ਹੁੰਦੇ ਹਨ। ਆਗਿਆ ਦੇਣ ਵਾਲਾ ਸੁਆਮੀ ਅਤੇ ਆਗਿਆ ਲੈਣ ਵਾਲਾ ਦਾਸ ਹੁੰਦਾ ਹੈ। ਕੁਦਰਤ ਨੇ ਹੀ ਜਿਸ ਨੂੰ ਮਾਲਕ ਬਣਾਇਆ ਹੈ , ਉਸ ਵਿਚ ਬੌਧਿਕ ਸ਼ਕਤੀ ਦੀ ਅਤੇ ਜਿਨ੍ਹਾਂ ਨੂੰ ਦਾਸ ਬਣਾਇਆ ਹੈ, ਉਨ੍ਹਾਂ ਵਿਚ ਸਰੀਰਕ ਸ਼ਕਤੀ ਦੀ ਪ੍ਰਧਾਨਤਾ ਹੁੰਦੀ ਹੈ। ਪਰਿਵਾਰਕ ਕੰਮਾਂ ਲਈ ਦੋਹਾਂ ਦਾ ਮੇਲ ਜ਼ਰੂਰੀ ਹੈ। ਇਹ ਤਾਂ ਕੁਦਰਤ ਦਾ ਨਿਯਮ ਹੈ ਕਿ ਉਚੇਰੀ ਚੀਜ਼ ਨੀਵੀਂ ਚੀਜ਼ 'ਤੇ ਰਾਜ ਕਰਦੀ ਹੈ , ਜਿਵੇਂ- ਆਤਮਾ ਸਰੀਰ 'ਤੇ, ਵਿਵੇਕ ਤ੍ਰਿਸ਼ਨਾ 'ਤੇ, ਮਰਦ ਔਰਤ ਜਾਂ ਬੱਚਿਆਂ 'ਤੇ, ਆਦਮੀ ਜਾਨਵਰਾਂ 'ਤੇ। ਉਸਦਾ ਮੱਤ ਹੈ ਕਿ ਮਾਲਕ ਦਾ ਜੀਵਨ ਪੱਧਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜੇਕਰ ਮਾਲਕ ਹੋਣਗੇ ਤਾਂ ਗ਼ੁਲਾਮ ਹੋਣਗੇ ਹੀ। ਸੱਭਿਅਕ ਲੋਕਾਂ ਦੁਆਰਾ ਆਪਣਾ ਸਭਿਆਚਾਰਕ ਵਿਰਸਾ ਕਾਇਮ ਰੱਖਣ ਲਈ ਦੂਸਰੀਆਂ ਨਸਲਾਂ ਦਾ ਸੋਸ਼ਣ ਕਰਨਾ ਹੀ ਹੋਵੇਗਾ ਅਤੇ ਉਹਨਾਂ ਨੂੰ ਮਨੁੱਖੀ ਅਧਿਕਾਰ ਤੋਂ ਵੰਚਿਤ ਰੱਖਣਾ ਹੀ ਹੋਵੇਗਾ।[24] ਅਰਸਤੂ ਦਾ ਮਤ ਹੈ ਕਿ, "ਜਿਨ੍ਹਾਂ ਕੰਮਾਂ ਨੂੰ ਕਰਨ ਲਈ ਆਦਮੀ ਆਪਣੀ ਆਰਥਿਕ ਅਤੇ ਭੌਤਿਕ ਲੋੜਾਂ ਦੇ ਕਾਰਨ ਮਜ਼ਬੂਰ ਹੈ , ਉਨ੍ਹਾਂ ਨੂੰ ਛੱਡ ਕੇ ਲਗਭਗ ਸਾਰੇ ਕੰਮ ਵਿਹਲ ਵਿਚ ਸ਼ਾਮਲ ਹਨ। "[25] ਪਰ ਅਰਸਤੂ ਦੀ ਵਿਹਲ ਸਬੰਧੀ ਵਿਆਖਿਆ ਦਾ ਸਹਿਜ ਅਰਥ ਇਹ ਨਿਕਲਦਾ ਹੈ ਕਿ ਮਜ਼ਦੂਰਾਂ ਅਤੇ ਸੇਵਕਾਂ ਨੂੰ ਵਿਹਲ ਦਾ ਸਮਾਂ ਨਹੀਂ ਮਿਲਦਾ ਇਸ ਲਈ ਉਹ ਨਾਗਰਿਕ ਨਹੀਂ ਹੋ ਸਕਦੇ। ਅਰਸਤੂ ਦਾ ਮਤ ਹੈ ਕਿ ਧਨ ਦੌਲਤ ਅਤੇ ਨੌਕਰ ਚਾਕਰ ਆਪਣੇ ਕੋਲ ਰੱਖਣ ਨਾਲ ਹੀ ਇਹ ਸੰਭਵ ਹੈ। ਪਲੈਟੋ ਤੇ ਅਰਸਤੂ ਨੇ ਰਾਜਨੀਤੀ

---

[22] *"A Man who Shares in administration of justice and in the holding of office is a citizen"* Aristotle, *Politics*, p. 55.

[23] *Anybody who by nature is not his own but another's by nature is a slave,* Ibid, p.31

[24] ਅਰਸਤੂ, *ਰਾਜਨੀਤੀ,* ਦਲੀਪ ਸਿੰਘ ਉਪਲ (ਅਨੁ.), ਪੰਨਾ-8

[25] Forster, M. B., *Master of Political Thought,* pp. 120.121

ਨੂੰ ਨੈਤਿਕਤਾ ਦੀ ਕਸੌਟੀ 'ਤੇ ਪਰਖਣ ਦੀ ਕੋਸ਼ਿਸ਼ ਕੀਤੀ ਹੈ। ਸਮਾਜ ਦੀ ਭਲਾਈ ਨੂੰ ਮਨੁੱਖ ਦੀ ਭਲਾਈ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹੀ ਸੁਤੰਤਰਤਾ ਦਾ ਆਧਾਰ ਹੈ।

ਅਰਸਤੂ ਦਾ ਨਾਗਰਿਕਤਾ ਦਾ ਸਿਧਾਂਤ ਆਲੋਚਨਾਤਮਕ ਵੀ ਹੈ ਜਿਵੇਂ ਉਸ ਨੇ ਦੌਲਤਮੰਦ ਵਿਅਕਤੀ ਨੂੰ ਹੀ ਨਾਗਰਿਕਤਾ ਦਾ ਅਧਿਕਾਰ ਦਿੱਤਾ ਹੈ। ਨਾਗਰਿਕਤਾ ਅਤੇ ਦਾਸ ਦੀ ਪਰਿਭਾਸ਼ਾ ਵਿਚ ਸਮਾਜ ਦੇ ਇਕ ਵਰਗ ਨੂੰ ਗ਼ੁਲਾਮੀ ਵੱਲ ਧੱ ਕਿਆ ਗਿਆ ਹੈ। ਦਾਸ ਅਤੇ ਗ਼ੁਲਾਮ ਕਹਿ ਕੇ ਮਨੁੱਖ ਜਾਤੀ ਦੀ ਵੰਡ ਕਰਨੀ ਅਸੰਭਵ ਹੈ। ਇਹ ਸਰਵ ਪ੍ਰਵਾਨਿਤ ਮਾਪਦੰਡ ਨਹੀਂ। ਅਰਸਤੂ ਦੇ ਸਿਧਾਂਤ ਵਿਚ ਕੰਮ ਕਰਨ ਵਾਲਿਆਂ ਵਿਚ ਕੁਝ ਵਿਅਕਤੀਆਂ ਨੂੰ ਛੱਡ ਕੇ ਬਾਕੀ ਵਿਅਕਤੀ ਦਾਸ ਹਨ ਜੋ ਸੁਤੰਤਰਤਾ ਅਤੇ ਸਮਾਨਤਾ ਦੀਆਂ ਧਾਰ ਨਾਵਾਂ ਦੇ ਵਿਰੁੱਧ ਲੱਗਦਾ ਹੈ। ਕੇਵਲ ਵਿਸ਼ੇਸ਼ ਵਿਅਕਤੀ ਹੀ ਨਾਗਰਿਕ ਨਹੀਂ ਹੋ ਸਕਦੇ।

**ਸਿਸਰੋ (106–45 ਈ. ਪੂ.)**

ਸਿਸਰੋ ਇਕ ਦਾਰਸ਼ਨਿਕ ਨਾਲੋਂ ਕਾਨੂੰਨਦਾਨ ਅਤੇ ਰਾਜਨੀ ਤੀਵਾਨ ਵਧੇਰੇ ਸੀ। ਸਿਸਰੋ ਦਾ ਮਤ ਹੈ ਕਿ "ਰਾਜ ਇਕ ਸੁਭਾਵਕ ਸੰਸਥਾ ਹੈ ਅਤੇ ਪ੍ਰਾਕ੍ਰਿਤਕ ਕਾਨੂੰਨਾਂ ਅਤੇ ਪ੍ਰਾਕ੍ਰਿਤਕ ਸਮਤਾ ਵਾਲਾ ਰਾਜ , ਮਨੁੱਖ ਦੀ ਮੂਲ ਸਮਾਜਿਕ ਪ੍ਰਵਿਰਤੀ ਦੀ ਉਪਜ ਹੈ।"[26] ਸਿਸਰੋ ਰਾਜ ਨੂੰ ਇਕ ਨੈਤਿਕ ਸਮੁਦਾਇ ਮੰਨਦਾ ਹੈ। ਉਹਨਾਂ ਵਿਅਕਤੀਆਂ ਦਾ ਇਕ ਸਮੂਹ ਮੰਨਦਾ ਹੈ ਜਿਹੜੇ ਰਾਜ ਅਤੇ ਉਸਦੇ ਕਾਨੂੰਨ ਨੂੰ ਸਾਂਝੇ ਰੂਪ ਵਿਚ ਅਪਣਾਉਂਦੇ ਹਨ।[27] ਗ਼ੁਲਾਮੀ ਨੂੰ ਗ਼ੈਰਕੁਦਰਤੀ ਅ ਤੇ ਬਣਾਉਟੀ ਮੰਨਦੇ ਹੋਏ ਸਿ ਸਰੋ ਵਿਸ਼ਵ ਏਕਤਾ ਅਤੇ ਵਿਸ਼ਵ - ਭਾਈਚਾਰੇ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਅਤੇ ਰਾਜ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਕਾਨੂੰਨੀ ਅਧਿਕਾਰਾਂ ਦੀ ਵਕਾਲਤ ਕਰਦਾ ਹੈ। ਸਿ ਸਰੋ ਕਹਿੰਦਾ ਹੈ ਕਿ ਮਨੁੱਖ ਕੁਦਰਤੀ ਤੌਰ 'ਤੇ ਸਮਾਜ ਵਾਸਤੇ ਬਣਿਆ ਹੈ ਅਤੇ ਰਾਜ ਦੇ ਸਮਾਜ ਦਾ ਵਿਕਾਸ ਮਨੁੱਖੀ ਵਿਵਹਾਰ ਦੇ ਆਦਿ ਰੂਪ ਭਾਵ ਪਰਿਵਾਰ ਦੇ ਆਧਾਰ 'ਤੇ ਹੋਇਆ ਹੈ।[28] ਇਸ ਤਰ੍ਹਾਂ ਸਿ ਸਰੋ ਵੀ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾ ਨੂੰ ਰਾਜ ਦੀ ਹੋਂਦ ਵਿਚ ਹੀ ਸਵੀਕਾਰ ਕਰਦਾ ਹੈ। ਸਿ ਸਰੋ ਦੇ ਰੋਮਨ ਸਾਮਰਾਜ ਵਿਚ ਰਾਜੇ ਦੇ ਦੈਵੀ ਅਧਿਕਾਰਾਂ ਦਾ ਵਿਕਾਸ ਹੋਇਆ। ਇਸ ਵਿਚ ਸੁਤੰਤਰਤਾ , ਲੋਕਤੰਤਰ ਤੇ ਸਥਾਨਕ ਸਵੈਮਾਣ ਦੀ ਥਾਂ ਏਕਤਾ , ਕੁਸ਼ਲ ਪ੍ਰਬੰਧ, ਵਿਸ਼ਵ-ਵਿਆਪੀ ਕਾਨੂੰਨ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ।

ਮਨੁੱਖੀ ਸੁਭਾਅ ਬਾਰੇ ਸਿਸਰੋ ਦਾ ਮਤ ਹੈ ਕਿ ਸਾਰੇ ਮਨੁੱਖ ਸੁਭਾਅ ਪੱਖੋਂ ਇਕੋ ਜਿਹੇ ਹੁੰਦੇ ਹਨ।

---

[26] R. G. Gettell, *History of Political Thought,* p. 85, 86.

[27] *"The State is a moral of community, a group of persons who in common posses the state and its law".* Sabine, George. H., *A History of Political Theory,* p. 163.

[28] Sukhbir Singh, *A History of Political Thought, vol.II,* p. 262.

ਮਨੁੱਖੀ ਸੁਭਾਅ ਦੀ ਸਮਾਨਤਾ ਦੇ ਆਧਾਰ 'ਤੇ ਸਿਸਰੋ ਗ਼ੁਲਾਮੀ ਨੂੰ ਗ਼ੈਰ ਕੁਦਰਤੀ ਅਤੇ ਬਣਾਉਟੀ ਮੰਨਦਾ ਹੋਇਆ ਵਿਸ਼ਵ ਏਕਤਾ ਅਤੇ ਵਿਸ਼ਵ ਭਾਈਚਾਰੇ ਦੀ ਗੱਲ ਕਰਦਾ ਹੈ। ਸਿ ਸਰੋ ਰਾਜ ਨੂੰ ਜਨਤਾ ਦੀ ਸੰਪੱਤੀ ਮੰਨਦਾ ਹੈ ਅਤੇ ਉਸਦੀ ਵਰਤੋਂ ਜਨਤਾ ਦੇ ਹਿੱਤ ਲਈ ਹੁੰਦੀ ਹੈ। ਇਸ ਤਰ੍ਹਾਂ ਸਿਸੇਰੋ ਲੋਕ 'ਪ੍ਰਭੁਸੱਤਾ ਸਿਧਾਂਤ' ਦੀ ਪੁਸ਼ਟੀ ਕਰਦਾ ਹੈ। ਮਨੁੱਖ ਦੀ ਕੁਦਰਤੀ ਬਰਾਬਰੀ ਬਾਰੇ ਸਿ ਸਰੋ ਅਯੋਗ ਅਤੇ ਭੈੜੀਆਂ ਰੁਚੀਆਂ ਵਾਲੇ ਮਨੁੱਖ ਦੇ ਦਮਨ ਦੀ ਗੱਲ ਕਰਦਾ ਹੈ।

**ਸੰਤ ਆਗਸਟੀਨ (354–430 ਈ.)**

ਮੱਧਕਾਲ ਦੇ ਸਭ ਤੋਂ ਪ੍ਰਸਿੱਧ ਚਿੰਤਕ ਸੰਤ ਆਗਸਟੀਨ ਨੇ ਆਪਣੀ ਪ੍ਰਸਿੱਧ ਪੁਸਤਕ '*City Of God*' ਵਿਚ ਰਾਜ ਦਾ ਵਿਲੱਖਣ ਸੰਕਲਪ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਨਿਆਂ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਸੰਤ ਆਗਸਟੀਨ ਅਨੁਸਾਰ ਨਿਆਂ ਉਹ ਸਦਗੁਣ ਹੈ ਜੋ ਹਰੇਕ ਨੂੰ ਉਸਦੇ ਸਹੀ ਹੱ ਕ ਪ੍ਰਦਾਨ ਕਰਦਾ ਹੈ। ਨਿਆਂ ਅਨੁਸ਼ਾਸਿ ਤ ਤੇ ਵਿਵਸ ਥਿਤ ਜੀਵਨ ਬਿਤਾਉਣ ਲਈ ਜ਼ਰੂਰੀ ਹੈ। ਈਸਾਈ ਚਰਚ ਦੁਆਰਾ ਮਨੁੱਖ ਈਸ਼ਵਰੀ ਰਾਜ ਵਿਚ ਹਿੱਸਾ ਲੈਂਦੇ ਹਨ। ਚਰਚ ਵਿਹੂਣੇ ਰਾਜ ਤੋਂ ਨਿਆਂ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਰੱਬੀ ਰਾਜ ਹੀ ਕਲਿਆਣਕਾਰੀ ਰਾਜ ਹੈ।[29] ਦੁਨਿਆਵੀ ਰਾਜ ਨੂੰ ਉਹ ਸੰਸਾਰਕ ਜ਼ੰਜੀਰਾਂ ਵਿਚ ਜਕੜਿਆ ਮੰਨਦਾ ਹੈ ਤੇ ਰੱਬੀ ਰਾਜ ਨੂੰ ਸੰਸਾਰਕ ਬੰਧਨਾਂ ਤੋਂ ਮੁਕਤ ਕਰਦਿਆਂ ਲੋਕ ਕਲਿਆਣ ਦਾ ਸਿਧਾਂਤ ਪੇਸ਼ ਕਰਦਾ ਹੈ।

ਆਗਸਟੀਨ ਦਾ ਦਾਸਤਾ ਸਬੰਧੀ ਵਿਚਾਰ ਹੈ ਕਿ ਇਹ ਪਰਮਾਤਮਾ ਦੀ ਆਪਣੀ ਇੱਛਾ ਦਾ ਪਰਿਣਾਮ ਨਹੀਂ ਬਲਕਿ ਇਹ ਤਾਂ ਮਨੁੱਖ ਦੇ ਪਾਪ ਦਾ ਸਿੱਟਾ ਹੈ। ਯੁੱਧਾਂ ਵਿਚ ਹਾਰੀ ਹੋਈ ਧਿਰ ਦੇ ਲੋਕਾਂ ਨੂੰ ਦਾਸ ਬਣਾ ਲੈਣ ਦੀ ਪ੍ਰਥਾ ਚਲੀ ਆ ਰਹੀ ਸੀ। ਉਹਨਾਂ ਦਾ ਮਤ ਹੈ ਕਿ ਯੁੱਧ ਵਿਚ ਕੋਈ ਇਕ ਪੱਖ ਅਨਿਆਈ ਹੋਣ ਕਾਰਨ ਪਾਪੀ ਹੁੰਦਾ ਹੈ ਪਰ ਜ਼ਰੂਰੀ ਨਹੀਂ ਕਿ ਹਾਰ ਉਸਦੇ ਪੱਖ ਦੀ ਹੋਵੇ। ਉਹ ਰਾਜ ਸੱਤਾ ਨੂੰ ਦੈਵੀ ਮੰਨਦੇ ਹਨ ਅਤੇ ਇਸ ਨੂੰ ਮੰਨਣਾ ਮਨੁੱਖ ਦਾ ਕਰਤੱਵ ਹੈ।[30] ਰਾਜ ਵਿਚ ਹੀ ਮਨੁੱਖ ਸੁਤੰਤਰਤਾ ਦਾ ਵਾਸਤਵਿਕ ਅਨੰਦ ਮਾਣ ਸਕਦਾ ਹੈ। ਆਗਸਟੀਨ ਪਰਜਾ ਨੂੰ ਸੀਮਤ ਕ੍ਰਾਂਤੀ ਦਾ ਅਧਿਕਾਰ ਚਰਚ ਦੇ ਹਿੱਤਾਂ ਦੀ ਰੱਖਿਆ ਨੂੰ ਧਿਆਨ ਵਿਚ ਰੱਖ ਕੇ ਦਿੰਦਾ ਹੈ। ਪਰ ਦਾਸਤਾ ਸਬੰਧੀ ਆਗਸਟੀਨ ਦੇ ਵਿਚਾਰ ਉਲਝੇ ਹੋਏ ਅਤੇ ਅਸਪਸ਼ਟ ਹਨ। ਉਸਦੇ ਵਿਚਾਰਾਂ ਵਿਚ ਵਿਰੋਧਾ ਭਾਸ ਹੈ, ਇਸ ਕਰਕੇ ਕਿਸੇ ਨਿਸ਼ਚਿਤ ਪਰਿਣਾਮ 'ਤੇ ਨਹੀਂ ਪਹੁੰਚਿਆ ਜਾ ਸਕਦਾ ਹੈ।

---

[29] George H., *A History of Political Thought*, p. 85.86

[30] Gettle, *History of Political Thought,* p. 81.

ਬਾਰ੍ਹਵੀਂ ਸ਼ਤਾਬਦੀ ਦੇ 'ਸਾਲਸਬਰੀ ਦੇ ਜਾੱਨ' ਰਾਜ ਨੇ ਮਨੁੱਖ ਨੂੰ ਪਾਪ ਤੋਂ ਮੁਕਤ ਕਰਾਉਣ ਦਾ ਇਕ ਸਾਧਨ ਦੱਸਿਆ ਹੈ ਪਰ ਉਹ ਮੰਨਦਾ ਹੈ ਕਿ ਜਿਥੇ ਰਾਜਾ ਅਧਰਮੀ ਹੋ ਜਾਵੇ ਤਾਂ ਅਜਿਹੇ ਰਾਜੇ ਕੋਲੋਂ ਮੁਕਤੀ ਪ੍ਰਾਪਤ ਕਰਨ ਲਈ ਤਲਵਾਰ ਚੁੱਕ ਕੇ ਰਾਜੇ ਨੂੰ ਖ਼ਤਮ ਕਰਨਾ ਉਚਿਤ ਹੈ।[31] ਇਹ ਵਿਚਾਰ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਿਚਾਰ ਨਾਲ ਮਿਲਦਾ ਹੈ, ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।।ਹਲਾਲਅਸਤ ਬੁਰਦਨ ਬ ਸ਼ਮਸ਼ੀਰ ਦਸਤ।।[32] ਇਸ ਤਰ੍ਹਾਂ ਇਹ ਸਿਧਾਂਤ ਅਹਿੰਸਾ ਦੇ ਸਿਧਾਂਤ ਦਾ ਖੰਡਨ ਵੀ ਕਰਦਾ ਹੈ।

**ਸੰਤ ਟਾਮਸ ਐਕਵੀਨਾਸ (1227-1274 ਈ.)**

ਸੰਤ ਟਾਮਸ ਐਕਵੀਨਾਸ ਨੇ ਮਨੁੱਖੀ ਸੁਤੰਤਰਤਾ ਤੇ ਰਾਜ ਸਬੰਧੀ ਆਪਣੇ ਵਿਚਾਰਾਂ ਦਾ ਪ੍ਰਤੀਪਾਦਨ ਕਰਦਿਆਂ ਕਿਹਾ ਹੈ ਕਿ ਰਾਜ ਦੀ ਉ ਤਪਤੀ ਮਨੁੱਖ ਦੇ ਰੂਹਾਨੀ ਪਤਨ ਜਾਂ ਪਾਪ ਦੇ ਕਾਰਨ ਹੋਈ ਹੈ। ਇਸ ਲਈ ਰਾਜ ਪਾਪ ਨਿਵਿਰਤੀ ਲਈ ਪੈਦਾ ਹੋਈ ਬੁਰਾਈ ਹੈ। ਸਰਕਾਰ ਦਾ ਪ੍ਰਮੁੱਖ ਕਾਰਜ ਮਨੁੱ ਖ ਦੀ ਪਾਪ ਪ੍ਰਵਿਰਤੀ ਉੱਤੇ ਨਿਯੰਤਰਨ ਕਰਨਾ ਹੈ। ਮਨੁੱਖ ਸੁਭਾਅ ਤੋਂ ਸਮਾਜਿਕ ਅਤੇ ਰਾਜਨੀਤਿਕ ਪ੍ਰਾਣੀ ਹੈ। ਰਾਜ ਇਸ ਲਈ ਜ਼ਰੂਰੀ ਨਹੀਂ ਕਿ ਉਹ ਮਨੁੱਖ ਦੀਆਂ ਬੁਰਾਈਆਂ 'ਤੇ ਰੋਕ ਲਗਾਉਂਦਾ ਹੈ। ਮਨੁੱਖ ਰਾਜ ਤੋਂ ਬਾਹਰ ਨਹੀਂ ਹੈ, ਇਸ ਲਈ ਮਨੁੱਖੀ ਵਿਕਾਸ ਲਈ ਰਾਜ ਅਤਿਅੰਤ ਜ਼ਰੂਰੀ ਹੈ। ਐਕ ਵੀਨਾਸ ਨੇ ਸਰਕਾਰ ਦੀ ਜ਼ਰੂਰਤ ਨੂੰ ਮਨੁੱਖਾਂ ਦੀ ਸਮਾਜਿਕ ਪ੍ਰਕ੍ਰਿਤੀ 'ਤੇ ਆਧਾਰਿਤ ਮੰਨਿਆ ਹੈ। ਸਰਕਾਰ ਦੇ ਸੰਗਠਨ ਨੂੰ ਪਰਜਾ ਦੀ ਬਿਹਤਰੀ ਲਈ ਸ਼ਾਸਕ ਦੇ ਉੱਚ ਪੱਧਰ ਦੇ ਵਿਵੇਕ ਤੇ ਨੈਤਿਕ ਹੋਂਦ ਨੂੰ ਸਵੀਕਾਰ ਕੀਤਾ ਹੈ। ਲੋਕਤੰਤਰ ਕੋਲੋਂ ਰਾਜਤੰਤਰ ਜ਼ਿਆਦਾ ਸਮਾਜ ਦੇ ਹਿੱਤ ਵਿਚ ਹੈ ਜਿਸ ਤਰ੍ਹਾਂ ਵਿਸ਼ਵ ਉੱਤੇ ਇਕ ਰੱਬ ਅਤੇ ਸਰੀਰ ਉੱਤੇ ਇਕ ਹਿਰਦੇ ਦਾ ਸ਼ਾਸਨ ਹੈ ਉ ਸੇ ਪ੍ਰਕਾਰ ਰਾਜ ਵਿਚ ਸ਼ਾਸਕ ਵੀ ਇਕ ਹੀ ਹੋਣਾ ਚਾਹੀਦਾ ਹੈ। [33] ਐਕਵੀਨਾਸ ਵੀ ਦਾਸਤਾ ਨੂੰ ਨਿਆਂ ਦਾ ਦੈਵੀ ਦੰਡ ਸਮਝਦਾ ਹੈ ਅਤੇ ਉਸ ਦਾ ਸਮਰਥਨ ਕਰਦਾ ਹੈ। ਉਹ ਦਾਸ ਪ੍ਰਥਾ ਨੂੰ ਅਰਸਤੂ ਵਾਂਗ ਕੁਝ ਕੰਮਾਂ ਲਈ ਲਾਭਦਾਇਕ ਮੰਨਦਾ ਹੈ। ਇਬਨਸਟੀਨ ਅਨੁਸਾਰ "ਐਕਵੀਨਾਸ ਨੇ ਸਰਕਾਰ ਦੀ ਜ਼ਰੂਰਤ ਨੂੰ ਮਨੁੱਖ ਦੀ ਸਮਾਜਿਕ ਪ੍ਰਕਿਰਤੀ ਉੱਤੇ ਆਧਾਰਿਤ ਮੰਨਿਆ ਹੈ ਅਤੇ ਸਰਕਾਰ ਦੇ ਸੰਗਠਨ ਨੂੰ ਪਰਜਾ ਦੀ ਬਿਹਤਰੀ ਲਈ ਜ਼ਰੂਰੀ ਮੰਨਿਆ ਹੈ। [34] ਸ਼ਾਸਕ ਦੇ ਉੱਚ ਪੱਧਰ ਦੇ ਵਿਵੇਕ ਤੇ ਨੈਤਿਕਤਾ ਪੱਖੋਂ ਅਰਸਤੂ ਤੇ ਉਸਦੇ ਵਿਚਾਰਾਂ ਵਿੱਚ ਸਮਾਨਤਾ ਸਪਸ਼ਟ ਹੈ। ਇਸਦੇ ਵਿਚਾਰਾਂ ਵਿਚ ਲੋਕਤੰਤਰ ਦਾ ਅਭਾਵ ਹੈ।

---

[31] George H., *A History of Political Thought,* p.120

[32] ਭਾਈ ਰਣਧੀਰ ਸਿੰਘ (ਸੰਪਾ.), *ਦਸਮ ਗ੍ਰੰਥ ਸਾਹਿਬ,* ਪੰਨਾ-1240

[33] Gettle, *History of Political Thought,* p. 122.

[34] Ebenstien, William, *Great Political Thinkers*, p. 73

**ਮੈਕਿਆਵਲੀ (1469–1527 ਈ.)**

ਮੈਕਿਆਵਲੀ ਨੇ ਆਪਣੀ ਪੁਸਤਕ '*Prince*' ਵਿਚ ਕਿਹਾ ਹੈ ਕਿ ਰਾਜ ਮਾਨਵੀ ਸੰਸਥਾ ਹੈ ਜਿਸ ਦੀਆਂ ਲੋੜਾਂ ਲਈ ਧਰਮ ਅਤੇ ਨੈਤਿਕਤਾ ਦਾ ਤਿਆਗ ਕੀਤਾ ਜਾ ਸਕਦਾ ਹੈ। ਰਾਜ ਨੈਤਿਕਤਾ ਅਤੇ ਧਰਮ ਤੋਂ ਮੁਕਤ ਹੋ ਕੇ ਹੀ ਕਾਰਜਸ਼ੀਲ ਹੋ ਸਕਦਾ ਹੈ। ਉਸਨੇ ਕਿਹਾ ਕਿ ਰਾਜੇ ਵਿਚ ਲੂੰਬੜੀ ਅਤੇ ਸ਼ੇਰ ਦੋਵਾਂ ਵਾਲੇ ਗੁਣ ਹੋਣੇ ਚਾਹੀਦੇ ਹਨ। ਰਾਜਾ ਲੂੰਬੜ ਵਾਂਗ ਧੋਖਾ ਅਤੇ ਮੱਕਾਰੀ ਕਰ ਸਕੇ ਅਤੇ ਲੋੜ ਪੈਣ 'ਤੇ ਸ਼ੇਰ ਵਾਂਗ ਦੁਸ਼ਮਣ ਨੂੰ ਡਰਾ ਸਕੇ।[35] ਉਸਦਾ ਮਤ ਹੈ ਕਿ ਜਦੋਂ ਮਨੁੱਖ ਨੂੰ ਮਨਮਾਨੀ ਕਰਨ ਦੀ ਖੁੱਲ ਮਿਲਦੀ ਹੈ ਉਦੋਂ ਅਵਿਵਸਥਾ ਫੈਲ ਜਾਂਦੀ ਹੈ ਅਤੇ ਸੁਤੰਤਰਤਾ ਦਾ ਖਾਤਮਾ ਹੁੰਦਾ ਹੈ। ਵਿਹਾਰ ਵਿਚ ਮਨੁੱਖ ਧੋਖੇਬਾਜ਼ ਅਤੇ ਮਨੋਂ ਅਸਥਿਰ ਹੈ। ਮਾਨਵ ਜੀਵਨ ਵਿਚ ਧਨ ਪੈਦਾ ਕਰਨ ਦੀ ਪ੍ਰਵਿਰਤੀ ਬੜੀ ਪ੍ਰਬਲ ਹੁੰ ਦੀ ਹੈ। ਉਹ ਰਾਜਨੀਤੀ ਨੂੰ ਧਰਮ ਤੋਂ ਸੁਤੰਤਰ ਕਰਨ ਦੇ ਹੱਕ ਵਿਚ ਹੈ ਅਤੇ ਉਹ ਮਨੁੱਖੀ ਸੁਤੰਤਰਤਾ ਨਾਲੋਂ ਰਾਜ ਦੀ ਸੁਤੰਤਰਤਾ ਦੇ ਜ਼ਿਆਦਾ ਪੱਖ ਵਿਚ ਹੈ। ਮੈਕਿਆਵਲੀ ਦਾ ਮਤ ਹੈ ਕਿ ਰਾਜ ਦੀ ਸੁਰੱਖਿਆ ਲਈ ਪਰਜਾ ਨਾਲ ਕੀਤੇ ਵਚਨ ਵੀ ਰਾਜਾ ਤੋੜ ਸਕਦਾ ਹੈ ਅਤੇ ਧਰਮ ਤੇ ਨੈਤਿਕਤਾ ਦਾ ਰਾਜ ਨਾਲ ਕੋਈ ਸਬੰਧ ਨਹੀਂ।[36]

ਮੈਕਿਆਵਲੀ ਆਪਣੀ ਰਚਨਾ ਡਿਸਕੋਰਸਿਜ਼ ਵਿਚ ਕਹਿੰਦਾ ਹੈ "ਜਦੋਂ ਦੇਸ਼ ਦੀ ਸੁਰੱਖਿਆ ਦਾਅ 'ਤੇ ਲੱਗੀ ਹੋਵੇ, ਉਸ ਸਮੇਂ ਇਸ ਪ੍ਰਕਾਰ ਦਾ ਕੋਈ ਵਿਚਾਰ ਨਹੀਂ ਕਰਨਾ ਚਾਹੀਦਾ ਕਿ ਇਹ ਨਿਆਂ ਜਾਂ ਅਨਿ ਆਂ ਹੈ, ਦਇਆ ਹੈ ਜਾਂ ਨਿਰਦਇ ਆ ਹੈ, ਸਨਮਾਨਯੋਗ ਹੈ ਜਾਂ ਘ੍ਰਿਣਾ ਭਰਪੂਰ। ਸਾਰੀਆਂ ਗੱਲਾਂ ਭੁੱਲ ਕੇ ਸਿਰਫ ਉਹੋ ਮਾਰਗ ਅਪਨਾਉਣਾ ਚਾਹੀਦਾ ਹੈ ਜੋ ਦੇਸ਼ ਦੀ ਰੱਖਿਆ ਕਰ ਸਕੇ ਤੇ ਉਸ ਨੂੰ ਆਜ਼ਾਦ ਬਣਾਈ ਰੱਖੇ। "[37] ਉਸਦੇ ਵਿਚਾਰ ਕੌਟਲਿਆ ਨਾਲ ਮਿਲਦੇ ਜੁਲਦੇ ਹਨ। ਦੋਵਾਂ ਨੇ ਮਨੁੱਖ ਨੂੰ ਮੌਕਾਪ੍ਰਸਤ ਕਿਹਾ ਹੈ ਜਿਹੜੇ ਲੋੜ ਪੈਣ 'ਤੇ ਕੌਲ-ਕਰਾਰ ਤੋੜ ਸਕਦੇ ਹਨ। ਦੋਵਾਂ ਨੇ ਨੈਤਿਕਤਾ ਅਤੇ ਧਰਮ ਨੂੰ ਰਾਜੇ ਦੇ ਹੱਥਾਂ ਦੀ ਕਠਪੁਤਲੀ ਦੱਸਿਆ ਹੈ। ਇਹੋ ਸਿੱਟਾ ਨਿਕਲਦਾ ਹੈ ਕਿ ਰਾਜਾ ਧਰਮ ਅਤੇ ਨੈਤਿਕਤਾ 'ਤੇ ਭਾਰੂ ਹੈ ਪਰ ਗੁਰਮਤਿ ਨੈਤਿਕਤਾ ਨੂੰ ਸੁਤੰਤਰਤਾ ਦਾ ਜ਼ਰੂਰੀ ਅੰਗ ਮੰਨਦੀ ਹੈ।

---

35 Ebenstien, William, *Modren Political Thought-The Great Issues*, p. 287

36 Dunning, William, Archibold, *A History of Political Theories Part-1*, p. 297-298

37 *Where the safety of ones country is at stack, there must be no consideration of what is just or unjust, metrical or cruel, glorious or shameful on the country, everything must be disregarded to sea that course wish will save her life and maintain her independence.''* Machiavelli, Niccolo, *The Prince and Discourses*, p.435

**ਥਾਮਸ ਹਾੱਬਸ (1588–1679 ਈ.)**

ਹਾੱਬਸ ਦਾ ਵਿਚਾਰ ਹੈ ਕਿ ਪ੍ਰਕ੍ਰਿਤੀ ਵਿਚ ਮਨੁੱਖ ਬਰਾਬਰ ਹੈ। ਕੋਈ ਵੀ ਮਨੁੱਖ ਇਕ ਦੂਜੇ ਨਾਲੋਂ ਵੱਧ ਹੱਕ ਮੰਗਣ ਦਾ ਦਾਅਵਾ ਨਹੀਂ ਕਰ ਸਕਦਾ। ਲੋਕਾਂ ਵਿਚ ਭਿੰਨਤਾ ਇਤਨੀ ਘੱਟ ਹੈ ਕਿ ਦੁਰਬਲ ਤੋਂ ਦੁਰਬਲ ਵਿਅਕਤੀ ਵੀ ਵੱਧ ਸ਼ਕਤੀਸ਼ਾਲੀ ਵਿਅਕਤੀ ਦੀ ਹੱਤਿਆ ਕਰ ਸਕਦਾ ਹੈ। ਮਨੁੱਖ ਵਿਚ ਈਰਖਾ ਅਤੇ ਦਵੈਤ ਦੀ ਭਾਵਨਾ ਯੁੱਧਾਂ ਦਾ ਕਾਰਨ ਬਣਦੀ ਸੀ। ਮਨੁੱਖ ਵਿਚ ਵਿਵੇਕ ਦਾ ਗੁਣ ਹੋਣ ਕਰਕੇ ਉਸਨੇ ਰਾਜ ਦੀ ਕਾਇਮੀ ਲਈ ਆਪਸ ਵਿਚ ਇਕ ਦੂਜੇ ਨਾਲ ਸਮਝੌਤਾ ਕਰਕੇ ਐਸੀ ਪ੍ਰਭੁਤਾ ਸੰਪੰਨ ਸ਼ਕਤੀ ਦੀ ਸਥਾਪਨਾ ਕੀਤੀ ਹੈ ਜਿਸ ਕਰ ਕੇ ਰਾਜ ਸੱਤਾ ਇਕ ਵਿਅਕਤੀ ਜਾਂ ਇਕ ਸਮੂਹ ਨੂੰ ਸੌਂਪ ਦਿੱਤੀ ਜਾਂਦੀ ਹੈ। [38] ਇਸ ਤਰ੍ਹਾਂ ਰਾਜ ਦੀ ਛਤਰ ਛਾਇਆ ਹੇਠ ਲੋਕ ਸੁਤੰਤਰ ਜੀਵਨ ਗੁਜ਼ਾਰ ਸਕਦੇ ਹਨ।

ਹਾੱਬਸ ਦਾ ਮੰਨਣਾ ਹੈ ਕਿ ਸ਼ਾਂਤੀ ਤਾਂ ਹੀ ਸੰਭਵ ਹੈ ਜੇਕਰ ਸਾਰੇ ਵਿਅਕਤੀ ਸੁਤੰਤਰਤਾ ਦੇ ਅਧਿਕਾਰ ਦਾ ਤਿਆਗ ਕਰਨ। ਇਸ ਤਰ੍ਹਾਂ ਕੁਦਰਤੀ ਅਧਿਕਾਰਾਂ ਨੂੰ ਮਾ ਣਨ ਦੀ ਪ੍ਰੇਰਨਾ ਮਿਲਦੀ ਹੈ।[39] ਥਾਮਸ ਹਾੱਬਸ ਨੇ ਨਾਂਹ-ਵਾਚਕ ਸੁਤੰਤਰਤਾ ਦੀ ਵਕਾਲਤ ਕੀਤੀ ਹੈ। ਇਸ ਸੁਤੰਤਰਤਾ ਨੂੰ ਰੋਕਾਂ ਦੀ ਅਣਹੋਂਦ ਜਾਂ ਪਾਬੰਦੀਆਂ ਦਾ ਨਾ ਹੋਣਾ ਆਖਦੇ ਹਨ। ਉਹ ਵਿਅਕਤੀ ਸੁਤੰਤਰ ਮੰਨਿਆ ਜਾਂਦਾ ਹੈ ਜਿਸ ਉੱਪਰ ਕੋਈ ਬੰਦਿਸ਼ਾਂ ਨਾ ਲਾਈਆਂ ਜਾਣ। ਸੁਤੰਤਰਤਾ ਦੀ ਇਹ ਧਾਰਨਾ ਇਸ ਅਹਿਸਾਸ ਵਿਚੋਂ ਪੈਦਾ ਹੋਈ ਹੈ ਕਿ ਵਿਅਕਤੀ ਹ ਰ ਥਾਂ 'ਤੇ ਬੰਦਿਸ਼ਾਂ ਦਾ ਮਾਰਿਆ ਹੈ। ਉਹ ਬੰਦਿਸ਼ਾਂ ਤੋਂ ਮੁਕਤ ਹੋ ਕੇ ਹੀ ਸੁਤੰਤਰ ਹੋ ਸਕਦਾ ਹੈ। [40] ਹਾੱਬਸ ਅਨੁਸਾਰ ਲੋਕਾਂ ਨੂੰ ਰਾਜੇ ਦਾ ਵਿਰੋਧ ਕਰਨ ਦਾ ਅਧਿਕਾਰ ਬਿਲਕੁਲ ਨਹੀਂ ਇਥੋਂ ਤੱਕ ਕਿ ਅੱਤਿਆਚਾਰੀ ਰਾਜੇ ਦਾ ਵਿਰੋਧ ਵੀ ਨਹੀਂ ਕਰਨਾ ਚਾਹੀਦਾ ਕਿਉਂਕਿ ਉਸਨੂੰ ਦੰਡ ਦੇਣ ਦਾ ਕੰਮ ਈਸ਼ਵਰ ਦਾ ਹੈ। [41] ਇਸ ਤਰ੍ਹਾਂ ਹਾੱਬਸ ਨਿਰੰਕੁਸ਼ ਰਾਜ ਦੀ ਗੱਲ ਕਰਦਾ ਹੈ ਜਦੋਂਕਿ ਉਹ ਨੈਤਿਕ ਪੱਖ ਤੋਂ ਠੀਕ ਨਹੀਂ।

ਸਾਕਾਰਤਮਕ ਸੁਤੰਤਰਤਾ ਲਈ ਨੈਤਿਕਤਾ ਤੇ ਸਮਾਨਤਾ ਦਾ ਹੋਣਾ ਲਾਜ਼ਮੀ ਹੈ। ਜਿਸ ਲਈ ਸ਼ਕਤੀਸ਼ਾਲੀ ਸ਼ਾਸਨ ਦੀ ਜ਼ਰੂਰਤ ਹੈ। ਜਦੋਂ ਤੱਕ ਮਨੁੱਖ ਆਪਣੀ ਵਿਅਕਤੀਗਤ ਇੱਛਾ ਪੂਰਤੀ ਵਿਚ ਲੀਨ ਰਹੇਗਾ ਤੇ ਆਪਣੇ ਨਿੱਜੀ ਸਵਾਰਥਾਂ ਨੂੰ ਪਹਿਲ ਦਿੰਦਾ ਰਹੇਗਾ ਤਾਂ ਸ ਮਾਜ ਵਿਚ ਸ਼ਾਂਤੀ ਅਸੰਭਵ ਹੈ। ਇਸ ਲਈ ਹਾੱਬਜ਼ ਸਮਝੌਤੇ ਦੁਆਰਾ ਵਿਅਕਤੀਆਂ ਦੀ ਉਦੋਂ ਤੱਕ ਸਵਾਰਥੀ ਇੱਛਾ ਨੂੰ ਪ੍ਰਭੂ ਸੱਤਾਧਾਰੀ ਦੀ ਇੱਛਾ

---

[38] Ebenstien, William, *Modern Political Thought-The Great Issues*, p. 291

[39] ਗਿੱਲ, ਅਮਨਪ੍ਰੀਤ ਸਿੰਘ, *ਰਾਜਨੀਤਿਕ ਸਿਧਾਂਤ ਦੇ ਪ੍ਰਮੁੱਖ ਸੰਕਲਪ,* ਪੰਨਾ-21.

[40] Ebenstien, William, *Modren Political Thought-The Great Issues*, p. 291

[41] Gettle, *History of Political Thought,* p.218. 219

ਵਿਚ ਵਿਲੀਨ ਕਰ ਦਿੰਦਾ ਹੈ ਤਾਂ ਕਿ ਮਨੁੱਖ ਪ੍ਰਭੁਸੱਤਾਧਾਰੀ ਦੀ ਇੱਛਾ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਹੀ ਪਾਲਣਾ ਕਰਨ। ਰਾਜ ਦੇ ਪ੍ਰਭੁਸੱਤਾਧਾਰੀ ਦਾ ਉਦੇਸ਼ ਹੀ ਵਿਅਕਤੀ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ।

**ਜੌਹਨ ਲਾੱਕ (1632–1704 ਈ.)**

ਲਾੱਕ ਅਨੁਸਾਰ ਕੁਦਰਤੀ ਅਵਸਥਾ ਸ਼ਾਂਤੀ ਅਤੇ ਵਿਵੇਕ ਦੀ ਅਵਸਥਾ ਸੀ। ਕੁਦਰਤੀ ਅਵਸਥਾ ਵਿਚ ਵਿਅਕਤੀ ਕੁਦਰਤੀ ਅਧਿਕਾਰਾਂ ਨੂੰ ਮੰਨਦਾ ਹੈ ਜਿਵੇਂ ਕਿ ਜੀਵਨ ਦਾ ਅਧਿਕਾਰ , ਸੁਤੰਤਰਤਾ ਦਾ ਅਧਿਕਾਰ ਅਤੇ ਨਿੱਜੀ ਜਾਇਦਾਦ ਦਾ ਅਧਿਕਾਰ।[42] ਕੁਦਰਤੀ ਅਵਸਥਾ ਵਿਚ ਆਈਆਂ ਇਨ੍ਹਾਂ ਕਮੀਆਂ ਨੂੰ ਖ਼ਤਮ ਕਰਨ ਲਈ ਅਤੇ ਕੁਦਰਤੀ ਅਧਿਕਾਰਾਂ ਦੀ ਰਾਖੀ ਕਰਨ ਲਈ ਸਾਰੇ ਮਨੁੱਖਾਂ ਨੇ ਆਪਸ ਵਿਚ ਸਮਝੌਤਾ ਕਰਕੇ ਨਾਗਰਿਕ ਸਮਾਜ ਅਤੇ ਰਾਜ ਦੀ ਸਥਾਪਨਾ ਕੀਤੀ। ਜਿਸ ਵਿਚ ਹਰ ਮਨੁੱਖ ਨੇ ਕਿਹਾ ਕਿ ਮੈਂ ਆਪਣਾ ਜੱਜ ਆਪ ਹੋਣ ਦਾ ਅਧਿਕਾਰ ਛੱਡਦਾ ਹਾਂ ਅਤੇ ਇਹ ਹੱਕ ਰਾਜ ਨੂੰ ਸੌਂਪਦਾ ਹਾਂ। ਅੱਜ ਤੋਂ ਇਹ ਹੀ ਕੁਦਰਤੀ ਅਧਿਕਾਰਾਂ ਦੀ ਰਾਖੀ ਕਰੇਗਾ। ਲਾੱਕ ਅਨੁਸਾਰ ਰਾਜ ਦੀ ਸਥਾਪਨਾ ਤੋਂ ਬਾਅਦ ਲੋਕਾਂ ਨੇ ਇਕ ਹੋਰ ਸਮਝੌਤਾ ਕੀਤਾ। ਇਸ ਸਮਝੌਤੇ ਦੀ ਇਕ ਧਿਰ ਸਰਕਾਰ ਭਾਵ ਰਾਜਾ ਸੀ ਅਤੇ ਦੂਸਰੀ ਧਿਰ ਲੋਕ ਆਪ ਸਨ। ਰਾਜ ਤੋਂ ਬਦਲੇ ਵਿਚ ਲੋਕਾਂ ਨੇ ਜੀਵਨ, ਸੁਤੰਤਰਤਾ ਤੇ ਸੰਪੱਤੀ ਦੇ ਅਧਿਕਾਰਾਂ ਦੀ ਸੁਰੱਖਿਆ ਪ੍ਰਾਪਤ ਕੀਤੀ।[43] ਇਸ ਤੋਂ ਲਾੱਕ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਸਰਕਾਰ ਜਿਨ੍ਹਾਂ ਲੋਕਾਂ 'ਤੇ ਰਾਜ ਕਰਦੀ ਹੈ ਉਹਨਾਂ ਦੀ ਸਹਿਮਤੀ, ਸਿੱਧੀ ਜਾਂ ਅਸਿੱਧੀ ਹਾਸਲ ਕਰਨਾ ਜ਼ਰੂਰੀ ਹੈ। ਉਸਨੇ ਸਰਕਾਰ ਨੂੰ ਟਰੱਸਟ ਦਾ ਨਾਮ ਦਿੱਤਾ। ਟਰੱਸਟ ਅਸੀਂ ਉਸ ਸੰਸਥਾ ਨੂੰ ਆਖਦੇ ਹਾਂ ਜਿਸ ਕੋਲ ਕੋਈ ਅਮਾਨਤ ਰੱਖ ਦਿੱਤੀ ਜਾਂਦੀ ਹੈ। ਟਰੱਸਟ ਉਸ ਅਮਾਨਤ ਦੀ ਵਰਤੋਂ ਅਤੇ ਦੇਖਭਾਲ ਇਸਦੇ ਮਾਲਕ ਦੇ ਹਿੱਤਾਂ ਅਨੁਸਾਰ ਕਰਦਾ ਹੈ। ਜੇਕਰ ਟਰੱਸਟ ਇਸ ਦੀ ਦੁਰਵਰਤੋਂ ਕਰੇ ਤਾਂ ਮਾਲਕ ਆਪਣੀ ਅਮਾਨਤ ਉਸ ਤੋਂ ਵਾਪਸ ਲੈ ਸਕਦਾ ਹੈ। ਉਹ ਸਾਬਤ ਕਰਨਾ ਚਾਹੁੰਦਾ ਹੈ ਕਿ ਸਰਕਾਰ ਦੀਆਂ ਸ਼ਕਤੀਆਂ ਦੇ ਅਸਲ ਮਾਲਕ ਲੋਕ ਹਨ। ਲਾੱਕ ਨੇ ਸ਼ਕਤੀਆਂ ਸਰਕਾਰ ਦੇ ਹੱਥਾਂ ਵਿਚ ਕੇਵਲ ਅਮਾਨਤ ਵਜੋਂ ਸੌਂਪੀਆਂ ਹਨ। ਸਰਕਾਰ ਜੇ ਕਰ ਇਸ ਅਮਾਨਤ ਦੀ ਦੁਰਵਰਤੋਂ ਕਰੇ ਤਾਂ ਲੋਕ ਇਸ ਨੂੰ ਕ੍ਰਾਂਤੀ ਰਾਹੀਂ ਬਦਲ ਸਕਦੇ ਹਨ। ਲਾੱਕ ਨੇ ਸਮਾਜਿਕ ਸਮਝੌਤੇ ਦੀ ਧਾਰਨਾ ਲੋਕਾਂ ਦੀ ਸਹਿਮਤੀ ਉਪਰ ਆਧਾਰਿਤ ਸਰਕਾਰ ਦਾ ਸਮਰਥਨ ਕਰਨ ਲਈ ਪੇਸ਼ ਕੀਤੀ। ਇਸ ਨਾਲ ਇੰਗਲੈਂਡ ਵਿਚ ਲੋਕਤੰਤਰ ਅਤੇ ਸੰਵਿਧਾਨਿਕ ਸਰਕਾਰ ਦਾ ਰਾਹ ਪੱਧਰਾ ਹੋ ਗਿਆ। "ਪ੍ਰਾਕ੍ਰਿਤਕ ਅਵਸਥਾ ਵਿਚ ਹਰ ਕੋ ਈ ਆਪਣੀ ਸੁਰੱਖਿਆ ਪ੍ਰਤੀ ਪੂਰੀ ਤਰ੍ਹਾਂ ਚੌਕੰਨਾ ਰਹਿੰਦਾ ਸੀ ਪਰ ਆਪਣੇ ਅਧਿਕਾਰ ਪ੍ਰਤੀ ਅਤੇ ਦੂਜਿਆਂ ਪ੍ਰਤੀ ਉਸਦੇ

---

[42] Lock Hume and Rousseau, Jean, Jacques, *Social contract,* p.5, 6.

[43] Ibid*,* p.73.

ਕਰਤੱਵ ਇੰਨੇ ਪੂਰੇ ਨਹੀਂ ਸਨ ਜਿੰਨੇ ਕਿ ਸ਼ਾਸਨ ਵਿਚ ਹੋ ਸਕਦੇ ਸਨ।"[44]

ਪ੍ਰਕ੍ਰਿਤਿਕ ਕਾਨੂੰਨ ਕਈ ਤਰ੍ਹਾਂ ਦੇ ਅਧਿਕਾਰਾਂ ਨੂੰ ਜਨਮ ਦਿੰਦੇ ਹਨ। ਇਨ੍ਹਾਂ ਵਿਚ ਜੀਵਨ, ਸੁਤੰਤਰਤਾ ਤੇ ਸੰਪੱਤੀ ਦੇ ਅਧਿਕਾਰ ਪ੍ਰਮੁੱਖ ਹਨ। ਲਾੱਕ ਅਨੁਸਾਰ "ਕੁਦਰਤ ਨੇ ਮਨੁੱਖ ਨੂੰ ਸ਼ਕਤੀ ਪ੍ਰਦਾਨ ਕੀਤੀ ਹੈ ਕਿ ਉਹ ਆਪਣੀ ਸੰਪੱਤੀ, ਜੀਵਨ ਤੇ ਸੁਤੰਤਰਤਾ ਨੂੰ ਸੁਰੱਖਿਅਤ ਰੱਖੇ। ਇਸ ਵਿਚ ਕਦੇ -ਕਦੇ ਸਿਹਤ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ।" [45]

**ਰੂਸੋ (1712–1778 ਈ.)**

ਰੂਸੋ ਸਮਾਜਿਕ ਸਮਝੌਤੇ ਦਾ ਸਿਧਾਂਤ ਪੇਸ਼ ਕਰਨ ਵਾਲਾ ਤੀਸਰਾ ਵਿਦਵਾਨ ਹੈ। ਰੂਸੋ ਦੀ ਰਚਨਾ '*Social contract*' ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦੀ ਹੈ, "ਮਨੁੱਖ ਸੁਤੰਤਰ ਪੈਦਾ ਹੋਇਆ ਹੈ ਪਰ ਹਰ ਪਾਸੇ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ "[46]। ਇਹ ਦ੍ਰਿਸ਼ਟੀਕੋਣ ਸੁਤੰਤਰਤਾ ਦੇ ਸਿਧਾਂਤ ਲਈ ਕਾਫ਼ੀ ਮਹੱਤਤਾ ਰੱਖਦਾ ਹੈ।

ਰੂਸੋ ਅਨੁਸਾਰ ਰਾਜ ਅਤੇ ਸਭਿਅਤਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਇਨਸਾਨ ਨੂੰ ਕਿਸੇ ਤੇਰ-ਮੇਰ ਦੀ ਭਾਵਨਾ ਦਾ ਅੰਦਾਜ਼ਾ ਨਹੀਂ ਸੀ। ਉਸ ਵਿਚ ਈਰਖਾ , ਨਫ਼ਰਤ, ਹਿੰਸਾ ਅਜਿਹਾ ਕੁਝ ਵੀ ਨਹੀਂ ਸੀ। ਉਹ ਕੁਦਰਤ ਦੀ ਗੋਦ ਵਿਚ ਰਹਿ ਕੇ ਕੁਦਰਤੀ ਤਰੀਕੇ ਨਾਲ ਆਪਣਾ ਜੀਵਨ ਨਿਰ ਬਾਹ ਕਰਦਾ ਸੀ। ਹੌਲੀ-ਹੌਲੀ ਆਬਾਦੀ ਵਧਦੀ ਗਈ , ਕੁਦਰਤ ਦੇ ਸੋਮੇ ਸੁੱਕਦੇ ਗਏ , ਇਨਸਾਨ ਵਿਚ ਤੇਰ -ਮੇਰ ਦੀ ਭਾਵਨਾ ਪੈਦਾ ਹੋਈ, ਨਿੱਜੀ ਜਾਇਦਾਦ ਹੋਂਦ ਵਿਚ ਆ ਗਈ। ਮਨੁੱਖ ਨੇ ਜ਼ਮੀਨ ਦੇ ਇਕ ਟੋਟੇ ਦੀ ਨਿਸ਼ਾਨਦੇਹੀ ਕਰਕੇ ਕਿਹਾ ਕਿ ਇਹ ਮੇਰਾ ਹੈ ਅਤੇ ਲੋਕਾਂ ਨੇ ਬੜੀ ਸਾਦਗੀ ਨਾਲ ਉਸਦੀ ਗੱਲ 'ਤੇ ਵਿਸ਼ਵਾਸ ਕਰ ਲਿਆ। ਇਸ ਤਰ੍ਹਾਂ ਇਨਸਾਨ ਵਿਚ ਦੁਨਿਆਵੀ ਬਿਬੇਕ ਪੈਦਾ ਹੋਇਆ। ਇਸ ਨੇ ਉਸਦੀ ਨੇਕੀ ਨੂੰ ਖ਼ਤਮ ਕਰ ਦਿੱਤਾ। ਕੁਦਰਤੀ ਅਵਸਥਾ ਦੇ ਹਾਲਾਤ ਬਦਤਰ ਹੋਣ ਲੱਗੇ। ਇਸ ਵਿਚੋਂ ਨਿਕਲਣ ਲਈ ਮਨੁੱਖ ਨੂੰ ਨਾਗਰਿਕ ਸਮਾਜ ਦੀ ਲੋੜ ਮਹਿਸੂਸ ਹੋਈ ਅਤੇ ਉਹਨਾਂ ਨੇ ਆਪਸ ਵਿਚ ਸਮਝੌਤੇ ਕਰਕੇ ਨਾਗਰਿਕ ਸਮਾਜ ਦਾ ਨਿਰਮਾਣ ਕੀਤਾ। ਨਿੱਜੀ

---

[44] *In the state of nature, every man must protect his own as best he can, but his right to his own and his duty to respect what is another's are as complete as ever they can become under government.''* Lock, *Treatises on Civil Government,* p.118

[45] *Man hath by nature a power to preserve his property that is life, liberty and estate... On the other hand the phrase is sometimes expanded to include health.''* Lock, *Treatises on Civil Government*, p.118

[46] "*Man is born free and he is everywhere in chains"* Lock Hume and Rousseau, *Social contract*, p. 253.

ਸੰਪੱਤੀ ਦੀ ਦੌੜ ਨੇ ਅਮੀਰ ਅਤੇ ਗ਼ਰੀਬ ਵਿਚਕਾਰ ਭੇਦ ਉਤਪੰਨ ਕਰਕੇ ਇਸ ਅਵਸਥਾ ਨੂੰ ਖੇਰੂੰ -ਖੇਰੂੰ ਕਰ ਦਿੱਤਾ ਸੀ।[47] ਰੂਸੋ ਮੁਤਾਬਿਕ ਹਰ ਵਿਅਕਤੀ ਦਾ ਮੂਲ ਨੇਕ ਹੈ। ਜਦੋਂ ਉਸ ਉੱਪਰ ਸਵਾਰਥ ਹਾਵੀ ਹੋ ਜਾਂਦਾ ਹੈ ਤਾਂ ਉਸਦੇ ਅੰਦਰ ਇੱਛਾ ਪੈਦਾ ਹੁੰਦੀ ਹੈ। ਇਹ ਇੱਛਾ ਵਕਤੀ ਤੌਰ 'ਤੇ ਵਿਅਕਤੀ ਨੂੰ ਸਵਾਰਥ ਵੱਲ ਪ੍ਰੇਰਿਤ ਕਰਦੀ ਹੈ। ਵਿਅਕਤੀਗਤ ਸੁਤੰਤਰਤਾ ਸਬੰਧੀ ਰੂਸੋ ਦੀ ਵਿਚਾਰਧਾਰਾ ਤੋਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਮਨੁੱਖ ਨੂੰ ਹਾੱਬਜ਼ ਵਾਂਗ ਹੀ ਰਾਜ ਦੇ ਅਧੀਨ ਰੱਖ ਕੇ , ਨਿਰੰਕੁਸ਼ ਸ਼ਾਸਨ ਦੀ ਸਥਾਪਨਾ ਕਰ ਰਿਹਾ ਹੈ। ਉਹ ਵਿਆਪਕ ਇੱਛਾ ਦਾ ਮਹੱਤਵ ਇੰਨਾ ਵਧਾ ਦਿੰਦਾ ਹੈ ਕਿ ਉਸ ਦੇ ਸਾਹਮਣੇ ਵਿਅਕਤੀ ਦੀ ਕੋਈ ਹਸਤੀ ਨਹੀਂ ਬਚਦੀ। ਦੂਜੇ ਪਾਸੇ ਉਹ ਸੁਤੰਤਰਤਾ ਦਾ ਪੂਰਨ ਸਮਰਥਨ ਕਰਦਾ ਹੋਇਆ ਇਸਦਾ ਮਸੀਹਾ ਜਾਪਦਾ ਹੈ ਤੇ ਉਹ ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਦਾ ਮੱਧ ਮਾਰਗ ਲੱਭਦਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਵਿਅਕਤੀ , ਸਮਾਜ ਵਿਚ ਰਹਿੰਦੇ ਹੋਏ ਵਧੇਰੇ ਸੁਤੰਤਰ ਰਹਿੰਦਾ ਹੈ। ਕਾਨੂੰਨ ਵੀ ਉਸ ਦੀ ਸੁਤੰਤਰਤਾ ਵਿਚ ਰੋੜਾ ਅਟਕਾਉਣ ਦੀ ਥਾਂ 'ਤੇ ਉਸ ਦੀ ਮਦਦ ਕਰਦਾ ਹੈ। ਸੁਤੰਤਰਤਾ ਦੀ ਹੋਂਦ ਕਾਨੂੰਨ ਦੀ ਹੀ ਦੇਣ ਹੈ। ਪ੍ਰੋ . ਸੇਬਾਈਨ ਅਨੁਸਾਰ "ਅਸੀਂ ਕਾਨੂੰਨ ਦੀ ਪਾਲਣਾ ਹੀ ਇਸੇ ਲਈ ਕਰਦੇ ਹਾਂ ਕਿ ਉਹ ਸਾਨੂੰ ਸੁਤੰਤਰਤਾ ਪ੍ਰਦਾਨ ਕਰਦਾ ਹੈ।"[48]

ਇਸ ਤਰ੍ਹਾਂ ਰੂਸੋ ਦੇ ਵਿਚਾਰ ਇਹ ਗੱਲ ਸ਼ਪਸਟ ਕਰਦੇ ਹਨ ਕਿ ਵਿਆਪਕ ਇੱਛਾ ਕਾਨੂੰਨ ਦੀ ਜਨਨੀ ਹੈ। ਕਾਨੂੰਨ ਸੁਤੰਤਰਤਾ ਦਾ ਜਨਮਦਾਤਾ ਹੈ। ਕਾਨੂੰਨ ਵਿਅਕਤੀ ਦੀ ਉਸੇ ਸੁਤੰਤਰਤਾ ਨੂੰ ਨਸ਼ਟ ਕਰਦੇ ਹਨ ਜਿਸ ਵਿਚ ਦੂਜਿਆਂ ਦਾ ਨੁਕਸਾਨ ਹੁੰਦਾ ਹੋਵੇ।

**ਹੀਗਲ (1770–1831 ਈ.)**

ਹੀਗਲ ਵਿਅਕਤੀਗਤ ਸੁਤੰਤਰਤਾ ਸਬੰਧੀ ਆਪਣੇ ਵਿਚਾਰ ਪ੍ਰ ਸ਼ਨ-ਉੱਤਰ ਦੇ ਰੂਪ ਵਿਚ ਪੇਸ਼ ਕਰਦਾ ਹੈ ਕਿ ਮੈਂ ਰਾਜ ਦਾ ਹੁਕਮ ਕਿਉਂ ਮੰਨਦਾ ਹਾਂ? ਮੇਰਾ ਹੱਥ ਮੇਰੇ ਸਰੀਰ ਦਾ ਹੁਕਮ ਕਿਉਂ ਮੰਨਦਾ ਹੈ ? ਮੈਂ ਰਾਜ ਦਾ ਉਸੇ ਤਰ੍ਹਾਂ ਇਕ ਅੰਗ ਹਾਂ ਜਿਵੇਂ ਮੇਰਾ ਹੱਥ ਮੇਰੇ ਸਰੀਰ ਦਾ ਇਕ ਅੰਗ ਹੈ।

ਵਿਅਕਤੀ ਤੇ ਰਾਜ ਦੋਹਾਂ ਵਿਚ ਇੱਕੋ ਪਵਿੱਤਰ ਆਤਮਾ ਪਾਈ ਜਾਂਦੀ ਹੈ ਜੋ ਵਿਅਕਤੀ ਵਿਚ ਘੱਟ ਹੈ ਅਤੇ ਰਾਜ ਵਿਚ ਵੱਧ ਹੈ। ਵਿਅਕਤੀ ਅਧੂਰਾ ਹੈ ਅਤੇ ਰਾਜ ਪੂਰਾ ਹੈ। ਵਿਅਕਤੀ ਰਾਜ ਵਿਚ ਹੀ ਪੂਰਨਤਾ

[47] Gettle, *History of Political Thought,* p. 253.

[48] *Obedience to a law which we prescribe to ourselves is liberty.* Sabine. *A History of Political Theory***,** p. 594

ਪ੍ਰਾਪਤ ਕਰਦਾ ਹੈ। ਵਿਅਕਤੀ ਦੇ ਹਿੱਤ ਤੇ ਰਾਜ ਦੇ ਹਿੱਤ ਵਿਚ ਕੋਈ ਵਿਰੋਧ ਨਹੀਂ।[49] ਮੇਰਾ ਹੱਥ ਮੇਰੇ ਸਰੀਰ ਦੀ ਸੇਵਾ ਕਰਨ ਲਈ ਬਣਿਆ ਹੈ। ਮੇਰਾ ਸਰੀਰ ਮੇਰੇ ਹੱਥ ਦੀ ਸੇਵਾ ਕਰਨ ਲਈ ਨਹੀਂ। ਇਸ ਤਰ੍ਹਾਂ ਵਿਅਕਤੀ ਸਾਧਨ ਹੈ, ਰਾਜ ਉਦੇਸ਼। ਜੇਕਰ ਸਰੀਰ ਨੂੰ ਬਚਾਉਣ ਲਈ ਹੱਥ ਕੱਟਣਾ ਪਵੇ ਤਾਂ ਇਹ ਕੁਦਰਤੀ ਤੌਰ 'ਤੇ ਜਾਇਜ਼ ਹੈ। ਇਸ ਤਰ੍ਹਾਂ ਹੀ ਰਾਜ ਨੂੰ ਬਚਾਉਣ ਲਈ ਵਿਅਕਤੀ ਨੂੰ ਕੁਰਬਾਨ ਕਰ ਦੇਣਾ ਵੀ ਕਈ ਜਾਇਜ਼ ਮੰਨਿਆ ਜਾਂਦਾ ਹੈ । ਹੀਗਲ ਦੇ ਇਸ ਵਿਚਾਰ ਦੀ ਪ੍ਰੋ ੜ੍ਹਤਾ ਰੂਸੋ ਅਤੇ ਗਰੀਨ ਦੀ ਵਿਚਾਰਧਾਰਾ ਵੀ ਕਰਦੀ ਹੈ। ਇਸ ਤਰ੍ਹਾਂ ਹੀਗਲ ਨਿ ਰੰਕੁਸ਼ ਰਾਜਤੰਤਰ ਦਾ ਹਮਾਇਤੀ ਹੈ। ਇਸਦੇ ਵਿਚਾਰਾਂ ਵਿਚੋਂ ਮਨੁੱਖੀ ਸੁਤੰਤਰਤਾ ਨੂੰ ਰਾਜ ਦੇ ਅਧੀਨ ਹੀ ਮੰਨਿਆ ਗਿਆ ਹੈ। ਰਾਜ ਨੂੰ ਮਨੁੱਖ ਤੋਂ ਉੱਪਰ ਮੰਨਿਆ ਹੈ।

**ਜੇ. ਐਸ. ਮਿੱਲ (1806–1873 ਈ.)**

ਜੇ. ਐਸ. ਮਿੱਲ ਨੇ ਆਪਣੀ ਰਚਨਾ *'On Liberty'* ਵਿਚ ਸੁਤੰਤਰਤਾ ਸਬੰਧੀ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਮਿੱਲ ਅਨੁਸਾਰ ਬੰਦਿਸ਼ ਬੁਰਾਈ ਹੈ। ਲੋਕਾਂ ਨੂੰ ਨਿਯੰਤਰਿਤ ਕਰਨ ਦੀ ਬਜਾਇ ਉਹਨਾਂ ਨੂੰ ਖੁੱਲ੍ਹੇ ਛੱਡ ਦੇਣਾ ਵਧੇਰੇ ਚੰਗਾ ਹੁੰਦਾ ਹੈ। ਜਦੋਂ ਕੋਈ ਦਬਾਓ -ਪੂਰਨ ਬੰਦਿਸ਼ ਵਿਅਕਤੀ ਦੀ ਆਤਮਿਕ ਸੁਤੰਤਰਤਾ ਨੂੰ ਕੁਚਲਦੀ ਹੈ ਤਾਂ ਵਿਅਕਤੀ ਦੀ ਸ਼ਖਸੀਅਤ ਦਾ ਠੀਕ ਵਿਕਾਸ ਨਹੀਂ ਹੋ ਸਕਦਾ ਹੈ। ਇਸ ਲਈ ਵਿ ਅਕਤੀ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਵਿਅਕਤੀ ਉੱਪਰ ਬੰਧਨਕਾਰੀ ਪਾਬੰਦੀਆਂ ਨਾ ਲਗਾਈਆਂ ਜਾਣ। [50] ਮਿੱਲ ਦਾ ਮੱਤ ਹੈ ਕਿ ਅਸਲ ਸੁਤੰਤਰਤਾ ਤਾਂ ਹੀ ਹੋਵੇਗੀ ਜੇਕਰ ਅਸੀਂ ਆਪਣੀ ਭਲਾਈ ਲਈ ਆਪਣੀ ਇੱਛਾ ਅਨੁਸਾਰ ਉਦੋਂ ਤੱਕ ਯਤਨ ਕਰਦੇ ਰਹੀਏ ਜਦੋਂ ਤੱਕ ਕਿ ਅਸੀਂ ਦੂਜੇ ਵਿਅਕਤੀਆਂ ਦੀ ਸੁਤੰਤਰਤਾ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੇ। ਹਰੇਕ ਵਿਅਕਤੀ ਆਪਣੇ ਸਰੀਰਕ, ਬੌਧਿਕ ਅਤੇ ਅਧਿਆਤਮਿਕ ਵਿਕਾਸ ਦਾ ਆਪ ਰੱਖਿਅਕ ਹੈ। ਮਨੁੱਖ ਜਾਤੀ ਦੀ ਇਸ ਗੱਲ ਵਿਚ ਵਧੇਰੇ ਭਲਾਈ ਹੈ ਕਿ ਹਰੇਕ ਵਿਅਕਤੀ ਨੂੰ ਆਪਣੀ ਇੱਛਾ ਅਨੁਸਾਰ ਰਹਿਣ ਦੀ ਆਗਿਆ ਦਿੱਤੀ ਜਾਵੇ ਅਤੇ ਉਸ ਨੂੰ ਦੂਸਰੇ ਵਿਅਕਤੀ ਦੀਆਂ ਇੱਛਾਵਾਂ ਅਨੁਸਾਰ ਚੱਲਣ ਲਈ ਮਜ਼ਬੂਰ ਨਾ ਕੀਤਾ ਜਾਵੇ। ਗ਼ੁਲਾਮੀ ਪੂਰਨ ਜੀਵਨ ਸ ਰੀਰਕ ਜਾਂ ਮਾਨਸਿਕ ਗੁਣਾਂ ਦੇ ਵਿਕਾਸ ਨੂੰ ਰੋਕ ਦਿੰਦਾ ਹੈ। ਇਸ ਦੇ ਕਾਰਨ ਵਿਅਕਤੀ ਉਹ ਕੁੱਝ ਨਹੀਂ ਕਰ ਸਕਦਾ ਜੋ ਕੁੱਝ ਉਹ ਕਰਨਾ ਚਾਹੁੰਦਾ ਹੈ। ਵਿਅਕਤੀ ਆਪਣੇ ਨਿੱਜੀ ਨਿਰਨੇ ਅਨੁਸਾਰ ਉਹ ਕੰਮ ਨਹੀਂ ਕਰ ਸਕਦਾ ਜਿਸ ਨੂੰ ਉਹ ਕਰਨ ਦੇ ਯੋਗ ਸਮਝਦਾ ਹੈ। ਉਸਨੇ ਵਿਅਕਤੀ ਦੀ ਸੋਚ , ਬੋਲਣ ਅਤੇ ਕਾਰਜ ਦੀ ਸੁਤੰਤਰਤਾ 'ਤੇ ਵੱਧ ਜ਼ੋਰ ਦਿੱਤਾ ਹੈ। ਉਹ ਸਮਝਦਾ ਹੈ ਕਿ ਨਵੇਂ ਵਿਚਾਰਾਂ ਨਾਲ ਹੀ ਸਮਾਜ ਦਾ ਵਿਕਾਸ ਹੋ ਸਕਦਾ ਹੈ ।

---

[49] ਗਿੱਲ, *ਰਾਜਨੀਤਿਕ ਸਿਧਾਂਤ ਦੇ ਪ੍ਰਮੁੱਖ ਸੰਕਲਪ,* ਪੰਨਾ-23.

[50] Joad, C.E.M., *Introduction To Modern Political Theory*, p.27.

ਮਿੱਲ ਨੇ ਸਭ ਤੋਂ ਜ਼ਿਆਦਾ ਬਹੁਗਿਣਤੀ ਦੁਆਰਾ ਕੀਤੇ ਜਾਣ ਵਾਲੇ ਜ਼ੁਲਮ ਦਾ ਵਿਰੋਧ ਕੀਤਾ ਹੈ , ਜਿਸਨੂੰ ਉਸਨੇ '*Tyrannty of Majority*' ਕਿਹਾ ਹੈ।[51] ਉਸਨੇ ਲੋਕਤੰਤਰ ਵਿਚ ਬਹੁਗਿਣਤੀ ਦੇ ਹਾਵੀ ਹੋਣ ਦਾ ਵਿਰੋਧ ਕੀਤਾ ਤੇ ਘੱਟਗਿਣਤੀ ਦੀ ਸੁਤੰਤਰਤਾ ਨੂੰ ਵੀ ਉਂਨਾ ਹੀ ਪਵਿੱਤਰ ਮੰਨਿਆ ਜਿੰਨਾ ਬਹੁਗਿਣਤੀ ਦੀ ਸੁਤੰਤਰਤਾ ਨੂੰ। ਕਾਰਜਾਂ ਨਾਲ ਸਬੰਧਤ ਸੁਤੰਤਰਤਾ ਬਾਰੇ ਮਿੱਲ ਕਹਿੰਦਾ ਹੈ ਕਿ ਕਾਰਜਾਂ ਨੂੰ ਕਰਨ ਵਿਚ ਵਿਅਕਤੀ ਪੂਰਨ ਤੌਰ 'ਤੇ ਸੁਤੰਤਰ ਹੈ। ਆਪਣੇ ਆਪ ਦਾ , ਆਪਣੇ ਸਰੀਰ ਦਾ, ਮਨ ਦਾ ਵਿਅਕਤੀ ਮਾਲਕ ਹੈ। ਉਹ ਜ਼ਿੰਦਗੀ ਨੂੰ ਕਿਸੇ ਵੀ ਤਰੀਕੇ ਨਾਲ ਬਿਤਾਉਣ ਲਈ ਸੁਤੰਤਰ ਹੈ ਜਦੋਂ ਤੱਕ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ। ਦੂਸਰੇ ਉਹ ਕਾਰਜ ਹਨ ਜਿਨ੍ਹਾਂ ਦਾ ਸਮਾਜ ਜਾਂ ਆਲੇ-ਦੁਆਲੇ ਨਾਲ ਸਬੰਧ ਹੈ। ਮਿੱਲ ਅਨੁਸਾਰ ਰਾਜ ਕੇਵਲ ਇਨ੍ਹਾਂ ਕਾਰਜਾਂ ਨੂੰ ਨਿਯਮਤ ਕਰਨ ਲਈ ਹੀ ਕਾਨੂੰਨ ਬਣਾਉਂਦਾ ਹੈ।

ਉਨ੍ਹਾਂ ਦੀ ਨਜ਼ਰ ਵਿਚ ਵਿਅਕਤੀ ਸਮਾਜ ਤੋਂ ਅਲਹਿਦਾ ਇਕਾਈ ਨਹੀਂ ਸਗੋਂ ਸਮਾਜ ਦਾ ਹੀ ਅੰਗ ਹੈ। ਸਮਾਜ ਵਿਅਕਤੀ ਨੂੰ ਅਤੇ ਵਿਅਕਤੀ ਸਮਾਜ ਨੂੰ ਬਣਾਉਂਦਾ ਹੈ। ਇੰਝ ਵਿਅਕਤੀ ਦਾ ਅਤੇ ਸਮਾਜ ਦਾ ਭਲਾ ਇੱਕ ਦੂਜੇ ਕਰਕੇ ਹੈ। ਉਹ ਕਾਹਦੀ ਸੁਤੰਤਰਤਾ ਜਿਸਦੇ ਵਿਚ ਇਕ ਵਿਅਕਤੀ ਦਾ ਭਲਾ ਹੋਵੇ ਅਤੇ ਦੂਸਰੇ ਦਾ ਨੁਕਸਾਨ ਹੋਵੇ। ਜੇ ਇਕ ਵਿਅਕਤੀ ਨਸ਼ੀਲੀਆਂ ਦਵਾਈਆਂ ਵੇਚ ਰਿਹਾ ਹੈ ਤਾਂ ਇਸ ਵਿਚ ਉਸਦਾ ਭਲਾ ਹੈ, ਉਹ ਅਮੀਰ ਹੋ ਰਿਹਾ। ਉਹ ਦਵਾਈਆਂ ਵੇਚਣ ਦੀ ਸੁਤੰਤਰਤਾ ਭਾਵ ਵਪਾਰ ਦੀ ਸੁਤੰਤਰਤਾ ਮਾਣ ਰਿਹਾ। ਪਰ ਕੀ ਇਸ ਵਿਚ ਸਮਾਜ ਦਾ ਵੀ ਭਲਾ ਹੋ ਰਿਹਾ ਹੈ? ਉਨ੍ਹਾਂ ਦੀ ਨਜ਼ਰ ਵਿਚ ਰਾਜ ਤੇ ਇਸਦੇ ਕਾਨੂੰਨ ਵਿਅਕਤੀ ਦੀ ਸੁਤੰਤਰਤਾ ਖੋਹਣ ਵਾਲੀ ਧਿਰ ਨਹੀਂ ਹਨ। ਉਨ੍ਹਾਂ ਲਈ ਵਿਅਕਤੀ ਰਾਜ ਦੇ ਕਾਨੂੰਨ ਦੀ ਪਾਲਣਾ ਕਰਕੇ ਸੁਤੰਤਰਤਾ ਨੂੰ ਜ਼ਿਆਦਾ ਚੰਗੀ ਤਰ੍ਹਾਂ ਮਾਣ ਸਕਦਾ ਸੀ। ਰਾਜ ਦੇ ਕਾਨੂੰਨ ਚੰਗੇ ਹੋਣ ਅਤੇ ਸਮਾਜ ਤੇ ਵਿਅਕਤੀ ਦੀ ਭਲਾਈ ਕਰਨ ਵਾਲੇ ਹੋਣ। ਮਿੱਲ ਨੇ ਮਨੁੱਖੀ ਸੁਤੰਤਰਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ "ਰਾਜ ਦੀ ਯੋਗਤਾ ਉਹਨਾਂ ਵਿਅਕਤੀਆਂ ਦੀ ਯੋਗਤਾ ਅਨੁਸਾਰ ਹੀ ਮਿਥੀ ਜਾਂਦੀ ਹੈ ਜਿਹੜੇ ਸੰਗਠਿਤ ਰੂਪ ਵਿਚ ਉਸ ਦੀ ਰਚਨਾ ਕਰਦੇ ਹਨ।"[52]

ਗ੍ਰੀਨ ਦੇ ਵਿਚਾਰ ਵਿਚ ਮਿੱਲ ਨੇ ਉਪਯੋਗਤਾ ਨੂੰ ਉਚੇਰਾ ਸਥਾਨ ਦੇਣ ਦੀ ਥਾਂ ਸੁਤੰਤਰਤਾ ਨੂੰ ਜ਼ਿਆਦਾ ਮਹੱਤਵ ਦਿੱਤਾ ਹੈ। ਮਿੱਲ ਅਨੁਸਾਰ "ਸੁਤੰਤਰਤਾ ਅੰਤਿਮ ਉਦੇਸ਼ ਹੈ ਤੇ ਨਿਸ਼ਚਿਤ ਰੂਪ ਵਿਚ

---

[51] Gettle, *History of Political Thought,* p.314.

[52] *"The worth of state, in the long run, is the worth of the individuals composing it,"* J S Mill, *Man and State***,** p.261.

ਉਪਯੋਗਤਾ ਦੀ ਤੁਲਨਾ ਵਿਚ ਵਧੇਰੇ ਮੁੱਲਵਾਨ ਹੈ। "[53] ਮਿੱਲ ਅਨੁਸਾਰ ਵਿਅਕਤੀਆਂ ਦੇ ਵਿਅਕਤੀਤਵ ਦਾ ਵਿਕਾਸ ਸਭ ਤੋਂ ਉੱਪਰ ਹੈ। ਇਹ ਵਿਕਾਸ ਸੁਤੰਤਰਤਾ ਬਿਨਾਂ ਅਸੰਭਵ ਹੈ। ਵਿਕਾਸ ਲਈ ਵਿਅਕਤੀਗਤ ਸੁਤੰਤਰਤਾ ਦਾ ਸਿਧਾਂਤ ਜ਼ਰੂਰੀ ਹੈ। ਸੁਤੰਤਰਤਾ ਸਬੰਧੀ ਮਿੱਲ ਦਾ ਦ੍ਰਿਸ਼ਟੀਕੋਣ ਨੈਤਿਕਵਾਦੀ ਹੈ।

**ਟਾਮਸ ਹਿੱਲ ਗ੍ਰੀਨ (1836–1882 ਈ.)**

ਗ੍ਰੀਨ ਅਨੁਸਾਰ ਸੁਤੰਤਰਤਾ ਦਾ ਭਾਵ ਕਰਨਯੋਗ ਕੰਮਾਂ ਨੂੰ ਕਰਨ ਅਤੇ ਭੋਗਣ ਯੋਗ ਵਸਤੂਆਂ ਨੂੰ ਭੋਗਣ ਦੀ ਸਾਕਾਰਤਮਕ ਸਮਰੱਥਾ ਹੈ। ਉਹ ਵੀ ਉਹਨਾਂ ਕੰਮਾਂ ਨੂੰ ਮਾਣਨ ਜੋ ਦੂਸਰਿਆਂ ਨਾਲ ਮਿਲ ਕੇ ਕਰਦੇ ਹਾਂ ਜਾਂ ਮਾਣਦੇ ਹਾਂ। ਬੰਦਿਸ਼ਾਂ ਰਹਿਤ ਅਸੀਮਿਤ ਸੁਤੰਤਰਤਾ ਕਿਸੇ ਵੀ ਮਨੁੱਖੀ ਸਮਾਜ ਵਿਚ ਸੰਭਵ ਨਹੀਂ ਹੋ ਸਕਦੀ। ਆਰਥਿਕ ਖੇਤਰ ਵਿਚ ਰਾਜ ਦੀ ਉਚਿਤ ਦਖ਼ਲ-ਅੰਦਾਜ਼ੀ ਤੋਂ ਬਿਨਾਂ ਲੋਕਾਂ ਦੇ ਜੀਵਨ ਦੀਆਂ ਜ਼ਰੂਰੀ ਲੋੜਾਂ ਵੀ ਪੂਰੀਆਂ ਨਹੀਂ ਹੋ ਸਕਦੀਆਂ ਹਨ। ਜੇਕਰ ਰਾਜ ਦੇ ਕਾਨੂੰਨਾਂ ਦੁਆਰਾ ਅਤੇ ਸਮਾਜਿਕ ਨਿਯਮਾਂ ਦੁਆਰਾ ਮਨੁੱਖੀ ਜੀਵਨ ਨਿਯਮਤ ਅਤੇ ਨਿਯੰਤਰਿਤ ਨਾ ਕੀਤਾ ਜਾਵੇ ਤਾਂ ਸਮਾਜ ਵਿਚ ਅਸ਼ਾਂਤੀ ਅਤੇ ਅਰਾਜਕਤਾ ਦਾ ਰਾਜ ਹੋਵੇਗਾ। ਜੇਕਰ ਨਾਗਰਿਕ ਨੂੰ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਜਾਵੇ ਤਾਂ ਸਮਾਜਿਕ ਫਰਜ਼ ਨਹੀਂ ਨਿਭਾ ਸਕਦੇ ਤੇ ਆਮ ਕਲਿਆਣ ਵਿਚ ਵੀ ਯੋਗਦਾਨ ਨਹੀਂ ਦੇ ਸਕਦੇ।[54] ਗ੍ਰੀਨ ਇਸਨੂੰ ਸਾਰਥਿਕ ਸੁਤੰਤਰਤਾ ਮੰਨਦਾ ਹੈ ਜਿਹੜੀ ਕੁਝ ਸ਼ਰਤਾਂ ਦੇ ਨਾਲ ਬੱਝੀ ਹੋਈ ਹੈ। ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੰਮ ਕਰਨਯੋਗ ਕੰਮਾਂ ਵਿਚ ਨਹੀਂ ਆਉਂਦੇ। ਵਿੱਦਿਆ ਹਾਸਲ ਕਰਨਾ ਕਰਨਯੋਗ ਕੰਮ ਹੈ। ਨਸ਼ੀਲੀਆਂ ਦਵਾਈਆਂ ਲੈਣਾ ਮਾਨਣਯੋਗ ਵਸਤੂ ਨਹੀਂ ਹੈ। ਪਰ ਕਲਾ ਜਾਂ ਸਾਹਿਤ ਦਾ ਅਨੰਦ ਲੈਣਾ ਮਾਣਨਯੋਗ ਵਸਤੂ ਹੈ।

ਵਿਅਕਤੀ ਉਦੋਂ ਸੁਤੰਤਰ ਹੈ ਜਦੋਂ ਉਹ ਆਪਣੀ ਸ਼ੁੱਭ ਇੱਛਾ ਦੇ ਆਦੇਸ਼ ਅਨੁਸਾਰ ਕੰਮ ਕਰਦਾ ਹੈ ਅਤੇ ਸ਼ੁੱਭ ਇੱਛਾ ਜਾਂ ਵਾਸਤਵਿਕ ਭਲਾਈ ਦਾ ਸਮਾਜਿਕ ਭਲਾਈ ਨਾਲ ਬਹੁਤ ਗੂੜ੍ਹਾ ਸਬੰਧ ਹੈ ਕਿਉਂਕਿ ਕਿਸੇ ਵਿਅਕਤੀ ਦੀ ਭਲਾਈ ਤਾਂ ਹੀ ਸੰਭਵ ਹੈ ਜੇ ਉਹ ਹੋਰਾਂ ਦੀ ਭਲਾਈ ਦਾ ਵੀ ਧਿਆਨ ਰੱਖਦਾ ਹੈ। ਰਾਜ ਨੂੰ ਚਾਹੀਦਾ ਹੈ ਕਿ ਉਹ ਉੱਤਮ ਜੀਵਨ ਦੇ ਰਾਹ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰੇ। ਇਸ ਤਰ੍ਹਾਂ ਗ੍ਰੀਨ ਵਿਅਕਤੀ ਦੀ ਸੁਤੰਤਰਤਾ ਲਈ ਸਮਾਜ ਅਤੇ ਰਾਜ ਦੇ ਨਿਯਮਾਂ ਨੂੰ ਜ਼ਰੂਰੀ ਮੰਨਦਾ ਹੈ। ਉਸਨੇ

[53] Everyman ( Editor.), *Utilitarianism, Liberty & Represent Government,* p.73

[54] Gettle, *History of Political Thought,* p. 346

ਨਾਕਾਰਤਮਕ ਸੁਤੰਤਰਤਾ ਦਾ ਖੰਡਨ ਕਰਕੇ ਲੋਕਤਾਂਤ੍ਰਿਕ ਸੁਤੰਤਰਤਾ ਅਤੇ ਸਮਾਜਿਕ ਹਿੱਤ ਵਿਚਕਾਰ ਸਬੰਧ ਸਥਾਪਿਤ ਕੀਤਾ ਹੈ।[55]

**ਬਰਲਿਨ**

ਬਰਲਿਨ ਦਾ ਨਾਂ ਵੀਹਵੀਂ ਸਦੀ ਦੇ ਪ੍ਰਮੁੱਖ ਸਮਕਾਲੀਨ ਉਦਾਰਵਾਦੀ ਚਿੰਤਕਾਂ ਵਿਚ ਆਉਂਦਾ ਹੈ। ਉਹ ਆਪਣੀ ਰਚਨਾ *'To Concept of Liberty'* ਵਿਚ ਸੁਤੰਤਰਤਾ ਨੂੰ ਪਰਿਭਾਸ਼ਿਤ ਕਰਦਾ ਹੈ , "ਰਾਜਨੀਤਿਕ ਸੁਤੰਤਰਤਾ (ਨਾਂਹ ਵਾਚਕ ਅਰਥਾਂ ਵਿਚ) ਸਾਧਾਰਨ ਰੂਪ ਵਿਚ ਇਕ ਐਸਾ ਖੇਤਰ ਹੈ, ਜਿਸਦੇ ਅੰਦਰ ਇਕ ਆਦਮੀ ਦੂਜਿਆਂ ਦੁਆਰਾ ਪਾਈਆਂ ਰੁਕਾਵਟਾਂ ਤੋਂ ਮੁਕਤ ਕੰਮ ਕਰ ਸਕੇ। ਉਸ ਅਨੁਸਾਰ ਨਾਂਹ ਵਾਚਕ ਅਰਥਾਂ ਵਿਚ ਸੁਤੰਤਰ ਹੋਣ ਤੋਂ ਉਸਦਾ ਭਾਵ ਹੈ ਦੂਸਰਿਆਂ ਦੀ ਦਖਲ-ਅੰਦਾਜ਼ੀ ਤੋਂ ਮੁਕਤ ਹੋਣਾ। ਦਖ਼ਲ-ਅੰਦਾਜ਼ੀ ਦਾ ਭਾਵ ਉਹ ਇਸ ਤਰ੍ਹਾਂ ਲੈਂਦਾ ਹੈ ਕਿ ਜਦੋਂ ਵਿਅਕਤੀ ਬਾਕੀ ਵਿਅਕਤੀਆਂ ਦੁ ਆਰਾ ਇਕ ਮਕਸਦ ਦੀ ਪੂਰਤੀ ਤੋਂ ਵਾਂਝਿਆਂ ਕੀਤਾ ਜਾਵੇ ਤਾਂ ਇਸ ਨੂੰ ਰਾਜਨੀਤਿਕ ਸੁਤੰਤਰਤਾ ਦੀ ਅਣਹੋਂਦ ਕਿਹਾ ਜਾ ਸਕਦਾ ਹੈ।"[56]

ਬਰਲਿਨ ਲਈ ਨਾਂਹ ਵਾਚਕ ਸੁਤੰਤਰਤਾ ਉਹ ਹੈ ਜਿਸ ਵਿਚ ਵਿਅਕਤੀ ਦੀ ਚੋਣ ਕਰ ਸਕਣ ਦੀ ਸਮਰੱਥਾ ਵਿਚ ਕੋਈ ਦਖਲਅੰਦਾਜ਼ੀ ਨਾ ਹੋਵੇ , ਕੋਈ ਰੁਕਾਵਟ ਨਾ ਹੋਵੇ। ਅਜਿਹਾ ਕਹਿੰਦੇ ਸਮੇਂ ਬਰਲਿਨ ਦੇ ਸਾਹਮਣੇ ਉਹ ਸਾਰੀਆਂ ਵਿਚਾਰਧਾਰਾਵਾਂ ਅਤੇ ਉਹ ਸਾਰੇ ਸਰਵ -ਸੱਤਾਵਾਦੀ ਨਿਜ਼ਾਮ ਹਨ ਜਿਹੜੇ ਵਿਅਕਤੀ ਨੂੰ ਦੱਸਦੇ ਹਨ ਕਿ ਉਹ ਆਪਣੀ ਚੋਣ ਬਾਰੇ ਆਪ ਨਹੀਂ ਜਾਣਦਾ। ਉਹ ਆਪਣੀ ਵਿਚਾਰਧਾਰਾ ਦੇ ਜ਼ਰੀਏ ਮਨੁੱਖ ਨੂੰ ਸੁਤੰਤਰਤਾ ਦਿਵਾਉਣ ਦਾ ਵਾਅਦਾ ਕਰਦੇ ਹਨ।[57]

**ਕਾਰਲ ਮਾਰਕਸ (1818–1883 ਈ.)**

ਮਾਰਕਸ ਦਾ ਵਿਚਾਰ ਹੈ ਕਿ ਉਦਾਰਵਾਦੀ ਸੁਤੰਤਰਤਾ ਦਾ ਆਧਾਰ ਹੈ ਰੋਕਾਂ ਦੀ ਅਣਹੋਂਦ। ਮਾਰਕਸ ਸੁਤੰਤਰਤਾ ਨੂੰ ਰੋਕਾਂ ਦੀ ਅਣਹੋਂਦ ਹੀ ਨਹੀਂ ਮੰਨਦਾ ਇਸ ਤੋਂ ਵਧਕੇ ਇਨਸਾਨ ਦੇ ਵਿਕਾਸ ਲਈ ਇਕ ਬੁਨਿਆਦ ਮੰਨਦਾ ਹੈ। ਮਾਰਕਸ ਦਾ ਮੱਤ ਹੈ ਕਿ ਉਦਾਰ ਪਰੰ ਪਰਾ ਦੀ ਫ਼ਰਾਂਸੀਸੀ ਕ੍ਰਾਂਤੀ ਨੇ ਵਿਅਕਤੀ ਨੂੰ ਕੇਵਲ ਸਿਆਸੀ ਆਜ਼ਾਦੀ ਹੀ ਦਿਵਾਈ ਜੋ ਕੇਵਲ ਬੁਰਜੁਆਜੀ ਲਈ ਅਰਥ ਰੱਖਦੀ ਹੈ , ਆਮ ਕਿਰਤੀ ਲਈ ਇਸਦਾ ਅਰਥ ਹੈ ਇਹ ਹੈ ਕਿ ਕਿਰਤੀ ਉੱਨੀ ਦੇਰ ਆਜ਼ਾਦ ਨਹੀਂ ਹੋ ਸਕਦਾ ਜਿੰਨੀ ਦੇਰ ਉਤਪਾਦਨ ਦੇ

---

[55] Sabine George H., *A History of Political Theory,* p. 657

[56] ਫ੍ਰਾਂਸਿਸ ਡਬਲਿਊ ਕੋਚਰ(ਸੰਪਾ.), *ਆਧੁਨਿਕ ਰਾਜਨੀਤਿਕ ਚਿੰਤਨ,* ਪੰਨਾ-64.

[57] ਗਿੱਲ, *ਰਾਜਨੀਤਿਕ ਸਿਧਾਂਤ ਦੇ ਪ੍ਰਮੁੱਖ ਸੰਕਲਪ,* ਪੰਨਾ-21.

ਸਾਧਨਾਂ ਦੀ ਨਿੱਜੀ ਮਾਲਕੀ ਉੱਪਰ ਉੱਸਰਿਆ ਆਰਥਿਕ ਨਿਜ਼ਾਮ ਨਹੀਂ ਤਬਦੀਲ ਹੁੰਦਾ। ਮੌਜੂਦਾ ਸਮਾਜ ਦਾ ਇਤਿਹਾਸ ਹੁਣ ਤੱਕ ਹਰ ਵਰਗ ਦੇ ਸੰਘਰਸ਼ ਦਾ ਇਤਿਹਾਸ ਹੈ। [58] ਮਾਰਕਸ ਬੰਦੇ ਦੀ ਮੁਕੰਮਲ ਆਜ਼ਾਦੀ ਦਾ ਹਮਾਇਤੀ ਹੈ ਜਿਸ ਵਿਚ ਬੰਦਾ ਆਪਣੀ ਲੋੜ ਦਾ ਗ਼ੁਲਾਮ ਨਾ ਹੋਵੇ। ਬੰਦੇ ਦਾ ਬੰਦਾ ਗ਼ੁਲਾਮ ਨਾ ਹੋਵੇ , ਕਿਰਤ ਉਸ ਲਈ ਆਜ਼ਾਦੀ ਦੇ ਖੁੱਸਣ ਦਾ ਜ਼ਰ੍ਹੀਆ ਨਾ ਬਣੇ। ਬੰਦੇ ਦੀ ਸ਼ਖਸੀਅਤ ਦਾ ਫੈਲਾਅ ਹੋਵੇ ਤੇ ਉਹ ਆਪਣੇ ਸਮਾਜ ਲਈ ਆਪਣੀ ਆਜ਼ਾਦੀ ਨੂੰ ਵਰਤੋਂ ਵਿਚ ਲਿਆ ਸਕੇ। ਉਸ ਅਨੁਸਾਰ ਰਾਜ ਸੰਘਰਸ਼ ਦਾ ਅੰਗ ਹੈ।

**ਹੈਰੋਲਡ ਜੌਸੈਫ਼ ਲਾਸਕੀ (1893–1950 ਈ.)**

ਲਾਸਕੀ ਨੇ ਸਾਕਾਰਤਮਕ ਸੁਤੰਤਰਤਾ ਦੀ ਵਿਸਥਾਰ ਵਿਚ ਵਿਆਖਿਆ ਕੀਤੀ ਹੈ। ਉਸ ਅਨੁਸਾਰ , ਸੁਤੰਤਰਤਾ ਦਾ ਭਾਵ ਅਜਿਹੇ ਵਾਤਾਵਰਨ ਦਾ ਪ੍ਰਬੰਧ ਕਰਨਾ ਹੈ ਜਿਸ ਵਿਚ ਵਿਅਕਤੀਆਂ ਨੂੰ ਆਪਣੇ ਸਰਵ-ਉੱਤਮ ਵਿਕਾਸ ਲਈ ਲੋੜੀਂਦੇ ਅਵਸਰ ਮਿਲ ਸਕਣ। ਸੁਤੰਤਰਤਾ ਅਧਿਕਾਰਾਂ ਦੀ ਉਪਜ ਹੈ। ਅਧਿਕਾਰਾਂ ਤੋਂ ਬਿਨਾਂ ਸੁਤੰਤਰਤਾ ਅਸੰਭਵ ਹੈ। ਸੁਤੰਤਰਤਾ ਉਹ ਅਵਸਰ ਹੁੰਦੇ ਹਨ ਜੋ ਸਖ਼ ਸ਼ੀਅਤ ਦੇ ਵਿਕਾਸ ਲਈ ਜ਼ਰੂਰੀ ਹਨ।[59]

ਸੁਤੰਤਰ ਹੋਂਦ ਨੂੰ ਬਣਾਈ ਰੱਖਣ ਲਈ ਵਿਅਕਤੀ ਲਈ ਅਧਿਕਾਰਾਂ ਦਾ ਹੋਣਾ ਜ਼ਰੂਰੀ ਹੈ। ਸੁਤੰਤਰਤਾ ਉਨ੍ਹਾਂ ਨਿਯਮਾਂ ਦੀ ਹੋਂਦ ਹੈ ਜਿਸਨੂੰ ਵਿਅਕਤੀ ਸਮਝ ਸਕੇ ਅਤੇ ਪ੍ਰਵਾਨ ਕਰ ਸਕੇ। ਸੁਤੰਤਰਤਾ ਬੰਦਿਸ਼ਾਂ ਦੀ ਅਣਹੋਂਦ ਨਹੀਂ ਕਿ ਉਂਕਿ ਸਭਿਅਕ ਸਮਾਜ ਲਈ ਸੁਤੰਤਰਤਾ 'ਤੇ ਬੰਦਿਸ਼ਾਂ ਦਾ ਹੋਣਾ ਜ਼ਰੂਰੀ ਹੈ। ਸੁਤੰਤਰਤਾ ਤੋਂ ਭਾਵ ਅਣਉੱ ਚਿਤ ਅਤੇ ਅਨੈਤਿਕ ਬੰ ਦਿਸ਼ਾਂ ਦੀ ਅਣਹੋਂਦ ਹੈ ਭਾਵ ਵਿਅਕਤੀ ਨੂੰ ਉਹ ਕੰਮ ਕਰਨ ਦੀ ਖੁੱਲ ਮਿਲੇ ਜੋ ਉਸਦੇ ਵਿਕਾਸ ਲਈ ਜ਼ਰੂਰੀ ਹਨ ਅਤੇ ਜੋ ਕਿਸੇ ਦੂਸਰੇ ਵਿਅਕਤੀ ਦੀ ਸੁਤੰਤਰਤਾ ਨੂੰ ਨਸ਼ਟ ਨਾ ਕਰ ਸਕੇ। ਰਾਜ ਤੋਂ ਬਿ ਨਾਂ ਸੁਤੰਤਰਤਾ ਦੀ ਹੋਂਦ ਕੇਵਲ ਕਲਪਨਾ ਹੈ। ਰਾਜ ਸੁਤੰਤਰਤਾ ਦਾ ਵਿਰੋਧੀ ਨਹੀਂ ਸਗੋਂ ਇਸ ਨੂੰ ਵਿਹਾਰਕ ਰੂਪ ਵਿਚ ਸੰਭਵ ਬਣਾ ਉਂਦਾ ਹੈ। ਇਸਦੇ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਸੁਤੰਤਰਤਾ ਅਸੀਮਤ ਨਹੀਂ ਹੋ ਸਕਦੀ। ਅਸੀਮਤ ਸੁਤੰਤਰਤਾ ਕੇਵਲ ਪਸ਼ੂ ਸਮਾਜ ਵਿਚ ਹੀ ਸੰਭਵ ਹੋ ਸਕਦੀ ਹੈ। ਅਸੀਮਤ ਸੁਤੰਤਰਤਾ ਦੀ ਧਾਰਨਾ ਮਨੁੱਖੀ ਸੁਭਾਅ ਅਤੇ ਮਾਨਵੀ ਕਦਰਾਂ -ਕੀਮਤਾਂ ਦੇ ਅਨੁਕੂਲ ਨਹੀਂ ਜੇਕਰ ਵਿਅਕਤੀਆਂ ਨੂੰ ਅਸੀਮਤ ਸੁਤੰਤਰਤਾ ਪ੍ਰਾਪਤ ਹੋਵੇਗੀ ਤਾਂ ਸੁਖੀ ਸਮਾਜਿਕ ਜੀਵਨ ਦੀ ਥਾਂ ਸਮਾਜ ਵਿਚ ਜੰਗਲ ਰਾਜ ਦੀ ਹੋਂਦ ਹੋਵੇਗੀ। ਹੱਕਾਂ ਤੋਂ ਇਲਾਵਾ ਇਕ ਵਿਅਕਤੀ ਦੀ ਸੁਤੰਤਰਤਾ ਵੀ ਦੂਜੇ

---

[58] Karl Marx ,"*The History of society is the history class of struggle,, Man & State Political Philosophy*, Communist Manifesto, p. 496

[59] ਲਾਸਕੀ, *ਰਾਜਨੀਤੀ ਵਿਆਕਰਣ,* ਹਰਮੰਦਰ ਸਿੰਘ (ਪ੍ਰੋ.)(ਅਨੁ.), ਪੰਨਾ-107.

ਵਿਅਕਤੀਆਂ ਦੀ ਸੁਤੰਤਰਤਾ ਨੂੰ ਸੀਮਤ ਕਰਦੀ ਹੈ। ਇਸਦੇ ਨਾਲ ਹੀ ਅਧਿਕਾਰਾਂ ਨੂੰ ਸੁਤੰਤਰਤਾ ਦੀਆਂ ਜ਼ਰੂਰੀ ਸ਼ਰਤਾਂ ਦੱਸਿਆ ਗਿਆ ਹੈ।[60]

ਸੁਤੰਤਰਤਾ ਸਰਬ ਵਿਆਪਕ ਸੁਭਾਅ ਦੀ ਹੋਂਦ ਹੁੰਦੀ ਹੈ। ਕਿਸੇ ਵੀ ਵਿਅਕਤੀ ਨਾਲ ਜਨਮ, ਧਰਮ, ਰੰਗ, ਲਿੰਗ, ਨਸਲ, ਜਾਤ, ਵੰਸ਼ ਅਤੇ ਸੰਪਤੀ ਆਦਿ ਦੇ ਆਧਾਰ 'ਤੇ ਕੋਈ ਭੇਦ-ਭਾਵ ਨਹੀਂ ਹੋਣਾ ਚਾਹੀਦਾ ਹਰ ਵਿਅਕਤੀ ਨੂੰ ਆਪਣੀ ਯੋਗਤਾ ਅਤੇ ਸ਼ਖਸੀਅਤ ਦਾ ਵਿਕਾਸ ਕਰਨ ਲਈ ਪੂਰਨ ਅਵਸਥਾਵਾਂ ਅਤੇ ਵਾਤਾਵਰਨ ਮੁਹੱਈਆ ਹੋਣਾ ਚਾਹੀਦਾ ਹੈ ।

ਲਾਸਕੀ ਨੇ ਅੱਗੇ ਲਿਖੇ ਸੁਤੰਤਰਤਾ ਦੇ ਤਿੰਨ ਪੱਖਾਂ ਦਾ ਜ਼ਿਕਰ ਕੀਤਾ ਹੈ:

**1. ਨਿੱਜੀ ਸੁਤੰਤਰਤਾ**

ਨਿੱਜੀ ਸੁਤੰਤਰਤਾ ਤੋਂ ਭਾਵ ਜ਼ਿੰਦਗੀ ਦੇ ਉਨ੍ਹਾਂ ਖੇਤਰਾਂ ਵਿਚ ਸੁਤੰਤਰਤਾ ਹੈ ਜਿਨ੍ਹਾਂ ਵਿਚ ਮੇਰੇ ਯਤਨ ਦੇ ਸਿੱਟੇ ਦਾ ਮੁੱਖ ਤੌਰ 'ਤੇ ਮੇਰੇ ਉੱਤੇ ਅਸਰ ਪੈਂਦਾ ਹੈ। ਨਿੱਜੀ ਸੁਤੰਤਰਤਾ ਮੁੱਖ ਤੌਰ 'ਤੇ ਵਿਅਕਤੀ ਦੇ ਆਪਣੇ ਨਿੱਜ ਤੱਕ ਹੀ ਸੀਮਤ ਹੁੰਦੀ ਹੈ। ਨਿੱਜੀ ਸੁਤੰਤਰਤਾ ਦਾ ਤਾਂ ਉਲੰਘਣ ਹੁੰਦਾ ਹੈ ਜੇ ਗ਼ਰੀਬਾਂ ਦੀ ਸਹਾਇਤਾ ਲਈ ਕੋਈ ਕਾਨੂੰਨ ਉਪਲਬਧ ਨਾ ਹੋਵੇ। ਕਾਨੂੰਨ ਅਜਿਹਾ ਹੋਣਾ ਚਾਹੀਦਾ ਹੈ ਜਿਸ ਦਾ ਲਾਭ ਗ਼ਰੀਬ ਤੇ ਅਮੀਰ ਦੋਵਾਂ ਲਈ ਸਮਾਨ ਹੋਵੇ।

**2. ਰਾਜਨੀਤਿਕ ਸੁਤੰਤਰਤਾ**

ਇਹ ਸੁਤੰਤਰਤਾ ਰਾਜ ਦੇ ਮਾਮਲਿਆਂ ਵਿਚ ਕਿਰਿਆਸ਼ੀਲ ਹੋਣ ਦੀ ਸ਼ਕਤੀ ਹੈ। ਇਸ ਦਾ ਭਾਵ ਇਹ ਹੈ ਕਿ ਮੈਂ ਜਨਤਕ ਕਾਰਜਾਂ ਲਈ ਆਪਣਾ ਦਿਮਾਗ਼ ਸੁਤੰਤਰਤਾ ਪੂਰਵਕ ਵਰਤ ਸਕਦਾ ਹਾਂ। ਜਿਸ ਵਿਚ ਨਾਗਰਿਕ ਨੂੰ ਸਰਕਾਰ ਦੇ ਕੰਮਾਂ ਵਿਚ ਭਾਗ ਲੈਣ ਦਾ ਅਧਿਕਾਰ ਪ੍ਰਾਪਤ ਹੋਵੇ ਜਿਵੇਂ ਚੋਣ ਲੜਨ ਦਾ ਅਧਿਕਾਰ, ਵੋਟ ਦਾ ਅਧਿਕਾਰ , ਭਾਸ਼ਣ ਦੇਣ ਦਾ ਅਧਿਕਾਰ। ਰਾਜਨੀਤਿਕ ਸੁਤੰਤਰਤਾ ਦਾ ਉਪਯੋਗ ਵਿਅਕਤੀ ਲੋਕਤੰਤਰੀ ਪ੍ਰਣਾਲੀ ਵਿਚ ਹੀ ਕਰ ਸਕਦਾ ਹੈ।

**3. ਆਰਥਿਕ ਸੁਤੰਤਰਤਾ**

ਇਸਦਾ ਮਤਲਬ ਇਹ ਹੈ ਕਿ ਮਨੁੱਖ ਨੂੰ ਉਪਜੀਵਕਾ ਵਿਚ ਯੋਗ ਸਥਾਨ ਪ੍ਰਾਪਤ ਕਰਨ ਲਈ ਸੁਰੱਖਿਆ ਤੇ ਅਵਸਰ ਮਿਲ ਸਕਣ। ਰੋਜ਼ਗਾਰ ਅਤੇ ਭਵਿੱਖ ਦੀਆਂ ਜ਼ਰੂਰਤਾਂ ਬਾਰੇ ਸੁਰੱਖਿਆ ਦਾ ਹੋਣਾ ਜ਼ਰੂਰੀ ਹੈ। ਇਸ ਦਾ ਅਰਥ ਇਹ ਨਹੀਂ ਕਿ ਵਿਅਕਤੀ ਨੂੰ ਖੁੱਲ੍ਹੇ ਵਪਾਰ ਦੀ ਆਗਿਆ ਹੋਵੇ ਜਾਂ ਵਪਾਰਕ

---

[60] ਲਾਸਕੀ, *ਰਾਜਨੀਤੀ ਵਿਆਕਰਣ,* ਹਰਮੰਦਰ ਸਿੰਘ (ਪ੍ਰੋ.)(ਅਨੁ.), ਪੰਨੇ, 108-110

ਖੇਤਰ ਵਿਚ ਸਰਕਾਰ ਦਾ ਕੋਈ ਨਿਯੰਤਰਨ ਨਾ ਹੋਵੇ। ਦਰਅਸਲ ਆਰਥਿਕ ਸੁਤੰਤਰਤਾ ਤੋਂ ਭਾਵ ਇਹ ਹੈ ਕਿ ਵਿਅਕਤੀ ਹਰ ਪ੍ਰਕਾਰ ਦੀਆਂ ਆਰਥਿਕ ਚਿੰਤਾਵਾਂ ਤੋਂ ਮੁਕਤ ਹੋਵੇ ਅਤੇ ਆਰਥਿਕ ਪੱਖ ਤੋਂ ਕਿਸੇ ਦੇ ਅਧੀਨ ਨਾ ਹੋਵੇ।[61]

**ਉਦਾਰਵਾਦ ਬਨਾਮ ਸੁਤੰਤਰਤਾ**

ਉਦਾਰਵਾਦ ਸੁਤੰਤਰ ਜੀਵਨ ਦੀ ਆਵਾਜ਼ ਹੈ। ਇਕ ਅਜਿਹਾ ਜੀਵਨ ਜਿਸ ਅੰਦਰ ਅਜਿਹੀ ਸੁਤੰਤਰਤਾ ਹੋਵੇ ਜਿਸ ਵਿਚ ਵਿਅਕਤੀ ਸੋਚਣ , ਵਿਸ਼ਵਾਸ ਕਰਨ, ਹਰਕਤ ਕਰਨ, ਅਭਿਅਵਿਕਤੀ ਕਰਨ, ਵਿਚਾਰ ਵਟਾਂਦਰਾ ਕਰਨ ਆਦਿ ਉੱਤੇ ਕੋਈ ਰੋਕ ਟੋਕ ਨਾ ਹੋਵੇ। ਲਾਸਕੀ ਅਨੁਸਾਰ ਉਦਾਰਵਾਦ ਵਿਸ਼ਵਾਸ ਦਾ ਘੱਟ ਅਤੇ ਸੁਭਾਅ ਦਾ ਵਧੇਰੇ ਪ੍ਰਗਟਾਵਾ ਹੈ। [62] ਸਾਧਾਰਨ ਸ਼ਬਦਾਂ ਵਿਚ ਉਦਾਰਵਾਦ ਵਿਅਕਤੀਗਤ ਸੁਤੰਤਰਤਾ, ਨਿਆਇਕ ਸੁਰੱਖਿਆ ਅਤੇ ਸੰਵਿਧਾਨਿਕ ਰਾਜ ਦਾ ਸਿਧਾਂਤ ਅਤੇ ਵਿਵਹਾਰ ਹਨ। [63] ਸਮਾਜਿਕ ਖੇਤਰ ਵਿਚ ਉਦਾਰਵਾਦ, ਧਰਮ ਨਿਰਪੇਖਤਾ ਦਾ ਪ੍ਰਤੀਕ ਹੈ ਭਾਵ ਮਨੁੱਖ ਨੂੰ ਉਹਨਾਂ ਪ੍ਰੰਪਰਾਵਾਂ, ਰਿਵਾਜ਼ਾਂ ਅਤੇ ਸੰਸਥਾਵਾਂ ਨੂੰ ਬਦਲ ਦੇਣਾ ਚਾਹੀਦਾ ਹੈ ਜਿਨ੍ਹਾਂ ਦੀ ਹੁਣ ਲੋੜ ਨਹੀਂ ਹੈ ਜਾਂ ਜੋ ਵਾਸਤਵਿਕ ਸੁਤੰਤਰਤਾ ਦੇ ਰਾਹ ਵਿਚ ਰੁਕਾਵਟ ਹਨ।

**ਫ਼ਾਸੀਵਾਦ**

ਫ਼ਾਸੀਵਾਦ ਦੀ ਉਤਪਤੀ ਇਤਾਲਵੀ ਸ਼ਬਦ ਫੈਸੀਕੋ ਤੋਂ ਹੋਈ ਜਿਸਦਾ ਸ਼ਾਬਦਿਕ ਅਰਥ ਹੈ ਸੀਖਾਂ ਦੀ ਇਕ ਚੰਗੀ ਤਰ੍ਹਾਂ ਬੰਨੀ ਹੋਈ ਗਠੜੀ ਜੋ ਅਨੁਸ਼ਾਸਨ ਏਕਤਾ ਅਤੇ ਸ਼ਕਤੀ ਦਾ ਪ੍ਰਤੀਕ ਹੈ। [64] ਪ੍ਰਾਚੀਨ ਰੋਮ ਵਿਚ ਸੀਖਾਂ, ਗਠੜੀ ਅਤੇ ਕੁਹਾੜਾ ਸੱਤਾ ਦਾ ਚਿੰਨ੍ਹ ਹੋਇਆ ਕਰਦਾ ਸੀ। ਸੁਤੰਤਰਤਾ ਸਬੰਧੀ ਫ਼ਾਸੀਵਾਦੀਆਂ ਦੀ ਧਾਰਨਾ ਗ਼ਲਤ ਸੀ। ਉਨ੍ਹਾਂ ਦਾ ਇਹ ਸੋਚਣਾ ਭੁੱਲ ਸੀ ਕਿ ਸੁਤੰਤਰਤਾ ਫਰਜ਼ ਸੀ , ਹੱਕ ਨਹੀਂ। ਇਹ ਤਾਕਤਵਰ ਰਾਜ ਦੇ ਅਧੀਨ ਹੀ ਸੰਭਵ ਹੋ ਸਕਦੀ ਹੈ।

ਫ਼ਾਸੀਵਾਦ ਅਨੁਸਾਰ, ਰਾਜ ਸੰਪੂਰਨ ਸੰਸਥਾ ਹੈ ਅਤੇ ਵਿਅਕਤੀ ਤੇ ਵਰਗ ਦੀ ਹੋਂਦ ਰਾਜ ਦੇ ਸੰਦਰਭ ਵਿਚ ਹੀ ਸੰਭਵ ਹੈ। [65] ਵਿਅਕਤੀ ਦੀ ਸੁਤੰਤਰਤਾ ਬਾਰੇ ਫ਼ਾਸੀਵਾਦ ਦਾ ਸਪੱਸ਼ਟ ਮਤ ਹੈ ਕਿ ਰਾਜ ਪ੍ਰਤੀ ਹਾਨੀਕਾਰਕ ਅਤੇ ਨਿਰਾਰਥਕ ਸੁਤੰਤਰਤਾ ਵਿਅਕਤੀ ਪਾਸ ਨਹੀਂ ਹੋਣੀ ਚਾਹੀਦੀ ਅਤੇ ਸੁਤੰਤਰਤਾ ਨਾਲ

---

[61] ਲਾਸਕੀ, *ਰਾਜਨੀਤੀ ਵਿਆਕਰਣ*, ਹਰਮੰਦਰ ਸਿੰਘ (ਪ੍ਰੋ.)(ਅਨੁ.), ਪੰਨਾ-112.

[62] Johari, J. C., *Contemporary Political Theory,* p. 542.

[63] Ibid, p. 364.

[64] Erwin Von Beckrnath, *Encyclopedia of Social Science (Vol. V.),* 1968, p.134.

[65] Ebenstein, William, *Modern political Thought*, p.366.

ਸਬੰਧਤ ਸਾਰੇ ਫ਼ੈਸਲੇ ਰਾਜ ਦੇ ਹੱਥਾਂ ਵਿਚ ਹੋਣੇ ਚਾਹੀਦੇ ਹਨ।[66] ਫ਼ਾਸੀਵਾਦ ਨੇ ਇਕ ਜਾਤੀ, ਇਕ ਰਾਜ ਅਤੇ ਇਕ ਨੇਤਾ ਦਾ ਨਾਅਰਾ ਦਿੱਤਾ ਅਤੇ ਰਾਜ ਦੇ ਨੇਤਾ ਦੀ ਆਤਮਾ ਵਿਚ ਹੀ ਜਨਤਾ ਦੀ ਵਾਸਤਵਿਕ ਇੱਛਾ ਨੂੰ ਸ਼ਾਮਲ ਦੱਸਿਆ।

ਪੱਛਮੀ ਚਿੰਤਕਾਂ ਦੇ ਵਿਚਾਰਾਂ ਤੋਂ ਮਨੁੱਖੀ ਸੁਤੰਤਰਤਾ ਅਤੇ ਰਾਜ ਦੇ ਕਾਰਜਾਂ ਬਾਰੇ ਮਹੱਤਵਪੂਰਨ ਤੱਥ ਸਾਹਮਣੇ ਆਉਂਦੇ ਹਨ। ਸੁਤੰਤਰਤਾ ਅਤੇ ਰਾਜ ਸਬੰਧੀ ਵਿਚਾਰਵਾਨਾਂ ਦੇ ਵਿਚਾਰਾਂ ਵਿਚ ਕਾਫ਼ੀ ਭਿੰਨਤਾ ਹੈ। ਕਈ ਵਿਚਾਰਕ ਰਾਜ ਦੀਆਂ ਅਸੀਮਤ ਸ਼ਕਤੀਆਂ ਨੂੰ ਮਨੁੱਖੀ ਸੁਤੰਤਰਤਾ 'ਤੇ ਚੋਟ ਸਮਝਦੇ ਹਨ ਅਤੇ ਕਈ ਰਾਜ ਨੂੰ ਮਨੁੱਖੀ ਸੁਤੰਤਰਤਾ ਨੂੰ ਅਸਲ ਵਿਚ ਵਿਹਾਰ ਵਿਚ ਲਿਆਉਣ ਦਾ ਜ਼ਰੀਆ ਮੰਨਦੇ ਹਨ। ਪੱਛਮੀ ਚਿੰਤਕਾਂ ਦੁਆਰਾ ਸੁਤੰਤਰਤਾ ਸਬੰਧੀ ਦਿੱਤੀਆਂ ਧਾਰਨਾਵਾਂ ਇਹ ਮੱਤ ਪੇਸ਼ ਕਰਦੀਆਂ ਹਨ ਕਿ ਅਸਲ ਸੁਤੰਤਰਤਾ ਤਾਂ ਹੀ ਹੋਵੇਗੀ ਜੇਕਰ ਅਸੀਂ ਆਪਣੀ ਭਲਾਈ ਲਈ ਆਪਣੀ ਇੱਛਾ ਅਨੁਸਾਰ ਉੱਦੋਂ ਤੱਕ ਯਤਨ ਕਰਦੇ ਰਹੀਏ ਜਦੋਂ ਤੱਕ ਅਸੀਂ ਦੂਜੇ ਵਿਅਕਤੀਆਂ ਦੀ ਸੁਤੰਤਰਤਾ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੇ। ਸੁਤੰਤਰਤਾ ਨੂੰ ਅਧਿਕਾਰਾਂ ਦੀ ਉਪਜ ਵੀ ਕਿਹਾ ਜਾਂਦਾ ਹੈ। ਸਧਾਰਨ ਸ਼ਬਦਾਂ ਵਿਚ ਹਰ ਵਿਅਕਤੀ ਦਾ ਆਪਣਾ ਜੀਵਨ ਅਤੇ ਸੰਪੱਤੀ ਹੈ ਅਤੇ ਉਸ ਨੂੰ ਅਧਿਕਾਰ ਹੈ ਕਿ ਉਹ ਕਿਸ ਤਰ੍ਹਾਂ ਆਪਣਾ ਜੀਵਨ ਬਸਰ ਕਰੇ। ਉਹ ਇਸੇ ਤਰ੍ਹਾਂ ਹੀ ਦੂਸਰਿਆਂ ਦੇ ਕੰਮ ਕਰਨ ਦੇ ਅਧਿਕਾਰ ਦਾ ਸਤਿਕਾਰ ਕਰਦਾ ਹੋਵੇ। ਪਰ ਕੁਝ ਵਿਚਾਰਕਾਂ ਨੇ ਮਾਲਕ ਅਤੇ ਦਾਸ ਦਾ ਸਿਧਾਂਤ ਪੇਸ਼ ਕਰਕੇ ਸਮਾਜ ਨੂੰ ਦੋ ਵਰਗਾਂ ਵਿਚ ਵੰਡਿਆ ਹੈ। ਕੁਝ ਨੇ ਸਿਰਫ਼ ਅਮੀਰ ਅਤੇ ਸਮਾਜ ਦੇ ਉੱਚ ਵਰਗ ਦੇ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਦੇ ਕੇ ਸੁਤੰਤਰਤਾ ਅਤੇ ਸਮਾਨਤਾ ਦੇ ਸਿਧਾਂਤ ਨੂੰ ਠੇਸ ਪਹੁੰਚਾਈ ਹੈ। ਸਮਾਨਤਾ ਤੇ ਨੈਤਿਕਤਾ ਤੋਂ ਬਿਨਾਂ ਸੁਤੰਤਰਤਾ ਅਧੂਰੀ ਹੈ।

### ਭਾਰਤੀ ਪਰਿਪੇਖ

ਅਸੀਂ ਰਾਜ ਦੇ ਸੰਕਲਪ ਨੂੰ ਪੱਛਮ ਦੇ ਨੁਕਤੇ ਤੋਂ ਘੋਖਿਆ ਹੈ। ਸਾਡਾ ਮੁੱਖ ਰੂਪ ਵਿਚ ਸਬੰਧ ਗੁਰਮਤਿ ਨਾਲ ਹੈ ਜਿਸਦੀ ਜਨਮ ਭੂਮੀ ਭਾਰਤ ਹੈ। ਇਸ ਲਈ ਭਾਰਤੀ ਪਰਿਪੇਖ ਤੋਂ ਅਧਿਐਨ ਕਰਨਾ ਵੀ ਜ਼ਰੂਰੀ ਹੈ। ਇਸ ਨਾਲ ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦਾ ਸਿਧਾਂਤਕ ਤੇ ਵਿਹਾਰਕ ਪੱਖ ਹੋਰ ਨਿਖਾਰ ਕੇ ਅਤੇ ਸਪਸ਼ਟਤਾ ਨਾਲ ਪੇਸ਼ ਕੀਤਾ ਜਾ ਸਕੇਗਾ। ਭਾਰਤੀ ਪਰੰਪਰਾ ਵਿਚ ਪ੍ਰਾਚੀਨ ਕਾਲ ਸਮੇਂ ਰਾਜ ਧਰਮ ਅਤੇ ਨੈਤਿਕਤਾ 'ਤੇ ਅਧਾਰਿਤ ਹੁੰਦਾ ਸੀ। ਰਾਜ ਅਤੇ ਧਰਮ ਇਕ-ਦੂਜੇ ਦੇ ਅਟੁੱਟ ਅੰਗ ਹਨ। ਜਦੋਂ ਧਰਮ ਅਤੇ ਨੈਤਿਕਤਾ ਮੱਧਕਾਲ ਵਿਚ ਰਾਜ ਦੀ ਸ਼ਕਤੀ ਹੇਠ ਦੱਬ ਗਏ ਤਾਂ ਉਸ ਸਮੇਂ ਮਾਨਵੀ ਕਦਰਾਂ -

---

[66] Ebenstein, William, *Modern political Thought*, p.368.

ਕੀਮਤਾਂ ਵਿਚ ਗਿਰਾਵਟ ਆਈ , ਸਮਾਜ ਵਿਚੋਂ ਨੈਤਿਕਤਾ ਤਕਰੀਬਨ ਖ਼ਤਮ ਹੋ ਗਈ ਸੀ। ਨੈਤਿਕਤਾ ਅਤੇ ਸਮਾਨਤਾ ਲੋਕ ਕਲਿ ਆਣ ਦੀਆਂ ਕੀਮਤਾਂ ਸਮਾਜ ਵਿਚੋਂ ਖ਼ਤਮ ਹੋ ਗਈਆਂ ਸਨ ਜਿਸ ਕਾਰਨ ਮਨੁੱਖ ਗ਼ੁਲਾਮੀ ਭਰਿਆ ਜੀਵਨ ਜਿਊਂਣ ਲੱਗਾ। ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਪ੍ਰਤੀ ਸਮਰਪਿਤ ਮੰਨਿਆ ਹੈ ਅਤੇ ਰਾਜ ਨੂੰ ਸਮਾਜਿਕ ਜੀਵਨ ਲਈ ਬਹੁਤ ਆਵੱਸ਼ਕ ਅਤੇ ਉਪਯੋਗੀ ਸੰਸਥਾ ਮੰਨਿਆ ਹੈ। ਰਾਜ ਵਧੇਰੇ ਕਰਕੇ ਧਰਮ ਤੇ ਨੈਤਿਕਤਾ ਦੇ ਹੱਥਾਂ ਵਿਚ ਜਕੜਿਆ ਹੋਇਆ ਹੈ। ਪ੍ਰਾਚੀਨ ਕਾਲ, ਮੱਧਕਾਲ ਅਤੇ ਆਧੁਨਿਕ ਕਾਲ ਵਿਚ ਧਰਮ ਭਾਰੂ ਰਿਹਾ ਹੈ।

ਭਾਰਤੀ ਪਰੰਪਰਾ ਵਿਚ ਸੁਤੰਤਰਤਾ ਦਾ ਸੰਕਲਪ ਮਨੁੱਖੀ ਅਧਿਕਾਰਾਂ ਅਤੇ ਰਾਜ ਪ੍ਰਤੀ ਮਨੁੱਖ ਦੇ ਕਰਤੱਵਾਂ ਦੇ ਸੰਕਲਪ ਵਿਚੋਂ ਉਤਪੰਨ ਹੁੰਦਾ ਹੈ। ਪ੍ਰਮੁੱਖ ਤੌਰ 'ਤੇ ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚੋਂ ਰਾਜਨੀਤੀ ਬਾਰੇ ਬੜੀ ਸੁਚੱਜੀ ਅਤੇ ਵਿਵਸਥਿਤ ਜਾਣਕਾਰੀ ਉਪਲੱਬਧ ਹੁੰਦੀ ਹੈ। ਰਿਗਵੇਦ, ਮੰਨੂ ਸਿਮ੍ਰਤੀ, ਪੁਰਾਣ, ਰਮਾਇਣ, ਮਹਾਂਭਾਰਤ, ਸ਼ੁਕਰਨੀਤੀ, ਕੌਟਲਿਆ ਦਾ ਅਰਥ ਸ਼ਾਸਤਰ ਆਦਿ ਪੁਰਾਤਨ ਭਾਰਤੀ ਗ੍ਰੰਥ ਰਾਜ , ਰਾਜਨੀਤੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਕਾਫ਼ੀ ਜਾਣਕਾਰੀ ਉਪਲਬਧ ਕਰਵਾਉਂਦੇ ਹਨ। ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਮਨੁੱਖੀ ਸੁਤੰਤਰਤਾ ਸਬੰਧੀ ਕੋਈ ਵਿਸਤ੍ਰਿਤ ਜਾਣਕਾਰੀ ਤਾਂ ਨਹੀਂ ਮਿਲਦੀ ਪਰ ਰਾਜ , ਰਾਜ ਦੇ ਕਾਰਜਾਂ, ਰਾਜੇ ਦੇ ਕਰਤੱਵਾਂ ਅਤੇ ਮਨੁੱਖੀ ਅਧਿਕਾਰਾਂ ਆਦਿ ਬਾਰੇ ਕਾਫ਼ੀ ਜਾਣਕਾਰੀ ਉਪਲੱਬਧ ਹੈ ਜਿਸ ਦੇ ਆਧਾਰ 'ਤੇ ਰਾਜਾ ਦੇ ਪ੍ਰਜਾ ਪ੍ਰਤੀ ਕਰਤੱਵਾਂ , ਸੁਰੱਖਿਆ ਅਤੇ ਸੁਤੰਤਰਤਾ ਸਬੰਧੀ ਯੋਗ ਮੱਤ ਪੇਸ਼ ਕੀਤਾ ਜਾ ਸਕਦਾ ਹੈ। ਭਾਰਤੀ ਪਰਿਪੇਖ ਵਿਚ ਰਾਜ ਨੂੰ ਧਰਮ 'ਤੇ ਆਧਾਰਿਤ ਮੰਨਿਆ ਗਿਆ ਹੈ ਇਸ ਲਈ ਰਾਜਨੀਤਿਕ ਸਿਧਾਂਤਾਂ ਦਾ ਵਿਕਾਸ ਧਰਮ ਦੇ ਅੰਗ ਦੇ ਰੂਪ ਵਿਚ ਹੋਇਆ। ਵੇਦਾਂ ਵਿਚ ਰਾਜੇ ਦੀ ਚੋਣ ਵਿਚ ਰਿਸ਼ੀ ਅਰਥਾਤ ਧਾਰਮਿਕ ਆਗੂ ਦੀ ਪ੍ਰਵਾਨਗੀ ਨੂੰ ਜ਼ਰੂਰੀ ਦੱਸਿਆ ਗਿਆ। ਪ੍ਰਾਚੀਨ ਭਾਰਤ ਵਿਚ ਰਾਜਨੀਤੀ ਸ਼ਾਸਤਰ ਅਤੇ ਸ਼ਾਸਨ ਕਲਾ ਦੇ ਲਈ ਮੁੱਖ ਰੂਪ ਵਿਚ ਰਾਜ ਧਰਮ , ਦੰਡ ਨੀਤੀ, ਅਰਥ ਸ਼ਾਸਤਰ ਅਤੇ ਨੀਤੀ ਸ਼ਾਸਤਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਰਾਜ ਧਰਮ ਦਾ ਸ਼ਬਦੀ ਅਰਥ ਹੈ ਰਾਜੇ ਦਾ ਧਰਮ ਅਰਥਾਤ ਰਾਜੇ ਦੇ ਕਰਤੱਵ। ਇਸ ਸ਼ਬਦ ਦੀ ਵਰਤੋਂ ਰਾਜਤੰਤ੍ਰ ਦੇ ਜ਼ਮਾਨੇ ਵਿਚ ਵਧੇਰੇ ਰਹੀ ਹੋਵੇਗੀ। ਪ੍ਰਾਚੀਨ ਭਾਰਤ ਵਿਚ ਰਾਜ ਸ਼ਾਸਨ ਦਾ ਸਭ ਤੋਂ ਵਧੇਰੇ ਪ੍ਰਚਲਿਤ ਰੂਪ ਰਾਜਤੰਤ੍ਰ ਸੀ। ਰਾਜੇ ਦੇ ਸਾਰੇ ਪੱਖਾਂ ਦਾ ਅਧਿਐਨ ਕਰਾਉਣ ਵਾਲੇ ਵਿਸ਼ੇ ਨੂੰ ਰਾਜ ਧਰਮ ਦਾ ਨਾਂ ਦਿੱਤਾ ਗਿਆ ਸੀ। ਮਹਾਂਭਾਰਤ ਵਿਚ ਰਾਜਿਆਂ ਦੇ ਕਰਤੱਵ ਇਹ ਦੱਸਦੇ ਹਨ ਕਿ ਉਹ ਦੁਸ਼ਟਾਂ ਨੂੰ ਦੰਡ ਦੇਣ, ਸਤ-ਪੁਰਖਾਂ ਦੀ ਰਾਖੀ ਕਰਨ ਅਤੇ ਯੁੱਧ ਵਿਚ ਕਦੇ ਵੀ ਪਿੱਠ ਨਾ ਦਿਖਾਉਣ। ਰਾਜ ਧਰਮ ਵਿਚ ਸਾਰੇ

ਗਿਆਨ ਸ਼ਾਮਲ ਹਨ , ਰਾਜ ਧਰਮ ਵਿਚ ਹੀ ਸਰਬ ਪੱਖੀ ਵਿਕਾਸ ਜੁੜਿਆ ਹੋਇਆ ਹੈ।[67] ਸਰਵਪੱਖੀ ਵਿਕਾਸ ਸੁਤੰਤਰਤਾ ਦਾ ਹੀ ਰੂਪ ਹੈ।

ਪ੍ਰਾਚੀਨ ਭਾਰਤ ਵਿਚ ਦੰਡ ਨੀਤੀ ਦਾ ਅਰਥ ਪ੍ਰਸ਼ਾਸਨ ਦੇ ਸ਼ਾਸਤਰ ਤੋਂ ਲਿਆ ਜਾਂਦਾ ਸੀ। ਭਾਰਤੀ ਵਿਦਵਾਨ ਇਹ ਗੱਲ ਅਨੁਭਵ ਕਰ ਚੁੱਕੇ ਸਨ ਕਿ ਲੋਕਾਂ ਨੂੰ ਦੰਡ ਦਾ ਭੈਅ ਦੇ ਕੇ ਹੀ ਦੂਜੇ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਿਆ ਜਾ ਸਕਦਾ ਹੈ। ਭਾਰਤੀ ਵਿਚਾਰਕਾਂ ਦਾ ਮਤ ਸੀ ਦੰਡ ਦੀ ਧਮਕੀ ਜਾਂ ਇਸ ਦੀ ਵਰਤੋਂ ਹੀ ਰਾਜਨੀਤਿਕ ਪ੍ਰਣਾਲੀ ਦੀ ਹੋਂਦ ਨੂੰ ਬਣਾਈ ਰੱਖ ਸਕਦੀ ਹੈ। ਮੰ ਨੂ ਦੇ ਅਨੁਸਾਰ "ਰਾਜਾ ਨਿਆਂ ਨੀਤੀ ਅਨੁਸਾਰ ਪਰਜਾ ਦੀ ਰੱਖਿਆ ਕਰੇ। ਦੰਡ ਹੀ ਪਰਜਾ ਨੂੰ ਹੁਕਮ ਦਿੰਦਾ ਹੈ , ਦੰਡ ਹੀ ਪਰਜਾ ਦੀ ਰੱਖਿਆ ਕਰਦਾ ਹੈ, ਦੰਡ ਧਰਮ ਦਾ ਕਾਰਨ ਹੈ, ਦੰਡ ਦੇ ਭੈਅ ਤੋਂ ਹੀ ਲੋਕ ਨਿਆਂ ਦਾ ਮਾਰਗ ਅਪਣਾਉਂਦੇ ਹਨ।"[68]

ਮਹਾਂਭਾਰਤ ਗ੍ਰੰਥ ਅਨੁਸਾਰ ਜੇਕਰ ਦੰਡ ਦਾ ਭੈਅ ਨਾ ਹੋਵੇ ਤਾਂ ਇਕ ਵਿਅਕਤੀ ਦੂਜੇ ਵਿਅਕਤੀ ਨੂੰ ਖਾ ਜਾਵੇਗਾ ਅਤੇ ਜੇ ਦੰਡ ਰੱਖਿਆ ਨਾ ਕਰੇ ਤਾਂ ਸਭ ਲੋਕ ਘੋਰ ਅੰਧਕਾਰ ਵਿਚ ਡਿੱਗਣਗੇ।[69] ਮਹਾਂਭਾਰਤ ਦਾ ਆਦਰਸ਼ਕ ਮਨੁੱਖ ਸੰਨਿਆਸੀ ਹੈ ਜੋ ਲੋਕ ਹਿੱਤਾਂ ਲਈ ਸਦਾ ਕਾਰਜਸ਼ੀਲ ਰਹਿੰਦਾ ਸੀ। ਉਸ ਸਟੇਟ ਦਾ ਉਦੇਸ਼ ਆਜ਼ਾਦੀ ਲਈ ਸਹਾਈ ਹੁੰਦਾ ਹੈ। ਰਾਜਾ ਪਰਜਾ ਦੀ ਸੰਪੱਤੀ ਦਾ ਮਾਲਕ ਨਹੀਂ ਸਗੋਂ ਰਖਵਾਲਾ ਹੁੰਦਾ ਹੈ।[70] ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰਾਜ ਦਾ ਕੰਮ ਵਿਅਕਤੀ ਦੀ ਸੁਤੰਤਰਤਾ ਅਤੇ ਸਵੈਮਾਣ ਨੂੰ ਕਾਇਮ ਰੱਖਣਾ ਹੈ। 'ਨੀਤੀ ਸ਼ਾਸਤਰ' ਹਿੰਦੂ ਰਾਜਨੀਤੀ ਅਤੇ ਸ਼ਾਸਨ ਕਲਾ ਨਾਲ ਸਬੰਧਤ ਗ੍ਰੰਥਾਂ ਨੂੰ ਨੀਤੀ ਸ਼ਾਸਤਰ ਵੀ ਕਿਹਾ ਗਿਆ ਹੈ। ਨੀਤੀ ਦਾ ਅਰਥ ਹੈ ਉੱ ਚਿਤ ਮਾਰਗ ਦਰਸ਼ਨ ਜਾਂ ਨਿਰਦੇਸ਼। ਇਸ ਤਰ੍ਹਾਂ ਨੀਤੀ ਸ਼ਾਸਤਰ ਉਹ ਗਿਆਨ ਹੈ ਜੋ ਮਨੁੱਖੀ ਜੀਵਨ ਦਾ ਉੱਚਿਤ ਮਾਰਗ ਦਰਸ਼ਨ ਕਰਦਾ ਹੈ। ਨੀਤੀ ਸ਼ਾਸਤਰ ਦਾ ਉਦੇਸ਼ ਮਨੁੱਖ ਦਾ ਕਲਿਆਣ ਹੈ। ਇਸੇ ਨੂੰ ਹੀ ਧਰਮ, ਅਰਥ ਅਤੇ ਕਾਮ ਦਾ ਸੋਮਾ ਮੰਨਿਆ ਜਾਂਦਾ ਹੈ ਅਤੇ ਇਹੋ ਹੀ ਮੁਕਤੀ ਪ੍ਰਾਪਤੀ ਦਾ ਸਾਧਨ ਹੈ।[71] ਭਾਰਤੀ ਪਰੰਪਰਾ ਅਨੁਸਾਰ ਰਾਜ , ਸਮਾਜ ਲਈ ਅਤਿ ਜ਼ਰੂਰੀ ਅਤੇ ਉਪਯੋਗੀ ਸੰਸਥਾ ਹੈ। ਰਾਜ ਤੋਂ ਬਿਨਾਂ ਮਨੁੱਖੀ ਅਧਿਕਾਰ ਅਤੇ ਸੁਤੰਤਰਤਾ ਖ਼ਤਰੇ ਵਿਚ ਪੈ ਜਾਂਦੀ ਹੈ। ਰਾਜ ਦੀ ਅਣਹੋਂਦ ਵਿਚ ਅਰਾਜਕਤਾ ਦੀ ਅਵਸਥਾ ਹੋ ਜਾਂਦੀ ਹੈ ਅਤੇ ਇਹ ਅਵਸਥਾ ਅਤਿ

[67] ਮਹਾਂ ਭਾਰਤ, ਤੀਜਾ ਖੰਡ *(ਸ਼ਾਂਤੀ ਪਰਵ),* 63: (27)-291.

[68] ਮੋਹਨ ਲਾਲ ਸ਼ਰਮਾ(ਅਨੁਵਾਦਕ), *ਮੰਨੂ ਸਿਮ੍ਰਤੀ,* ਅਧਿਆਇ-7, ਪੰਨਾ-122-124

[69] ਮਹਾਂ ਭਾਰਤ, ਤੀਜਾ ਖੰਡ *(ਸ਼ਾਂਤੀ ਪਰਵ),* 15 (7)

[70] ਉਹੀ, 10 (7210)

[71] ਮਹੇਂਦਰ ਮਿੱਤਲ (ਡਾ.), *ਸ਼ੁਕ੍ਰਨੀਤੀ, ਸਾਰ* **(5),**

ਭਿਆਨਕ ਹੁੰਦੀ ਹੈ। ਪ੍ਰਾਚੀਨ ਗ੍ਰੰਥਾਂ ਵਿਚ ਆਮ ਤੌਰ 'ਤੇ ਰਾਜ ਅਤੇ ਰਾਜਾ ਨੂੰ ਸਮਾਨ ਅਰਥਾਂ ਵਿਚ ਵਰਤਿਆ ਗਿਆ ਹੈ। ਰਿਗਵੇਦ ਅਨੁਸਾਰ ਰਾਜ ਤੋਂ ਬਿਨਾਂ ਸਮਾਜ ਵਿਚ ਏਕਤਾ ਨਹੀਂ ਰਹਿ ਸਕਦੀ।[72]

ਪੁਰਾਣ ਸਾਹਿਤ ਵਿਚ ਰਾਜ ਦੀ ਅਣਹੋਂਦ ਦੀ ਸਥਿਤੀ ਨੂੰ 'ਮੱਤਸਯਨਿਆਯਾ' ਵਜੋਂ ਦਰਸਾਇਆ ਗਿਆ ਹੈ। ਮੱਤਸਯਨਿਆਯਾ ਤੋਂ ਭਾਵ ਹੈ ਕਿ ਜਿਸ ਤਰ੍ਹਾਂ ਸਮੁੰਦਰ ਵਿਚ ਹਰ ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ, ਉਸੇ ਤਰ੍ਹਾਂ ਰਾਜ ਤੋਂ ਬਿਨਾਂ ਹਰ ਸ਼ਕਤੀਸ਼ਾਲੀ ਵਿਅਕਤੀ ਕਮਜ਼ੋਰ ਦਾ ਸ਼ੋਸ਼ਣ ਕਰਦਾ ਸੀ। ਭਾਵ ਕਮਜ਼ੋਰ ਵਿਅਕਤੀ ਗ਼ੁਲਾਮ ਸੀ। ਮੱਤਸਯ ਪੁਰਾਣ ਮੁਤਾਬਕ ਰਾਜ ਸੱਤਾ ਤੋਂ ਬਿਨਾਂ ਵਿਅਕਤੀ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ। ਤਾਕਤਵਰ ਗ਼ਰੀਬਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਦਿੰਦੇ ਹਨ। [73] ਬਾਲਮੀਕ ਦੀ ਰਮਾਇਣ ਵਿਚ ਰਾਜ ਸੱਤਾ ਨੂੰ ਬਹੁਤ ਜ਼ਰੂਰੀ ਦੱਸਿਆ ਗਿਆ ਹੈ। ਬਾਲਮੀਕ ਅਨੁਸਾਰ ਰਾਜ ਰਹਿਤ ਰਾਸ਼ਟਰ ਵਿਨਾਸ਼ ਵੱਲ ਤੁਰ ਪੈਂਦਾ ਹੈ। ਉਥੇ ਮੇਘ ਜਲ ਬਰਸ ਕੇ ਧਰਤੀ ਨਹੀਂ ਸਿੰਜਦਾ, ਆਤੰਕ ਦਾ ਬੋਲਬਾਲਾ ਹੁੰਦਾ ਹੈ। ਵਿਹਾਰ-ਸੱਚ ਮੁੱਕ ਜਾਂਦਾ ਹੈ, ਸ਼ੁੱਭ-ਅਸ਼ੁੱਭ ਕੰਮਾਂ ਦੇ ਨਿਰਨਾ ਕਰਨ ਲਈ ਲੋਕ ਸਭਾ ਵਿਚ ਨਹੀਂ ਜਾਂਦੇ। ਅਜਿਹੀ ਅਵਸਥਾ ਵਿਚ ਲੋਕਾਂ ਵਿਚ ਡਰ ਅਤੇ ਅਸੁਰੱਖਿਅਤਾ ਫੈਲ ਜਾਂਦੀ ਹੈ।[74]

ਪ੍ਰਾਚੀਨ ਭਾਰਤੀ ਰਾਜਨੀਤਿਕ ਚਿੰਤਨ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਭਾਰਤੀ ਗ੍ਰੰਥ ਰਾਜ ਨੂੰ ਦੈਵੀ ਸੰਸਥਾ ਮੰਨਦੇ ਸਨ ਅਤੇ ਰਾਜੇ ਵਿਚ ਦੈਵੀ ਗੁਣਾਂ ਦਾ ਸਮਾਵੇਸ਼ ਪ੍ਰਗਟ ਕਰਦੇ ਹਨ। ਮੰਨੂ ਸਮ੍ਰਿਤੀ ਅਨੁਸਾਰ ਭੈਅ ਅਤੇ ਅਰਾਜਕਤਾ ਖ਼ਤਮ ਕਰਨ ਲਈ ਅਤੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਰਾਜੇ ਨੂੰ ਬ੍ਰਹਮਾ ਜੀ ਨੇ ਪੈਦਾ ਕੀਤਾ ਹੈ। ਰਾਜੇ ਦੇ ਰੂਪ ਵਿਚ ਦੇਵਤਾ ਹੀ ਵਾਸ ਕਰਦਾ ਹੈ। ਮੰਨੂ ਨੇ ਰਾਜ ਦਾ ਪ੍ਰਮੁੱਖ ਕਾਰਜ ਪਰਜਾ ਦੀ ਰੱਖਿਆ ਕਰਨਾ ਦੱਸਿਆ ਹੈ ਅਤੇ ਇਹ ਨਿਸ਼ਚਿਤ ਕਰਨਾ ਕਿ ਹਰ ਵਿਅਕਤੀ ਆਪਣਾ ਕਰਤੱਵ ਨਿਭਾਏ। ਰਾਜੇ ਦਾ ਕੰਮ ਨਿਆਂ ਕਰਨਾ ਹੈ। ਜਿਹੜਾ ਰਾਜਾ ਪਰਜਾ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦਾ ਉਹ ਨਰਕਾਂ ਦੀ ਭਾਗੀ ਹੈ। [75] ਜੋ ਰਾਜਾ ਪਰਜਾ ਦੀ ਪਾਲਣ ਨਾ ਕਰੇ ਛੇਤੀ ਨਸ਼ਟ ਹੋ ਜਾਂਦਾ ਹੈ। ਰਾਜਾ ਸ਼ਾਮ, ਦਾਮ, ਦੰਡ, ਭੇਦ ਇਨ੍ਹਾਂ ਚਾਰਾਂ ਨਾਲ ਦੁਸ਼ਮਣਾਂ ਨੂੰ ਵੱਸ ਵਿਚ ਰੱਖੇ।[76]

ਰਮਾਇਣ ਵਿਚ ਰਾਜਾ ਨੂੰ ਪ੍ਰਜਾ ਦੇ ਕਲਿਆਣ ਲਈ ਵਿਸਤ੍ਰਿਤ ਖੇਤਰ ਵਿਚ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਗਈ ਹੈ। ਰਾਜੇ ਦੇ ਪ੍ਰਮੁੱਖ ਕਰਤੱਵ ਧਰਮ ਦਾ ਪਸਾਰ ਅਤੇ ਪਰਜਾ ਦਾ ਕਲਿਆਣ ਕਰਨਾ ਹੈ।

---

[72] ਰੇਓ, ਪੰਡਿਤ ਵਿਸ਼ਵੇਸ਼ਵਰ ਨਾਥ, *ਰਿਗਵੇਦ ਪਰ ਏਕ ਇਤਿਹਾਸਕ ਦ੍ਰਿਸ਼ਟੀ,* ਪੰਨਾ-212.

[73] Whrite, *Religion and Society in ancient India,* p.42.

[74] ਬਾਲਮੀਕ, *ਰਮਾਇਣ,* ਅਯੋਧਿਆ ਕਾਂਡ, (ਸਰਗ-67), ਪੰਨਾ-408-409.

[75] ਮੋਹਨ ਲਾਲ ਸ਼ਰਮਾ(ਅਨੁਵਾਦਕ), *ਮੰਨੂ ਸਿਮ੍ਰਤੀ,* ਅਧਿਆਇ-7, ਪੰਨਾ-123

[76] ਉਹੀ, ਅਧਿਆਇ-7, ਪੰਨਾ-138

ਪਰਜਾ ਦਾ ਪਾਲਣ ਕਰਨਾ ਅਤੇ ਉਸ ਦੀ ਰੱਖਿਆ ਕਰਨਾ ਹੀ ਰਾਜੇ ਦੀ ਮੁੱਖ ਜ਼ਿੰ ਮੇਵਾਰੀ ਹੈ। ਅਯੋਧਿਆ ਦੇ ਰਾਜਾ ਨੂੰ ਰੱਬੀ ਅਵਤਾਰ ਵੀ ਕਿਹਾ ਹੈ।[77]

ਮਹਾਂਭਾਰਤ ਵਿਚ ਰਾਜੇ ਦੇ ਦੈਵੀ ਅਧਿਕਾਰਾਂ ਅਤੇ ਦੈਵੀ ਮੂਲ ਅਤੇ ਰਾਜੇ ਦੀ ਸਰਵਉੱਚਤਾ ਦਾ ਵਰਣਨ ਮਿਲਦਾ ਹੈ। ਰਾਜੇ ਦੀਆਂ ਸ਼ਕਤੀਆਂ ਉੱਤੇ ਧਰਮ ਦਾ ਅਤੇ ਲੋਕ ਰਾਇ ਦਾ ਅੰਕੁਸ਼ ਹੈ।[78] "ਕੌਟਲਿਆ ਦੇ ਅਰਥਸ਼ਾਸਤਰ ਵਿਚ ਰਾਜੇ ਨੂੰ ਰੱਬੀ ਸੰਸਥਾ ਮੰਨਿਆ ਗਿਆ ਹੈ ਅਤੇ ਰਾਜੇ ਦੀ ਸੱਤਾ ਪਿੱਛੇ ਰੱਬੀ ਸਵੀਕ੍ਰਿਤੀ ਦੀ ਮੌਜੂਦਗੀ ਦੱਸੀ ਗਈ ਹੈ। "[79] ਕੌਟਲਿਆ ਅਨੁਸਾਰ ਰਾਜ ਤੇ ਧਰਮ ਇਕ ਦੂਜੇ ਤੋਂ ਸੁਤੰਤਰ ਹਨ। ਉਹਨਾਂ ਦਾ ਫਰਜ਼ ਬ੍ਰਾਹਮਣ ਸਮਾਜਿਕ ਢਾਂਚੇ ਨੂੰ ਸੰਭਾਲ ਕੇ ਰੱਖਣਾ ਹੈ। ਉਸ ਸਮੇਂ ਦੇ ਰਾਜਿਆਂ ਨੇ ਧਰਮ ਨੂੰ ਕਠਪੁਤਲੀ ਦੇ ਤੌਰ 'ਤੇ ਵਰਤਿਆ। ਇਹ ਦਸ਼ਾ ਉਤਪੰਨ ਹੋਣ 'ਤੇ ਰਾਜੇ ਜ਼ਮੀਨ ਅਤੇ ਜ਼ਰ-ਜੋਰੂ ਦੇ ਝਗੜੇ ਵਿਚ ਪੈ ਗਏ ਤੇ ਲੋਕ ਹਿੱਤਾਂ ਦਾ ਘਾਣ ਹੋਣਾ ਸ਼ੁਰੂ ਹੋ ਗਿਆ। ਨੈਤਿਕਤਾ ਸਮਾਜ ਵਿਚੋਂ ਖ਼ਤਮ ਹੋ ਗਈ ਸੀ। ਰਾਜੇ ਨੂੰ ਮਨੁੱਖੀ ਹੱਕਾਂ ਦਾ ਰ ਖਵਾਲਾ ਦਰਸਾਇਆ ਗਿਆ ਹੈ। ਰੱਬ ਦੇ ਹੁਕਮ ਅਨੁਸਾਰ ਰਾਜਾ ਲੋਕਾਂ ਨਾਲ ਵਿਹਾਰ ਕਰਦਾ ਹੈ। ਕੌਟਲਿਆ ਅਨੁਸਾਰ ਪਰਜਾ ਦੀ ਖ਼ੁਸ਼ੀ ਵਿਚ ਹੀ ਰਾਜੇ ਦੀ ਖ਼ੁਸ਼ੀ ਹੈ:

> ਪ੍ਰਜਾ ਸੁਖੇ ਸੁਖਮ, ਰਾਜਨ ਪਰਜਾ ਨਾਮ 'ਚ ਹਿਤੇ ਹਿਤਮ,
> ਨਾ ਤਮ ਪ੍ਰਯਮ ਹਿਤਮ ਰਾਜਨ, ਪ੍ਰਜਾਤਮ ਤੁ ਪ੍ਰਯਮ ਹਿਤਮ,।[80]

ਕੌਟਲਿਆ ਦੀ ਦ੍ਰਿਸ਼ਟੀ ਤੋਂ ਰਾਜ ਦਾ ਮੁੱਖ ਉਦੇਸ਼ ਪਰਜਾ ਦਾ ਸਰਬਪੱਖੀ ਕਲਿਆਣ ਕਰਨਾ ਸੀ। ਕੌਟਲਿਆ ਨੇ ਰੂਸੋ ਵਾਂਗ ਰਾਜ ਦੀ ਉਤਪਤੀ ਨੂੰ ਸਮਾ ਜਿਕ ਸਮਝੌਤੇ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਭਾਵ ਰਾਜੇ ਵਿਚ ਈਸ਼ਵਰੀ ਗੁਣ ਹੋਣੇ ਜ਼ਰੂਰੀ ਹਨ। ਕੌਟਲਿਆ ਨੇ ਵੀ ਆਪਣੇ ਅਰਥ ਸ਼ਾਸਤਰ ਵਿਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸੁਤੰਤਰਤਾ ਲਈ ਰਾਜ ਦੀ ਹੋਂਦ ਨੂੰ ਜ਼ਰੂਰੀ ਮੰਨਿਆ ਹੈ ਕਿਉਂਕਿ ਰਾਜ ਦੀ ਹੋਂਦ ਤੋਂ ਪਹਿਲਾਂ ਤਾਕਤਵਰ ਲੋਕ ਗ਼ਰੀਬਾਂ ਨੂੰ ਗ਼ੁਲਾਮ ਬਣਾ ਲੈਂਦੇ ਸਨ।

ਸਮੁੱਚੇ ਵੈਦਿਕ ਕਾਲ ਦੀ ਸ਼ਾਸਨ ਵਿਵਸਥਾ ਵਿਚ ਰਾਜੇ ਦਾ ਪਦ ਅਤਿ ਸਨਮਾਨਿਤ ਅਤੇ ਸਰਵਉੱਚ ਸੱਤਾ ਦਾ ਧਾਰਨੀ ਰਿਹਾ ਹੈ ਵੈਦਿਕ ਸਾਹਿਤ ਇਸ ਤੱਥ ਦਾ ਗਵਾਹ ਹੈ ਕਿ ਰਾਜੇ ਦੀਆਂ ਸ਼ਕਤੀਆਂ

---

[77] ਪਰਮਾਤਮਾ ਸ਼ਰਣ, *ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ,* ਪੰਨਾ-99.

[78] ਵਿਦਿਆਲੰਕਾਰ, ਸੁਮੇਧਾ (ਡਾ.), *ਮਹਾਂਭਾਰਤ ਮੇਂ ਸ਼ਾਂਤੀਪਰਵ ਕਾ ਆਲੋਚਨਾਤਮਕ ਅਧਿਐਨ,* ਪੰਨਾ-84.

[79] *"Kautilya s Arthasastra the state enjoys spiritual and the office of king are compared with sanction and office of king is compared with the function of gods,* Parmar( Dr.), *A Study of Kautlya, Arthsathstra,* Bhartya Vidya parkashn , New Delhi, 1985, p. 25

[80] ਕੌਟਲਿਆ, *ਅਰਥ ਸ਼ਾਸ਼ਤਰ,* (ਵਿਆਖਿਆਕਾਰ-ਵਾਚਸਪਤਿ ਗੈਰੋਲਾ), 1962- ਪੰਨਾ-318

ਅਸੀਮ ਨਹੀਂ ਹਨ ਅਤੇ ਰਾਜੇ ਦੀਆਂ ਸ਼ਕਤੀਆਂ ਉੱਪਰ ਲੋਕ ਰਾਇ ਦਾ ਅੰਕੁਸ਼ ਹੁੰਦਾ ਹੈ।[81] ਸ਼ੁਕਰਨੀਤੀ ਅਨੁਸਾਰ ਜਿਹੜਾ ਰਾਜਾ ਆਪਣੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਉਂਦਾ ਭਾਵ ਲੋਕਾਂ ਦੀ ਸੁਤੰਤਰਤਾ ਨੂੰ ਨਹੀਂ ਕਾਇਮ ਰੱਖ ਸਕਦਾ ਉਹ ਨਰਕਾਂ ਦਾ ਭਾਗੀ ਹੈ। ਸ਼ੁਕਰਨੀਤੀ ਅਨੁਸਾਰ ਰਾਜੇ ਦੇ ਦੋ ਪ੍ਰਮੁੱਖ ਕਾਰਜ ਹਨ ਇਕ ਆਪਣੀ ਪਰਜਾ ਦੀ ਰੱਖਿਆ ਕਰਨੀ ਅਤੇ ਦੂਜਾ ਅਪਰਾਧੀਆਂ ਨੂੰ ਸਜ਼ਾ ਦੇਣੀ। ਜਿਹੜਾ ਰਾਜਾ ਪਰਜਾ ਨੂੰ ਮੁਕਤ ਰੱਖਦਾ ਹੈ। ਉਹ ਆਪ ਵੀ ਮੁਕਤੀ ਪ੍ਰਾਪਤ ਕਰਦਾ ਹੈ।[82] ਰਾਜੇ ਲਈ ਇਹ ਉਚਿਤ ਹੈ ਕਿ ਉਹ ਗ਼ੁਲਾਮ, ਨੌਕਰ, ਇਸਤਰੀ, ਪੁੱਤਰ ਸਿੱਖਿਆਰਥੀ ਵਿਚੋਂ ਕਿਸੇ ਨੂੰ ਵੀ ਕਠੋਰ ਵਚਨਾਂ ਨਾਲ ਦੰਡ ਨਾ ਦੇਵੇ।[83] ਕੌਟਲਿਆ ਅਨੁਸਾਰ ਰਾਜ ਦਾ ਉਦੇਸ਼ ਲੋਕਾਂ ਨੂੰ ਇਸ ਗੱਲ ਦਾ ਬੋਧ ਕਰਾਉਣਾ ਕਿ ਇਕ ਦੂਜੇ ਦੇ ਅਧਿਕਾਰਾਂ ਦਾ ਸਤਿਕਾਰ ਕਰਨ, ਪਰਜਾ ਦੇ ਜੀਵਨ ਜਾਇਦਾਦ ਅਤੇ ਮਾਲਕੀ ਦੀ ਰੱਖਿਆ ਕਰਨਾ, ਬੁਰੇ ਲੋਕਾਂ ਨੂੰ ਦੰਡ ਦੇਣਾ ਅਤੇ ਲੋਕਾਂ ਦੇ ਨੈਤਿਕ ਅਤੇ ਪਦਾਰਥਕ ਕਲਿਆਣ ਦੇ ਕਾਰਜ ਕਰਨਾ। ਕੌਟਲਿਆ ਅਨੁਸਾਰ ਜੇਕਰ ਦਾਸ ਜਾਂ ਕਿਸੇ ਇਕਰਾਰਨਾਮੇ ਰਾਹੀਂ ਸਾਰੀ ਉਮਰ ਲਈ ਦਾਸ ਬਣਾਏ ਕਾਮੇ ਮਜ਼ਦੂਰ ਮਾਲਕ ਦੀ ਆਗਿਆ ਨਾ ਮੰਨਣ ਤਾਂ ਦਾਸਾਂ ਕੋਲੋਂ ਇਸ ਇਕਰਾਰਨਾਮੇ ਦੀਆਂ ਸ਼ਰਤਾਂ ਮਨਵਾਉਣ ਦੀ ਵਿਵਸਥਾ ਕੀਤੀ ਜਾਵੇ।[84]

ਰਿਗਵੇਦ ਪਰਜਾ ਦੀ ਭਲਾਈ ਦੇ ਸਾਰੇ ਕਾ ਰਜਾਂ ਨੂੰ ਰਾਜੇ ਨਾਲ ਸਬੰਧਤ ਮੰਨਦਾ ਹੈ।[85] ਮਹਾਂਭਾਰਤ ਵਿਚ ਰਾਜੇ ਨੂੰ ਮਧੁਰ ਬਾਣੀ ਬੋਲਣ ਵਾਲਾ, ਆਪਣੇ ਸੇਵਕਾਂ ਦੇ ਉਪਕਾਰ ਜਾਣਨ ਵਾਲਾ, ਉਹਨਾਂ ਪ੍ਰਤੀ ਦ੍ਰਿੜ ਪ੍ਰੇਮ ਵਾਲਾ ਅਤੇ ਸੰਜਮੀ ਹੋਣਾ ਚਾਹੀਦਾ ਹੈ। ਰਾਜੇ ਨੂੰ ਧਰਮ ਦਾ ਆਚਰਨ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਧਰਮ ਦਾ ਆਚਰ ਨ ਨਾ ਕਰਨ ਵਾਲਾ ਰਾਜਾ ਸ਼ਕਤੀਹੀਣ ਹੋ ਜਾਂਦਾ ਹੈ।[86] ਜਿਵੇਂ ਕਿ ਕੰਸ ਜ਼ਿਆਦਾ ਦੇਰ ਸ਼ਕਤੀਸ਼ਾਲੀ ਨਹੀਂ ਰਹਿ ਸਕਿਆ।

ਪ੍ਰਾਚੀਨ ਭਾਰਤੀ ਰਾਜਨੀਤਿਕ ਚਿੰਤਨ ਦੇ ਗ੍ਰੰਥਾਂ ਵਿਚ ਰਾਜ ਦੇ ਕਾਰਜਾਂ ਅਤੇ ਮਨੁੱਖੀ ਅਧਿਕਾਰਾਂ ਬਾਰੇ ਜਿਹੜੇ ਤੱਥ ਮਿਲਦੇ ਹਨ ਉਹ ਅੱਜ ਦੇ ਕਲਿਆਣਕਾਰੀ ਰਾਜ ਦੇ ਕਾਰਜਾਂ ਨਾਲ ਮਿਲਦੇ -ਜੁਲਦੇ ਹਨ। ਵੈਦਿਕ ਸਾਹਿਤ ਬੁਨਿਆਦੀ ਤੌਰ 'ਤੇ ਰਾਜ ਦੇ ਦੋ ਕਾਰਜਾਂ ਉੱਤੇ ਬਹੁਤ ਜ਼ੋਰ ਦਿੰਦਾ ਹੈ। ਰਾਜਾ ਸ਼ਾਂਤੀ, ਨਿਆਂ ਦੇਣ ਅਤੇ ਰੱਖਿਆ ਕਰਨ ਦਾ ਕਾਰਜ ਕਰਦਾ ਹੈ ਅਤੇ ਯੁੱਧ ਸਮੇਂ ਸੈਨਾ ਦੇ ਨਾਇਕ ਵਜੋਂ ਕਾਰਜਸ਼ੀਲ ਹੁੰਦਾ

---

[81] ਪਰਮਾਤਮਾਸ਼ਰਣ, *ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ,* ਪੰਨਾ-337.

[82] Benoy Kumar Sarkar(Translator), *The Sukraniti,* p.183.

[83] ਮਹੇਂਦਰ ਮਿੱਤਲ (ਅਨੁਵਾਦਕ), *ਸ਼ੁਕ੍ਰਨੀਤੀ,* ਪੰਨਾ-91

[84] ਕੌਟਲਿਆ, *ਅਰਥਸ਼ਾਸ਼ਤਰ,* ਡਾ. ਗੋਵਿੰਦ ਨਾਥ ਰਾਜਗੁਰੂ (ਅਨੁ.), ਪੰਨਾ-93

[85] Das, Abinas Chandra, *RG Vedic Culture,* p. 309.

[86] ਵਿਦਿਆਲੰਕਾਰ, ਸੁਮੇਧਾ, *ਮਹਾਂਭਾਰਤ ਮੇਂ ਸ਼ਾਂਤੀਪਰਵ ਕਾ ਅਲੋਚਨਾਤਮਕ ਅਧਿਐਨ,* ਪੰਨਾ-85.

ਹੈ। ਰਾਜੇ ਦੇ ਪਰਜਾ ਪ੍ਰਤੀ ਕਰਤੱਵ ਅਤੇ ਪਰਜਾ ਦੇ ਅਧਿਕਾਰ ਸੁਤੰਤਰਤਾ ਨੂੰ ਪ੍ਰਗਟ ਕਰਦੇ ਹਨ। ਪੱਛਮ ਵਿਚ ਰਾਜ ਦੇ ਉਦੇਸ਼ਾਂ ਅਤੇ ਕਾਰਜਾਂ ਦੇ ਪ੍ਰਸ਼ਨ ਨੂੰ ਲੈ ਕੇ ਰਾਜਨੀਤਿਕ ਵਿਚਾਰਕਾਂ ਵਿਚਕਾਰ ਵਿਚਾਰਾਂ ਦੇ ਵਿਸ਼ਾਲ ਵਖਰੇਵੇਂ ਰਹੇ ਹਨ। ਇਕ ਪਾਸੇ ਵਿਅਕਤੀਵਾਦੀ ਜੋ ਰਾਜ ਨੂੰ ਘੱਟ ਤੋਂ ਘੱਟ ਕੰਮ ਸੌਂਪਣ ਦੇ ਹੱਕ ਵਿਚ ਹਨ। ਦੂਜੇ ਪਾਸੇ ਆਦਰਸ਼ਵਾਦੀ ਜੋ ਰਾਜ ਨੂੰ ਵਿਅਕਤੀ ਦੇ ਜੀਵਨ ਦੇ ਹਰੇਕ ਖੇਤਰ ਵਿਚ ਦਖ਼ਲ ਦੇਣ ਦਾ ਹੱਕ ਦਿੰਦੇ ਹਨ। ਆਧੁਨਿਕ ਕਲਿਆਣਕਾਰੀ ਸਿਧਾਂਤ ਅਨੁਸਾਰ ਰਾਜ ਦਾ ਮੁੱਖ ਉਦੇਸ਼ ਸਾਰੇ ਵਿਅਕਤੀਆਂ ਦਾ ਕਲਿਆਣ ਹੈ।

ਭਾਰਤੀ ਪਰੰਪਰਾ ਵਿਚ ਰਾਜਤੰਤਰ ਵਿਵਸਥਾ ਨੂੰ ਸਵੀਕਾਰ ਕੀਤਾ ਗਿਆ ਹੈ ਪਰ ਇਸ ਵਿਚ ਪਰਜਾ ਦੀ ਪ੍ਰਵਾਨਗੀ ਨੂੰ ਜ਼ਰੂਰੀ ਮੰਨਿਆ ਗਿਆ ਹੈ। ਇਸ ਨਾਲ ਪ੍ਰਾਚੀਨ ਭਾਰਤੀ ਰਾਜਨੀਤਿਕ ਚਿੰਤਨ ਵਿਚ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾ ਲਈ ਰਾਜ ਨੂੰ ਜ਼ਰੂਰੀ, ਉਪਯੋਗੀ ਅਤੇ ਦੈਵੀ ਸੰਸਥਾ ਮੰਨਿਆ ਗਿਆ ਹੈ। ਭਾਰਤੀ ਰਾਜਨੀਤੀ ਚਿੰਤਨ ਵਿਚ ਅਜਿਹੇ ਰਾਜੇ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ ਜੋ ਨੈਤਿਕਤਾ ਅਤੇ ਧਰਮ 'ਤੇ ਆਧਾਰਿਤ ਹੋਵੇ, ਪਰਜਾ ਦੇ ਹਿੱਤਾਂ ਦੀ ਰੱਖਿਆ ਕਰ ਸਕੇ ਅਤੇ ਅਪਰਾਧੀਆਂ ਨੂੰ ਦੰਡ ਦੇ ਸਕੇ। ਇਸ ਦੇ ਨਾਲ ਰਾਜੇ ਦਾ ਗੁਣਵਾਨ ਅਤੇ ਚਰਿੱਤਰਵਾਨ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਰਾ ਜਤੰਤ੍ਰੀ ਵਿਵਸਥਾ ਵਿਚ ਲੋਕਤੰਤਰੀ ਗੁਣਾਂ ਵਾਲੀ ਅਵਸਥਾ ਹੋਵੇ ਅਤੇ ਲੋਕ ਹਿੱਤਾਂ ਦਾ ਖ਼ਿਆਲ ਰੱਖਿਆ ਜਾਵੇ। ਰਾਜਾ ਮਨੁੱਖੀ ਕਲਿਆਣ ਦੇ ਵਿਸਤ੍ਰਿਤ ਕਾਰਜ ਖੇਤਰ ਵਿਚ ਕਾਰਜਸ਼ੀਲ ਹੋਵੇ ਜਿਸ ਵਿਚ ਮਨੁੱਖ ਨੂੰ ਹਰੇਕ ਖੇਤਰ ਵਿਚ ਸੁਤੰਤਰਤਾ ਪ੍ਰਾਪਤ ਹੋਵੇ। ਭਾਰਤੀ ਰਾਜਨੀਤਿਕ ਪ੍ਰੰਪਰਾ ਨੂੰ ਧਰਮ ਅਤੇ ਨੈਤਿਕਤਾ 'ਤੇ ਆਧਾਰਿਤ ਮੰਨਿਆ ਗਿਆ ਹੈ ਅਤੇ ਰਾਜਨੀਤੀ ਨੂੰ ਧਰਮ ਸ਼ਾਸਤਰ ਦਾ ਹਿੱਸਾ ਮੰਨਿਆ ਗਿਆ ਹੈ।

**ਵਰਣ-ਪਰੰਪਰਾ ਬਨਾਮ ਗ਼ੁਲਾਮੀ**

ਭਾਰਤੀ ਪਰੰਪਰਾ ਵਿਚ ਸਮਾਜਿਕ ਸਮਾਨਤਾ ਦਾ ਸੰਕਲਪ ਨੈਤਿਕਤਾ ਦੀ ਕਸੌਟੀ 'ਤੇ ਖਰਾ ਨਹੀਂ ਉੱਤਰਦਾ। ਇਸ ਵਿਚ ਵਰਣ ਵੰਡ ਅਤੇ ਜਾਤਪਾਤ ਕਾਰਨ ਸਮਾਨਤਾ ਦੀ ਘਾਟ ਹੈ ਪਰ ਸਮਾਨਤਾ ਸੁਤੰਤਰਤਾ ਲਈ ਜ਼ਰੂਰੀ ਹੈ। ਮੰਨੂ ਦੇ ਸਿਧਾਂਤ ਕੁਝ ਇਸ ਤਰ੍ਹਾਂ ਦੇ ਸਨ ਜਿਨ੍ਹਾਂ ਤੋਂ ਇਸਤਰੀ ਅਤੇ ਸ਼ੂਦਰ ਦੀ ਗ਼ੁਲਾਮੀ ਦੇ ਕਾਰਨ ਸਪਸ਼ਟ ਹੋ ਜਾਂਦੇ ਹਨ:

> ਬਿਨਾਂ ਕਿਸੇ ਨਿੰਦਾ ਚੁਗ਼ਲੀ ਦੇ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਸ਼ੂਦਰ ਦਾ ਧਰਮ ਹੈ। ਬ੍ਰਾਹਮਣ ਨੂੰ ਬ੍ਰਹਮਾ ਨੇ ਮੂੰਹ ਤੋਂ ਪੈਦਾ ਕੀਤਾ ਹੈ। ਸੰਸਾਰ ਵਿਚ ਜੋ ਕੁਝ ਵੀ ਹੈ ਬ੍ਰਾਹਮਣ ਦਾ ਹੀ ਹੈ। ਬ੍ਰਾਹਮਣ ਜੋ ਕੁਝ ਵੀ ਦੂਜਿਆਂ ਤੋਂ ਲੈਂਦਾ ਹੈ ਉਹ ਸਭ ਕੁਝ ਉਸਦਾ ਆਪਣਾ ਹੈ। ਬ੍ਰਾਹਮਣ ਧਰਮ ਮੂਰਤ ਅਤੇ ਧਰਮ ਕਰਨ ਲਈ ਪੈਦਾ ਕੀਤਾ

ਹੈ। ਮੁਕਤੀ ਵੀ ਇਸੇ ਲ ਈ ਹੈ। ਇਸ ਲਈ ਸ੍ਰੇਸ਼ਟ ਹੈ। [87] ਰਾਜੇ ਦੁਆਰਾ ਕੋਈ ਵੀ ਬ੍ਰਾਹਮਣ ਵਿਅਕਤੀ ਮੁਕੱਦਮੇ ਦਾ ਫੈਸਲਾ ਸੁਣਾਉਣ ਲਈ ਲਗਾਇਆ ਜਾ ਸਕਦਾ ਹੈ ਪਰ ਬ੍ਰਾਹਮਣ ਦੇ ਕਰਮ ਕਰਨ ਵਾਲਾ ਸ਼ੂਦਰ ਵਕਾਲਤ ਜਾਂ ਫੈਸਲਾ ਨਹੀਂ ਕਰ ਸਕਦਾ। ਜਿਸ ਰਾਜ ਦਾ ਕੰਮ ਸ਼ੂਦਰ ਦੇਖਦੇ ਹਨ, ਉਸਦਾ ਰਾਜ ਚਿੱਕੜ ਵਿਚ ਫਸੀ ਗਾਂ ਵਾਂਗ ਦੁਖੀ ਰਹਿੰਦਾ ਹੈ। ਜਿਸ ਰਾਜ ਵਿਚ ਚਾਰ ਵਰਣ ਨਹੀਂ ਹਨ ਉਹ ਰਾਜਾ ਅੰਤ ਕਾਲ ਦੁਖੀ ਹੁੰਦਾ ਹੈ। ਜੇ ਸ਼ੂਦਰ ਤਿੰਨਾਂ ਵਰਣਾਂ ਨੂੰ ਗਾ ਲ਼ਾਂ ਕੱਢੇ ਤਾਂ ਉਸਦੀ ਜੀਭ ਵਿਚ ਮੋਰੀ ਕਰੋ। [88] ਮੂਰਖ ਬ੍ਰਾਹਮਣ ਰਾਜਾ ਨੂੰ ਉਪਦੇਸ਼ ਕਰ ਸਕਦਾ ਹੈ ਪਰ ਸ਼ੂਦਰ ਨਹੀਂ। ਜਿਸ ਰਾਜ ਵਿਚ ਧਰਮ ਵਿਚਾਰ ਸ਼ੂਦਰ ਕਰਦਾ ਹੈ ਉਹ ਛੇਤੀ ਹੀ ਨਾਸ਼ ਹੋਵੇਗਾ। ਜੱਜਾਂ ਦੀ ਭਲਾਈ-ਬੁਰਾਈ, ਸੱਚ-ਝੂਠ ਦੀ ਛਾਣਬੀਣ ਅਤੇ ਮੁਕੱਦਮਿਆਂ ਦੀ ਸੁਣਵਾਈ ਵਰਣਾਂ ਦੇ ਅਨੁਸਾਰ ਹੀ ਕਰਨੀ ਚਾਹੀਦੀ ਹੈ। [89] ਬ੍ਰਾਹਮਣ ਰਾਜਾ ਨੂੰ ਕਿਸੇ ਪ੍ਰਕਾਰ ਦਾ ਜੁਰਮਾਨਾ ਜਾਂ ਹਿੱਸਾ ਨਾ ਦੇਵੇ ਕਿਉਂਕਿ ਉਹ ਤਾਂ ਸਾਰੇ ਧਨ ਦਾ ਮਾਲਕ ਹੈ। [90] ਬ੍ਰਾਹਮਣ ਤੋਂ ਦੋ ਰੁਪਏ ਸੈਂਕੜੇ , ਕਸ਼ੱਤਰੀ ਤੋਂ ਤਿੰਨ , ਵੈਸ਼ ਤੋਂ ਚਾਰ ਅਤੇ ਸ਼ੂਦਰ ਤੋਂ ਪੰਜ ਰੁਪਏ ਵਿਆਜ ਪ੍ਰਾਪਤ ਕੀਤਾ ਜਾ ਸਕਦਾ ਹੈ। [91] ਰਾਜਾ ਸ਼ੂਦਰ ਤੋਂ ਬ੍ਰਾਹਮਣ ਦੀ ਸੇਵਾ ਕਰਵਾਏ। ਸ਼ੂਦਰ ਨੂੰ ਨੌਕਰੀ ਨਾ ਦੇ ਕੇ ਵੀ ਉਸਤੋਂ ਦਾਸ ਕਰਮ ਕਰਵਾਇਆ ਜਾ ਸਕਦਾ ਹੈ ਕਿਉਂਕਿ ਬ੍ਰਹਮਾ ਨੇ ਬ੍ਰਾਹਮਣ ਦੀ ਸੇਵਾ ਲਈ ਹੀ ਸ਼ੂਦਰਾਂ ਨੂੰ ਬਣਾਇਆ ਹੈ। ਮਾਲਕ ਦੁਆਰਾ ਆਜ਼ਾਦ ਸ਼ੂਦਰ ਵੀ ਗ਼ੁਲਾਮੀ ਤੋਂ ਮੁਕਤ ਨਹੀਂ ਹੁੰਦਾ ਕਿਉਂਕਿ ਗ਼ੁਲਾਮੀ ਸ਼ੂਦਰ ਦਾ ਸੁਭਾਵਿਕ ਧਰਮ ਹੈ। ਇਸ ਲਈ ਧਰਮ ਤੋਂ ਉਸਨੂੰ ਕੋਈ ਮੁ ਕਤ ਨਹੀਂ ਕਰ ਸਕਦਾ। [92] ਇਸਤਰੀ ਭਾਵੇਂ ਕਿਸੇ ਉਮਰ ਦੀ ਹੋਵੇ ਸੁਤੰਤਰ ਕੰਮ ਨਾ ਕਰੇ। ਵਿਧਵਾ ਔਰਤ ਦੂਜੇ ਪਤੀ ਦੀ ਇੱਛਾ ਨਾ ਕਰੇ।[93]

ਵਰਣ ਆਸ਼ਰਮ ਦੇ ਸਿਧਾਂਤ ਸਮਾਜ ਦੇ ਹੇਠਲੇ ਵਰਗਾਂ ਅਤੇ ਇਸਤਰੀ ਦੀ ਗ਼ੁਲਾਮੀ ਦਾ ਬਹੁਤ ਵੱਡਾ ਕਾਰਨ ਸਨ। ਇਸ ਕਰਕੇ ਦੇਸ਼ ਦੀ ਰਾਜਸੀ ਗ਼ੁਲਾਮੀ ਦੀ ਬੀਜ ਵੀ ਬੀਜੇ ਗਏ। ਦੇਸ਼ ਦੀ ਰੱਖਿਆ ਲਈ ਹੇਠਲੇ ਵਰਗਾਂ ਨੂੰ ਕੋਈ ਅਧਿਕਾਰ ਹੀ ਨਹੀਂ ਸੀ। ਇਸ ਵਿਚਾਰਧਾਰਾ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਰੱਬ ਨੇ ਸ਼ੂਦਰਾਂ ਨੂੰ ਦੂਜੀਆਂ ਜਾਤਾਂ ਦਾ ਗ਼ੁਲਾਮ ਬਣਾ ਕੇ ਪੈਦਾ ਕੀਤਾ ਹੈ। ਬ੍ਰਾਹਮਣ ਤ ਪੁਰਾਣ ਗ੍ਰੰਥ ਵਿਚ "ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਨੂੰ ਝੂਠ ਦਾ ਨਮੂਨਾ ਦੱਸਿਆ ਗਿਆ ਹੈ ਅਤੇ ਇਸਤਰੀ ਕਦੇ ਆਜ਼ਾਦੀ ਦੇ ਯੋਗ ਨਹੀਂ ਹੋ ਸਕਦੀ।"[94] ਤੁਲਸੀ ਦਾਸ ਨੇ ਰਮਾਇਣ ਵਿਚ ਸ਼ੂਦਰ ਅਤੇ ਔਰਤ ਨੂੰ ਪਸ਼ੂ ਸਮਾਨ ਅਤੇ ਤਾੜਨਾ ਦੀ ਅਧਿਕਾਰੀ ਕਿਹਾ ਹੈ:

> ਢੋਲ, ਗਵਾਰ, ਸੂਦ੍ਰ ਪਸੁ, ਨਾਰੀ।
> ਸਕਲ ਤਾੜਨ ਕੇ ਅਧਿਕਾਰੀ।[95]

---

[87] ਮੋਹਨ ਲਾਲ ਸ਼ਰਮਾ(ਅਨੁ.), *ਮੰਨੂ ਸਿਮ੍ਰਤੀ,* ਅਧਿਆਇ-1, ਪੰਨਾ-8
[88] ਉਹੀ, ਅਧਿਆਇ-8, ਪੰਨਾ-148
[89] ਉਹੀ, ਪੰਨਾ-146
[90] ਉਹੀ, ਪੰਨਾ-150
[91] ਉਹੀ, ਪੰਨਾ-160
[92] ਉਹੀ, ਪੰਨਾ-189
[93] ਉਹੀ, ਅਧਿਆਇ-9, ਪੰਨਾ-190
[94] ਵਯਾਸ, *ਬ੍ਰਾਹਮਣਤ ਪੁਰਾਣ*, ਜਗਦੀਸ਼ ਸ਼ਾਸ਼ਤ੍ਰੀ (ਸੰਪਾ.), ਪੰਨਾ- 15-31
[95] ਰਤਨ ਸਿੰਘ ਜੱਗੀ(ਡਾ.), (ਅਧਿਐਨ, ਸੰਪਾਦਨ ਅਤੇ ਵਿਆਖਿਆ), *ਤੁਲਸੀ ਰਮਾਇਣ,* (ਸੁੰਦਰ ਕਾਂਡ),ਪੰਨਾ-734

ਜਾਤ-ਪਾਤ ਦੀ ਵਿਚਾਰਧਾਰਾ ਅਨੁਸਾਰ ਮਨੁੱਖ ਜਮਾਂਦਰੂ ਹੀ ਨਾ ਬਰਾਬਰ ਹੈ "ਉਸ ਵਿਚਾਲੇ ਉਤਨਾ ਹੀ ਫ਼ਰਕ ਹੈ ਜਿਤਨਾ ਕੁੱਤੇ ਤੇ ਬੰਦੇ ਵਿਚਾਲੇ ਹੈ।[96] ਜੇ. ਡੀ. ਐਂਡਰਸਨ ਦੁਆਰਾ 'ਹਿੰਦੂ' ਦੀ ਦਿੱਤੀ ਪਰਿਭਾਸ਼ਾ ਵਿਚ ਵੀ ਜਾਤਪਾਤ ਦਾ ਭਾਵ ਸਪਸ਼ਟ ਦਿਖਾਈ ਦਿੰਦਾ ਹੈ, "ਹਿੰਦੂ ਦਾ ਅਰਥ ਸੀ ਜੋ ਭਾਰਤ ਵਿਚ ਰਹਿੰਦੇ ਹਨ, ਭਾਰਤੀ ਮਾਤਾ ਪਿਤਾ ਤੋਂ ਪੈਦਾ ਹੋਏ ਹਨ ਅਤੇ ਉਨ੍ਹਾਂ ਦੇ ਜਾਤਪਾਤ ਦੇ ਨਿਯਮਾਂ ਨੂੰ ਮੰਨਦੇ ਹੋਣ"।[97]

ਜਗਜੀਤ ਸਿੰਘ ਲਿਖਦੇ ਹਨ ਕਿ ਪੱਛਮੀ ਦੇਸ਼ਾਂ ਵਿਚ ਗ਼ੁਲਾਮ ਜਾਂ ਟਾਂਵੇਂ -ਟਾਂਵੇਂ ਬੰਦਿਆਂ ਦੇ ਨਾਂ ਘੱਟ ਗਿਣਤੀ ਦੇ ਮਾਲਕ ਗਰੁੱਪਾਂ ਦੇ ਗ਼ੁਲਾਮ ਹੁੰਦੇ ਸਨ। ਮਾਲਕਾਂ ਦੀ ਕਿਸਮਤ ਬਦਲਣ ਨਾਲ ਗ਼ੁਲਾਮਾਂ ਦੇ ਭਾਗ ਵੀ ਬਦਲ ਜਾਂਦੇ ਹਨ। ਰੋਮ ਦੇ ਗ਼ੁਲਾਮਾਂ ਨੇ ਸੁਤੰਤਰਤਾ ਹਾਸਲ ਕੀਤੀ ਅਤੇ ਮੁਸਲਮਾਨ ਸਲਤਨਤ ਦੇ ਕੁਝ ਬਾਦਸ਼ਾਹ ਵੀ ਗ਼ੁਲਾਮਾਂ ਵਿਚੋਂ ਬਣੇ। ਇਸਾਈ ਖੁਲ੍ਹਦਿਲੀ '*Liberalism*' ਦੇ ਅਸਰ ਹੇਠ ਸੰ ਯੁਕਤ ਰਾਜ ਅਮਰੀਕਾ ਵਿਚੋਂ ਗ਼ੁਲਾਮੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ ਪਰ ਭਾਰਤ ਵਿਚ ਸ਼ੂਦਰ ਕਿਸੇ ਇਕ ਇਲਾਕੇ ਵਿਚ ਜਾਂ ਕਿਸੇ ਇਕ ਬੰਦੇ ਦੇ ਗ਼ੁਲਾਮ ਨਹੀਂ ਸਨ ਸਗੋਂ ਪੂਰੇ ਜਾਤਪਾਤੀ ਸਿਸਟਮ ਅਤੇ ਜਾਤਪਾਤੀ ਸਮਾਜ ਦੇ ਗ਼ੁਲਾਮ ਸਨ।[98]

ਏ. ਬੇ. ਦੁਬੋਸ ਅਨੁਸਾਰ, "ਅਸਲ ਵਿਚ ਅਛੂਤ ਲੋਕ ਭਾਰਤ ਵਿਚ ਜਮਾਂਦਰੂ ਗ਼ੁਲਾਮ ਹਨ ਅਤੇ ਜੇ ਮੈਨੂੰ ਇਹ ਚੋਣ ਕਰਨੀ ਪਵੇ ਕਿ ਕਿਸੇ ਬਸਤੀ ਵਿਚ ਗ਼ੁਲਾਮ ਬਣ ਕੇ ਰਹਿਣਾ ਹੈ ਜਾਂ ਅਛੂਤ ਤਾਂ ਮੈਂ ਗ਼ੁਲਾਮ ਬਣ ਕੇ ਰਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਾਂਗਾ। "[99] ਗ਼ੁਲਾਮੀ ਨੂੰ ਸ਼ੂਦਰਾਂ ਦੇ ਅੰਦਰ ਜਮਾਂਦਰੂ ਮੰਨਿਆ ਗਿਆ ਹੈ। ਫਿਰ ਉਸਨੂੰ ਛੁਟਕਾਰਾ ਕੌਣ ਦਿਵਾ ਸਕਦਾ ਸੀ। ਬ੍ਰਾਹਮਣਵਾਦ ਨੇ ਇਸਤਰੀ ਨੂੰ ਵੀ ਸ਼ੂਦਰ ਦੇ ਦਰਜ਼ੇ 'ਤੇ ਪਹੁੰਚਾ ਦਿੱਤਾ ਸੀ ਅਤੇ ਇਸਤਰੀ ਤੇ ਸ਼ੂਦਰ ਦੇ ਸਾਰੇ ਅਧਿਕਾਰ ਖੋਹ ਲਏ ਸਨ।

ਉਪਰੋਕਤ ਸਾਰੇ ਵਿਸਥਾਰ ਦਾ ਸਾਰ ਇਹ ਹੈ ਕਿ ਭਾਰਤੀ ਰਾਜਨੀਤਿਕ ਚਿੰਤਨ ਵਿਚ ਰਾਜ ਦੇ ਕਾਰਜ ਧਰਮ 'ਤੇ ਅਧਾਰਿਤ ਮੰਨੇ ਗਏ ਹਨ ਅਤੇ ਪਰਜਾ ਦੇ ਹਿੱਤਾਂ ਦੀ ਰਾਖੀ ਕਰਨਾ ਹੀ ਰਾਜੇ ਦਾ ਧਰਮ

---

[96] Max Weber, *Religion in India ; The Sociology of Hinduism and Buddhism,* Hans H. Girth and Don, (Translator and Editor) p.144

[97] According to Anderson. "*A Hindu was one who was born in India of Indian parents on both sides and who accepted and obeyed the rule of his caste*" *The People of India*, W. Crooke (Editor), p.33

[98] *ਸਿੱਖ ਇਨਕਲਾਬ,* ਪੰਨਾ-33

[99] *Infact, these pariahs are born slaves of India and had i to Choose between the two sad states of being a slave in one of our colonies are a pariah here, I Should unhesitatingly of prefer the former.* Dubois, ABBE J.A. (Editor), *Hindu Manners, Customs and Ceremonies*,p.49

ਮੰਨਿਆ ਗਿਆ ਹੈ। ਰਾਜ ਦਾ ਧਰਮ ਤੇ ਨੈਤਿਕਤਾ ਨਾਲ ਕੀ ਸਬੰ ਧ ਹੋਣਾ ਚਾਹੀਦਾ ਹੈ ਅਤੇ ਰਾਜ ਸੱਤਾ ਤੇ ਵਿਅਕਤੀ ਦੀ ਸੁਤੰਤਰਤਾ ਵਿਚਕਾਰ ਕਿਸ ਤਰ੍ਹਾਂ ਦਾ ਅਨੁਪਾ ਤਕ ਰਿਸ਼ਤਾ ਹੋਣਾ ਚਾਹੀਦਾ ਹੈ। ਇਹ ਸਾਰਾ ਅਧਿਐਨ ਪ੍ਰਾਚੀਨ ਭਾਰਤੀ ਰਾਜਨੀਤਿਕ ਚਿੰਤਨ ਵਿਚ ਰਾਜੇ ਦੇ ਜਨਤਾ ਪ੍ਰਤੀ ਫ਼ ਰਜ਼ਾਂ ਅਤੇ ਜਨਤਾ ਪ੍ਰਤੀ ਰਾਜੇ ਦੇ ਕਰਤੱਵਾਂ ਵਿਚ ਸੁਤੰਤਰਤਾ ਦਾ ਸੰਕਲਪ ਪੇਸ਼ ਕਰਦਾ ਹੈ। ਇਸ ਵਿਚ ਕੁਝ ਖ਼ਾਮੀਆਂ ਵੀ ਸਨ। ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਰਾਜਾ ਕਿਸੇ ਵੀ ਧਰਮ ਨੂੰ ਪੂਰੇ ਤੌਰ 'ਤੇ ਨਹੀਂ ਮੰਨਦਾ ਸੀ। ਉਸ ਸਮੇਂ ਦੇ ਰਾਜਿਆਂ ਨੇ ਆਪਣੀ ਮਨਮਾਨੀ ਕੀਤੀ ਅਤੇ ਧਰਮ ਨੂੰ ਕਠਪੁਤਲੀ ਦੇ ਤੌਰ 'ਤੇ ਵਰਤਿਆ। ਇਹ ਦਸ਼ਾ ਉਤਪੰਨ ਹੋਣ 'ਤੇ ਭਾਰਤ ਵਿਚ ਰਾਜੇ ਧਰਮ ਦਾ ਰਸਤਾ ਛੱਡ ਕੇ ਜ਼ਮੀਨ ਅਤੇ ਘਰੇਲੂ ਝਗੜਿਆਂ ਵਿਚ ਪੈ ਗਏ। ਇਸ ਤ ਰ੍ਹਾਂ ਦੇਸ਼ 'ਤੇ ਮੁਸਲਿਮ ਹਮਲੇ ਸ਼ੁਰੂ ਹੋਏ ਅਤੇ ਇਸਲਾਮੀ ਰਾਜ ਕਾਇਮ ਹੋਇਆ ਜਿਸ ਵਿਚ ਅਨਿਆਂ ਅਤੇ ਜ਼ੁਲਮ ਦਾ ਬੋਲਬਾਲਾ ਸੀ। ਜਿਸ ਵਿਚ ਬ੍ਰਾਹਮਣਵਾਦ ਤੇ ਰਾਜਾਸ਼ਾਹੀ ਨੇ ਲੋਕਾਂ ਦਾ ਜਿਊਂਣਾ ਮੁਹਾਲ ਕਰ ਦਿੱਤਾ। ਇਸ ਲਈ ਸ਼ਪੱਸਟ ਹੈ ਕਿ ਭਾਰਤੀ ਤੇ ਪੱਛਮੀ ਪਰੰਪਰਾ ਵਿਚ ਰਾਜਨੀਤਿਕ ਢਾਂਚਿਆਂ ਵਿਚ ਸਿਧਾਂਤਕ ਤੌਰ 'ਤੇ ਤਾਂ ਕਲਿਆਣ ਦੀ ਗੱਲ ਸੀ ਪਰ ਅਮਲੀ ਤੌਰ 'ਤੇ ਨਹੀਂ ਸੀ। ਸਿਧਾਂਤ ਤੇ ਅਮਲ ਵਿਚ ਕੋਈ ਸੁਮੇਲ ਨਹੀਂ ਸੀ। ਭਾਰਤ ਵਿਚ ਜਾਤਪਾਤ ਅਤੇ ਛੂਤਛਾਤ ਨੇ ਤਾਂ ਕੁਝ ਵਰਗਾਂ ਨੂੰ ਗ਼ੁਲਾਮ ਹੀ ਬਣਾ ਦਿੱਤਾ ਸੀ। ਇਸ ਤਰ੍ਹਾਂ ਨਾ ਹੀ ਪੱਛਮੀ ਚਿੰਤਕ ਅਤੇ ਨਾ ਹੀ ਭਾਰਤੀ ਚਿੰਤਕ ਸਮਾਨਤਾ ਦਾ ਪੂਰਨ ਸਿਧਾਂਤ ਪੇਸ਼ ਕਰ ਸਕੇ।

## ਆਧੁਨਿਕ ਭਾਰਤੀ ਪਰਿਪੇਖ

ਭਾਰਤ ਲੰਮਾ ਸਮਾਂ ਮੁਗ਼ਲ ਅਤੇ ਅੰਗਰੇਜ਼ ਸਾਮਰਾਜ ਦਾ ਗ਼ੁਲਾਮ ਰਿਹਾ ਹੈ। ਆਧੁਨਿਕ ਭਾਰਤੀ ਰਾਜਨੀਤਿਕ ਚਿੰਤਕਾਂ ਦਾ ਧਿਆਨ ਰਾਜਸੀ ਤੇ ਰਾਸ਼ਟਰੀ ਸੁਤੰਤਰਤਾ 'ਤੇ ਕੇਂਦਰਿਤ ਰਿਹਾ ਹੈ। ਉਨ੍ਹਾਂ ਨੇ ਆਪਣੀ ਰਾਜਨੀਤਿਕ ਵਿਚਾਰਧਾਰਾ ਵਿਚ ਰਾਸ਼ਟਰੀ ਸੁਤੰਤਰਤਾ ਨੂੰ ਮਹੱਤਵ ਦਿੰਦਿਆਂ ਕਿਹਾ ਹੈ ਕਿ ਜੇਕਰ ਰਾਸ਼ਟਰ ਹੀ ਗ਼ੁਲਾਮ ਹੈ ਤਾਂ ਇਸਦੇ ਨਾ ਗਰਿਕ ਕਿਵੇਂ ਆਜ਼ਾਦ ਰਹਿ ਸਕਦੇ ਹਨ ? ਇਸ ਲਈ ਉਨ੍ਹਾਂ ਨੇ ਰਾਸ਼ਟਰੀ ਗ਼ੁਲਾਮੀ ਨੂੰ ਸਾਰੇ ਦੁੱਖਾਂ ਦਾ ਕਾਰਨ ਮੰਨਦਿਆਂ ਸੁਤੰਤਰਤਾ ਲਈ ਸਿਧਾਂਤ ਪੇਸ਼ ਕੀਤੇ ਅਤੇ ਜੱਦੋ ਜਹਿਦ ਕੀਤੀ।

### ਬਾਲ ਗੰਗਾਧਰ ਤਿਲਕ (1856–1920 ਈ.)

ਤਿਲਕ ਦੀ ਸੁਤੰਤਰਤਾ ਸਬੰਧੀ ਧਾਰਨਾ ਸਵਰਾਜ ਵਿਚੋਂ ਉਤਪੰਨ ਹੁੰਦੀ ਹੈ। ਬਰਤਾਨਵੀ ਰਾਜ ਦੇ ਅਧੀਨ ਹੀ ਉਹ ਸਵਰਾਜ ਪ੍ਰਾਪਤ ਕਰਨਾ ਚਾਹੁੰਦੇ ਸਨ। ਸਵਰਾਜ ਨੂੰ ਹਰ ਇਕ ਭਾਰਤੀ ਦਾ ਹੱਕ ਮੰਨਦਿਆਂ

ਉਨ੍ਹਾਂ ਕਿਹਾ *"Sawraj is my birth right & I will get it."*[100] ਤਿਲਕ ਅਨੁਸਾਰ ਸੁਤੰਤਰਤਾ ਰੂਹਾਨੀ ਭਾਵਨਾ ਹੈ ਜੋ ਕਦੇ ਖ਼ਤਮ ਨਹੀਂ ਹੋ ਸਕਦੀ। ਸੁਤੰਤਰਤਾ ਵਿਅਕਤੀ ਦੀ ਆਤਮਾ ਤੇ ਜਿੰਦ ਜਾਨ ਹੈ ਸੁਤੰਤਰਤਾ ਤੋਂ ਬਿਨਾਂ ਕਿਸੇ ਵਿਅਕਤੀ ਦਾ ਨੈਤਿਕ ਤੇ ਰੂਹਾਨੀ ਜੀਵਨ ਸੰਭਵ ਨਹੀਂ ਹੋ ਸਕਦਾ। ਵਿਦੇਸ਼ੀ ਸਾਮਰਾਜ ਰਾਸ਼ਟਰ ਦੀ ਆਤਮਾ ਨੂੰ ਨਸ਼ਟ ਕਰ ਦਿੰਦਾ ਹੈ। ਲੋਕਾਂ ਅੰਦਰ ਹੀਣਤਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਸੁਤੰਤਰਤਾ ਲਈ ਸੰਘਰਸ਼ ਕਰਨਾ ਹਰੇਕ ਵਿਅਕਤੀ ਦਾ ਜਮਾਂਦਰੂ ਅਧਿਕਾਰ ਹੈ ਅਤੇ ਇਸ ਲਈ ਸੰਘਰਸ਼ ਕਰਨਾ ਕੋਈ ਅਪਰਾਧ ਨਹੀਂ। ਤਿਲਕ ਨੇ ਸ ਵਰਾਜ ਦੀ ਮੰਗ ਨੂੰ ਨੈਤਿਕ, ਰਾਜਨੀਤਿਕ, ਸਮਾਜਿਕ ਤੇ ਅਧਿਆਤਮਿਕ ਆਧਾਰ 'ਤੇ ਨਿਆਂ ਉਚਿਤ ਸਿੱਧ ਕੀਤਾ ਹੈ। ਉਸਨੇ ਕਿਹਾ ਕਿ ਹਰ ਵਿਅਕਤੀ ਵਿਚ ਇਕ ਦੈਵੀ ਤੱਤ ਮੌਜੂਦ ਹੁੰਦਾ ਹੈ। ਜਿਸਨੂੰ ਅਨੁਭਵ ਕਰਨ ਲਈ ਜ਼ਰੂਰੀ ਹੈ ਕਿ ਉਸਨੂੰ ਧਰਮ ਅਨੁਸਾਰ ਵਿਵਹਾਰ ਕਰਨ ਲਈ ਸੁਤੰਤਰਤਾ ਮਿਲੇ। "ਤਿਲਕ ਰਾਜਨੀਤਿਕ ਦਾਰਸ਼ਨਿਕ ਸੀ। ਉਸਨੇ ਭਾਰਤ ਦੇ ਲੋਕਾਂ ਨੂੰ ਗ਼ੁਲਾਮੀ ਤੋਂ ਨਫ਼ਰਤ ਕਰਨ ਦੀ ਸਿੱਖਿਆ ਦਿੱਤੀ ਅਤੇ ਭਾਰਤ ਦੇ ਲੋਕਾਂ ਨੂੰ ਭਾਰਤ ਦੇ ਮਹਾਨ ਨਾਇਕ ਚੰਦਰਗੁਪਤ ਮੌਰੀਆ, ਸਮੁੰਦਰਗੁਪਤ ਅਤੇ ਸ਼ਿਵਾਜੀ ਦੀ ਉਦਾਹਰਣ ਦਿੰਦੇ ਹੋਏ ਇਕ ਕੜੀ ਵਿਚ ਇਕੱਠੇ ਹੋ ਕੇ ਗ਼ੁਲਾਮੀ ਵਿਰੁੱਧ ਲੜਾਈ ਲੜ ਨ ਦੀ ਪ੍ਰੇਰ ਨਾ ਦਿੱਤੀ।"[101] ਇਸ ਤਰ੍ਹਾਂ ਸੁਤੰਤਰਤਾ ਨੂੰ ਵਿਕਾਸ ਦੀ ਪਹਿਲੀ ਸ਼ਰਤ ਮੰਨਿਆ ਗਿਆ। ਤਿਲਕ ਸਮਾਜਿਕ ਸੁਤੰਤਰਤਾ ਨਾਲੋਂ ਰਾਜਨੀਤਿਕ ਸੁਤੰਤਰਤਾ ਨੂੰ ਜ਼ਿਆਦਾ ਪਹਿਲ ਦਿੰਦੇ ਸਨ। ਮਨੁੱਖੀ ਸੁਤੰਤਰਤਾ ਸਬੰਧੀ ਰਾਜ ਦਾ ਕੰਮ ਕੇਵਲ ਅਮਨ ਤੇ ਸ਼ਾਂਤੀ ਸਥਾਪਿਤ ਕਰਨਾ ਹੀ ਨਹੀਂ ਸਗੋਂ ਦੇਸ਼ ਦੀ ਖ਼ੁਸ਼ਹਾਲੀ ਨੂੰ ਵਿਕਸਤ ਕਰਨਾ ਵੀ ਹੈ। ਤਿਲਕ ਅਨੁਸਾਰ ਆਜ਼ਾਦੀ ਤੋਂ ਵਾਂਝਿਆਂ ਮਨੁੱਖ, ਮਨੁੱਖ ਨਹੀਂ ਰਹਿੰਦਾ।

**ਸਵਾਮੀ ਵਿਵੇਕਾਨੰਦ (1863–1902 ਈ.)**

ਸਵਾਮੀ ਵਿਵੇਕਾਨੰਦ ਅਨੁਸਾਰ ਸੁਤੰਤਰਤਾ ਮਨੁੱਖੀ ਜੀਵਨ ਦੀ ਅਮੁੱਲ ਵਸਤੂ ਹੈ। ਸੰਪੂਰਨ ਬ੍ਰਹਿਮੰਡ ਇਸ ਸੁਤੰਤਰਤਾ ਦੀ ਪ੍ਰਾਪਤੀ ਲਈ ਹੀ ਚੱਕਰ ਕੱਟਦਾ ਹੈ। ਵਿਅਕਤੀ ਦੇ ਵਿਕਾਸ ਲਈ ਅਧਿਆਤਮਿਕ, ਨੈਤਿਕ, ਮਾਨਸਿਕ ਅਤੇ ਬੌਧਿਕ ਸੁਤੰਤਰਤਾ ਜ਼ਰੂਰੀ ਹੈ। ਸਮਾਜਿਕ ਰੁਕਾਵਟਾਂ ਵਿਅਕਤੀ ਦੀ ਸੁਤੰਤਰਤਾ ਵਿ ਚ ਰੋਕ ਬਣਦੀਆਂ ਹਨ। ਮਾਨਵ ਵਿਕਾਸ ਦੀ ਪਹਿਲੀ ਸ਼ਰਤ ਸੁਤੰਤਰਤਾ ਹੈ। ਸਰੀਰਕ ,

---

[100] Verma, V. P., *Modern Indian Political Thought,* p. 210

[101] *"Tilk was a political phillosher. He Taught to India people of Country to hate slavery; hence he approach before the Indian people as a link in the chain of great Indian heroes Chandragupta Maurya, Samundergupta, and Shivaji. Who have Championed the cause of Liberty against institute and sub sudation"* Ibid, p. 210

ਮਾਨਸਿਕ ਅਤੇ ਅਧਿਆਤਮਕ ਸੁਤੰਤਰਤਾ ਪ੍ਰਾਪਤ ਕਰਨੀ ਹਰ ਵਿਅਕਤੀ ਦਾ ਕਰਤੱਵ ਹੈ। ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਸਭ ਸੁਤੰਤਰਤਾ ਪ੍ਰਾਪਤ ਕਰਨ ਵਿਚ ਸਹਾਇਕ ਹੋਵੇ। ਉਹ ਸੰਸਥਾਵਾਂ ਉਤਸ਼ਾਹਿਤ ਕੀਤੀਆਂ ਜਾਣ ਜਿਨ੍ਹਾਂ ਦੁਆਰਾ ਵਿਅਕਤੀ ਸੁਤੰਤਰਤਾ ਦੇ ਰਾਹ ਉੱਤੇ ਚੱਲ ਸਕਣ।[102]

ਸਵਾਮੀ ਵਿਵੇਕਾਨੰਦ ਅਨੁਸਾਰ ਸੁਤੰਤਰਤਾ ਵਿਕਾਸ ਦੀ ਪਹਿਲੀ ਸ਼ਰਤ ਹੈ ਜਿਵੇਂ ਇਕ ਆਦਮੀ ਨੂੰ ਸੋਚਣ ਅਤੇ ਬੋਲਣ ਦੀ ਸੁਤੰਤਰਤਾ ਹੈ ਉਸੇ ਤਰ੍ਹਾਂ ਉਸਨੂੰ ਖਾਣ-ਪੀਣ, ਪਹਿਨਣ, ਵਿਆਹ ਕਰਾਉਣ ਆਦਿ ਹਰ ਖੇਤਰ ਵਿਚ ਸੁਤੰਤਰਤਾ ਹੋਣੀ ਚਾਹੀਦੀ ਹੈ ਜਦੋਂ ਤੱਕ ਉਹ ਕਿਸੇ ਦੂਸਰੇ ਨੂੰ ਤਕਲੀਫ਼ ਨਾ ਪਹੁੰਚਾਏ। ਜ਼ਿੰਦਗੀ ਸੁਤੰਤਰਤਾ ਦਾ ਵੱਡਾ ਇਕਰਾਰ ਹੈ। ਸੁਤੰਤਰ ਤਾ ਬਹੁਤ ਸਾਰੇ ਕਾਨੂੰਨਾਂ ਵਿਚ ਬੰਨੀ ਨਹੀਂ ਜਾ ਸਕਦੀ। ਜਿਸ ਸਮਾਜ ਵਿਚ ਬਹੁਤ ਸਾਰੇ ਕਾਨੂੰਨ ਹੋਣ ਉਸ ਸਮਾਜ ਦੀ ਮੌਤ ਜਲਦ ਸੰਭਵ ਹੈ। ਸਵਾਮੀ ਵਿਵੇਕਾਨੰਦ ਲਿਖਦੇ ਹਨ, "ਅਸੀਂ ਜੀਵਨ ਵਿਚ ਦੁੱਖ-ਸੁੱਖ ਸਹਿਣ ਕਰ ਸਕਦੇ ਹਾਂ ਪਰ ਗ਼ੁਲਾਮੀ ਬਿਲਕੁਲ ਨਹੀਂ। ਸਾਰਾ ਸੰਸਾਰ ਆਪਣੀ-ਆਪਣੀ ਸੁਤੰਤਰਤਾ ਦੀ ਖੋਜ ਕਰ ਰਿਹਾ ਹੈ। ਸੰਪੱਤੀ, ਗਿਆਨ ਤੇ ਸਿੱਖਿਆ ਵਿਚ ਕਿਸੇ ਕਿਸਮ ਦਾ ਬੰਧਨ ਨਹੀਂ ਹੋਣਾ ਚਾਹੀਦਾ।"[103] ਸਵਾਮੀ ਵਿਵੇਕਾਨੰਦ ਅਨੁਸਾਰ ਆਜ਼ਾਦੀ ਵਿਕਾਸ ਅਤੇ ਉੱਨਤੀ ਦੀ ਪਹਿਲੀ ਸ਼ਰਤ ਹੈ। ਉਹ ਕਾਹਦੀ ਆਜ਼ਾਦੀ ਜਿਥੇ ਗ਼ਰੀਬਾਂ ਦੀਆਂ ਲੋੜਾਂ ਕਦੇ ਪੂਰੀਆਂ ਨਹੀਂ ਹੋਣਗੀਆਂ।[104]

**ਮਹਾਤਮਾ ਗਾਂਧੀ (1869–1948 ਈ.)**

ਮਹਾਤਮਾ ਗਾਂਧੀ ਦੀ ਸੁਤੰਤਰਤਾ ਦੀ ਧਾਰਨਾ ਵੀ ਉਨ੍ਹਾਂ ਦੇ ਸਵਰਾਜ ਦੇ ਸਿਧਾਂਤ ਨਾਲ ਜੁੜੀ ਹੋਈ ਹੈ। ਮਹਾਤਮਾ ਗਾਂਧੀ ਨੇ ਆਪਣੀ ਰਚਨਾ "ਹਿੰਦ ਸਵਰਾਜ" ਵਿਚ ਆਪਣੇ ਸੰਕਲਪਿਤ ਆਦਰਸ਼ ਸਮਾਜ ਦਾ ਰੂਪ ਚਿਤਰਿਆ ਹੈ। ਗਾਂਧੀ ਅਨੁਸਾਰ ਜਿੰਨੀਆਂ ਵੀ ਬੁਰਾਈਆਂ ਸਮਾਜ ਵਿਚ ਆਈਆਂ ਹਨ। ਉਨ੍ਹਾਂ ਦਾ ਮੁੱਖ ਕਾਰਨ ਪੱਛਮੀ ਸਭਿਅਤਾ ਹੈ। ਜਿਸ ਵਿਚ ਪਦਾਰਥ ਕ ਕਦਰਾਂ ਕੀਮਤਾਂ ਦੀ ਪ੍ਰਧਾਨਗੀ ਹੁੰਦੀ ਹੈ। ਇਸਦਾ ਸਿੱਟਾ ਇਹ ਹੁੰਦਾ ਹੈ ਕਿ ਮਨੁੱਖ ਦੀ ਆਤਮਾ ਪਦਾਰਥਕ ਬੰਧਨਾਂ ਵਿਚ ਪੈ ਕੇ ਸੁਤੰਤਰਤਾ ਤੋਂ ਹੱਥ ਧੋ ਬਹਿੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਮਨੁੱ ਖ ਦਾ ਪਰਮ ਲਕਸ਼ ਅੰਤਰੀਵ ਸੁਤੰਤਰਤਾ ਨੂੰ ਪ੍ਰਾਪਤ ਕਰਨਾ ਹੈ। ਜਦੋਂ ਮਨੁੱਖ ਮੋਹ ਮਾਇਆ ਵਿਚ ਤੇ ਪਦਾਰਥਕ ਚੀਜ਼ਾਂ ਨਾਲ ਉਲਝ ਕੇ ਆਪਣੀ ਅੰਤਰੀਵ ਸੁਤੰਤਰਤਾ ਨੂੰ ਖੋਹ

---

[102] V.P Verma, *Modern Indian Political Thought,* p.43.

[103] Ibid, p.27

[104] "*Swami says, Freedom is the first prerequisite of growth and development, O India will this Shameless cowardice really give our freedom which can be worthy only of a hero; the demand of the poor will never be satisfied."* B.N. Roy, R. K. Mishra, *Indian political Thought*, p.89-90

ਲੈਂਦਾ ਹੈ ਤਾਂ ਉਹ ਪਸ਼ੂ ਦੇ ਸਮਾਨ ਹੁੰਦਾ ਹੈ। ਗਾਂਧੀ ਅਨੁਸਾਰ 'ਸਵਰਾਜ' ਦਾ ਅਰਥ ਆਪਣੇ 'ਤੇ ਰਾਜ ਹੈ। ਸਵਰਾਜ ਕੋਈ ਅਜਿਹੀ ਮਨੁੱਖੀ ਸਥਿਤੀ ਨਹੀਂ ਕਿ ਵਿਅਕਤੀ ਬਾਹਰੀ ਗਤੀਵਿਧੀਆਂ ਬਾਰੇ ਅਚੇਤ ਹੋਵੇ। ਸਵਰਾਜ ਦੇ ਅਨੁਸਾਰ ਮਨੁੱਖ ਸਦਾ ਅੰਤਰਗਤ ਤੇ ਬਾਹਰਗਤ , ਅਸੱਤ ਜਾਂ ਬਦੀ ਦੇ ਖਿਲਾਫ਼ ਸਦਾ ਸੰਘਰਸ਼ ਕਰਦਾ ਰਹਿੰਦਾ ਹੈ।[105] ਇਸ ਵਾਸਤੇ ਗਾਂਧੀ ਨੇ ਸੱ ਤਿਆਗ੍ਰਹਿ ਦਾ ਸੰਕਲਪ ਦਿੱਤਾ ਜਿਸ ਵਿਚ ਮਨੁੱਖ ਸਦਾ ਸੱਤ ਵਾਸਤੇ ਸੰਘਰਸ਼ ਕਰਦਾ ਰਹਿੰਦਾ ਹੈ। ਸੀਮਾ ਰਾਇ ਕੁਰਮੀ ਅਨੁਸਾਰ ਸਵਰਾਜ ਦਾ ਸਿਧਾਂਤ ਮਹਾਤਮਾ ਗਾਂਧੀ ਦੇ ਸੁਤੰਤਰਤਾ ਦਰਸ਼ਨ ਦਾ ਇਕ ਮੁੱਖ ਭਾਵ ਹੈ। ਮਹਾਤਮਾ ਗਾਂਧੀ ਦੇ ਦਰਸ਼ਨ ਸ਼ਾਸਤਰ ਅਨੁਸਾਰ ਸਵਰਾਜ ਜਿਸਦਾ ਅਰਥ ਹੈ ਸ੍ਵੈ-ਰਾਜ ਭਾਵ ਆਪਣਾ ਰਾਜ, ਸੁਤੰਤਰਤਾ ਦੀ ਧਾਰਨਾ ਦਾ ਮੂਲ ਹੈ ਅਤੇ ਇਹ ਉਨ੍ਹਾਂ ਦੀ ਸੁਤੰਤਰਤਾ ਦੀ ਧਾਰਨਾ ਨੂੰ ਸਮਝਣ ਲਈ ਢੁਕਵਾਂ ਹੈ। ਗਾਂਧੀ ਦੀ ਸਵਰਾਜ ਸਬੰਧੀ ਧਾਰਣਾ ਪੱਛਮੀ ਅਤੇ ਭਾਰਤੀ ਵਿਚਾਰਾਂ ਦਾ ਮਿਸ਼ਰ ਨ ਹੈ। ਗਾਂਧੀ ਨੇ ਗੀਤਾ ਅਨੁਸਾਰ ਕਰਮ , ਬੁੱਧ ਧਰਮ ਅਨੁਸਾਰ ਸਤਿਆ (ਸੱਚ) ਅਤੇ ਜੈਨ ਅਨੁਸਾਰ ਅਹੀਸਮਾ (ਅਹਿੰਸਾ) ਨੂੰ ਸੁਤੰਤਰਤਾ ਦਾ ਦਰਸ਼ਨ ਸ਼ਾਸਤਰ ਮੰਨਿਆ। ਆਰਥਿਕ ਸਵਰਾਜ, ਰਾਜਨੀਤਿਕ ਸਵਰਾਜ, ਨੈਤਿਕ ਸਵਰਾਜ ਇਹ ਪੂਰ ਨ ਸਵਰਾਜ ਪਾਉਣ ਦਾ ਹੀ ਟੀਚਾ ਸੀ ਭਾਵ ਪੂਰਨ ਸੁਤੰਤਰਤਾ। ਇਸ ਤਰ੍ਹਾਂ ਨਾਲ ਸੁਤੰਤਰਤਾ ਦੀ ਧਾਰਨਾ ਉਨ੍ਹਾਂ ਦੇ ਪੂਰਨ ਸਵਾਰਜ ਦੇ ਸੰਕਲਪ ਵਿਚੋਂ ਉਤਪੰਨ ਹੁੰਦੀ ਹੈ।[106] ਉਨ੍ਹਾਂ ਅਨੁਸਾਰ ਪੂਰ ਨ ਸਵਰਾਜ ਦਾ ਮਤਲਬ ਰਾਜਨੀਤਿਕ ਤੌਰ 'ਤੇ ਆਤਮ ਨਿਰਭਰਤਾ ਅਤੇ ਇਕ ਨਵੇਂ ਸਮਾਜ ਦਾ ਨਿਰਮਾਣ ਕਰਨਾ ਹੈ। ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਗਾਂਧੀ ਦਾ ਵਿਚਾਰ ਸੀ ਕਿ ਰਾਜਨੀਤਿਕ ਸ਼ਕਤੀ ਲੋਕਾਂ ਨਾਲ ਸਬੰਧ ਰੱਖਦੀ ਹੈ ਅਤੇ ਇਸ ਲਈ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਆਪਣੇ ਪ੍ਰਤੀਨਿਧ ਚੁਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਸੁਤੰਤਰਤਾ ਦੀ ਸਵਰਾਜ ਦੇ ਰੂਪ ਵਿਚ ਮੰਗ ਕੀਤੀ ਭਾਵ ਆਪਣਾ ਰਾਜ ਜਿਸ ਵਿਚ ਕਾਨੂੰਨ ਅਨੁਸਾਰ ਸਭ ਨੂੰ ਬਰਾਬਰ ਹੱਕ ਮਿਲਣ। ਸ਼ਪਸਟ ਹੈ ਕਿ ਗਾਂਧੀ ਦਾ ਨੈਤਿਕ ਤੇ ਅਧਿਆਤਮਕ ਸੁਤੰਤਰਤਾ ਦੇ ਆਦਰਸ਼ਾਂ ਪ੍ਰਤੀ ਡੂੰਘਾ ਵਿਸ਼ਵਾਸ ਸੀ। ਉਨ੍ਹਾਂ ਦੀ ਸੁਤੰਤਰਤਾ ਦੀ ਧਾਰਨਾ ਸਵਰਾਜ ਨਾਲ ਜੁੜੀ ਹੋਈ ਸੀ। ਉਹ ਸਵਰਾਜ ਨੂੰ ਸੱਚ ਦਾ ਅੰਗ ਮੰਨਦੇ ਹਨ ਅਤੇ ਇਸ ਰਾਹੀਂ ਰਾਜਨੀਤਿਕ ਸੁਤੰਤਰਤਾ ਦੀ ਕਾਮਨਾ ਕਰਦੇ ਸਨ। ਸੁਤੰਤਰਤਾ ਲਈ ਗਾਂਧੀ ਨੇ ਨਿਰੋਲ ਅਹਿੰਸਾ ਦਾ ਸਿਧਾਂਤ ਪੇਸ਼ ਕੀਤਾ ਹੈ ਜੋ ਪੂਰਣ ਨਹੀਂ। ਗੁਰਮਤਿ ਵਿਚ ਲੋੜ ਪੈਣ 'ਤੇ ਹਿੰਸਾ ਦਾ ਪ੍ਰਯੋਗ ਵੀ ਜ਼ਰੂਰੀ ਦੱਸਿਆ ਗਿਆ ਹੈ।

---

[105] M. K Gandhi, *Hind Swaraj or Home India Rule*, p. 29-30

[106] Kurmi, Seema Roy, *Liberty in Indian Political Thinking, (A comparative Study of Gandhi and Nehru,)* p. 14.

**ਅਰਬਿੰਦ ਘੋਸ਼ (1878–1950 ਈ.)**

ਅਰਬਿੰਦ ਦੀ ਸੁਤੰਤਰਤਾ ਦੀ ਧਾਰਨਾ ਵੀ ਸਵਰਾਜ ਨਾਲ ਜੁੜੀ ਨਜ਼ਰ ਆਉਂਦੀ ਹੈ। ਅਰਬਿੰਦ ਲਿਖਦੇ ਹਨ "ਆਤਮਿਕ ਸ਼ਕਤੀ ਨੂੰ ਜਾਗ੍ਰਿਤ ਕਰਕੇ ਸਵਰਾਜ ਪ੍ਰਾਪਤ ਕਰ ਲੈਣ ਨਾਲ ਸਾਨੂੰ ਸਮਾਜਿਕ ਦ੍ਰਿੜ੍ਹਤਾ, ਬੌਧਿਕ ਮਹੱਤਤਾ, ਰਾਜਨੀਤਿਕ ਸੁਤੰਤਰਤਾ ਆਦਿ ਪ੍ਰਾਪਤ ਹੋ ਜਾਣਗੇ। ਵਿਅਕਤੀ ਦੇ ਵਿਕਾਸ ਲਈ ਸੁਤੰਤਰਤਾ ਜ਼ਰੂਰੀ ਸ਼ ਰਤ ਹੈ ਅਤੇ ਰਾਜ ਵਿਅਕਤੀ ਦੀ ਸੁਤੰਤਰਤਾ ਦੇ ਰਾਹ ਵਿਚ ਰੋੜਾ ਬਣਦਾ ਹੈ। ਉਹ ਇੱਕ ਰਾਸ਼ਟਰਵਾਦੀ ਵਿਚਾਰਕ ਸੀ। ਉਸਦਾ ਮਤ ਸੀ ਕਿ ਰਾਜ ਦਾ ਕੰਮ ਵਿਅਕਤੀ ਦੇ ਰਸਤੇ ਵਿਚ ਪੈਦਾ ਹੋਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ। ਰਾਜ ਦਾ ਉਦੇਸ਼ ਸਾਰੇ ਵਿਅਕਤੀਆਂ ਦਾ ਕਲਿਆਣ ਕਰਨਾ ਹੋਣਾ ਚਾਹੀਦਾ ਹੈ। ਉਹ ਰਾਜ ਨੂੰ ਗ਼ੁਲਾਮੀ , ਜਬਰਨ ਅਸਮਾਨਤਾ ਅਤੇ ਅਧੀਨਤਾ ਦੀ ਭਾਵਨਾ ਤੋਂ ਮੁਕਤ ਕਰਨ ਦੇ ਹੱਕ ਵਿਚ ਸਨ।[107] ਅਰਬਿੰਦ ਨੇ ਗ਼ੁਲਾਮੀ ਨੂੰ ਭਾਰਤ ਦੇ ਮੱਥੇ 'ਤੇ ਕਲੰਕ ਮੰਨਿਆ ਸੀ।

**ਮਾਨਵੇਂਦ੍ਰ ਨਾਥ ਰਾਇ (1886–1954 ਈ.)**

ਐਮ. ਐਨ. ਰਾਏ ਦੀ ਰਾਜਨੀਤਿਕ ਵਿਚਾਰਧਾਰਾ ਵਿਚ ਵਿਅਕਤੀਗਤ ਸੁਤੰਤਰਤਾ ਦਾ ਪ੍ਰਮੁੱਖ ਸਥਾਨ ਹੈ। ਸੁਤੰਤਰਤਾ ਨੂੰ ਉਹ ਮਨੁੱਖ ਦੇ ਕਲਿਆਣ ਦਾ ਮੂਲ ਆ ਧਾਰ ਸਮਝਦੇ ਹਨ। ਰਾਏ ਕੇਵਲ ਸਰੀਰਕ ਸੁਤੰਤਰਤਾ ਦੇ ਸਮਰਥਕ ਹੀ ਨਹੀਂ ਸਨ ਸਗੋਂ ਉਹਨਾਂ ਦੇ ਵਿਚਾਰਾਂ ਵਿਚ ਮਾਨਸਿਕ ਸੁਤੰਤਰਤਾ ਦਾ ਬਹੁਤ ਮਹੱਤਵ ਸੀ। ਰਾਏ ਵਿਅਕਤੀ ਦੀ ਬੌਧਿਕਤਾ ਨੂੰ ਗ਼ੁਲਾਮ ਬਣਾਉਣ ਵਾਲੀਆਂ ਸ਼ਕਤੀਆਂ ਦੇ ਵਿਰੁੱਧ ਸਨ। ਰਾਏ ਧਰਮ ਨੂੰ ਵਿਅਕਤੀਗਤ ਸੁਤੰਤਰਤਾ ਦਾ ਵੈਰੀ ਸਮਝਦੇ ਸਨ। ਉਹ ਵਿਅਕਤੀਆਂ ਨੂੰ ਧਾਰਮਿਕ ਤੇ ਰੂਹਾਨੀ ਬੰਧਨਾਂ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ। ਐਮ . ਐਨ. ਰਾਇ ਲਿਖਦੇ ਹਨ "ਸੁਤੰਤਰਤਾ ਦੀ ਭਾਵਨਾ ਵਿਅਕਤੀ ਦੀ ਇੱਕ ਸੁਭਾਵਿਕ ਭਾਵਨਾ ਹੈ ਜਿਸ ਦਾ ਕਦੇ ਵੀ ਅੰਤ ਨਹੀਂ ਹੁੰਦਾ। ਵਿਅਕਤੀ ਦੀ ਵਿਅਕਤੀਗਤ, ਆਰਥਿਕ ਤੇ ਰਾਜਨੀਤਿਕ ਸੁਤੰਤਰਤਾ ਸਰਵ-ਪੱਖੀ ਵਿਕਾਸ ਲਈ ਜ਼ਰੂਰੀ ਹੈ।"[108]

ਉਨ੍ਹਾਂ ਅਨੁਸਾਰ ਸਮੁੱਚੀ ਰਾਜਨੀਤਿਕ ਵਿਚਾਰਧਾਰਾ ਦਾ ਕੇਂਦਰ ਬਿੰਦੂ ਵਿਅਕਤੀ ਦੀ ਸੁਤੰਤਰਤਾ ਹੈ। ਰਾਏ ਅਨੁਸਾਰ ਸੁਤੰਤਰਤਾ ਸਭਿਅਕ ਸਮਾਜਿਕ ਜੀਵਨ ਦਾ ਮੂਲ ਆਧਾਰ ਹੈ। ਸੁਤੰਤਰਤਾ ਆਦਰਸ਼ ਹੈ ਜਿਸ ਬਿਨਾਂ ਕਿਸੇ ਪ੍ਰਕਾਰ ਦਾ ਸਭਿਅਕ ਜੀਵਨ ਨਹੀਂ ਹੋ ਸਕਦਾ। ਉਹ ਨੈਤਿਕਤਾ ਨੂੰ ਧਰਮ 'ਤੇ ਅਧਾਰਿਤ ਨਹੀਂ ਸਗੋਂ ਧਰਮ ਤੋਂ ਸੁਤੰਤਰ ਮੰਨਦੇ ਸਨ।[109] ਇਸ ਲਈ ਨੈਤਿਕਤਾ ਸੁਤੰਤਰਤਾ ਦਾ ਮੂਲ ਆਧਾਰ ਹੈ।

---

107 Roy, B. N., Mishra , R. K., *Indian political Thought*, p. 248-249

108 Mohanty, D. K., *Indian Political Tradition*, p. 343.

109 Roy, M.N., *New Humanism A Manifesto*, p.37.

**ਜੈ ਪ੍ਰਕਾਸ਼ ਨਰਾਇਣ (1902–1979 ਈ.)**

ਜੈ ਪ੍ਰਕਾਸ਼ ਨਰਾਇਣ ਦਾ ਵਿਚਾਰ ਸੀ ਕਿ ਜਿਸ ਰਾਜਨੀਤਿਕ ਪ੍ਰਣਾਲੀ ਅਧੀਨ ਵਿਅਕਤੀ ਨੂੰ ਸੁਤੰਤਰਤਾ ਪ੍ਰਾਪਤ ਨਹੀਂ ਹੁੰਦੀ, ਅਜਿਹੀ ਪ੍ਰਣਾਲੀ ਅਧੀਨ ਮਨੁੱਖੀ ਵਿਕਾਸ ਸੰਭਵ ਨਹੀਂ ਹੋ ਸਕਦਾ। ਨਰਾਇਣ ਕੇਵਲ ਵਿਅਕਤੀਗਤ ਸੁਤੰਤਰਤਾ ਉੱਤੇ ਹੀ ਨਹੀਂ ਸਗੋਂ ਸਮਾਜਿਕ, ਰਾਜਨੀਤਿਕ ਤੇ ਨੈਤਿਕ ਸੁਤੰਤਰਤਾ 'ਤੇ ਵੀ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਮੱਤ ਸੀ ਕਿ ਸਭ ਸੁੱਖਾਂ ਲਈ ਸਾਨੂੰ ਸਭ ਤੋਂ ਪਹਿਲਾਂ ਰਾਜਨੀਤਿਕ ਸੁਤੰਤਰਤਾ ਹਾਸਲ ਕਰਨੀ ਹੋਵੇਗੀ। ਭਾਰਤ ਦੇਸ਼ ਜ਼ਰੂਰ ਆਜ਼ਾਦ ਹੋਣਾ ਚਾਹੀਦਾ ਹੈ , ਇਸ ਨਾਲ ਹੀ ਦੇਸ਼ ਦਾ ਸਮਾਜੀਕਰਨ ਹੋ ਸਕਦਾ ਹੈ।[110] ਸੁਤੰਤਰਤਾ ਦੇ ਸਾਰੇ ਪੱਖ ਅੰਤਰ -ਸਬੰਧਤ ਸਨ। ਕਿਸੇ ਇਕ ਪੱਖ ਦੀ ਅਣਹੋਂਦ ਵੀ ਸੁਤੰਤਰਤਾ ਦੀ ਵਿਵਹਾਰਕ ਉਪਲਬਧਤਾ ਨੂੰ ਅਰਥਹੀਣ ਬਣਾ ਦਿੰਦੀ ਹੈ। ਨਰਾਇਣ ਲਿਖਦੇ ਹਨ, "ਜਿਥੇ ਵਿਅਕਤੀਆਂ ਨੂੰ ਆਰਥਿਕ ਸੁਤੰਤਰਤਾ ਉਪਲਬਧ ਨਹੀਂ ਹੈ ਉੱਥੇ ਰਾਜਨੀਤਿਕ ਤੇ ਸਮਾਜਿਕ ਸੁਤੰਤਰਤਾ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਸੁਤੰਤਰਤਾ ਕੇਵਲ ਲੋਕ ਰਾਜ ਵਿਚ ਹੀ ਮਾਣੀ ਜਾ ਸਕਦੀ ਹੈ। ਉਹਨਾਂ ਦਾ ਵਿਚਾਰ ਸੀ ਕਿ ਜੇਕਰ ਵਿਅਕਤੀਆਂ ਨੂੰ ਰਾਜ ਵੱਲੋਂ ਸੁਤੰਤਰਤਾ ਤੇ ਸਮਾਨਤਾ ਨਾ ਪ੍ਰਦਾਨ ਕੀਤੀ ਜਾਵੇ ਤਾਂ ਰਾਜ ਦੇ ਲੋਕ ਆਪਣਾ ਸਰਵਪੱਖੀ ਵਿਕਾਸ ਨਹੀਂ ਕਰ ਸਕਦੇ। ਸਰਵੋਦਯ ਦਰਸ਼ਨ ਨੂੰ ਜੈ ਪ੍ਰਕਾਸ਼ ਨੇ ਨਵੀਂ ਪ੍ਰਕਾਰ ਦਾ ਸਮਾਜਵਾਦ ਦੱਸਿਆ ਹੈ। ਸਰਵੋਦਯ ਸ਼ਬਦ ਦੋ ਸ਼ਬਦਾਂ ਦਾ ਜੋੜ ਹੈ , ਇਕ ਸਰਵ ਤੇ ਦੂਜੇ ਉਦੈ। ਇਸ ਦਾ ਲਫ਼ਜ਼ੀ ਅਰਥ ਹੈ, ਸਰਬੱਤ ਦਾ ਭਲਾ।"[111] ਸਰਬੱਤ ਦੇ ਭਲੇ ਵਿਚ ਹੀ ਸੁਤੰਤਰਤਾ ਦਾ ਪ੍ਰਤੀਪਾਦਨ ਹੁੰਦਾ ਹੈ। ਉਨ੍ਹਾਂ ਦਾ ਮੱਤ ਸੀ ਕਿ ਸਰਵੋਦਿਯ ਸਮਾਜਿਕ ਕ੍ਰਾਂਤੀ ਦਾ ਸਭ ਤੋਂ ਠੋਸ ਪ੍ਰੋਗਰਾਮ ਹੈ।[112] ਸਰਵੋਦਿਯ ਗੁਰਮਤਿ ਦੇ ਸਿਧਾਂਤ ਦੀ ਤਰਜ਼ਮਾਨੀ ਕਰਦਾ ਹੈ।

**ਜਵਾਹਰ ਲਾਲ ਨਹਿਰੂ (1889–1964ਈ.)**

ਉਦਾਰਵਾਦੀ ਚਿੰਤਕਾਂ ਦੀ ਤਰ੍ਹਾਂ ਪੰਡਿਤ ਜਵਾਹਰ ਲਾਲ ਨਹਿਰੂ ਵਿਅਕਤੀਗਤ ਸੁਤੰਤਰਤਾ ਵਿਚ ਵਿਸ਼ਵਾਸ ਕਰਦੇ ਹਨ। ਇਹਨਾਂ ਦੀ ਵਿਚਾਰਧਾਰਾ ਉਦਾਰਵਾਦੀ ਦਰਸ਼ਨ , ਸਮਾਜਿਕ ਦਰਸ਼ਨ , ਅਤੇ ਗਾਂਧੀਅਨ ਦਰਸ਼ਨ ਅਤੇ ਧਰਮ ਨਿਰਪੇਖਤਾ 'ਤੇ ਆਧਾਰਿਤ ਹੈ। ਨਹਿਰੂ ਦੀ ਸੁਤੰਤਰਤਾ ਸਬੰਧੀ ਧਾਰਨਾ ਨਿਆਂ, ਸਮਾਨਤਾ ਅਤੇ ਕੰਮ ਦੀ ਸੂਝ -ਬੂਝ ਤੇ ਨਿਰਭਰ ਕਰਦੀ ਹੈ। ਨਹਿਰੂ ਦਾ ਸਮਾਜਵਾਦ ਅਤੇ ਲੋਕਤੰਤਰ

---

[110] *First of All, we must be complete political freedom In other words, India must become an independent Nation.* Verma, V. P., *Modern Indian Political Thought,* p. 434-35

[111] D.K Mohanty; *Indian Political Tradition,* p. 400-405

[112] *Sarvodaya, it is a concrete programme of basic Social revolution* Narayan., J. P., *Towards Total Revolution,* Brahmanon (Editor), P.143-144.

ਪ੍ਰਤੀ ਤੀਬਰ ਸਮਰਪਣ, ਮਨੁੱਖੀ ਸੁਤੰਤਰਤਾ ਲਈ ਜ਼ਰੂਰੀ ਸੀ। ਉਹ ਅਸੀਮਤ ਸੁਤੰਤਰਤਾ ਦਾ ਹਾਮੀ ਨਹੀਂ ਸੀ। ਉਦਾਰਵਾਦੀ ਚਿੰਤਕਾਂ ਦੀ ਤਰ੍ਹਾਂ ਪੰਡਿਤ ਜਵਾਹਰ ਲਾਲ ਨਹਿਰੂ ਵੀ ਵਿਅਕਤੀਗਤ ਸੁਤੰਤਰਤਾ ਵਿਚ ਵਿਸ਼ਵਾਸ ਕਰਦੇ ਹਨ। ਇਹਨਾਂ ਦੀ ਵਿਚਾਰਧਾਰਾ ਉਦਾਰਵਾਦੀ ਦਰਸ਼ਨ , ਸਮਾਜਿਕ ਦਰਸ਼ਨ 'ਤੇ ਅਧਾਰਿਤ ਹੈ। ਨਹਿਰੂ ਦੀ ਸੁਤੰਤਰਤਾ ਸਬੰਧੀ ਧਾਰਨਾ ਨਿਆਂ, ਸਮਾਨਤਾ ਅਤੇ ਕੰਮ ਦੀ ਸੂਝ-ਬੂਝ 'ਤੇ ਆਧਾਰਿਤ ਹੈ।[113]

ਨਹਿਰੂ ਦੇ ਰਾਸ਼ਟਰਵਾਦ ਦਾ ਵਿਚਾਰ ਵੀ ਹਰੇਕ ਰਾਸ਼ਟਰ ਲਈ ਆਤਮ ਨਿਰਨੇ ਦੇ ਅਧਿਕਾਰ ਨਾਲ ਜੁੜਿਆ ਹੋਇਆ ਹੈ ਕਿਉਂਕਿ ਜਦੋਂ ਤੱਕ ਕਿਸੇ ਰਾਸ਼ਟਰ 'ਤੇ ਵਿਦੇਸ਼ੀ ਹਕੂਮਤ ਰਹੇਗੀ , ਉਦੋਂ ਤੱਕ ਉਸਦਾ ਸ਼ੋਸ਼ਣ ਹੁੰਦਾ ਰਹੇਗਾ। ਇਸ ਲਈ ਉਨ੍ਹਾਂ ਨੇ ਅੰਤਰ-ਰਾਸ਼ਟਰਵਾਦ ਨੂੰ ਅੰਤਰਰਾਸ਼ਟਰੀ ਅਮਨ ਚੈਨ ਦਾ ਆਧਾਰ ਮੰਨਿਆ ਹੈ। ਨਹਿਰੂ ਦੀ ਰਾਸ਼ਟਰਵਾਦ ਦੀ ਧਾਰਨਾ ਸੁਤੰਤਰਤਾ ਨਾਲ ਜੁੜੀ ਹੋਈ ਸੀ।[114]

### ਸਮਾਨਤਾ ਦੀ ਧਾਰਨਾ

ਸੁਤੰਤਰਤਾ ਲਈ ਸਮਾਨਤਾ ਦਾ ਹੋਣਾ ਜ਼ਰੂਰੀ ਹੈ ਪਰ ਇਹ ਵਿਅਕਤੀ ਦੀ ਬੁੱ ਧੀ ਅਤੇ ਯੋਗਤਾ ਅਨੁਸਾਰ ਮਿਲੇ ਕੰਮ 'ਤੇ ਵੀ ਨਿਰਭਰ ਕਰਦੀ ਹੈ। ਸਾਰਿਆਂ ਲਈ ਉਚਿਤ ਅਵਸਰਾਂ ਦਾ ਮਾਰਗ ਖੁੱਲ੍ਹਾ ਹੋਣਾ ਜ਼ਰੂਰੀ ਹੈ।

## ਇਸਲਾਮਿਕ ਪਰਿਪੇਖ

ਇਸਲਾਮ ਦੇ ਧਾਰਮਿਕ ਗ੍ਰੰਥ ਕੁਰਆਨ ਮਜੀਦ ਵਿਚ ਸੰਘਰਸ਼ ਅਤੇ ਸੁਤੰਤਰਤਾ ਦਾ ਸੰਕਲਪ ਮੌਜੂਦ ਹੈ। ਇਸਲਾਮ ਵਿਚ 'ਜਹਾਦ' ਬਦੀ ਅਤੇ ਅਧਰਮੀਆਂ ਵਿਰੁੱਧ ਸੰਘਰਸ਼ ਦਾ ਮੁੱ ਦਈ ਹੈ। ਇਸ ਵਿਚ ਮਨੁੱਖੀ ਜੀਵਨ ਨੂੰ ਬਹੁਤ ਕੀਮਤੀ ਸਮਝਿਆ ਗਿਆ ਹੈ। ਕਿਸੇ ਦਾ ਕਤਲ ਕਰਨਾ ਮਨ੍ਹਾ ਹੈ ਪਰ ਉੱਥੇ ਕਿਸੇ ਨੂੰ ਮਾਰਨਾ ਉਚਿਤ ਹੈ ਜਿਥੇ ਨਿਆਂ ਅਤੇ ਕਾਨੂੰਨ ਅਨੁਸਾਰ ਅਜਿਹਾ ਕਰਨ ਦੀ ਲੋੜ ਹੋਵੇ।

ਕੁਰਆਨ ਵਿੱਚ ਜਹਾਦ ਦਾ ਖ਼ਾਸ ਸਥਾਨ ਹੈ। ਇਸ ਵਿਸ਼ੇ ਨੇ ਸਾਰੇ ਧਰਮਾਂ ਦੇ ਲੋਕਾਂ ਦੇ ਖਿਆਲ ਇਸਲਾਮ ਵੱਲ ਖਿੱਚੇ ਹਨ ਜਿਵੇਂ ਇਸਦਾ ਅਰਥ ਲੋਕਾਂ ਦੀ ਮਾਰ -ਕੁੱਟ ਜਾਂ ਕਤਲੋਗਾਰਤ ਹੈ। ਇਹ ਇਸਲਾਮ ਦਾ ਅਕੀਦਾ ਨਹੀਂ ਹੈ ਕਿ ਕਿਸੇ ਨੂੰ ਜ਼ਬਰਦਸਤੀ ਇਸਲਾਮ ਵਿੱਚ ਲਿਆਂਦਾ ਜਾਵੇ ਅਤੇ ਬੇਗੁਨਾਹ ਦਾ ਕਤਲ ਕੀਤਾ ਜਾਵੇ। 'ਜਹਾਦ' ਅਜਿਹਾ ਅਮਲ ਹੈ ਜੋ ਕਾਇਰਤਾ ਅਤੇ ਬਹਾਦਰੀ ਦੇ ਸੰਤੁਲਨ ਨੂੰ ਪੇਸ਼ ਕਰਦਾ ਹੈ। ਇਸਦੇ ਗ਼ਲਤ ਅਰਥ ਹੁਕਮਰਾਨਾਂ ਨੇ ਜਾਂ ਸੌੜੀ ਸੋਚ ਵਾਲਿਆਂ ਨੇ ਸਮਾਜ ਨੂੰ ਦਿੱਤੇ ਹਨ। ਜਹਾਦ ਬਾਰੇ ਕੁਰਆਨ ਦਾ ਕਥਨ ਹੈ:

---

[113] Kurmi, *Liberty in Indian Political Thinking,* p. 160.- 161

[114] Bhagwan, Vishnoo, *Indian Political Thinkers*, p.391

> ਤੁਸੀਂ ਅੱਲਾਹ ਦੇ ਰਾਹ ਵਿੱਚ ਉਨ੍ਹਾਂ ਲੋਕਾਂ ਨਾਲ ਲੜੋ ਜਿਹੜੇ ਤੁਹਾਡੇ ਨਾਲ ਲੜਦੇ ਹਨ , ਪਰ ਵਧੀਕੀ ਨਾ ਕਰੋ ਕਿਉਂ ਜੋ ਅੱਲਾਹ ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ। ਉਨ੍ਹਾਂ ਨਾਲ ਲੜੋ ਜਿੱਥੇ ਵੀ ਤੁਹਾਡਾ ਉਨ੍ਹਾਂ ਨਾਲ ਟਾਕਰਾ ਹੋਵੇ ਅਤੇ ਉਨ੍ਹਾਂ ਨੂੰ ਕੱਢ ਦਿਓ ਜਿੱਥੋਂ ਉਨ੍ਹਾਂ ਨੇ ਤੁਹਾਨੂੰ ਕੱਢਿਆ ਹੈ , ਇਸ ਲਈ ਕਿ ਕਤਲ ਭਾਵੇਂ ਬੁਰਾ ਹੈ ਪਰ ਉਪੱਦਰ ਉਸ ਤੋਂ ਵੀ ਵਧੇਰੇ ਭੈੜਾ ਹੈ । ਕਾਅਬਾ ਸ਼ਰੀਫ਼ ਦੇ ਨੇੜੇ ਜਦੋਂ ਤੀਕ ਉਹ ਤੁਹਾਡੇ ਨਾਲ ਨਾ ਲੜਨ, ਤੁਸੀਂ ਵੀ ਨਾ ਲੜੋ ਪਰ ਜਦ ਉਹ ਉਥੇ ਵੀ ਲੜਨ ਤੋਂ ਨਾ ਜਕਣ ਤਾਂ ਤੁਸੀਂ ਵੀ ਬੇਝਿਜਕ ਹੋ ਕੇ ਉਨ੍ਹਾਂ ਨੂੰ ਮਾਰੋ ਕਿਉਂ ਜੋ ਅਜਿਹੇ ਇਨਕਾਰੀਆਂ ਦੀ ਇਹੋ ਸਜ਼ਾ ਹੈ। ਫੇਰ ਜੇ ਉਹ ਬਾ ਜ਼ ਆ ਜਾਣ ਤਾਂ ਯਾਦ ਰੱਖੋ ਕਿ ਅੱਲਾਹ ਬਖ਼ਸ਼ਣਹਾਰ ਤੇ ਰਹਿਮ ਫ਼ਰਮਾਉਣ ਵਾਲਾ ਹੈ। [115]

ਰੱਬ ਵੱਲੋਂ ਦਿੱਤਾ ਜੰਗ ਦਾ ਹੁਕਮ ਲੋਕਾਂ ਲਈ ਸਮਝਣਾ ਬਹੁਤ ਮੁਸ਼ਕਿਲ ਸੀ ਪਰ ਕੁਰਆਨ ਨੇ ਇਸਨੂੰ ਲਾਗੂ ਕੀਤਾ ਕਿਉਂਕਿ ਅੱਲਾਹ ਮਨੁੱਖਾਂ ਨਾਲੋਂ ਵਧੇਰੇ ਸਿਆਣਾ ਹੈ:

> ਤੁਹਾਨੂੰ ਜੰਗ ਦਾ ਹੁਕਮ ਦਿੱਤਾ ਗਿਆ ਹੈ ਅਤੇ ਉਹ ਤੁਹਾਨੂੰ ਬੁਰਾ ਲਗਦਾ ਹੈ ਹੋ ਸਕਦਾ ਹੈ ਕਿ ਇੱਕ ਚੀਜ਼ ਤੁਹਾਨੂੰ ਪਸੰਦ ਨਾ ਹੋਵੇ ਪਰ ਉਹੀਓ ਤੁਹਾਡੇ ਲਈ ਬਿਹਤਰ ਹੋਵੇ ਅਤੇ ਹੋ ਸਕਦਾ ਹੈ ਕਿ ਇੱਕ ਚੀਜ਼ ਤੁਹਾਨੂੰ ਪਸੰਦ ਹੋਵੇ ਪਰ ਉਹ ਤੁਹਾਡੇ ਲਈ ਬੁਰੀ ਹੋਵੇ। ਅੱਲਾਹ ਜਾਣਦਾ ਹੈ ਤੇ ਤੁਸੀਂ ਨਹੀਂ ਜਾਣਦੇ।[116]

ਪਵਿੱਤਰ ਕੁਰਆਨ ਦੱਸਦਾ ਹੈ ਕਿ ਤੁਸੀਂ ਉਦੋਂ ਲੜੋ ਜਦੋਂ ਕੋਈ ਕਾਅਬੇ ਦੀ ਸ਼ਾਂਤੀ ਨੂੰ ਭੰਗ ਕਰਦਾ ਹੈ, ਅੱਲਾਹ ਦੇ ਰਾਹੋਂ ਲੋਕਾਂ ਨੂੰ ਰੋਕਦਾ ਹੈ , ਰੱਬ ਨੂੰ ਨਹੀਂ ਮੰਨਦਾ, ਕਾਅਬੇ ਦਾ ਰਾਹ ਬੰਦ ਕਰਦਾ ਹੈ ਤਾਂ ਤੁਸੀਂ ਉਹਨਾਂ ਦਾ ਮੁਕਾਬਲਾ ਕਰੋ:

> ਜੋ ਲੋਕ ਅਜਿਹਾ ਨਹੀਂ ਕਰਦੇ ਉਹ ਨਰਕ ਦੇ ਹੱਕਦਾਰ ਹਨ ਪਰ ਜੋ ਉਨ੍ਹਾਂ ਜ਼ਾਲਮਾਂ ਦਾ ਮੁਕਾਬਲਾ ਕਰਦੇ ਹਨ ਉਹ ਸਹੀ ਰਾਹ 'ਤੇ ਹਨ। ਇਸਦੇ ਉਲਟ ਜਿਹੜੇ ਲੋਕ ਈਮਾਨ ਲਿਆਏ ਹਨ ਅਤੇ ਜਿਨ੍ਹਾਂ ਅੱਲਾਹ ਦੇ ਰਾਹ ਵਿੱਚ ਆਪਣਾ ਘਰ -ਬਾਰ ਛੱਡਿਆ ਅਤੇ 'ਜਹਾਦ' ਕੀਤਾ ਹੈ , ਉਹ ਅੱਲਾਹ ਦੀ ਮਿਹਰ ਦੇ ਜਾਇਜ਼ ਉਮੀਦਵਾਰ ਅਤੇ ਅੱਲਾਹ ਉਨ੍ਹਾਂ ਦੇ ਕਸੂਰਾਂ ਨੂੰ ਮੁਆਫ਼ ਕਰਨ ਵਾਲਾ ਤੇ ਆਪਣੀ ਮਿਹਰ ਉਨ੍ਹਾਂ ਨੂੰ ਨਿਵਾ ਜਣ ਵਾਲਾ ਹੈ।[117]

'ਜਹਾਦ' ਸ਼ਬਦ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ ਕਿ ਇਸਦਾ ਅਰਥ ਜੰਗ ਨਹੀਂ ਹੈ :

> 'ਜਹਾਦ' ਦੇ ਅਰਥ ਹਨ ਕਿਸੇ ਮੰਤਵ ਦੀ ਪ੍ਰਾਪਤੀ ਲਈ ਆਪਣੀ ਪੂਰੀ ਵਾਹ ਲਗਾ ਦੇਣਾ। ਇਸਦਾ ਅਰਥ ਕੇਵਲ ਲੜਾਈ ਜਾਂ ਯੁੱਧ ਨਹੀਂ ਹੈ। ਲੜਾਈ ਲਈ ਤਾਂ 'ਕਿਤਾਲ' ਦਾ ਸ਼ਬਦ ਆਉਂਦਾ ਹੈ। 'ਜਹਾਦ' ਇਸ ਤੋਂ ਵਧੇਰੇ ਵਿਆਪਕ ਅਰਥ ਰੱਖਦਾ ਹੈ ਅਤੇ ਇਸ ਵਿੱਚ ਲੜਾਈ ਸਮੇਤ ਹਰ ਕਿਸਮ ਦੀ ਜੱਦੋ -ਜਹਿਦ ਸ਼ਾਮਲ ਹੈ।[118]

---

115 ਸੱਯਦ ਅਬੁਲ ਆਲਾ ਮੌਦੂਦੀ(ਸੰਪਾ.), *ਕੁਰਆਨ ਮਜੀਦ,* ਰਮਜਾਨ ਸਈਦ (ਅਨੁ.), 2:190-192.

116 ਉਹੀ, 2:216.

117 ਉਹੀ, 2:218.

118 ਉਹੀ, ਫੁੱਟ ਨੋਟ ਨੰ. 71, ਪੰਨਾ-66.

ਮੌਲਾਨਾ ਅਬੁਲ ਕਲਾਮ ਆਜ਼ਾਦ ਨੇ 'ਜਹਾਦ' ਲਈ ਅੰਗਰੇਜ਼ੀ ਵਿੱਚ ਸ਼ਬਦ Struggle ਵਰਤਿਆ ਹੈ।[119] ਕੁਰਆਨ ਲੋਕਾਂ ਨੂੰ 'ਜਹਾਦ' ਬਾਰੇ ਪ੍ਰੇਰਦਿਆਂ ਦੱਸਦਾ ਹੈ। ਮੌਤ ਅੱਲਾਹ ਦੇ ਹੱਥ ਵਿੱਚ ਹੈ। ਕਈ ਈਮਾਨ ਤੋਂ ਸੱਖਣੇ ਕਹਿੰਦੇ ਹਨ ਕਿ ਜੇ ਅਸੀਂ ਜੰਗ ਵਿੱਚ ਨਹੀਂ ਜਾਵਾਂਗੇ ਤਾਂ ਸ਼ਾਇਦ ਮਰਾਂਗੇ ਨਹੀਂ। ਅੱਲਾਹ ਦੇ ਰਾਹ 'ਤੇ ਮਰਨਾ ਬਹੁਤ ਚੰਗਾ ਹੈ:

> ਜੇ ਤੁਸੀਂ ਅੱਲਾਹ ਦੇ ਰਾਹ ਵਿੱਚ ਮਾਰੇ ਜਾਓ ਜਾਂ ਮਰ ਜਾਓ ਤਾਂ ਅੱਲਾਹ ਦੀ ਜੋ ਮਿਹਰ ਅਤੇ ਬਖਸ਼ਿਸ਼ ਤੁਹਾਡੇ ਹਿੱਸੇ ਆਵੇਗੀ ਉਹ ਉਨ੍ਹਾਂ ਸਮੂਹ ਵਸਤਾਂ ਨਾਲੋਂ ਵਧੇਰੇ ਚੰਗੀ ਹੈ ਜਿਹੜੀਆਂ ਇਹ ਲੋਕ ਜੋੜਦੇ ਹਨ। ਭਾਵੇਂ ਤੁਸੀਂ ਮਰੋ ਜਾਂ ਮਾਰੇ ਜਾਓ, ਹਰ ਹਾਲ ਵਿੱਚ ਤੁਸਾਂ ਸਭਨਾਂ ਨੇ ਸਿਮਟ ਕੇ ਜਾਣਾ ਅੱਲਾਹ ਵੱਲ ਹੀ ਹੈ।[120]
>
> ਜਿਹੜੇ ਲੋਕ ਅੱਲਾਹ ਦੇ ਰਾਹ ਵਿੱਚ ਕਤਲ ਹੋਏ ਹਨ ਉਹਨਾਂ ਨੂੰ ਮੁਰਦਾ ਨਾ ਸਮਝੋ , ਉਹ ਤਾਂ ਹਕੀਕਤ ਵਿੱਚ ਜਿਉਂਦੇ ਹਨ, ਆਪਣੇ ਰੱਬ ਦੇ ਹਜ਼ੂਰ ਉਹਨਾਂ ਨੂੰ ਰਿਜ਼ਕ ਦਿੱਤਾ ਜਾਂਦਾ ਹੈ। [121] ਸੋ ਸ਼ੈਤਾਨ ਦੇ ਸਾਥੀਆਂ ਵਿਰੁੱਧ ਜੰਗ ਕਰੋ ਅਤੇ ਵਿਸ਼ਵਾਸ ਰੱਖੋ ਕਿ ਸ਼ੈਤਾਨ ਦੀਆਂ ਚਾਲਾਂ ਅਸਲ ਵਿੱਚ ਬਹੁਤ ਕਮਜ਼ੋਰ ਹਨ।[122]
>
> ਹੇ ਨਬੀ! ਇਹਨਾਂ ਨੂੰ ਆਖੋ ਕਿ ਜੇ ਤੁਸੀਂ ਮੌਤ ਜਾਂ ਕਤਲ ਤੋਂ ਨੱਸੋ ਤਾਂ ਇਹ ਨੱਸਣਾ ਤੁਹਾਡੇ ਵਾਸਤੇ ਕੁਝ ਵੀ ਲਾਹੇਵੰਦ ਸਿੱਧ ਨਹੀਂ ਹੋਵੇਗਾ। ਇਸ ਤੋਂ ਮਗਰੋਂ ਜੀਵਨ ਦੇ ਸੁਆਦ ਮਾਣਨ ਦਾ ਥੋੜ੍ਹਾ ਹੀ ਮੌਕਾ ਤੁਹਾਨੂੰ ਮਿਲ ਸਕੇਗਾ।[123]

'ਜਹਾਦ' ਕਿਸੇ ਮਨੁੱਖ ਦੇ ਵਿਰੁੱਧ ਨਹੀਂ ਇਹ ਤਾਂ ਕੇਵਲ ਬਦੀ ਦੇ ਖਿਲਾਫ਼ ਇਕ ਜੱਦੋਜਹਿਦ ਹੈ ਪਰ ਲੋਭੀ ਬਾਦਸ਼ਾਹਾਂ ਨੇ 'ਜਹਾਦ' ਦਾ ਦੁਰਉਪਯੋਗ ਕਰਕੇ ਲੋਕਾਂ 'ਤੇ ਅੱਤਿਆਚਾਰ ਕੀਤੇ। 'ਜਹਾਦ' ਦੇ ਗ਼ਲਤ ਮਤਲਬ ਕੱਢ ਕੇ ਮੁਗ਼ਲ ਬਾਦਸ਼ਾਹਾਂ ਨੇ ਭਾਰਤ ਵਿਚ ਹਿੰਦੂਆਂ ਦੀ ਧਾਰਮਿਕ ਸੁਤੰਤਰਤਾ ਖੋਹ ਲਈ ਸੀ। 'ਜਹਾਦ' ਤਾਂ ਝੂਠ ਅਤੇ ਜ਼ੁਲਮ ਦੇ ਵਿਰੁੱਧ ਸੰਘਰਸ਼ ਹੈ। ਕਿਸੇ 'ਤੇ ਹਮਲਾ ਕਰਕੇ ਉਸਦੀ ਦੌਲਤ ਹਥਿਆਉਣਾ ਅਪਰਾਧ ਅਤੇ ਪਾਪ ਹੈ। ਭਾਰਤੀ ਇਸਲਾਮੀ ਰਾਜ ਵਿਚ ਕੁਰਆਨ ਸ਼ਰੀਫ਼ ਦੇ ਸਿਧਾਂਤ ਤੇ ਵਿਹਾਰ ਵਿਚ ਕਾਫ਼ੀ ਅੰਤਰ ਆ ਗਿਆ ਸੀ। ਬਾਦਸ਼ਾਹ ਨੈਤਿਕਤਾ , ਲੋਕ ਕਲਿਆਣ, ਸੁਤੰਤਰਤਾ ਦੀ ਗੱਲ ਭੁੱਲ ਚੁੱਕੇ ਸਨ। ਅਮਲੀ ਜੀਵਨ ਵਿਚ ਵਧੇਰੇ ਕਰਕੇ ਅਨਿਆਂ ਅਤੇ ਅਧਰਮੀਆਂ ਦਾ ਬੋਲਬਾਲਾ ਸੀ। 'ਜਹਾਦ' ਦੇ ਨਾਂ 'ਤੇ ਮੁਸਲਮਾਨਾਂ ਨੇ ਭਾਰਤ ਵਿਚ ਸਾਮਰਾਜ ਅਤੇ ਸਾਮੰਤਵਾਦ ਦੀਆਂ ਜੜ੍ਹਾਂ ਕਾਇਮ ਕੀਤੀਆਂ ਸਨ।

---

[119] Mawlana Abul Kalam Azad, (Ed .), *The Tarjuman ai-Qura'n,* Syed Abul Latif (Translator) vol-II, p-94.

[120] ਸੱਯਦ ਅਬੁਲ ਆਲਾ ਮੌਦੂਦੀ(ਸੰਪਾ.), *ਕੁਰਆਨ ਮਜੀਦ,* ਰਮਜਾਨ ਸਈਦ (ਅਨੁ.), 3:157-158.

[121] ਉਹੀ, 3:169.

[122] ਉਹੀ, 4:76.

[123] ਉਹੀ, 33.16.

## ਸਿੱਖ ਪਰਿਪੇਖ

### ਮੁਕਤੀ, ਬੰਦ ਖ਼ਲਾਸੀ ਬਨਾਮ ਸੁਤੰਤਰਤਾ

ਗੁਰੂ ਸਾਹਿਬਾਨ ਦੀ ਬਾਣੀ ਅਤੇ ਪ੍ਰਾਚੀਨ ਸਿੱਖ ਇਤਿਹਾਸਕ ਗ੍ਰੰਥਾਂ ਦੀ ਵਿਚਾਰਧਾਰਾ ਵਿਚ ਰਾਜ ਅਤੇ ਮਨੁੱਖੀ ਹਿੱਤਾਂ ਦੁਆਰਾ ਸੁਤੰਤਰਤਾ ਦਾ ਸੰਕਲਪ ਸਾਹਮਣੇ ਆਉਂਦਾ ਹੈ। ਇਹ ਸਿੱਖ ਰਾਜਨੀਤਿਕ ਵਿਚਾਰਧਾਰਾ ਦਾ ਸਿਧਾਂਤਕ ਪੱਖ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੁਤੰਤਰਤਾ ਦੀ ਥਾਂ 'ਮੁਕਤ' ਜਾਂ 'ਬੰਧਨ ਪਰੇ' ਭਾਵ ਬੰਧਨ ਰਹਿਤ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਡਾ . ਗੁਰਚਰਨ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼' ਵਿਚ ਮੁਕਤੀ ਦਾ ਅਰਥ 'ਬੰਦ ਖ਼ਲਾਸੀ' ਅਤੇ 'ਆਜ਼ਾਦੀ' ਦੱਸਿਆ ਗਿਆ ਹੈ।[124] ਭਾਵੇਂ ਕਿ ਇਹ ਸ਼ਬਦ ਅਧਿਆਤਮਿਕ ਮੁਕਤੀ ਨਾਲ ਜੁੜਿਆ ਹੋਇਆ ਹੈ ਪਰ ਇਹਨਾਂ ਦੋਹਾਂ ਸ਼ਬਦਾਂ ਦਾ ਸਾਰ ਤੱਤ ਜੰਮਣ -ਮਰਨ ਤੋਂ ਛੁਟਕਾਰਾ ਪਾਉਣਾ ਨਹੀਂ ਸਗੋਂ ਜੀਵਨ ਦਾ ਨਿਸ਼ਾਨਾ ਆਤਮਿਕ ਅਤੇ ਨੈਤਿਕ ਜੀਵਨ ਜਿਊਂਣ ਦਾ ਹੈ। ਇਹ ਸ਼ਬਦ ਅਜਿਹਾ ਸੰਕਲਪ ਪੇਸ਼ ਕਰਦੇ ਹਨ ਜਿਸਦਾ ਮਨੋਰਥ ਅਧਿਆਤਮਿਕ , ਸਮਾਜਿਕ ਤੇ ਰਾਜਸੀ ਗ਼ੁਲਾਮੀ ਦੇ ਬੰਧਨਾਂ ਤੋਂ ਸੁਤੰਤਰ ਹੋਣਾ ਹੈ। ਗੁਰਬਾਣੀ ਦਾ ਫ਼ਰਮਾਨ ਹੈ:

ਦਰ ਦਰਸਨ ਕਾ ਪ੍ਰੀਤਮ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।।[125]

ਭਾਵ ਜੋ ਵਿਅਕਤੀ ਦਰ -ਦਰ ਦੀਆਂ ਠੋਕਰਾਂ ਖਾਂਦਾ ਫਿਰਦਾ ਹੈ ਉਸ ਲਈ ਬੈਕੁੰਠ ਦੀ ਮੁਕਤੀ ਦਾ ਕੋਈ ਅਰਥ ਨਹੀਂ। ਇਸਦੇ ਨਾਲ ਹੀ ਗੁਰੂ ਸਾਹਿਬ ਨੇ ਮੁਕਤੀ ਨੂੰ ਸੰਸਾਰ ਤੋਂ ਛੁਟਕਾਰੇ ਦੀ ਥਾਂ ਨਵੇਂ ਅਰਥ ਦਿੱਤੇ। ਇਸ ਵਿਚ ਖ਼ੁਦਗ਼ਰਜ਼ੀ, ਖ਼ੁਦਪ੍ਰਸਤੀ, ਨਿੱਜਵਾਦ ਮਨੁੱਖ ਦੀ ਗ਼ੁਲਾਮੀ ਦਾ ਕਾਰਨ ਬਣਦੀ ਆਂ ਹਨ। ਇਨ੍ਹਾਂ ਤੋਂ ਮੁਕਤੀ ਲਈ ਸੇਵਾ ਉੱਤਮ ਸਾਧਨ ਹੈ:

ਵਿਚ ਦੁਨੀਆ ਸੇਵ ਕਮਾਈਐ ਤ ਦਰਗਹਿ ਬੈਸਣ ਪਾਈਐ।।[126]

ਸਿੱਖ ਰਾਜਨੀਤੀ ਗੁਰਮਤਿ 'ਤੇ ਹੀ ਆਧਾਰਿਤ ਹੈ ਅਤੇ ਇਸਦੀ ਉਪਜ ਗੁਰਸਿੱਖ ਵਿਅਕਤੀ ਹੈ। ਗੁਰਸਿੱਖ ਵਿਅਕਤੀ ਆਪਣੇ ਅੰਦਰਲੇ ਵਿਕਾਰਾਂ ਨਾਲ ਲੜਦਾ ਹੋਇਆ ਅੰਦਰੂਨੀ ਤੌਰ 'ਤੇ ਸੁਤੰਤਰ ਅਤੇ ਬਾਹਰਲੇ ਜ਼ਬਰ-ਜ਼ੁਲਮ ਵਿਰੁੱਧ ਲੜ ਕੇ ਸੁਤੰਤਰ ਜੀਵਨ ਜਿਊਂਦਾ ਹੈ। ਭਗਤ ਵੀ ਗ਼ੁਲਾਮੀ ਵਿਰੁੱਧ ਆਵਾਜ਼

[124] ਗੁਰਚਰਨ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਕੋਸ਼,(ਜਿਲਦ ਦੂਜੀ)*, ਪੰਨਾ-1959.
[125] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-360
[126] ਉਹੀ, ਅੰਗ-26

ਉਠਾਉਂਦੇ ਰਹੇ ਹਨ। ਬਾਬਾ ਫ਼ਰੀਦ ਤਾਂ ਗ਼ੁਲਾਮੀ ਦੇ ਜੀਵਨ ਨਾਲੋਂ ਮੌਤ ਨੂੰ ਅਪਨਾਉਣਾ ਵਧੇਰੇ ਚੰਗਾ ਸਮਝਦੇ ਹਨ। ਫ਼ਰੀਦ ਜੀ ਦੇ ਇਹ ਸ਼ਬਦ ਗ਼ੁਲਾਮੀ ਦੀ ਜ਼ਿੰਦਗੀ ਪ੍ਰਤੀ ਭਰੀ ਨਫ਼ਰਤ ਦੀ ਤਰਜਮਾਨੀ ਕਰਦੇ ਹਨ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।[127]

ਇਹ ਪਰਾਇਆ ਬਾਰ ਗ਼ੁਲਾਮੀ ਦਾ ਹੀ ਪ੍ਰਤੀਕ ਹੈ। ਕਬੀਰ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਦੀ ਗ਼ੁਲਾਮੀ, ਸੰਸਾਰ ਦੀ ਗ਼ੁਲਾਮੀ ਦੀਆਂ ਬੇੜੀਆਂ ਨੂੰ ਤੋੜਨ ਲਈ ਪੂਰਨ ਸਮਰੱਥਾ ਰੱਖਦੀ ਹੈ। ਉਸਦੀ ਗ਼ੁਲਾਮੀ ਸੰਸਾਰ ਦੇ ਜੀਵਨ ਸੰਗਰਾਮ ਵਿਚ ਜੂਝਣ ਲਈ ਬਲ ਪ੍ਰਦਾਨ ਕਰਦੀ ਹੈ। ਭਗਤ ਕਬੀਰ ਜੀ ਦਾ ਸ਼ਬਦ ਮਨੁੱਖ ਨੂੰ ਸੂਰਮਾ ਬਣ ਕੇ ਪੁਰਜ਼ਾ-ਪੁਰਜ਼ਾ ਕੱਟੇ ਜਾਣ ਤੱਕ ਸਵੈਮਾਣ, ਧਰਮ ਅਤੇ ਸੁਤੰਤਰਤਾ ਲਈ ਜੂਝ ਕੇ ਮਰਨ ਦਾ ਉਪਦੇਸ਼ ਦਿੰਦਾ ਹੈ:

ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਓ।।
ਖੇਤ ਜੁ ਮਾਂਡਿਓ ਸੂਰਾ ਅਬ ਜੂਝਨ ਕੋ ਦਾਓ।।
ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤ।।[128]

ਇਸ ਤਰ੍ਹਾਂ ਧਰਮ ਅਨੁਸਾਰ ਸੁਤੰਤਰਤਾ ਲਈ ਅੰਤਰਮੁਖੀ ਕ੍ਰਾਂਤੀ ਜ਼ਰੂਰੀ ਹੈ। ਗੁਰਮਤਿ ਵਿਚ ਮਨੁੱਖ ਦੇ ਮਨ ਦੀਆਂ ਕਮਜ਼ੋਰੀਆਂ, ਵਾਸ਼ਨਾਵਾਂ ਅਤੇ ਵਿਸ਼ੇ ਵਿਕਾਰਾਂ ਦੇ ਤਿਆਗ ਦੀ ਗੱਲ ਕੀਤੀ ਗਈ ਹੈ। ਵਿਕਾਰਾਂ ਦੇ ਵੱਸ ਪੈ ਕੇ ਰਾਜੇ ਅੱਤਿਆਚਾਰ ਕਰਦੇ ਤੇ ਲੋਕਾਈ ਨੂੰ ਗ਼ੁਲਾਮ ਬਣਾਉਣ ਵਿਚ ਅਨੰਦ ਮਹਿਸੂਸ ਕਰ ਦੇ ਸਨ। ਅੰਤਰਮੁਖੀ ਭਾਵ ਮਾਨਸਿਕ ਅਤੇ ਅਧਿਆਤਮਕ ਤੌਰ 'ਤੇ ਸੁਤੰਤਰ ਵਿਅਕਤੀ ਹੀ ਸੁਤੰਤਰ ਰਾਜ ਦੀ ਨੀਂਹ ਰੱਖ ਸਕਦਾ ਹੈ।

### ਸਮਾਜਿਕ ਅਤੇ ਧਾਰਮਿਕ ਸੁਤੰਤਰਤਾ

ਜੇਕਰ ਅਸੀਂ ਸਿੱਖ ਧਰਮ ਅਨੁਸਾਰ ਰਾਜਨੀਤਿਕ ਸੁਤੰਤਰਤਾ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਨੂੰ ਸਮਾਜਿਕ, ਧਾਰਮਿਕ ਤੇ ਆਰਥਿਕ ਸੁਤੰਤਰਤਾ ਬਾਰੇ ਵੀ ਵਿਚਾਰ ਕ ਰਨੀ ਪਵੇਗੀ। ਸਮਾਜਿਕ ਸੁਤੰਤਰਤਾ ਤੋਂ ਭਾਵ ਸਮਾਜ ਵਿਚ ਇਕਸਾਰ ਬਰਾਬਰੀ ਤੇ ਸਾਂਝੀਵਾਲਤਾ ਦਾ ਬੋਲਬਾਲਾ ਹੋਣਾ ਜ਼ਰੂਰੀ ਹੈ। ਲਿੰਗ ਜਾਂ ਜਾਤ-ਪਾਤ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਇਸ ਲਈ ਸਪਸ਼ਟ ਹੈ ਕਿ ਸਮਾਜਿਕ ਸੁਤੰਤਰਤਾ ਦੀ ਆਧਾਰ ਸ਼ੀਲਾ ਸਮਾਨਤਾ ਹੈ। ਸਿੱਖ ਰਾਜਨੀਤੀ ਵਿਚ ਸੁਤੰਤਰਤਾ ਦਾ ਸੰਕਲਪ ਨੈਤਿਕਤਾ ਤੇ ਸਦਾਚਾਰ ਦੇ ਸੰਕਲਪ ਵਿਚੋਂ ਵੀ ਉਤਪੰਨ ਹੁੰਦਾ ਹੈ। ਨੈਤਿਕਤਾ ਦਾ ਸਮਾਜਿਕ ਜੀਵਨ , ਧਰਮ ਅਤੇ ਆਰਥਿਕ

---

[127] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1380.
[128] ਉਹੀ, ਅੰਗ-1105

ਹਾਲਾਤਾਂ ਨਾਲ ਸਿੱਧਾ ਸਬੰਧ ਹੈ। ਧਰਮ ਅਤੇ ਰਾਜ ਸਮਾਜ ਦੇ ਹੀ ਅੰਗ ਹਨ। ਇਸ ਲਈ ਸਮਾਜਿਕ , ਧਾਰਮਿਕ ਤੇ ਆਰਥਿਕ ਸੁਤੰਤਰਤਾ ਤੋਂ ਬਿਨਾਂ ਰਾਜਨੀਤਿਕ ਸੁਤੰਤਰਤਾ ਦੀ ਕਲਪਨਾ ਵਿਅਰਥ ਹੈ। ਗੁਰਮਤਿ ਅਨੁਸਾਰ ਸਮਾਜਿਕ ਸਮਾਨਤਾ ਲਈ ਹਰ ਪ੍ਰਾਣੀ ਵਿਚ 'ਏਕ ਪਿਤਾ ਏਕਸ ਕੇ ਹਮ ਬਾਰਿਕ, ਦੀ ਭਾਵਨਾ ਪੈਦਾ ਹੋਣੀ ਚਾਹੀਦੀ ਹੈ ਤਾਂ ਜੋ ਸਮਾਜ ਦਾ ਹਰ ਵਿਅਕਤੀ ਇਕ ਦੂਜੇ ਨੂੰ ਆਪਣਾ ਭਰਾ ਸਮਝ ਸਕੇ। ਅਜਿਹੀ ਭਾਵਨਾ ਵੈਰ ਵਿਰੋਧ ਨੂੰ ਮਿਟਾ ਕੇ ਪਰਸਪਰ ਅਪਣੱਤ ਨੂੰ ਜਨਮ ਦਿੰਦੀ ਹੈ ਅਤੇ ਹਰ ਵਿਅਕਤੀ ਦੇ ਦਿਲ ਵਿਚ ਦੂਜੇ ਦੇ ਭਲੇ ਲਈ ਸੁਭਾਵਕ ਹੀ ਸ਼ੁੱਭ ਕਾਮਨਾਵਾਂ ਪੈਦਾ ਹੁੰਦੀਆਂ ਹਨ। ਇਸ ਤਰ੍ਹਾਂ ਸਿੱਖ ਮਤ ਸਮਾਜ ਵਿਚ ਸਰਵਲੌਕਿਕਤਾ ਦੀ ਸਪਿਰਿਟ ਭਰਦੀ ਹੈ ਅਤੇ ਮਨੁੱਖਤਾ ਨੂੰ ਜਾਤਪਾਤ ਦੀਆਂ ਭਾਵਨਾਵਾਂ ਤੋਂ ਮੁਕਤ ਕਰਵਾ ਕੇ ਏਕਤਾ ਦਾ ਉਪਦੇਸ਼ ਦਿੰਦੀ ਹੈ। ਗੁਰਮਤਿ ਵਿਚ ਜਾਤ-ਪਾਤ ਦੀਆਂ ਵੰਡੀਆਂ ਨੂੰ ਤ੍ਰਿਸਕਾਰਿਆ ਗਿਆ ਹੈ ਅਤੇ ਪ੍ਰਮਾਤਮਾ ਦੇ ਉਪਦੇਸ਼ ਨੂੰ ਸਭ ਲਈ ਸਮਾਨ ਦੱਸਿਆ ਹੈ , ਖਤ੍ਰੀ ਬ੍ਰਾਹਮਣੁ ਸੂਦ ਵੈਸ ਉਪਦੇਸੁ ਚਹੁੰ ਵਰਨਾ ਕਉ ਸਾਂਝਾ।।[129] ਨਾ ਕੋ ਬੈਰੀ ਨਾਹਿ ਬਿਗਾਨਾ।।ਸਗਲ ਸੰਗਿ ਹਮ ਕਉ ਬਨਿ ਆਈ।।[130] ਗੁਰਮਤਿ ਧਾਰਮਿਕ ਸੁਤੰਤਰਤਾ ਦੀ ਮੁਦਈ ਹੈ। ਧਾਰਮਿਕ ਸੁਤੰਤਰਤਾ ਦੀ ਧਾਰਨਾ ਵਿਹਾਰਕ ਰੂਪ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਉਤਪੰਨ ਹੁੰਦੀ ਹੈ ਜਿਸ ਵਿਚ ਉਨ੍ਹਾਂ ਦਰਸਾਇਆ ਕਿ ਕਿਸੇ ਨੂੰ ਮਜ਼ਬੂਰ ਕਰਕੇ ਧਰਮ ਤਬਦੀਲ ਕਰਵਾਉਣਾ ਉਸਦੇ ਸਵੈਮਾਣ ਨੂੰ ਖ਼ਤਮ ਕਰਨਾ ਹੈ। ਉਨ੍ਹਾਂ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਸੁਤੰਤਰਤਾ ਲਈ ਸ਼ਹਾਦਤ ਦਿੱਤੀ।

**ਆਰਥਿਕ ਸੁਤੰਤਰਤਾ**

ਆਰਥਿਕ ਸੁਤੰਤਰਤਾ ਤੋਂ ਭਾਵ ਮਨੁੱਖ ਨੂੰ ਜੀਵਨ ਵਿਚ ਵਿਚਰਦਿਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਰਥਿਕ ਤੌਰ 'ਤੇ ਵੀ ਸੁਤੰਤਰ ਹੋਣਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਸਮਾਜ ਦੀ ਰਚਨਾਤਮਿਕ ਉਸਾਰੀ ਦੀ ਕਲਪਨਾ ਕੀਤੀ ਗਈ ਹੈ ਜਿਸ ਵਿਚ ਇਕ ਚੰਗੇ ਪੱਧਰ ਦੇ ਜੀਵਨ ਨਿਰਬਾਹ ਲਈ ਹਰ ਵਿਅਕਤੀ ਦੀਆਂ ਬੁਨਿਆਦੀ ਲੋੜਾਂ ਸੁਭਾਵਕ ਹੀ ਪੂਰੀਆਂ ਹੋ ਸਕਣ। ਜਿਸ ਸਮਾਜ ਵਿਚ ਲੋਕ ਭੁੱਖੇ ਮਰਦੇ ਹੋਣ ਉਥੇ ਜਾਗ੍ਰਿਤੀ ਕਿਵੇਂ ਹੋ ਸਕਦੀ ਹੈ? ਇਸ ਲਈ ਦਸਾਂ ਨਹੁੰਆਂ ਦੀ ਕਿਰਤ ਕਮਾਈ ਦੇ ਫਲਸਰੂਪ ਸੁਤੰਤਰ ਵਿਚਰਿਆ ਜਾ ਸਕਦਾ ਹੈ। ਵਿਹਲੜ ਮਨੁੱਖ ਲਈ ਗੁਰਮਤਿ ਵਿਚ ਕੋਈ ਸਥਾਨ ਨਹੀਂ। ਵੰਡ ਛਕਣਾ ਅਤੇ ਸਰਬੱਤ ਦਾ ਭਲਾ ਮੰਗਣਾ ਹੀ ਗੁਰਮਤਿ ਦਾ ਸਿਧਾਂਤ ਹੈ। ਇਸ ਤਰ੍ਹਾਂ ਕਲਿਆਣਕਾਰੀ ਮਨੁੱਖੀ ਕੀਮਤ ਦਾ ਜਨਮ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਤੱਥ ਨੂੰ ਸਵੀਕਾਰ ਕੀਤਾ ਗਿਆ ਹੈ। ਭਗਤ ਕਬੀਰ ਜੀ ਦਾ

---

[129] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-747.

[130] ਉਹੀ, ਅੰਗ-1299.

ਵਿਚਾਰ ਹੈ ਕਿ ਭੁੱਖਿਆਂ ਭਗਤੀ ਨਹੀਂ ਹੋ ਸਕਦੀ। ਜ਼ਿੰਦਗੀ ਜਿਊਂਣ ਲਈ ਬੁਨਿਆਦੀ ਲੋੜਾਂ ਦਾ ਪੂਰਾ ਹੋਣਾ ਜ਼ਰੂਰੀ ਹੈ। ਭੂਖੇ ਭਗਤਿ ਨ ਕੀਜੈ ਯਹ ਮਾਲਾ ਅਪਨੀ ਲੀਜੈ।। [131] ਗੁਰੂ ਸਾਹਿਬ ਦੀ ਧਾਰਨਾ ਅਨੁਸਾਰ ਆਰਥਿਕ ਸੰਕਟ ਤੋਂ ਬਚਣ ਲਈ ਵਿਅਕਤੀ ਕੋਲ ਅੰਨ ਪਾਣੀ ਅਤੇ ਧਨ ਹੋਣਾ ਵੀ ਜ਼ਰੂਰੀ ਹੈ ਤਾਂ ਕਿ ਜੀਵਨ ਨਿਰਬਾਹ ਕੀਤਾ ਜਾ ਸਕੇ , ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ।। [132] ਭਾਰਤੀ ਸਮਾਜ ਵਿਚ ਜੀਵਨ ਦੀ ਖ਼ੁਸ਼ਹਾਲੀ ਲਈ ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਚਾਰ ਪਦਾਰਥਾਂ ਦੀ ਕਲਪਨਾ ਕੀਤੀ ਗਈ ਹੈ ਪਰ ਗੁਰੂ ਸਾਹਿਬ ਪਾਪ ਦੀ ਕਮਾਈ ਦੇ ਵਿਰੁੱਧ ਹਨ। ।।ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ।।[133]

ਪਰਾਏ ਹੱਕ ਨੂੰ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਦੇ ਮਾਸ ਖਾਣ ਦੇ ਬਰਾਬਰ ਕਹਿ ਕੇ ਗੁਰੂ ਸਾਹਿਬ ਨੇ ਨਿੰਦਾ ਕੀਤੀ ਹੈ , ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। [134]। ਗੁਰੂ ਸਾਹਿਬ ਹਰ ਵਿਅਕਤੀ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਲਈ ਵੀ ਪ੍ਰੇਰਨਾ ਦਿੰਦੇ ਹਨ ।।।ਘਾਲਿ ਖਾਇ ਕਿਛ ਹਥਹੁ ਦੇਹਿ।। ਨਾਨਕ ਰਾਹੁ ਪਛਾਣਹਿ ਸੇਇ।।[135] ਧਰਮ, ਅਰਥ, ਕਾਮ ਅਤੇ ਮੋਖ ਰਾਹੀਂ ਆਰਥਿਕ ਸੁਤੰਤਰਤਾ ਦੀ ਗੱਲ ਕੀਤੀ ਗਈ ਹੈ ਇਸਦੇ ਨਾਲ ਹੀ ਪਰਾਇਆ ਹੱਕ ਖਾਣ ਦੀ ਥਾਂ ਕਿਰਤ ਕਰਨ ਲਈ ਵੀ ਪ੍ਰੇਰਦੇ ਹਨ।

ਗੁਰੂ ਨਾਨਕ ਸਾਹਿਬ ਨੇ ਗ਼ਰੀਬੀ ਤੇ ਮੰਗ ਖਾਣ ਨੂੰ ਜ਼ਲਾਲਤ ਦੱਸਿਆ ਹੈ। ਭੁੱਖੇ ਤੇ ਨੰਗੇ ਵਿਚ ਆਜ਼ਾਦੀ ਦਾ ਜਜ਼ਬਾ ਪੈਦਾ ਨਹੀਂ ਹੁੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਸ ਤੋਂ ਪਿੱਛੋਂ ਹੋਰ ਗੁਰੂ ਸਾਹਿਬਾਨ ਨੇ ਲੋਕਾਂ ਦਾ ਆਰਥਿਕ ਉਥਾਨ ਕਰਨ ਲਈ ਸ਼ਹਿਰ ਉਸਾਰੇ ਜਿਥੇ ਲੋਕ ਕਿਰਤ ਉਦਯੋਗ ਤੇ ਵਪਾਰ ਰਾਹੀਂ ਆਰਥਿਕ ਤੌਰ 'ਤੇ ਬਲਵਾਨ ਹੋਣ ਲੱਗੇ। ਉਕਤ ਸਾਰੇ ਸੰਕਲਪ ਰਾਜਸੀ ਸੁਤੰਤਰਤਾ ਨਾਲ ਵੀ ਜੁੜੇ ਹਨ।

**ਰਾਜਸੀ ਸੁਤੰਤਰਤਾ**

ਰਾਜਸੀ ਸੁਤੰਤਰਤਾ ਤੋਂ ਭਾਵ ਇਹ ਹੈ ਕਿ ਵਿਅਕਤੀ ਸਮਾਜ ਵਿਚ ਰਹਿੰਦੇ ਹੋਏ ਰਾਜਨੀਤੀ ਦੇ ਨਾਲ ਸੁਤੰਤਰ ਤੌਰ 'ਤੇ ਜੁੜਿਆ ਰਹਿੰਦਾ ਹੈ ਅਤੇ ਉਹ ਸਮਾਨਤਾ ਦੇ ਅਧਿਕਾਰਾਂ ਦਾ ਹੱਕਦਾਰ ਹੈ। ਇਥੇ ਕੋਈ ਅਮੀਰ-ਗ਼ਰੀਬ ਨਹੀਂ ਸਾਰੇ ਬਰਾਬਰ ਦੇ ਹੱਕਦਾਰ ਹਨ , "ਸਭੇ ਸਾਝੀਵਾਲ ਸਦਾਇਨ ਤੂੰ ਕਿਸੇ ਨਾ ਦਿਸਹਿ

[131] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-656.
[132] ਉਹੀ, ਅੰਗ-1251.
[133] ਉਹੀ, ਅੰਗ-471.
[134] ਉਹੀ, ਅੰਗ-141.
[135] ਉਹੀ, ਅੰਗ-1245.

ਬਾਹਰਾ ਜੀਉ।।"[136] ਅਕਾਲ ਪੁਰਖ ਦੀ ਨਜ਼ਰ ਵਿਚ ਸਾਰੇ ਬਰਾਬਰ ਹਨ ਕਿਸੇ ਨੂੰ ਜਾਤ-ਪਾਤ ਦੇ ਆਧਾਰ 'ਤੇ ਘਿਰਣਾ ਨਾਲ ਨਹੀਂ ਦੇਖਣਾ। ਸੁਤੰਤਰ ਖ਼ਾਲਸਾ ਰਾਜ ਵਿਚ ਜਾਤ-ਪਾਤ ਤੇ ਇਸਤਰੀ ਪੁਰਸ਼ ਦਾ ਕੋਈ ਮਤਭੇਦ ਨਹੀਂ ਅਤੇ ਇਸ ਵਿਚ ਇਕ ਵਿਅਕਤੀ ਦਾ ਰਾਜ ਪ੍ਰਵਾਨ ਨਹੀਂ। ਇਥੇ ਰਾਜ ਸ਼ਕਤੀ ਅਕਾਲ ਪੁਰਖ ਨੂੰ ਸੌਂਪੀ ਗਈ ਹੈ। ਸੰਗਤ ਪੰਜ ਪਿਆਰਿਆਂ ਦੇ ਰੂਪ ਵਿਚ ਇਸਦੀ ਅਮਲੀ ਰੂਪ ਵਿਚ ਪ੍ਰਤੀਨਿਧਤਾ ਕਰਦੀ ਹੈ।

ਰਾਜਸੀ ਸੁਤੰਤਰਤਾ ਲਈ ਮਨੁੱਖ ਵਿਚ ਅਧਿਆਤਮਿਕ ਆਜ਼ਾਦੀ ਦੀ ਲੋੜ ਹੈ ਇਹ ਉਦੋਂ ਹੀ ਸੰਭਵ ਹੋ ਸਕਦੀ ਹੈ ਜਦੋਂ ਮਨੁੱਖ ਪਦਾਰਥਕ ਵਸਤੂਆਂ ਦੀਆਂ ਲਾਲਸਾਵਾਂ ਤੋਂ ਮੁਕਤ ਹੋ ਕੇ ਅਧਿਆਤਮਕ ਕਦਰਾਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰ ਲਵੇ। ਅਜਿਹਾ ਕਰਨ ਨਾਲ ਮਨੁੱਖ ਦਾ ਅੰਤਰਗਤ ਜਾਂ ਆਤਮਾ ਦੁਨਿਆਵੀ ਲਾਲਸਾ ਤੋਂ ਮੁਕਤ ਹੋ ਜਾਂਦੀ ਹੈ ਅਤੇ ਉਹ ਸੰਸਾਰ ਵਿਚ ਸਭ ਦੀ ਸੁਤੰਤਰਤਾ ਅਤੇ 'ਸਰਬੱਤ ਦੇ ਭਲੇ' ਦੀ ਕਾਮਨਾ ਕਰਦੀ ਹੈ। ਗੁਰਮਤਿ ਸਮਾਜ ਦੇ ਰਾਜਸੀ ਖੇਤਰ ਵਿਚ ਹੋ ਰਹੇ ਜ਼ੁਲਮਾਂ ਦੇ ਵੀ ਖਿਲਾਫ਼ ਹਨ। ਸਿੱਖ ਵਿਚਾਰਧਾਰਾ ਅਨੁਸਾਰ ਰਾਜ ਸੱਤਾ ਕੇਵਲ ਉਸਦੇ ਹੀ ਹੱਥ ਵਿਚ ਹੋਣੀ ਚਾਹੀਦੀ ਹੈ ਜੋ ਰਾਜ ਕਰਨ ਦੇ ਲਾਇਕ ਹੋਵੇ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।।[137]

ਰਾਜੇ ਜਨਤਾ ਦਾ ਖ਼ੂਨ ਪੀਣ ਵਾਲੇ ਨਹੀਂ ਹੋਣੇ ਚਾਹੀਦੇ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜ਼ੁਲਮ ਨੂੰ ਸਹਿਣਾ ਵੀ ਪਾਪ ਹੈ। ਰਾਜਸੀ ਸੱਤਾ ਦੇ ਡਰ ਕਾਰਨ ਲੋਕ ਆਪਣੇ ਜੀਵਨ ਦਾ ਆਦਰਸ਼ ਅਤੇ ਧਾਰਮਿਕ ਕਰਤੱਵ ਭੁੱਲ ਜਾਂਦੇ ਹਨ। ਉਨ੍ਹਾਂ ਵਿਚ ਸੁਤੰਤਰਤਾ ਸਹਿਤ ਅਤੇ ਧਾਰਮਿਕ ਅਕੀਦਿਆਂ ਅਨੁਸਾਰ ਸਮਾਜਿਕ ਕਰਮਾਂ ਵਿਚ ਪਰਿਵਰਤਿਤ ਹੋਣ ਦਾ ਸਾਹਸ ਹੀ ਮੁੱਕ ਜਾਂਦਾ ਹੈ। ਗੁਰਮਤਿ ਰਾਜ ਦੀ ਸੱਤਾ ਜਨਤਾ ਦੇ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਇਹ ਰਾਜਸੀ ਸੱਤਾ ਦੇ ਅਧਿਕਾਰੀ ਜਨਤਾ ਦੇ ਸੇਵਕ , ਗ਼ਰੀਬਾਂ ਦੀ ਰੱਖਿਆ ਕਰਨ ਵਾਲੇ ਨਿਆਂਸ਼ੀਲ ਅਤੇ ਪਰਉਪਕਾਰੀ ਮਹਾਂਪੁਰਸ਼ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਵਿਅਕਤੀ ਨੂੰ ਅਧਿਆਤਮਿਕ ਤੌਰ 'ਤੇ ਅਜ਼ਾਦ ਕਰਨ ਦੇ ਨਾਲ-ਨਾਲ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਗ਼ੁਲਾਮੀ ਤੋਂ ਵੀ ਸੁਤੰਤਰਤਾ ਪ੍ਰ ਦਾਨ ਕਰਦੀ ਹੈ। ਇਹ ਵਿਚਾਰਧਾਰਾ ਅਜਿਹੇ ਸਮਾਜ ਦੀ ਨਿਰਮਾਣ ਕਰਦੀ ਹੈ ਜਿਸ ਵਿਚ 'ਸਰਬੱਤ ਦਾ ਭਲਾ' ਅਤੇ ਸਰਵਪੱਖੀ ਵਿਕਾਸ ਦੀ ਗੱਲ ਸਾਹਮਣੇ ਆਉਂਦੀ ਹੈ।

---

[136] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-97

[137] ਉਹੀ, ਅੰਗ-1088.

ਗੁਰੂ ਸਾਹਿਬਾਨ ਨੇ ਸੁਤੰਤਰਤਾ ਲਈ ਜਿਸ ਗੁਰਸਿੱਖ ਦੀ ਸਿਰਜਣਾ ਕੀਤੀ ਉਸ ਵਿਚ ਚਾਰੇ ਵਰਣਾਂ ਦੇ ਗੁਣ ਮੌਜੂਦ ਹੋਣ ਦੀ ਗੱਲ ਕੀਤੀ ਗਈ। ਗੁਰਮਤਿ ਅਨੁਸਾਰ ਗੁਰਸਿੱਖ ਸੰਗਤ ਕਰੇ , ਕਿਰਤ ਕਰੇ, ਨਾਮ ਜਪੇ, ਵੰਡ ਛਕੇ ਅਤੇ ਜ਼ੁਲਮ ਵਿਰੁੱਧ ਲੜੇ। ਗੁਰਮਤਿ ਅਨੁਸਾਰ ਇ ਹ ਸੁਤੰਤਰ ਸਮਾਜਿਕ, ਆਰਥਿਕ ਤੇ ਰਾਜਸੀ ਜੀਵਨ ਦੇ ਪੱਖ ਹਨ। ਅਜਿਹਾ ਮਨੁੱਖ ਆਪਣੀ ਤੇ ਹੋਰਨਾਂ ਦੀ ਸੁਤੰਤਰਤਾ ਲਈ ਹਰ ਕੁਰਬਾਨੀ ਦੇਣ ਲਈ ਤਤਪਰ ਰਹਿੰਦਾ ਹੈ।

ਪੱਛਮੀ, ਭਾਰਤੀ, ਇਸਲਾਮਿਕ ਅਤੇ ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਸੰਕਲਪ ਦਾ ਅਧਿਐਨ ਕਰਨ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪ੍ਰਾਚੀਨ ਪੱਛਮੀ ਰਾਜਨੀਤਿਕ ਚਿੰਤਕ ਵੀ ਭਾਰਤੀ ਚਿੰਤਕਾਂ ਦੀ ਤਰ੍ਹਾਂ ਰਾਜੇ ਦੇ ਦੈਵੀ ਉਤਪਤੀ ਦੇ ਸਿਧਾਂਤ ਵਾਂਗ ਰਾਜ ਨੂੰ ਰੱਬੀ ਸ਼ਕਤੀ ਮੰਨਦੇ ਸਨ ਅਤੇ ਮਨੁੱਖੀ ਸੁਤੰਤਰਤਾ ਲਈ ਰਾਜੇ ਦੀ ਹੋਂਦ ਨੂੰ ਜ਼ਰੂਰੀ ਮੰਨਦੇ ਸਨ ਅਤੇ ਮਨੁੱਖ ਨੂੰ ਰਾਜ ਦੇ ਪ੍ਰਤੀ ਕਰਤੱਵਾਂ ਦੀ ਪਾਲਣਾ ਕਰਨ ਦਾ ਰਾਹ ਦੱਸਦੇ ਹਨ। ਕੁਝ ਆਧੁਨਿਕ ਪੱਛਮੀ ਚਿੰਤਕ ਮਨੁੱਖ ਨੂੰ ਰਾਜ ਤੋਂ ਉੱਪਰ ਮੰਨਦੇ ਹੋਏ ਮਨੁੱਖੀ ਸੁਤੰਤਰਤਾ ਲਈ ਰਾਜੇ ਦੇ ਅਧਿਕਾਰਾਂ 'ਤੇ ਨਿਰੰਕੁਸ਼ ਲਗਾਉਣ ਦੀ ਵਕਾਲਤ ਕਰਦੇ ਹਨ। ਆਧੁਨਿਕ ਭਾਰਤੀ ਚਿੰਤਕ ਵਿਕਾਸ ਲਈ ਰਾਸ਼ਟਰੀ ਸੁਤੰਤਰਤਾ ਨੂੰ ਜ਼ਰੂਰੀ ਮੰਨਦੇ ਹਨ। ਸਿੱਖ ਧਰਮ ਮਨੁੱਖੀ ਸੁਤੰਤਰਤਾ ਸਬੰਧੀ ਨਿਵੇਕਲੀ ਧਾਰਨਾ ਪੇਸ਼ ਕਰਦਾ ਹੈ। ਗੁਰੂ ਸਾਹਿਬਾਨ ਨੇ ਸਮਾਜ ਵਿਚ ਰਹਿੰਦੇ ਹਰ ਪ੍ਰਾਣੀ ਨੂੰ ਸਭ ਤੋਂ ਪਹਿਲਾਂ ਅਧਿਆਤਮਕ ਤੌਰ 'ਤੇ ਵਹਿਮਾਂ-ਭਰਮਾਂ ਤੋਂ ਸੁਤੰਤਰ ਹੋਣ ਦੀ ਗੱਲ ਕੀਤੀ ਹੈ ਅਤੇ ਨਾਲ ਹੀ 'ਸਭੇ ਸਾਂਝੀਵਾਲ ਸਦਾਇਦਨ' ਰਾਹੀਂ ਹਰ ਸਮਾਜਿਕ, ਆਰਥਿਕ, ਧਾਰਮਿਕ ਸੁਤੰਤਰਤਾ ਦੀ ਗੱਲ ਵੀ ਕੀਤੀ ਹੈ। ਰਾਜਨੀਤਿਕ ਸੁਤੰਤਰਤਾ ਦਾ ਅਨੰਦ ਤਾਂ ਹੀ ਮਾਣਿਆ ਜਾ ਸਕਦਾ ਹੈ ਜੇਕਰ ਵਿਅਕਤੀ ਉਕਤ ਤਿੰਨਾਂ ਖੇਤਰਾਂ ਵਿਚ ਸੁਤੰਤਰ ਰੂਪ ਵਿਚ ਵਿਚਰ ਰਿਹਾ ਹੋਵੇ ਕਿਉਂਕਿ ਸਿੱਖਾਂ ਦੀ ਰਾਜਸੀ ਸੁਤੰਤਰਤਾ ਦਾ ਆਧਾਰ ਹੀ ਧਾਰਮਿਕ ਤੇ ਸਮਾਜਿਕ ਸੁਤੰਤਰਤਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚ ਲੋਕ ਕ ਲਿਆਣ ਦੀ ਗੱਲ ਪ੍ਰਾਚੀਨ ਕਾਲ ਵਿਚ ਸਿਧਾਂਤਕ ਤੌਰ 'ਤੇ ਤਾਂ ਪ੍ਰਚਲਿਤ ਸੀ ਪਰ ਵਿਹਾਰ ਵਿਚ ਘੱਟ ਸੀ। ਇਸਲਾਮ ਵਿਚ 'ਜਹਾਦ' ਦੇ ਸਿਧਾਂਤ ਤੇ ਵਿਹਾਰ ਵਿਚ ਵੀ ਫ਼ਰਕ ਸਾਹਮਣੇ ਆਉਂਦਾ ਹੈ। ਮੱਧਕਾਲ ਵਿਚ ਨੈਤਿਕਤਾ ਅਤੇ ਧਰਮ ਦੇ ਪਤਨ ਹੋਣ ਕਰਕੇ ਲੋਕ ਹਿੱਤਾਂ ਦਾ ਸਰੂਪ ਬਿਲਕੁਲ ਖ਼ਤਮ ਹੋ ਗਿਆ। ਗੁਰਮਤਿ ਨੇ ਮਨੁੱਖੀ ਅਧਿਕਾਰਾਂ ਲਈ ਆ ਵਾਜ਼ ਉਠਾਈ। ਦਸ ਗੁਰੂਆਂ ਨੇ ਨਰੋਏ ਅਤੇ ਸੁਚੱਜੇ ਸਮਾਜ ਨੂੰ ਸਥਾਪਿਤ ਕੀਤਾ। ਮਨੁੱਖੀ ਬਰਾਬਰੀ ਅਤੇ ਸੁਤੰਤਰਤਾ ਦਾ ਸੰਕਲਪ ਵਿਹਾਰ ਵਿਚ ਲਿਆਂਦਾ।

# ਅਧਿਆਇ ਦੂਜਾ

## ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਆਰੰਭ ਅਤੇ ਵਿਕਾਸ

ਪ੍ਰਾਚੀਨ ਕਾਲ ਅਤੇ ਮੱਧ ਕਾਲ ਵਿਚ ਨੈਤਿਕਤਾ ਅਤੇ ਸੁਤੰਤਰਤਾ ਦੀ ਗੱਲ ਕਹਿਣ ਮਾਤਰ ਸੀ। ਵਿਹਾਰਕ ਰੂਪ ਵਿਚ ਨਹੀਂ ਸੀ। ਇਸ ਅਧਿਆਇ ਵਿਚ ਗੁਰੂ ਸਾਹਿਬਾਨ ਦੀ ਰਾਜਨੀਤਿਕ ਵਿਚਾਰਧਾਰਾ 'ਚ ਸੁਤੰਤਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਘੋਖਣ ਦਾ ਯਤਨ ਕਰਾਂਗੇ। ਸਿੱਖ ਧਰਮ ਮਨੁੱਖ ਨੂੰ ਸੁਤੰਤਰ ਬਣਾਉਣ ਲਈ ਹੀ ਹੋਂਦ ਵਿਚ ਆਇਆ ਹੈ ਤਾਂ ਜੋ ਰਾਜਸੀ ਤੌਰ 'ਤੇ ਗ਼ੁਲਾਮ ਹੋ ਚੁੱਕੇ ਮਨੁੱਖ ਨੂੰ ਸੁਤੰਤਰ ਕੀਤਾ ਜਾਵੇ। ਸਿੱਖ ਧਰਮ ਜ਼ਬਰ-ਜ਼ੁਲਮ ਵਿਰੁੱਧ ਸੰਘਰਸ਼ ਕਰਦਾ ਰਿਹਾ ਹੈ। ਗੁਰੂ ਸਾਹਿਬਾਨ ਨੇ ਸੁਤੰਤਰਤਾ ਨੂੰ ਸਿਧਾਂਤ ਤੇ ਅਮਲੀ ਜੀਵਨ ਰਾਹੀਂ ਪੇਸ਼ ਕੀਤਾ ਹੈ। ਗੁਰੂ ਸਾਹਿਬਾਨ ਨੇ ਰਾਜ ਅਤੇ ਮਨੁੱਖੀ ਅਧਿਕਾਰਾਂ ਦਾ ਮੁਹਾਂਦਰਾ ਉਲੀਕਿਆ ਹੈ। ਗੁਰਮਤਿ ਵਿਚਾਰਧਾਰਾ ਮਨੁੱਖ ਦੀ ਅਧਿਆਤਮਿਕ ਮੁਕਤੀ ਦੇ ਨਾਲ-ਨਾਲ ਰਾਜਸੀ ਸੁਤੰਤਰਤਾ ਦੀ ਅਲੰਬਰਦਾਰ ਵੀ ਹੈ। ਗੁਰਮਤਿ ਸਿਧਾਂਤ 'ਤੇ ਪਹਿਰਾ ਦਿੰਦਿਆਂ ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਅਨੇਕਾਂ ਕਸ਼ਟ ਸਹਿ ਕੇ ਸੁਤੰਤਰਤਾ ਹਾਸਲ ਕੀਤੀ, ਜਿਸਦਾ ਵਿਸ਼ਲੇਸ਼ਣ ਅੱਗੇ ਕਰ ਰਹੇ ਹਾਂ।

### ਸਮਕਾਲੀ ਸਮਾਜਿਕ ਤੇ ਰਾਜਸੀ ਸਥਿਤੀ

ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਨੂੰ ਸਮਝਣ ਲਈ ਸਮਕਾਲੀ ਰਾਜਸੀ ਪ੍ਰਸਥਿਤੀਆਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਜਿਥੇ ਸਿਧਾਂਤ ਦਿੱਤੇ ਉੱਥੇ ਖ਼ੁਦ ਵੀ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ। 1469 ਈ. ਤੋਂ 1708 ਈ. ਤੱਕ ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦਾ ਸਮਾਂ ਸੀ। ਹਿੰਦੁਸਤਾਨ ਉਪਰ ਮੁਗ਼ਲਾਂ ਦਾ ਰਾਜ ਸੀ ਫਿਰ ਵੀ ਕਈ ਰਿਆਸਤਾਂ ਉੱਪਰ ਰਾਜਪੂਤ ਜਾਂ ਹਿੰਦੂ ਹਾਕਮ ਰਾਜ ਕਰਦੇ ਸਨ। ਥੋੜ੍ਹੇ-ਬਹੁਤ ਅੰਤਰ ਨਾਲ ਦੋਵੇਂ ਵਿਚਾਰਧਾਰਾਵਾਂ ਆਪੋ-ਆਪਣੇ ਥਾਂ ਪ੍ਰਚੱਲਿਤ ਸਨ। ਝੂਠ, ਪਾਪ, ਬੇਈਮਾਨੀ, ਠੱਗੀ, ਚੋਰੀ, ਲੁੱਟ-ਖਸੁੱਟ ਅਤੇ ਫ਼ਿਰਕਾਪ੍ਰਸਤੀ ਦਾ ਬੋਲਬਾਲਾ ਸੀ। ਆਮ ਇਨਸਾਨ ਗ਼ੁਲਾਮ ਸੀ। ਉਸ ਵੇਲੇ ਦੀ ਰਾਜਸੀ ਹਾਲਾਤ ਨੂੰ ਗੁਰੂ ਨਾਨਕ ਦੇਵ ਜੀ, ਭਾਈ ਗੁਰਦਾਸ ਜੀ ਤੋਂ ਇਲਾਵਾ ਇਤਿਹਾਸਕਾਰਾਂ ਨੇ ਵੀ ਬਿਆਨ ਕੀਤਾ ਹੈ, "ਹਿੰਦੂ ਪਰੰਪਰਾ ਵਿਚ ਜਾਤਾਂ ਦੀ ਉਤਪਤੀ ਚਾਰ ਵਰਣਾਂ ਵਿਚੋਂ ਹੋਈ ਦੱਸੀ ਗਈ ਹੈ, ਚਾਰ ਵਰਣਾਂ ਦਾ ਰਚਣਹਾਰਾ ਬ੍ਰਹਮਾ ਹੈ, ਬ੍ਰਾਹਮਣ, ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਇਆ,

ਖੱਤਰੀ ਬਾਂਹਾਂ ਤੋਂ, ਵੈਸ਼ ਪੱਟਾਂ ਤੋਂ ਅਤੇ ਸ਼ੂਦਰ ਪੈਰਾਂ ਤੋਂ।"[1] ਇਸ ਤਰ੍ਹਾਂ ਬ੍ਰਾਹਮਣ ਅਤੇ ਖੱਤਰੀ ਮਾਲਕ ਸਨ, ਵੈਸ਼ ਅਤੇ ਸ਼ੂਦਰ ਗ਼ੁਲਾਮ।

ਜਗਜੀਤ ਸਿੰਘ ਲਿਖਦੇ ਹਨ, "ਭਾਰਤੀ ਸਮਾਜ ਵਿਚ ਭਾਵੇਂ ਕਿਸੇ ਦਾ ਰਾਜਸੀ ਤੇ ਆਰਥਿਕ ਰੁਤਬਾ ਕੁਝ ਵੀ ਕਿਉਂ ਨਾ ਹੋਵੇ। ਧੁਰ ਉੱਪਰਲੇ ਸਿਰੇ ਉਤੇ ਬ੍ਰਾਹਮਣ ਸਨ, ਜਿਨ੍ਹਾਂ ਨੂੰ (ਧਰਤੀ ਦੇ ਦੇਵਤੇ) ਕਿਹਾ ਜਾਂਦਾ ਸੀ ਅਤੇ ਧੁਰ ਹੇਠਾਂ (ਅਛੂਤ) ਜਿਨ੍ਹਾਂ ਨਾਲ ਕੋਈ ਮੇਲ-ਜੋਲ ਨਹੀਂ ਸੀ ਤੇ ਜਿਨ੍ਹਾਂ ਨੂੰ ਤੱਕਿਆ ਤੱਕ ਵੀ ਨਹੀਂ ਜਾਂਦਾ ਸੀ। ਜਾਤ ਦੀ ਪਰੰਪਰਾ ਜੱਦੀ ਬਣ ਚੁੱਕੀ ਸੀ। ਇਸ ਤਰ੍ਹਾਂ ਜਾਤ-ਪਾਤੀ ਸਮਾਜ ਨੇ ਆਪਣੀ ਹੀ ਕਿਸਮ ਦੀ ਗ਼ੁਲਾਮੀ ਦਾ ਨਮੂਨਾ ਘੜ ਲਿਆ ਸੀ ਜਿਸ ਨਾਲ ਸਾਰੀਆਂ ਜਾਤਾਂ ਸਮੁੱਚੇ ਜਾਤ-ਪਾਤ ਦੀਆਂ ਗ਼ੁਲਾਮ ਹੋ ਨਿੱਬੜੀਆਂ ਸਨ।"[2]

ਵੈਸ਼ ਅਤੇ ਸ਼ੂਦਰ ਮਿਲ ਕੇ ਹਿੰਦੁਸਤਾਨ ਦੀ 80% ਆਬਾਦੀ ਬਣਦੀ ਸੀ ਪਰ ਇਨ੍ਹਾਂ ਨੂੰ ਕੋਈ ਜੰਗ-ਯੁੱਧ ਵਿਚ ਸ਼ਾਮਲ ਹੋਣ ਦਾ ਅਧਿਕਾਰ ਨਹੀਂ ਸੀ। ਸੰਪਰਦਾਇਕਤਾ ਦੀ ਵੰਡ ਕਾਰਨ ਮੁੱਠੀ ਭਰ ਮੁਗ਼ਲਾਂ ਤੋਂ ਹਿੰਦੁਸਤਾਨ ਰਾਜਸੀ ਤੌਰ 'ਤੇ ਗ਼ੁਲਾਮ ਹੋ ਗਿਆ ਸੀ। ਭਾਈ ਗੁਰਦਾਸ ਜੀ ਅਨੁਸਾਰ ਵੀ ਚਾਰ ਵਰਣਾਂ ਦੇ ਮਤਭੇਦ ਕਾਰਨ ਸਦਭਾਵ ਖ਼ਤਮ ਹੋ ਕੇ ਤਣਾਅ ਵਧ ਗਿਆ। ਸੱਚ ਖ਼ਤਮ ਹੋ ਚੁੱਕਾ ਸੀ, ਹਿੰਦੂ ਅਤੇ ਮੁਸਲਮਾਨ ਖਹਿ-ਖਹਿ ਕੇ ਮਰ ਰਹੇ ਸਨ:

ਚਾਰਿ ਵਰਨਿ ਚਾਰਿ ਮਹਜਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।[3]

ਸਮਾਜ ਵਿਚ ਰਾਜਸੀ ਅਧਿਕਾਰੀ ਕੁੱਤਿਆਂ ਵਾਂਗ ਜਨਤਾ ਦਾ ਖ਼ੂਨ ਚੂਸ ਰਹੇ ਸਨ। ਅਧਿਕਾਰੀ ਆਪਣੀ ਅਣਖ ਗੁਆ ਬੈਠੇ ਸਨ। ਸ਼ਾਸਤਰਾਂ ਅਤੇ ਵੇਦਾਂ ਵਿਚ ਲਿਖੀ ਹੋਈ ਗੱਲ ਕੋਈ ਨਹੀਂ ਮੰਨਦਾ ਸੀ। ਆਪੋ-ਆਪਣੀ ਮਰਜ਼ੀ ਨਾਲ ਰਸਮਾਂ ਕਰੀ ਜਾਂਦੇ ਸਨ। ਰਿਸ਼ਵਤ ਲੈ ਕੇ ਲੋਕਾਂ ਨਾਲ ਅਨਿਆਂ ਕਰ ਰਹੇ ਸਨ:

---

[1] "*According to Hindu Tradition the cast system owes its origin to the four Varna, which are respectively derived from the Brahman who sprang from the mouth of deity, the Kshatriya, who was created from his arms, the Vaishya who was formed from his Thighs and Sudra who was born from his feet".* Hutton, J. H., *Cast In India, Its nature, Function, and Origins ,* P.149

[2] *ਸਿੱਖ ਇਨਕਲਾਬ,* ਪੰਨਾ-33

[3] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 21ਵੀਂ, ਪੰਨਾ-15

ਸਾਸਤੁ ਬੇਦੁ ਨ ਮਾਨੈ ਕੋਇ।।ਆਪੋ ਆਪੈ ਪੂਜਾ ਹੋਇ।।
ਕਾਜੀ ਹੋਇ ਕੈ ਬਹੈ ਨਿਆਏ।।ਫੇਰੇ ਤਸਬੀ ਕਰੇ ਖੁਦਾਇ।।
ਵਢੀ ਲੈ ਕੈ ਹਕੁ ਗਵਾਏ।।ਜੇ ਕੁ ਪੁਛੈ ਤਾ ਪੜ ਸੁਣਾਏ।।[4]

ਮੁਸਲਮਾਨ ਲਿਖਾਰੀ ਮੁਹੰਮਦ ਲਤੀਫ਼ ਮੰਨਦਾ ਹੈ, "ਉਸ ਵੇਲੇ ਮੁਸਲਮਾਨ ਬਾਦਸ਼ਾਹ ਹਿੰਦੂ ਮੂਰਤੀ ਪੂਜਕਾਂ ਦੇ ਮੰਦਰ ਗਿਰਾ ਦਿੰਦੇ ਸਨ। ਸਿਕੰਦਰ ਲੋਧੀ ਨੇ ਆਪਣੇ ਰਾਜ ਸਮੇਂ ਹੁਕਮ ਦੇ ਰੱਖਿਆ ਸੀ ਕਿ ਕੋਈ ਹਿੰਦੂ ਯਾਤਰਾ ਸਮੇਂ ਦਾੜ੍ਹੀ ਅਤੇ ਸਿਰ ਨਾ ਮੁਨਾਏ। ਧੋਖਾ, ਫ਼ਰੇਬ, ਠੱਗੀ ਤੇ ਚਲਾਕੀ ਦਾ ਹੀ ਸਾਰੇ ਹਿੰਦੁਸਤਾਨ ਵਿਚ ਦੌਰ ਸੀ।"[5] ਇਹ ਹੁਕਮ ਇਸ ਲਈ ਸੀ ਤਾਂ ਕਿ ਹਿੰਦੂ ਮੁਸਲਮਾਨਾਂ ਵਰਗੇ ਦਿਸਣ। ਗ਼ੈਰ ਮੁਸਲਮਾਨ ਵਸੋਂ ਉਤੇ ਮੁਸਲਮਾਨਾਂ ਵੱਲੋਂ ਅੱਤਿਆਚਾਰ ਕੀਤੇ ਜਾਂਦੇ ਸਨ। ਬਾਦਸ਼ਾਹਾਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਸੀ। ਅਜਿਹੀ ਹਾਲਤ ਵਿਚ ਸਮਾਜ ਦਾ ਗ਼ੁਲਾਮ ਹੋਣਾ ਸੁਭਾਵਿਕ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।।
ਹਉ ਭਾਲਿ ਵਿਕੁੰਨੀ ਹੋਈ।।ਆਧੇਰੈ ਰਾਹੁ ਨ ਕੋਈ।।
ਵਿਚਿ ਹਉਮੈ ਕਰਿ ਦੁਖੁ ਰੋਈ।।ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।।[6]

ਸਮਕਾਲੀ ਸਥਿਤੀ ਵਿਚ ਪਾਪ ਦਾ ਵਰਤਾਰਾ ਸੀ ਜਿਸ ਵਿਚ ਕੂੜ ਪ੍ਰਧਾਨ ਸੀ। ਕਿਸੇ ਨੂੰ ਕੋਈ ਅਜਿਹਾ ਅਧਿਕਾਰ ਪ੍ਰਾਪਤ ਨਹੀਂ ਸੀ ਜਿਸ ਵਿਚ ਮਨੁੱਖ ਨੂੰ ਨਿਆਂ ਪ੍ਰਾਪਤ ਹੁੰਦਾ। ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿਚ ਇਸ ਸਥਿਤੀ ਨੂੰ ਬਿਆਨ ਕਰਦੇ ਹਨ:

ਸਚਿ ਕਾਲ ਕੂੜੁ ਵਰਤਿਆ ਕਲਿ ਕਾਲਖ ਬੇਤਾਲ।।
ਬੀਉ ਬੀਜ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ।।
ਲਬੁ ਪਾਪੁ ਦਾਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ।।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰ।।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।।[7]

ਚਾਰੇ ਪਾਸੇ ਰਿਸ਼ਵਤ ਦਾ ਬੋਲਬਾਲਾ ਸੀ। ਅਧਿਕਾਰੀ ਤੋਂ ਲੈ ਕੇ ਰਾਜੇ ਤੱਕ ਕੋਈ ਵੀ ਇਨਸਾਫ਼ ਨਹੀਂ ਕਰਦਾ ਸੀ ਜਦੋਂ ਤੱਕ ਉਸ ਦੇ ਹੱਥ ਉਪਰ ਕੁਝ ਰੱਖਿਆ ਨਹੀਂ ਜਾਂਦਾ ਸੀ। ਅਜਿਹੀ ਹਾਲਤ ਵਿਚ ਮਨੁੱਖ ਗ਼ੁਲਾਮੀ ਦੀਆਂ ਬੇੜੀਆਂ ਵਿਚ ਜਕੜਿਆ ਗਿਆ:

---

[4] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-951.

[5] *ਪੰਜਾਬ ਦਾ ਇਤਿਹਾਸ,* ਗੁਰਮੁਖ ਸਿੰਘ ਗੁਰਮੁਖ (ਅਨੁ.), ਪੰਨਾ-232

[6] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-145.

[7] ਉਹੀ*,* ਅੰਗ-468-69.

ਦਰਸਨਿ ਦੇਖਿਐ ਦਇਆ ਨ ਹੋਇ।।ਲਏ ਦਿਤੇ ਵਿਣੁ ਰਹੇ ਨ ਕੋਇ।।
ਰਾਜਾ ਨਿਆਉ ਕਰੇ ਹਥਿ ਹੋਇ।।ਕਹੈ ਖੁਦਾਇ ਨ ਮਾਨੈ ਕੋਇ।।[8]

ਗਵਾਹ ਵਿਕਾਊ ਸਨ। ਰਿਸ਼ਵਤ ਲੈ ਕੇ ਝੂਠੀ ਗਵਾਹੀ ਦਿੱਤੀ ਜਾਂਦੀ ਸੀ। ਨਿਆਂ ਦੀ ਉਮੀਦ ਕਿਤੇ ਨਹੀਂ ਸੀ:

ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ।।[9]

ਸਮਕਾਲੀ ਲੇਖਕ ਬਰਨੀਅਰ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਲਿਖਦਾ ਹੈ ਕਿ ਕਸੂਰਵਾਰ ਧਿਰਾਂ ਰਾਜੇ ਨੂੰ ਜਾਂ ਹੋਰ ਮੁਨਸਫ਼ਾਂ ਨੂੰ ਪੈਸੇ ਦੇ ਕੇ ਆਪਣੇ ਹੱਕ ਵਿਚ ਫ਼ੈਸਲੇ ਕਰਵਾ ਲੈਂਦੀਆਂ ਸਨ।[10] ਰਾਜੇ ਨਿਰੋਲ ਐਸ਼ੋ ਇਸ਼ਰਤ ਵਿਚ ਪਏ ਹੋਏ ਸਨ ਅਤੇ ਜਨਤਾ ਦੀ ਸਾਰ ਨਹੀਂ ਲੈਂਦੇ ਸਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਜਦ ਬਾਬਰ ਨੇ ਹਮਲਾ ਕੀਤਾ। ਉਸ ਵੇਲੇ ਕਿਸੇ ਪਠਾਣ ਸ਼ਹਿਜ਼ਾਦੇ ਨੂੰ ਵੀ ਕਿਤੋਂ ਮੰਗ ਕੇ ਵੀ ਰੋਟੀ ਦਾ ਟੁੱਕਰ ਵੀ ਨਾ ਮਿਲਿਆ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਦ ਤਿਆਰੀ ਨਾ ਹੋਵੇ, ਮੌਕਾ ਨਾ ਸੰਭਾਲਿਆ ਜਾਏ ਤੇ ਐਸ਼ੋ ਇਸ਼ਰਤ ਵਿਚ ਪਏ ਰਹੀਏ ਤਾਂ ਅਜਿਹਾ ਹੀ ਹੁੰਦਾ ਹੈ:

ਅਗੋ ਦੇ ਜੇ ਚੇਤੀਐ ਤਾਂ ਕਾਇਤ ਮਿਲੈ ਸਜਾਇ।।
ਸ਼ਾਹਾਂ ਸੁਰਤਿ ਗਵਾਈਐ ਰੰਗਿ ਤਮਾਸ਼ੈ ਚਾਇ।।
ਬਾਬਰਵਾਣੀ ਫਿਰ ਗਈ ਕੁਇਰੁ ਨ ਰੋਟੀ ਖਾਇ।।[11]

1469 ਈ. ਤੋਂ ਲੈ ਕੇ 1520-21 ਈ. ਤੱਕ ਪੰਜਾਬ, ਦਿੱਲੀ ਅਤੇ ਕਾਬਲ ਦੇ ਵਿਚਕਾਰ ਪੂਰਾ ਸੈਨਿਕ ਮਹੱਤਵ ਹਾਸਲ ਕਰੀਂ ਬੈਠਾ ਸੀ। ਜੇ ਪੰਜਾਬ ਦਾ ਪ੍ਰਬੰਧ ਮਜ਼ਬੂਤ ਹੁੰਦਾ ਸੀ ਤਾਂ ਹਿੰਦੁਸਤਾਨ ਦੀ ਪੱਛਮੀ ਸਰਹੱਦ ਵੀ ਮਜ਼ਬੂਤ ਹੁੰਦੀ ਸੀ। ਹਿੰਦੁਸਤਾਨ ਉਪਰ ਪੱਛਮੀ ਇਸਲਾਮੀ ਮੁਲਕਾਂ ਦੇ ਹਮਲੇ ਰੁਕ ਸਕਦੇ ਸਨ। ਬਾਬਰ ਇਸੇ ਕਰਕੇ ਹੀ ਹਰ ਵਾਰ ਪੰਜਾਬ ਵਿਚ ਆ ਪਹੁੰਚਦਾ ਸੀ ਕਿਉਂਕਿ ਪੰਜਾਬ ਦਾ ਪ੍ਰਬੰਧ ਮਜ਼ਬੂਤ ਨਹੀਂ ਸੀ। ਜੇਕਰ ਲੋਧੀ ਸੁਲਤਾਨਾਂ ਨੇ ਪੰਜਾਬ ਦੇ ਪ੍ਰਬੰਧ ਨੂੰ ਮਜ਼ਬੂਤ ਕੀਤਾ ਹੁੰਦਾ ਤਾਂ ਬਾਬਰ ਆਸਾਨੀ ਨਾਲ ਪੰਜਾਬ ਵਿਚ ਪਹੁੰਚ ਕੇ ਲੁੱਟ ਮਾਰ ਨਹੀਂ ਕਰ ਸਕਦਾ ਸੀ। ਬਾਬਰ ਨੇ ਪਾਣੀਪਤ ਤੋਂ ਆਗਰੇ ਤੱਕ ਵੱਡੀ ਲੁੱਟਮਾਰ ਕੀਤੀ। ਮੰਦਿਰ, ਮੱਠ ਸਭ ਤਬਾਹ ਕਰ ਦਿੱਤੇ। ਅਨੇਕਾਂ ਹੀ ਪੀਰ ਫ਼ਕੀਰਾਂ ਦੀ ਇਕ ਨਾ ਚੱਲੀ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।।

---

[8] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-350.

[9] ਉਹੀ, ਅੰਗ-1032.

[10] ਚਾਵਲਾ, ਹਰਬੰਸ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਿਕ ਚਿੱਤਰ,* ਪੰਨਾ-38-*Travles in The Mughal Empire, ਵਿਚੋਂ* (ਉਧਰਿਤ)

[11] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-417

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।।[12]

ਬਾਬਰ ਦੇ ਹਮਲਿਆਂ ਸਮੇਂ ਦੇ ਅੱਯਾਸ਼ ਅਤੇ ਅਯੋਗ ਰਾਜਿਆਂ ਦੁਆਰਾ ਪੰਜਾਬ ਦੀ ਰਾਖੀ ਨਾ ਕਰਨ ਸਕਣ ਦੇ ਦਰਦਨਾਕ ਹਾਲਾਤ ਦਾ ਜ਼ਿਕਰ ਵੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਰਾਜਿਆਂ ਦਾ ਚੰਗਾ ਰਾਜ ਪ੍ਰਬੰਧ ਨਾ ਹੋਣ ਕਰਕੇ ਅਤੇ ਕਾਇਰਤਾ ਦਿਖਾ ਕੇ ਇਸ 'ਰਤਨ' ਵਰਗੇ ਦੇਸ਼ ਨੂੰ ਵਿਗਾੜਿਆ ਗਿਆ ਅਤੇ ਗ਼ੁਲਾਮੀ ਦੇ ਹਾਲਾਤ ਪੈਦਾ ਕੀਤੇ। ਅਜਿਹੇ ਡਰਪੋਕ ਅਤੇ ਅਯੋਗ ਸੁਲਤਾਨਾਂ ਦੇ ਮਰਨ ਤੋਂ ਬਾਅਦ ਕਿਸੇ ਨੂੰ ਵੀ ਯਾਦ ਨਹੀਂ ਕਰਨਾ:

ਰਤਨ ਵਿਗਾੜਿ ਵਿਗੋਏ ਕੁੰਤੀ ਮੁਇਆ ਸਾਰ ਨਾ ਕਾਈ।।[13]

ਗ਼ੁਲਾਮ ਸੇਵਕਾਂ ਦਾ ਇਤਿਹਾਸ ਵੀ ਇਸਦਾ ਪ੍ਰਮਾਣ ਹੈ। ਮੱਧਕਾਲੀਨ ਦਾ ਹਿੰਦੂ-ਸਮਾਜ ਭਾਵੇਂ ਮੁਗ਼ਲਾਂ ਦਾ ਮੁੱਲ ਖ਼ਰੀਦਿਆ ਹੋਇਆ ਜਾਂ ਲੁੱਟ ਵਿਚ ਲਿਆਂਦਾ ਹੋਇਆ ਨਹੀਂ ਸੀ ਪਰ ਰੱਬ, ਧਰਮ, ਗ੍ਰੰਥ, ਸਭਿਆਚਾਰ, ਬੋਲੀ ਤੇ ਪਹਿਰਾਵਾ, ਜੀਵਨ ਦੇ ਇਹਨਾਂ ਮੁੱਢਲੇ ਖੇਤਰਾਂ ਵਿਚ ਹਿੰਦੂ-ਸਮਾਜ, ਮੁਗ਼ਲ (ਮੁਸਲਮਾਨਾਂ) ਦਾ ਗ਼ੁਲਾਮ ਬਣ ਚੁੱਕਿਆ ਸੀ। ਇਸ ਗਿਰਾਵਟ ਦਾ ਮੂਲ ਕਾਰਨ ਬ੍ਰਾਹਮਣਾਂ ਅਤੇ ਖੱਤਰੀਆਂ ਦੀ ਫ਼ਰਜ਼ਾਂ ਪ੍ਰਤੀ ਅਣਗਹਿਲੀ ਸੀ। ਬ੍ਰਾਹਮਣ ਅਤੇ ਖੱਤਰੀ ਜਿਹੜੇ ਭਾਰਤ ਦੀ ਸੁਤੰਤਰਤਾ ਦੇ ਅਲੰਬਰਦਾਰ ਸਨ ਅਤੇ ਸੁਤੰਤਰਤਾ ਨੂੰ ਸਥਿਰ ਰੱਖਣ ਦੇ ਜ਼ਿੰਮੇਵਾਰ ਸਨ, ਉਹ ਵੀ ਆਪਣੀ ਆਜ਼ਾਦੀ ਤਿਆਗ ਕੇ ਮੁਗ਼ਲਾਂ ਦੇ ਗ਼ੁਲਾਮ ਬਣ ਚੁੱਕੇ ਸਨ। ਲੋਕ ਇਤਨੇ ਡਰੇ ਹੋਏ ਸਨ ਕਿ ਰੱਬ ਨੂੰ ਅੱਲਾਹ ਦੇ ਰੂਪ ਵਿਚ ਮੰਨਦੇ ਸਨ, ਮੁਸਲਮਾਨਾਂ ਦੇ ਸਾਹਮਣੇ ਨਮਾਜ਼ ਪੜ੍ਹ ਕੇ ਸੁਣਾਉਂਦੇ, ਹਿੰਦੂਆਂ ਨੇ ਧਾਰਮਿਕ ਗ੍ਰੰਥ ਤਿਆਗ ਦਿੱਤੇ, ਮੁਸਲਮਾਨੀ ਵਰਤਾਰੇ ਦੀ ਨਕਲ ਕਰਦੇ, ਹਾਕਮ ਸ਼੍ਰੇਣੀ ਨੂੰ ਖ਼ੁਸ਼ ਕਰਨ ਲਈ ਨੀਲੇ ਬਸਤਰ ਪਹਿਨਦੇ, ਹਿੰਦੂਆਂ ਨੇ ਆਪਣਾ ਸਭਿਆਚਾਰ, ਬੋਲੀ ਅਤੇ ਭਾਸ਼ਾ ਵੀ ਤਿਆਗ ਦਿੱਤੀ ਸੀ। ਗੁਰੂ ਨਾਨਕ ਦੇਵ ਜੀ ਦਾ 'ਆਸਾ ਕੀ ਵਾਰ' ਵਿਚਲਾ ਇਹ ਸ਼ਬਦ ਹਿੰਦੂਆਂ ਦੀ ਗ਼ੁਲਾਮੀ ਭਰੀ ਜ਼ਿੰਦਗੀ ਦੀ ਤਰਜਮਾਨੀ ਕਰਦਾ ਹੈ:

ਕਲਿ ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ।।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ।।[14]
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।..[15]
ਅੰਤਰ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ।।[16]

---

[12] *ਸ੍ਰੀ ਗੁਰੂ ਗ੍ਰੰਥ ਸਾਹਿਬ* , ਅੰਗ-417-18
[13] ਉਹੀ, ਅੰਗ-360
[14] ਉਹੀ, ਅੰਗ-470
[15] ਉਹੀ, ਅੰਗ-663
[16] ਉਹੀ,  ਅੰਗ-472

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।। ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਸਾਈ।। ਨੀਲ ਬਸਤ੍ਰ ਪਹਿਰ ਹੋਵੈ ਪਰਵਾਣ।।
ਮਲੇਛ ਧਾਨੁ ਲੇ ਪੂਜਹਿ ਪੁਰਾਣੁ।।[17]
ਕੂਜਾ ਬਾਂਗ ਨਿਵਾਜੁ ਮੁਸਲਾ ਨੀਲ ਰੂਪ ਬਨਵਾਰੀ।।
ਘਰਿ ਘਰਿ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ।।...[18]

ਇਨ੍ਹਾਂ ਹਾਲਾਤਾਂ ਵਿਚ ਹਿੰਦੂ ਸਮਾਜ ਨੇ ਗ਼ੁਲਾਮੀ ਸਵੀਕਾਰ ਕਰ ਲਈ ਸੀ। ਬਾਹਰੀ ਹਮਲਿਆਂ ਅਤੇ ਮੁਗ਼ਲਾਂ ਦੇ ਜ਼ਬਰ ਕਾਰਨ ਆਮ ਇਨਸਾਨ ਦੀ ਹਾਲਤ ਬੜੀ ਭੱਦੀ ਸੀ। ਡਾ. ਜਸਪਾਲ ਸਿੰਘ ਲਿਖਦੇ ਹਨ, "ਬਾਬਰ ਦੇ ਸਮੇਂ ਤੋਂ ਹੀ ਦੁਨਿਆਵੀ ਸ਼ਕਤੀ ਨੇ ਆਪਣੇ ਦਾਇਰੇ ਦਾ ਉਲੰਘਣ ਕਰਕੇ ਮਨੁੱਖ ਦੇ ਧਾਰਮਿਕ ਅਤੇ ਅਧਿਆਤਮਿਕ ਖੇਤਰ ਵਿਚ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ ਸੀ। ਮਨੁੱਖ ਦੀ ਹਰ ਤਰ੍ਹਾਂ ਦੀ ਆਜ਼ਾਦੀ ਤੇ ਉਸਦੀ ਸੋਚਣ, ਵਿਚਾਰਨ ਅਤੇ ਅਭਿਵਿਅਕਤੀ ਦੀ ਸੁਤੰਤਰਤਾ ਰਾਜ ਨੇ ਖੋਹ ਲਈ। ਰਾਜ ਦੀ ਤਲਵਾਰ ਦੇ ਖ਼ੌਫ਼ ਨਾਲ ਲੋਕ ਆਪਣੇ ਧਰਮ, ਭਾਸ਼ਾ ਤੇ ਸਭਿਆਚਾਰ ਆਦਿ ਤਿਆਗਣ ਲਈ ਮਜ਼ਬੂਰ ਹੋ ਗਏ।" [19] ਤੁਰਕਾਂ ਦੇ ਹੱਥੋਂ ਮਾਰ ਖਾ ਕੇ ਪੰਜਾਬ ਦਾ ਉਜਾੜਾ ਹੋਇਆ। ਹਿੰਦੂਆਂ ਦਾ ਧਰਮ ਤਬਦੀਲ ਕੀਤਾ ਜਾਣ ਲੱਗਾ। ਉੱਚੀਆਂ ਪਦਵੀਆਂ 'ਤੇ ਹਿੰਦੂਆਂ ਨੂੰ ਲਗਾਉਣ ਦੀ ਪਾਬੰਦੀ ਸੀ। ਕਈ ਤਰ੍ਹਾਂ ਦਾ ਜਜ਼ੀਆ (ਕਰ) ਲਗਾ ਦਿੱਤਾ ਗਿਆ ਜਿਸ ਨਾਲ ਕਾਫ਼ੀ ਜ਼ਲਾਲਤ ਹਿੰਦੂਆਂ ਨੂੰ ਸਹਿਣੀ ਪੈਂਦੀ ਸੀ। ਲੋਕਾਂ ਦੇ ਚਰਿੱਤਰ ਵਿਚ ਅਣਖ, ਆਜ਼ਾਦੀ ਤੇ ਅੜ ਖਲੋਣ ਦੇ ਵੱਡਮੁੱਲੇ ਗੁਣ ਅਲੋਪ ਹੋ ਗਏ ਸਨ। ਘੋੜਿਆਂ ਦੀ ਸਵਾਰੀ ਅਤੇ ਤੀਰਥ ਯਾਤਰਾ ਕਰਨ ਉਤੇ ਟੈਕਸ ਲੱਗੇ ਹੋਏ ਸਨ।  ਬ੍ਰਾਹਮਣ ਵੀ ਹਕੂਮਤ ਦਾ ਹੱਥ ਠੋਕਾ ਬਣ ਕੇ ਆਪਣੇ ਹੀ ਭਰਾਵਾਂ ਨੂੰ ਹੋਰ ਤੰਗ ਕਰ ਰਹੇ ਸਨ:

ਛੁਰੀ ਵਗਾਇਨਿ ਤਿਨ ਗਲਿ ਤਾਗ।।
ਤਿਨ ਕਰਿ ਬ੍ਰਾਹਮਣ ਪੂਰੈ ਨਾਦ
ਉਨਾ ਭਿ ਆਵੈ ਉਈ ਸਾਦਿ।।[20]

ਪਹਿਲਾਂ ਦੌਲਤ ਖ਼ਾਨ ਲੋਧੀ ਸਾਰੇ ਪੰਜਾਬ ਦਾ ਸੂਬੇਦਾਰ ਸੀ ਪਰ ਉਹ ਇਸ ਪਦਵੀ ਨੂੰ ਬਰਕਰਾਰ ਨਹੀਂ ਰੱਖ ਸਕਿਆ। ਇਸ ਤੋਂ ਬਾਅਦ ਉਸ ਦਾ ਰਾਜਨੀਤਿਕ ਜੀਵਨ ਇਤਨਾ ਡਾਵਾਂਡੋਲ ਹੋ ਗਿਆ ਕਿ ਉਹ ਕਿਸੇ ਇਕ ਧਿਰ ਨਾਲ ਡਟ ਕੇ ਨਹੀਂ ਖਲੋ ਸਕਿਆ। ਅਜਿਹੇ ਸੂਬੇਦਾਰ ਦੇ ਹੇਠਲੇ ਅਧਿਕਾਰੀ ਕਿਹੋ ਜਿਹੇ

---

[17] *ਸ੍ਰੀ ਗੁਰੂ ਗ੍ਰੰਥ ਸਾਹਿਬ* , ਅੰਗ-471
[18] ਉਹੀ, ਅੰਗ-1191
[19] *ਰਾਜ ਦਾ ਸਿੱਖ ਸੰਕਲਪ*, ਪੰਨਾ-130
[20] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-471

ਕਿਰਦਾਰ ਦੇ ਮਾਲਕ ਹੋਣਗੇ? ਗੁਰੂ ਨਾਨਕ ਦੇਵ ਜੀ ਦੀ ਬਾਣੀ ਅਜਿਹੇ ਅਧਿਕਾਰੀਆਂ ਦਾ ਕਿਰਦਾਰ ਸਾਹਮਣੇ ਲਿਆਉਂਦੀ ਹੈ:

ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ।।
ਫਾਂਧੀ ਲਗੀ ਜਾਤਿ ਫਹਾਇਨ ਅਗੈ ਨਾਹੀ ਨਾਉ।।
ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ।।
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ।।[21]

ਭਾਵ ਹਿਰਨ ਨੂੰ ਸਾਰੇ ਜਾਨਵਰਾਂ ਵਿਚ ਅਤੇ ਬਾਜ਼ ਨੂੰ ਪੰਛੀਆਂ ਵਿਚ ਸਭ ਤੋਂ ਸਿਆਣਾ ਅਤੇ ਚਤੁਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਕਾਜ਼ੀ ਨੂੰ ਵੀ ਬਹੁਤ ਸਿਆਣਾ ਮੰਨਿਆ ਜਾਂਦਾ ਹੈ। ਹਿਰਨਾਂ ਦਾ ਮੋਹਰੀ ਹਿਰਨ ਆਪ ਫਸ ਕੇ ਮਗਰਲੇ ਸਾਰੇ ਹਿਰਨਾਂ ਨੂੰ ਫਸਾ ਦਿੰਦਾ ਹੈ ਇਸੇ ਤਰ੍ਹਾਂ ਹੀ ਮਾੜੇ ਆਗੂ ਹੇਠਲੇ ਅਧਿਕਾਰੀਆਂ ਲਈ ਬੁਰੇ ਕੰਮ ਕਰਨ ਲੱਗ ਜਾਂਦੇ ਹਨ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹਾਲਾਤਾਂ ਨੂੰ ਗੰਭੀਰਤਾ ਨਾਲ ਘੋਖਿਆ ਹੈ। ਭਾਈ ਸਾਹਿਬ ਅਨੁਸਾਰ ਦੇਸ਼ ਵਿਚ ਅਰਾਜਕਤਾ ਫੈਲ ਚੁੱਕੀ ਸੀ। ਮਨੁੱਖੀ ਜੀਵਨ ਬੇਅਸੂਲਾ ਅਤੇ ਬੇਮਕਸਦ ਬਣ ਚੁੱਕਾ ਸੀ:

ਕੋਇ ਨ ਕਿਸੈ ਵਰਜਈ ਸੋਈ ਕਰੈ ਜੋਈ ਮਨਿ ਭਾਵੈ।
ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ।[22]

ਭਾਈ ਗੁਰਦਾਸ ਨੇ ਉਸ ਸਮੇਂ ਦੇ ਰਾਜ ਪ੍ਰਬੰਧ ਨੂੰ 'ਜੁੱਗ ਗਰਦੀ' ਦੱਸਿਆ ਹੈ ਭਾਵ ਜੁਗ ਪਲਟਣ ਦਾ ਸਮਾਂ। ਇਸ ਸਮੇਂ ਸਾਰਾ ਸੰਸਾਰ ਭ੍ਰਿਸ਼ਟ ਹੋ ਜਾਂਦਾ ਸੀ। ਬਾਂਸਾਂ ਦੀ ਅੱਗ ਵਾਂਗ ਵੱਖ-ਵੱਖ ਕੁਲਾਂ ਆਪਸ ਵਿਚ ਖਹਿ ਕੇ ਸੜ ਰਹੀਆਂ ਹਨ:

ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ ਜਗਤਿ ਵਿਚ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨਾ ਭਾਵਨੀ ਖਹਿ ਖਹਿ ਜਲਨਿ ਬਾਂਸ ਅੰਗਿਆਰਾ।[23]

ਦੇਸ਼ ਵਿਚ ਪਾਪਾਂ ਦਾ ਧੰਦਾ ਛਾਇਆ ਹੋਇਆ ਸੀ। ਰਾਜਸੀ ਅਧਿਕਾਰੀ ਕੁੱਤਿਆਂ ਵਾਂਗ ਮੁਰਦਾਰ ਖਾ ਰਹੇ ਸਨ। ਹਾਕਮ ਝੂਠ ਬੋਲ-ਬੋਲ ਕੇ ਧਨ ਇਕੱਠਾ ਕਰ ਰਹੇ ਸਨ। ਰਾਜੇ ਜਿਨ੍ਹਾਂ ਦਾ ਧਰਮ ਪਰਜਾ ਦੀ

---

[21] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1288.
[22] *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 18ਵੀਂ, ਪੰਨਾ-9
[23] ਉਹੀ, ਵਾਰ ਪਹਿਲੀ, ਪਉੜੀ 17ਵੀਂ, ਪੰਨਾ-9

ਰੱਖਿਆ ਕਰਨਾ ਸੀ, ਉਹੀ ਰਾਜੇ ਆਪਣੀ ਪਰਜਾ ਨੂੰ ਲੁੱਟਦੇ ਸਨ। ਪਰਜਾ ਨੂੰ ਬਚਾਉਣ ਵਾਲਾ ਕੋਈ ਨਹੀਂ ਸੀ। ਪਰਜਾ ਗਿਆਨ ਤੋਂ ਸੱਖਣੀ ਸੀ। ਕੂੜ ਕੁਸੱਤ ਉਪਰ ਪਰਜਾ ਭਰੋਸਾ ਕਰਦੀ ਸੀ। ਗੁਰੂ ਅਤੇ ਚੇਲੇ ਦੀ ਮਰਯਾਦਾ ਖ਼ਤਮ ਹੋ ਗਈ ਸੀ। ਕਾਜ਼ੀ ਰਿਸ਼ਵਤ ਲੈ ਕੇ ਗ਼ਰੀਬਾਂ ਅਤੇ ਹਿੰਦੂਆਂ ਨਾਲ ਅਨਿਆਂ ਕਰਦੇ ਸਨ। ਇਸਤਰੀ ਅਤੇ ਆਦਮੀ ਦਾ ਮੇਲ ਸਿਰਫ਼ ਪੈਸਾ ਕਮਾਉਣ ਤੱਕ ਹੀ ਰਹਿ ਗਿਆ ਸੀ। ਅਨੈਤਿਕ ਤਰੀਕੇ ਨਾਲ ਮਾਇਆ ਇਕੱਠੀ ਕੀਤੀ ਜਾ ਰਹੀ ਸੀ। ਭਾਈ ਗੁਰਦਾਸ ਜੀ ਅਨੁਸਾਰ ਉਲਟੀ ਵਾੜ ਖੇਤ ਨੂੰ ਖਾ ਰਹੀ ਸੀ। ਪਰਜਾ ਅੰਨ੍ਹੀ ਤੇ ਅਗਿਆਨਤਾ ਦੇ ਹਨੇਰੇ ਵਿਚ ਡਿੱਗ ਕੇ ਤਬਾਹ ਹੋ ਰਹੀ ਸੀ:

> ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
> ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
> ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਆਲਾਈ।
> ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬੁਹਤੁ ਬਿਧਿ ਭਾਈ।
> ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
> ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।
> ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
> ਵਰਤਿਆ ਪਾਪੁ ਸਭਸਿ ਜਗ ਮਾਂਹੀ। [24]

ਬਾਦਸ਼ਾਹਾਂ ਦੇ ਬੇਅਸੂਲੇ ਹੋਣ ਕਰਕੇ ਹੇਠਲੇ ਅਹਿਲਕਾਰ ਕਸਾਈਆਂ ਵਾਂਗ ਲੋਕਾਂ ਨੂੰ ਨੋਚ ਰਹੇ ਸਨ:

> ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।
> ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।[25]

ਇਹਨਾਂ ਹੁਕਮਰਾਨਾਂ ਦੀ ਅਨੈਤਿਕਤਾ, ਚਰਿੱਤ੍ਰਹੀਣਤਾ, ਆਪਸੀ ਫੁੱਟ ਅਤੇ ਆਪੋ-ਧਾਪੀ ਕਾਰਨ ਹਿੰਦੁਸਤਾਨ ਦੋ ਹਜ਼ਾਰ ਸਾਲਾਂ ਤੱਕ ਸ਼ੱਕਾਂ ਤੇ ਹੂਨਾਂ ਦਾ, ਗੌਰੀਆਂ ਤੇ ਗਜ਼ਨਵੀਆਂ ਦਾ, ਖਿਲਜੀਆਂ ਤੇ ਤੁਗ਼ਲਕਾਂ ਦਾ, ਲੋਧੀਆਂ ਤੇ ਮੁਗ਼ਲਾਂ ਦਾ ਅਤੇ ਪੁਰਤਗੇਜ਼ੀਆਂ ਦਾ ਗ਼ੁਲਾਮ ਹੁੰਦਾ ਰਿਹਾ ਸੀ। ਇਸਦੀ ਏਨੀ ਦੁਰਦਸ਼ਾ ਹੋਈ ਕਿ ਇਹ ਪਾਣੀ ਭਰਨ ਵਾਲੇ ਮਾਸ਼ਕੀਆਂ ਤੇ ਗ਼ੁਲਾਮਾਂ ਦਾ ਵੀ ਗ਼ੁਲਾਮ ਹੋ ਚੁੱਕਾ ਹੈ। ਲੰਬੀ ਗ਼ੁਲਾਮੀ ਨੇ ਦੇਸ਼ ਦੀ ਬੀਰਤਾ, ਅਣਖ ਤੇ ਗ਼ੈਰਤ ਨੂੰ ਸਿਥਲ ਕਰ ਦਿੱਤਾ ਸੀ। ਸੰਨ 712 ਈ. ਤੋਂ ਹੀ ਇਸ ਦੇਸ਼ ਦੀ ਗ਼ੈਰਤ ਤੇ ਅਣਖ ਨੂੰ ਚੁਣੌਤੀ ਦਿੱਤੀ ਗਈ। ਹਿੰਦੁਸਤਾਨੀਆਂ ਨੂੰ ਕਾਫ਼ੀ ਤੰਗ ਕੀਤਾ ਜਾਣ ਲੱਗਾ। ਹਿੰਦੂ ਤੀਰਥਾਂ ਤੇ ਧਰਮ ਅਸਥਾਨਾਂ ਦੀ ਬੇ-ਹੁਰਮਤੀ ਕੀਤੀ। ਪੂਜਣਯੋਗ ਭਾਰਤੀ ਮਹਾਂਪੁਰਖਾਂ ਤੇ 'ਭਗਵਾਨਾਂ' ਦੀਆਂ ਮੂਰਤੀਆਂ ਨੂੰ ਤੋੜ-ਫੋੜ, ਠੁੱਡੇ ਮਾਰ ਕੇ ਅਪਮਾਨਿਤ ਕੀਤਾ ਗਿਆ। ਗ਼ਰੀਬਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਸੀ। ਦੇਸ਼ ਦੀ ਧਨ

---

[24] *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ ੩੦ਵੀਂ, ਪੰਨਾ-15

[25] ਉਹੀ, ਵਾਰ ਪਹਿਲੀ, ਪਉੜੀ ੭, ਪੰਨਾ-7

ਸੰਪੱਤੀ ਊਠਾਂ, ਬੈਲ ਗਡੀਆਂ, ਘੋੜੇ-ਗੱਡੀਆਂ, ਖੱਚਰਾਂ ਅਤੇ ਖੋਤਿਆਂ ਉਤੇ ਲੱਦ ਕੇ ਦੇਸ਼ ਤੋਂ ਦੇਸ਼ ਤੋਂ ਬਾਹਰ ਲੈ ਜਾਈ ਜਾਂਦੀ ਸੀ। ਭਾਰਤ ਦੀਆਂ ਲੜਕੀਆਂ ਨੂੰ ਸੰਸਾਰ ਭਰ ਵਿਚ ਤੋਹਫਿਆਂ ਵਜੋਂ ਭੇਜਿਆ ਜਾਂਦਾ ਸੀ ਅਤੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਟਕਿਆਂ ਦੇ ਭਾਅ ਵੇਚਿਆ ਜਾਂਦਾ ਸੀ। ਮੁਗ਼ਲਾਂ ਦੁਆਰਾ ਮੰਦਰਾਂ, ਮੱਠਾਂ ਦੀ ਕੀਤੀ ਬੇਅਦਬੀ ਅਤੇ ਗ਼ਰੀਬਾਂ ਨੂੰ ਕੋਹੇ ਜਾਣ ਬਾਰੇ ਭਾਈ ਗੁਰਦਾਸ ਜੀ ਵਰਣਨ ਕਰਦੇ ਹਨ:

ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।[26]

ਬਾਦਸ਼ਾਹ ਦਾ ਹੁਕਮ ਸਭ ਤੋਂ ਉਪਰ ਸੀ। ਕਾਜ਼ੀ ਮੁੱਲਾਂ ਸਭ ਉਸਦੇ ਅਧੀਨ ਸਨ। ਭਾਵੇਂ ਉਹ ਨੈਤਿਕ ਹੋਵੇ ਜਾਂ ਅਨੈਤਿਕ ਕੰਮ ਕਰਦਾ:

ਦੁਨਿਆਵਾ ਪਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।[27]

ਮੁਗ਼ਲਾਂ ਅਨੁਸਾਰ ਬਾਦਸ਼ਾਹ ਧਰਤੀ ਉਪਰ ਰੱਬ ਦੀ ਛਾਇਆ ਹੈ। ਉਸ ਦਾ ਹੁਕਮ ਰੱਬ ਦਾ ਹੁਕਮ ਹੈ ਅਤੇ ਇਸਦੀ ਉਲੰਘਣਾ ਰੱਬ ਦੇ ਹੁਕਮ ਦੀ ਉਲੰਘਣਾ ਕਰਨ ਦੇ ਬਰਾਬਰ ਹੈ। ਰਾਜਸੀ ਅਤੇ ਧਾਰਮਿਕ ਖੇਤਰ ਵਿਚ ਬਾਦਸ਼ਾਹ ਸਰਵਉੱਚ ਸ਼ਕਤੀ ਸੀ। ਲੋਕਾਂ ਨੂੰ ਹੁਕਮ ਹੁੰਦਾ ਸੀ ਕਿ ਉਹ ਬਾਦਸ਼ਾਹ ਦੇ ਸਾਹਮਣੇ ਮੂਧੇ ਲੇਟ ਕੇ ਨਮਸਕਾਰ ਕਰਨ। ਸਭ ਕੁਝ ਬਾਦਸ਼ਾਹ ਦੇ ਸਪੁਰਦ ਕਰ ਦੇਣ। ਕੇ. ਐਮ. ਅਸ਼ਰਫ਼ ਉਸ ਸਮੇਂ ਦੇ ਭਾਰਤੀ ਲੋਕਾਂ ਦੇ ਹਾਲਾਤ ਬਾਰੇ ਲਿਖਦੇ ਹਨ, "ਰਾਜਧਾਨੀ ਦਿੱਲੀ ਵਿਚ ਰਾਜੇ ਦੇ ਖ਼ਾਲੀ ਤਖ਼ਤ ਦੇ ਸਾਹਮਣੇ ਵੀ ਲੋਕਾਂ ਨੂੰ ਸਿਰ ਝੁਕਾ ਕੇ ਲੰਘਣ ਦਾ ਹੁਕਮ ਸੀ।"[28] ਮੁਹੰਮਦ ਲਤੀਫ਼ ਅਨੁਸਾਰ ਸ਼ਾਹ ਜਹਾਨ ਹਰ ਰੋਜ਼ ਖਿੜਕੀ (ਝਰੋਖੇ) ਵਿਚ ਖਲੋ ਕੇ ਲੋਕਾਂ ਨੂੰ ਦਰਸ਼ਨ ਦਿੰਦਾ। ਝਰੋਖੇ ਵਿਚੋਂ ਸਭ ਸ਼੍ਰੇਣੀਆਂ ਤੇ ਦਰਜਿਆਂ ਦੇ ਲੋਕ ਮੈਦਾਨ ਵਿਚ ਖੜੋ ਕੇ ਬਾਦਸ਼ਾਹ ਦੇ ਦਰਸ਼ਨ ਕਰਦੇ ਸਨ। [29]

ਬਾਦਸ਼ਾਹ ਦੀ ਇਸ ਸਰਬਉੱਚ ਸਥਿਤੀ ਸਾਹਮਣੇ ਆਮ ਵਿਅਕਤੀ ਨੂੰ ਕੋਈ ਵੀ ਅਧਿਕਾਰ ਨਹੀਂ ਸਨ। ਉਹ ਨਾ ਹੀ ਬਾਦਸ਼ਾਹ ਦੇ ਖਿਲਾਫ਼ ਬੋਲ ਸਕਦੇ ਸਨ ਅਤੇ ਨਾ ਹੀ ਬਾਦਸ਼ਾਹ ਦੇ ਕੀਤੇ ਫ਼ੈਸਲੇ ਦੀ ਉਲੰਘਣਾ ਹੀ ਕਰ ਸਕਦੇ ਸਨ। ਉਨ੍ਹਾਂ ਦਾ ਇਕੋ-ਇਕ ਅਧਿਕਾਰ, ਬਾਦਸ਼ਾਹ ਦੇ ਹਰ ਹੁਕਮ ਨੂੰ ਰੱਬੀ ਹੁਕਮ ਸਮਝ ਕੇ ਉਸ ਦੀ ਪਾਲਣਾ ਕਰਨ ਦਾ ਹੀ ਸੀ। ਹਿੰਦੂ ਬਾਦਸ਼ਾਹਤ ਵਿਚ ਵੀ ਇਸ ਤਰ੍ਹਾਂ ਦੀ ਹੀ ਸਥਿਤੀ ਸੀ।

---

[26] *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 20ਵੀਂ, ਪੰਨਾ-10

[27] ਉਹੀ, ਵਾਰ 26, ਪਉੜੀ 31ਵੀਂ, ਪੰਨਾ-292

[28] *Life and Condition of the People of Hindustan*, P.31

[29] *ਪੰਜਾਬ ਦਾ ਇਤਿਹਾਸ,* ਪੰਨਾ-318

ਮੰਨੂ ਅਨੁਸਾਰ ਭੈਅ ਅਤੇ ਅਰਾਜਕਤਾ ਖ਼ਤਮ ਕਰਨ ਲਈ ਅਤੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਰਾਜੇ ਨੂੰ ਬ੍ਰਹਮਾ ਜੀ ਨੇ ਪੈਦਾ ਕੀਤਾ ਹੈ। ਰਾਜੇ ਦੇ ਰੂਪ ਵਿਚ ਦੇਵਤਾ ਹੀ ਵਾਸ ਕਰਦਾ ਹੈ।[30] ਬ੍ਰਾਹਮਣਵਾਦ ਦਾ ਮਤ ਸੀ ਕਿ ਰਾਜੇ ਦੇ ਅਹੁਦੇ ਦੀ ਸ਼ੁਰੂਆਤ ਹੀ ਈਸ਼ਵਰ ਦੇ ਹੁਕਮਾਂ ਅਨੁਸਾਰ ਹੋਈ ਹੈ। ਰਾਜੇ ਦਾ ਮੁੱਖ ਸਲਾਹਕਾਰ ਬ੍ਰਾਹਮਣ ਸਨ। ਬ੍ਰਾਹਮਣ ਦੀ ਸਰਬਉੱਚਤਾ ਸਮਾਜ ਦਾ ਵਰਣ ਆਸ਼ਰਮ ਕਾਇਮ ਰੱਖਣ ਦੇ ਵਿਚ ਹੀ ਸੀ। ਜਾਤ-ਪਾਤ ਤੋਂ ਬਿਨਾਂ ਬ੍ਰਾਹਮਣ ਦੀ ਮਹੱਤਤਾ ਨਹੀਂ ਸੀ। ਰਾਜੇ ਦਾ ਮੁੱਖ ਕੰਮ ਵਰਣ ਆਸ਼ਰਮ ਨੂੰ ਕਾਇਮ ਰੱਖਣ ਦਾ ਸੀ। ਇਸ ਦੀ ਸੁਰੱਖਿਆ ਨੂੰ ਰਾਜੇ ਦਾ ਧਰਮ ਕਰਾਰ ਦਿੱਤਾ ਗਿਆ। ਉਹ ਵਰਣ ਆਸ਼ਰਮ ਕਾਇਮ ਰੱਖਦਾ ਹਿੰਦੂ ਧਰਮ ਦੀ ਪਾਲਣਾ ਕਰ ਰਿਹਾ ਹੈ। ਰਾਜੇ ਦੇ ਖਿਲਾਫ਼ ਕੀਤਾ ਕੰਮ ਧਰਮ ਦੇ ਖਿਲਾਫ਼ ਜਾਂ ਰੱਬੀ ਹੁਕਮਾਂ ਦੇ ਖਿਲਾਫ਼ ਸਮਝਿਆ ਜਾਂਦਾ ਸੀ। ਇਸ ਸਿਧਾਂਤ ਨਾਲ ਰਾਜੇ ਨੂੰ ਖ਼ੁਦ ਈਸ਼ਵਰ ਦਾ ਰੂਪ ਮੰਨਿਆ ਜਾਂਦਾ ਸੀ। ਰਾਜੇ ਉਪਰ ਇਹ ਸ਼ਰਤ ਸੀ ਕਿ ਉਹ ਬ੍ਰਾਹਮਣ ਦੀ ਸਲਾਹ ਲਿਆ ਕਰੇ।[31] ਇਸ ਤਰ੍ਹਾਂ ਬ੍ਰਾਹਮਣ ਨੂੰ ਪੂਰੀ ਸ਼ਕਤੀ ਹਾਸਲ ਸੀ। ਉਕਤ ਵਿਚਾਰ ਸੰਕੇਤ ਕਰਦੇ ਹਨ ਕਿ ਹਿੰਦੂ ਧਾਰਮਿਕ ਗ੍ਰੰਥ ਦੁਆਰਾ ਵਰਣ ਪਰੰਪਰਾ ਦਾ ਸਿਧਾਂਤ ਦਿੱਤਾ ਗਿਆ ਸੀ।

ਬਾਦਸ਼ਾਹ ਨੂੰ ਸਦਾ ਬ੍ਰਾਹਮਣਾਂ ਦੀ ਸੁਰੱਖਿਆ ਦਾ ਯਤਨ ਕਰਨਾ ਪੈਂਦਾ ਸੀ। ਰਾਜਨੀਤੀ ਦੇ ਨਿਰਮਾਣ ਵਿਚ ਮੁੱਖ ਬ੍ਰਾਹਮਣ ਜਾਂ ਪੁਰੋਹਿਤ ਬਾਦਸ਼ਾਹ ਦੇ ਰਾਜ ਪ੍ਰਬੰਧ ਵਿਚ ਮੰਤਰੀ ਦੇ ਰੂਪ ਵਿਚ ਕੰਮ ਕਰਦਾ ਸੀ। ਚੰਦਰਗੁਪਤ ਮੌਰੀਆ ਅਧੀਨ ਕੌਟਲਿਆ ਇਕ ਸਲਾਹਕਾਰ ਦੇ ਰੂਪ ਵਿਚ ਕੰਮ ਕਰਦਾ ਸੀ। ਬ੍ਰਾਹਮਣ ਰਾਜੇ ਨੂੰ ਸਹੁੰ ਚੁਕਾਉਂਦਾ ਸੀ ਕਿ ਉਹ ਬ੍ਰਾਹਮਣਾਂ ਪ੍ਰਤੀ ਵਫ਼ਾਦਾਰ ਰਹੇਗਾ। ਰਾਜੇ ਬ੍ਰਾਹਮਣਾਂ ਅਨੁਸਾਰ ਕਾਰਜ ਕਰਦੇ ਸਨ। ਹਿੰਦੂ ਸਮਾਜ ਵਿਚ ਦੋ ਸ਼ਕਤੀਆਂ ਸਨ, ਦੈਵੀ ਅਧਿਕਾਰਾਂ ਵਾਲੇ ਰਾਜੇ ਦੀ ਰਾਜ ਸ਼ਕਤੀ ਅਤੇ ਧਾਰਮਿਕ ਫ਼ਤਵੇ ਦੇਣ ਵਾਲੀ ਬ੍ਰਾਹਮਣ ਦੀ ਸ਼ਕਤੀ ਸੀ। ਦੋਵਾਂ ਸ਼ਕਤੀਆਂ ਦੀ ਪ੍ਰਭੁਸੱਤਾ ਵਿਚ ਮਨੁੱਖੀ ਹਿਤ ਤੇ ਸੁਤੰਤਰਤਾ ਖ਼ਤਮ ਹੋ ਚੁੱਕੀ ਸੀ। ਇਹ ਸਮਾਂ ਧਾਰਮਿਕ ਅੰਧ ਵਿਸ਼ਵਾਸ, ਫੋਕੇ ਕਰਮ-ਕਾਂਡ ਅਤੇ ਲੁੱਟ-ਖਸੁੱਟ ਦਾ ਸੀ। ਹਿੰਦੁਸਤਾਨ ਵਿਚ ਦੋ ਹੀ ਮੁੱਖ ਧਾਰਮਿਕ ਫ਼ਿਰਕੇ, ਹਿੰਦੂ ਅਤੇ ਮੁਸਲਮਾਨ। ਦੋਹਾਂ ਫ਼ਿਰਕਿਆਂ ਦੇ ਲੋਕ ਹੀ ਸੱਚ ਦੇ ਰਾਹ ਤੋਂ ਭਟਕ ਚੁੱਕੇ ਸਨ। ਅਜਿਹੀ ਸਥਿਤੀ ਵਿਚ ਤੀਸਰਾ ਧਰਮ ਖ਼ਾਲਸਾ ਦਾ ਜਨਮ ਹੋਇਆ ਜਿਸਨੇ ਇਹਨਾਂ ਨਾਲ ਟੱਕਰ ਲਈ:

ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ।

---

[30] ਮੋਹਨ ਲਾਲ ਸ਼ਰਮਾ(ਅਨੁ.), *ਮੰਨੂ ਸਿਮ੍ਰਤੀ,* ਅਧਿਆਏ-7, ਪੰਨਾ-123

[31] ਉਹੀ, ਪੰਨੇ, 17-20

ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।[32]

ਧਾਰਮਿਕ ਆਗੂ ਅਸਲੀ ਮਿਸ਼ਨ ਭੁੱਲ ਕੇ ਰਾਜਨੀਤਿਕ ਹਾਕਮਾਂ ਦੇ ਪਿਛਲੱਗ ਬਣੇ ਬੈਠੇ ਸਨ। ਧਾਰਮਿਕ ਰਸਮਾਂ ਨੇ ਮਨੁੱਖ ਨੂੰ ਗ਼ੁਲਾਮੀ ਵਿਚ ਜਕੜ ਲਿਆ ਸੀ। ਰਾਜਨੀਤਿਕ ਤੌਰ 'ਤੇ ਹਿੰਦੁਸਤਾਨ ਮੁਸਲਮਾਨ ਫਿਰਕੇ ਦਾ ਗ਼ੁਲਾਮ ਸੀ। ਇਸਲਾਮੀ ਹਕੂਮਤ ਤਾਨਾਸ਼ਾਹ ਸੀ। ਇਸ ਸਮੇਂ ਦੇਸ਼ ਦਾ ਸ਼ਾਸਕ ਲੋਧੀ ਵੰਸ਼ ਸੀ ਅਤੇ ਸੁਲਤਾਨ ਇਬਰਾਹਿਮ ਲੋਧੀ ਦੇਸ਼ ਦਾ ਪ੍ਰਮੁੱਖ ਬਾਦਸ਼ਾਹ ਸੀ। ਪੰਜਾਬ ਦੇ ਸਮਾਜਿਕ ਹਾਲਾਤ ਹੱਦੋਂ ਵੱਧ ਨਿਰਾਸ਼ਾਜਨਕ ਸਨ। ਹਿੰਦੂ ਸਮਾਜ ਦੇ ਸ਼ੂਦਰਾਂ ਨੂੰ ਕੋਈ ਸਮਾਜਿਕ ਅਧਿਕਾਰ ਪ੍ਰਾਪਤ ਨਹੀਂ ਸਨ। ਉਹ ਉੱਚੀਆਂ ਜਾਤਾਂ ਦੀ ਗ਼ੁਲਾਮੀ ਕਰਦੇ ਸਨ। ਬ੍ਰਾਹਮਣ ਅਤੇ ਖੱਤਰੀ ਤਬਕਾ ਸਮਾਜਿਕ ਲੁੱਟ ਕਰ ਰਿਹਾ ਸੀ। ਖੱਤਰੀ ਆਪਣੀਆਂ ਰਾਜਸੀ ਨੀਤੀਆਂ ਦੀ ਦੁਰਵਰਤੋਂ ਕਰਦਾ ਸੀ।

ਪ੍ਰਮੁੱਖ ਕਾਜ਼ੀਆਂ ਨੇ ਲੱਖਾਂ ਰੁਪਏ ਦੇ ਹੀਰੇ ਜਵਾਹਰਾਤ ਅਤੇ ਹੋਰ ਬਹੁਮੁੱਲੀਆਂ ਵਸਤਾਂ ਇਕੱਤਰ ਕਰ ਲਈਆਂ ਸਨ। ਮੁਗ਼ਲ ਬਾਦਸ਼ਾਹ ਆਪਣੇ ਆਪ ਨੂੰ ਮਿਰਜ਼ਾ ਜਾਂ ਅਮੀਰ ਅਖਵਾ ਕੇ ਹੀ ਸੰਤੁਸ਼ਟ ਹੁੰਦੇ ਸਨ। ਬਾਬਰ ਵੀ ਆਪਣੇ ਆਪ ਨੂੰ ਇਨ੍ਹਾਂ ਲਫ਼ਜ਼ਾਂ ਨਾਲ ਸੰਬੋਧਨ ਕਰਵਾਉਂਦਾ ਸੀ। ਯੂ. ਐਨ. ਡੇਅ ਦੇ ਮੁਗ਼ਲ ਗੌਰਮਿੰਟ ਵਿਚ ਵੇਰਵਾ ਮਿਲਦਾ ਹੈ, "1507 ਵਿਚ ਬਾਬਰ ਨੇ ਆਪਣੇ-ਆਪ ਨੂੰ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ।"[33] ਹਿੰਦੂ ਲੋਕ ਜਮਨਾ ਦੇ ਕਿਨਾਰੇ ਖੜੇ ਕੇ ਚੜ੍ਹਦੇ ਸੂਰਜ ਨੂੰ ਨਮਸਕਾਰ ਕਰਦੇ ਹੁੰਦੇ ਸਨ। ਜਮਨਾ ਵਾਲੇ ਪਾਸੇ ਹੀ ਇਕ ਉਚੇ ਥਾਂ 'ਤੇ ਸ਼ਾਹੀ ਝਰੋਖਾ ਰੱਖਿਆ ਗਿਆ ਸੀ ਤਾਂ ਜੋ ਹਿੰਦੂ ਲੋਕ ਉਸਦੇ ਦਰਸ਼ਨ ਕਰਕੇ ਉਸ ਨੂੰ ਨਮਸਕਾਰ ਕਰਨ।[34] ਡਾ. ਸ਼ੇਰ ਸਿੰਘ ਅਨੁਸਾਰ

> ਹਿੰਦੂਆਂ ਨੂੰ ਇਕ ਗ਼ੈਰਤਹੀਣ ਤੇ ਜ਼ਿੱਲਤ ਭਰਪੂਰ ਜੀਵਨ ਜਿਊਂਣ ਲਈ ਮਜ਼ਬੂਰ ਹੋਣਾ ਪਿਆ। ਮੁਗ਼ਲਾਂ ਦੀ ਗ਼ੁਲਾਮੀ ਦੇ ਦੌਰਾਨ ਹਿੰਦੂਆਂ ਨਾਲ ਜਿਸ ਤਰ੍ਹਾਂ ਦਾ ਸਲੂਕ ਹੁੰਦਾ ਰਿਹਾ ਹੈ, ਉਸਦਾ ਕੁਝ ਕੁ ਇਸ਼ਾਰਾ ਚੌਦਵੀਂ ਸਦੀ ਦੇ ਮੁਸਲਿਮ ਹਾਕਮ ਅਲਾਊ-ਉਲ-ਦੀਨ ਖ਼ਿਲਜੀ ਵੱਲੋਂ ਆਪਣੇ ਕਾਜ਼ੀ ਨੂੰ ਪੁੱਛੇ ਇਕ ਸਵਾਲ ਦੇ ਜੁਆਬ ਵਿਚੋਂ ਮਿਲਦਾ ਹੈ। ਸਵਾਲ ਸੀ 'ਕਿ ਸ਼ਰ੍ਹਾ ਮੁਤਾਬਿਕ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਕਿਹੋ ਜਿਹਾ ਸਲੂਕ ਕਰਨਾ ਚਾਹੀਦਾ ਹੈ। 'ਕਾਜ਼ੀ ਦਾ ਜੁਆਬ ਸੀ "ਕਿ ਹਿੰਦੂ ਬਿਲਕੁਲ ਮਿੱਟੀ ਬਰਾਬਰ ਹਨ। ਜੇ ਮੁਸਲਮਾਨ ਇਸ ਮਿੱਟੀ ਪਾਸੋਂ ਚਾਂਦੀ ਮੰਗਣ ਤਾਂ ਇਸ ਨੂੰ ਨਿਮਰਤਾ ਸਹਿਤ ਸੋਨਾ ਉਗਲਣਾ ਚਾਹੀਦਾ ਹੈ ਅਤੇ ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ ਤਾਂ ਹਿੰਦੂ ਦਾ ਫ਼ਰਜ਼ ਹੈ ਕਿ ਆਪਣਾ ਮੂੰਹ ਚੰਗੀ ਤਰ੍ਹਾਂ ਖੋਲੇ ਤਾਂ ਕਿ ਮੁਸਲਮਾਨ ਆਸਾਨੀ ਨਾਲ ਉਸ ਵਿਚ ਥੁੱਕ ਸਕੇ। ਅੱਲਾ ਤਾਲਾ ਨੇ ਹਿੰਦੂਆਂ ਨੂੰ ਗ਼ੁਲਾਮਾਂ ਵਜੋਂ ਬਣਾਇਆ ਹੈ ਅਤੇ ਉਸ ਦਾ ਫੁਰਮਾਨ ਹੈ ਕਿ ਜੇ ਹਿੰਦੂ ਆਪਣੇ ਆਪ ਇਸਲਾਮ ਕਬੂਲ ਨਾ ਕਰੇ ਤਾਂ ਇਸ ਨੂੰ ਬੰਦੀ ਬਣਾ ਕੇ

---

[32] *ਵਾਰਾਂ ਭਾਈ ਗੁਰਦਾਸ ਜੀ,* ਵਾਰ 41, ਪਉੜੀ 66ਵੀਂ, ਪੰਨਾ-441

[33] *The Mugal Government L (1556-1707)*, PP. 5-7.

[34] Ibid, p.8

ਤਸੀਹੇ ਦਿੱਤੇ ਜਾਣ ਤੇ ਅੰਤ ਮਾਰ ਦਿੱਤਾ ਜਾਵੇ। ਇਹ ਉੱਤਰ ਸੁਣ ਕੇ ਅਲਾਉ-ਉਲ-ਦੀਨ ਖ਼ਿਲਜੀ ਮੁਸਕਰਾ ਕੇ ਕਹਿਣ ਲੱਗਾ ਫਿਰ ਤਾਂ ਠੀਕ ਹੈ। ਮੈਂ ਪਹਿਲਾਂ ਹੀ ਇਸ ਤਰ੍ਹਾਂ ਕਰ ਰਿਹਾ ਹਾਂ।"[35]

ਹਿੰਦੂ ਲਿਖਾਰੀ ਦੌਲਤ ਰਾਇ ਨੇ ਆਪਣੀ ਰਚਨਾ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ' ਵਿਚ ਮੁਗ਼ਲਾਂ ਦੇ ਜ਼ੁਲਮ, ਹਿੰਦੂਆਂ ਦੀ ਗ਼ੁਲਾਮੀ ਭਰੀ ਜ਼ਿੰਦਗੀ ਅਤੇ ਦੁਰਦਸ਼ਾ ਨੂੰ ਕਾਫ਼ੀ ਵਿਸਥਾਰ ਵਿਚ ਲਿਖਿਆ ਹੈ:

> ਇਸਲਾਮ ਨੇ ਆਪਣੀਆਂ ਪਹਿਲੀਆਂ ਜਿੱਤਾਂ ਵਿਚ ਹੀ ਹਿੰਦੂਆਂ 'ਤੇ ਸਖ਼ਤ ਜ਼ੁਲਮ ਕੀਤੇ ਤੇ ਹਿੰਦੂਆਂ ਦੀ ਬੁੱਤ-ਪੂਜਾ ਇਸਲਾਮ ਲਈ ਜ਼ੁਲਮ ਕਰਨ ਲਈ ਬਹੁਤ ਵੱਡਾ ਬਹਾਨਾ ਰਿਹਾ। ਇਸੇ ਬੁੱਤ-ਪੂਜਾ ਦੇ ਕਾਰਨ ਹੀ ਹਿੰਦੂ ਸਮੁੱਚੇ ਤੌਰ 'ਤੇ ਉਨ੍ਹਾਂ ਦੀ ਨਜ਼ਰ ਵਿਚ ਕਾਫ਼ਰ ਸਨ। ਇਸਲਾਮ ਦੇ ਮੁਢਲੇ ਜੇਤੂਆਂ ਨੇ ਮਜ਼੍ਹਬੀ ਜੋਸ਼ ਵਿਚ ਬੜੇ ਜ਼ੁਲਮ ਕੀਤੇ। ਉਨ੍ਹਾਂ ਨੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਮੰਦਰਾਂ ਦੀ ਨਾ ਕੇਵਲ ਪਵਿੱਤਰਤਾ ਹੀ ਭੰਗ ਕੀਤੀ, ਸਗੋਂ ਉਨ੍ਹਾਂ ਨੂੰ ਲੁੱਟਿਆ, ਮੂਰਤੀਆਂ ਤੋੜੀਆਂ ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ। ਉਨ੍ਹਾਂ ਦੀ ਥਾਂ 'ਤੇ ਮਸਜਦਾਂ ਬਣਾ ਦਿੱਤੀਆਂ। ਘਰ ਅਤੇ ਮੁਹੱਲੇ ਸਾੜ ਦਿੱਤੇ। ਨਾ ਕੇਵਲ ਹਿੰਦੂ ਇਸਤ੍ਰੀਆਂ ਦੀ ਇੱਜ਼ਤ ਹੀ ਲੁੱਟੀ, ਸਗੋਂ ਹਜ਼ਾਰਾਂ ਲੱਖਾਂ ਕਤਲ ਕਰਕੇ ਹਮੇਸ਼ਾ ਦੀ ਨੀਂਦ ਸੁਆ ਦਿੱਤੇ। ਅਣਗਿਣਤ ਨਰ-ਨਾਰੀ, ਬੱਚੇ, ਜੁਆਨ ਤੇ ਬੁੱਢੇ ਕਤਲ ਕੀਤੇ। ਅਨੇਕਾਂ ਔਰਤਾਂ ਨੂੰ ਗ਼ੁਲਾਮ ਬਣਾ ਕੇ ਗ਼ਜ਼ਨੀ ਦੇ ਬਾਜ਼ਾਰਾਂ ਵਿਚ ਲਿਜਾ ਕੇ ਟਕਿਆਂ 'ਦੇ ਭਾਅ ਨਿਲਾਮ ਕੀਤਾ ਗਿਆ ਅਤੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਗਿਆ। ਮਹਿਮੂਦ ਨੇ ਲੱਖਾਂ ਤੀਵੀਆਂ ਮਰਦਾਂ ਨੂੰ ਕਤਲ ਕੀਤਾ। ਲੱਖਾਂ ਨੂੰ ਕੈਦ ਕਰਕੇ ਦਾਸੀਆਂ ਬਣਾ ਲਿਆ। ਮਥਰਾ ਦੇ ਰਾਜਾ ਨੇ ਆਖਿਰ ਆਪਣੀ ਸਾਰੀ ਔਲਾਦ ਨੂੰ ਕਤਲ ਕਰਕੇ ਆਤਮ ਹੱਤਿਆ ਕਰ ਲਈ। ਕੁਤਬਦੀਨ ਐਬਕ ਨੇ ਮੇਰਠ ਦੇ ਸਾਰੇ ਮੰਦਰਾਂ ਅਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰੀਆਂ। ਕੇਵਲ ਕਾਲੰਜਰ ਸ਼ਹਿਰ ਵਿਚ ਹੀ 113 ਹਿੰਦੂ ਮੰਦਰ ਢਾਹ ਕੇ ਮਸਜਿਦਾਂ ਬਣਾ ਦਿੱਤੀਆਂ। ਹਜ਼ਾਰਾਂ ਹਿੰਦੂ ਕਤਲ ਕੀਤੇ ਗਏ ਤੇ ਗ਼ੁਲਾਮ ਬਣਾਏ ਗਏ। ਬਿਹਾਰ ਦੀ ਫ਼ਤਹਿ ਸਮੇਂ ਇਸੇ ਕੁਤਬਦੀਨ ਨੇ ਇਕ ਲੱਖ ਦੇ ਕਰੀਬ ਤਾਂ ਕੇਵਲ ਬ੍ਰਾਹਮਣ ਹੀ ਕਤਲ ਕੀਤੇ ਤੇ ਹਿੰਦੂਆਂ ਦਾ ਪ੍ਰਸਿੱਧ ਤੇ ਪੁਰਾਣਾ ਪੁਸਤਕਾਲਾ ਸਾੜ ਦਿੱਤਾ। ਮੁਗ਼ਲ ਕਾਲ ਵਿਚ ਕੋਈ ਹਿੰਦੂ ਦਾੜ੍ਹੀ ਕੇਸ ਨਹੀਂ ਸੀ ਰੱਖ ਸਕਦਾ, ਨਾ ਪਗੜੀ ਬੰਨ ਸਕਦਾ, ਨਾ ਘੋੜੀ 'ਤੇ ਚੜ੍ਹ ਸਕਦਾ। ਖੋਤੇ 'ਤੇ ਚੜ੍ਹ ਸਕਦਾ ਸੀ। ਜੇ ਕੋਈ ਹਾਕਮ ਮਿਲ ਪਵੇ ਤਾਂ ਖੋਤੇ ਤੋਂ ਉਤਰ ਕੇ ਸਲਾਮ ਕਰਦਾ।"[36]

ਰਾਜਸੀ, ਧਾਰਮਿਕ, ਸਮਾਜਿਕ ਤੇ ਆਤਮਿਕ ਦਸ਼ਾ ਇਸ ਤਰ੍ਹਾਂ ਸੀ ਕਿ ਰਾਜ ਲੋਭੀਆਂ, ਕਾਮੀਆਂ, ਦਾ ਸੀ ਅਤੇ ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ, ਸੱਚ ਤੇ ਸਦਾਚਾਰ ਉੱਡ ਗਿਆ ਸੀ। ਧਰਮ ਦੇ ਠੇਕੇਦਾਰ ਧਰਮ ਦਾ ਵਪਾਰ ਕਰ ਰਹੇ ਸਨ। ਹਰ ਪਾਸੇ ਕੂੜ ਅਤੇ ਗ਼ੁਲਾਮੀ ਦਾ ਪਸਾਰਾ ਸੀ। ਸਦੀਆਂ ਦੀ ਰਾਜਸੀ ਗ਼ੁਲਾਮੀ ਨੇ ਭਾਰਤ ਵਾਸੀਆਂ ਨੂੰ ਹਰ ਪੱਖੋਂ ਬੇਵੱਸ ਤੇ ਗ਼ੈਰਤਹੀਣ ਕਰ ਦਿੱਤਾ ਸੀ। ਬ੍ਰਾਹਮਣਾਂ ਵੱਲੋਂ ਪ੍ਰਚੱਲਿਤ ਰਸਮਾਂ ਨੇ ਇਹਨਾਂ ਨੂੰ ਜਕੜ ਲਿਆ ਸੀ। ਮੁਸਲਮਾਨਾਂ ਦਾ ਹਿੰਦੂਆਂ ਨਾਲ ਵਰਤਾਓ ਸਾਫ਼ ਜ਼ਾਹਿਰ ਕਰਦਾ ਸੀ ਕਿ ਹਿੰਦੂਆਂ ਦੀ ਹਾਲਤ ਬਦਤਰ ਗ਼ੁਲਾਮਾਂ ਵਾਲੀ ਸੀ।

---

35 *ਗੁਰਮਤਿ ਦਰਸ਼ਨ,* ਪੰਨਾ-38.

36 *ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ,* ਪੰਨਾ- 33-35

## ਸੁਤੰਤਰਤਾ ਲਹਿਰ ਦਾ ਮੁੱਢ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਧਰਮ ਨੂੰ ਧਾਰਮਿਕ ਅਤੇ ਰਾਜਨੀਤਿਕ ਬੁਰਿਆਈਆਂ ਨਾਲ ਲੋਹਾ ਲੈਣਾ ਪੈ ਗਿਆ ਸੀ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਕ੍ਰਾਂਤੀਕਾਰੀ ਭਾਰਤੀ ਚਿੰਤਕ ਸਨ ਜਿਨ੍ਹਾਂ ਨੇ ਸ਼ਾਂਤਮਈ ਤਰੀਕੇ ਨਾਲ ਤੇ ਤਰਕਵਾਦੀ ਵਿਧੀ ਨਾਲ ਧਾਰਮਿਕ ਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ। ਉਨ੍ਹਾਂ ਗ਼ੁਲਾਮੀ ਦੇ ਜੂਲ਼ੇ ਨੂੰ ਗਲੇ 'ਚੋਂ ਲਾਹੁਣ ਦਾ ਕਦਮ ਚੁੱਕਿਆ। "ਜਦੋਂ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਹਿੰਦੁਸਤਾਨ ਉਪਰ ਬਹਿਲੋਲ ਲੋਧੀ ਦਾ ਰਾਜ ਸੀ ਹਿੰਦੁਸਤਾਨ ਨੂੰ ਗ਼ੁਲਾਮ ਹੋਏ ਨੂੰ ਸਾਢੇ ਚਾਰ ਸੌ ਸਾਲ ਹੋ ਚੁੱਕੇ ਸਨ। ਸਿੱਖ ਧਰਮ ਦਾ ਉਥਾਨ ਗ਼ੁਲਾਮ ਹਿੰਦੁਸਤਾਨ ਵਿਚ ਹੋਇਆ ਅਤੇ ਸਿੱਖ ਧਰਮ ਨੇ ਹਿੰਦੁਸਤਾਨ ਦੀ ਗ਼ੁਲਾਮੀ ਨੂੰ ਤੋੜਨ ਲਈ ਹੀ ਆਪਣਾ ਸੰਘਰਸ਼ ਆਰੰਭਿਆ ਸੀ"।[37]

ਗੁਰੂ ਨਾਨਕ ਸਾਹਿਬ ਨੇ ਮਹਿਸੂਸ ਕੀਤਾ ਸੀ ਕਿ ਆਤਮਿਕ ਸੁਤੰਤਰਤਾ ਦੇ ਵਿਚ ਹੀ ਸੰਸਾਰਕ ਸੁਤੰਤਰਤਾ ਦੀਆਂ ਜੜ੍ਹਾਂ ਹਨ ਅਤੇ ਉਸ ਨਾਲੋਂ ਸੰਸਾਰਕ ਸੁਤੰਤਰਤਾ ਨੂੰ ਵੱਖ ਨਹੀਂ ਕੀਤਾ ਜਾ ਸਕਦਾ।[38] ਹਿੰਦੂ ਤਬਕੇ ਦਾ ਵੈਸ਼ ਅਤੇ ਸ਼ੂਦਰ ਵਰਗ, ਬ੍ਰਾਹਮਣਵਾਦ ਦੀ ਗ਼ੁਲਾਮੀ ਵਿਚ ਇਸ ਕਦਰ ਜਕੜਿਆ ਹੋਇਆ ਸੀ ਕਿ ਉਸ ਨੂੰ ਰਾਜਨੀਤਿਕ ਵਿਚਾਰਧਾਰਾ ਦਾ ਪਤਾ ਨਹੀਂ ਸੀ। ਵੈਸ਼ ਅਤੇ ਸ਼ੂਦਰ ਤਬਕਾ ਬ੍ਰਾਹਮਣਵਾਦ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਇਸਲਾਮ ਧਾਰਨ ਕਰ ਰਿਹਾ ਸੀ। ਇਹ ਗੱਲ ਮੁਸਲਮਾਨ ਹਾਕਮਾਂ ਦੇ ਰਾਸ ਆਈ ਜਿਸ ਸਦਕਾ ਭਾਰਤ ਵਿਚ ਮੁਸਲਮਾਨਾਂ ਦੀ ਗਿਣਤੀ ਵਧਣ ਲੱਗੀ। ਅਜਿਹੇ ਵਿਚ ਸਿੱਖ ਧਰਮ ਦੇ ਸਾਹਮਣੇ ਮਨੁੱਖ ਦੀ ਹਰ ਕਿਸਮ ਦੀ ਗ਼ੁਲਾਮੀ ਖ਼ਤਮ ਕਰ ਕੇ ਸੁਤੰਤਰ ਸਮਾਜ ਸਿਰਜਣ ਦਾ ਨਿਸ਼ਾਨਾ ਸੀ। ਇਹ ਗ਼ੁਲਾਮੀ ਰਾਜਨੀਤਿਕ, ਸਮਾਜਿਕ, ਧਾਰਮਿਕ ਖੇਤਰਾਂ ਦੀ ਸੀ। ਰਾਜਨੀਤਿਕ ਸੁਤੰਤਰਤਾ ਦੀ ਭਾਵਨਾ ਉਦੋਂ ਮਨੁੱਖ ਦੇ ਮਨ ਵਿਚ ਆਉਂਦੀ ਹੈ ਜਦੋਂ ਉਹ ਅਧਿਆਤਮਕ ਅਤੇ ਸਮਾਜਿਕ ਤੌਰ 'ਤੇ ਸੁਤੰਤਰ ਹੋਵੇ। ਜੋ ਮਨੁੱਖ ਧਾਰਮਿਕ ਅੰਧ ਵਿਸ਼ਵਾਸ ਅਤੇ ਫੋਕੀਆ ਰਸਮਾਂ ਦਾ ਗ਼ੁਲਾਮ ਹੈ ਉਸ ਨੂੰ ਰਾਜਸੀ ਚੇਤਨਤਾ ਦਾ ਗਿਆਨ ਨਹੀਂ ਹੋ ਸਕਦਾ। ਹਿੰਦੂ ਤਬਕਾ ਬ੍ਰਾਹਮਣਵਾਦ ਅਤੇ ਮੁਸਲਮਾਨਾਂ ਵੱਲੋਂ ਗ਼ੁਲਾਮ ਕੀਤਾ ਹੋਇਆ ਸੀ। ਰਾਜਨੀਤਿਕ ਸੁਤੰਤਰਤਾ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਲੋਕਾਂ ਨੂੰ ਅਧਿਆਤਮਕ ਤੌਰ 'ਤੇ ਸੁਤੰਤਰ ਕਰਨਾ ਜ਼ਰੂਰੀ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਚੇਤਨਾ ਲਈ ਸੁਚੱਜੀ ਰਾਜਸੀ ਵਿਚਾਰਧਾਰਾ ਪੇਸ਼ ਕੀਤੀ। ਸੁਰਜੀਤ ਸਿੰਘ ਹੰਸ ਅਨੁਸਾਰ, "ਆਪਣੇ ਵਿਚਾਰਾਂ ਦੀ ਸੁਤੰਤਰਤਾ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਕੌਮੀ ਜਾਗ੍ਰਿਤੀ ਪੈਦਾ

---

[37] ਸੁਖਦਿਆਲ ਸਿੰਘ (ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਰਾਜਸੀ ਚਿੱਤਰਣ ਅਤੇ ਵਿਚਾਰਧਾਰਾ,* ਪੰਨਾ-17

[38] ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ.), *ਸਿੱਖ ਇਤਿਹਾਸ (1469-1765),* ਭਗਤ ਸਿੰਘ (ਡਾ.) (ਅਨੁ.), ਪੰਨਾ-37

ਕੀਤੀ।"[39] ਸੁਤੰਤਰਤਾ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਤਿਆਗ, ਕੁਰਬਾਨੀ, ਸਰਬਪੱਖੀ ਗਿਆਨ, ਨਿਡਰਤਾ ਅਤੇ ਨਿਰਵੈਰਤਾ ਨੂੰ ਅਪਣਾ ਲਿਆ। ਗੁਰੂ ਸਾਹਿਬ ਨੇ ਜੰਗਜੂ ਸਮਾਜ ਦੀ ਸਥਾਪਨਾ ਕੀਤੀ। ਆਪਣੇ ਪ੍ਰਾਣ ਨਿਛਾਵਰ ਕੀਤੇ ਅਤੇ ਬਿਖੜੇ ਪੈਂਡਿਆਂ ਵੱਲ ਸੰਕੇਤ ਕੀਤਾ। ਇਸ ਮਾਰਗ 'ਤੇ ਉਹੀ ਮਨੁੱਖ ਚਲ ਸਕਦਾ ਹੈ ਜਿਸ ਨੇ ਆਪਣਾ ਸੀਸ ਤਲੀ 'ਤੇ ਰੱਖਿਆ ਹੋਵੇ ਹੈ। ਇਸ ਵਿਚਾਰ ਨੇ ਸੁਤੰਤਰਤਾ ਲਈ ਸ਼ਹਾਦਤ ਦਾ ਸੰਕਲਪ ਪੈਦਾ ਕੀਤਾ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ਸਿਰ ਦੀਜੈ ਕਾਣਿ ਨਾ ਕੀਜੈ।[40]

ਹਿੰਦੂਆਂ ਦੀ ਅਣਖ ਅਤੇ ਗ਼ੈਰਤ ਖ਼ਤਮ ਹੋ ਚੁੱਕੀ ਸੀ, "ਅਕਬਰ ਦੇ ਰਾਜ ਵੇਲੇ ਅਣਖੀਲੇ ਰਾਜਪੂਤ ਵੀ ਆਪਣੀਆਂ ਧੀਆਂ-ਭੈਣਾਂ ਦੇ ਡੋਲੇ ਆਪਣੇ ਮੋਢਿਆਂ 'ਤੇ ਰੱਖ ਮੁਸਲਿਮ ਹਾਕਮਾਂ ਦੇ ਹਰਮਾਂ 'ਤੇ ਆਪ ਪਹੁੰਚਾ ਕੇ ਆਉਂਦੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਔਰਤਾਂ ਕਾਬਲ, ਗ਼ਜ਼ਨੀ ਅਤੇ ਮੱਧ ਏਸ਼ੀਆ ਦੇ ਬਾਜ਼ਾਰਾਂ ਵਿਚ ਸ਼ਰੇਆਮ ਟਕਿਆਂ ਦੇ ਭਾਅ ਵਿਕਦੀਆਂ ਸਨ।"[41] ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਭਾਰਤੀਆਂ ਦੀ ਸਾਹਸਹੀਣਤਾ ਦਾ ਜ਼ਿਕਰ ਕੀਤਾ ਹੈ ਕਿ ਇਸ ਸਮੇਂ ਗ਼ੁਲਾਮੀ ਦੀ ਭਾਵਨਾ ਇਸ ਹੱਦ ਤੱਕ ਉਨ੍ਹਾਂ ਵਿਚ ਘਰ ਕਰ ਚੁੱਕੀ ਸੀ, ਕਿ ਉਨ੍ਹਾਂ ਨੇ ਮੁਸਲਮਾਨੀ ਅਸੂਲਾਂ ਨੂੰ ਧਾਰਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਗ਼ੁਲਾਮੀ ਵਿਚ ਉਸਨੂੰ ਆਪਣੀ ਇੱਜ਼ਤ ਅਤੇ ਬੇਇਜ਼ਤੀ ਦਾ ਭੋਰਾ ਅਹਿਸਾਸ ਨਹੀਂ ਸੀ। ਗੁਰੂ ਸਾਹਿਬ ਨੇ ਇਸ ਬੇਇਜ਼ਤੀ ਦਾ ਕਾਰਨ ਗ਼ੁਲਾਮੀ ਨੂੰ ਮੰਨਿਆ ਤੇ ਇੱਜ਼ਤ ਨਾਲ ਜਿਊਂਣ ਨੂੰ ਹੀ ਮਨੁੱਖਾ ਉਦੇਸ਼ ਦੱਸਿਆ। 'ਮਾਝ ਕੀ ਵਾਰ' ਵਿਚ ਜ਼ਿੱਲਤ ਭਰਪੂਰ ਅਤੇ ਬੇਗ਼ੈਰਤ ਜੀਵਨ ਜੀ ਰਹੇ ਲੋਕਾਂ ਨੂੰ ਝੰਜੋੜਦਿਆਂ ਗੁਰੂ ਸਾਹਿਬ ਮਨੁੱਖ ਨੂੰ ਸਵੈਮਾਣ ਦਾ ਜੀਵਨ ਜਿਊਂਣ ਦਾ ਉਪਦੇਸ਼ ਦਿੰਦੇ ਹਨ ਕਿ ਸੰਸਾਰ ਵਿਚ 'ਪਤਿ' ਬਿਨ੍ਹਾਂ ਖਾਣਾ-ਪੀਣਾ ਤੇ ਜਿਊਂਣਾ ਹਰਾਮ ਹੈ। ਪਤਿ ਤਾਂ ਹੀ ਬਚਦੀ ਹੈ ਜੇ ਮਨੁੱਖ ਸੁਤੰਤਰ ਹੋਵੇ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥ਸਭੁ ਹਰਾਮੁ ਜੇਤਾ ਕਿਛੁ ਖਾਇ॥[42]

ਬੇਇੱਜ਼ਤੀ ਭਰੀ ਜ਼ਿੰਦਗੀ ਦਾ ਕੋਈ ਅਰਥ ਨਹੀਂ। ਸਵੈਮਾਨ, ਹੱਕ ਅਤੇ ਇਨਸਾਫ਼ ਸਿੱਖ ਸਿਧਾਂਤ ਅਤੇ ਸੁਤੰਤਰਤਾ ਦੇ ਪਹਿਲੇ ਅਸੂਲ ਹਨ। ਇਸ ਲਈ ਮਰਨ ਤੋਂ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਗੁਰੂ

---

[39] *A Reconstruction Of Sikh History From Sikh Literature,* p.21
[40] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1412
[41] ਭੋਰਛੀ, ਚਰਨ ਸਿੰਘ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-21
[42] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-142

ਅਰਜਨ ਦੇਵ ਜੀ ਨੇ ਸ਼ਹਾਦਤ ਦੇ ਕੇ ਸੁਤੰਤਰਤਾ ਨੂੰ ਵਿਹਾਰ ਵਿਚ ਲਿਆਂਦਾ। ਕੁਰਬਾਨੀ ਅਤੇ ਸ਼ਹਾਦਤ ਦਾ ਇਹ ਸੰਕਲਪ ਬਾਅਦ ਵਿਚ ਖ਼ਾਲਸੇ ਦਾ ਆਦਰਸ਼ ਬਣ ਗਿਆ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।[43]

ਜੋ ਧਰਮ, ਸੱਚ ਤੇ ਸੁਤੰਤਰਤਾ ਲਈ ਮਰਦਾ ਹੈ ਉਸਦਾ ਮਰਨਾ ਪਰਵਾਨ ਹੈ। ਗੁਰਮੁਖ ਦਾ ਜਨਮ ਅਤਿ ਦੇ ਖਿਲਾਫ਼ ਹੋਇਆ ਹੈ। ਧਰਮ ਅਤੇ ਸੱਚ ਦੀ ਰੱਖਿਆ ਲਈ ਮਰਨਾ ਪਰਵਾਨ ਹੈ। ਅਜਿਹੀ ਮੌਤ ਵਾਲੇ ਨੂੰ ਸ਼ਹੀਦ ਕਿਹਾ ਜਾਂਦਾ ਹੈ। ਕਿਸੇ ਕੌਮ ਦਾ ਕਿਸੇ ਦੂਜੀ ਕੌਮ 'ਤੇ ਜਬਰਨ ਹਕੂਮਤ ਕਰਨਾ ਅਨਿਆਂ ਹੈ। ਗੁਰੂ ਸਾਹਿਬ ਨੇ ਇਸ ਵਿਰੁੱਧ ਆਵਾਜ਼ ਉਠਾਉਂਦਿਆਂ ਕਿਹਾ ਕਿ ਸਭਨਾਂ ਲੋਕਾਂ 'ਤੇ ਇਕੋ ਸੱਚੇ ਰੱਬ ਦੀ ਹਕੂਮਤ ਹੈ, ਸਾਰੇ ਲੋਕ ਆਪੋ ਆਪਣੀ ਕਰਨੀ ਦੇ ਜ਼ਿੰਮੇਵਾਰ ਹਨ। ਕਿਸੇ ਉਤੇ ਹਕੂਮਤ ਕਰਨ ਦਾ ਖ਼ਿਆਲ ਮੂਰਖਤਾ ਹੈ:

ਜੇਤੇ ਜੀਅ ਲਿਖੀ ਸਿਰਿ ਕਾਰ।। ਕਰਣੀ ਉਪਰਿ ਹੋਵਗਿ ਸਾਰ।।
ਹੁਕਮ ਕਰਹਿ ਮੂਰਖ ਗਾਵਾਰ।।[44]

ਜਗਜੀਤ ਸਿੰਘ ਅਨੁਸਾਰ, "ਗੁਰੂ ਸਾਹਿਬ ਲਈ ਧਰਮ ਦੇ ਬਿਲਕੁਲ ਹੀ ਨਵੀਨ ਅਰਥ ਸਨ। ਸਿੱਖ ਧਰਮ ਦਾ ਅਰਥ ਸੀ ਧਰਤੀ 'ਤੇ ਰੱਬ ਦਾ ਰਾਜ ਕਾਇਮ ਕਰਨਾ। ਸਾਰੇ ਵਸੀਲਿਆਂ ਰਾਹੀਂ ਇਕ ਨਿਆਂ ਪੂਰਨ ਸਮਾਜ ਕਾਇਮ ਕਰਨਾ ਸਮੇਤ ਵਰਣ-ਆਸ਼ਰਮ, ਧਰਮ ਦੇ, ਅਨਿਆਂ ਦੀ ਸਾਰੀ ਸਮਾਜੀ ਤੇ ਸਿਆਸੀ ਨਾ-ਬਰਾਬਰੀ ਦਾ ਮੁਕਾਬਲਾ ਕਰਕੇ ਉਸ ਨੂੰ ਖ਼ਤਮ ਕਰਨਾ ਅਤੇ ਗਰੀਬਾਂ ਤੇ ਦਬੇ-ਕੁਚਲਿਆਂ ਲਈ ਰਾਜ ਸੱਤਾ ਨੂੰ ਹਥਿਆਉਣਾ ਹੈ।"[45] ਸਦੀਆਂ ਦੀ ਗ਼ੁਲਾਮੀ ਨੇ ਹਿੰਦੂ ਸਮਾਜ ਨੂੰ ਹਰ ਪੱਖੋਂ ਬੇਵੱਸ ਕਰ ਦਿੱਤਾ ਸੀ। ਰਾਜਨੀਤਿਕ ਸੁਤੰਤਰਤਾ ਦਾ ਅਹਿਸਾਸ ਸੁਤੰਤਰਤਾ ਦੇ ਅਹਿਸਾਸ ਦਾ ਸਿਖਰ ਸੀ। ਇਸ ਦੀ ਬੁਨਿਆਦ ਧਾਰਮਿਕ ਜਾਂ ਸਮਾਜਿਕ ਸੁਤੰਤਰਤਾ ਦੇ ਅਹਿਸਾਸ ਵਿਚੋਂ ਪੈਦਾ ਹੁੰਦੀ ਹੈ। ਜੇ ਇਹ ਕਿਹਾ ਜਾਵੇ ਕਿ ਧਰਮ ਮਨੁੱਖੀ ਸੁਤੰਤਰਤਾ ਦਾ ਆਧਾਰ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਧਰਮ, ਸੱਚ ਦਾ ਜੀਵਨ ਜਿਊਂਣ ਦੀ ਪ੍ਰੇਰਣਾ ਦਿੰਦਾ ਹੈ। ਮਨੁੱਖ ਦੇ ਮਨ ਵਿਚ ਦ੍ਰਿੜਤਾ ਅਤੇ ਦਲੇਰੀ ਲਿਆਉਂਦਾ ਹੈ। ਦ੍ਰਿੜਤਾ ਅਤੇ ਦਲੇਰੀ ਨਾਲ ਹੀ ਮਨੁੱਖ ਵਿਚ ਚੇਤਨਤਾ ਆਉਂਦੀ ਹੈ ਅਤੇ ਇਸ ਚੇਤਨਤਾ ਨਾਲ ਹੀ ਮਨੁੱਖ ਗ਼ੁਲਾਮੀ ਵਿਰੁੱਧ ਲੜਾਈ ਲੜ ਸਕਦਾ ਹੈ। ਪਰ ਭਾਰਤ ਵਿਚਲੇ ਸਮਕਾਲੀ ਧਰਮਾਂ ਨੇ ਲੋਕਾਂ ਵਿਚ ਸੰਪ੍ਰਦਾਇਕਤਾ ਅਤੇ ਵਰਣ-ਵੰਡ ਪੈਦਾ ਕਰਕੇ ਮਨੁੱਖ ਦੀ ਦਲੇਰੀ ਖ਼ਤਮ ਕਰ ਦਿੱਤੀ ਸੀ। ਭਾਰਤੀ ਰਾਜੇ ਮੁਗ਼ਲ ਧਾੜਵੀਆਂ ਦਾ ਮੁਕਾਬਲੇ ਨਹੀਂ ਕਰ ਸਕੇ। ਬਾਹਰਲੇ ਹਮਲਾਵਰ ਭਾਰਤ 'ਤੇ ਚੜ੍ਹ ਕੇ ਆਏ। ਉਨ੍ਹਾਂ ਦਾ ਮੁਕਾਬਲਾ ਖੱਤਰੀਆਂ ਨੇ ਕੀਤਾ।

---

[43] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-579

[44] ਉਹੀ, ਅੰਗ-1169

[45] *ਸਿੱਖ ਇਨਕਲਾਬ,* ਪੰਨਾ-112-13.

ਵੈਸ਼ ਅਤੇ ਸ਼ੂਦਰ ਇਨ੍ਹਾਂ ਹਮਲਿਆਂ ਤੋਂ ਨਿਰਲੇਪ ਹੀ ਰਿਹਾ। ਕੌਮੀ ਜਜ਼ਬੇ ਦੀ ਘਾਟ ਅਤੇ ਫੁੱਟ ਕਾਰਨ ਕਰੋੜਾਂ ਦੀ ਆਬਾਦੀ ਵਾਲਾ ਹਿੰਦੂ ਸਮਾਜ, ਥੋੜੇ ਜਿਹੇ ਮੁਸਲਮਾਨਾਂ ਦੀ ਫ਼ੌਜ ਤੋਂ ਹਾਰਦਾ ਹੋਇਆ ਗ਼ੁਲਾਮ ਹੋ ਗਿਆ। ਅਜਿਹੇ ਵਿਚ ਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਲੋਕ-ਸ਼ਕਤੀ ਨੂੰ ਇਕੱਠਾ ਕੀਤੇ ਬਿਨ੍ਹਾਂ ਰਾਜ ਸੱਤਾ ਨੂੰ ਨਹੀਂ ਉਲਟਾਇਆ ਜਾ ਸਕਦਾ। ਹਿੰਦੂ ਸਮਾਜ ਦੀ ਲੋਕ-ਸ਼ਕਤੀ ਵਿਚ ਵੈਸ਼ ਅਤੇ ਸ਼ੂਦਰ ਹਿੰਦੂ ਸਮਾਜ ਤੋਂ ਟੁੱਟੇ ਹੋਏ ਸਨ। ਉਹ ਰਾਜਨੀਤਿਕ ਚੇਤੰਨਤਾ ਤੋਂ ਬਿਲਕੁਲ ਅਨਜਾਣ ਸਨ। ਗੁਰੂ ਸਾਹਿਬ ਨੇ ਇਨ੍ਹਾਂ ਤਬਕਿਆਂ ਨੂੰ ਸੁਚੇਤ ਕੀਤਾ।

ਸੁਤੰਤਰਤਾ ਦੀ ਸ਼ੁਰੂਆਤ ਧਾਰਮਿਕ ਬੋਲੀ ਅਤੇ ਜੀਵਨ ਦੇ ਨਾਲ ਹੋਈ ਕਿਉਂਕਿ ਇਨਕਲਾਬ ਧਾਰਮਿਕ ਸਿਧਾਂਤ 'ਤੇ ਆਧਾਰਿਤ ਹੋ ਕੇ ਹੀ ਆਉਣਾ ਸੀ। ਇਸ ਲਈ ਸਮਾਜਿਕ ਬਰਾਬਰਤਾ ਨੂੰ ਧਰਮ ਦੇ ਨਾਂ 'ਤੇ ਪ੍ਰਚਾਰਿਆ ਗਿਆ। ਜ਼ੁਲਮ ਦਾ ਟਾਕਰਾ ਕਰਨ ਲਈ ਧਾਰਮਿਕ ਇਨਕਲਾਬ ਹੋਂਦ ਵਿਚ ਆਇਆ। ਗੁਰੂ ਜੀ ਦੇ ਸਮੁੱਚੇ ਰਾਜਨੀਤਿਕ ਦਰਸ਼ਨ ਨੂੰ ਤਿੰਨ ਸ਼ਬਦਾਂ ਵਿਚ ਸੰਖੇਪ ਕੀਤਾ ਜਾ ਸਕਦਾ ਹੈ: ਏਕਤਾ, ਸਮਾਨਤਾ ਅਤੇ ਭਾਈਚਾਰਕ ਸਾਂਝ। ਭਾਵ ਤਿੰਨਾਂ ਮੂਲ ਸਿਧਾਂਤਾਂ ਦੇ ਤਹਿਤ ਗੁਰੂ ਨਾਨਕ ਦੇਵ ਜੀ ਨੇ ਹਰੇਕ ਖੇਤਰ ਵਿਚ ਸੁਧਾਰ ਲਿਆਉਣ ਦਾ ਯਤਨ ਕੀਤਾ। ਇਸ ਵਿਚਾਰ ਨੇ ਸੁਤੰਤਰਤਾ ਲਈ ਪਿੜ ਉਸਾਰਨ ਦਾ ਕੰਮ ਕੀਤਾ।

ਗੁਰਮਤਿ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਕਿਹਾ ਕਿ ਪ੍ਰਮਾਤਮਾ ਇਕ ਹੈ ਬੇਸ਼ੱਕ ਉਸ ਤੱਕ ਪਹੁੰਚਣ ਦੇ ਰਸਤੇ ਵੱਖਰੇ ਹਨ। ਉਹਨਾਂ ਨੇ ਦੱਸਿਆ ਕਿ ਹਿੰਦੂ ਤੇ ਮੁਸਲਮਾਨ ਬਾਹਰੀ ਤੌਰ 'ਤੇ ਵੱਖਰੇ ਹਨ। ਪਰ ਇਕ ਇਨਸਾਨ ਹੈ। ਬ੍ਰਾਹਮਣ ਉਹ ਹੈ ਜਿਸਨੂੰ ਬ੍ਰਹਮ ਬਾਰੇ ਗਿਆਨ ਹੈ:

ਨਾ ਕੋ ਸੇਖ ਮਸਾਇਕ ਹਾਜੀ।।
ਨਾ ਕੋ ਪੜਿਆ ਪੰਡਿਤ ਬੀਨਾ ਨਾ ਕੋ ਮੂਰਖ ਮੰਦਾ।।[46]

ਉਹਨਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚ ਸ਼ਾਂਤੀ ਤੇ ਏਕਤਾ ਦਾ ਪ੍ਰਚਾਰ ਕੀਤਾ। ਸਾਰੇ ਧਰਮਾਂ ਤੇ ਮਾਨਵਤਾ ਨੂੰ ਏਕਤਾ ਦਾ ਸੰਦੇਸ਼ ਦਿੱਤਾ। '੧ਓਂ' ਰਾਹੀਂ ਮਨੁੱਖ ਅੰਦਰ ਇੱਕ ਈਸ਼ਵਰ ਦੀ ਹੋਂਦ ਨੂੰ ਦਰਸਾਇਆ। ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਵਿਸ਼ਵ ਵਿਆਪੀ ਦੌਰੇ ਕੀਤੇ, ਧਾਰਮਿਕ ਮੱਤ ਮੱਤਾਂਤਰ ਗੋਸ਼ਟੀਆਂ ਕੀਤੀਆਂ ਅਤੇ ਸਿੱਖ ਸੰਗਤਾਂ ਸਥਾਪਤ ਕੀਤੀਆਂ। ਗ਼ੁਲਾਮੀ ਨੂੰ ਸਵੀਕਾਰ ਕਰ ਚੁੱਕੇ ਲੋਕਾਂ ਨੂੰ ਸੁਤੰਤਰਤਾ ਦਾ ਅਹਿਸਾਸ ਕਰਵਾਉਣ ਲਈ ਗੁਰੂ ਨਾਨਕ ਸਾਹਿਬ ਨੇ ਲੋਕਾਂ ਦੀ ਆਵਾਜ਼ ਬੁਲੰਦ ਕੀਤੀ। ਜਦੋਂ ਕਿਸੇ ਨੂੰ ਗ਼ੁਲਾਮ ਬਣਾਉਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਕਰਮ ਕਾਂਡਾਂ ਰਾਹੀਂ ਉਸਦੀ ਮਾਨਸਿਕਤਾ ਨੂੰ ਗ਼ੁਲਾਮ ਬਣਾਇਆ ਜਾਂਦਾ ਹੈ। ਕਰਮ ਕਾਂਡੀ ਬ੍ਰਾਹਮਣਾਂ ਅਤੇ ਜੋਗੀਆਂ ਨੇ ਲੋਕਾਂ ਨੂੰ ਕਰਮਕਾਡਾਂ ਦੇ ਬੰਧਨਾਂ ਵਿਚ ਬੰਨ੍ਹ

[46] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-887

ਦਿੱਤਾ ਸੀ। ਭਗਤ ਸਾਹਿਬਾਨ ਜੀ ਨੇ ਵੀ ਕਰਮਕਾਡਾਂ ਵਿਰੁੱਧ ਆਵਾਜ਼ ਉਠਾਈ ਅਤੇ ਇਕ ਪ੍ਰਭੂ ਦੀ ਭਗਤੀ ਵੱਲ ਪ੍ਰੇਰਿਆ। ਪ੍ਰਭੂ ਦੀ ਸ਼ਰਨ ਮਨੁੱਖ ਨੂੰ ਮੁਕਤੀ ਤੇ ਸੁਤੰਤਰਤਾ ਪ੍ਰਦਾਨ ਕਰਦੀ ਹੈ। ਗੁਰੂ ਜੀ ਨੇ ਜੋਗੀਆਂ, ਬ੍ਰਾਹਮਣਾਂ ਅਤੇ ਕਾਜ਼ੀਆਂ ਦੀ ਲੁੱਟ-ਖਸੁੱਟ ਦੇ ਖਿਲਾਫ਼ ਇਨਕਲਾਬ ਲਿਆਂਦਾ ਤੇ ਕਿਹਾ ਕਿ ਇਹ ਤਿੰਨੋਂ ਹੀ ਸਮਾਜ ਦੇ ਉਜਾੜੇ ਦਾ ਕਾਰਨ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ।।ਬ੍ਰਾਹਮਣ ਨਾਵੈ ਜੀਆ ਘਾਇ।।
ਜੋਗੀ ਜੁਗਤਿ ਨ ਜਾਣੈ ਅੰਧੁ।।ਤੀਨੇ ਉਜਾੜੇ ਕਾ ਬੰਧੁ।।[47]

ਗੁਰੂ ਨਾਨਕ ਨੇ ਪੂਰੀ ਸਪੱਸ਼ਟਤਾ ਨਾਲ ਕਿਹਾ ਕਿ ਜੇ ਪਰਮਾਤਮਾ ਚਾਹੇ ਤਾਂ ਇਨ੍ਹਾਂ ਰਾਜਿਆਂ ਨੂੰ ਆਪਸ ਵਿਚ ਭਿੜਵਾ ਕੇ ਮਰਵਾ ਸਕਦਾ ਹੈ। ਜੇ ਉਸ ਨੂੰ ਭਾਉਂਦਾ ਹੈ ਤਾਂ ਹੀ ਰਾਜਾ ਬਣ ਕੇ ਉਹ ਬਹੁਤ ਕਿਸਮ ਦੇ ਚੋਜ ਕਰਦਾ ਹੈ:

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ।।
ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।।[48]

ਗੁਰੂ ਸਾਹਿਬ ਨੇ ਜ਼ਾਲਮ ਰਾਜਿਆਂ ਨੂੰ ਝੰਜੋੜਿਆ ਹੈ ਅਤੇ ਕਿਹਾ ਰੱਬ ਹੀ ਰਾਜਾ ਹੈ। ਸਾਰੇ ਉਸਦੇ ਅਧੀਨ ਹਨ। ਪਰਜਾ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਦੀ ਗੱਲ ਕੀਤੀ। ਉਨ੍ਹਾਂ ਸ਼ਾਸਕਾਂ ਦਾ ਖੰਡਨ ਕੀਤਾ ਤੇ ਸਰਕਾਰੀ ਕਰਿੰਦਿਆਂ ਨੂੰ ਕਰਮਹੀਣ, ਧਰਮਹੀਣ, ਰਿਸ਼ਵਤਖ਼ੋਰ ਆਖਿਆ ਤੇ ਇਨ੍ਹਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਜੋ ਰਾਜੇ ਦਾ ਸਾਥ ਦਿੰਦੇ ਸਨ:

ਰਾਜੇ ਸੀਂਹ ਮੁਕਦਮ ਕੁਤੇ।।ਜਾਇ ਜਗਾਇਨ ਬੈਠੇ ਸੁਤੇ।।
ਚਾਕਰ ਨਹਿਦਾ ਪਾਇਨਿ ਘਾਉ।।ਰਤੁ ਪਿਤੁ ਕੁਤਿਹੋ ਚਟਿ ਜਾਹੋ।।[49]

ਗੁਰੂ ਸਾਹਿਬ ਨੇ ਧਾਰਮਿਕ ਆਗੂਆਂ ਨੂੰ ਵੀ ਫਿਟਕਾਰ ਪਾਈ ਜੋ ਲੋਭੀ ਸੁਲਤਾਨਾਂ ਦੀ ਰਾਜ ਮਸਤੀ ਵਿਚ ਮਸਤ ਹੋਏ ਅਯਾਸ਼ ਬਣ ਬੈਠੇ ਸਨ। ਕਾਜ਼ੀ ਲੋਕ ਵੀ ਵੱਢੀ ਲੈ ਕੇ ਬੇਇਨਸਾਫ਼ੀ ਕਰਦੇ ਸਨ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਦੇ ਕਿਰਦਾਰ ਬਾਰੇ ਫੁਰਮਾਇਆ ਹੈ:

ਕਾਜੀ ਹੋਇ ਕੈ ਬਹੈ ਨਿਆਇ।।ਫੇਰੇ ਤਸਬੀ ਕਰੇ ਖੁਦਾਇ।।
ਵਢੀ ਲੈ ਕੇ ਹਕੁ ਗਵਾਏ।।ਜੇ ਕੋ ਪੁਛੈ ਤਾ ਪੜਿ ਸੁਣਾਏ।।[50]

---

[47] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-662.
[48] ਉਹੀ, ਅੰਗ-145.
[49] ਉਹੀ, ਅੰਗ-1288.
[50] ਉਹੀ, ਅੰਗ-951.

ਇਸ ਤਰ੍ਹਾਂ ਸ਼ੂਦਰ ਲੋਕਾਂ ਨੂੰ ਮੁਸਲਮਾਨਾਂ ਦੀ ਰਾਜਸੀ ਗ਼ੁਲਾਮੀ ਦਾ ਭੋਰਾ ਵੀ ਅਹਿਸਾਸ ਨਹੀਂ ਸੀ। ਲੋਕ ਇਹ ਮਨ ਬਣਾ ਚੁੱਕੇ ਸਨ ਕਿ ਉਨ੍ਹਾਂ ਦਾ ਮੁੱਖ ਕੰਮ ਬ੍ਰਾਹਮਣਾਂ ਅਤੇ ਖੱਤਰੀਆਂ ਦੀ ਗ਼ੁਲਾਮੀ ਕਰਨਾ ਹੈ। ਉਨ੍ਹਾਂ ਦੇ ਮਨ ਵਿਚ ਇਹ ਦਰਸਾਉਣ ਦੀ ਲੋੜ ਸੀ ਕਿ ਰਾਜ ਸੱਤਾ ਸਿਰਫ਼ ਬਾਹੂ ਬਲ ਦੇ ਜ਼ੋਰ ਨਾਲ ਮਿਲਦੀ ਹੈ। ਬਾਹੂ ਬਲ, ਬਾਂਹਾਂ ਵਿਚ ਹੁੰਦਾ ਅਤੇ ਇਹ ਬਾਹਾਂ ਵੈਸ਼ਾਂ ਅਤੇ ਸ਼ੂਦਰਾਂ ਕੋਲ ਜ਼ਿਆਦਾ ਸਨ ਪਰ ਉਨ੍ਹਾਂ ਨੂੰ ਸੰਘਰਸ਼ ਕਰਨ ਦੀ ਆਜ਼ਾਦੀ ਨਹੀਂ ਸੀ:

ਪੜਿ ਪੁਸਤਕ ਸੰਧਿਆ ਬਾਦੰ।।ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।।ਤ੍ਰੈਪਾਲ ਤਿਹਾਲ ਬਿਚਾਰੰ।।
ਗਲਿ ਮਾਲਾ ਤਿਲਕੁ ਲਿਲਾਟੰ।।ਦੁਇ ਧੋਤੀ ਬਸਤ੍ਰ ਕਪਾਟੰ।।[51]
ਮਾਣਸ ਖਾਣੇ ਕਰਹਿ ਨਿਵਾਜ।।ਛੁਰੀ ਵਗਾਇਨਿ ਤਿਨ ਗਲਿ ਤਾਗ।।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।।ਉਨਾ ਭਿ ਆਵਹਿ ਓਈ ਸਾਦ।।[52]

ਗੁਰੂ ਨਾਨਕ ਦੇਵ ਜੀ ਦੇ ਬਾਬਰਬਾਣੀ ਵਿਚਲੇ ਵਿਚਾਰ ਬਾਬਰ ਦੁਆਰਾ ਭਾਰਤ ਉਤੇ ਕੀਤੇ ਖ਼ੂਨੀ ਹਮਲੇ ਦੀ ਗਵਾਹੀ ਭਰਦੇ ਹਨ। ਗੁਰੂ ਸਾਹਿਬ ਨੇ ਬਾਬਰ ਨੂੰ 'ਜਮ' (*ਜਾਬਰ*) ਆਖ ਕੇ ਉਸਦੇ ਜ਼ੁਲਮ ਵਿਰੁੱਧ ਆਵਾਜ਼ ਉਠਾਈ ਅਤੇ ਅਕਾਲ ਪੁਰਖ ਨੂੰ ਲੋਕਾਂ ਦੀ ਮਦਦ ਲਈ ਬਹੁੜਨ ਦੀ ਅਪੀਲ ਕੀਤੀ। ਗੁਰੂ ਨਾਨਕ ਸਾਹਿਬ ਨੇ ਧਰਤੀ ਉਪਰ ਹੋ ਰਹੀ ਬੁਰਿਆਈ ਦਾ ਟਾਕਰਾ ਕਰਨ ਦਾ ਸਿਧਾਂਤ ਪੇਸ਼ ਕੀਤਾ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।।

ਆਪੈ ਦੋਸੁ ਨ ਦੇਈ ਕਰਤੈ ਜਮੁ ਕਰਿ ਮੁਗਲੁ ਚੜਾਇਆ।।

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।।[53]

ਗੁਰੂ ਨਾਨਕ ਨੇ ਦੇਸ਼ ਵਾਸੀਆਂ ਦੇ ਦਿਲਾਂ ਵਿਚੋਂ ਗ਼ੁਲਾਮੀ ਦੇ ਡਰ ਨੂੰ ਖ਼ਤਮ ਕੀਤਾ। ਬਾਬਰ ਨੂੰ ਜੰਮ ਕਹਿ ਕੇ ਦੇਸ਼ ਵਾਸੀਆਂ ਵਿਚ ਸੁਤੰਤਰਤਾ ਲਈ ਜਾਗ੍ਰਿਤੀ ਪੈਦਾ ਕੀਤੀ। ਸਿਰਦਾਰ ਕਪੂਰ ਸਿੰਘ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਨੇ ਅਜਿਹਾ ਪ੍ਰਤੀਕਰਮ ਪੈਦਾ ਕੀਤਾ ਜਿਹੜਾ ਕਿ ਇਸਲਾਮ ਦੇ ਜ਼ੁਲਮ ਦੇ ਉੱਤਰ ਵਿਚ ਸਿੱਖੀ ਵੱਲੋਂ ਪੇਸ਼ ਕੀਤਾ ਗਿਆ ਸੀ। ਹਿੰਦੁਸਤਾਨ ਦੇ ਨਿਹੱਥੇ ਤੇ ਲਾਚਾਰ ਸ਼ਹਿਰੀਆਂ ਉੱਪਰ ਬਾਬਰ ਨੇ ਜੋ ਜ਼ੁਲਮ ਢਾਹੇ ਸਨ ਉਸਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਜੋ ਹਾਅ ਦਾ ਨਾਅਰਾ ਮਾਰਿਆ ਤੇ ਪਰਮਾਤਮਾ ਨੂੰ ਉਲਾਂਭਾ ਦਿੱਤਾ, ਉਸਨੇ ਇਸ ਧਰਤੀ ਉੱਪਰ ਹੋ ਰਹੀ ਬੁਰਿਆਈ ਬਾਰੇ ਮਨੁੱਖ ਦੇ ਨਿੱਜੀ ਤੇ ਮਾਨਵੀ

---

51 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-470.
52 ਉਹੀ, ਅੰਗ-471.
53 ਉਹੀ, ਅੰਗ-360

ਉੱਤਰਦਾਇਤਵ ਹੋਣ ਦੇ ਸਿੱਧੇ ਸਬੰਧ ਹੋਣ ਕਾਰਨ ਅਤੇ ਉਸ ਬਦੀ ਤੋਂ ਬੇਲਾਗ ਹੋ ਕੇ ਰੱਬੀ ਮਿਹਰ ਦੀ ਆਸ ਰੱਖਣ ਦੀ ਬਜਾਏ ਸਿੱਧਾ ਹੀ ਉਸਦੇ ਟਾਕਰੇ ਕਰਨ ਦੇ ਨਵੇਂ ਖਿਆਲ ਦਾ ਬੀਜ ਬੀਜਿਆ"।[54] ਇਸ ਤਰ੍ਹਾਂ ਇਸ ਬੀਜ ਨੇ ਹਿੰਦੁਸਤਾਨ ਵਿਚ ਇਸਲਾਮ ਦੇ ਜ਼ੁਲਮ ਪ੍ਰਤੀ ਸਮਾਜ ਦੇ ਸਮੁੱਚੇ ਰਵੱਈਏ ਨੂੰ ਹੀ ਬਦਲ ਕੇ ਰੱਖ ਦਿੱਤਾ। ਗੁਰੂ ਨਾਨਕ ਦੇ ਉਪਦੇਸ਼ ਅਨੁਸਾਰ ਵਿਦੇਸ਼ੀ ਹਮਲੇ ਦਾ ਪਹਿਲਾ ਪ੍ਰਤੀਕਰਮ ਸੀ ਉਸਦਾ ਡਟਵਾਂ ਮੁਕਾਬਲਾ। ਇਹ ਗੱਲ ਹਿੰਦੂਆਂ ਵਿਚ ਬਿਲਕੁਲ ਹੀ ਖ਼ਤਮ ਹੋ ਚੁੱਕੀ ਸੀ ਜਿਸਨੂੰ ਇਸ ਪ੍ਰਤੀਕਰਮ ਨੇ ਮੁੜ ਬਹਾਲ ਕਰਕੇ ਅਧਿਆਤਮਕ ਬੁਨਿਆਦਾਂ ਰਾਹੀਂ ਪੱਕਿਆਂ ਕਰ ਦਿੱਤਾ ਅਤੇ ਬੁਰਿਆਈ ਦੇ ਟਾਕਰੇ ਦੀ ਗੱਲ ਕੀਤੀ। ਗੋਕਲ ਚੰਦ ਨਾਰੰਗ ਅਨੁਸਾਰ, "ਗੁਰੂ ਨਾਨਕ ਸਾਹਿਬ ਨੇ ਸੁਧਾਰ ਦੇ ਸੱਚੇ ਨਿਯਮਾਂ ਦੀ ਕਲਪਨਾ ਕਰਕੇ ਅਜਿਹੀਆਂ ਨੀਂਹਾਂ ਭਰੀਆਂ ਜਿਨ੍ਹਾਂ 'ਤੇ ਗੁਰੂ ਗੋਬਿੰਦ ਨੇ ਨਵੀਂ ਜਾਤੀ ਦਾ ਨਿਰਮਾਣ ਕੀਤਾ ਅਤੇ ਇਸ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਕਿ ਨਿਮਨਤਮ ਵਿਅਕਤੀ ਵੀ ਨਸਲ ਅਤੇ ਧਰਮ ਵਿਚ, ਰਾਜਨੀਤਿਕ ਅਧਿਕਾਰਾਂ ਅਤੇ ਧਾਰਮਿਕ ਹੱਕਾਂ ਵਿਚ ਉੱਚਤਮ ਵਿਅਕਤੀ ਦੇ ਸਮਾਨ ਹੁੰਦਾ ਹੈ। ਇਸ ਤਰ੍ਹਾਂ ਸਦੀਆਂ ਦੀ ਗ਼ੁਲਾਮੀ ਮਗਰੋਂ ਹਿੰਦੂਆਂ ਵਿਚੋਂ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਜ਼ੁਲਮ ਤੇ ਜ਼ਬਰ ਵਿਰੁੱਧ ਆਵਾਜ਼ ਉਠਾਈ।"[55]

ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਉਹਨਾਂ ਨੇ ਰੱਬੀ ਏਕਤਾ ਤੇ ਮਨੁੱਖੀ ਏਕਤਾ ਨੂੰ ਦ੍ਰਿੜ੍ਹ ਕੀਤਾ ਅਤੇ ਸਮਾਜ ਵਿਚ ਪੂਰਣ ਚੇਤਨਤਾ ਲਿਆਉਣ ਦਾ ਯਤਨ ਕੀਤਾ। ਗੁਰੂ ਨਾਨਕ ਸਾਹਿਬ ਨੇ ਵਿਅਕਤੀ ਵਿਸ਼ੇਸ਼ ਨਾਲੋਂ ਸ਼ੁਭ ਕਰਮ ਕਰਨ ਵਾਲੇ ਨੂੰ ਵੱਡਾ ਦੱਸਿਆ। ਜਦੋਂ ਕਾਜ਼ੀਆਂ ਨੇ ਗੁਰੂ ਸਾਹਿਬ ਤੋਂ ਪੁੱਛਿਆ ਤਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸ਼ੁਭ ਕਰਮਾਂ ਤੋਂ ਬਿਨ੍ਹਾਂ ਦੋਵੇਂ ਫ਼ਿਰਕੇ ਰੋ ਰਹੇ ਸਨ। ਕਾਜ਼ੀਆਂ ਅਤੇ ਗੁਰੂ ਸਾਹਿਬ ਦਾ ਸੰਵਾਦ ਨਿਮਨ ਅਨੁਸਾਰ ਹੈ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।[56]

ਗੁਰੂ ਨਾਨਕ ਦੇਵ ਜੀ ਦੀਆਂ ਫੇਰੀਆਂ ਨੇ ਚਾਰੇ ਵਰਨਾਂ ਨੂੰ ਇਕ ਕੀਤਾ। ਸਮਾਜ ਵਿਚ ਫੈਲੀ ਤਲ਼ਖੀ ਖ਼ਤਮ ਹੋਈ। ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਨਾਨਕ ਅੱਗੇ ਸਿਰ ਨਿਵਾਇਆ:

ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗ ਵਰਤਾਇਆ।

---

54 *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ*, ਪੰਨਾ-47

55 *ਸਿੱਖ ਮਤ ਦਾ ਪਰਿਵਰਤਨ, ਪੰਨਾ-7*

56 *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 33, ਪੰਨਾ-17

ਕਲਿਜੁਗੁ ਬਾਬੇ ਤਾਰਿਆ ਸਤਿ ਨਾਮ ਪੜ੍ਹਿ ਮੰਤ੍ਰ ਸੁਣਾਇਆ।
ਹਿੰਦੂ ਮੁਸਲਮਾਣ ਨਿਵਾਇਆ।[57]

ਗੁਰਮਤਿ ਨੇ ਜਾਤ-ਪਾਤ ਕਾਰਨ ਪੈਦਾ ਹੋਏ ਪਾੜੇ ਦੀ ਨਿਖੇਧੀ ਕੀਤੀ ਹੈ। ਭਾਈ ਗੁਰਦਾਸ ਜੀ ਨੇ ਇਨ੍ਹਾਂ ਦੇ ਖਾਤਮੇ ਲਈ ਗੁਰਮੁਖ ਪੰਥ ਦੀ ਸੋਭਾ ਕੀਤੀ ਹੈ:

ਚਾਰਿ ਵਰਨਿ ਇਕ ਵਰਿਨ ਕਰਿ ਵਰਨ ਅਵਰਨ ਸਾਧਸੰਗ ਜਾਪੈ।
ਬਾਰਹ ਪੰਥ ਮਿਟਾਇਕੈ ਗੁਰਮਖਿ ਪੰਥ ਵਡਾ ਪਰਤਾਪੈ।[58]

ਜਾਤ-ਪਾਤ ਅਤੇ ਫ਼ਿਰਕੇ ਰਾਜਸੀ ਗ਼ੁਲਾਮੀ ਦਾ ਕਾਰਨ ਬਣ ਰਹੇ ਸਨ। ਗੁਰੂ ਨਾਨਕ ਸਾਹਿਬ ਚਾਹੁੰਦੇ ਸਨ ਕਿ ਆਦਲ ਇਨਸਾਫ਼ ਕਰੇ ਤੇ ਜ਼ਾਲਮ ਜ਼ੁਲਮ ਨਾ ਕਰੇ। ਰਾਜ ਸਾਰਿਆਂ ਲਈ ਹੋਵੇ ਜਿਸ ਵਿਚ ਸ਼ੋਰ ਸ਼ਰਾਬਾ ਨੂੰ ਕੋਈ ਥਾਂ ਨਾ ਹੋਵੇ। ਭਾਈ ਗੁਰਦਾਸ ਨੇ ਗੁਰੂ ਨਾਨਕ ਨੂੰ ਜਗਤ ਦਾ ਗੁਰੂ ਦੱਸਿਆ ਹੈ:

ਇਕ ਛਤਿ ਰਾਜੁ ਕਮਾਂਵਦਾ ਦੁਸ਼ਮਣ ਦੂਤ ਨਾ ਸ਼ੋਰ ਸ਼ਰਾਬਾ।
ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ।
ਜਾਹਰ ਪੀਰ ਜਗਤੁ ਗੁਰੁ ਬਾਬਾ।[59]

ਸੁਤੰਤਰ ਸਮਾਜ ਵਿਚ ਆਰਥਿਕ ਸੁਤੰਤਰਤਾ ਵੀ ਜ਼ਰੂਰੀ ਹੈ। ਹਰ ਪਾਸੇ ਮਨੁੱਖ ਦਾ ਆਰਥਿਕ ਤੌਰ 'ਤੇ ਸ਼ੋਸਣ ਕੀਤਾ ਜਾ ਰਿਹਾ ਸੀ। ਗੁਰੂ ਜੀ ਨੇ ਆਰਥਿਕ ਸ਼ੋਸ਼ਣ ਕਰਨ ਵਾਲਿਆਂ ਨੂੰ ਪਲੀਤ ਅਤੇ ਮਨੁੱਖੀ ਖ਼ੂਨ ਪੀਣ ਵਾਲੇ ਗਰਦਾਨਿਆ :

ਜੇ ਰਤੁ ਲਗੇ ਕਪੜੇ ਜਾਮਾ ਹੋਇ ਪਲੀਤੁ।।
ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲ ਚੀਤ।।[60]

ਗੁਰੂ ਜੀ ਦੇ ਫਲਸਫ਼ੇ ਵਿਚ ਮਨੁੱਖ ਨੂੰ ਗ਼ੁਲਾਮ ਰੱਖਣ ਵਾਲੇ ਹੰਕਾਰੀ ਰਾਜਿਆਂ ਨੂੰ ਕੋਈ ਆਦਰਯੋਗ ਥਾਂ ਨਹੀਂ ਦਿੱਤੀ। ਅਜਿਹੇ ਹੁਕਮਰਾਨ ਸੁਲਤਾਨ ਜਾਂ ਖ਼ਾਨ ਅੰਤ ਮਿੱਟੀ ਵਿਚ ਰੁਲਦੇ ਹਨ। ਇਹ ਸਭ ਕੁਝ ਇਥੇ ਹੀ ਛੱਡ ਜਾਂਦੇ ਹਨ:

ਹਉਮੈ ਕਰਿ ਰਾਜੇ ਬਹੁ ਧਾਵਹਿ।।ਹਉਮੈ ਖਪਹਿ ਜਨਮਿ ਮਰਿ ਆਵਹਿ।।[61]

---

[57] *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 23ਵੀਂ, ਪੰਨਾ-12

[58] ਉਹੀ, ਵਾਰ ਪਹਿਲੀ, ਪਉੜੀ 23ਵੀਂ, ਪੰਨਾ-18

[59] ਉਹੀ, ਵਾਰ 24ਵੀਂ, ਪਉੜੀ ਤੀਜੀ, ਪੰਨਾ-255

[60] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-140

[61] ਉਹੀ, ਅੰਗ-226.

ਗੁਰਮਤਿ ਨੇ ਇਸਤਰੀ ਦੀ ਸੁਤੰਤਰਤਾ ਲਈ ਵੀ ਆਵਾਜ਼ ਬੁਲੰਦ ਕੀਤੀ। ਹਿੰਦੂ ਸਮਾਜ ਦੇ ਢਾਂਚੇ ਵਿਚ ਇਸਤਰੀਆਂ ਦਾ ਨੀਵਾਂ ਦਰਜ਼ਾ ਹੀ ਸੀ ਅਤੇ ਇਹ ਕਮਜ਼ੋਰੀ ਗੁਰੂ ਨਾਨਕ ਦੇਵ ਜੀ ਨੇ ਮਰਦ ਤੇ ਇਸਤਰੀ ਦੇ ਬਰਾਬਰ ਦੇ ਦਰਜੇ ਦੇ ਬੁਨਿਆਦੀ ਅਸੂਲ ਬਾਰੇ ਇਕ ਸਿੱਧਾ ਸੁਆਲ ਪਾ ਕੇ ਦੂਰ ਕਰ ਦਿੱਤੀ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[62]

ਪਲੈਟੋ ਦੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵੀ ਕਿਹਾ ਕਿ ਰਾਜਾ ਉਹ ਹੈ ਜੋ ਨੇਕੀ ਤੇ ਗੁਣਾਂ ਸਦਕੇ, ਲੋਕਾਂ ਦੀ ਇੱਛਾ ਅਨੁਸਾਰ ਸ਼ਾਸਨ ਕਰਦਾ ਹੈ। ਇਸ ਪਰਜਾਤੰਤਰੀ ਅਗਾਂਹਵਧੂ ਸਿਧਾਂਤ ਦਾ ਪ੍ਰਚਾਰ ਗੁਰੂ ਜੀ ਨੇ ਪੰਦਰਵੀਂ ਸਦੀ ਵਿਚ ਕੀਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੇਵਲ ਉਹ ਵਿਅਕਤੀ ਜਿਹੜਾ ਨੇਕ, ਨੈਤਿਕ ਅਤੇ ਨਿਆਂਪੂਰਨ ਹੈ, ਨੂੰ ਹੀ ਰਾਜ ਕਰਨ ਦਾ ਅਧਿਕਾਰ ਹੈ। ਪਰ ਪਲੈਟੋ ਅਤੇ ਅਰਸਤੂ ਦੇ ਸਿਧਾਂਤ ਵਿਚ ਦਾਸ ਅਤੇ ਗ਼ੁਲਾਮ ਦਾ ਝਲਕਾਰਾ ਮਿਲਦਾ ਹੈ। ਕੌਟਲਿਆ ਦੇ ਅਰਥ ਸ਼ਾਸਤਰ ਅਤੇ ਮੰਨੂ ਸਿਮ੍ਰਤੀ ਵਿਚ ਵੀ ਵਰਣ ਵੰਡ ਅਤੇ ਰਾਜਾ ਲਈ ਸ਼ਾਮ, ਦਾਮ, ਦੰਡ, ਭੇਦ, ਦੀ ਗੱਲ ਕੀਤੀ ਗਈ ਹੈ।[63] ਗੁਰੂ ਸਾਹਿਬ ਨੇ ਸਭ ਤਰ੍ਹਾਂ ਦੇ ਜਾਤੀ ਭੇਦ-ਭਾਵ ਖ਼ਤਮ ਕਰਕੇ ਗੁਣਾਂ ਨੂੰ ਤਰਜੀਹ ਦਿੱਤੀ। ਜਿਸ ਸਮਾਜ ਵਿਚ ਜਾਤੀਵਾਦ ਦੀ ਵਰਣ-ਵੰਡ ਹੋਵੇਗੀ ਉਸ ਸਮਾਜ ਵਿਚ ਸਮਾਨਤਾ ਤੇ ਸੁਤੰਤਰਤਾ ਦੇ ਸਿਧਾਂਤ ਨੂੰ ਸੰਪੂਰਣ ਤੌਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ।

ਜੇ. ਡੀ. ਕਨਿੰਘਮ ਲਿਖਦਾ ਹੈ, "ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਗ਼ਲਤੀਆਂ ਤੋਂ ਬਚਾ ਲਿਆ ਜਿਨ੍ਹਾਂ ਦਾ ਭਾਰਤ ਵਾਸੀ ਸਦੀਆਂ ਤੋਂ ਸ਼ਿਕਾਰ ਹੁੰਦੇ ਆ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਕ ਅਕਾਲ ਪੁਰਖ ਦੀ ਉਪਾਸਨਾ ਤੇ ਪਵਿੱਤਰ ਆਚਰਣ ਦੀ ਸਿੱਖਿਆ ਦਿੱਤੀ ਤੇ ਇਸ ਤਰ੍ਹਾਂ ਉਹ ਆਪਣੇ ਸਰਲ, ਸਪੱਸ਼ਟ, ਸੁਤੰਤਰ, ਸਮਦ੍ਰਿਸ਼ਟੀ ਅਤੇ ਰੀਤਾਂ ਰਸਮਾਂ ਤੋਂ ਆਜ਼ਾਦ ਸ਼ਰਧਾਲੂਆਂ ਦੀ ਜਮਾਤ ਬਣਾ ਗਏ।"[64] ਗੁਰੂ ਨਾਨਕ ਦੇਵ ਜੀ ਨੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜ਼ਿੰਮੇਵਾਰੀਆਂ ਨੂੰ ਸੁਮੇਲ ਕੇ ਇਕ ਨਵੀਂ ਵਿਵਸਥਾ ਸਥਾਪਿਤ ਕੀਤੀ। ਗੁਰਗੱਦੀ ਵੀ ਪੁੱਤਾਂ ਦੀ ਥਾਂ ਭਾਈ ਲਹਿਣੇ ਨੂੰ ਦੇ ਦਿੱਤੀ, ਸਿਰ ਛਤਰ ਧਰ ਦਿੱਤਾ ਅਤੇ ਸਾਰੇ ਵਿਰਾਸਤੀ ਕਾਨੂੰਨ ਤੋੜ ਦਿੱਤੇ। ਇਕ ਅਜਿਹੇ ਇਨਕਲਾਬ ਦਾ ਆਰੰਭ ਕੀਤਾ ਜੋ ਲੁਟੇਰਿਆਂ ਤੇ ਜ਼ਾਲਮਾਂ ਨੂੰ ਲਿਤਾੜਨ ਅਤੇ ਗ਼ਰੀਬਾਂ ਤੇ ਮਸਕੀਨਾਂ ਨੂੰ ਉਭਾਰਨ ਦੇ ਸਮਰੱਥ ਸੀ।[65]

---

[62] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-473

[63] ਮੋਹਨ ਲਾਲ ਸ਼ਰਮਾ(ਅਨੁ.), *ਮੰਨੂ ਸਿਮ੍ਰਤੀ,* ਅਧਿਆਇ-7, ਪੰਨਾ-138

[64] *ਸਿੱਖ ਇਤਿਹਾਸ,* ਗੁਰਮੁਖ ਸਿੰਘ ਗੁਰਮੁਖ (ਅਨੁ.), ਪੰਨਾ- 48

[65] Chawla, Harbans Singh(Ed.), *Guru Nanak, The Prophet Of The people, Advent Of Sikh Religion*, 1970, p.15

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਵਪੱਖੀ ਵਿਕਾਸ ਦੇ ਹਾਮੀ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਸਰਵਪੱਖੀ (ਉੱਤਮ ਵਿਕਾਸ) ਨੂੰ ਸੁਤੰਤਰਤਾ ਨਾਲ ਜੋੜਿਆ ਹੈ।[66] ਪ੍ਰੋ. ਹਰਨਾਮ ਦਾਸ ਦੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੇਸ਼ ਪਿਆਰ, ਸੇਵਾ-ਸਤਿਕਾਰ ਅਤੇ ਅਧਿਆਤਮੀਕਰਣ ਨੂੰ ਜੀਵਨ ਦਾ ਪਵਿੱਤਰ ਆਦਰਸ਼ ਬਣਾਇਆ ਹੋਇਆ ਸੀ। ਉਹ ਨਾਮ ਬੁੱਧੀ, ਕਰਮ, ਲਗਨ, ਧਰਮ, ਮਾਨਵਵਾਦ, ਅਧਿਆਤਮਕ ਸਮਾਜਵਾਦ ਦੇ ਹਾਮੀ ਸਨ ਅਤੇ ਪੂਰੀ ਤਰ੍ਹਾਂ ਮਨੁੱਖੀ ਹੱਕਾਂ ਲਈ ਸੰਘਰਸ਼ਸ਼ੀਲ ਸਨ।[67] ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਦਰਸ਼ਨ ਦਾ ਆਧੁਨਿਕ ਕਾਲ ਵਿਚ ਬਹੁਤ ਮਹੱਤਵ ਹੈ। ਨਿਆਂ, ਸੁਤੰਤਰਤਾ, ਸਮਾਨਤਾ ਅਤੇ ਸਾਂਝਾ ਭਾਈਚਾਰਾ ਸਾਡੇ ਸੰਵਿਧਾਨ ਦੇ ਮੂਲ ਆਦਰਸ਼ ਹਨ। ਗੁਰੂ ਨਾਨਕ ਸਾਹਿਬ ਨੇ ਇਸ ਸਿਧਾਂਤ ਦਾ ਪੰਜ ਸੌ ਸਾਲ ਪਹਿਲਾਂ ਪ੍ਰਚਾਰ ਕੀਤਾ ਤੇ ਅਮਲ ਵਿਚ ਲਿਆਂਦਾ। ਉਨ੍ਹਾਂ ਨੇ ਅਜਿਹਾ ਆਦਰਸ਼ਾਂ ਦਾ ਆਧਾਰ ਤਿਆਰ ਕੀਤਾ ਜੋ ਅਸੀਂ ਸੁਤੰਤਰ ਭਾਰਤ ਵਿਚ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਹਾਂ। ਇਹ ਆਦਰਸ਼ ਭਾਰਤ ਦੇ ਵਰਤਮਾਨ ਸੰਵਿਧਾਨ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਆਧਾਰ ਹਨ। ਉਨ੍ਹਾਂ ਦਾ ਨਾਅਰਾ ਸੀ:

ਸਭੇ ਸਾਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ।।[68]

ਗੁਰੂ ਨਾਨਕ ਸਾਹਿਬ ਨੇ ਸੁਤੰਤਰਤਾ ਨੂੰ ਪ੍ਰਸਾਰਿਤ ਕਰਨ ਲਈ ਇਸ ਵਿਚ ਹਰ ਇਕ ਨੂੰ ਸ਼ਾਮਲ ਕੀਤਾ। ਭਾਈ ਲਾਲੋ ਦੇ ਘਰ ਪ੍ਰਸ਼ਾਦਾ ਛਕ ਕੇ ਊਚ-ਨੀਚ ਦੇ ਭੇਦ ਮਿਟਾ ਕੇ ਕਿਰਤ ਕਰਨ ਨੂੰ ਉੱਤਮ ਦੱਸਿਆ। ਕਿਰਤੀ ਵਿਅਕਤੀ ਦੀ ਮਨੋਬਿਰਤੀ ਕਿਸੇ ਨੂੰ ਗ਼ੁਲਾਮ ਬਣਾ ਕੇ ਰੱਖਣ ਦੀ ਨਹੀਂ ਹੁੰਦੀ। ਉਸ ਲਈ ਪਰਾਇਆ ਹੱਕ ਖਾਣਾ ਪਾਪ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਇਨਕਲਾਬ ਲਿਆਂਦਾ ਤੇ ਦੇਸ਼ ਦੇ ਕੋਨੇ-ਕੋਨੇ ਵਿਚ ਸੁਤੰਤਰਤਾ ਦੇ ਜਜ਼ਬੇ ਦੀ ਜੋਤ ਨੂੰ ਪ੍ਰਜ੍ਵਲਿਤ ਕੀਤਾ।

ਏਮਨਾਬਾਦ ਵਿਖੇ ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਬਾਦਸ਼ਾਹ ਬਾਬਰ ਨੂੰ ਕੈਦ ਕੀਤੇ ਸਾਰੇ ਬੰਦੀਆਂ ਨੂੰ ਸੁਤੰਤਰ ਕਰਨ ਲਈ ਕਿਹਾ। "ਸੰਮਤ 1578 ਨੂੰ ਗੁਰੂ ਨਾਨਕ ਦੇਵ ਜੀ ਨੇ ਜਦ ਬਾਬਰ ਤੋਂ ਸੈਦਪੁਰ ਦੇ ਵਸਨੀਕਾਂ ਨੂੰ ਗ਼ੁਲਾਮੀ ਤੋਂ ਛੁਡਵਾ ਕੇ ਜੰਗੀ ਕਾਨੂੰਨ ਤੋਂ ਅਮਾਨ ਦਿਵਾਈ, ਤਦ ਤੋਂ ਇਸਦਾ ਨਾਂ

---

66 *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-221..

67 "*Guru Nanak made patriots or his country's love and service, respect and spiritualization as a sacred creed of his life. He surely wanted to raise his motherland in values of Name, Wisdom, Devotion, Dharma, Humanism spiritual socialism and complete emancipation.*" *Guru Nanak,s Philosophy of Divine Life,* P.141.

68 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-97

ਏਮਨਾਬਾਦ ਪੈ ਗਿਆ। ਇਸ ਥਾਂ ਗੁਰੂ ਜੀ ਨੇ ਇਨ੍ਹਾਂ ਕੈਦੀਆਂ ਨਾਲ ਚੱਕੀ ਪੀਹੀ ਸੀ। ਗੁਰੂ ਨੇ ਸਾਰੇ ਕੈਦੀ ਬਾਦਸ਼ਾਹ ਤੋਂ ਛੁਡਵਾਏ ਸਨ।"[69] ਸਾਰੇ ਬੰਦੀ ਗੁਰੂ ਸਾਹਿਬ ਦੇ ਅਹਿਸਾਨਮੰਦ ਸਨ ਕਿਉਂਕਿ ਉਨ੍ਹਾਂ ਨੇ ਬਾਬਰ ਦੀ ਕੈਦ ਤੋਂ 'ਬੰਦ ਖਲਾਸੀ' ਕਰਵਾਈ ਸੀ। ਸੁਤੰਤਰਤਾ ਦੀ ਭਾਵਨਾ ਲਈ ਗੁਰੂ ਨਾਨਕ ਦੇਵ ਜੀ ਨੇ 'ਜੋਗ' ਦੇ ਜੀਵਨ ਦਾ ਤਿਆਗ ਕਰਕੇ ਗ੍ਰਹਿਸਤ ਜੀਵਨ ਨੂੰ ਅਪਣਾਉਣ ਦਾ ਉਪਦੇਸ਼ ਦਿੱਤਾ। ਮੈਗਰੇਗਰ 'ਹਿਸਟਰੀ ਆਫ਼ ਦੀ ਸਿਖਸ' ਵਿਚ ਲਿਖਦੇ ਹਨ ਕਿ ਗੁਰੂ ਨਾਨਕ ਦੀ ਆਸ਼ਾ ਸੀ ਕਿ ਸਾਰੀ ਮਨੁੱਖਤਾ ਅਮਨ ਤੇ ਸ਼ਾਂਤੀ ਵਿਚ ਰਹੇ ਕਿਉਂਕਿ ਅਸੀਂ ਸਾਰੇ ਇਕੋ ਵਾਹਿਗੁਰੂ ਦੀ ਸੰਤਾਨ ਹਾਂ। ਗੁਰੂ ਨਾਨਕ ਨੇ ਜੋਗੀ ਜੀਵਨ ਦੀ ਥਾਂ ਗ੍ਰਹਿਸਤ ਜੀਵਨ ਨੂੰ ਇਸ ਕਰਕੇ ਅਪਣਾਇਆ ਤਾਂ ਕਿ ਸਮਾਜ ਨੂੰ ਇਹ ਸੁਨੇਹਾ ਦਿੱਤਾ ਜਾ ਸਕੇ ਕਿ ਬਦੀਆਂ ਨਾਲ ਕਿਵੇਂ ਲੜਨਾ ਹੈ? ਉਨ੍ਹਾਂ ਨੇ ਉੱਚਾ ਆਚਰਨ ਬਣਾਉਣ 'ਤੇ ਜ਼ੋਰ ਦਿੱਤਾ।"[70]

ਪੰਦ੍ਰਰਵੀਂ ਸਦੀ ਦੇ ਪਿਛਲੇ ਅੱਧ ਤੱਕ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਪੰਜਾਬੀਆਂ ਸਗੋਂ ਸਾਰੇ ਭਾਰਤੀਆਂ ਦੇ ਦਿਲਾਂ ਵਿਚੋਂ ਹੀਣਤਾ ਤੇ ਦਾਸ-ਭਾਵਨਾ ਦਾ ਅਹਿਸਾਸ ਖ਼ਤਮ ਕਰਕੇ ਗ਼ੁਲਾਮੀ ਅਤੇ ਅਧੋਗਤੀ ਦੇ ਚਿੱਕੜ ਵਿਚੋਂ ਕੱਢਿਆ ਸਗੋਂ ਮਨੁੱਖ ਦੀ ਅਣਖ ਤੇ ਸਵੈਮਾਣ ਨੂੰ ਜਗਾਇਆ। ਪ੍ਰਸਿੱਧ ਇਤਿਹਾਸਕਾਰ ਡਾ. ਮੁਹੰਮਦ ਇਕਬਾਲ ਦੇ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਬਾਰੇ ਉਕਤ ਤੱਥਾਂ ਦੀ ਪ੍ਰਮਾਣਿਕਤਾ ਪੇਸ਼ ਕਰਦੇ ਹਨ:

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਯਾ ਖ਼੍ਵਾਬ ਸੇ[71]

ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਦੋ ਪੁੱਤਰਾਂ ਨੂੰ ਛੱਡ ਕੇ ਸੇਵਾ ਅਤੇ ਯੋਗਤਾ ਦੇ ਆਧਾਰ 'ਤੇ ਭਾਈ ਲਹਿਣਾ ਜੀ ਨੂੰ ਗੱਦੀ ਦੇ ਕੇ ਸਿੱਖ ਧਰਮ ਵਿਚ ਗੁਣਤੰਤਰ ਦਾ ਸੰਕਲਪ ਪੈਦਾ ਕੀਤਾ। ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਚੁਣਨਾ ਸਿੱਖ ਧਰਮ ਦੇ ਵਿਕਾਸ ਵਿਚ ਇਕ ਅਹਿਮ ਅਤੇ ਕ੍ਰਾਂਤੀਕਾਰੀ ਕਦਮ ਸੀ। ਲੋਕਾਂ ਨੂੰ ਮਹਿਸੂਸ ਹੋ ਗਿਆ ਸੀ ਕਿ ਪਰਿਵਾਰਵਾਦ ਦੀ ਥਾਂ ਸਿੱਖ ਲਹਿਰ ਵਿਚ ਲੋਕ ਹਿੱਤਾਂ ਦਾ ਮੁਦਈ ਅਤੇ ਸਿਧਾਂਤਾਂ ਦਾ ਪਾਲਣਹਾਰ ਹੋਣਾ ਜ਼ਿਆਦਾ ਜ਼ਰੂਰੀ ਸੀ। ਲੋਕ ਹਿੱਤਾਂ ਦੀ ਰਾਖੀ ਨੇ ਹੀ ਸਿੱਖ ਲਹਿਰ ਨੂੰ ਅਗਾਂਹ ਤੋਰਿਆ। ਭਾਈ ਬਲਵੰਡ ਜੀ ਦੁਆਰਾ ਰਚਿਤ 'ਰਾਮਕਲੀ ਕੀ ਵਾਰ' ਵਿਚ ਗੁਰਗੱਦੀ ਦੀ ਜਾਨਸ਼ੀਨੀ

---

[69] ਨਾਭਾ, *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-119

[70] "*The precepts of Nanak were those of peace with all mankind and he inculcated an abhorrence of war among people believing in God, on whom his firm reliance was placed for everything and acting on this principle, he was regardless of wordily matters, and divided everything he had with his fellow, creatures.*" M' Gregor W.L, *History of the Sikhs, vol. 1*, p.35,

[71] *ਬਾਂਗਿ-ਦਰਾ,* ਪੰਨਾ-270

ਦੀ ਗਾਥਾ ਦੱਸੀ ਗਈ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਚੰਗਾ ਰਾਜ ਸਥਾਪਤ ਕਰਨ ਅਤੇ ਭਾਈ ਲਹਿਣਾ ਦੇ ਸਿਰ ਛਤ੍ਰ ਧਰ ਕੇ ਕਿਰਪਾਨ, ਸ਼ਕਤੀ ਅਤੇ ਨਾਇਕਤਾ ਦਾ ਵਾਰਿਸ ਬਣਾ ਦੇਣ ਦੀ ਵਿਥਿਆ ਹੈ। ਇਸ ਵਿਚ ਵਰਤੀ ਗਈ ਰਾਜਸੀ ਸ਼ਬਦਾਵਲੀ ਤੋਂ ਸੰਕੇਤ ਮਿਲਦਾ ਹੈ ਕਿ ਸਿੱਖ ਲਹਿਰ ਸਮਾਜ ਨੂੰ ਸਰਵਉੱਚ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਹੈ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ।।
ਲਹਿਣੇ ਧਰਿਓਨ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ।।[72]

ਗੁਰੂ ਸਾਹਿਬ ਦੇ ਸਮਕਾਲੀ ਬਾਦਸ਼ਾਹਾਂ ਵੱਲੋਂ ਪ੍ਰਸਿੱਧ ਲਾਇਬ੍ਰੇਰੀਆਂ ਨੂੰ ਸਾੜ ਦਿੱਤਾ ਗਿਆ ਸੀ। 'ਕੁਤਬਦੀਨ ਨੇ ਜਦੋਂ ਬਿਹਾਰ ਨੂੰ ਆਪਣੇ ਅਧੀਨ ਕੀਤਾ ਤਾਂ ਹਿੰਦੂਆਂ ਦਾ ਪ੍ਰਸਿੱਧ ਤੇ ਪੁਰਾਣਾ ਪੁਸਤਕਾਲਾ ਸਾੜ ਦਿੱਤਾ।'[73] ਲੋਕਾਂ ਨੂੰ ਮਜ਼ਬੂਰ ਕੀਤਾ ਗਿਆ ਕਿ ਹਰ ਲਿਖਤ ਫ਼ਾਰਸੀ ਅੱਖਰਾਂ ਵਿਚ ਲਿਖੀ ਜਾਵੇ। ਵਿਦਿਆ ਦੀ ਅਣਹੋਂਦ ਕਾਰਨ ਵਹਿਮ-ਭਰਮ ਅਤੇ ਫ਼ਜ਼ੂਲ ਰਸਮਾਂ ਪ੍ਰਚੱਲਿਤ ਹੋ ਚੁੱਕੀਆਂ ਸਨ ਅਜਿਹੇ ਵਿਚ ਗੁਰੂ ਅੰਗਦ ਦੇਵ ਜੀ ਨੇ ਸਭ ਤੋਂ ਪਹਿਲਾ ਕੰਮ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਠੀ ਕਰਨ ਦਾ ਕੀਤਾ। ਪੰਜਾਬ ਵਿਚ ਪ੍ਰਚੱਲਿਤ ਅਵਿਵਸਥਿਤ ਲਿੱਪੀ ਨੂੰ ਸੁਧਾਰ ਕੇ ਨਵਾਂ ਰੂਪ ਦਿੱਤਾ ਜੋ ਬਾਅਦ ਵਿਚ ਗੁਰਮੁਖੀ ਅਖਵਾਈ। ਸੰਸਕ੍ਰਿਤ ਦੇਵਤਿਆਂ ਦੀ ਬੋਲੀ ਬਣ ਕੇ ਸਿਰਫ਼ ਬ੍ਰਾਹਮਣਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਸੀ। "ਗੁਰਮੁਖੀ ਲਿੱਪੀ ਦੀ ਵਰਤੋਂ ਨੇ ਹਿੰਦੂ ਪੁਜਾਰੀ ਸ਼੍ਰੇਣੀ ਦੀ ਪ੍ਰਮੁੱਖਤਾ ਨੂੰ ਕਾਫ਼ੀ ਸੱਟ ਮਾਰੀ ਜਿਨ੍ਹਾਂ ਦੀ ਮਹੱਤਤਾ ਉਨ੍ਹਾਂ ਦੀ ਸੰਸਕ੍ਰਿਤ ਦੇ ਗਿਆਨ 'ਤੇ ਅਧਾਰਿਤ ਸੀ ਜਿਹੜੀ ਉਸ ਸਮੇਂ ਤੱਕ ਧਰਮ ਦੀ ਭਾਸ਼ਾ ਰਹੀ। ਸੰਸਕ੍ਰਿਤ ਦੇਵਤਿਆਂ ਦੀ ਭਾਸ਼ਾ ਮੰਨੀ ਜਾਂਦੀ ਸੀ।"[74] ਇਹ ਲੋਕ-ਬੋਲੀ ਨਹੀਂ ਸਗੋਂ ਲੁਟੇਰੀ ਜਮਾਤ ਦੀ ਬੋਲੀ ਬਣ ਚੁੱਕੀ ਸੀ। ਸੁਤੰਤਰ ਸਮਾਜ ਲਈ ਸੁਤੰਤਰ ਭਾਸ਼ਾ ਦਾ ਹੋਣਾ ਵੀ ਜ਼ਰੂਰੀ ਹੈ। ਗੁਰੂ ਜੀ ਨੇ ਸੰਸਕ੍ਰਿਤ ਦੇ ਮੁਕਾਬਲੇ 'ਤੇ ਲੋਕ ਬੋਲੀ ਨੂੰ ਅਪਣਾਇਆ। ਲੋਕ ਬੋਲੀ ਹੋਣ ਕਰਕੇ ਲੋਕਾਂ ਨੇ ਇਸ ਨੂੰ ਇਕਦਮ ਅਪਣਾ ਲਿਆ। ਗੁਰਮੁਖੀ ਦੀ ਵਰਤੋਂ ਨਾਲ ਬ੍ਰਾਹਮਣ ਦੇ ਰੋਹਬ ਨੂੰ ਕਾਫ਼ੀ ਧੱਕਾ ਲੱਗਾ। ਇਕ ਤਾਂ ਇਸ ਲਿੱਪੀ ਨਾਲ ਪੜ੍ਹੇ ਲਿਖੇ ਸਿੱਖਾਂ ਦੀ ਗਿਣਤੀ ਵਧੀ ਅਤੇ ਦੂਜੇ ਇਕ ਲਿੱਪੀ ਦੇ ਹੋਣ ਕਰਕੇ ਸਮ-ਚੇਤਨਾ ਅਤੇ ਸਮ-ਭਾਵਨਾ ਬਲਵਾਨ ਹੋਈ ਅਤੇ ਇਸ ਨਾਲ ਲੋਕਾਂ ਵਿਚ ਸੁਤੰਤਰਤਾ ਦੀ ਭਾਵਨਾ ਜਾਗ ਪਈ। ਗੁਰਮਤਿ ਨੇ ਜਿਸ ਆਦਰਸ਼ ਮਨੁੱਖ ਦੀ ਸਿਰਜਣਾ ਕਰਨੀ ਸੀ ਉਸਦਾ ਸਰਬਪੱਖੀ ਵਿਕਾਸ ਹੋਣਾ ਜ਼ਰੂਰੀ ਸੀ। ਇਸ ਮਕਸਦ ਲਈ ਗੁਰੂ ਅੰਗਦ ਸਾਹਿਬ ਨੇ ਸਰੀਰਕ ਕਸਰਤ ਲਈ ਘੋਲ ਕਰਾਉਣੇ ਸ਼ੁਰੂ ਕੀਤੇ ਅਤੇ ਕਈ 'ਮੱਲ ਅਖਾੜੇ' ਕਾਇਮ ਕਰਵਾ ਦਿੱਤੇ ਸਨ। ਹਰ ਸ਼ਾਮ ਨੂੰ

---

[72] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-966
[73] ਦੌਲਤ ਰਾਇ, *ਸਾਹਿਬੇ ਕਮਾਲ ਗੁਰੂ ਗੋਬਿੰਦ ਜੀ,* ਪੰਨਾ-36
[74] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ,* ਪੰਨਾ-19

ਪਹਿਲਵਾਨਾਂ ਦੇ ਘੋਲ ਹੁੰਦੇ ਅਤੇ ਵਰਜ਼ਿਸ਼ਾਂ ਕੀਤੀਆਂ ਜਾਂਦੀਆਂ ਸਨ। 'ਮਹਿਮਾ ਪ੍ਰਕਾਸ਼' ਵਿਚ ਇਸਦਾ ਵਰਣਨ ਇਸ ਤਰ੍ਹਾਂ ਹੈ:

ਪੁਨ ਗੁਰ ਜਬ ਕਬ ਆਗਿਆ ਕਰ।
ਪਹਿਲਵਾਨ ਬੁਲਾਇ ਅਖਾਰ ਪਰੇ।
ਸਤਗੁਰ ਪ੍ਰਸੰਨ ਹੋਇ ਤਿਹ ਦੇਖੇਂ।
ਜੀਤ ਹਾਰ ਸਮਸਰ ਕਰ ਲੇਖੇਂ।[75]

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਲੰਗਰ ਦੀ ਸੰਸਥਾ ਜਾਰੀ ਰੱਖੀ। ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸੀ। ਸਾਰੀਆਂ ਜਾਤਾਂ ਤੇ ਧਰਮਾਂ ਦੇ ਲੋਕ ਇਕੱਠੇ ਬੈਠ ਕੇ ਪ੍ਰਸ਼ਾਦਾ ਛਕਦੇ ਸਨ। 'ਸਤੇ ਬਲਵੰਡ ਕੀ ਵਾਰ' ਵਿਚ ਜ਼ਿਕਰ ਆਉਂਦਾ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।।[76]

ਇੰਦੂਭੂਸ਼ਨ ਬੈਨਰਜੀ ਲਿਖਦੇ ਹਨ, "ਲੰਗਰ ਦੀ ਪ੍ਰਥਾ ਨੇ ਸਿੱਖਾਂ ਵਿਚ ਇਕ ਮਹਾਨ ਸੰਗਠਨਕਾਰੀ ਸ਼ਕਤੀ ਦਾ ਕੰਮ ਕੀਤਾ ਅਤੇ ਕਾਫ਼ੀ ਹੱਦ ਤੱਕ ਜਾਤ-ਪਾਤ ਦੇ ਭੇਦਭਾਵ ਨੂੰ ਘਟਾ ਦਿੱਤਾ ਸੀ ਕਿਉਂਕਿ ਜਿਹੜੇ ਲੰਗਰ ਵਿਚ ਭੋਜਨ ਕਰਨ ਆਉਂਦੇ ਸਨ। ਉਨ੍ਹਾਂ ਸਾਰਿਆਂ ਨੂੰ ਜਾਤ-ਪਾਤ ਅਤੇ ਧਰਮ ਦੇ ਵਿਤਕਰੇ ਤੋਂ ਰਹਿਤ ਹੋ ਕੇ ਇਕੱਠਿਆਂ ਭੋਜਨ ਕਰਨਾ ਪੈਂਦਾ ਸੀ।"[77] ਇਸ ਨਾਲ ਸਿੱਖਾਂ ਵਿਚ ਸੇਵਾ ਅਤੇ ਭਾਈਚਾਰੇ ਦੀ ਭਾਵਨਾ ਵਧੀ। ਗੁਰੂ ਅੰਗਦ ਦੇਵ ਜੀ ਨੇ ਵੀ ਉਨ੍ਹਾਂ ਬਾਦਸ਼ਾਹਾਂ ਅਤੇ ਪੰਡਿਤਾਂ ਦੇ ਕਿਰਦਾਰਾਂ ਨੂੰ ਭੰਡਿਆ ਜੋ ਜਨਤਾ ਦਾ ਖ਼ੂਨ ਪੀ ਰਹੇ ਸਨ:

ਨਾਉ ਫਕੀਰੈ ਪਾਤਿਸਾਹੋ ਮੂਰਖ ਪੰਡਿਤੁ ਨਾਉ।।
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ।।
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ।।
ਨਾਨਕ ਗੁਰਮੁਖ ਜਾਣੀਐ ਕਲਿ ਕਾ ਏਹੁ ਨਿਆਓ।।[78]

ਗੁਰੂ ਅੰਗਦ ਦੇਵ ਜੀ ਦੇ ਸਮੇਂ ਇਕ ਘਟਨਾ ਕਾਫ਼ੀ ਅਹਿਮੀਅਤ ਰੱਖਦੀ ਹੈ ਜਦੋਂ ਹਮਾਯੂੰ ਬਾਦਸ਼ਾਹ ਸ਼ੇਰਸਾਹ ਸੂਰੀ ਪਾਸੋਂ ਹਾਰ ਖਾ ਕੇ ਗੁਰੂ ਸਾਹਿਬ ਕੋਲ ਪਹੁੰਚਿਆ। ਉਨ੍ਹਾਂ ਵੱਲੋਂ ਉਸਨੂੰ ਯੋਗ ਤਵੱਜੋ ਨਾ ਦਿੱਤੇ ਜਾਣ 'ਤੇ ਗੁੱਸੇ ਵਿਚ ਆ ਕੇ ਹਮਾਯੂੰ ਗੁਰੂ ਸਾਹਿਬ 'ਤੇ ਕਿਰਪਾਨ ਤਾਣ ਲੈਂਦਾ ਹੈ। ਗੁਰੂ ਜੀ ਉਸਨੂੰ ਤਾੜਨਾ

---

[75] ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼ (ਭਾਗ ਦੂਜਾ)*, ਪੰਨਾ-16

[76] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-967.

[77] *ਖਾਲਸੇ ਦੀ ਉਤਪਤੀ (ਜਿਲਦ ਪਹਿਲੀ)*, ਪ੍ਰਿਤਪਾਲ ਸਿੰਘ, ਐਸ. ਐਸ. ਸੋਢੀ (ਅਨੁ.), ਪੰਨਾ-158-59.

[78] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-1288.

ਕਰਦੇ ਹਨ ਕਿ ਜਿਥੇ ਕਿਰਪਾਨ ਕੱਢਣ ਦੀ ਜ਼ਰੂਰਤ ਸੀ ਉਥੇ ਤੂੰ ਕਾਇਰਾਂ ਦੀ ਤਰ੍ਹਾਂ ਭੱਜ ਆਇਆ ਹੈਂ। ਇਥੇ ਕਿਰਪਾਨ ਕੱਢਣਾ ਤੇਰੀ ਬਹਾਦਰੀ ਨਹੀਂ। ਗੁਰੂ ਸਾਹਿਬ ਨੇ ਕਾਇਰ ਅਤੇ ਡਰਪੋਕ ਰਾਜਿਆਂ ਨੂੰ ਸੁਮੱਤ ਦਿੱਤੀ। ਇਸਦਾ ਵਰਣਨ 'ਮਹਿਮਾ ਪ੍ਰਕਾਸ਼' ਵਿਚ ਹੈ:

> ਹਮਾਯੋਂ ਮਨ ਅੰਹਕਾਰ ਕਰ ਧਰਿਓ ਮੂਠ ਖੜਗ ਪਰ ਹਾਥ।
> ਪੁਨ ਅਫਸੋਸ ਮਨ ਮੋ ਕਰੇ ਧੁਨ ਆਪਣਾ ਮਾਥ।
> ਤਬ ਹਾਥ ਤਲਵਾਰ ਮੂਠ ਪਰ ਰਾਖਾ।
> ਬਝ ਗਯੋ ਹਾਥ ਤਬ ਦੇਖਾ ਪ੍ਰਭ ਭਾਖਾ।
> ਸੇਰ ਸਾਹ ਸੋ ਕਛ ਨਹੀ ਕੀਨਾ।
> ਈਹਾ ਤਲਵਾਰ ਮੂਠ ਗਹਿ ਲੀਨਾ।
> ਬਿਨਤੀ ਧਾਰ ਹਮਾਯੋ ਕਹਿਓ।
> ਬਡੀ ਚੂਕ ਹਮ ਤੋ ਇਹ ਕਹਿਓ।[79]

ਗੁਰੂ ਅੰਗਦ ਦੇਵ ਜੀ ਨੇ ਸਰਬੱਤ ਦੇ ਭਲੇ ਲਈ ਜੰਗ ਵਿਚ ਜੂਝ ਕੇ ਮਰਨਾ ਗੌਰਵਮਈ ਦੱਸਿਆ ਹੈ। ਰਣ ਭੂਮੀ ਵਿਚ ਮੌਤ ਨੂੰ ਕਬੂਲ ਕਰਨ ਸਬੰਧੀ ਗੁਰੂ ਸਾਹਿਬ ਦਾ ਸ਼ਬਦ ਸੁਤੰਤਰਤਾ ਲਈ ਲੜਾਈ ਲੜਨ ਵਾਸਤੇ ਦਲੇਰੀ ਦਾ ਸੰਕਲਪ ਪੈਦਾ ਕਰਦਾ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ :

> ਦੇਸ਼ ਕਾਲ ਵਸਤੂ ਮਿਲ ਤੀਨ।
> ਤਬ ਹੁਇ ਕਾਯਾਂ ਪ੍ਰਾਨ ਬਿਹੀਨ।
> ਬਿਨ ਤ੍ਰੈ ਮਿਲੇ ਕਾਲ ਰਖਵਾਰੋ।
> ਮਰਤਿ ਨਹੀਂ ਨੀਕੇ ਨਿਰਧਾਰੋ।
> ਜੇ ਕਰਿ ਜੁੱਧ ਆਨਿ ਕਿਤ ਪਰੈ।
> ਅਲਪ ਕਿ ਬਹੁਤੇ ਨਹੀਂ ਬਿਚਰੈ।[80]

ਗੁਰੂ ਸਾਹਿਬ ਜਿਥੇ ਹੋਰਨਾਂ ਨੂੰ ਸੁਤੰਤਰ ਜੀਵਨ ਜਿਊਂਣ ਦਾ ਉਪਦੇਸ਼ ਦਿੰਦੇ ਰਹੇ ਉਥੇ ਖੁਦ ਵੀ ਸੁਤੰਤਰ ਜੀਵਨ ਜਿਊਂਦੇ ਸਨ। ਡਾ. ਸੁਖਦਿਆਲ ਸਿੰਘ ਲਿਖਦੇ ਹਨ, "ਗੁਰੂ ਅੰਗਦ ਦੇਵ ਜੀ ਨੇ ਮਨੁੱਖ ਨੂੰ ਸਵੈ-ਸੁਤੰਤਰਤਾ ਅਤੇ ਸਵੈ-ਸੰਤੁਸ਼ਟੀ ਵਾਲਾ ਜੀਵਨ ਜਿਊਂਣ ਦਾ ਸੱਦਾ ਦਿੱਤਾ। ਇਸਦੀ ਪੂਰਤੀ ਲਈ ਉਨ੍ਹਾਂ ਦਾ ਵਿਚਾਰ ਸੀ ਕਿ ਮਨੁੱਖ ਤਦ ਹੀ ਇਸ ਤਰ੍ਹਾਂ ਦਾ ਜੀਵਨ ਜੀਅ ਸਕਦਾ ਹੈ ਜੇ ਉਸਦਾ ਗੁਰੂ ਆਪਣੇ ਆਪ ਵਿਚ ਸਵੈ-ਸੁਤੰਤਰ ਹੋਵੇ।"[81]

---

[79] ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼ (ਭਾਗ ਦੂਜਾ)*, ਪੰਨਾ-24

[80] *ਸੂਰਜ ਪ੍ਰਕਾਸ਼ ਗ੍ਰੰਥ (ਜਿਲਦ-5)*, ਪੰਨਾ-1359.

[81] *ਪੰਜਾਬ ਦਾ ਇਤਿਹਾਸ (1469-1708)*, ਪੰਨਾ-81

ਗੁਰੂ ਅੰਗਦ ਦੇਵ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਵੀ ਸਮਾਜਿਕ ਬੁਰਾਈਆਂ ਤੇ ਰਾਜਸੀ ਲੁੱਟ ਵਿਰੁੱਧ ਆਵਾਜ਼ ਉਠਾ ਕੇ ਸਿੱਖ ਲਹਿਰ ਨੂੰ ਜਾਰੀ ਰੱਖਿਆ। ਇਸ ਲਹਿਰ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਬਾਈ ਮੰਜੀਆਂ ਦੀ ਸਥਾਪਨਾ ਕਰਨਾ ਸੀ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਪੰਜਾਬ ਖੇਤਰ ਨੂੰ ਬਾਈ ਭਾਗਾਂ ਵਿਚ ਵੰਡ ਕੇ ਉਨ੍ਹਾਂ ਦੇ ਕਾਰਜ ਨਿਰਵਾਹ ਦੀ ਜ਼ਿੰਮੇਵਾਰੀ ਸਿੱਖਾਂ ਨੂੰ ਸੌਂਪ ਦਿੱਤੀ।[82] ਮੰਜੀ ਸਿਸਟਮ ਦੇ ਪ੍ਰਬੰਧ ਨੇ ਸਿੱਖ ਲਹਿਰ ਨੂੰ ਜਥੇਬੰਧਕ ਇਕਾਈ ਵਿਚ ਪਰੋ ਦਿੱਤਾ। ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪਰੰਪਰਾ ਨੂੰ ਵੀ ਅੱਗੇ ਤੋਰਿਆ ਜਿਸ ਵਿਚ ਕੋਈ ਭੇਦ-ਭਾਵ ਨਹੀਂ ਸੀ। 'ਮਹਿਮਾ ਪ੍ਰਕਾਸ਼' ਵਿਚ ਲੰਗਰ ਦੀ ਪ੍ਰਥਾ ਦਾ ਇਸ ਤਰ੍ਹਾਂ ਵਰਣਨ ਮਿਲਦਾ ਹੈ:

ਤਹਾ ਬਰਨ ਆਸ਼ਰਮ ਦੀ ਨਾਹ ਬਿਬਾਦ
ਗੁਰ ਭਾਈ ਹਸਨ ਕੀ ਪਾਤ।
ਇਕ ਅਸਨਿ ਬੈਠ ਖਾਇ ਸੁਖਸਾਤ
ਸਤਿਗੁਰ ਕੋ ਦਰਸਨ ਨਹੀਂ ਪਾਇ।[83]

'ਤਵਾਰੀਖ-ਏ-ਪੰਜਾਬ' ਦੇ ਲਿਖਾਰੀ ਕਨ੍ਹੱਈਆ ਲਾਲ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਹਨ ਕਿ ਲੰਗਰ ਵਿਚ ਚੁਹਾਂ ਵਰਣਾਂ ਦੇ ਲੋਕ ਇਕੋ ਥਾਂ ਪ੍ਰਸ਼ਾਦਾ ਛਕਦੇ ਸਨ।[84] ਇਸ ਕਾਰਨ ਹਿੰਦੂਆਂ ਨੇ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਨੇ ਚਾਰਾਂ ਜਾਤਾਂ ਦਾ ਭੇਦ-ਭਾਵ ਮਿਟਾ ਦਿੱਤਾ ਹੈ।[85] ਗੁਰੂ ਅਮਰਦਾਸ ਨੇ ਹੁਕਮ ਕੀਤਾ ਕਿ ਜਿਹੜਾ ਵਿਅਕਤੀ ਸਾਂਝੇ ਰੂਪ ਵਿਚ ਸੰਗਤ ਵਿਚ ਬਹਿ ਕੇ ਲੰਗਰ ਛਕੇਗਾ ਉਹੀ ਉਨ੍ਹਾਂ ਨੂੰ ਮਿਲ ਸਕਦਾ ਹੈ ਤੇ ਬਾਦਸ਼ਾਹ ਅਕਬਰ ਨੇ ਵੀ ਗੁਰੂ ਜੀ ਦੇ ਦਰਸ਼ਨਾਂ ਤੋਂ ਪਹਿਲਾਂ ਲੰਗਰ ਛਕਿਆ।[86] ਇਸ ਤਰ੍ਹਾਂ ਨਾਲ ਸਾਰਿਆਂ ਵਿਚ ਸਾਂਝੀਵਾਲਤਾ ਤੇ ਸਮਾਨਤਾ ਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋਈ ਜੋ ਕਿ ਸੁਤੰਤਰ ਸਮਾਜ ਨੂੰ ਸਿਰਜਣ ਵਿਚ ਸਹਾਈ ਹੋਈ।

ਮੁਗ਼ਲ ਰਾਜ ਸਮੇਂ ਹਿੰਦੂ ਤੀਰਥ ਅਸਥਾਨਾਂ 'ਤੇ ਯਾਤਰੂ ਕਰ(ਜਜ਼ੀਆ) ਲੱਗਾ ਹੋਇਆ ਸੀ। ਇਹ ਕਰ ਲੋਕਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਂਦਾ ਸੀ। ਜਦੋਂ ਗੁਰੂ ਅਮਰਦਾਸ ਜੀ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਸਮੇਂ ਤੀਰਥ ਯਾਤਰਾ 'ਤੇ ਗਏ ਤਾਂ ਮੁਗ਼ਲ ਹਕੂਮਤ ਵੱਲੋਂ ਲਗਾਇਆ ਤੀਰਥ ਯਾਤਰੀ ਕਰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਨੂੰ ਜ਼ਬਰ ਦੱਸਿਆ। ਮੁਗ਼ਲ ਹਾਕਮਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ

---

82 ਤੇਜਾ ਸਿੰਘ ਅਤੇ ਹੋਰ, *ਸਿੱਖ ਇਤਿਹਾਸ,* ਪੰਨਾ-23

83 ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼ (ਭਾਗ ਦੂਜਾ),* ਪੰਨਾ-102,

84 *ਤਾਰੀਖ-ਏ-ਪੰਜਾਬ,* ਜੀਤ ਸਿੰਘ ਸ਼ੀਤਲ(ਅਨੁ.), ਪੰਨਾ-42

85 ਮੈਕਸ ਆਰਥਰ ਮੈਕਾਲਿਫ਼, *ਸਿੱਖ ਇਤਿਹਾਸ,* ਅਜਾਇਬ ਸਿੰਘ (ਅਨੁ.), ਪੰਨਾ-267

86 ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼ (ਭਾਗ ਦੂਜਾ),* ਪੰਨਾ-241.

ਉਨ੍ਹਾਂ ਨੇ ਕਰ ਹਟਾ ਦਿੱਤਾ। ਗੁਰੂ ਅਮਰਦਾਸ ਜੀ ਨੇ ਜਜ਼ੀਆ ਦੇਣ ਤੋਂ ਇਨਕਾਰ ਕਰਕੇ ਮਨੁੱਖ ਦੀ ਸੁਤੰਤਰਤਾ ਅਤੇ ਸਵੈਮਾਣ ਨੂੰ ਕਾਇਮ ਰੱਖਣ ਲਈ ਮੁਗਲ ਸਰਕਾਰ ਅੱਗੇ ਗੋਡੇ ਨਹੀਂ ਟੇਕੇ। ਇਹ ਜ਼ਬਰ ਵਿਰੁੱਧ ਜਿੱਤ ਸੀ ਤੇ ਬਹੁਤ ਸਾਰੇ ਹਿੰਦੂ ਲੋਕ ਗੁਰੂ ਜੀ ਦੇ ਅਹਿਸਾਨਮੰਦ ਹੋਏ ਸਨ। ਇਸ ਸਮੇਂ ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਵੀ ਸਨ। ਇਸ ਘਟਨਾ ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਪਰਥਾਏ ਨਿਮਨ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ।
ਜਾਗਾਤੀ ਮਿਲੇ ਦੇ ਭੇਟ ਗੁਰ ਪਿਛਲੇ ਲੰਘਾਇ ਦੀਆ।
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ।
ਗੁਰ ਬਚਨਿ ਮਾਰਗਿ ਜੋ ਪੰਥ ਚਾਲੇ ਤਿਨ ਜਮੁ ਜਾਗਾਤੀ ਨੇੜਿ ਨਾ ਆਇਆ।[87]

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨੇ ਪਾਤਸ਼ਾਹੀ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਸੀ:

ਅੰਗਦ ਤੇ ਗੁਰ ਭਯੋ ਅਮਰਦਾਸ।ਕੀਯੋ ਪਤਸ਼ਾਹੀ ਦਾਵਾ ਜਾਸ।।[88]

ਕਿਸੇ ਵੀ ਸਮਾਜ ਦੀ ਉਸਾਰੀ ਅਤੇ ਸੁਤੰਤਰਤਾ ਨੂੰ ਮਾਪਣ ਲਈ ਇਹ ਦੇਖਣਾ ਪਵੇਗਾ ਕਿ ਉਸ ਸਮਾਜ ਵਿਚ ਇਸਤਰੀ ਦਾ ਕੀ ਸਥਾਨ ਹੈ। ਜਿਸ ਸਮਾਜ ਵਿਚ ਇਸਤਰੀ ਨੂੰ ਪਸ਼ੂ ਤੇ ਗਵਾਰ ਨਾਲ ਤੁਲਨਾ ਦੇ ਕੇ ਤਾੜਨਾ ਦੀ ਅਧਿਕਾਰੀ ਕਿਹਾ ਗਿਆ ਸੀ। ਉਸ ਸਮਾਜ ਨੂੰ ਸੁਤੰਤਰ ਸਮਾਜ ਨਹੀਂ ਕਿਹਾ ਜਾ ਸਕਦਾ ਸੀ। ਤੁਲਸੀ ਦਾਸ ਨੇ ਔਰਤ ਬਾਰੇ ਲਿਖਿਆ ਹੈ:

ਢੋਲ, ਗਵਾਰ, ਸੂਦ੍ਰ ਪਸੁ, ਨਾਰੀ।
ਸਕਲ ਤਾੜਨ ਕੇ ਅਧਿਕਾਰੀ।[89]

ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ, ਪੁਨਰ ਵਿਆਹ ਦੀ ਮਨਾਹੀ ਸੀ। ਲੜਕੀ ਨੂੰ ਮਰੇ ਹੋਏ ਪਤੀ ਦੀ ਚਿਤਾ ਵਿਚ ਜ਼ਿੰਦਾ ਸਾੜਨ ਅਤੇ ਔਰਤ ਨੂੰ ਪਰਦੇ ਵਿਚ ਰਹਿਣ ਦਾ ਹੁਕਮ ਸੀ। ਗੁਰੂ ਅਮਰਦਾਸ ਨੇ ਆਪਣੀ ਪਤਨੀ ਮਨਸਾ ਦੇਵੀ ਜੀ ਨਾਲ ਸਲਾਹ-ਮਸ਼ਵਰੇ ਕਰਕੇ ਇਨ੍ਹਾਂ ਸਮਾਜਿਕ ਬੁਰਾਈਆਂ ਦੀ ਵਿਰੋਧਤਾ ਕੀਤੀ ਅਤੇ ਔਰਤ ਦੀ ਸੁਤੰਤਰਤਾ ਲਈ ਯਤਨ ਅਰੰਭੇ:

ਸਤੀਆ ਏਹ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨ ਜੋ ਬਿਰਹੇ ਚੋਟਿ ਮਰੰਨਿ।।[90]

---

[87] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1116.

[88] ਭੰਗੂ, ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਡਾ.) (ਸੰਪਾ.), ਪੰਨਾ-60

[89] ਜੱਗੀ , ਰਤਨ ਸਿੰਘ (ਡਾ.), (ਅਧਿਐਨ, ਸੰਪਾਦਨ ਅਤੇ ਵਿਆਖਿਆ), *ਤੁਲਸੀ ਰਮਾਇਣ,* (ਸੁੰਦਰ ਕਾਂਡ),ਪੰਨਾ-734

ਗੁਰੂ ਅਮਰਦਾਸ ਜੀ ਨੇ ਇਹ ਵੀ ਕਿਹਾ ਕਿ ਕੋਈ ਵੀ ਔਰਤ ਉਨ੍ਹਾਂ ਦੇ ਦਰਬਾਰ ਵਿਚ ਪਰਦਾ ਕਰਕੇ ਨਾ ਆਵੇ। ਇਸ ਨਾਲ ਇਸਤਰੀ ਵਿਚ ਸਵੈਮਾਣ ਬਰਾਬਰਤਾ ਅਤੇ ਸੁਤੰਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸੁਤੰਤਰਤਾ ਪ੍ਰਾਪਤ ਕਰਕੇ ਔਰਤ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਮਰਦ ਦੇ ਮੋਢੇ ਨਾਲ ਮੋਢੇ ਜੋੜ ਕੇ ਯੁੱਧ ਦੇ ਮੈਦਾਨਾਂ ਵਿਚ ਵੀ ਸਾਥ ਦੇਣ ਲੱਗੀ। ਦਸਵੇਂ ਗੁਰੂ ਸਾਹਿਬ ਦੇ ਸਮੇਂ ਤੱਕ ਇਸਤਰੀਆਂ ਵੀ ਜੰਗ ਵਿਚ ਬਰਾਬਰ ਲੜਿਆ ਕਰਦੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤਪਾਨ ਕਰਨ ਦਾ ਹੁਕਮ ਅਤੇ ਹੱਕ ਵੀ ਦਿੱਤਾ।

ਗੁਰੂ ਰਾਮਦਾਸ ਜੀ ਆਪਣੇ ਸਮਕਾਲੀ ਰਾਜ ਅਤੇ ਰਾਜਿਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਸਨ। ਉਹ ਸਿੱਖਾਂ ਨੂੰ ਸੰਗਠਿਤ ਕਰਕੇ ਸੰਸਥਾਪਕ ਰੂਪ ਦੇਣ ਵਿਚ ਰੁਚਿਤ ਸਨ। ਉਨ੍ਹਾਂ ਨੇ 'ਮਸੰਦ ਪ੍ਰਥਾ' ਚਾਲੂ ਕੀਤੀ ਜਿਸ ਨਾਲ ਸਿੱਖ ਸਮਾਜ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤੀ ਨਾਲ ਜਥੇਬੰਦ ਹੋਇਆ। ਇਹਨਾਂ ਮਸੰਦਾਂ ਨੂੰ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਵੱਸਦੇ ਸਿੱਖਾਂ ਦੀ ਨੁਮਾਇੰਦਗੀ ਦੀ ਜ਼ਿੰਮੇਵਾਰੀ ਮਿਲੀ ਹੋਈ ਸੀ। "ਮਸੰਦ ਪ੍ਰਥਾ ਨੂੰ ਵੀ ਕਈ ਲੋਕਾਂ ਨੇ ਰਾਜ ਵਿਚ ਛੋਟੇ ਰਾਜ ਦਾ ਦਰਜ਼ਾ ਦਿੱਤਾ। ਗੁਰੂ ਸਾਹਿਬਾਨ ਨੂੰ ਦਸਵੰਧ ਦੀ ਅਦਾਇਗੀ ਮੁਗ਼ਲਾਂ ਦੀ ਆਮਦਨੀ ਦੀ ਅਦਾਇਗੀ ਨਾਲੋਂ ਵੀ ਵੱਧ ਬਕਾਇਦਗੀ ਨਾਲ ਹੁੰਦੀ ਸੀ।"[91] ਗੁਰੂ ਰਾਮਦਾਸ ਜੀ ਨੇ ਅਜਿਹੇ ਹਾਕਮਾਂ ਨੂੰ ਰਾਜੇ ਨਹੀਂ ਮੰਨਿਆ ਜਿਹੜੇ ਆਪਣੇ ਲੋਭ-ਲਾਲਚ ਦੀ ਪੂਰਤੀ ਲਈ ਆਪਸ ਵਿਚ ਹੀ ਲੜ-ਲੜ ਕੇ ਮਰ ਰਹੇ ਹਨ। ਅਜਿਹੇ ਹਾਕਮਾਂ ਦੀ ਕਿਸੇ ਪਾਸੇ ਵੀ ਕੋਈ ਸ਼ੋਭਾ ਨਹੀਂ ਹੁੰਦੀ। ਉਹ ਇਸ ਤਰ੍ਹਾਂ ਫਿਰਦੇ ਹਨ ਜਿਵੇਂ ਕਿ ਕੋਈ ਬੇਸ਼ਰਮ ਨੱਕ ਵੱਢਿਆ ਵਿਅਕਤੀ ਫਿਰ ਰਿਹਾ ਹੁੰਦਾ ਹੈ:

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ।।
ਨਾਨਕ ਵਿਣ ਨਾਵੈ ਨੰਕੀ ਵੰਢੀ ਫਿਰਹਿ ਸੋਭਾ ਮੂਲਿ ਨ ਪਾਹਿ।।[92]

ਗੁਰੂ ਰਾਮਦਾਸ ਜੀ ਨੇ ਸਭ ਤੋਂ ਮਹੱਤਵਪੂਰਨ ਕੰਮ ਅੰਮ੍ਰਿਤਸਰ ਨਗਰ ਦੀ ਸਥਾਪਨਾ ਦਾ ਕੀਤਾ ਅਤੇ ਇਸ ਨਗਰ ਨੂੰ ਰਾਮ ਰਾਜ ਤੇ ਹਲੇਮੀ ਰਾਜ ਦੇ ਤੌਰ 'ਤੇ ਸਥਾਪਿਤ ਕੀਤਾ:

ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ।।[93]

ਬਾਅਦ ਵਿਚ ਇਹ ਨਗਰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣ ਗਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਸਿਧਾਂਤ ਨਾਲ ਸਮਾਜਿਕ ਜੀਵਨ ਨੂੰ ਪੁਖਤਾ ਤੇ ਪੱਕੀਆਂ ਨੀਂਹਾਂ 'ਤੇ ਉਸਾਰਿਆ ਗਿਆ ਜੋ ਅੱਗੇ ਚੱਲ ਕੇ

---

[90] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-787

[91] ਨਾਰੰਗ, ਗੋਕਲ ਚੰਦ, *ਸਿੱਖ ਮੱਤ ਦਾ ਪਰਿਵਰਤਨ,* ਗੁਰਚਰਨ ਸਿੰਘ (ਅਨੁ.), ਪੰਨਾ-30

[92] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-590.

[93] ਉਹੀ, ਅੰਗ-417

ਸੁਤੰਤਰ ਸਿੱਖ ਰਾਜ ਦਾ ਸਰੂਪ ਧਾਰਨ ਕਰ ਗਿਆ। ਇਸ ਸੁਤੰਤਰ ਜੀਵਨ ਦੀ ਉਸਾਰੀ ਲਈ ਸੰਗਤ, ਪੰਗਤ, ਲੰਗਰ, ਦਸਵੰਧ, ਕਿਰਤ ਕਰਨੀ, ਨਾਮ ਜਪਣਾ ਅਤੇ ਗਰੀਬ ਮਜ਼ਲੂਮ ਦੀ ਰੱਖਿਆ ਲਈ ਆਵਾਜ਼ ਬੁਲੰਦ ਕਰਨ ਦੇ ਸੰਕਲਪ ਪੈਦਾ ਹੋਏ।

## ਸੁਤੰਤਰਤਾ ਲਈ ਸ਼ਹਾਦਤ ਦਾ ਸੰਕਲਪ

ਗੁਰੂ ਅਰਜਨ ਦੇਵ ਜੀ ਨੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਕੇ ਸਿੱਖ ਲਹਿਰ ਨੂੰ ਨਵਾਂ ਮੋੜ ਦਿੱਤਾ। ਸਿੱਖ ਲਹਿਰ ਦੇ ਪੈਰੋਕਾਰਾਂ ਲਈ ਅੰਮ੍ਰਿਤਸਰ ਵਿਖੇ ਕੇਂਦਰੀ ਧਾਰਮਿਕ ਸਥਾਨ ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਕੀਤੀ ਗਈ, "ਅੰਮ੍ਰਿਤਸਰ ਸਿੱਖ ਸਰਗਰਮੀਆਂ ਦਾ ਕੇਂਦਰ ਬਣ ਜਾਣ ਨਾਲ ਸਿੱਖਾਂ ਦੀ ਰਾਜਧਾਨੀ ਬਣ ਗਿਆ।"[94] ਗੁਰੂ ਅਰਜਨ ਦੇਵ ਜੀ ਵੱਲੋਂ ਪਹਿਲੇ ਗੁਰੂ ਸਾਹਿਬਾਨ, ਭਗਤਾਂ ਅਤੇ ਗੁਰੂ ਘਰ ਦੇ ਪ੍ਰੇਮੀਆਂ ਦੀ ਬਾਣੀ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਗਈ। ਇਸ ਨਾਲ ਪਹਿਲੀ ਵਾਰ ਸਿੱਖਾਂ ਨੂੰ ਆਪਣਾ ਗ੍ਰੰਥ ਮਿਲ ਗਿਆ। ਇਹ ਗ੍ਰੰਥ ਰੂੜ੍ਹੀਵਾਦ ਨੂੰ ਫਿਟਕਾਰ ਪਾਉਂਦਾ ਸੀ। ਗੀਤਾ ਅਤੇ ਰਮਾਇਣ ਗ੍ਰੰਥ ਉੱਪਰ ਬ੍ਰਾਹਮਣਾਂ ਦਾ ਕਬਜ਼ਾ ਸੀ। ਪੁਜਾਰੀ(ਬ੍ਰਾਹਮਣ) ਨਹੀਂ ਚਾਹੁੰਦੇ ਸਨ ਕਿ ਕੋਈ ਨੀਵੀਂ ਜਾਤ ਦਾ ਸ਼ੂਦਰ ਇਨ੍ਹਾਂ ਗ੍ਰੰਥਾਂ ਤੱਕ ਪਹੁੰਚ ਕਰੇ ਪਰ ਗੁਰੂ ਸਾਹਿਬ ਨੇ ਆਦਿ ਗ੍ਰੰਥ ਦੀ ਰਚਨਾ ਕਰਕੇ ਬ੍ਰਾਹਮਣ ਜਮਾਤ ਨੂੰ ਖੁੱਲ੍ਹਾ ਚੈਲਿੰਗ ਦਿੱਤਾ ਜੋ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਗ਼ੁਲਾਮ ਸਮਝਦੇ ਸਨ। ਇਸ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਦਰਜ਼ ਹੈ ਜੋ ਕਿ ਵੱਖ-ਵੱਖ ਫ਼ਿਰਕਿਆਂ, ਰਾਜਾਂ, ਜਾਤਾਂ ਤੇ ਧਰਮਾਂ ਨਾਲ ਸਬੰਧ ਰੱਖਦੇ ਸਨ। ਇਸ ਮਹਾਨ ਗ੍ਰੰਥ ਵਿਚ ਕਲਿਆਣਕਾਰੀ ਰਾਜ ਅਤੇ ਆਦਰਸ਼ਵਾਦੀ ਰਾਜੇ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚ ਭਾਰਤ ਦਾ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਭਾਵ ਸਰਬ-ਪੱਖੀ ਇਤਿਹਾਸ ਸਮੋਇਆ ਹੋਇਆ। ਇਹ ਗ੍ਰੰਥ ਸਰਬ ਸਾਂਝੀਵਾਲਤਾ, ਅਧਿਆਤਮਿਕ ਏਕਤਾ, ਧਰਮ ਨਿਰਪੱਖਤਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਇਕ ਧਰਮ, ਜਾਤ, ਵਰਗ-ਖੇਤਰ ਜਾਂ ਫਿਰਕੇ ਦੇ ਲੋਕਾਂ ਦੇ ਲਈ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਭਲਾਈ ਦਾ ਸੁਨੇਹਾ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਵਿਚ ਗੁਰਮਤਿ ਦਾ ਫ਼ਲਸਫ਼ਾ, ਗੁਰਸਿੱਖ ਜੀਵਨ ਜਾਚ, ਕਲਿਆਣਕਾਰੀ ਰਾਜ ਅਤੇ ਆਦਰਸ਼ਵਾਦੀ ਪਰਜਾ ਤੇ ਸੁਤੰਤਰ ਸਮਾਜ ਦੀ ਰੂਪ-ਰੇਖਾ ਤਿਆਰ ਕੀਤੀ ਹੈ। ਇਹ ਬਾਣੀ ਸੁਚੱਜੀ ਜੀਵਨ ਜੁਗਤ ਰਾਹੀਂ ਸਮਾਜ ਦੇ ਹਰ ਵਰਗ ਨੂੰ ਸੇਧ ਦਿੰਦੀ ਹੈ। ਗੁਰਬਾਣੀ ਦੇ ਅਨੁਸਾਰ ਚੱਲਣ ਵਾਲਾ ਮਨੁੱਖ ਆਦਰਸ਼ਵਾਦੀ ਗੁਰਮੁਖ ਹੈ ਤੇ ਗੁਰਮੁਖ ਨੇ ਖ਼ਾਲਸੇ ਦੇ ਰੂਪ ਵਿਚ ਧਰਮ ਦੀ

[94] ਨਾਰੰਗ, *ਸਿੱਖ ਮੱਤ ਦਾ ਪਰਿਵਰਤਨ,* ਪੰਨਾ-30-31

ਰੱਖਿਆ, ਸਰਵਪੱਖੀ ਕਲਿਆਣ ਤੇ ਸੁਤੰਤਰਤਾ ਲਈ ਸੰਘਰਸ਼ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਦੇ ਦਬਾਅ ਪਾਉਣ 'ਤੇ ਵੀ ਕੁਰਆਨ ਦੀਆਂ ਆਇਤਾਂ ਇਸ ਗ੍ਰੰਥ ਵਿਚ ਸ਼ਾਮਲ ਨਹੀਂ ਕੀਤੀਆਂ ਸਨ। ਪ੍ਰਿੰ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਦੀਆਂ ਲਿਖਤਾਂ ਕਿਸੇ ਵੀ ਸੰਪਰਦਾਇਕ ਰੰਗ ਤੋਂ ਸੁਤੰਤਰ ਹਨ।[95] "ਗੁਰੂ ਅਰਜਨ ਦੇਵ ਜੀ ਨੇ ਕੌਮ ਨੂੰ ਸੁਤੰਤਰ ਕਰਨ ਅਤੇ ਖਿਆਲਾਂ ਦੀ ਸਾਂਝ ਪੈਦਾ ਕਰਨ ਲਈ ਉਨ੍ਹਾਂ ਨੂੰ ਆਪਣੀ ਬੋਲੀ ਵਿਚ ਪਵਿੱਤਰ ਕਾਨੂੰਨ ਦੀ ਕਿਤਾਬ ਬਖ਼ਸ਼ੀ।"[96] ਇਸ ਤਰ੍ਹਾਂ ਇਹ ਗ੍ਰੰਥ ਮਨੁੱਖ ਜਾਤੀ ਦੀ ਅਗਵਾਈ ਕਰਨ ਵਾਲਾ ਸਰਬ ਸਾਂਝਾ ਗ੍ਰੰਥ ਬਣ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖ ਲਹਿਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸਿੱਖ ਨੂੰ ਗੁਰੂ ਦੇ ਕੇਂਦਰੀ ਖ਼ਜ਼ਾਨੇ ਲਈ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢਣ ਲਈ ਪ੍ਰੇਰਿਆ। ਇਸ ਨਾਲ ਨਿਯਮਤ ਰੂਪ ਵਿਚ ਹਰ ਸਾਲ ਵਿਸਾਖੀ ਅਤੇ ਦੀਵਾਲੀ 'ਤੇ ਚੜ੍ਹਾਵਾ ਇਕੱਠਾ ਹੋਣਾ ਸ਼ੁਰੂ ਹੋ ਗਿਆ। ਚੜ੍ਹਾਵੇ ਦੀ ਇਸ ਬਹੁਤਾਤ ਨਾਲ ਗੁਰੂ ਜੀ ਨੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿਚ ਪਾਇਆ ਅਤੇ ਸ਼ਸਤਰਾਂ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਮਾੜੇ ਕੰਮਾਂ ਵਿਚ ਪਏ ਲੋਕਾਂ ਨੂੰ ਠੀਕ ਰਸਤੇ 'ਤੇ ਚੱਲਣ ਦਾ ਧਾਰਨੀ ਬਣਾਇਆ। ਇਸ ਤਰ੍ਹਾਂ ਲੋਕ ਸ਼ਕਤੀ ਹੁਣ ਉਸਾਰੂ ਪਾਸੇ ਵੱਲ ਲੱਗ ਰਹੀ ਸੀ। ਜਹਾਂਗੀਰ ਦੇ ਸਮੇਂ ਮੁਗ਼ਲ ਹਕੂਮਤ ਬਾਈ ਪ੍ਰਾਂਤਾਂ ਵਿਚ ਵੰਡੀ ਹੋਈ ਸੀ ਅਤੇ ਗੁਰੂ ਸਾਹਿਬਾਨ ਵੱਲੋਂ ਵੀ ਸੱਚਾਈ ਦਾ ਸੁਨੇਹਾ ਦੇਣ ਲਈ ਬਾਈ ਕੇਂਦਰ ਸਥਾਪਿਤ ਕੀਤੇ ਗਏ ਸਨ। ਇਸਨੂੰ ਹਾਕਮਾਂ ਨੇ ਰਾਜ ਦੇ ਬਰਾਬਰ ਇਕ ਹੋਰ ਸਰਕਾਰ ਕਾਇਮ ਕਰਨ ਦੀ ਵਿਉਂਤ ਸਮਝਿਆ। ਕਨਿੰਘਮ ਦੇ ਕਥਨ ਅਨੁਸਾਰ "ਇਸ ਸਮੇਂ ਸਿੱਖ ਇੱਕ ਬਾਕਾਇਦਾ ਗੌਰਮਿੰਟ ਦੇ ਆਦੀ ਬਣ ਗਏ।"[97] ਇੰਦੂਭੂਸ਼ਣ ਬੈਨਰਜੀ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਸਰਕਾਰ ਦੇ ਵਿਚ ਸਿੱਖਾਂ ਦੀ ਆਪਣੀ ਸਰਕਾਰ ਨਾਲ ਜਾਣ-ਪਛਾਣ ਹੋਣ ਲੱਗ ਪਈ ਸੀ।[98] ਆਰਥਿਕ ਸੁਤੰਤਰਤਾ ਤੇ ਆਰਥਿਕ ਲੋੜਾਂ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਅਨੇਕਾਂ ਕਿਰਤੀ-ਵਪਾਰੀਆਂ ਨੂੰ ਅੰਮ੍ਰਿਤਸਰ ਵਿਚ ਵਪਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਨਾਲ ਸਿੱਖ ਬਲਵਾਨ ਹੋਏ। ਬਾਹਰਲੇ ਦੇਸ਼ਾਂ ਦੇ ਭਰਮਣ ਨਾਲ ਉਨ੍ਹਾਂ ਵਿਚ ਦਲੇਰੀ, ਦ੍ਰਿੜਤਾ, ਨਿਡਰਤਾ ਤੇ ਆਚਰਣ ਦੀ ਮਜ਼ਬੂਤੀ ਦੇ ਗੁਣ ਪੈਦਾ ਹੋਏ।

ਇਕ ਪਾਸੇ ਮੁਸਲਮਾਨ ਹਿੰਦੂਆਂ ਨੂੰ ਗ਼ੁਲਾਮ ਸਮਝਦੇ ਸਨ। ਦੂਸਰੇ ਪਾਸੇ ਹਿੰਦੂਆਂ ਵਿਚ ਜਾਤੀ ਭੇਦ ਭਾਵ ਸਿਖਰਾਂ 'ਤੇ ਸੀ। ਸ਼ੂਦਰਾਂ ਨੂੰ ਮੰਦਰਾਂ ਵਿਚ ਨਹੀਂ ਜਾਣ ਦਿੱਤਾ ਜਾਂਦਾ ਸੀ, ਖੂਹਾਂ 'ਤੇ ਪਾਣੀ ਤੱਕ ਵੀ ਭਰਨ

---

[95] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ (1469-1765)*, ਪੰਨਾ-30

[96] Gordon, J.H., *The Sikhs*, p.30

[97] *ਸਿੱਖ ਇਤਿਹਾਸ*, ਪੰਨਾ-55

[98] *ਖਾਲਸੇ ਦੀ ਉਤਪਤੀ (ਜਿਲਦ ਪਹਿਲੀ)*, ਪੰਨਾ-138

ਦੀ ਮਨਾਹੀ ਸੀ ਅਤੇ ਸ਼ੂਦਰਾਂ ਦਾ ਮੱਥੇ ਲੱਗਣਾ ਵੀ 'ਭਿੱਟ' ਸਮਝਿਆ ਜਾਂਦਾ ਸੀ। ਭਗਤ ਨਾਮਦੇਵ ਜੀ ਦੇ ਇਹ ਬੋਲ ਸ਼ੂਦਰਾਂ ਦੀ ਅਸਮਾਨਤਾ ਅਤੇ ਗ਼ੁਲਾਮੀ ਭਰੀ ਜ਼ਿੰਦਗੀ ਦੀ ਤਰਜਮਾਨੀ ਕਰਦੇ ਹਨ:

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ।।[99]

ਧਾਰਮਿਕ ਖੇਤਰ ਵਿਚ ਫ਼ੈਲੀ ਇਸ ਗ਼ੁਲਾਮੀ ਨੂੰ ਦੂਰ ਕਰਨ ਅਤੇ ਜਾਤੀਵਾਦੀ ਪਾੜੇ ਨੂੰ ਖ਼ਤਮ ਕਰਨ ਲਈ 1589 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਉਸਾਰੀ ਕਰਵਾ ਕੇ ਸਾਰੇ ਧਰਮਾਂ ਦੇ ਜਾਤਾਂ ਦੇ ਲੋਕਾਂ ਲਈ ਸਰਬ-ਸਾਂਝਾ ਧਾਰਮਿਕ ਸਥਾਨ ਬਣਾਇਆ। ਇਹ ਵੀ ਪੁਜਾਰੀ ਸਮਾਜ ਲਈ ਵੰਗਾਰ ਸੀ ਕਿਉਂਕਿ ਉਹ ਸ਼ੂਦਰਾਂ ਨੂੰ ਮੰਦਰਾਂ ਵਿਚ ਵੜਨ ਤੋਂ ਰੋਕਦੇ ਸਨ। ਇਸ ਅਸਥਾਨ 'ਤੇ ਹਰ ਧਰਮ ਤੇ ਜਾਤੀ ਦਾ ਬੰਦਾ ਸੁਤੰਤਰ ਰੂਪ ਵਿਚ ਪੂਰੇ ਮਾਣ ਨਾਲ ਆ ਸਕਦਾ ਸੀ। ਗੁਰੂ ਸਾਹਿਬ ਦਾ ਮਤ ਸੀ ਸਾਰਾ ਸੰਸਾਰ ਇੱਕ ਪਰਮਾਤਮਾ ਦੀ ਜੋਤ ਤੋਂ ਪੈਦਾ ਹੋਇਆ ਹੈ। ਉਹ ਉੱਚਾ ਤੇ ਨੀਵਾਂ ਨਹੀਂ ਹੋ ਸਕਦਾ ਹੈ। ਵਿਅਕਤੀ ਦੇ ਊਚ-ਨੀਚ ਹੋਣ ਦਾ ਫ਼ੈਸਲਾ ਉਸਦੇ ਕਰਮ ਕਰਦੇ ਹਨ, "ਹਰਿਮੰਦਰ ਸਾਹਿਬ, ਹਿੰਦੂ ਮੁਸਲਮਾਨ ਪੂਜਾ ਅਸਥਾਨਾਂ ਤੋਂ ਉਲਟ ਆਲੇ-ਦੁਆਲੇ ਤੋਂ ਨੀਵੇਂ ਧਰਾਤਲ 'ਤੇ ਉਸਾਰਿਆ ਗਿਆ। ਇਸ ਵਿਚ ਦਰਵਾਜ਼ੇ ਚਾਰੇ ਦਿਸ਼ਾਵਾਂ ਵੱਲ ਰੱਖੇ ਗਏ ਹਨ, ਜਿਸ ਤੋਂ ਮਾਨਵਤਾ, ਸਰਬ-ਸਾਂਝੀਵਾਲਤਾ ਅਤੇ ਸਭ ਜਾਤੀਆਂ ਲਈ ਖੁੱਲ੍ਹਾ ਹੋਣ ਦਾ ਸੰਕੇਤ ਮਿਲਦਾ ਹੈ।"[100] ਗੁਰੂ ਅਰਜਨ ਦੇਵ ਜੀ ਗ਼ਰੀਬਾਂ ਦੇ ਮੁੱਦਈ ਸਨ। ਗੁਰੂ ਜੀ ਨੇ ਲੋਕ ਹਿੱਤਾਂ ਦੀ ਚਿੰਤਾ ਕਰਦਿਆਂ ਅਕਬਰ ਨੂੰ ਗਰੀਬਾਂ ਦਾ ਲਗਾਨ ਮੁਆਫ਼ ਕਰ ਲਈ ਕਿਹਾ ਕਿਉਂਕਿ ਅਕਬਰ ਦੀ ਫ਼ੌਜ ਗ਼ਰੀਬਾਂ ਦੇ ਘਰਾਂ ਤੋਂ ਜਬਰੀ ਅਨਾਜ ਲੈ ਜਾਂਦੀ ਸੀ। ਲਗਾਨ ਵੱਧ ਹੋਣ ਕਾਰਨ ਗ਼ਰੀਬਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਗੁਰੂ ਜੀ ਦੇ ਕਹਿਣ 'ਤੇ ਅਕਬਰ ਨੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ।[101] ਗੁਰੂ ਅਰਜਨ ਦੇਵ ਜੀ ਨੇ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਕੀਤੀ ਅਤੇ ਲੋਕਾਂ ਨੂੰ ਸੁਤੰਤਰਤਾ ਅਤੇ ਆਪਣੇ ਅਧਿਕਾਰਾਂ ਲਈ ਜਾਗਰੂਕ ਕੀਤਾ। ਗੁਰੂ ਅਰਜਨ ਦੇਵ ਜੀ ਦੇ ਪ੍ਰਚਾਰ ਨੇ ਪੰਜਾਬ ਵਿੱਚ ਇਸਲਾਮ ਨੂੰ ਠੱਲ੍ਹ ਪਾ ਦਿੱਤੀ। ਪੰਜਾਬ ਦਾ ਜੱਟ ਸਮਾਜ ਜਿਸ ਉੱਪਰ ਮੁਸਲਮਾਨਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ, ਧੜਾ-ਧੜ ਸਿੱਖ ਧਰਮ ਵਿਚ ਪ੍ਰਵੇਸ਼ ਕਰ ਰਿਹਾ ਸੀ। ਇਸਲਾਮ ਦਾ ਫ਼ੈਲਾਅ ਬੰਦ ਹੋ ਗਿਆ ਅਤੇ ਗੁੱਸੇ ਵਿਚ ਆਏ ਕੱਟੜ ਇਸਲਾਮੀ ਮੌਲਾਣੇ ਜਹਾਂਗੀਰ ਪਾਸ ਪਹੁੰਚੇ। ਉਹ ਸਿੱਖ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਗੁਰੂ ਜੀ ਨੂੰ ਮਰਵਾਉਣ ਬਾਰੇ ਸੋਚਣ ਲੱਗਾ।

---

[99] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1292

[100] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ (1469-1765),* ਪੰਨਾ-28

[101] ਸੁਜਾਨ ਰਾਇ ਭੰਡਾਰੀ, *ਖ਼ਾਲਸਤੁਤ ਤਵਾਰੀਖ਼,* ਪੰਨਾ-436.

ਗੁਰੂ ਜੀ ਦੇ ਪ੍ਰਚਾਰ ਨਾਲ ਲੋਕਾਂ ਵਿਚ ਗ਼ੁਲਾਮੀ, ਸਾਮਰਾਜ ਦੇ ਜ਼ੁਲਮਾਂ ਤੇ ਅਨਿਆਂ ਵਿਰੁੱਧ ਟਾਕਰਾ ਕਰਨ ਦੀ ਭਾਵਨਾ ਤੇ ਦਲੇਰੀ ਪੈਦਾ ਹੋ ਰਹੀ ਸੀ। ਇਸ ਕਰਕੇ ਮੁਗ਼ਲ ਹਕੂਮਤ ਗੁਰੂ ਸਾਹਿਬ ਤੋਂ ਖ਼ਾਰ ਖਾਣ ਲੱਗ ਪਈ। ਸ਼ਹਿਜ਼ਾਦਾ ਖ਼ੁਸਰੋ ਨੇ ਆਪਣੇ ਪਿਤਾ ਜਹਾਂਗੀਰ ਖ਼ਿਲਾਫ ਬਗਾਵਤ ਕਰ ਦਿੱਤੀ ਸੀ। 'ਤੁਜ਼ਕੇ ਜਹਾਂਗੀਰੀ' ਵਿਚ ਜਹਾਂਗੀਰ ਲਿਖਦਾ ਹੈ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਗੁਰੂ ਸਾਹਿਬ ਵੱਲ ਆਕਰਸ਼ਿਤ ਹੋ ਰਹੇ ਸਨ ਅਤੇ ਕਈ ਵਾਰ ਉਸ ਨੇ ਚਾਰ ਪੁਸ਼ਤਾਂ ਤੋਂ ਚਲੀ ਆ ਰਹੀ ਇਸ ਗੁਰੂ-ਪਰੰਪਰਾ ਦਾ ਅੰਤ ਕਰਨ ਦਾ ਮਨ ਬਣਾਇਆ ਸੀ। ਜਦੋਂ ਗੁਰੂ ਅਰਜਨ ਦੇਵ ਨੇ ਬਾਗੀ ਖੁਸਰੋ ਦੇ ਮੱਥੇ 'ਤੇ ਟਿੱਕਾ ਲਗਾਇਆ ਤਾਂ ਉਸ ਨੇ ਗੁਰੂ ਸਾਹਿਬ ਦੀ ਜਾਇਦਾਦ ਜ਼ਬਤ ਕਰਨ ਅਤੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ।[102]

ਸਿੱਖੀ ਪ੍ਰਚਾਰ ਦੇ ਵਿਰੋਧੀ ਸ਼ੇਖ਼ ਅਹਿਮਦ ਸਰਹਿੰਦੀ ਨੇ ਨਕਸ਼ਬੰਦੀ ਸਿਲਸਿਲੇ ਰਾਹੀਂ ਹੁਕਮ ਲਾਗੂ ਕਰਵਾ ਦਿੱਤਾ ਅਤੇ ਆਪਣੇ ਆਪ ਨੂੰ 'ਖ਼ੁਦਾ ਦਾ ਕਯਾਮ' ਕਹਾਉਣ ਲੱਗਾ। ਉਸਨੇ ਗੁਰੂ ਅਰਜਨ ਦੇਵ ਜੀ ਨੂੰ 'ਕੁਲ੍ਹਾ-ਏ-ਸ਼ਰੀਕ ਤੇ ਇਮਾਮ-ਏ-ਕੁਫ਼ਰ' ਐਲਾਨ ਦਿੱਤਾ ਅਤੇ ਉਸ ਵੱਲੋਂ ਜਹਾਂਗੀਰ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਗਿਆ।[103] ਖੁਸਰੋ ਬਾਰੇ ਇਹ ਗੱਲ ਮੰਨੀ ਜਾਂਦੀ ਸੀ ਕਿ ਉਹ ਉਨ੍ਹਾਂ ਬੁਰਾਈਆਂ ਤੋਂ ਉਪਰ ਸੀ ਜਿਹੜੀਆਂ ਕਿ ਨਿਰੰਕੁਸ਼ ਬਾਦਸ਼ਾਹ ਵਿਚ ਹੁੰਦੀਆਂ ਹਨ। ਗੁਰੂ ਜੀ ਲਈ ਇਹ ਕੁਦਰਤੀ ਸੀ ਕਿ ਉਸ ਵਿਅਕਤੀ ਦੀ ਮਦਦ ਕਰਦੇ। ਇਸ ਸਮੇਂ ਸਿੱਖ ਲਹਿਰ ਇੱਕ ਅਜਿਹੇ ਰਾਜ ਦੀ ਸਥਾਪਤੀ ਲਈ ਜੂਝ ਰਹੀ ਸੀ ਜਿਸ ਵਿਚ ਸਭ ਨੂੰ ਸੁਤੰਤਰ ਰੂਪ ਵਿਚ ਰਹਿਣ ਦਾ ਅਵਸਰ ਮਿਲ ਸਕੇ। ਕੁਝ ਸਿੱਖ ਧਰਮ ਵਿਰੋਧੀ ਲੋਕ ਨਵੇਂ ਮਹਾਰਾਜਾ ਜਹਾਂਗੀਰ ਦੇ ਪੁੱਤਰ ਸਲੀਮ ਨਾਲ ਰਲ ਗਏ ਅਤੇ ਉਸ ਤੋਂ ਇਕਰਾਰ ਲੈ ਲਿਆ ਕਿ

---

[102] *In Gobindwal wich is on the river Byah (Beas) there was a Hindu named Arjun in that garments of sainthood and sanctity, so much so that he had captured many of the simple–hearted of the Hindu's and even of the ignorant and foolish followers of Islam, by his ways and manners, and they had loudly sounded the drum of his holiness. They called him Guru, and from all sides stupid people crowded worship and manifest complete faith in him. For three or four generation (of spiritual successors) they had kept this shop warm. Many times it occurred to me to put a stop to this vain affair or to bring him into the assembly of the people of Islam. At last when a Khusrau passed along this road this insignificant fellow proposed to wait upon him. Khusrau happened to halt the place where he was, and he came out and did homage to him. He behaved to khusrau in certain special ways, and made on his forhead a fingermark in saffron, which the Indian (Hind awn) call qashqa, and is considered propitious, when this came to may ears and I clearly understood his folly, I ordered them to produce him and handed over his houses, dwelling-places, and children to Murtaza khan, and having confiscated his property commanded that he should be put to death." Tuzuk-I-Jahangiri.* P, 72-73.

[103] Gupta, Hari Ram, *History of the Sikh Guru, s (1469-1708) Vol.I*, P.146.

ਅਕਬਰ ਦੀ ਧਾਰਮਿਕ ਨੀਤੀ ਪਲਟ ਦੇਵੇਗਾ ਅਤੇ ਇਸਲਾਮ ਦੇ ਮਨੋਰਥ ਨੂੰ ਦੂਜਿਆਂ ਧਰਮਾਂ ਦੀ ਥਾਂ ਅਗਾਂਹ ਵਧਾਏਗਾ।[104] ਦੂਜੇ ਧਰਮਾਂ ਨੂੰ ਜ਼ਲੀਲ ਕੀਤਾ ਗਿਆ।

ਗੁਰੂ ਸਾਹਿਬ ਸਿੱਖਾਂ ਨੂੰ ਇਕੱਤਰ ਕਰਕੇ ਜਥੇਬੰਦ ਕਰਨ ਵਿਚ ਲੱਗੇ ਹੋਏ ਸਨ। ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਇਸ ਸਮੇਂ ਇਕ ਸ਼ਾਂਤਮਈ ਅਤੇ ਦਖਲ ਤੋਂ ਮੁਕਤ ਰਾਜ ਦਾ ਜਨਮ ਹੋ ਗਿਆ ਸੀ ਅਤੇ ਗੁਰੂ ਦੇ ਸੱਚਾ ਪਾਤਸ਼ਾਹ ਦੇ ਤੌਰ 'ਤੇ ਵਿਸ਼ਵਾਸਮੁਖੀ ਹੋਣ ਨਾਲ ਸਿੱਖਾਂ ਨੂੰ ਮੁਗ਼ਲ ਸਾਮਰਾਜ ਅਧੀਨ ਰਹਿੰਦੇ ਹੋਏ ਸਵੈ-ਸ਼ਾਸਨ ਦੀ ਜਾਚ ਆ ਗਈ ਸੀ।[105] ਡਾ. ਸੁਖਦਿਆਲ ਸਿੰਘ ਅਨੁਸਾਰ, "ਗੁਰੂ ਜੀ ਨੇ ਅਮੀਰ ਖੁਸਰੋ ਨੂੰ ਸੁਤੰਤਰਤਾ ਪ੍ਰਾਪਤ ਕਰਨ ਕਰਕੇ ਮੁਬਾਰਕਬਾਦ ਦਿੱਤੀ ਅਤੇ ਉਸ ਦੇ ਮੱਥੇ 'ਤੇ ਤਿੰਨ ਨਿਸ਼ਾਨ ਲਗਾਏ। ਇਸ ਘਟਨਾ ਬਾਰੇ ਸੁਣ ਕੇ ਜਹਾਂਗੀਰ ਨੇ ਤੈਸ਼ ਵਿਚ ਆ ਕੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ।"[106] ਜਹਾਂਗੀਰ ਦੀ ਲਿਖਤ ਤੋਂ ਇਸ ਗੱਲ ਦਾ ਖ਼ੁਲਾਸਾ ਹੁੰਦਾ ਹੈ ਕਿ ਗੁਰੂ ਸਾਹਿਬ ਵੱਲੋਂ ਮਨੁੱਖੀ ਹੱਕਾਂ ਲਈ ਆਵਾਜ਼ ਉਠਾਉਣ ਕਰਕੇ ਉਸਨੇ ਗੁਰੂ ਸਾਹਿਬ ਨੂੰ ਮਾਰਨ ਦੀ ਸੋਚੀ ਸੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਜ਼ੁਰਮਾਨਾ ਭਰਨ, ਇਸਲਾਮ ਕਬੂਲ ਕਰਨ ਜਾਂ ਮੌਤ ਕਬੂਲ ਕਰਨ ਲਈ ਕਿਹਾ। ਜਹਾਂਗੀਰ ਸੁਤੰਤਰਤਾ ਦੀ ਲਹਿਰ ਨੂੰ ਕੁਚਲਨਾ ਚਾਹੁੰਦਾ ਸੀ। ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਕੇ ਸੁਤੰਤਰਤਾ ਦੀ ਬਹਾਲੀ ਕੀਤੀ ਅਤੇ ਕਹਿਣੀ ਤੇ ਕਰਨੀ ਦੇ ਸੁਮੇਲ ਨੂੰ ਸਹੀ ਕਰ ਦਿਖਾਇਆ ਸੀ। ਗੁਰੂ ਅਰਜਨ ਦੇਵ ਜੀ ਦੀ ਇਹ ਸ਼ਹਾਦਤ ਸਮਕਾਲੀ ਰਾਜ-ਪ੍ਰਬੰਧ ਦੇ ਵਿਰੁੱਧ ਸੀ। ਇਸ ਸ਼ਹਾਦਤ ਨੇ ਸਿਦਕ ਦੀ ਅਡੋਲਤਾ ਅਤੇ ਸਬਰ ਦਾ ਪ੍ਰਗਟਾਵਾ ਕੀਤਾ।

ਸ਼ਹਾਦਤ ਅਰਬੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਗਵਾਹੀ। ਕੌਮ ਜਾਂ ਮੁਲਕ ਖ਼ਾਤਰ ਜਾਨ ਕੁਰਬਾਨ ਕਰਨੀ। ਭਾਵ ਆਪਾ ਖ਼ਤਮ ਕਰਕੇ ਆਪਣੇ ਅਕੀਦੇ ਦੀ ਗਵਾਹੀ ਪੇਸ਼ ਕਰਨੀ।[107] ਭਾਈ ਕਾਨ੍ਹ ਸਿੰਘ ਨਾਭਾ ਵੀ ਸ਼ਹਾਦਤ ਦਾ ਅਰਥ 'ਸੱਚੀ ਗਵਾਹੀ ਅਤੇ ਧਰਮ ਯੁੱਧ ਵਿਚ ਮੌਤ'[108] ਦੱਸਦੇ ਹਨ। ਸ਼ਹੀਦ ਉਹ ਹੈ ਜਿਸਨੇ ਧਰਮ ਯੁੱਧ ਵਿਚ ਜੀਵਨ ਅਰਪਿਆ ਹੋਵੇ। ਮਨੁੱਖ ਨੂੰ ਉਹ ਸ਼ਹਾਦਤ ਸ਼ਹੀਦ ਬਣਾ ਸਕਦੀ ਹੈ ਜੋ ਸੱਚ, ਸੁਤੰਤਰਤਾ ਤੇ ਸੁਹਿਰਦ ਕਰਤੱਵਾਂ ਲਈ ਦਿੱਤੀ ਜਾਂਦੀ ਹੈ।[109] ਡਾ. ਰਤਨ ਸਿੰਘ ਜੱਗੀ ਅਨੁਸਾਰ ਕਿਸੇ ਧਰਮ

---

[104] Teja Singh, *Martyrdom of Guru Arian, vol. 2,* p.16

[105] ਨਾਰੰਗ, *ਸਿੱਖ ਮੱਤ ਦਾ ਪਰਿਵਰਤਨ,* ਪੰਨਾ-46,

[106] *ਪੰਜਾਬ ਦਾ ਇਤਿਹਾਸ ਗੁਰੂ ਕਾਲ (1469-1708),* ਪੰਨਾ-110

[107] ਅਮਰਵੰਤ ਸਿੰਘ(ਡਾ.)(ਸੰਕਲਨਕਰਤਾ), *ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਬਲੀ,* ਪੰਨਾ-103

[108] *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਪੰਨਾ-123

[109] ਗਿੱਲ, ਮਹਿੰਦਰ ਕੌਰ (ਡਾ.) (ਸੰਪਾ.), *ਸ਼ਹੀਦੀ ਪ੍ਰੰਪਰਾ ਤੇ ਸਿੱਖ ਇਤਿਹਾਸ,* ਪੰਨਾ-154

ਜਾਂ ਸਮਾਜ ਵਿਚੋਂ ਜਦੋਂ ਅੱਤਿਆਚਾਰ ਸਿਖਰ ਉੱਤੇ ਪਹੁੰਚ ਜਾਂਦਾ ਹੈ, ਉਦੋਂ ਸੱਤਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ-ਪੁਰਸ਼ ਆਪਣੀ ਸਰੀਰਕ ਆਹੂਤੀ ਦਿੰਦਾ ਹੈ ਇਸ ਸਾਰੀ ਪ੍ਰਕ੍ਰਿਆ ਨੂੰ 'ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ। ਭਾਰਤ ਵਿਚ ਸ਼ਹਾਦਤ ਦੀ ਬਿਰਤੀ ਦਾ ਅਭਾਵ ਸੀ। ਇਸ ਬਿਰਤੀ ਦਾ ਉਦਘਾਟਨ ਪੰਜਾਬ ਵਿਚ ਪੰਚਮ ਅਤੇ ਨਵਮ ਗੁਰੂ ਸਾਹਿਬ ਨੇ ਕਰਕੇ ਸਮਾਜ ਵਿਚ ਧਰਮ ਦੇ ਸਮੁੱਚੇ ਸਰੂਪ ਨੂੰ ਬਦਲਣ ਦਾ ਯਤਨ ਕੀਤਾ।[110] ਕਨਿੰਘਮ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖਦਾ ਹੈ ਕਿ ਗੁਰੂ ਨਾਨਕ ਦੇ ਉਪਦੇਸ਼ਾਂ ਨੇ ਜਨਤਾ ਨੂੰ ਹਲੂਣ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਵੇਲੇ ਗੁਰੂ ਨਾਨਕ ਦੇ ਅਸੂਲਾਂ ਨੇ ਸਿੱਖ ਸੇਵਕਾਂ ਦੇ ਮਨਾਂ ਵਿਚ ਪੱਕੀ ਥਾਂ ਬਣਾ ਲਈ ਸੀ। ਇਸ ਤਰ੍ਹਾਂ ਸਭ ਤੋਂ ਵੱਡਾ ਤੇ ਪਹਿਲਾ ਸ਼ਹਾਦਤ ਦਾ ਕਾਰਨ ਗੁਰੂ ਨਾਨਕ ਦੇਵ ਜੀ ਦੇ ਨਿੱਤ ਦਿੱਤੇ ਜਾਂਦੇ ਆਜ਼ਾਦੀ ਦੇ ਉਪਦੇਸ਼ ਸਨ।[111]

ਮੁਹੰਮਦ ਲਤੀਫ਼ ਅਨੁਸਾਰ, ਗੁਰੂ ਦੀ ਸ਼ਹੀਦੀ ਨੇ ਸਿੱਖਾਂ ਨੂੰ ਅਮਨ ਪਸੰਦ ਕੌਮ ਤੋਂ ਜੰਗਜੂ ਕੌਮ ਬਣਾ ਦਿੱਤਾ ਸੀ। ਇਸ ਸ਼ਹਾਦਤ ਨੇ ਸਿੱਖਾਂ ਦੇ ਮਨਾਂ 'ਤੇ ਡੂੰਘਾ ਅਸਰ ਪਾਇਆ ਤੇ ਸਿੱਖਾਂ ਦੇ ਧਾਰਮਿਕ ਜਜ਼ਬੇ ਭੜਕਾ ਦਿੱਤੇ।[112] ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਜਿਹੜਾ ਸਿੱਖ ਧਰਮ ਕੇਵਲ ਪੀਰੀ (ਧਰਮ) ਦੇ ਖੇਤਰ ਵਿਚ ਸੁਤੰਤਰਤਾ ਰੱਖਦਾ ਸੀ। ਉਹ ਹੁਣ ਮੀਰੀ ਰਾਹੀਂ ਵੀ ਸੁਤੰਤਰਤਾ ਨਾਲ ਵਿਚਰਨ ਦਾ ਐਲਾਨ ਕਰ ਰਿਹਾ ਸੀ। ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਵੀ ਸੁਤੰਤਰਤਾ ਲਈ ਹਥਿਆਰਬੰਦ ਸੰਘਰਸ਼ ਦਾ ਸੰਕਲਪ ਪੈਦਾ ਹੋ ਚੁੱਕਾ ਸੀ। ਧਰਮ ਬਚਾਉਣ ਲਈ ਸ਼ਸਤਰ ਉਠਾਉਣਾ ਜ਼ਰੂਰੀ ਹੋ ਚੁੱਕਾ ਸੀ। ਉਨ੍ਹਾਂ ਆਪਣੇ ਸਪੁੱਤਰ ਹਰਗੋਬਿੰਦ ਜੀ ਨੂੰ ਲਾਹੌਰ ਜਾਣ ਤੋਂ ਪਹਿਲਾਂ ਉਪਦੇਸ਼ ਦਿੱਤਾ ਸੀ ਕਿ ਬਦੀ ਦੀਆਂ ਤਾਕਤਾਂ ਮਨੁੱਖੀ ਹੱਕਾਂ ਦੀ ਜੜ੍ਹ ਵੱਢਣ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਦਾ ਘਰ ਮੁੱਢ ਤੋਂ ਹੀ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਰਾਖਾ ਹੈ। ਕਵੀ ਸੋਹਨ ਸਿੰਘ ਅਨੁਸਾਰ ਵੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਸ਼ਸਤਰ ਧਾਰਨ ਕਰਕੇ ਤੁਰਕਾਂ ਤੋਂ ਬਦਲਾ ਲੈਣ ਲਈ ਕਿਹਾ ਸੀ:

ਹਰ ਗੋਬਿੰਦ ਸੁਨ ਅਨਮਨ ਭਏ।
ਗੁਰ ਅਰਜਨ ਬਰ ਐਸੇ ਦਏ।
ਤੁਮ ਨੇ ਕਰਨੇ ਕਾਜ ਅਨੇਕਾ।
ਬਦਲਾ ਲੇਵਨਿ ਤੁਰਕਨਿ ਛੇਕਾ।[113]

---

110 *ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ),* ਪੰਨਾ-177

111 *ਸਿੱਖ ਇਤਿਹਾਸ,* ਪੰਨਾ-57

112 *ਪੰਜਾਬ ਦਾ ਇਤਿਹਾਸ,* ਪੰਨਾ-284

113 *ਸ੍ਰੀ ਗੁਰੂ ਬਿਲਾਸ ਪਾਤਸ਼ਾਹੀ-ਛੇਵੀਂ,* ਪੰਨਾ-147.-139

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਵਿਚ ਸੁਤੰਤਰਤਾ ਲਈ ਸ਼ਹਾਦਤ ਦਾ ਸੰਕਲਪ ਪੈਦਾ ਕੀਤਾ। ਇਸ ਸੰਕਲਪ ਨੇ ਕਹਿਣੀ ਤੇ ਕਰਨੀ ਦਾ ਸਬੂਤ ਪੇਸ਼ ਕੀਤਾ ਅਤੇ ਖ਼ਾਲਸੇ ਨੂੰ ਹਰ ਪੱਖ ਤੋਂ ਜ਼ੁਲਮ ਅੱਗੇ ਡਟਣ ਦਾ ਹੌਸਲਾ ਪ੍ਰਦਾਨ ਕੀਤਾ।

## ਮੀਰੀ-ਪੀਰੀ : ਅਧਿਆਤਮਿਕ ਤੇ ਰਾਜਸੀ ਸੁਤੰਤਰਤਾ ਲਹਿਰ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਹੀ ਸਿੱਖ ਧਰਮ ਨੇ ਪ੍ਰਤੱਖ ਰੂਪ ਵਿਚ ਸ਼ਸਤਰਧਾਰੀ ਹੋ ਕੇ ਸਮੇਂ ਦੀ ਹਕੂਮਤ ਦਾ ਟਾਕਰਾ ਕੀਤਾ। ਭਗਤੀ ਦੇ ਨਾਲ ਸ਼ਕਤੀ ਦੀ ਲੋੜ ਮਹਿਸੂਸ ਕੀਤੀ ਗਈ। ਗੁਰੂ ਸਾਹਿਬਾਨ ਨੇ ਜਿਥੇ ਮਨੁੱਖ ਨੂੰ ਸੁਤੰਤਰ ਕਰਨ ਲਈ ਮਾਨਸਿਕ ਵਿਕਾਰਾਂ ਚੋਂ ਕੱਢਣ ਲਈ ਅਧਿਆਤਮਿਕ ਤੌਰ 'ਤੇ ਯਤਨ ਕੀਤੇ ਉਥੇ ਜ਼ੁਲਮ ਨੂੰ ਨੱਥ ਪਾਉਣ ਲਈ ਸ਼ਕਤੀ ਦੀ ਵਰਤੋਂ ਕਰਕੇ ਰਾਜਸੀ ਸੁਤੰਤਰਤਾ ਦੀ ਲਹਿਰ ਵੀ ਆਰੰਭ ਕੀਤੀ। ਖੇਤੀ ਦੀ ਰੱਖਿਆ ਲਈ ਵਾੜ ਦੀ ਅਤੇ ਘਰ ਦੀ ਸੰਭਾਲ ਲਈ ਜਿੰਦਰੇ ਦੀ ਲੋੜ ਹੁੰਦੀ ਹੈ ਇਸ ਤਰ੍ਹਾਂ ਹੀ ਮਨੁੱਖਤਾ ਤੇ ਧਰਮ ਦੀ ਰੱਖਿਆ ਲਈ ਸ਼ਕਤੀ ਦੀ ਵੀ ਲੋੜ ਪੈਂਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

> ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸਪਾਸ ਜਿਉ ਬਾਗੈ।
> ਸਪ ਲਪੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।[114]

ਇਸ ਕਾਰਜ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਹਥਿਆਰਬੰਦ ਹੋ ਕੇ ਸਿੱਖ ਲਹਿਰ ਦੀ ਅਗਵਾਈ ਕੀਤੀ। ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ ਗਈ ਜੋ ਦਿੱਲੀ ਦੇ ਬਾਦਸ਼ਾਹ ਦੇ ਤਖ਼ਤ ਤੋਂ ਇਕ ਫੁੱਟ ਉੱਚਾ ਸਥਾਪਿਤ ਕੀਤਾ ਗਿਆ। ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ ਇਸਨੂੰ ਦੂਜੇ ਅਰਥਾਂ ਵਿਚ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਲੋਕ ਸ਼ਕਤੀ ਦਾ ਪ੍ਰਤੀਕ ਅਤੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਦਾ ਪ੍ਰਤੀਕ ਸਮਝਿਆ ਗਿਆ ਸੀ। ਇਸ ਸੰਸਥਾ ਨੇ ਸਿੱਖ ਜਗਤ ਨੂੰ ਸੰਸਾਰਕ ਮਾਮਲਿਆਂ ਵਿਚ ਵੀ ਸੁਤੰਤਰ ਕਰ ਲਿਆ ਸੀ। ਇਹ ਸਿੱਖਾਂ ਦੀ ਸਰਵ-ਉੱਚ ਅਦਾਲਤ ਸੀ।[115] ਅਕਾਲ ਬੁੰਗੇ ਦੀ ਸਥਾਪਨਾ ਨਾਲ ਸਿੱਖ-ਧਰਮ ਵਿਚ ਰਾਜਨੀਤਿਕ ਚੇਤਨਾ ਦਾ ਵਿਕਾਸ ਆਰੰਭ ਹੋਇਆ ਅਤੇ ਇਹ ਸਥਾਨ ਸਿੱਖ ਜਥੇਬੰਦੀ ਦਾ ਕੇਂਦਰ ਬਣ ਗਿਆ। ਰਾਜਸੀ ਤਾਕਤ ਨੂੰ ਧਾਰਨ ਕਰਨ ਦਾ ਖੁੱਲ੍ਹੇ ਰੂਪ ਵਿਚ ਐਲਾਨ ਕਰ ਦਿੱਤਾ ਗਿਆ ਸੀ, ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਨੂੰ ਧਾਰਨ ਕਰਨ ਦਾ ਭਾਵ ਇਹ ਸੀ ਕਿ ਇਕ ਤਲਵਾਰ ਧਾਰਮਿਕ ਚਿੰਨ੍ਹ ਦੀ ਅਤੇ ਇਕ ਤਲਵਾਰ ਰਾਜਸੀ ਚਿੰਨ੍ਹ ਦੀ।

---

[114] *ਵਾਰਾਂ ਭਾਈ ਗੁਰਦਾਸ ਜੀ*, ਵਾਰ 25ਵੀਂ, ਪਉੜੀ 25ਵੀਂ, ਪੰਨਾ-289

[115] *ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਰਾਜਸੀ ਚਿੱਤਰਣ ਅਤੇ ਵਿਚਾਰਧਾਰਾ*, ਪੰਨਾ-83

ਗੁਰੂ ਸਾਹਿਬ ਨੇ ਲੋਕਾਂ ਨੂੰ ਰਾਜਸੀ ਨਿਬੇੜੇ ਅਕਾਲ ਤਖ਼ਤ 'ਤੇ ਕਰਨ ਲਈ ਕਿਹਾ। ਲੋਕ ਆਪਣੇ ਮਸਲੇ ਬਾਦਸ਼ਾਹ ਜਾਂ ਕਾਜ਼ੀ ਦੀ ਥਾਂ ਅਕਾਲ ਤਖ਼ਤ 'ਤੇ ਲੈ ਕੇ ਆਉਣ ਲੱਗੇ। ਇਉਂ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸਿੱਖਾਂ ਦੀ ਸਰਬਉੱਚ ਅਦਾਲਤ ਬਣ ਗਈ। ਜਿਸ ਨੇ ਸਿੱਖ ਜਗਤ ਨੂੰ ਸਮੇਂ ਦੀ ਹਕੂਮਤ ਕੋਲੋਂ ਹੋਰ ਸੁਤੰਤਰਤਾ ਹਾਸਲ ਕਰਨ ਦਾ ਮੌਕਾ ਪ੍ਰਦਾਨ ਕੀਤਾ ਸੀ। ਇਸ ਸਥਾਪਤੀ ਨਾਲ ਮੁਗ਼ਲ ਸਰਕਾਰ ਦਾ ਬਾਈਕਾਟ ਅਤੇ ਸਿੱਖ ਲਹਿਰ ਦੀ ਆਪਣੀ ਹਕੂਮਤ ਦੀ ਸ਼ੁਰੂਆਤ ਸੀ। ਅਕਾਲ ਤਖ਼ਤ ਸਭ ਮਸਲਿਆਂ ਦੇ ਨਿਬੇੜਨ ਵਾਲਾ ਕੇਂਦਰ ਬਣ ਗਿਆ ਸੀ। ਗੁਰੂ ਸਿੱਖਾਂ ਲਈ ਸੱਚਾ ਪਾਤਸ਼ਾਹ ਸੀ ਜਿੱਥੇ ਸੰਗਤਾਂ ਵੱਲੋਂ ਚੜ੍ਹਾਵਾ ਆਮਦਨ ਦਾ ਸਰੋਤ ਸੀ। ਇਸ ਸਮੇਂ ਗੁਰੂ ਜੀ ਦੀਆਂ ਸ਼ਾਹਜਹਾਂ ਨਾਲ ਹੋਈਆਂ ਕਈ ਹਥਿਆਰਬੰਦ ਮੁੱਠਭੇੜਾਂ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਸਿੱਖ ਲਹਿਰ ਨੇ ਸਥਾਪਤ ਸੱਤਾ ਨੂੰ ਵੰਗਾਰ ਕੇ ਆਪਣੀ ਸੁਤੰਤਰਤਾ ਸਥਾਪਤ ਕਰ ਲਈ ਸੀ। 1612 ਈ. ਤੱਕ ਲੋਹਗੜ੍ਹ ਕਿਲ੍ਹਾ ਪੂਰਾ ਬਣ ਜਾਣ ਕਰਕੇ ਅਤੇ ਗੁਰੂ ਜੀ ਦੀ ਵਧਦੀ ਫ਼ੌਜੀ ਸ਼ਕਤੀ ਕਾਰਨ ਮੁਰਤਜ਼ਾ ਖ਼ਾਨ ਨੇ ਜਹਾਂਗੀਰ ਨੂੰ ਭਿਆਨਕ ਖ਼ਤਰੇ ਦੀਆਂ ਇਤਲਾਹਾਂ ਭੇਜੀਆਂ। ਜਹਾਂਗੀਰ ਨੇ 1612 ਈ. ਦੇ ਪਿਛਲੇ ਅੱਧ ਵਿਚ ਗੁਰੂ ਜੀ ਨੂੰ ਆਗਰਾ ਆਉਣ ਦਾ ਹੁਕਮ ਭੇਜਿਆ। ਜਹਾਂਗੀਰ ਦੀ ਧਾਰਮਿਕ ਨੀਤੀ ਵਿਚ ਤਿੱਖਾ ਫੇਰ ਆ ਚੁੱਕਿਆ ਸੀ। ਉਹ ਗੁਰੂ ਜੀ ਦੀ ਰਾਜਨੀਤਿਕ ਤੌਰ 'ਤੇ ਵਿਰੋਧਤਾ ਕਰਨ ਲੱਗ ਪਿਆ। ਇਕ ਵਾਰ ਗੁਰੂ ਸਾਹਿਬ ਦਾ ਬਾਜ਼ ਮੁਗ਼ਲ ਹਕੂਮਤ ਦੇ ਬਾਜ਼ 'ਤੇ ਝਪਟ ਪਿਆ ਅਤੇ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਸਿੱਖਾਂ ਨੇ ਬਾਜ਼ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਮੁਖ਼ਲਸ ਖਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਸੀਂ ਪਾਤਸ਼ਾਹ ਕਿਉਂ ਅਖਵਾਉਂਦੇ ਹੋ ਅਤੇ ਬਾਜ਼ ਕਿਉਂ ਵਾਪਸ ਨਹੀਂ ਕਰਦੇ। ਗੁਰੂ ਜੀ ਨੇ ਜਵਾਬ ਦਿੱਤਾ:

ਕ੍ਰਿਪਾ ਸਿੰਧ ਤਬ ਐਸ ਉਚਾਰਾ।ਸੁਨੋ ਖਾਨ ਤੁਮ ਬਚਨ ਹਮਾਰਾ।
ਪਾਤਿਸਾਹ ਹਮਰਾ ਬਲਵੰਤ।ਅਕਾਲ ਪੁਰਖ ਜਹਿ ਆਦਿ ਨਾ ਅੰਤ।
ਤਾਜ ਬਾਜ ਤੁਮਰੇ ਸਭ ਲੈਨੇ।ਨਿਜ ਸਿਖਨ ਕੋ ਹਮ ਸਭ ਦੇਨੇ।
ਦੇਸ ਰਾਜ ਮੈਂ ਤਿਨ ਕਾ ਲੈ ਹੋਂ।ਗਰੀਬ ਅਨਾਥਨਿ ਕੋ ਸਭ ਦੈ ਹੋ।[116]

ਇਥੇ ਗੱਲ ਬਾਜ਼ ਦੀ ਨਹੀਂ ਸਗੋਂ ਸੁਤੰਤਰਤਾ ਦੇ ਉਦੇਸ਼ਾਂ ਦੀ ਸੀ। ਉਹ ਮੁਗ਼ਲ ਸਲਤਨਤ ਖਿਲਾਫ਼ ਲੜ ਰਹੇ ਸਨ ਤਾਂ ਕਿ ਗਰੀਬਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾ ਸਕੇ ਅਤੇ ਇਕ ਅਜਿਹਾ ਸੁਤੰਤਰ ਰਾਜ ਸਥਾਪਿਤ ਹੋਵੇ ਜਿਸ ਵਿਚ ਸਭ ਨੂੰ ਬਰਾਬਰ ਦਾ ਅਧਿਕਾਰ ਮਿਲੇ। ਗੁਰੂ ਸਾਹਿਬ ਦੀ ਕਮਾਨ ਹੇਠ ਲੜਨ ਵਾਲੀ ਸੈਨਾ ਵਿਚ ਉਹ ਗ਼ਰੀਬ ਲੋਕ ਸਨ ਜਿਨ੍ਹਾਂ ਨੇ ਕਦੇ ਹਥਿਆਰ ਚੁੱਕ ਕੇ ਨਹੀਂ ਦੇਖੇ ਸਨ। ਗੁਰੂ ਹਰਗੋਬਿੰਦ

[116] ਕਵੀ ਸੋਹਨ ਸਿੰਘ, *ਗੁਰ ਬਿਲਾਸ ਪਾਤਸ਼ਾਹੀ-6,* ਪੰਨਾ-293.

ਸਾਹਿਬ ਨੇ ਐਲਾਨ ਕੀਤਾ ਸੀ ਕਿ ਉਹ ਮੁਗ਼ਲਾਂ ਤੋਂ ਰਾਜਸੀ ਸੱਤਾ ਖੋਹ ਕੇ ਦੱਬਿਆਂ-ਕੁਚਲਿਆਂ ਤੇ ਬੇਸਹਾਰਿਆਂ ਨੂੰ ਦੇਣਗੇ। ਮੈਕਾਲਿਫ਼ ਲਿਖਦੇ ਹਨ ਕਿ ਇੱਕ ਵਾਰ ਮੁਗ਼ਲਾਂ ਨੇ ਗੁਰੂ ਸਾਹਿਬ ਨੂੰ ਵੰਗਾਰਿਆਂ ਤਾਂ ਉਨ੍ਹਾਂ ਲੜਾਈ ਲਈ ਫ਼ੌਜ ਨੂੰ ਸੰਬੋਧਨ ਕੀਤਾ, "ਸਿੱਖ ਭਰਾਵੋ। ਇਹ ਲੜਾਈ ਦੌਲਤ ਇਕੱਠੀ ਕਰਨ ਜਾਂ ਭੂਮੀ ਲਈ ਨਹੀਂ ਸਗੋਂ ਇਹ ਤਾਂ ਸਾਡਾ ਧਾਰਮਿਕ ਯੁੱਧ ਹੈ। ਇਸ ਕਰਕੇ ਮੁਕਾਬਲਾ ਕਰਕੇ ਦੁਸ਼ਮਣ ਦਾ ਨਾਸ਼ ਕਰ ਦਿਉ।"[117] ਗੁਰੂ ਹਰਗੋਬਿੰਦ ਸਾਹਿਬ ਦੀ ਇਸ ਸੁਤੰਤਰਤਾ ਲਹਿਰ ਦੀ ਨਵੀਂ ਨੀਤੀ ਨਾਲ ਸਿੱਖਾਂ ਵਿਚ ਜੁਝਾਰੂ ਪ੍ਰਵਿਰਤੀ ਪੈਦਾ ਹੋਈ ਅਤੇ ਯੁੱਧ ਸਿੱਖੀ ਪਰੰਪਰਾ ਦਾ ਹਿੱਸਾ ਬਣ ਗਿਆ:

ਜੋ ਚੜਿ ਆਵੈ ਤਿਸ ਨਾਲ ਜੁਧ ਕਰਨਾ।
ਲੜਨਾ ਮਰਨਾ ਜਰਾ ਨਾ ਡਰਨਾ।।[118]

ਸਿੱਖ ਲਹਿਰ ਵੱਲੋਂ ਰਾਜ-ਭਾਗ ਦੀ ਸਾਂਭ-ਸੰਭਾਲ ਲਈ ਯੋਗ ਵਿਅਕਤੀ ਤਿਆਰ ਹੋ ਚੁੱਕਿਆ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਦਰਸਾ ਦਿੱਤਾ ਸੀ, "ਬਾਤਿਨ ਫ਼ਕੀਰੀ, ਜ਼ਾਹਰਾ ਮੀਰੀ, ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ।"[119] ਭਾਵ ਹਥਿਆਰ ਚੁੱਕਣਾ ਲਾਚਾਰਾਂ ਦੀ ਸੁਰੱਖਿਆ ਅਤੇ ਜ਼ਾਲਮਾਂ ਦੀ ਤਬਾਹੀ ਲਈ ਜ਼ਰੂਰੀ ਹੈ। ਜੇ. ਐਚ. ਗੌਰਡਨ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੋਇਆ ਕਹਿੰਦਾ ਹੈ, "ਗੁਰੂ ਹਰਿਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਸਿੱਖਾਂ ਵਿਚ ਧਰਮ ਲਈ ਡਟਣ ਦਾ ਜਜ਼ਬਾ ਪੈਦਾ ਕੀਤਾ ਅਤੇ ਰਾਜਨੀਤਿਕ ਵਿਚਾਰਾਂ ਨੂੰ ਜਨਮ ਦਿੱਤਾ।"[120] ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਘਰ ਦੀ ਪੁਰਾਣੀ ਪਰੰਪਰਾ ਵਿਚ ਨਵਾਂ ਵਾਧਾ ਕੀਤਾ ਅਤੇ ਸ਼ਸਤਰਾਂ ਨੂੰ ਸਿੱਖੀ ਰਹੁ-ਰੀਤਾਂ ਵਿਚ ਸ਼ਾਮਲ ਕੀਤਾ। ਕੇਸਰ ਸਿੰਘ ਛਿੱਬਰ ਲਿਖਦੇ ਹਨ :

ਸਾਹਿਬ ਪਕੜੀ ਤੇਗ ਰਖਨ ਲਗੇ ਚਾਕਰ।
ਖੇਡਨ ਸ਼ਿਕਾਰ ਸਿੱਖਾਂ ਨੂੰ ਨਾਲ ਲੈ ਜਾਕਰ।[121]

ਗੁਰੂ ਹਰਗੋਬਿੰਦ ਜੀ ਵੱਲੋਂ ਪਿਤਾ ਦੀ ਸ਼ਹੀਦੀ ਦਾ ਜਿਸ ਤਰ੍ਹਾਂ ਬਦਲਾ ਲਿਆ ਗਿਆ ਉਸਨੂੰ ਕਵੀ ਸੋਹਣ ਇਸ ਤਰ੍ਹਾਂ ਬਿਆਨ ਕਰਦੇ ਹਨ:

ਜੋ ਬਦਲਾ ਪਿਤ ਬੇਲੀ ਭਇਓ।ਤੋ ਹਮ ਸੇਲੀ ਸੀਸ ਧਰਿਓ।
ਸ਼ਸਤ੍ਰ ਧਾਰ ਜੇ ਬਦਲਾ ਪਾਵੈ।ਸ਼ਸਤ੍ਰ ਹਮਿ ਕੋ ਹੀ ਬਨਿ ਆਵੈ।

---

[117] *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ, (ਜਿਲਦ ਚੌਥੀ)*, ਪੰਨਾ-68

[118] ਛਿੱਬਰ, ਕੇਸਰ ਸਿੰਘ, '*ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ (ਡਾ.) (ਸੰਪਾ.), ਪੰਨਾ-69.

[119] ਸੰਗਤ ਸਿੰਘ, *ਇਤਿਹਾਸ 'ਚ ਸਿੱਖ, ਪੰਨਾ-55*

[120] Gorden, *The Sikhs*, p.35

[121] *ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ*, ਪੰਨਾ-69.

ਰਣਿ ਬੰਸੀ ਹਮ ਛਤ੍ਰੀ ਜਾਤ।ਹਮ ਕੋ ਸਦ ਹੀ ਜੁਧ ਸੁਗਾਤ।[122]

ਗੁਰੂ ਜੀ ਵੱਲੋਂ ਕੁਰਬਾਨੀ ਦੀ ਭਾਵਨਾ ਵਾਲੇ ਯੋਧੇ ਤਿਆਰ ਕੀਤੇ ਗਏ। ਇਸ ਤਰ੍ਹਾਂ ਦੀ ਸੁਤੰਤਰਤਾ ਜਹਾਂਗੀਰ ਨੇ ਸਹਿਣ ਨਾ ਕੀਤੀ। ਉਸਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਕੈਦ ਕਰ ਲਿਆ। ਇਸ ਨਾਲ ਮੁਗ਼ਲ ਹਕੂਮਤ ਵਿਰੁੱਧ ਲੋਕ ਰੋਹ ਉਤਪੰਨ ਹੋ ਗਿਆ ਅਤੇ ਗੁਰੂ ਜੀ ਦੀ ਰਿਹਾਈ ਦੀ ਮੰਗ ਉੱਠੀ। ਅਕਤੂਬਰ 1619 ਨੂੰ ਗੁਰੂ ਜੀ ਨੇ ਆਪਣੇ ਸਮੇਤ 52 ਪਹਾੜੀ ਰਾਜਿਆਂ ਦੀ ਰਿਹਾਈ ਦੀ ਮੰਗ ਵੀ ਕੀਤੀ। ਜਹਾਂਗੀਰ ਰਾਜ਼ੀ ਹੋ ਗਿਆ। ਇਸ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' ਵਜੋਂ ਯਾਦ ਕੀਤਾ ਜਾਂਦਾ ਹੈ। ਜਿਸਦਾ ਦਾ ਭਾਵ ਹੈ ਦੂਜਿਆਂ ਦੇ ਬੰਧਨ ਕੱਟਣ ਵਾਲਾ। ਬੰਧਨ ਗ਼ੁਲਾਮੀ ਦਾ ਪ੍ਰਤੀਕ ਹੈ ਤੇ ਬੰਧਨ ਕੱਟਣ ਵਾਲਾ ਵਿਅਕਤੀ ਮਨੁੱਖੀ ਸੁਤੰਤਰਤਾ ਦਾ ਪੈਰੋਕਾਰ ਹੈ। ਗੁਰੂ ਸਾਹਿਬ ਦਾ ਮਨੋਰਥ ਸਮਾਜ ਵਿਚ ਸੁਤੰਤਰ ਹੋਂਦ ਬਣਾ ਕੇ ਰੱਖਣ ਦਾ ਸੀ। ਇਸ ਦੀ ਪੂਰਤੀ ਲਈ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਵੀ ਕੀਤੀ ਅਤੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਵੀ ਭੁਗਤੀ। ਇਹ ਸੁਤੰਤਰ ਹੋਂਦ ਮੁਗ਼ਲ ਹਕੂਮਤ ਦੇ ਪ੍ਰਬੰਧ ਹੇਠ ਸਿੱਖ ਸਮਾਜ ਦੀ ਅੰਦਰੂਨੀ ਖ਼ੁਦਮੁਖ਼ਤਿਆਰੀ(ਸੁਤੰਤਰਤਾ) ਦੀ ਭਾਵਨਾ ਵੀ ਸੀ।

ਗੁਰੂ ਹਰਿ ਰਾਇ ਜੀ ਨੇ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਨੂੰ ਦ੍ਰਿੜਤਾ ਨਾਲ ਅਗਾਂਹ ਤੋਰਿਆ। ਉਨ੍ਹਾਂ ਦੀ ਅਗਵਾਈ ਹੇਠ ਮਾਲਵੇ ਵਿਚ ਧਰਮ ਪ੍ਰਚਾਰ ਦਾ ਕੰਮ ਪੂਰੇ ਜ਼ੋਰ ਨਾਲ ਚੱਲਦਾ ਸੀ। ਦਾਰਾ ਸ਼ਿਕੋਹ ਧਰਮੀ ਪੁਰਸ਼ ਸੀ ਉਸਨੇ ਧਾਰਮਿਕ ਏਕਤਾ ਦਾ ਸੁਨੇਹਾ ਦਿੱਤਾ ਸੀ ਅਤੇ ਔਰੰਗਜ਼ੇਬ ਦੀ ਸੈਨਾ ਤੋਂ ਬਚਾਅ ਲਈ ਗੁਰੂ ਜੀ ਤੋਂ ਮਦਦ ਮੰਗੀ। ਗੁਰੂ ਜੀ ਨੇ ਬਿਨ੍ਹਾਂ ਝਿਜਕ ਉਸਦੀ ਮਦਦ ਕੀਤੀ ਤੇ ਉਹ ਗੋਇੰਦਵਾਲ ਦਰਿਆ ਕੰਢੇ ਆਪਣੀ ਸੈਨਾ ਨੂੰ ਤੋਂ ਬਚਾਉਣ ਵਿਚ ਕਾਮਯਾਬ ਵੀ ਹੋ ਗਿਆ ਸੀ।[123]

ਗੁਰੂ ਜੀ ਦੀ ਖੁੱਲ੍ਹਦਿਲੀ ਤੇ ਦਲੇਰੀ ਦਾ ਸਬੂਤ ਇੱਕ ਹੋਰ ਘਟਨਾ ਵੀ ਹੈ। ਜਦੋਂ ਔਰੰਗਜ਼ੇਬ ਨੇ ਬਾਣੀ ਦੀ ਪਰਖ ਕਰਵਾਉਣ ਲਈ ਰਾਮ ਰਾਇ ਨੂੰ ਬੁਲਾਇਆ। ਰਾਮ ਰਾਇ ਨੇ ਮੌਤ ਦੇ ਡਰੋਂ 'ਆਸਾ ਕੀ ਵਾਰ' ਵਿਚਲਾ ਸ਼ਬਦ, 'ਮਿੱਟੀ ਮੁਸਲਮਾਨ ਕੀ, ਦੀ ਥਾਂ 'ਮਿੱਟੀ ਬੇਈਮਾਨ ਕੀ' ਪੜ੍ਹ ਦਿੱਤਾ। ਇਹ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ. 466 'ਤੇ ਦਰਜ਼ ਹੈ। ਇਹ ਤੁਰਕਾਂ ਦੀ ਖ਼ੁਸ਼ਾਮਦ ਸੀ ਅਤੇ ਗੁਰੂ ਜੀ ਨੇ ਰਾਮ ਰਾਇ ਨੂੰ ਆਪਣੇ ਮੱਥੇ ਨਾ ਲੱਗਣ ਲਈ ਕਿਹਾ। 'ਸੂਰਜ ਪ੍ਰਕਾਸ਼' ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ:

ਕਰਨਿ ਤੁਰਕੜੇ ਕੇਰ ਖ਼ੁਸ਼ਾਮਦ।
ਜਾਨਿ ਦਰਬ ਕੀ ਤਿਸ ਤੇ ਆਮਦ।

---

[122] *ਗੁਰ ਬਿਲਾਸ ਪਾਤਸ਼ਾਹੀ-ਛੇਵੀਂ,* (ਅਧਿਆਇ-4), ਪੰਨਾ-1417

[123] ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ),* ਪੰਨਾ-632-33.

ਅਰਥ ਬਿਪਰਜੈ ਕੀਨਿ ਸੁਨਾਵਨਿ।
ਹਮਕੋ ਭਈ ਨ ਇਹ ਮਨ ਭਾਵਨ।[124]

ਗੁਰੂ ਜੀ ਨਹੀਂ ਚਾਹੁੰਦੇ ਸਨ ਕਿ ਕਿਸੇ ਦੇ ਡਰ ਕਾਰਨ ਅਧੀਨਗੀ ਕਬੂਲੀ ਜਾਵੇ ਤੇ ਬਾਣੀ ਨੂੰ ਗ਼ਲਤ ਪੜ੍ਹਿਆ ਜਾਵੇ। ਗੁਰੂ ਹਰਿਰਾਇ ਜੀ ਦਾ ਸਮਾਂ ਭਾਵੇਂ ਸ਼ਾਂਤਮਈ ਸੀ ਪਰ ਉਹ ਸਿਪਾਹੀ ਵੀ ਸਨ। ਉਨ੍ਹਾਂ ਨੇ 2200 ਘੋੜ ਸਵਾਰ ਸੈਨਿਕ ਆਪਣੇ ਪਾਸ ਰੱਖੇ ਹੋਏ ਸਨ ਤਾਂ ਜੋ ਲੋੜ ਪੈਣ 'ਤੇ ਇਕਦਮ ਵਰਤਿਆ ਜਾ ਸਕੇ।[125] ਇਹ ਫ਼ੌਜ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਤੋਂ ਭਰਤੀ ਸੀ।

ਗੁਰੂ ਹਰਿਗੋਬਿੰਦ ਜੀ ਨੇ ਸਿੱਖ ਲਹਿਰ ਦੇ ਪ੍ਰਚਾਰ ਲਈ ਮਾਲਵੇ ਵਿਚ ਪ੍ਰਚਾਰ ਦੌਰੇ ਕੀਤੇ। ਇਸ ਸਮੇਂ ਕਈ ਵੱਡੇ-ਵੱਡੇ ਖ਼ਾਨਦਾਨਾਂ ਦੇ ਵਡੇਰਿਆਂ ਜਿਵੇਂ ਕਿ ਚੌਧਰੀ ਕਾਲੇ, ਭਾਈ ਭਗਤੂ ਅਤੇ ਭਾਈ ਬਾਗੜੀਆਂ ਘਰਾਣੇ ਦੇ ਭਾਈ ਧਰਮ ਸਿੰਘ ਨੇ ਸਿੱਖੀ ਵਿਚ ਪ੍ਰਵੇਸ਼ ਕੀਤਾ ਅਤੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਦੀ ਸੰਤਾਨ ਨੇ ਪੰਜਾਬ ਵਿਚੋਂ ਬਦੇਸ਼ੀ ਰਾਜ ਨੂੰ ਖ਼ਤਮ ਕਰਕੇ ਪੰਜਾਬੀਆਂ ਦੇ ਸੁਤੰਤਰ ਰਾਜ ਨੂੰ ਕਾਇਮ ਕਰਨ ਵਿਚ ਚੋਖਾ ਹਿੱਸਾ ਪਾਇਆ।[126]

ਗੁਰੂ ਹਰਿਕ੍ਰਿਸ਼ਨ ਜੀ ਦਾ ਸਮਾਂ ਵੀ ਸ਼ਾਂਤੀ ਵਾਲਾ ਸੀ। ਅੱਠ ਸਾਲ ਦੀ ਛੋਟੀ ਉਮਰ ਵਿਚ ਵੀ ਗੁਰੂ ਸਾਹਿਬ ਨੇ ਕਿਸੇ ਦੀ ਅਧੀਨਤਾ ਨੂੰ ਸਵੀਕਾਰ ਨਹੀਂ ਕੀਤਾ। ਗੁਰੂ ਸਾਹਿਬ ਦੇ ਬਾਰੇ ਇਕ ਘਟਨਾ ਕਾਫ਼ੀ ਅਹਿਮੀਅਤ ਰੱਖਦੀ ਹੈ ਕਿ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੱਦੀ ਮਿਲੀ ਤਾਂ ਰਾਮਰਾਇ ਨੇ ਬਾਦਸ਼ਾਹ ਔਰੰਗਜ਼ੇਬ 'ਤੇ ਦਬਾਅ ਪਾ ਕੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਲਈ ਕਿਹਾ। ਔਰੰਗਜ਼ੇਬ ਦੁਆਰਾ ਰਾਜਾ ਜੈ ਸਿੰਘ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਪਹੁੰਚਾਉਣ ਦੀ ਜ਼ਿੰਮੇਵਾਰੀ ਲਗਾਈ ਗਈ। ਜਦੋਂ ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਔਰੰਗਜ਼ੇਬ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ "ਅਸੀਂ ਔਰੰਗੇ ਨੂੰ ਦੇਖਣਾ ਦਿਖਾਉਣਾ ਨਹੀਂ ਬਾਕੀ ਜੋ ਕੁਛ ਉਸ ਨੇ ਭੇਜਿਆ ਹੈ ਏਸ ਦਾ ਲੰਗਰ ਲਾ ਛੱਡੋ। ਜੋ ਆਵੇ ਛਕ ਜਾਵੇ"।[127] ਇਸ ਤਰ੍ਹਾਂ ਗੁਰੂ ਹਰਕ੍ਰਿਸ਼ਨ ਜੀ ਨੇ ਛੋਟੀ ਉਮਰ ਵਿਚ ਵੀ ਤਾਕਤਵਰ ਬਾਦਸ਼ਾਹ ਦੀ ਪ੍ਰਵਾਹ ਨਹੀਂ ਕੀਤੀ। ਪ੍ਰੋ. ਜੋਗਿੰਦਰ ਸਿੰਘ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਜੀ ਨੇ, ਗੁਰੂ ਅਰਜਨ ਦੇਵ ਜੀ ਦੀ 'ਧਰਮ ਮੰਦਰ' ਤੇ 'ਧਰਮ ਗ੍ਰੰਥ' ਦੇ ਸਤਿਕਾਰ ਦੀ ਸੁਰੱਖਿਆ ਤੇ ਸੁਤੰਤਰਤਾ ਨਮਿੱਤ

---

[124] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, (ਜਿਲਦ-10),* ਪੰਨਾ-384

[125] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ (1469-1765),* ਪੰਨਾ-47

[126] ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ),* ਪੰਨਾ-62

[127] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ-10)ਪੰਨੇ-634-* 636.

ਦਿੱਤੀ ਸ਼ਹਾਦਤ ਤੋਂ ਉਪਜੇ ਮਾਰੂ ਤੇ ਮਾੜੇ ਪ੍ਰਤੀਕਰਮ ਤੋਂ ਸਿੱਖ ਧਰਮ ਤੇ ਸਿੱਖ ਪੰਥ ਨੂੰ ਭਰਪੂਰ ਸਾਹਸ ਨਾਲ ਬਚਾਈ ਰੱਖਿਆ।[128]

## ਧਾਰਮਿਕ ਸੁਤੰਤਰਤਾ ਲਈ ਸ਼ਹਾਦਤ

ਗੁਰੂ ਤੇਗ਼ ਬਹਾਦਰ ਜੀ ਧਾਰਮਿਕ ਸੁਤੰਤਰਤਾ ਦੇ ਪੈਰੋਕਾਰ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹਕੂਮਤ ਦੇ ਜ਼ੁਲਮਾਂ ਖਿਲਾਫ਼ ਸੁਚੇਤ ਕੀਤਾ ਸੀ ਕਿ ਉਹ ਮੁਗ਼ਲ ਹਕੂਮਤ ਦੇ ਕਰਮਚਾਰੀਆਂ ਨੂੰ ਮੂੰਹ ਨਾ ਲਾਉਣ। ਗਿਆਨੀ ਲਾਲ ਸਿੰਘ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਦੌਰੇ ਕਰਕੇ ਇਹ ਪ੍ਰਚਾਰ ਕੀਤਾ ਕਿ ਕਿਸੇ ਵੀ ਮਨੁੱਖ ਨੂੰ ਹਕੂਮਤ ਦੀਆਂ ਸਖ਼ਤੀਆਂ ਤੋਂ ਡਰ ਕੇ ਜਾਂ ਲਾਲਚ ਅਤੇ ਦਬਾਅ ਹੇਠ ਆ ਕੇ ਆਪਣਾ ਧਰਮ ਨਹੀਂ ਬਦਲਣਾ ਚਾਹੀਦਾ ਸਗੋਂ ਜਬਰ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਜੇ ਲੋੜ ਪਵੇ ਤਾਂ ਧਰਮ ਦੀ ਖ਼ਾਤਰ ਜਾਨ ਵਾਰਨ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ।[129] ਇਨ੍ਹਾਂ ਹੁਕਮਾਂ ਦੀ ਪਾਲਣਾ ਹਿੱਤ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਆਪਣੀਆਂ ਜਾਨਾਂ ਨਿਛਾਵਰ ਕਰਨ ਲਈ ਤਿਆਰ ਹੋਏ।

ਔਰੰਗਜ਼ੇਬ ਵੱਲੋਂ ਗੁਰੂ ਤੇਗ਼ ਬਹਾਦਰ ਜੀ ਵੱਲ ਸੁਨੇਹਾ (ਫ਼ਰਮਾਨ) ਭੇਜਿਆ ਗਿਆ। ਜਿਸ ਵਿਚ ਬਾਦਸ਼ਾਹ ਨੇ ਕਿਹਾ ਸੀ 'ਪੂਰਬਲੇ ਗਰੀਬ ਨਾਨਕ ਪੰਥੀ ਫ਼ਕੀਰਾਂ ਵਾਂਗ ਜੇ ਤੂੰ ਵੀ ਇਕ ਕੋਨੇ ਵਿਚ ਜੀਵਨ ਸ਼ਾਂਤੀ ਨਾਲ ਬਿਤਾਏ ਤਾਂ ਤੈਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਬਲਕਿ ਸ਼ਾਹੀ ਖ਼ਜ਼ਾਨੇ ਵਿਚੋਂ ਤੈਨੂੰ ਫ਼ਕੀਰਾਂ ਵਾਂਗ ਰਹਿਣ ਵਾਸਤੇ ਗੁਜ਼ਰਾਨਾ ਦਿੱਤਾ ਜਾਵੇਗਾ। ਪਰ ਘੋੜੇ ਤੇ ਫੌਜਾਂ, ਸਾਜ਼ੋ-ਸਮਾਨ ਤੇ ਅਮਲਾ ਫੈਲਾ ਜੋ ਤੂੰ ਆਪਣੇ ਮੰਦਰਾਂ ਵਿਚ ਇਕੱਠਾ ਕੀਤਾ ਹੋਇਆ ਹੈ ਇਸ ਨੂੰ ਛੱਡਣਾ ਪਏਗਾ। ਗੁਰੂ ਜੀ ਨੇ ਇਸ ਸੁਨੇਹੇ ਦਾ ਜਵਾਬ ਦਿੰਦੇ ਹੋਏ ਆਪਣੇ ਪੈਰੋਕਾਰਾਂ ਦੇ ਇਕੱਠ ਨੂੰ ਸੰਬੋਧਨ ਕੀਤਾ ਕਿ ਅਸੀਂ ਫ਼ਕੀਰ ਹਾਂ ਜੋ ਸਾਨੂੰ ਰੱਬ ਨੇ ਦਿੱਤਾ ਹੈ, ਉਸ ਨੂੰ ਅਸੀਂ ਕਿਉਂ ਛੱਡੀਏ?[130] ਗੁਰੂ ਸਾਹਿਬ ਗ਼ੁਲਾਮੀ ਦੇ ਤਾਣੇ-ਬਾਣੇ ਨੂੰ ਖ਼ਤਮ ਕਰਨ ਦਾ ਸੰਕਲਪ ਕਰ ਚੁੱਕੇ ਸਨ। ਇਸ ਲਈ ਉਨ੍ਹਾਂ ਹਿੰਦੂ ਜਗਤ ਨੂੰ ਸਿੱਖ ਧਰਮ ਦੇ ਝੰਡੇ ਹੇਠ ਲਿਆਉਣ ਲਈ ਦੇਸ਼ ਵਿਆਪੀ ਦੌਰੇ ਕੀਤੇ।

ਪ੍ਰੋ. ਜੋਗਿੰਦਰ ਲਿਖਦੇ ਹਨ, "ਰਾਜਨੀਤਿਕ ਪ੍ਰਾਧੀਨਤਾ (ਗ਼ੁਲਾਮੀ) ਦਾ ਵੀ ਗੁਰੂ ਤੇਗ਼ ਬਹਾਦਰ ਜੀ ਨੇ ਬੜੀ ਦੀਰਘਤਾ ਨਾਲ ਅਨੁਭਵ ਕੀਤਾ ਤੇ ਫਿਰ ਪ੍ਰਾਧੀਨਤਾ ਦੇ ਕਾਰਨਾਂ ਤੋਂ ਵੀ ਭਾਰਤੀਆਂ ਨੂੰ ਬੜੀ ਦਲੇਰੀ ਤੇ ਬਹਾਦਰੀ ਨਾਲ ਅਹਿਸਾਸ ਵੀ ਕਰਵਾਇਆ। ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਾਧੀਨਤਾ ਪ੍ਰਤੀ ਸਪੱਸ਼ਟ ਰਾਏ ਸੀ

---

128 *ਸਿੱਖ ਧਰਮ ਤੇ ਸਿੱਖ ਪੰਥ*, ਪੰਨਾ-9

129 ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)*, ਪੰਨਾ-63

130 ਸੁਖਦਿਆਲ ਸਿੰਘ(ਡਾ), *ਖ਼ਾਲਸਾ ਰਾਜ ਦਾ ਸੰਕਲਪ,* ਪੰਨਾ-21.

ਕਿ ਭਾਰਤੀ ਬੰਧਨਾਂ ਵਿਚ ਪੈ ਜਾਣ ਕਾਰਣ ਬਲਹੀਣ ਹੋ ਗਏ ਹਨ ਤੇ ਬਲਹੀਣ ਹੋ ਜਾਣ ਕਾਰਨ ਨਾ ਮਾਨਸਿਕ ਆਜ਼ਾਦੀ ਰਹੀ ਹੈ, ਨਾ ਧਾਰਮਿਕ ਦ੍ਰਿੜਤਾ, ਨਾ ਸਮਾਜਿਕ ਨਿਡਰਤਾ ਤੇ ਨਾ ਹੀ ਰਾਜਨੀਤਿਕ ਪ੍ਰਬੁਧਤਾ (ਜਾਗ੍ਰਿਤੀ), ਭਾਰਤੀ ਹਰ ਪਾਸਿਉਂ ਪ੍ਰਾਧੀਨਤਾ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ।"[131] ਔਰੰਗਜ਼ੇਬ ਦੁਆਰਾ ਹਿੰਦੂਆਂ ਦੀ ਧਾਰਮਿਕ ਸੁਤੰਤਰਤਾ ਖੋਹੇ ਜਾਣ ਬਾਰੇ ਮੁਹੰਮਦ ਲਤੀਫ਼ ਲਿਖਦੇ ਹਨ,

> "ਔਰੰਗਜ਼ੇਬ ਨੇ ਹਿੰਦੂ ਮਤ ਦੇ ਪ੍ਰਚਾਰ ਦੀ ਮਨਾਹੀ ਕਰ ਦਿੱਤੀ। ਹਰ ਕਿਸਮ ਦੀ ਮੂਰਤੀ ਪੂਜਾ ਬੰਦ ਕਰਵਾ ਦਿੱਤੀ। ਹਿੰਦੂ ਤਿਉਹਾਰ ਤੇ ਮੇਲੇ ਬੰਦ ਕਰਵਾ ਦਿੱਤੇ। ਜੋਗੀਆਂ ਅਤੇ ਹਿੰਦੂਆਂ ਨੂੰ ਜਲਾਵਤਨ ਕੀਤਾ ਗਿਆ, ਹਿੰਦੂਆਂ 'ਤੇ ਮੁਸਲਮਾਨਾਂ ਨਾਲੋਂ ਦੁੱਗਣੇ ਟੈਕਸ ਲਗਾ ਦਿੱਤਾ ਗਏ। ਉਸਨੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਸੀ ਕਿ ਖੁਦਾ ਦੇ ਰਸੂਲ ਵਿਚ ਨਿਸ਼ਚਾ ਰੱਖਣ ਵਾਲਾ ਇਕੋ ਹੀ ਧਰਮ ਹੀ ਹਿੰਦੁਸਤਾਨ ਵਿਚ ਰਹੇਗਾ। ਉਸਨੇ ਹਿੰਦੂ ਦੇਵੀ ਦੇਵਤਿਆਂ ਦੇ 300 ਮੰਦਰ ਵੀ ਢੁਹਾ ਦਿੱਤੇ ਸਨ। ਹਿੰਦੂਆਂ ਦੀ ਸਰਕਾਰੀ ਨੌਕਰੀ ਵਿਚ ਭਰਤੀ ਬੰਦ ਕਰ ਦਿੱਤੀ, ਉਸਦੀ ਕੋਸ਼ਿਸ਼ ਸੀ ਕਿ ਉਹ ਧਰਮ ਤਬਦੀਲ ਕਰਨ। ਔਰੰਗਜ਼ੇਬ ਦੇ ਰਾਜ ਵਿਚ ਹਿੰਦੂ ਲਈ ਦੋ ਹੀ ਰਸਤੇ ਸਨ, ਮੌਤ ਜਾਂ ਇਸਲਾਮ ਕਬੂਲ ਕਰਨਾ।"[132]

ਔਰੰਗਜ਼ੇਬ ਨੇ ਹਿੰਦੂਆਂ ਦੀ ਧਾਰਮਿਕ ਆਜ਼ਾਦੀ ਖੋਹ ਲਈ ਸੀ। ਮਈ 1675 ਵਿਚ ਭਾਰਤ ਦੇ ਵੱਖ-ਵੱਖ ਹਿੱਸਿਆਂ ਦੇ ਬ੍ਰਾਹਮਣ ਹਿੰਦੂ ਧਰਮ ਦੀ ਰਾਖੀ ਲਈ ਕਿਰਪਾ ਰਾਮ ਦੀ ਅਗਵਾਈ ਵਿਚ ਗੁਰੂ ਜੀ ਕੋਲ ਆਏ।[133] ਗੁਰੂ ਜੀ ਨੇ ਬਚਨ ਕੀਤਾ ਕਿ ਮੁਗ਼ਲ ਹਾਕਮਾਂ ਨੂੰ ਆਪਣੀਆਂ ਵਧੀਕੀਆਂ 'ਤੇ ਸ਼ਰਮਸਾਰ ਕਰਨ ਲਈ ਅਤੇ ਸਮਾਜ ਨੂੰ ਗੂੜ੍ਹੀ ਨੀਂਦ ਤੋਂ ਉਠਾਉਣ ਵਾਸਤੇ ਇਕ ਕੁਰਬਾਨੀ ਦੀ ਲੋੜ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਪੰਡਿਤਾਂ ਨੂੰ ਕਿਹਾ ਕਿ ਔਰੰਗਜ਼ੇਬ ਤੱਕ ਸੁਨੇਹਾ ਪਹੁੰਚਾ ਦਿਓ ਕਿ ਜੇ ਉਹ ਤੇਗ਼ ਬਹਾਦਰ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਗੇ ਤਾਂ ਅਸੀਂ ਸਾਰੇ ਧਰਮ ਤਬਦੀਲ ਕਰ ਲਵਾਂਗੇ। ਗੁਰੂ ਜੀ ਨੇ ਕਿਹਾ ਕਿ ਨਾ ਹੀ ਕਿਸੇ ਨੂੰ ਭੈਅ ਦਿਓ ਅਤੇ ਨਾ ਕਿਸੇ ਦਾ ਭੈਅ ਮੰਨੋ:

> ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।[134]

ਸੁਤੰਤਰਤਾ ਦੀ ਹਮਾਇਤ ਕਰਨ ਵਾਲਾ ਵਿਅਕਤੀ ਕਦੇ ਵੀ ਆਪਣੇ ਸਾਹਮਣੇ ਜ਼ੁਲਮ ਹੁੰਦਾ ਨਹੀਂ ਦੇਖ ਸਕਦਾ ਭਾਵੇਂ ਜ਼ੁਲਮ ਉਸ ਦਾ ਵਿਰੋਧ ਕਰਨ ਵਾਲੇ ਲੋਕਾਂ 'ਤੇ ਹੀ ਕਿਉਂ ਨਾ ਹੁੰਦਾ ਹੋਵੇ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਮੁਗ਼ਲ ਸਰਕਾਰ ਦੇ ਤਾਨਾਸ਼ਾਹ ਹੁਕਮ ਦੀ ਵਿਰੋਧਤਾ ਕੀਤੀ। ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਮਨ ਵਿਚ ਮੌਤ ਦਾ ਖ਼ੌਫ਼ ਪੈਦਾ ਕਰਨ ਲਈ ਉਨ੍ਹਾਂ ਦੇ ਨਾਲ ਗਏ ਸਿੱਖ ਭਾਈ ਮਤੀ ਦਾਸ ਨੂੰ ਲੱਕੜਾਂ ਵਿਚਕਾਰ ਬੰਨ੍ਹ ਕੇ ਆਰੇ ਨਾਲ ਦੋਫ਼ਾੜ ਕੀਤਾ ਗਿਆ, ਭਾਈ ਦਿਆਲ ਦਾਸ ਨੂੰ

---

131 ਤਾਰਨ ਸਿੰਘ (ਸੰਪਾ.), *ਗੁਰੂ ਤੇਗ਼ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ,* ਪੰਨਾ-190
132 ਲਤੀਫ਼, *ਪੰਜਾਬ ਦਾ ਇਤਿਹਾਸ,* ਪੰਨਾ-328,329
133 Bazmai, P.N.K, *A History of Kashmir,* p. 371
134 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1427.

ਗਰਮ ਪਾਣੀ ਦੀ ਦੇਗ ਵਿਚ ਉਬਾਲਿਆ, ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਜਿਉਂਦਿਆਂ ਅੱਗ ਲਾਈ ਗਈ। ਤਿੰਨਾਂ ਸਿੱਖਾਂ ਨੇ ਇਸਲਾਮ ਕਬੂਲ ਕਰਨ ਦੀ ਥਾਂ ਮੌਤ ਨੂੰ ਤਰਜੀਹ ਦਿੱਤੀ। ਉਨ੍ਹਾਂ ਦਾ ਸਿਰੜ ਸੁਤੰਤਰਤਾ ਅਤੇ ਧਰਮ ਵਿਚ ਅਡੋਲ ਵਿਸ਼ਵਾਸ ਕਰਕੇ ਸੀ। ਤਿੰਨਾਂ ਗੁਰਸਿੱਖਾਂ ਦੀ ਸ਼ਹੀਦੀ ਵੇਖਣ ਬਾਅਦ ਵੀ ਗੁਰੂ ਸਾਹਿਬ ਆਪਣੇ ਮਾਰਗ ਤੋਂ ਪਿੱਛੇ ਨਹੀਂ ਹਟੇ। ਗੁਰੂ ਤੇਗ਼ ਬਹਾਦਰ ਜੀ ਦਾ ਸਿਰ 11 ਨਵੰਬਰ 1675 ਈ. ਨੂੰ ਧੜ ਤੋਂ ਅਲਹਿਦਾ ਕੀਤਾ ਗਿਆ। ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ, "ਗੁਰੂ ਜੀ ਆਪਣੀ ਹੀ ਨਹੀਂ ਹਰ ਕਿਸੇ ਦੀ ਧਾਰਮਿਕ ਸੁਤੰਤਰਤਾ ਦੇ ਇੱਛੁਕ ਸਨ। ਉਹ ਜਨੇਊ ਵੀ ਨਹੀਂ ਸਨ ਪਹਿਨਦੇ ਪਰ ਨਾਲ ਹੀ ਕਿਸੇ ਦਾ ਜਨੇਊ ਉਤਾਰਨ ਦੇ ਵਿਰੁੱਧ ਵੀ ਸਨ।"[135] ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਿਸ਼ਵ-ਇਤਿਹਾਸ ਵਿਚ ਪਹਿਲੀ ਸ਼ਹੀਦੀ ਹੈ ਜੋ ਕਿਸੇ ਹੋਰ ਧਰਮ ਦੀ ਰੱਖਿਆ ਲਈ ਦਿੱਤੀ ਗਈ ਸੀ। ਗੁਰੂ ਜੀ ਨੇ ਸ਼ਹਾਦਤ ਦੇ ਕੇ ਹਿੰਦੂ ਸੰਸਕ੍ਰਿਤੀ ਨੂੰ ਬਚਾਇਆ ਜਿਸ ਵਿੱਚ ਉਨ੍ਹਾਂ ਦਾ ਵਿਸ਼ਵਾਸ ਵੀ ਨਹੀਂ ਸੀ ਕਿਉਂਕਿ ਗੁਰੂ ਸਾਹਿਬ ਦਾ ਧਰਮ ਸਰਬ ਵਿਆਪਕ ਸੀ। ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ 'ਬਚਿੱਤਰ ਨਾਟਕ' ਵਿਚ ਇਸ ਸ਼ਹਾਦਤ ਨੂੰ ਉਸ ਸਮੇਂ ਦਾ ਮਹਾਨ ਸਾਕਾ ਦੱਸਦੇ ਹਨ:

> ਤਿਲਕੁ ਜੰਞੂ ਰਾਖਾ ਪ੍ਰਭ ਤਾਕਾ।ਕੀਨੋ ਬਡੋ ਕਲੂ ਮਹਿ ਸਾਕਾ।
> ਸਾਧਨ ਹੇਤਿ ਇਤੀ ਜਿਨਿ ਕਰੀ।ਸੀਸੁ ਦੀਯਾ ਪਰੁ ਸੀ ਨ ਉਚਰੀ।
> ਧਰਮ ਹੇਤਿ ਸਾਕਾ ਜਿਨਿ ਕੀਆ।ਸੀਸੁ ਦੀਆ ਪਰ ਸਿਰਰੁ ਨ ਦੀਆ।[136] ਅਤੇ
> ਠੀਕਰ ਫੋਰਿ ਦਿਲੀਸਿ ਸਿਰਿ ਪ੍ਰਭਪੁਰਿ ਕੀਯਾ ਪਯਾਨ।
> ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।[137]

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਦੁੱਤੀ ਅਤੇ ਬੇਮਿਸਾਲ ਹੈ। ਉਨ੍ਹਾਂ ਨੇ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਲਈ ਸ਼ਹਾਦਤ ਦਿੱਤੀ। ਸਿੱਖਾਂ ਨੇ ਇਸ ਸ਼ਹਾਦਤ ਨੂੰ ਅਜਾਈਂ ਨਹੀਂ ਜਾਣ ਦਿੱਤਾ। ਇਸ ਸ਼ਹਾਦਤ ਤੋਂ ਬਾਅਦ ਜ਼ਾਲਮਾਂ ਦਾ ਰਾਜ ਲੰਮਾ ਸਮਾਂ ਨਹੀਂ ਚੱਲ ਸਕਿਆ। ਇਸ ਸ਼ਹਾਦਤ ਨੇ ਸੁਤੰਤਰ ਸਿੱਖ ਰਾਜ ਦਾ ਮੁੱਢ ਬੰਨਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਬਾਰੇ ਕਿਹਾ ਕਿ ਉਨ੍ਹਾਂ ਨੇ ਆਪਣਾ ਸਿਰ ਦਿੱਲੀ ਦੇ ਬਾਦਸ਼ਾਹ ਦੇ ਰਾਜ ਨੂੰ ਤੋੜਨ ਲਈ ਕੁਰਬਾਨ ਕੀਤਾ ਹੈ। ਅਜਿਹਾ ਕੰਮ ਕਿਸੇ ਨੇ ਕਦੇ ਵੀ ਨਹੀਂ ਕੀਤਾ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਇਕੱਲੇ ਸਿੱਖਾਂ ਨੂੰ ਹੀ ਨਹੀਂ ਬਲਕਿ ਪੂਰੇ ਭਾਰਤ ਦੇ ਹਰ ਫਿਰਕੇ, ਧਰਮ, ਸਮਾਜਿਕ ਢਾਂਚੇ ਅਤੇ ਰਾਜਸੀ ਤੰਤਰ ਨੂੰ ਪ੍ਰਭਾਵਿਤ ਕਰਦੀ ਹੈ। ਉੱਤਰੀ ਭਾਰਤ ਵਿੱਚ ਗੁਰੂ ਜੀ ਨੂੰ ਹਰ ਕੋਈ

---

[135] *ਸਿੱਖ ਇਤਿਹਾਸ (1469-1765)*, ਪੰਨਾ-59

[136] ਭਾਈ ਰਣਧੀਰ ਸਿੰਘ (ਸੰਪਾ.), *ਦਸਮ ਗ੍ਰੰਥ ਸਾਹਿਬ*, ਪੰਨਾ-70

[137] ਉਹੀ, ਪੰਨਾ-70

ਪਿਆਰ ਕਰਦਾ ਸੀ। ਪ੍ਰਿੰ. ਸਤਬੀਰ ਸਿੰਘ ਤਖਤ ਮੱਲ ਦੇ 'ਖ਼ਾਲਸਾ ਨਾਮਾ' ਦੇ ਹਵਾਲੇ ਨਾਲ ਲਿਖਦੇ ਹਨ ਕਿ "ਜਦ ਇਹ ਸ਼ਹਾਦਤ ਹੋਈ ਤਾਂ ਇਕ ਦਰਵੇਸ਼ ਨੇ ਉੱਚਾ ਹੱਥ ਕਰਕੇ ਕਿਹਾ ਸੀ ਕਿ ਸੁਲਤਾਨ ਨੇ ਚੰਗਾ ਨਹੀਂ ਕੀਤਾ। ਇਨ੍ਹਾਂ ਕਾਰਨਾਂ ਕਰਕੇ ਹੀ ਬਗ਼ਾਵਤ ਦਾ ਇੱਕ ਐਸਾ ਤੂਫ਼ਾਨ ਉਠੇਗਾ, ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ।"[138]

ਰਤਨ ਸਿੰਘ ਭੰਗੂ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਸ ਸ਼ਹਾਦਤ ਤੋਂ ਬਾਅਦ ਦਿੱਲੀ ਦੀ ਪਾਤਸ਼ਾਹੀ ਘਟਣ ਲੱਗੀ ਸੀ:

ਤਬ ਤੈ ਘਟੀ ਪਾਤਸਾਹੀ ਦਿੱਲੀ।
ਤਬਤੇ ਤੁਰਕ ਕਲਾ ਭਾਈ ਢਿੱਲੀ।[139]

ਜਗਜੀਤ ਸਿੰਘ ਲਿਖਦੇ ਹਨ ਕਿ ਸਿੱਖ ਸਿਧਾਂਤ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਆਜ਼ਾਦੀ ਸੀ। ਸਿੱਖ ਧਰਮ ਕੇਵਲ ਰੂਹਾਨੀ ਅਨੰਦ ਦੀ ਖੋਜ ਦਾ ਸਾਧਨ ਨਹੀਂ ਜੋ ਸਿਆਸੀ ਗ਼ੁਲਾਮੀ ਜਾਂ ਧਾਰਮਿਕ ਜ਼ਬਰ ਦੇ ਨਾਲ-ਨਾਲ ਸਾਵਾਂ ਚਲਦਾ ਰਹੇ।"[140] ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਲਈ ਸ਼ਹਾਦਤ ਦੇ ਦਿੱਤੀ। ਇਸ ਸ਼ਹਾਦਤ ਤੋਂ ਬਾਅਦ ਪੰਜਾਬ ਆਪਣੇ ਧਰਮ, ਇੱਜ਼ਤ ਅਤੇ ਅਣਖ ਦੀ ਰੱਖਿਆ ਲਈ ਡਟ ਕੇ ਖਲੋ ਗਿਆ। ਇਸ ਤੋਂ ਕੁਝ ਸਮਾਂ ਮਗਰੋਂ 'ਖ਼ਾਲਸੇ' ਦਾ ਜਨਮ ਉਨ੍ਹਾਂ ਦੀ ਸ਼ਹਾਦਤ ਦਾ ਸਿੱਧਾ ਸਿੱਟਾ ਸੀ। ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੋਇਆ ਗੌਰਡਨ ਲਿਖਦਾ ਹੈ, "ਜੋ ਤਿੱਖੀਆਂ ਸੂਲ਼ਾਂ ਗੁਰੂ ਤੇਗ਼ ਬਹਾਦਰ ਜੀ ਦੇ ਖ਼ੂਨ ਨਾਲ ਦਿੱਲੀ ਵਿਚ ਬੀਜੀਆਂ ਗਈਆਂ ਸਨ, ਉਹਨਾਂ ਨੇ ਜਲਦੀ ਹੀ 'ਖ਼ਾਲਸੇ' ਦੇ ਰੂਪ ਵਿਚ ਭਰਵੀਂ ਫ਼ਸਲ ਬਖਸ਼ੀ। ਇਸ ਸ਼ਹਾਦਤ ਨੇ ਮਜ਼ਬੂਰ ਕਰ ਦਿੱਤਾ ਕਿ ਸਿੱਖ ਕੌਮ ਪੂਰਨ ਤੌਰ 'ਤੇ ਸ਼ਸਤਰਬੱਧ ਹੋਵੇ।"[141]

ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਡਾ. ਰਤਨ ਸਿੰਘ ਜੱਗੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਬਿਆਨ ਕੀਤਾ ਹੈ, ਕਿ ਇਸ ਬਲੀਦਾਨ ਤੋਂ ਪਿੱਛੋਂ ਇਕ ਅਜਿਹੀ ਹਨੇਰੀ ਆਈ ਜੋ ਔਰੰਗਜ਼ੇਬ ਦੀ ਇਤਨੀ ਵੱਡੀ ਬਾਦਸ਼ਾਹੀ ਨੂੰ ਇੰਝ ਉਡਾ ਕੇ ਲੈ ਗਈ ਜਿਵੇਂ ਸੜਕ 'ਤੇ ਪਿਆ ਸੁੱਕਾ ਪੱਤਾ ਉੱਡ ਜਾਂਦਾ ਹੈ।[142] ਪ੍ਰੋ. ਜੋਗਿੰਦਰ ਸਿੰਘ ਦੱਸਦੇ ਹਨ, "ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਸਾਲਾਂ ਤੋਂ ਸਿਰਜੀ ਜਾਣ ਵਾਲੀ ਸਿਰਜਣਾਤਮਿਕ, ਮਾਨਵ ਹਿਤਕਾਰੀ ਤੇ ਸ਼ਕਤੀਸ਼ਾਲੀ ਲਹਿਰ ਨੂੰ ਇਕ ਨਵਾਂ

---

[138] *ਸਾਡਾ ਇਤਿਹਾਸ ਦਸ ਪਾਤਸ਼ਾਹੀਆਂ (1469-1708),* ਪੰਨਾ- 320. ਤਖਤ ਮੱਲ, *ਖ਼ਾਲਸਾ ਨਾਮਾ*, ਵਿਚੋਂ (ਉਧਰਿਤ)

[139] *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਪੰਨਾ-39

[140] *ਸਿੱਖ ਇਨਕਲਾਬ,* ਪੰਨਾ-176

[141] *The Sikh,s,* P. 89

[142] *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤ੍ਰਤਾ ਦੀ ਭਾਵਨਾ,* ਪੰਨਾ-54.

ਮੋੜ ਦਿੱਤਾ। ਇਕ ਨਵੀਂ ਕੌਮ ਦਾ ਸਰੂਪ ਵੀ ਦਿੱਤਾ, ਇਕ ਨਵਾਂ ਯੁੱਗ-ਚਿੰਤਨ ਵੀ ਦਿੱਤਾ, ਮੌਤ ਅਤੇ ਮਰਦਾਨਗੀ ਦੇ ਵਰ ਨਾਲ ਸ਼ਿੰਗਾਰਿਆ ਸ਼ਹੀਦਾਂ ਦਾ ਇਤਿਹਾਸ ਦਿੱਤਾ ਤੇ ਅਖੀਰ ਪੰਜਾਬ ਦਾ ਸੁਤੰਤਰ ਰਾਜ ਵੀ ਦਿੱਤਾ।"[143]

ਡਾ. ਇੰਦਰਜੀਤ ਕੌਰ ਅਨੁਸਾਰ, "ਵਿਸ਼ਵ ਸਭਿਅਤਾ ਦੇ ਇਤਿਹਾਸ ਨੂੰ ਵਾਚਿਆਂ ਪ੍ਰਗਟ ਹੁੰਦਾ ਹੈ ਕਿ ਆਪਣੇ ਧਰਮ ਦੀ ਖ਼ਾਤਰ ਤਾਂ ਬਹੁਤ ਸਾਰੇ ਸਿਦਕਵਾਨਾਂ ਨੇ ਜਾਨਾਂ ਵਾਰੀਆਂ ਪ੍ਰੰਤੂ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜੋ ਬਲੀਦਾਨ ਗੁਰੂ ਤੇਗ਼ ਬਹਾਦਰ ਨੇ ਦਿੱਤਾ, ਉਸਦੀ ਸ਼ਾਨ ਬੇਮਿਸਾਲ ਹੈ। ਇਹ ਸ਼ਹਾਦਤ ਮਾਨਵ ਧਰਮ ਦੀ ਸੁਤੰਤਰਤਾ ਦੇ ਅਸੂਲ ਦੀ ਸਥਾਪਨਾ ਲਈ ਹੈ।"[144]

ਤਾਰਨ ਸਿੰਘ ਦੇ ਕਥਨ ਅਨੁਸਾਰ, "ਗਿਆਨ ਤੇ ਗਿਆਨੀ ਦਾ ਜੋ ਸਰੂਪ ਗੁਰੂ ਤੇਗ਼ ਬਹਾਦਰ ਜੀ ਨੇ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ" ਵਿਚ ਦਰਸਾਇਆ ਗਿਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਿਤੇ ਨਹੀਂ ਦੱਸਿਆ ਗਿਆ। ਇਹ ਸਲੋਕ ਆਜ਼ਾਦੀ ਦਾ ਸੰਘਰਸ਼ ਕਰਨ ਵਾਲਿਆਂ ਦਾ ਐਲਾਨ ਹੈ, ਇਹ ਹਰ ਤਰ੍ਹਾਂ ਦੀ ਪ੍ਰਾਧੀਨਤਾ (ਗ਼ੁਲਾਮੀ) ਤੋਂ ਨਿਕਲਣ ਦਾ ਐਲਾਨ ਹੈ। ਇਸ ਤਰ੍ਹਾਂ ਇਹ ਸਿਧਾਂਤ ਸੁਤੰਤਰਤਾ ਦਾ ਮਹਾਨ ਆਦਰਸ਼ ਹੈ।"[145]

ਇਤਿਹਾਸਕਾਰਾਂ ਨੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਨੂੰ ਧਾਰਮਿਕ ਸੁਤੰਤਰਤਾ ਨਾਲ ਜੋੜਿਆ ਹੈ ਕਿਉਂਕਿ ਇਸ ਸ਼ਹਾਦਤ ਨੇ ਸਿੱਖਾਂ ਨੂੰ ਅਜਿਹੀ ਸ਼ਕਤੀ ਬਖ਼ਸ਼ੀ ਜਿਸ ਨਾਲ ਉਨ੍ਹਾਂ ਨੇ ਮੁਗ਼ਲ ਰਾਜ ਵਿਰੁੱਧ 'ਧਰਮ ਯੁੱਧ' ਛੇੜ ਦਿੱਤਾ ਸੀ। ਇਸ ਦਾ ਮੰਤਵ ਹਰ ਮਨੁੱਖ ਨੂੰ ਧਾਰਮਿਕ ਵਿਸ਼ਵਾਸ ਅਤੇ ਅਧਿਆਤਮਕ ਜੀਵਨ-ਮਾਰਗ ਉਪਰ ਸਥਿਰ ਰਹਿਣ ਦੀ ਪੂਰਨ ਸੁਤੰਤਰਤਾ ਦੇਣਾ ਸੀ। ਗੁਰੂ ਜੀ ਦੀ ਸ਼ਹਾਦਤ ਸਚਿਆਰਤਾ ਅਤੇ ਧਾਰਮਿਕ ਸੁਤੰਤਰਤਾ ਦੀ ਸਥਾਪਤੀ ਲਈ ਸੀ।

## ਸੁਤੰਤਰਤਾ ਲਈ ਹਥਿਆਰਬੰਦ ਸੰਘਰਸ਼

ਗੁਰੂ ਗੋਬਿੰਦ ਸਿੰਘ ਜੀ ਸੰਤ-ਸਿਪਾਹੀ ਅਤੇ ਸੁਤੰਤਰਤਾ ਦੇ ਪੈਰੋਕਾਰ ਸਨ। ਉਹਨਾਂ ਨੇ ਪੰਜਾਬ ਦੀ ਧਰਤੀ 'ਤੇ ਅਸਚਰਜਤਾ ਭਰੀ ਕ੍ਰਾਂਤੀ ਲਿਆਂਦੀ ਜਿਸਦਾ ਉਦੇਸ਼ ਜਰਜਰੀ ਤੇ ਖੋਖਲੀ ਹੋ ਰਹੀ ਕੌਮ ਦੀ ਪੁਨਰ-ਉਸਾਰੀ ਕਰਕੇ ਨਵਾਂ ਮਤ ਸਥਾਪਿਤ ਕਰਨਾ ਸੀ। ਇਸ ਨਵੀਂ ਕੌਮ ਦਾ ਮੂਲ ਆਧਾਰ ਸੁਤੰਤਰਤਾ, ਨਿਆਂ, ਬਰਾਬਰਤਾ ਅਤੇ ਸਾਂਝੀਵਾਲਤਾ ਸੀ। ਸਿੱਖ ਪੰਥ ਵਿਚ ਹਥਿਆਰਬੰਦ ਘੋਲ ਦਾ ਆਰੰਭ ਭਾਵੇਂ ਗੁਰੂ ਹਰਗੋਬਿੰਦ

---

[143] ਤਾਰਨ ਸਿੰਘ (ਸੰਪਾ.), *ਗੁਰੂ ਤੇਗ਼ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ,* ਪੰਨਾ-180

[144] ਉਹੀ, (ਭੂਮਿਕਾ)

[145] ਉਹੀ, ਪੰਨਾ-4

ਸਾਹਿਬ ਵੱਲੋਂ ਕੀਤਾ ਗਿਆ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਹਥਿਆਰਬੰਦ ਸੰਘਰਸ਼ ਲਈ ਇਕ ਨਵਾਂ ਮੁਹਾਦਰਾ ਤਿਆਰ ਕੀਤਾ ਅਤੇ ਜ਼ਾਲਮ ਰਾਜ ਵਿਰੁੱਧ 14 ਜੰਗਾਂ ਲੜੀਆਂ। ਗੁਰੂ ਜੀ ਨੇ ਧਰਮ ਯੁੱਧ ਦਾ ਸੰਕਲਪ ਪੇਸ਼ ਕੀਤਾ ਜਿਸ ਵਿਚ ਦੁਸ਼ਟ, ਜ਼ਾਲਮ ਅਤੇ ਜ਼ਬਰ ਦੀਆਂ ਸ਼ਕਤੀਆਂ ਦੇ ਵਿਰੁੱਧ ਧਰਮ ਨੂੰ ਸਮਾਜ ਦਾ ਪ੍ਰੇਰਕ ਬਣਾ ਕੇ ਸੁਤੰਤਰਤਾ ਲਈ ਜੰਗ ਕਰਨਾ ਸੀ। ਗੁਰੂ ਗੋਬਿੰਦ ਸਿੰਘ ਨੇ ਮੁਗ਼ਲਾਂ ਦੇ ਧਾਰਮਿਕ ਅਤੇ ਰਾਜਸੀ ਜ਼ਬਰ ਦੇ ਖਿਲਾਫ਼ ਲੜਾਈ ਲੜਨ ਵਾਸਤੇ ਖ਼ਾਲਸਾ ਸਾਜਿਆ। ਉਨ੍ਹਾਂ ਦੀ ਇਸਲਾਮ ਨਾਲ ਕੋਈ ਵਿਰੋਧਤਾ ਨਹੀਂ ਸੀ। ਉਨ੍ਹਾਂ ਦੀ ਬਾਣੀ ਤੋਂ ਸਾਂਝੀਵਾਲਤਾ ਦਾ ਸੰਦੇਸ਼ ਮਿਲਦਾ ਹੈ :

ਹਿੰਦੂ ਤੁਰਕ ਕੋਊ, ਰਾਫਿਜ਼ੀ ਇਮਾਮ ਸ਼ਾਫ਼ੀ।
ਮਾਨਸ ਕੀ ਜਾਤ, ਸਬੈ ਏਕੈ ਪਹਚਾਨ ਬੋ।[146]

ਡਾ. ਰਤਨ ਸਿੰਘ ਜੱਗੀ ਉਪਰੋਕਤ ਵਾਕ ਦੀ ਪ੍ਰੋੜ੍ਹਤਾ ਕਰਦੇ ਲਿਖਦੇ ਹਨ, ਗਰੂ ਗੋਬਿੰਦ ਸਿੰਘ ਜੀ ਦਾ ਸੁਤੰਤਰਤਾ ਅੰਦੋਲਨ ਮੁਸਲਮਾਨਾਂ ਵਿਰੁੱਧ ਨਹੀਂ ਸੀ ਸਗੋਂ ਜ਼ਾਲਮ ਮੁਗ਼ਲ ਸਰਕਾਰ ਵਿਰੁੱਧ ਸੀ ਕਿਉਂਕਿ ਸੱਚ ਅਤੇ ਧਰਮ ਦੀ ਕਦਰ ਕਰਨ ਵਾਲੇ ਮੁਸਲਮਾਨ ਵਿਅਕਤੀ ਵੀ ਗੁਰੂ ਜੀ ਦੇ ਹਮਾਇਤੀ ਸਨ। ਇਹ ਅੰਦੋਲਨ ਰਾਸ਼ਟਰੀ ਕਲਿਆਣ ਲਈ ਸੀ। ਆਪਣੀ ਬਾਣੀ ਤੇ ਵਿਚਾਰਾਂ ਰਾਹੀਂ ਗੁਰੂ ਜੀ ਨੇ ਹਰ ਅਨੁਆਈ ਦੇ ਮਨ ਨੂੰ ਸੁਤੰਤਰਤਾ ਦੀ ਰਾਸ਼ਟਰੀ ਭਾਵਨਾ ਨਾਲ ਉਦਵੇਲਿਤ ਕਰ ਦਿੱਤਾ।[147] ਅਨੰਦਪੁਰ ਸਾਹਿਬ ਵਿਖੇ ਛੇ ਕਿਲ੍ਹੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਨਿਰਮੋਹਗੜ੍ਹ, ਫ਼ਤਹਗੜ੍ਹ ਤੇ ਹੋਲਗੜ੍ਹ ਉਸਾਰੇ ਗਏ। ਖ਼ਾਲਸਾ ਫ਼ੌਜ ਨੂੰ ਸੰਗਠਿਤ ਕਰਕੇ ਜੰਗੀ ਬਾਣਾ ਪਹਿਨਾਇਆ। ਫ਼ੌਜ ਦੀ ਕਮਾਨ ਆਪ ਸੰਭਾਲੀ। ਖ਼ਾਲਸਾ ਫ਼ੌਜ ਦਾ ਉਦੇਸ਼ ਜਾਬਰਾਂ ਵਿਰੁੱਧ ਲੜਨਾ ਸੀ। 'ਪੰਥ ਪ੍ਰਕਾਸ਼' ਵਿਚ ਰਤਨ ਸਿੰਘ ਭੰਗੂ ਨੇ ਗੁਰੂ ਸਾਹਿਬ ਦੀ ਫ਼ੌਜ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਇਮ ਖਾਲਸੇ ਪੰਥ ਭਯੋ ਉਤਪੰਨ।ਦੇਖ ਸਤਿਗੁਰ ਬਹੁ ਹੋਇ ਪ੍ਰਸੰਨ।
ਸਤਿਗੁਰ ਖਾਲਸੇ ਸ਼ਸਤ੍ਰ ਫੜਾਵੈਂ।ਭਾਂਤੈ ਭਾਂਤ ਪੁਸ਼ਾਕ ਪਹਿਰਾਵੈਂ।
ਮਧ ਸਤਿਗੁਰ ਬਹੈਂ ਮੰਜੀ ਡਹਾਇ।ਚੁਫੇਰੇ ਖੜੈਂ ਸਿੰਘ ਸ਼ਸਤ੍ਰ ਲਗਾਇ।
ਜਿਮ ਗੋਪਨ ਮਧ ਕਾਨ੍ਹ ਬਿਰਾਜੈ।ਤਿਮ ਸਤਿਗੁਰ ਸਿੰਘਨਿ ਮਧ ਛਾਜੈ।[148]

---

[146] *ਦਸਮ ਗ੍ਰੰਥ ਸਾਹਿਬ,* ਪੰਨਾ-28

[147] *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤ੍ਰਤਾ ਦੀ ਭਾਵਨਾ,* ਪੰਨਾ-10

[148] *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-79-80

ਗੁਰੂ ਜੀ ਨੇ ਆਪਣੇ ਆਪ ਨੂੰ ਅੱਤਿਆਚਾਰ, ਅਨਿਆਇ ਤੇ ਅਸਹਿਣਸ਼ੀਲਤਾ ਵਿਰੁੱਧ ਤਿਆਰ ਕੀਤਾ। ਗੁਰੂ ਜੀ ਸਮੁੱਚੀ ਬਰਾਬਰੀ ਅਤੇ ਆਜ਼ਾਦੀ ਲਿਆਉਣ ਨੂੰ ਆਪਣਾ ਆਪਣਾ ਮਿਸ਼ਨ ਸਮਝਦੇ ਸਨ। ਉਹ ਖ਼ੁਦ ਇਸ ਨਿਸ਼ਾਨੇ ਨੂੰ ਪੂਰਾ ਕਰਨ ਦਾ ਸਾਧਨ ਸਨ। ਉਨ੍ਹਾਂ ਨੇ ਅਨਿਆਂ ਅਤੇ ਅੱਤਿਆਚਾਰ ਵਿਰੁੱਧ ਧਰਮ ਯੁੱਧ ਆਰੰਭਿਆ ਤੇ ਕਿਹਾ "ਮੇਰੀ ਤਲਵਾਰ ਦੁਸ਼ਟਾਂ ਦਾ ਸੰਘਾਰ ਕਰਨ ਲਈ ਹੈ, ਦੈਂਤਾਂ ਦਾ ਨਾਸ਼ ਕਰਨ ਲਈ ਹੈ" ਬਚਿਤ੍ਰ ਨਾਟਕ ਵਿਚ ਇਸ ਮਿਸ਼ਨ ਦੀ ਵਿਆਖਿਆ ਕੀਤੀ ਹੈ:

ਹਮ ਇਹ ਕਾਜ ਜਗਤ ਮੋ ਆਏ।ਧਰਮ ਹੇਤ ਗੁਰਦੇਵਿ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।ਦੁਸਟ ਦੋਖੀਅਨਿ ਪਕਰਿ ਪਛਾਰੋ।[149]

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਤੋਂ ਦੁਸ਼ਟਾਂ ਨੂੰ ਸੋਧਣ ਲਈ ਵਰ ਮੰਗਿਆ ਅਤੇ ਸਿੱਖਾਂ ਨੂੰ ਰਣ ਖੇਤਰ ਵਿਚ ਜੂਝ ਕੇ ਮਰਨ ਦਾ ਉਪਦੇਸ਼ ਦਿੱਤਾ:

ਦੇਹ ਸਿਵਾ ਬਰੁ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਣ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ।[150]

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ ਕੀਤੀ ਭਾਈਚਾਰਕ ਸਾਂਝ ਦੀ ਗਵਾਹੀ ਪੀਰ ਬੁੱਧੂ ਸ਼ਾਹ ਨੇ ਵੀ ਭਰੀ। ਉਨ੍ਹਾਂ ਨੇ ਗੁਰੂ ਦੇ ਮਿਸ਼ਨ ਨੂੰ ਨਿਆਪੂਰਵਕ ਮੰਨਦਿਆਂ ਮੁਸਲਮਾਨ ਹੁੰਦੇ ਹੋਏ ਵੀ ਭੰਗਾਣੀ ਦੇ ਯੁੱਧ ਵਿਚ ਆਪਣੇ ਚਾਰ ਪੁੱਤਰ ਗੁਰੂ ਸਾਹਿਬ ਦੇ ਹੱਕ ਵਿਚ ਲੜਦਿਆਂ ਸ਼ਹੀਦ ਕਰਵਾ ਦਿੱਤੇ। ਮਲੇਰਕੋਟਲਾ ਦੇ ਮੁਸਲਮਾਨ ਹਾਕਮ ਨਵਾਬ ਸ਼ੇਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਂਹਾਂ ਵਿਚ ਚਿਣੇ ਜਾਣ ਵਿਰੁੱਧ ਸਖ਼ਤ ਰੋਸ ਪ੍ਰਗਟ ਕੀਤਾ। ਇਸ ਕਰਕੇ ਵੱਖ-ਵੱਖ ਧਰਮਾਂ ਦੇ ਲੋਕ ਗੁਰੂ ਜੀ ਵੱਲ ਖਿੱਚੇ ਆਏ। ਇਹ ਲੜਾਈਆਂ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੀ ਪੂਰਤੀ ਸਨ। ਉਨ੍ਹਾਂ ਦਾ ਉਦੇਸ਼ ਅੱਤਿਆਚਾਰ ਨੂੰ ਖ਼ਤਮ ਕਰਨਾ ਸੱਚ ਤੇ ਨਿਆਂ ਦਾ ਰਾਜ ਸਥਾਪਿਤ ਕਰਨਾ ਸੀ। ਉਨ੍ਹਾਂ ਨੇ 'ਬਚਿਤ੍ਰ ਨਾਟਕ' ਵਿਚ ਇਸ ਆਦਰਸ਼ ਸਬੰਧੀ ਲਿਖਿਆ ਸੀ:

ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਿਨ।[151]

---

[149] *ਦਸਮ ਗ੍ਰੰਥ ਸਾਹਿਬ,* ਪੰਨਾ-74

[150] ਉਹੀ, ਪੰਨਾ-127

ਹਿੰਦੂ ਮੁਸਲਿਮ ਏਕਤਾ ਲਈ ਗੁਰੂ ਜੀ ਨੇ ਧਰਮ ਨਿਰਪੇਖਵਾਦ ਦੀ ਪੁਰਜ਼ੋਰ ਹਮਾਇਤ ਕੀਤੀ। ਉਨ੍ਹਾਂ ਕਿਹਾ ਕਿ ਮਸੀਤ ਅਤੇ ਮੰਦਰ ਇਕੋ ਹੀ ਹਨ। ਮੌਲਵੀ ਦੀ ਬਾਂਗ ਅਤੇ ਪੰਡਤ ਦਾ ਮੰਤਰ ਉਚਾਰਨ ਇਕ ਹੀ ਅਰਥ ਰੱਖਦੇ ਹਨ :

ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ ਓਹੀ।
ਮਾਨਸ ਸਬੈ ਏਕ ਪੈ, ਅਨੇਕ ਕੋ ਭ੍ਰਮਾਉ ਹੈ।[152]

ਬੁੱਧ ਮੱਤ ਨੇ ਕਿਸੇ ਵੀ ਨਿਸ਼ਾਨੇ ਲਈ ਤਾਕਤ ਦੀ ਵਰਤੋਂ ਦਾ ਤਿਆਗ ਕੀਤਾ ਅਤੇ ਅਹਿੰਸਾ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ। ਜੈਨ ਮੱਤ ਵਿਚ ਵੀ ਇਸ ਅਸੂਲ ਨੂੰ ਲਾਗੂ ਕੀਤਾ ਗਿਆ ਸੀ। ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦੇ ਮਨੋਰਥ ਵਾਲੀਆਂ ਸਾਰੀਆਂ ਇਨਕਲਾਬੀ ਲਹਿਰਾਂ ਜਾਂ ਤਾਂ ਮੂਲੋਂ ਢਾਹ ਦਿੱਤੀਆਂ ਜਾਂਦੀਆਂ ਰਹੀਆਂ ਸਨ ਜਾਂ ਉਨ੍ਹਾਂ ਨੂੰ ਬਰੇਕ ਲਾ ਦਿੱਤੀ ਜਾਂਦੀ।"[153] ਇਸ ਤਰ੍ਹਾਂ ਬੁੱਧ ਮੱਤ ਅਤੇ ਜੈਨ ਮੱਤ ਦਾ ਅਹਿੰਸਾ ਦਾ ਸਿਧਾਂਤ ਮਨੁੱਖ ਨੂੰ ਗ਼ੁਲਾਮੀ ਤੋਂ ਛੁਟਕਾਰਾ ਨਾ ਦਿਵਾ ਸਕਿਆ। ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਜਾਤੀਆਂ ਵਿਚੋਂ ਪੰਜ ਪਿਆਰੇ ਸਥਾਪਿਤ ਕਰਕੇ ਧਰਮ ਨਿਰਪੇਖਵਾਦ ਦੀ ਮਿਸਾਲ ਕਾਇਮ ਕੀਤੀ। ਸੁਤੰਤਰਤਾ ਲਈ ਧਰਮ ਨਿਰਪੇਖਤਾ ਜ਼ਰੂਰੀ ਤੱਤ ਹੈ। ਮੁਗ਼ਲ ਹਮੇਸ਼ਾ ਦੂਜਿਆਂ ਦੇ ਧਰਮ 'ਤੇ ਹਮਲਾ ਕਰਦੇ ਰਹੇ, ਮੁਗ਼ਲਾਂ ਨੇ ਸਰਹਿੰਦ ਸਰਕਾਰ ਅਧੀਨ ਇਲਾਕੇ ਵਿਚ ਬੂੜੀਆਂ ਦੀ ਇਕ ਸਿੱਖ ਧਰਮਸ਼ਾਲਾ ਢਾਹ ਕੇ ਉਸ ਦੀ ਥਾਂ ਮਸੀਤ ਉਸਾਰ ਦਿੱਤੀ ਸੀ। ਸਿੱਖਾਂ ਨੇ ਇਸ ਮਸੀਤ ਨੂੰ ਢਾਹ ਦਿੱਤਾ ਅਤੇ ਇਮਾਮ ਨੂੰ ਮਾਰ ਦਿੱਤਾ ਸੀ।[154]

ਗੁਰੂ ਜੀ ਦਾ ਵਿਸ਼ਵਾਸ ਸੀ ਕਿ ਧਰਮ ਅਤੇ ਰਾਜਨੀਤੀ ਦਾ ਇਕੋ ਹੀ ਉਦੇਸ਼ ਹੈ ਅਤੇ ਉਹ ਹੈ ਮਨੁੱਖ ਦੀ ਸੇਵਾ, ਸੁਤੰਤਰਤਾ, ਏਕਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਕਰਨਾ। ਉਨ੍ਹਾਂ ਨੇ ਅਧਿਆਤਮਕ ਕੀਮਤਾਂ ਵਿਚ ਵਿਸ਼ਵਾਸ ਪ੍ਰਗਟ ਕਰਦਿਆਂ ਨੈਤਿਕ ਕੀਮਤਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ। ਜੈਨ ਤੇ ਬੁੱਧਮਤ ਨੇ ਹਥਿਆਰ ਚੁੱਕਣ ਨੂੰ ਅਧਰਮ ਬਣਾ ਦਿੱਤਾ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਸੰਘਰਸ਼ ਵਿਚ ਇਹ ਸਿੱਧ ਕਰ ਦਿੱਤਾ ਸੀ ਕਿ ਨੇਕ ਕੰਮ ਲਈ ਹਥਿਆਰ ਚੁੱਕਣਾ ਧਰਮ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਹਿੰਦੂਆਂ 'ਤੇ ਧਾਰਮਿਕ ਅੱਤਿਆਚਾਰ ਹੋਰ ਵੱਧ ਗਿਆ ਸੀ ਤਾਂ ਗੁਰੂ ਸਾਹਿਬ ਨੇ ਅੱਤਿਆਚਾਰ ਦੇ ਖਿਲਾਫ਼ ਮੁਕਾਬਲਾ ਕਰਨਾ ਧਾਰਮਿਕ ਫਰਜ਼ ਬਣਾ ਲਿਆ ਸੀ। 'ਜ਼ਫ਼ਰਨਾਮੇ' ਵਿਚਲੀਆਂ ਇਹ ਤੁਕਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ:

---

[151] *ਦਸਮ ਗ੍ਰੰਥ ਸਾਹਿਬ,* ਪੰਨਾ-74

[152] ਉਹੀ, ਪੰਨਾ-679

[153] ਜਗਜੀਤ ਸਿੰਘ, *ਸਿੱਖ ਇਨਕਲਾਬ,* ਪੰਨਾ-98-99

[154] Gopal Singh, *Guru Gobind Singh (second edition),* p.282-283

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।

ਹਲਾਲੱਅਸਤ ਬੁਰਦਨ ਬ ਸ਼ਮਸ਼ੀਰ ਦਸਤ।[155]

ਡਾ. ਜੱਗੀ ਲਿਖਦੇ ਹਨ ਕਿ ਰਾਸ਼ਟਰੀ ਹਿੱਤਾਂ ਦੀ ਵਿਰੋਧੀ ਸਰਕਾਰ ਦੀ ਮੌਜੂਦਗੀ ਵਿਚ ਕਿਸੇ ਦਾ ਧਰਮ ਸੁਰੱਖਿਅਤ ਨਹੀਂ ਰਹਿ ਸਕਦਾ ਸੀ। ਇਸ ਲਈ ਤੰਗ ਆ ਕੇ ਉਨ੍ਹਾਂ ਨੂੰ ਤਲਵਾਰ ਚੁੱਕਣੀ ਪਈ, ਤਲਵਾਰ ਨੂੰ ਨਾ ਵੈਰ ਭਾਵਨਾ ਨਾਲ ਵਰਤਿਆ ਗਿਆ ਅਤੇ ਨਾ ਹੀ ਕਿਸੇ ਨਿੱਜੀ ਅਧਿਕਾਰ ਪ੍ਰਾਪਤੀ ਲਈ। ਤਲਵਾਰ ਵਰਤਣ ਦਾ ਉਦੇਸ਼ ਧਰਮ ਦੀ ਸਥਾਪਨਾ ਅਤੇ ਰਾਸ਼ਟਰ ਦੀ ਸੁਤੰਤਰਤਾ ਲਈ ਯੁੱਧ ਕਰਨਾ ਸੀ। ਉਦੋਂ ਦੀ ਧਰਮ-ਸਥਾਪਨਾ ਦਾ ਪ੍ਰਕਾਰਾਂਤਰਿਤ ਰੂਪ ਵਿਚ ਸੀ।[156] ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੀ ਇਹ ਘਟਨਾ ਸੁਤੰਤਰਤਾ ਲਈ ਜਦੋਜਹਿਦ ਦੀ ਗਵਾਹੀ ਭਰਦੀ ਹੈ:

> ਜਦੋਂ ਪਹਾੜੀ ਰਾਜਿਆਂ ਨੂੰ ਜੰਮੂ ਤੋਂ ਮੁਗ਼ਲ ਫ਼ੌਜ ਦੇ ਚੱਲਣ ਦੀ ਖ਼ਬਰ ਮਿਲੀ ਤਾਂ ਉਹਨਾਂ ਇਕੱਠੇ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਅਸੀਂ ਮੁਗ਼ਲਾਂ ਦੀ ਗ਼ੁਲਾਮੀ ਦੀ ਛੱਟ ਲਾਉਣ ਲਈ ਤਿਆਰ ਹਾਂ ਪਰ ਸਾਡੀ ਫ਼ੌਜੀ ਸ਼ਕਤੀ ਮੁਕਾਬਲਾ ਕਰਨ ਦੀ ਨਹੀਂ। ਜੇ ਤੁਸੀਂ ਸਾਥ ਦਿਓ ਤਾਂ ਅਸੀਂ ਜੰਮੂ ਦੇ ਗਵਰਨਰ ਦੀ ਫ਼ੌਜ ਦਾ ਟਾਕਰਾ ਕਰ ਸਕਦੇ ਹਾਂ। ਗੁਰੂ ਕਲਗ਼ੀਧਰ ਨੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਭਾਵੇਂ ਪਹਾੜੀ ਰਾਜਿਆਂ ਦੇ ਪਿਛਲੇ ਸਾਲਾਂ ਵਿਚ ਵਤੀਰੇ ਕਾਰਨ ਉਨ੍ਹਾਂ ਦੀ ਮਦਦ ਕਰਨ ਦਾ ਲਾਭ ਨਹੀਂ ਸੀ ਪਰ ਇਸ ਗੱਲ ਨੂੰ ਅਨੁਭਵ ਕਰਕੇ ਕਿ ਜੇ ਇਹ ਗ਼ੁਲਾਮੀ ਦੀ ਛੱਟ ਲਾਹ ਦੇਣ ਲਈ ਤਿਆਰ ਹਨ ਤਾਂ ਇਨ੍ਹਾਂ ਦੀ ਜ਼ਰੂਰ ਮਦਦ ਕਰਨੀ ਚਾਹੀਦੀ ਹੈ। ਇਸ ਲਈ ਗੁਰੂ ਜੀ ਨੇ ਫ਼ੌਜੀ ਮਦਦ ਕਰਨ ਦਾ ਵਚਨ ਕੀਤਾ ਪਰ ਨਾਲ ਹੀ ਪੱਕੀ ਕੀਤੀ ਕਿ ਇਹ ਪਹਾੜੀਏ ਰਾਜੇ ਆਪਣੀ ਪੂਰੀ ਫ਼ੌਜੀ ਸ਼ਕਤੀ ਨਾਲ ਯੁੱਧ ਦੇ ਮੈਦਾਨ ਵਿਚ ਨਿਕਲਣਗੇ। ਨਦੌਣ ਵਿਖੇ ਅਲਫ਼ ਖਾਂ ਦੀਆਂ ਫੌਜਾਂ ਨਾਲ ਜ਼ਬਰਦਸਤ ਜੰਗ ਹੋਇਆ। ਇਸ ਜੰਗ ਵਿਚ ਗੁਰੂ ਦੇ ਨਾਲ ਪੰਜ ਸੌ ਜੁਆਨਾਂ ਨੇ ਨਾ ਕੇਵਲ ਆਪਣੀ ਵੀਰਤਾ ਦੇ ਕਮਾਲ ਹੀ ਦਿਖਾਏ ਸਗੋਂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਦਾ ਵੀ ਉਤਸ਼ਾਹ ਵਧਾਇਆ ਤੇ ਅਲਫ ਖਾਂ ਦੀ ਫ਼ੌਜ ਨੂੰ ਮੈਦਾਨ ਵਿਚੋਂ ਦੌੜਨਾ ਪਿਆ।[157]

ਗੁਰੂ ਗੋਬਿੰਦ ਸਿੰਘ ਜੀ ਨੇ ਰਵਾਲਸਰ ਦੀ ਧਰਤੀ 'ਤੇ ਪਹਾੜੀ ਰਾਜਿਆਂ ਦੇ ਇਕੱਠ ਨੂੰ ਸੰਬੋਧਨ ਕੀਤਾ ਤੇ ਉਹਨਾਂ ਨੂੰ ਦੇਸ਼ ਦੀ ਸੁਤੰਤਰਤਾ ਲਈ ਸੰਘਰਸ਼ ਕਰਨ ਤੇ ਅਣਖ ਨਾਲ ਜਿਊਂਣ ਦਾ ਉਪਦੇਸ਼ ਦਿੱਤਾ। ਕੁਝ ਸਮੇਂ ਬਾਅਦ ਪਹਾੜੀ ਰਾਜੇ ਮੁਗ਼ਲ ਹਕੂਮਤ ਤੋਂ ਡਰਦੇ ਹੋਏ ਗੁਰੂ ਸਾਹਿਬ ਵਿਰੁੱਧ ਮੁਗ਼ਲਾਂ ਦਾ ਸਾਥ ਦੇਣ ਲੱਗੇ। ਇਸ ਦੇ ਬਾਵਜੂਦ ਗੁਰੂ ਸਾਹਿਬ ਨੇ ਦੇਸ ਨੂੰ ਸੁਤੰਤਰ ਕਰਾਉਣ ਦਾ ਮਿਸ਼ਨ ਪੂਰੀ ਦ੍ਰਿੜਤਾ ਨਾਲ ਜਾਰੀ ਰੱਖਿਆ। ਇਨ੍ਹਾਂ ਘਟਨਾਵਾਂ ਦਾ ਜ਼ਿਕਰ ਇਸ ਲਈ ਕੀਤਾ ਗਿਆ ਹੈ ਕਿ ਤਾਂ ਕਿ ਇਹ ਸਪਸ਼ਟ ਕੀਤਾ ਜਾ ਸਕੇ ਕਿ ਗੁਰੂ ਸਾਹਿਬ ਨੇ ਵਿਦੇਸ਼ੀ ਗ਼ੁਲਾਮੀ ਤੋਂ ਸੁਤੰਤਰਤਾ ਲਈ ਦੇਸ਼ ਦੇ ਰਾਜਿਆਂ ਨੂੰ ਪ੍ਰੇਰਿਤ ਵੀ ਕੀਤਾ ਅਤੇ ਉਨ੍ਹਾਂ ਦਾ ਸਾਥ ਵੀ ਦਿੱਤਾ।

---

[155] *ਦਸਮ ਗ੍ਰੰਥ ਸਾਹਿਬ,* ਪੰਨਾ-1240.

[156] *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤ੍ਰਤਾ ਦੀ ਭਾਵਨਾ,* ਪੰਨਾ-67

[157] ਭਜਨ ਸਿੰਘ ਗਿਆਨੀ, *ਸਾਡੇ ਇਤਿਹਾਸਕ ਗੁਰਧਾਮ,* ਪੰਨਾ-81

ਗੁਰੂ ਗੋਬਿੰਦ ਜੀ ਨੇ ਮਾਤਾ-ਪਿਤਾ ਅਤੇ ਬੱਚਿਆਂ ਨੂੰ ਵੀ ਦੇਸ ਲਈ ਕੁਰਬਾਨ ਕੀਤਾ। ਭਾਰਤੀ ਲੋਕਾਂ ਵਿਚ ਸਿੱਖ ਲਹਿਰ ਇੱਕੋ-ਇੱਕ ਲਹਿਰ ਸੀ ਜਿਸ ਨੇ ਮਾਨਵਵਾਦੀ ਮਨੋਰਥਾਂ ਅਤੇ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਸਿਆਸੀ ਤਾਕਤ ਜਨਤਾ ਦੇ ਹੱਥ ਵਿਚ ਦੇਣ ਦਾ ਯਤਨ ਕੀਤਾ। ਗੁਰੂ ਗੋਬਿੰਦ ਜੀ ਨੇ ਸਿੱਖ ਸਿਪਾਹੀਆਂ ਨੂੰ ਇਹੋ ਸਿੱਖਿਆ ਦਿੱਤੀ ਕਿ ਉਹ ਕਿਸੇ ਉੱਤਮ ਆਦਰਸ਼ ਅਤੇ ਮਨੁੱਖੀ ਸੁਤੰਤਰਤਾ ਲਈ ਆਪਣੀਆਂ ਜਾਨਾਂ ਵਾਰਨ ਤੋਂ ਕਦੇ ਪਿਛਾਂਹ ਨਾ ਹਟਣ। ਇਸ ਸਿਧਾਂਤ 'ਤੇ ਪਹਿਰਾ ਦਿੰਦਿਆਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦੀ ਕਮਾਨ ਹੇਠ ਸਿੱਖ ਫ਼ੌਜੀ ਦਲ ਨੇ ਬੱਸੀ ਦੇ ਪਠਾਣਾਂ ਉੱਤੇ ਹਮਲਾ ਕਰਕੇ ਦੇਵਕੀ ਦਾਸ ਬ੍ਰਾਹਮਣ ਦੀ ਪਤਨੀ, ਜਿਸਨੂੰ ਜਬਰ ਜੰਗ ਖ਼ਾਨ ਅਗਵਾ ਕਰਕੇ ਕੇ ਲੈ ਗਿਆ ਸੀ, ਨੂੰ ਛੁਡਾ ਕੇ ਲਿਆਂਦਾ। ਉਸ ਦੋਸ਼ੀ ਨੂੰ ਗੁਰੂ ਜੀ ਕੋਲ ਕੈਦੀ ਬਣਾ ਕੇ ਲਿਆਂਦਾ ਗਿਆ ਅਤੇ ਯੋਗ ਦੰਡ ਦਿੱਤਾ ਗਿਆ।[158] ਹਿੰਦੂਆਂ ਵਿਚ ਸਵੈਮਾਣ ਨਹੀਂ ਰਿਹਾ ਸੀ। ਉਹਨਾਂ ਲਈ ਇਕੱਠੇ ਹੋ ਕੇ ਜ਼ੁਲਮ ਨੂੰ ਨੱਥ ਪਾਉਣਾ ਮੁਸ਼ਕਿਲ ਸੀ। ਗੋਕਲ ਚੰਦ ਨਾਰੰਗ ਦੇ ਅਨੁਸਾਰ, "ਹਿੰਦੂਆਂ ਦਾ ਧਰਮ ਤਾਂ ਹੈ ਸੀ ਪਰ ਰਾਸ਼ਟਰੀ ਜਜ਼ਬਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਨੇ ਰਾਸ਼ਟਰੀਅਤਾ ਨੂੰ ਖ਼ਾਲਸੇ ਦਾ ਧਰਮ ਬਣਾ ਦਿੱਤਾ ਜੋ ਕਿ ਏਕਤਾ ਲਈ ਜ਼ਰੂਰੀ ਸੀ।"[159] ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਸਿਰ ਝੁਕਾਉਣ ਅਤੇ ਇਸਲਾਮ ਕਬੂਲ ਕਰਨ ਦੀ ਥਾਂ ਛੋਟੀ ਉਮਰ ਵਿਚ ਹੀ ਸ਼ਹਾਦਤ ਦੇ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਸੀ ਫੁੱਟ ਦੇ ਸ਼ਿਕਾਰ ਭਾਰਤੀ ਸਮਾਜ ਨੂੰ ਇਕ ਕਰਨ ਲਈ 'ਖ਼ਾਲਸਾ ਪੰਥ' ਦੀ ਸਿਰਜਣਾ ਕੀਤੀ ਅਤੇ ਅਜਿਹਾ ਸਮਾਜ ਉਸਾਰਿਆ ਜੋ ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰਿਆਂ ਤੋਂ ਸੁਤੰਤਰ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਬਾਰੇ ਨਾਰੰਗ ਲਿਖਦਾ ਹੈ, "ਹਿੰਦੂ ਕੌਮ ਦੀ ਮੁਰਦਾ ਰੂਹ ਵਿਚ ਨਵਾਂ ਜੀਵਨ ਭਰਨ, ਉਨ੍ਹਾਂ ਨੂੰ ਜ਼ੁਲਮ ਅਤੇ ਅੱਤਿਆਚਾਰ ਦਾ ਟਾਕਰਾ ਕਰਨ ਲਈ ਇਕਮੁੱਠ ਹੋ ਕੇ ਲੜਨ ਦਾ ਸੰਦੇਸ਼ ਦੇਣਾ। ਇਕ ਵਾਰ ਉਨ੍ਹਾਂ ਨੂੰ ਜਿਉਂਦੀ ਜਾਗਦੀ ਕੌਮ ਵਿਚ ਬਦਲ ਕੇ ਉਨ੍ਹਾਂ ਦੀ ਖੁੱਸੀ ਸੁਤੰਤਰਤਾ ਮੁੜ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਸੀ।"[160] ਇਸ ਲਈ ਉਨ੍ਹਾਂ ਨੇ ਏਕਤਾ ਦਾ ਉਪਦੇਸ਼ ਦਿੱਤਾ, ਇਸਦੀ ਗਵਾਹੀ ਗੁਰੂ ਗੋਬਿੰਦ ਦੀ ਲਿਖਤ ਅਕਾਲ ਉਸਤਤ ਵਿਚ ਮਿਲਦੀ ਹੈ:

ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖ਼ਾਕ ਬਾਦ, ਆਤਿਸ਼ ਔ, ਆਬ ਕੋ ਰਲਾਉ ਹੈ।
ਅੱਲਹੁ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ,

[158] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-89
[159] *ਸਿੱਖ ਮਤਿ ਦਾ ਪਰਿਵਰਤਨ,* ਪੰਨਾ-72.
[160] ਉਹੀ, ਪੰਨਾ72

ਏਕ ਹੀ ਸਰੂਪ ਸਭੈ, ਏਕ ਹੀ ਬਨਾਉ ਹੈ।[161]

ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ ਧਰਮ ਯੁੱਧ ਤੇ ਸੁਤੰਤਰਤਾ ਨਾਲ ਜੁੜੀਆਂ ਹੋਈਆਂ ਹਨ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਗੁਰੂ ਜੀ ਦੇ ਕਾਵਿ ਸਾਹਿਤ ਵਿਚ ਰਾਸ਼ਟਰੀ ਸੁਤੰਤਰਤਾ ਦੀ ਭਾਵਨਾ ਸਪਸ਼ਟ ਦਿਖਾਈ ਦਿੰਦੀ ਹੈ। ਵਾਸਤਵ ਵਿਚ ਗੁਰੂ ਗੋਬਿੰਦ ਸਿੰਘ ਆਪਣੀ ਬਾਣੀ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੁਆਰਾ ਲਿਖਿਆ ਸਾਹਿਤ ਰਾਸ਼ਟਰ ਅਤੇ ਧਰਮ ਦੀ ਰੱਖਿਆ ਨੂੰ ਸਮਰਪਿਤ ਹੈ। ਗੁਰੂ ਗੋਬਿੰਦ ਸਿੰਘ ਦੀਆਂ ਸਾਹਿਤਕ ਰਚਨਾਵਾਂ ਨਾਲ ਸਿੱਖਾਂ ਅੰਦਰ ਸ੍ਵੈ-ਰੱਖਿਆ ਅਤੇ ਰਾਸ਼ਟਰ ਉਥਾਨ ਦੀ ਪ੍ਰਬਲ ਚੇਤਨਾ ਪੈਦਾ ਹੋਈ।"[162] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਦਸਮ ਗ੍ਰੰਥ ਦੀ ਬਾਣੀ ਵਿਚ 'ਧਰਮ ਯੁੱਧ' ਲਈ ਜੂਝਣ ਦਾ ਸੰਕਲਪ ਸਪਸ਼ਟ ਦਿਖਾਈ ਦਿੰਦਾ ਹੈ, "ਇਸ ਗ੍ਰੰਥ ਵਿਚ ਯੁੱਧ ਵਰਣਨ ਯਥਾਰਥ ਅਤੇ ਸੁਭਾਵਿਕ ਹੈ। ਇਹ ਯੁੱਧ ਨਰ-ਸੰਘਾਰ ਲਈ ਨਹੀਂ ਸਗੋਂ 'ਸਤਿ ਦੀ ਅਸਤਿ' 'ਤੇ ਜਿੱਤ ਦਾ ਵਰਣਨ ਹੈ। ਇਸਦਾ ਪ੍ਰਯੋਜਨ ਸਾਮਿਅਕ ਪਰਿਸਥਿਤੀਆਂ ਅਨੁਸਾਰ ਦੇਸ਼ ਵਾਸੀਆਂ ਨੂੰ ਸੁਰੱਖਿਆ ਅਤੇ ਰਾਸ਼ਟਰ ਕਲਿਆਣ ਲਈ ਤਿਆਰ ਕਰਨਾ ਅਤੇ ਯੁੱਧ ਪ੍ਰਤੀ ਅਨੁਰਾਗ ਪੈਦਾ ਕਰਨਾ ਹੈ।" [163]

ਹਰੀ ਰਾਮ ਗੁਪਤਾ ਵੀ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਨੇ ਜੰਗ ਨੂੰ ਸਿਰਫ਼ ਮਨੁੱਖੀ ਅਧਿਕਾਰਾਂ ਦੀ ਹੋਂਦ ਲਈ ਜ਼ਰੂਰੀ ਐਲਾਨਿਆ ਸੀ।"[164] ਗੁਰੂ ਗੋਬਿੰਦ ਸਿੰਘ ਨੇ ਸਾਮਰਾਜਵਾਦ ਦੀ ਵਿਰੋਧਤਾ ਕਰਦਿਆਂ ਲੋਕਾਂ ਦੀ ਪ੍ਰਭੁਤਾ ਦਾ ਮੁੱਢ ਬੰਨ੍ਹਿਆ। ਉਹ ਸਾਰੀਆਂ ਸ਼ਕਤੀਆਂ ਸੰਗਤ ਦੇ ਰੂਪ ਵਿਚ ਖ਼ਾਲਸਾ ਪੰਥ ਨੂੰ ਦੇਣਾ ਚਾਹੁੰਦੇ ਸਨ। ਸੰਗਤ ਨੂੰ ਖ਼ਾਲਸੇ ਦੇ ਰੂਪ ਵਿਚ ਇਕੱਠੇ ਕਰਕੇ ਗ਼ੁਲਾਮੀ ਤੇ ਜ਼ਾਲਮ ਰਾਜ ਵਿਰੁੱਧ ਜੰਗ ਜਿੱਤਣਾ ਉਨ੍ਹਾਂ ਦਾ ਮਿਸ਼ਨ ਸੀ:

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ।
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਅਓਘ ਟਰੈ ਇਨ ਹੀ ਕੇ ਪ੍ਰਸਾਦਿ।
ਇਨ ਹੀ ਕ੍ਰਿਪਾ ਫੁਨ ਧਾਮ ਭਰੇ।[165]

ਭਾਈ ਰਤਨ ਸਿੰਘ ਭੰਗੂ ਜਿਨ੍ਹਾਂ ਦੇ ਪਰਿਵਾਰ ਨੇ ਅਠ੍ਹਾਰਵੀਂ ਸਦੀ ਵਿਚ ਦੇਸ ਦੀ ਸੁਤੰਤਰਤਾ ਲਈ ਸਰਗਰਮ ਹਿੱਸਾ ਲਿਆ ਸੀ। ਆਪਣੇ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਲੁਹਾਰ,

---

[161] *ਦਸਮ ਗ੍ਰੰਥ ਸਾਹਿਬ,* ਪੰਨਾ-28

[162] *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤ੍ਰਤਾ ਦੀ ਭਾਵਨਾ,* ਪੰਨਾ-50 ਤੇ 59

[163] ਉਹੀ, ਪੰਨਾ-168

[164] "Guru Gobind Singh made declaration of war in favour of human right." Hari Ram, *History Of The sikh,s, vol.I* p.253

[165] *ਦਸਮ ਗ੍ਰੰਥ ਸਾਹਿਬ,* ਪੰਨਾ-138

ਤਰਖਾਣ, ਛੀਂਬੇ, ਗੁੱਜਰ, ਝਿਊਰ, ਲਬਾਣਿਆਂ, ਜੱਟ ਆਦਿ ਨੀਂਵੀਆਂ ਜਾਤਾਂ ਦੇ ਲੋਕਾਂ ਨੂੰ ਪਾਤਸ਼ਾਹੀ ਦੇਣ ਲਈ ਤਿਆਰ ਕੀਤਾ। ਜਿਨ੍ਹਾਂ ਨੂੰ ਕਦੇ ਸੁਪਨੇ ਵਿਚ ਵੀ ਪਾਤਸ਼ਾਹੀ ਦਾ ਖਿਆਲ ਨਹੀਂ ਆਇਆ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਸਦੀਵੀ ਸੁਤੰਤਰਤਾ ਬਖ਼ਸ਼ ਦਿੱਤੀ:

'ਇਨ ਗ੍ਰੀਬ ਸਿੰਘਨ ਕੌ ਦਯੈ ਪਤਿਸ਼ਾਹੀ
ਏ ਯਾਦ ਰਖੈਂ ਹਮਰੀ ਗੁਰਿਆਈ।'[166]

ਗੁਰੂ ਗੋਬਿੰਦ ਸਿੰਘ ਨੇ ਸੁਤੰਤਰਤਾ, ਲੋਕਰਾਜ, ਧਰਮ-ਨਿਰਪੇਖਵਾਦ ਅਤੇ ਮਾਨਵ ਏਕਤਾ ਵਰਗੇ ਆਦਰਸ਼ਾਂ ਦਾ ਮਾਰਗ ਦਰਸ਼ਨ ਕੀਤਾ। ਖ਼ੁਦ ਨੂੰ ਪਰਮੇਸ਼ਰ ਮੰਨਣ ਕਾਰਨ ਸਮਕਾਲੀ ਬਾਦਸ਼ਾਹਾਂ ਵਿਚ ਅਹੰਕਾਰੀ ਬਿਰਤੀ ਪੈਦਾ ਹੋ ਗਈ ਸੀ। ਜਿਸ ਕਾਰਨ ਉਹ ਮਨੁੱਖ ਨੂੰ ਆਪਣਾ ਗ਼ੁਲਾਮ ਸਮਝਣ ਲੱਗੇ ਪਰ ਗੁਰੂ ਜੀ ਨੇ ਬਾਦਸ਼ਾਹਾਂ ਵਾਂਗ ਆਪਣੇ ਆਪ ਨੂੰ ਪਰਮੇਸ਼ਰ ਨਹੀਂ ਕਹਾਇਆ ਸਗੋਂ ਆਪਣੇ ਆਪ ਨੂੰ ਪਰਮੇਸ਼ਰ ਦਾ ਦਾਸ ਦੱਸਿਆ। ਉਨ੍ਹਾਂ ਦਾ ਕਥਨ ਹੈ:

ਜੇ ਹਮ ਕੋ ਪਰਮੇਸੁਰ ਉਚਰਿਹੈਂ। ਤੇ ਸਭ ਨਰਕ ਕੁੰਡ ਮਹਿ ਪਰ ਹੈ।
ਮੋ ਕੋ ਦਾਸ ਕਵਨ ਕਾ ਜਾਨੋ। ਯਾ ਮੈ ਭੇਦਿ ਨ ਰੰਚਿ ਪਛਾਨੋ।
ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨਿ ਆਯੋ ਜਗਤ ਤਮਾਸਾ।[167]

ਗੁਰੂ ਗੋਬਿੰਦ ਸਿੰਘ ਨੇ ਨਿਮਾਣੇ ਨਿਤਾਣਿਆਂ ਨੂੰ ਖ਼ਾਲਸਾ ਸਾਜ਼ ਕੇ ਅਜਿਹੀ ਸ਼ਕਤੀ ਭਰ ਦਿੱਤੀ ਕਿ ਉਹ ਵੱਡੇ-ਵੱਡੇ ਬਾਦਸ਼ਾਹਾਂ ਨਾਲ ਟੱਕਰ ਲੈਣ ਲੱਗ ਪਏ ਸਨ। ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਗੁਰੂ ਗੋਬਿੰਦ ਦੇ ਖ਼ਾਲਸਾ ਪੰਥ ਦੁਆਰਾ ਚਿੜੀਆਂ ਕੋਲੋਂ ਬਾਜ਼ ਮਰਵਾਉਣ ਅਤੇ ਸਹੇ ਨੂੰ ਸ਼ੇਰ ਬਣਾਉਣ, ਵਿਤਕਰਿਆਂ ਅਤੇ ਸ਼ੋਸ਼ਣ ਦੀ ਸ਼ਿਕਾਰ ਆਮ ਜਨਤਾ ਨੂੰ ਸਮਾਜ ਵਿਚ ਉੱਚ ਦਰਜੇ 'ਤੇ ਪਹੁੰਚਾਉਣ ਦੇ ਸੰਕਲਪ ਨੂੰ ਪ੍ਰਸਤੁਤ ਕੀਤਾ ਹੈ:

ਮੈਂ ਅਸਿਪਾਨਿਜ ਤਬ ਲਖੋ ਕਰੋ ਐਸ ਯੋ ਕਾਮ।
ਚਿੜੀਅਨ ਬਾਜ ਤੁਰਯ ਹੋਂ ਸਸੇ ਕਰੋਂ ਸਿੰਘ ਸਾਮ।
ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।
ਤਾਤੈ ਕਾਲ ਕੀਓ ਇਹੇ ਬਾਜ ਹਨੇ ਚਿੜੀਆਹ।।[168]

ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨਿਰਪੱਖਤਾ, ਸਾਂਝੀਵਾਲਤਾ ਤੇ ਭਾਰਤੀ ਅਤਾ ਦਾ ਸੰਦੇਸ਼ ਦਿੱਤਾ ਜੋ ਸੁਤੰਤਰਤਾ ਲਈ ਜ਼ਰੂਰੀ ਸੀ। ਉਨ੍ਹਾਂ ਨੇ ਜਾਤ, ਜਨਮ, ਪਦਵੀ ਦੁਆਰਾ ਪ੍ਰਾਪਤ ਅਧਿਕਾਰਾਂ ਦੀ ਸਮਾਪਤੀ

---

[166] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-41

[167] *ਦਸਮ ਗ੍ਰੰਥ ਸਾਹਿਬ,* ਪੰਨਾ-163

[168] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ-10,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ-138.

ਕੀਤੀ ਅਤੇ ਨੀਵਿਆਂ ਨੂੰ ਬਰਾਬਰ ਕੀਤਾ। ਭਾਰਤ ਦੇ ਲੋਕਾਂ ਨੂੰ ਸੁਤੰਤਰਤਾ ਦਾ ਸੰਕਲਪ ਦਿੱਤਾ। ਅੱਜ ਵੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ ਲੋਕਤੰਤਰੀ ਸੰਸਥਾਵਾਂ ਮਨੁੱਖ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਹੀਆਂ ਹਨ। ਗੁਰੂ ਸਾਹਿਬ ਨੇ ਆਉਣ ਵਾਲੀਆਂ ਨਸਲਾਂ ਨੂੰ ਪ੍ਰੇਰਨਾ ਦਿੱਤੀ ਤਾਂ ਕਿ ਅੱਤਿਆਚਾਰ, ਅਨਿਆਂ, ਗ਼ੁਲਾਮੀ ਦਾ ਵੀ ਬੀਰਤਾ ਪੂਰਵਕ ਟਾਕਰਾ ਕੀਤਾ ਜਾ ਸਕੇ। ਮਨੁੱਖੀ ਸੁਭਾਅ ਅਜਿਹੀ ਚੰਗਿਆੜੀ ਹੈ ਜਿਸ ਵਿਚ ਬਰਾਬਰੀ ਤੇ ਆਜ਼ਾਦੀ ਦੀ ਤਾਂਘ ਹੈ। ਗੁਰੂ ਜੀ ਨੇ ਇਸ ਚੰਗਿਆੜੀ ਨੂੰ ਮਘਾਇਆ। ਕਨਿੰਘਮ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੇ ਜੰਗਜੂ ਸੁਭਾਅ ਵਿਚ ਧਾਰਮਿਕ ਜੋਸ਼ ਕੁੱਟ-ਕੁੱਟ ਕੇ ਭਰ ਦਿੱਤਾ ਅਤੇ ਔਰੰਗਜ਼ੇਬ ਦੀ ਸਲਤਨਤ ਦੀ ਮਿਟ ਰਹੀ ਸ਼ਾਨੋ-ਸ਼ੌਕਤ ਦੇ ਖੰਡਰਾਂ 'ਤੇ ਲੋਕ ਹਕੂਮਤ ਕਾਇਮ ਕਰਨ ਦੀ ਆਪਣੀ ਸਕੀਮ ਜਲਦਬਾਜ਼ੀ, ਬੇਸੋਚੀ-ਬੇ ਸਮਝੀ ਵਾਲੀ ਸਕੀਮ ਨਹੀਂ ਸੀ।[169]

ਇੰਦੂਭੂਸ਼ਨ ਬੈਨਰਜੀ ਅਨੁਸਾਰ ਗੁਰੂ ਨਾਨਕ ਦਾ ਨਿਸ਼ਾਨਾ ਪਦਾਰਥਕ ਸੁਤੰਤਰਤਾ ਸੀ ਜਦਕਿ ਗੁਰੂ ਗੋਬਿੰਦ ਸਿੰਘ ਜੀ ਰਾਜਨੀਤਿਕ ਉੱਨਤੀ ਤੇ ਫ਼ੌਜੀ ਗੌਰਵ 'ਤੇ ਜ਼ਿਆਦਾ ਜ਼ੋਰ ਦਿੰਦੇ ਸਨ। ਸਿੱਖ ਦੀ ਤਲਵਾਰ ਵੀ ਧਰਮ ਰਖਸ਼ਾ ਲਈ ਸੀ। ਰਾਜਨੀਤਿਕ ਸੁਤੰਤਰਤਾ ਸਿੱਖਾਂ ਦਾ ਨਿਸ਼ਾਨਾ ਸੀ।[170] ਪ੍ਰਿੰ. ਸਤਿਬੀਰ ਸਿੰਘ ਇਕ ਘਟਨਾ ਦਾ ਜ਼ਿਕਰ ਕਰਦੇ ਹਨ:

> ਨਗਾਰਾ ਕਿਸੇ ਸੁਤੰਤਰ ਰਾਜ ਦੀ ਪ੍ਰਮੁੱਖਤਾ ਦਾ ਚਿੰਨ੍ਹ ਹੁੰਦਾ ਹੈ ਅਤੇ ਗੁਰੂ ਜੀ ਦੇ ਦਰਬਾਰ ਵਿਚ ਹਮੇਸ਼ਾ ਨਗਾਰਾ ਵਜਾਇਆ ਜਾਂਦਾ ਸੀ। ਔਰੰਗਜ਼ੇਬ ਜਿਸਨੂੰ ਆਪਣੇ ਪੁੱਤਰ ਸ਼ਹਿਜ਼ਾਦਾ ਮੁੱਅਜ਼ਮ ਦਾ ਕਾਬਲ ਵਿਖੇ ਦਰਬਾਰ ਲਗਾਉਣ ਵੇਲੇ ਨਗਾਰੇ ਵਜਾਉਣਾ ਚੰਗਾ ਨਹੀਂ ਲੱਗਾ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਰਣਜੀਤ ਨਗਾਰੇ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਕਾਬਲ ਤੋਂ ਮੁਖ਼ਬਰਾਂ ਨੇ ਦਿੱਲੀ ਖ਼ਬਰ ਭੇਜੀ ਸੀ ਕਿ ਜਦ ਮੁੱਅਜ਼ਮ ਨੇ ਦਰਬਾਰ ਲਗਾਇਆ ਤਾਂ ਚਾਰ ਨਗਾਰੇ ਵਜਾਏ। ਔਰੰਗਜ਼ੇਬ ਨੇ ਗੁੱਸੇ ਵਿਚ ਭੜਕ ਕੇ ਲਿਖਿਆ ਸੀ, 'ਚਾਰ ਨਗਾਰਿਆਂ ਦੀ ਥਾਂ ਤੈਨੂੰ ਕੇਵਲ ਚਾਰ ਢੋਲ ਵਜਾਉਣੇ ਚਾਹੀਦੇ ਸਨ, ਕਿਉਂਕਿ ਨਗਾਰਾ ਵਜਾਉਣ ਦਾ ਹੱਕ, ਦਰਬਾਰ ਲੱਗਣ ਸਮੇਂ ਕੇਵਲ ਸ਼ਹਿਨਸ਼ਾਹ ਨੂੰ ਹੀ ਹੈ। ਜਦ ਅੱਲਾਹ-ਪਾਕ ਤੈਨੂੰ ਤਖ਼ਤ ਨਸ਼ੀਨ ਕਰੇਗਾ ਤਾਂ ਤੂੰ ਖ਼ੁਸ਼ੀ ਨਾਲ ਇਨ੍ਹਾਂ ਸ਼ਾਹੀ ਹੱਕਾਂ ਦੀ ਵਰਤੋਂ ਕਰ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਰਣਜੀਤ ਨਗਾਰੇ ਦੀ ਅਵਾਜ਼ ਦੂਰ ਤੱਕ ਗੂੰਜਣ ਲੱਗੀ। ਪਹਾੜੀ ਰਾਜਿਆਂ ਨੇ ਖ਼ਤਰਾ ਮਹਿਸੂਸ ਕਰਦੇ ਹੋਏ ਔਰੰਗਜ਼ੇਬ ਨੂੰ ਲਿਖ ਭੇਜਿਆ ਕਿ ਕੋਈ ਸਖ਼ਤ ਕਦਮ ਚੁੱਕੇ। ਰਣਜੀਤ ਨਗਾਰੇ ਦੀ ਗੂੰਜਦੀ ਆਵਾਜ਼ ਨੂੰ ਰੋਕਣ ਲਈ ਔਰੰਗਜ਼ੇਬ ਨੇ ਪਹਿਲਾਂ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਤੇ ਫਿਰ ਹੁਸੈਨ ਖਾਨ ਤੇ ਉਪਰੰਤ ਆਪਣੇ ਬੇਟੇ ਸਹਿਜ਼ਾਦਾ ਮੁੱਅਜ਼ਮ ਨੂੰ ਵੀ ਭੇਜਿਆ। ਨਿੱਤ ਦੀਆਂ ਰੁਕਾਵਟਾਂ ਦੇ ਬਾਵਜੂਦ ਗੁਰੂ ਦੀ ਲਹਿਰ ਵਧਦੀ ਗਈ।[171]

ਭਾਈ ਗੁਰਦਾਸ ਦੂਜਾ ਜੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਹੀ ਖ਼ਾਲਸੇ ਦਾ ਰੂਪ ਦਿੱਤਾ ਹੈ ਅਤੇ ਐਸੀ ਸ਼ਕਤੀ ਭਰ ਦਿੱਤੀ ਕਿ ਤੁਰਕ ਕੰਬਣ ਲੱਗ ਪਏ ਸਨ। 'ਗੁਰ-ਚੇਲੇ ਦੀ ਵਾਰ' ਦੀ ਪੰਦ੍ਰਵੀਂ ਪਉੜੀ ਵਿਚ ਉਹ ਲਿਖਦੇ ਹਨ:

---

[169] *ਸਿੱਖ ਇਤਿਹਾਸ,* ਪੰਨਾ-80

[170] *ਖ਼ਾਲਸੇ ਦੀ ਉਤਪਤੀ (ਜਿਲਦ ਪਹਿਲੀ),* ਪੰਨਾ-89

[171] *ਸਾਡਾ ਇਤਿਹਾਸ ਦਸ ਪਾਤਸ਼ਾਹੀਆਂ,* ਪੰਨਾ-336-337

ਉਹੁ ਗੁਰੁ ਗੋਬਿੰਦ ਹੋਇ ਪਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਰਿ ਗਹਿ ਖ਼ੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਰਿ ਪਕੜੋ ਹਥਿਆਰਾ।[172]

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਗੁਰੂ ਦੇ ਹੁਕਮਾਂ ਤੋਂ ਬਿਨ੍ਹਾਂ ਹੋਰ ਕਿਸੇ ਦਾ ਫੁਰਮਾਨ ਨਾ ਮੰਨਣ ਲਈ ਕਿਹਾ ਸੀ। ਸਿੱਖ ਅਕਾਲ ਪੁਰਖ ਦੀ ਸ਼ਕਤੀ ਤੋਂ ਆਪਣਾ ਰਾਜ ਕਾਇਮ ਕਰਨਗੇ। ਕਿਰਪਾਨ ਪਹਿਨਣ ਦਾ ਹੁਕਮ ਦੇ ਕੇ ਸਿੱਖਾਂ ਨੂੰ ਸੁਤੰਤਰ ਰਾਜਨੀਤੀ ਬਖ਼ਸ਼ੀ ਤੇ ਸਿੱਖ ਆਖਣ ਲੱਗੇ ਸਨ:

ਸਿੰਘ ਹੋਇ ਰਾਖਹਿ ਕਿਮ ਕਾਨ।
ਐਰੇ ਗੈਰੇ ਕਾ ਮੰਗਹਿ ਫਰਮਾਨ।
ਧੁਰ ਦਰਗਾਹੋਂ ਲਈ ਪਾਤਸ਼ਾਹੀ।
ਸ੍ਰੀ ਸਤਿਗੁਰ ਕੇ ਮੁਖ ਤੇ ਪਾਈ।[173]

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਇਨਕਲਾਬ ਲਈ ਖ਼ਾਲਸੇ ਨੂੰ ਹਥਿਆਰਬੰਦ ਕੀਤਾ ਤੇ ਖ਼ਾਲਸੇ ਨੇ ਦੰਗੇ ਕਰਕੇ ਜ਼ਾਲਮਾਂ ਨੂੰ ਸੋਧਣ ਦਾ ਕਾਰਜ ਆਰੰਭ ਕਰ ਦਿੱਤਾ:

ਪ੍ਰਿਥਮ ਵਧਾਯੋ ਖਾਲਸੈ ਫਿਰ ਦਈਓ ਦੰਗੋ ਮਚਾਇ।।[174]

ਰਾਸ਼ਟਰ ਦੀ ਸੁਤੰਤਰਤਾ ਲਈ ਯੁੱਧ ਕਰਨਾ ਧਰਮ ਦੀ ਸਥਾਪਨਾ ਦਾ ਪ੍ਰਕਾਰਾਂਤਰਿਤ ਰੂਪ ਸੀ। ਜੋ ਕੰਮ ਭਾਰਤ ਦੇ ਸੂਰਬੀਰ ਸੈਂਕੜੇ ਸਾਲਾਂ ਤੋਂ ਨਾ ਕਰ ਸਕੇ ਉਹ ਗੁਰੂ ਗੋਬਿੰਦ ਸਿੰਘ ਨੇ ਕੁਝ ਵਰ੍ਹਿਆਂ ਵਿਚ ਕਰ ਵਿਖਾਇਆ ਸੀ। ਹਿੰਦੂ ਲਿਖਾਰੀ ਦੌਲਤ ਰਾਇ ਆਪਣੀ ਰਚਨਾ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਵਿਚ ਲਿਖਦੇ ਹਨ, ਕ੍ਰਿਸ਼ਨ ਜੀ, ਰਾਮ ਚੰਦਰ ਤੇ ਸ਼ੰਕਰ ਆਪਣੀ ਥਾਂ ਵੱਡੇ ਆਦਮੀ ਸਨ ਪਰ ਗੁਰੂ ਜੀ ਦਾ ਅਸਥਾਨ ਉਨ੍ਹਾਂ ਤੋਂ ਕਿਤੇ ਵਿਸ਼ੇਸ਼ ਪ੍ਰਮੁੱਖ ਹੈ। ਗੁਰੂ ਜੀ ਇਨ੍ਹਾਂ ਸਾਰਿਆਂ ਨਾਲੋਂ ਕੌਮੀ ਖੇਤਰ ਵਿਚ ਬਹੁਤ ਅੱਗੇ ਨਿਕਲ ਗਏ ਸਨ। ਕ੍ਰਿਸ਼ਨ ਜੀ ਰਜਵਾੜਿਆਂ ਦੇ ਮਨਾਂ ਅੰਦਰੋਂ ਕਾਇਰਤਾ ਨੂੰ ਕੱਢਣ ਦਾ ਬੀੜਾ ਚੁੱਕਦੇ ਸਨ ਪਰ ਗੁਰੂ ਜੀ ਉਨ੍ਹਾਂ ਪ੍ਰਾਣੀਆਂ ਨੂੰ ਉੱਚਿਆਂ ਚੁੱਕ ਰਹੇ ਸਨ ਜਿਹੜੇ ਲਿਤਾੜੇ ਜਾਣ ਕਰਕੇ ਮਿੱਟੀ ਵਿਚ ਮਿੱਟੀ ਹੋ ਚੁੱਕੇ ਸਨ।[175]

---

[172] ਵਾਰਾਂ *ਭਾਈ ਗੁਰਦਾਸ ਦੂਜਾ,* ਵਾਰ 41ਵੀਂ, ਪਉੜੀ 15ਵੀਂ, ਪੰਨਾ-440
[173] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਡਾ.) (ਸੰਪਾ.), ਪੰਨਾ-78
[174] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-47
[175] *ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ,* ਪੰਨਾ-205

ਭਾਰਤ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਦਾ ਸਥਾਨ ਮਹੱਤਵਪੂਰਨ ਹੈ। ਰਾਜਪੂਤਾਂ ਵਰਗੀਆਂ ਪਰੰਪਰਾਗਤ ਸੂਰਬੀਰ ਜਾਤੀਆਂ ਵੀ ਵਿਦੇਸ਼ੀ ਸ਼ਾਸਨ ਦੀਆਂ ਗ਼ੁਲਾਮ ਬਣ ਚੁੱਕੀਆਂ ਸਨ। ਸਾਰਾ ਉੱਤਰੀ ਭਾਰਤ ਨੇਤਾ ਵਿਹੀਣ ਹੋ ਗਿਆ ਸੀ। ਗੁਰੂ ਜੀ ਨੇ ਇਸ ਕਾਰਜ ਲਈ ਪੂਰਾ ਸਰਬੰਸ ਵਾਰ ਦਿੱਤਾ ਪਰ ਰਾਸ਼ਟਰੀ ਸੁਤੰਤਰਤਾ ਦੇ ਉਦੇਸ਼ ਤੋਂ ਜ਼ਰਾ ਨਾ ਥਿੜਕੇ। ਸੁੱਚਮੁੱਚ ਹੀ ਉਹ ਯੁੱਗ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਯੁੱਗ ਪੁਰਸ਼ ਸਨ ਜਿਸ ਨੇ ਭਾਰਤ ਵਾਸੀਆਂ ਦੇ ਮਨ ਵਿਚ ਸੁਤੰਤਰਤਾ ਅਤੇ ਰਾਸ਼ਟਰੀ ਕਲਿਆਣ ਲਈ ਯੁੱਧ ਕਰਨ ਵਾਸਤੇ ਅਨੁਰਾਗ ਪੈਦਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਤਲਵਾਰ ਦੀ ਸ਼ਕਤੀ ਦੇ ਦੁਰ-ਉਪਯੋਗ ਬਾਰੇ ਸਖ਼ਤ ਤਾੜਨਾ ਕਰਦਿਆਂ ਲਿਖਿਆ ਹੈ ਕਿ ਤੂੰ ਕਿਸੇ ਉਤੇ ਬੇਝਿੱਜਕ ਹੋ ਕੇ ਤਲਵਾਰ ਨਾ ਚਲਾ ਕਿਉਂਕਿ ਤੇਰਾ ਲਹੂ ਵੀ ਕਿਸੇ ਗੈਬੀ ਸ਼ਕਤੀ ਨੇ ਕਾਲ ਦੀ ਤੇਗ਼ ਨਾਲ ਡੋਲਣਾ ਹੈ:

ਮੁ ਜਨ ਤੇਗ ਬਰ ਖ਼ੂੰਨ ਦਸ ਬੇ ਦਰੰਗ।
ਤੁਰਾ ਨੀਜ਼ ਖ਼ੂੰਨ ਅਸਤ ਬਾ ਚਰਖ ਤੇਗ।[176]

ਗੁਰੂ ਗੋਬਿੰਦ ਸਿੰਘ ਨੇ ਇਤਿਹਾਸ ਦਾ ਮੂੰਹ ਮੋੜ ਕੇ ਰੱਖ ਦਿੱਤਾ। ਅਜਿਹੀ ਤਬਦੀਲੀ ਲੈ ਆਂਦੀ ਜਿਸ ਨੇ ਸਮੁੱਚੇ ਸਮਾਜ ਦੀ ਨੁਹਾਰ ਬਦਲ ਦਿੱਤੀ ਸੀ। ਮੁਹੰਮਦ ਲਤੀਫ਼ ਗੁਰੂ ਜੀ ਦੀ ਦੇਣ 'ਤੇ ਚਾਨਣਾ ਪਾਉਂਦਿਆਂ ਲਿਖਦਾ ਹੈ, "ਉਹ ਆਪਣੀ ਗੱਦੀ 'ਤੇ ਸੁਸ਼ੋਭਿਤ ਗੁਰੂ, ਜੰਗ ਵਿਚ ਯੋਧਾ, ਮਸਨਦ ਉੱਤੇ ਬਾਦਸ਼ਾਹ ਅਤੇ ਖ਼ਾਲਸੇ ਦੀ ਸੰਗਤ ਵਿਚ ਸੰਤ ਸੀ।"[177]

ਮੁਗ਼ਲ ਬਾਦਸ਼ਾਹ ਅਕਬਰ ਤੋਂ ਬਾਅਦ ਮੁਗ਼ਲ ਰਾਜਿਆਂ ਵੱਲੋਂ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ 'ਜਹਾਦ' ਛੇੜਿਆ ਗਿਆ ਪਰ ਇਸ ਅੱਤਿਆਚਾਰ ਵਿਰੁੱਧ ਗੁਰੂ ਸਾਹਿਬ ਨੇ ਖ਼ਾਲਸੇ ਨੂੰ ਅਜਿਹੀ ਸ਼ਕਤੀ ਬਖ਼ਸ਼ੀ ਕਿ ਜਿਸ ਨਾਲ ਹਿੰਦੂ ਤੋਂ ਖ਼ਾਲਸਾ ਬਣੇ ਮਨੁੱਖ ਨੇ ਮੁਗ਼ਲ ਰਾਜ ਦੀਆਂ ਜੜਾਂ ਪੁੱਟ ਸੁੱਟੀਆਂ। ਗੁਰੂ ਗੋਬਿੰਦ ਸਿੰਘ ਵੱਲੋਂ ਚਲਾਈ ਦੇਸ, ਧਰਮ ਅਤੇ ਸੁਤੰਤਰਤਾ ਦੀ ਲਹਿਰ ਬਾਰੇ ਮੁਸਲਮਾਨ ਫ਼ਕੀਰ ਬੁੱਲੇ ਸ਼ਾਹ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

"ਨ ਕਹੂੰ ਜਬ ਕੀ, ਨ ਕਹੂੰ ਤਬ ਕੀ, ਬਾਤ ਕਹੂੰ ਮੈ ਅਬ ਕੀ।
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।"[178]

---

176 *ਦਸਮ ਗ੍ਰੰਥ ਸਾਹਿਬ,* ਪੰਨਾ-1392.

177 *ਪੰਜਾਬ ਦਾ ਇਤਿਹਾਸ,* ਪੰਨਾ-82.

178 ਸ਼ੀਤਲ, ਜੀਤ ਸਿੰਘ(ਡਾ.) (ਸੰਪਾ.), *ਬੁੱਲੇ ਸ਼ਾਹ ਜੀਵਨ ਤੇ ਰਚਨਾ,* ਪੰਨਾ-9

ਭਾਵ ਜੇਕਰ ਗੁਰੂ ਗੋਬਿੰਦ ਸਿੰਘ ਨਾ ਹੁੰਦੇ ਤਾਂ ਮੁਗ਼ਲ ਬਾਦਸ਼ਾਹਾਂ ਵੱਲੋਂ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਦਿੱਤਾ ਜਾਂਦਾ। ਗੁਰੂ ਗੋਬਿੰਦ ਸਿੰਘ ਨੇ ਉਹ ਸੰਸਥਾਵਾਂ ਜਿਹੜੀਆਂ ਰਾਸ਼ਟਰੀ ਏਕਤਾ ਦੇ ਵਿਰੁੱਧ ਸਨ, ਨੂੰ ਪੁੱਟ ਸੁੱਟਿਆ। ਉਹ ਅਜਿਹਾ ਭਾਈਚਾਰਾ ਕਾਇਮ ਕਰਨਾ ਚਾਹੁੰਦੇ ਸਨ ਜਿਹੜਾ ਆਪਣੇ ਆਪ ਨੂੰ ਪੁਜਾਰੀਆਂ ਅਤੇ ਹਾਕਮਾਂ ਦੇ ਅੱਤਿਆਚਾਰਾਂ ਤੋਂ ਸੁਤੰਤਰ ਕਰਵਾਉਣ ਲਈ ਸ਼ੁੱਧ ਹੋਵੇ ਅਤੇ ਨਾਲ ਹੀ ਇਤਨਾ ਸ਼ਕਤੀਸ਼ਾਲੀ ਹੋਵੇ ਕਿ ਆਪਣੀ ਸੁਤੰਤਰਤਾ ਨੂੰ ਕਾਇਮ ਰੱਖ ਸਕੇ।[179] ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਮਹਾਂਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਖ਼ਾਲਸਾ ਪੰਥ ਦੁਆਰਾ ਗੁਰੂ ਗੋਬਿੰਦ ਸਿੰਘ ਨੇ ਮੁਗ਼ਲਾਂ ਦੇ ਇਕੋ ਧਰਮ ਵਾਲੇ ਰਾਜ ਦੀ ਸਥਾਪਨਾ ਦਾ ਸੁਪਨਾ ਪੂਰਾ ਨਾ ਹੋਣ ਦਿੱਤਾ, ਨਹੀਂ ਹੋਰ ਧਰਮਾਂ ਦਾ ਅੰਤ ਹੋ ਜਾਣਾ ਸੀ ਅਤੇ ਸਿਰਫ਼ ਕੁਰਆਨ ਪੜ੍ਹਨ ਵਾਲੇ ਹੀ ਮੌਜੂਦ ਰਹਿੰਦੇ:

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਿਤਾਬਨਿ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ ਸਹਿਤ ਬਿਧਾਨਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।
ਸ਼੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜਉਪੈ ਕਰੁਣਾ ਨਿਧਾਨ ਕੀ।।[180]

ਗੁਰੂ ਜੀ ਨੇ ਮਨੁੱਖ ਨੂੰ ਸਵੈਮਾਨ ਲਈ ਜੂਝ ਕੇ ਮਰਨ ਦਾ ਉਪਦੇਸ਼ ਦਿੱਤਾ। ਸੁਤੰਤਰਤਾ ਲਈ ਜੱਦੋਜਹਿਦ ਵਿਚ ਸਾਰਾ ਪਰਿਵਾਰ ਸ਼ਹੀਦ ਹੋ ਗਿਆ। ਇਨ੍ਹਾਂ ਦੀਆਂ ਸ਼ਹਾਦਤਾਂ ਨੇ ਪੰਜਾਬੀਆਂ ਅੰਦਰ ਭਾਂਬੜ ਮਚਾ ਦਿੱਤਾ। ਜੋ ਜੁਆਲਾ ਦਾ ਰੂਪ ਧਾਰਨ ਕਰ ਗਿਆ। ਅਠ੍ਹਾਰਵੀਂ ਸਦੀ ਵਿਚ ਮੁਗ਼ਲ ਰਾਜ ਦਾ ਅੰਤ ਹੋ ਗਿਆ। ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਵੱਲੋਂ ਰਾਸ਼ਟਰ ਉਥਾਨ ਤੇ ਸੁਤੰਤਰਤਾ ਲਈ ਆਪਣਾ ਜੀਵਨ ਵਾਰਨਾ ਸ਼ਹਾਦਤ ਦੀ ਅਦੁੱਤੀ ਭਾਵਨਾ ਨੂੰ ਉਤਸ਼ਾਹ ਦਿੰਦਾ ਹੈ। ਮਾਸੂਮ ਬੱਚਿਆਂ ਦੀਆਂ ਸ਼ਹੀਦੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਦਾ ਸੋਮਾ ਬਣ ਗਈਆਂ। ਸਿੱਟੇ ਵਜੋਂ ਸਮਕਾਲੀ ਜਾਬਰ ਮੁਗ਼ਲ ਹਕੂਮਤ ਵਿਰੁੱਧ ਨਫ਼ਰਤ ਦਾ ਤੂਫ਼ਾਨ ਉੱਠ ਖਲੋਤਾ। ਗੁਰੂ ਸਾਹਿਬ ਦੇ ਵੰਸ਼ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਹਿਮਾ ਰਾਸ਼ਟਰੀਕਵੀ ਮੈਥਿਲੀ ਸ਼ਰਨ ਗੁਪਤ ਨੇ ਬੜੇ ਖ਼ੂਬਸੂਰਤ ਸ਼ਬਦਾਂ 'ਚ ਕੀਤੀ ਹੈ:

ਜਿਸ ਕੁਲ ਜਾਤਿ ਦੇਸ਼ ਕੇ ਬੱਚੇ

---

[179] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ,* ਪੰਨਾ-69

[180] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ,* ਰਿਤੂ 5, ਅੰਸੂ 52, ਪੰਨਾ-5733-34

ਦੇ ਸਕਤੇ ਹੈਂ ਬਲਿਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ
ਭਵਿਸ਼ਯ ਹੈ ਮਹਾਂ ਮਹਾਨ।[181]

ਅੰਮ੍ਰਿਤ ਲਾਲ ਗੁਪਤਾ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਸਾਹਸ, ਬੁੱਧੀਮਾਨੀ, ਦੇਸ਼ ਭਗਤੀ ਤੇ ਫਰਜ਼ ਨੂੰ ਸਮਝਣ ਦੀ ਅਮਰ ਕਹਾਣੀ ਭਾਰਤ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖੀ ਗਈ ਹੈ ਜੋ ਸਦਾ ਭਾਰਤ ਵਾਸੀਆਂ ਨੂੰ ਦੇਸ਼ ਭਗਤੀ ਤੇ ਕਰਤੱਵ ਸਮਝਣ ਦੇ ਪਾਠ ਪੜਾਉਂਦੀ ਰਹੇਗੀ।[182] ਅਖੀਰਲੇ ਸਮਿਆਂ ਵਿਚ ਬਹਾਦਰ ਸ਼ਾਹ ਵੱਲੋਂ ਗੁਰੂ ਜੀ ਨੂੰ ਪੰਜਾਬ ਦਾ ਰਾਜ ਆਫ਼ਰ ਕੀਤਾ ਗਿਆ ਤਾਂ ਉਨ੍ਹਾਂ ਕਿਹਾ 'ਕੋਊ ਕਿਸੀ ਕੋ ਰਾਜ ਨਾ ਦੇ ਹੈਂ ਜੋ ਲੇ ਹੈਂ ਨਿਜ ਬਲ ਸੇ ਲੇ ਹੈਂ' ਭਾਵ ਖ਼ਾਲਸੇ ਨੇ ਆਪਣੇ ਬਲ ਨਾਲ ਰਾਜ ਕਾਇਮ ਕਰਨਾ ਹੈ। ਗੁਰੂ ਜੀ ਨੇ ਅੰਤਲੇ ਸਮੇਂ ਨਾਂਦੇੜ ਵਿਚ ਚਮਤਕਾਰੀ ਲਛਮਣ ਦਾਸ ਬੈਰਾਗੀ ਨੂੰ ਸਿੰਘ ਸਜਾ ਕੇ ਬੰਦਾ ਸਿੰਘ ਬਣਾ ਕੇ ਸਿੱਧੇ ਰਸਤੇ ਪਾਇਆ ਸੀ। ਉਸਨੇ ਪੰਜਾਬ ਵਿਚ ਆ ਕੇ ਮੁਗ਼ਲ ਰਾਜ ਦਾ ਅੰਤ ਕਰਕੇ ਸੁਤੰਤਰ ਸਿੱਖ ਰਾਜ ਦੀ ਨੀਂਹ ਰੱਖੀ।

## ਸਿੱਖ ਰਾਸ਼ਟਰ ਦੀ ਸੁਤੰਤਰਤਾ ਦਾ ਐਲਾਨ

1699 ਦਾ ਵਿਸਾਖੀ ਦਾ ਦਿਨ ਮਨੁੱਖਤਾ ਦੇ ਇਤਿਹਾਸ ਦਾ ਨਿਵੇਕਲਾ ਪੰਨਾ ਹੈ। ਸੁਤੰਤਰਤਾ ਲਈ ਇਹ ਦਿਨ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਇਆ। ਇਸ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸੇ' ਨੂੰ ਜਨਮ ਦਿੱਤਾ। ਸਿਰਦਾਰ ਕਪੂਰ ਸਿੰਘ ਅਨੁਸਾਰ "ਖ਼ਾਲਸੇ ਦੀ ਸਾਜਨਾ ਲਈ ਵਿਸਾਖੀ ਦਾ ਦਿਨ ਚੁਣਿਆ ਗਿਆ ਸੀ ਤਾਂ ਕਿ ਨਵੇਂ ਸਮਾਜ ਨੂੰ ਸੁਰਜੀਤ ਕੀਤਾ ਜਾਵੇ ਤੇ ਇਕ ਨਵੇਂ ਸਮਾਜ ਦਾ ਉਦਯ ਹੋਵੇ, ਜਿਸਨੂੰ ਕੂਕਨਸ ਸਿਧਾਂਤ, ਮੋਇਆਂ ਦੀ ਜਾਗ ਦਾ ਸਿਧਾਂਤ, ਅਨੁਸਾਰ ਜਨਮ ਦਿੱਤਾ ਜਾਵੇ।"[183] ਇਸ ਖ਼ਾਲਸੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਦੀ ਪੂਰਤੀ ਲਈ ਅਸਹਿ ਕਸ਼ਟ ਝੱਲ ਕੇ 100 ਸਾਲ ਦੇ ਅੰਦਰ 1799 ਨੂੰ ਮੁਗ਼ਲ ਅਤੇ ਅਫ਼ਗਾਨ ਸੱਤਾ ਦਾ ਅੰਤ ਕਰਕੇ ਪੰਜਾਬ ਨੂੰ ਪੂਰਨ ਤੌਰ 'ਤੇ ਸੁਤੰਤਰ ਕਰਵਾ ਦਿੱਤਾ ਅਤੇ ਦੇਸ ਦੇ ਲੁਟੇਰਿਆਂ ਦਾ ਰਾਹ ਰੋਕ ਦਿੱਤਾ। ਅਪ੍ਰੈਲ 1699 ਨੂੰ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਦੀ ਧਰਤੀ 'ਤੇ ਆਮ ਲੋਕਾਂ ਦਾ ਇਜਲਾਸ ਬੁਲਾਇਆ ਅਤੇ ਇਕੱਠ ਵਿਚ ਧਰਮ ਦੀ ਖ਼ਾਤਰ ਜਾਨਾਂ ਵਾਰਨ ਵਾਲੇ ਮਰਜੀਵੜਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸੇ ਦਾ ਰੂਪ ਦਿੱਤਾ। ਖ਼ਾਲਸੇ ਦੀ ਸਾਜਨਾ ਨਾਲ ਗੁਰੂ ਜੀ ਨੇ ਸੁਤੰਤਰ, ਅਧਿਆਤਮਿਕ ਖ਼ਾਲਸਾ ਰਾਜ ਨੂੰ ਅਮਲੀ ਜਾਮਾ ਪਹਿਨਾਇਆ। ਕੌਮੀ ਇਕਰੂਪਤਾ ਲਈ ਹਰ ਵਿਅਕਤੀ ਨੇ ਆਪਣੇ ਨਾਂ ਨਾਲ

---

[181] *ਗੁਰੂ ਕੁਲ*, ਪੰਨਾ-92

[182] *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ*, ਪੰਨਾ-74

[183] *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ*, ਪੰਨਾ-30

ਸਿੰਘ ਅਤੇ ਕੌਰ ਦਾ ਵਿਸ਼ੇਸ਼ਣ ਲਾਉਣਾ ਸ਼ੁਰੂ ਕਰ ਦਿੱਤਾ ਸੀ। ਸਿੰਘ ਦਾ ਅਰਥ ਹੈ ਸ਼ੇਰ ਅਤੇ ਕੌਰ ਦਾ ਅਰਥ ਹੈ ਕੰਵਰ ਭਾਵ ਸ਼ਹਿਜ਼ਾਦਾ। "ਪੰਜ ਪਿਆਰਿਆਂ ਦੀ ਸਾਜਨਾ ਸਮੇਂ ਜਦੋਂ ਪੰਜ ਕਕਾਰਾਂ ਦੇ ਪ੍ਰਤੀਕ ਸਿਰਜੇ ਗਏ ਤਾਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਕਿਹਾ ਕਿ ਇਹ ਉਨ੍ਹਾਂ ਸਿੱਖਾਂ ਦਾ ਆਦਰਸ਼ ਹੈ ਜੋ ਆਪਣੇ ਵਿਸ਼ਵਾਸ਼ ਕਾਰਨ ਨਿਡਰ, ਸ਼ੇਰਦਿਲ ਅਤੇ ਨਿਰਮਾਣ ਹੋਣਗੇ। ਇਹ ਸੰਤ-ਸਿਪਾਹੀ, ਧਰਮ ਦੇ ਰਖਿਅਕ, ਨਿਮਾਣੇ-ਨਿਤਾਣੇ ਤੇ ਡਿੱਗਿਆਂ-ਢੱਠਿਆਂ ਦੀ ਰੱਖਿਆ ਲਈ ਆਪਣਾ ਸੀਸ ਵਾਰਨ ਤੋਂ ਪ੍ਰਹੇਜ਼ ਨਹੀਂ ਕਰਨਗੇ। ਜ਼ੁਲਮ ਤੇ ਅੱਤਿਆਚਾਰ ਵਿਰੁੱਧ ਸਦਾ ਯੁੱਧ ਲਈ ਤਿਆਰ ਰਹਿਣਗੇ।"[184] ਸਮਾਜ ਵਿਚ ਖ਼ਾਲਸੇ ਦੀ ਸਾਜਨਾ ਬਿਨਾਂ ਸੁਤੰਤਰਤਾ ਦਾ ਖਿਆਲ ਮੂਰਤੀਮਾਨ ਨਹੀਂ ਹੋ ਸਕਦਾ ਸੀ।

ਖ਼ਾਲਸਾ ਫ਼ਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਬਿਨਾ ਮਿਲਾਵਟ ਦੇ। ਇਸਦਾ ਭਾਵ ਇਹ ਵੀ ਹੈ ਕਿ ਉਹ ਬਾਦਸ਼ਾਹੀ ਜ਼ਮੀਨ ਜਾਂ ਮੁਲਕ ਜੋ ਕਿਸੇ ਦੀ ਜਗੀਰ ਨਾ ਹੋਵੇ ਅਤੇ ਸਿੱਧੀ ਸਰਕਾਰੀ ਪ੍ਰਬੰਧ ਹੇਠ ਹੋਵੇ।[185] ਭਾਈ ਕਾਨ੍ਹ ਸਿੰਘ ਨਾਭਾ ਖ਼ਾਲਸਾ ਬਾਰੇ ਲਿਖਦੇ ਹਨ "ਉਹ ਜ਼ਮੀਨ ਜਾਂ ਮੁਲਕ, ਜੋ ਕਿਸੇ ਬਾਦਸ਼ਾਹ ਦਾ ਹੈ, ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਸ੍ਵਤ੍ਵ ਨਹੀਂ।"[186]

ਖ਼ਾਲਸਾ ਸਵੈ-ਸੁਤੰਤਰ, ਖ਼ੁਦਮੁਖ਼ਤਿਆਰ ਅਤੇ ਨਿਰਣਾਇਕ ਸ਼ਕਤੀ ਦੇ ਰੂਪ ਵਿਚ ਸਾਹਮਣੇ ਆਇਆ। ਇਸ ਵਿਚ ਸਰਬੱਤ ਖ਼ਾਲਸਾ ਦੀ ਸੰਸਥਾ ਹੈ ਜਿਵੇਂ ਅਕਾਲ ਤਖ਼ਤ ਸਿੱਖਾਂ ਦੀ ਸੁਤੰਤਰ ਹੋਂਦ ਦਾ ਪ੍ਰਤੀਕ ਹੈ। ਉਸੇ ਤਰ੍ਹਾਂ ਸਰਬੱਤ ਖ਼ਾਲਸਾ ਸਿੱਖ-ਜਮਹੂਰੀ ਸਿਧਾਂਤ ਨੂੰ ਅਮਲੀ ਰੂਪ ਦੇਣ ਵਾਲੀ ਪਾਰਲੀਮੈਂਟ ਸੰਸਥਾ ਦਾ ਪ੍ਰਤੀਕ ਬਣਿਆ।[187] ਖ਼ਾਲਸੇ ਦੇ ਰੂਪ ਵਿਚ ਸਿੱਖ ਧਰਮ ਦੇ ਅਸਲੀ ਮੰਤਵ ਨੂੰ ਅਮਲ ਵਿਚ ਲਿਆਂਦਾ ਗਿਆ ਸੀ। ਇਸ ਤਰ੍ਹਾਂ ਸਿੱਖਾਂ ਨੂੰ ਸਾਰੇ ਪ੍ਰਬੰਧਾਂ ਤੋਂ ਸੁਤੰਤਰ ਕਰ ਸਿੱਧਾ ਅਕਾਲ ਪੁਰਖ ਦੇ ਅਧੀਨ ਕਰ ਦਿੱਤਾ ਗਿਆ। ਖ਼ਾਲਸੇ ਦੀ ਸਾਜਨਾ ਨਾਲ ਮਸੰਦ ਸਿਸਟਮ ਖ਼ਤਮ ਹੋਇਆ ਅਤੇ ਸੰਗਤਾਂ ਸੁਤੰਤਰ ਪ੍ਰਬੰਧ ਵਾਲੀਆਂ ਬਣ ਗਈਆਂ। ਇਸ ਤਰ੍ਹਾਂ ਖ਼ਾਲਸਾ ਸੁਤੰਤਰ ਹਸਤੀ ਨੂੰ ਦਰਸਾਉਣ ਵਾਲੀ ਸ਼ਕਤੀ ਬਣਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀਆਂ ਨੇ ਵੀ ਖ਼ਾਲਸੇ ਦੀ ਤੁਲਨਾ ਸੁਤੰਤਰ ਵਿਅਕਤੀ ਨਾਲ ਕੀਤੀ ਹੈ। ਜਦੋਂ ਖ਼ਾਲਸੇ ਦੀ ਸਾਜਨਾ ਉਪਰੰਤ ਦਿੱਲੀ ਦੇ ਕਈ ਸਿੱਖ ਅੰਮ੍ਰਿਤ ਛਕ ਕੇ ਦਿੱਲੀ ਵਾਪਸ ਗਏ ਤਾਂ ਦਿੱਲੀ ਦੇ ਪੰਥ ਵਿਰੋਧੀਆਂ ਨੇ ਇਹ ਕਹਿ ਕੇ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ ਕਿ ਇਹ ਲੋਕ ਆਪਣੇ ਆਪ ਨੂੰ

---

[184] *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ-15-16

[185] ਸ਼ੀਤਲ, ਜੀਤ ਸਿੰਘ (ਡਾ.) (ਸੰਕਲਨਕਰਤਾ), *ਫ਼ਾਰਸੀ-ਪੰਜਾਬੀ ਕੋਸ਼,* ਪੰਨਾ-270

[186] *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-325

[187] ਸੁਖਦਿਆਲ ਸਿੰਘ (ਡਾ.), *ਪੰਜਾਬ ਦਾ ਇਤਿਹਾਸ (1469-1708),* ਪੰਨਾ-84

ਖ਼ਾਲਸਾ ਅਖਵਾਉਂਦੇ ਹਨ ਜਦੋਂ ਕਿ ਖ਼ਾਲਸਾ ਤਾਂ ਸਿਰਫ਼ ਬਾਦਸ਼ਾਹ ਹੀ ਹੁੰਦਾ ਹੈ ਅਤੇ ਬਾਦਸ਼ਾਹ ਸੁਤੰਤਰ ਵਿਅਕਤੀ ਹੈ। ਇਹ ਕਹਿ ਕੇ ਉਹਨਾਂ ਦਿੱਲੀ ਦੇ ਹਾਕਮਾਂ ਨੂੰ ਖ਼ਾਲਸੇ ਵਿਰੁੱਧ ਭੜਕਾਇਆ:

ਪਾਤਸ਼ਾਹ ਦਿਲੀ ਪਤਿ ਸੋਈ।ਕਹਤ ਖਾਲਸਾ ਤਾ ਕੋ ਹੋਈ।।
ਤੁਮ ਖਾਲਸਾ ਕਿਆ ਮਤਿ ਧਾਰਾ।ਸੋ ਬਿਧਿ ਕਹੀਐ ਸੋਚ ਵਿਚਾਰਾ।।[188]

ਖ਼ਾਲਸੇ ਦੀ ਸਾਜਨਾ ਹਥਿਆਰਬੰਦ ਸੰਘਰਸ਼ ਅਤੇ ਲੋਕਾਈ ਲਈ ਸੁਤੰਤਰਤਾ ਦਾ ਐਲਾਨ ਸੀ। ਅਨੰਦਪੁਰ ਸਾਹਿਬ ਦੇ ਕਿਲਿਆਂ ਉਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਂਦੇ ਸਨ ਅਤੇ ਸਵੇਰ ਸ਼ਾਮ ਰਣਜੀਤ ਨਗਾਰਾ ਵਜਾਇਆ ਜਾਂਦਾ ਸੀ। ਇਹ ਗੁਰੂ ਜੀ ਦੀ ਅਤੇ ਖ਼ਾਲਸੇ ਦੀ ਸੁਤੰਤਰ ਹੈਸੀਅਤ ਨੂੰ ਦਰਸਾਉਂਦਾ ਸੀ।[189] ਖ਼ਾਲਸਾ ਸਾਜਨਾ ਸਿੱਖ ਲਹਿਰ ਦਾ ਸਿਖਰ ਹੈ। ਇਨਕਲਾਬੀ ਜੱਦੋ-ਜਹਿਦ ਵਿੱਚ ਖ਼ਾਲਸੇ ਦਾ ਯੋਗਦਾਨ ਬਹੁਤ ਮਹੱਤਵ ਰੱਖਦਾ ਹੈ। ਖ਼ਾਲਸਾ ਸਾਜਨਾ ਸਿੱਖ ਰਾਜ ਦੀ ਸੁਤੰਤਰਤਾ ਦਾ ਐਲਾਨ ਸੀ। ਗੁਰੂ ਜੀ ਨੇ ਗੁਰਮੁਖ ਨੂੰ ਖ਼ਾਲਸੇ ਦੇ ਰੂਪ ਵਿਚ ਵਿਕਸਤ ਕੀਤਾ। ਇਸ ਨੂੰ ਰਾਜ ਸੱਤਾ ਸੌਂਪਣ ਦਾ ਐਲਾਨ ਕਰ ਦਿੱਤਾ। ਗੁਰਿਆਈ ਨੂੰ ਖ਼ਾਲਸੇ ਵਿਚ ਸਮਿਲਤ ਕਰਨਾ, ਹਰ ਕਿਸਮ ਦੇ ਫ਼ੈਸਲੇ ਦਾ ਅਧਿਕਾਰ ਖ਼ਾਲਸੇ ਨੂੰ ਸੌਂਪਣਾ ਅਤੇ ਆਪਣੇ ਆਪ ਨੂੰ ਖ਼ਾਲਸੇ ਦੇ ਅੱਗੇ ਸਮਰਪਿਤ ਕਰ ਦੇਣਾ। ਇਹ ਸਭ ਕੁਝ ਖ਼ਾਲਸੇ ਨੂੰ ਸੱਤਾ ਸੌਂਪਣ ਦਾ ਪ੍ਰਤੀਕ ਸੀ। ਰਤਨ ਸਿੰਘ ਭੰਗੂ ਲਿਖਦੇ ਹਨ ਕਿ ਖੰਡੇ ਦੀ ਪਾਹੁਲ਼ ਦੇ ਕੇ ਗੁਰੂ ਜੀ ਨੇ ਤੁਰਕਾਂ ਨੂੰ ਮਾਰਨ ਦਾ ਹੁਕਮ ਕੀਤਾ ਜਿਸ ਨਾਲ ਤੁਰਕ ਭੱਜ ਜਾਣਗੇ ਤੇ ਪੰਥ ਦੀ ਚੜ੍ਹਦੀਕਲਾ ਹੋਵੇਗੀ:

ਖੰਡੈ ਪਾਹੁਲ ਪੀ ਹੋਵੋ ਤੇਜ ਧਾਰੀ।
ਲਓ ਤੁਰਕਨ ਕੋ ਅਬ ਤੁਮ ਮਾਰੀ।
ਖੰਡੈ ਪਾਹੁਲ ਮੇਂ ਭਈ ਅਬ ਕਲਾ।
ਤੁਰਕ ਜਾਉਗ ਨੱਠ ਪੰਥ ਅਟਲਾ।[190]

ਖ਼ਾਲਸੇ ਦੀ ਲਲਕਾਰ ਸੁਣ ਕੇ ਜ਼ਾਲਮ ਕੰਬ ਉੱਠੇ। ਖ਼ਾਲਸੇ ਨੇ ਸਿਰਫ਼ ਰਾਜਨੀਤਿਕ ਹਾਕਮ ਹੀ ਨਹੀਂ ਸਗੋਂ ਮੜ੍ਹੀ-ਮਸਾਣ, ਕਬਰਾਂ ਅਤੇ ਮਸੀਤਾਂ ਨੂੰ ਵੀ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਬ੍ਰਾਹਮਣ, ਝੂਠੇ ਪੀਰ-ਫ਼ਕੀਰ ਦਬ ਕੇ ਰਹਿ ਗਏ। ਦੁਸ਼ਟਾਂ ਨੂੰ ਪਛਾੜ ਕੇ ਖ਼ਾਲਸਾ ਆਪਣੇ ਮਿਸ਼ਨ ਵੱਲ ਵਧ ਰਿਹਾ ਸੀ। ਭਾਈ ਗੁਰਦਾਸ (ਦੂਜਾ) ਖ਼ਾਲਸੇ ਦੇ ਮਿਸ਼ਨ ਬਾਰੇ ਲਿਖਦਾ ਹੈ:

ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ।[191]

---

[188] ਕਵੀ ਸੈਨਾਪਤਿ, *ਸ੍ਰੀ ਗੁਰੂ ਸੋਭਾ,* ਪੰਨਾ-53.

[189] ਸੁਖਦਿਆਲ ਸਿੰਘ (ਡਾ.), *ਪੰਜਾਬ ਦਾ ਇਤਿਹਾਸ,* ਪੰਨਾ -211-217

[190] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-45

ਰਤਨ ਸਿੰਘ ਭੰਗੂ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਰਾਜਸੀ ਸ਼ਕਤੀ ਦੇਣ ਦੀ ਗੱਲ ਸੋਚੀ। ਇਸ ਮਨੋਰਥ ਲਈ ਇਨ੍ਹਾਂ ਲੋਕਾਂ ਨੂੰ ਸਿੰਘ ਸਜਾ ਕੇ ਸ਼ੇਰ ਦਾ ਰੂਪ ਦਿੱਤਾ ਤਾਂ ਜੋ ਆਮ ਲੋਕ ਖੰਡੇ ਦੀ ਵਰਤੋਂ ਕਰਕੇ ਆਪਣੇ ਹਾਕਮਾਂ ਦੇ ਖਿਲਾਫ਼ ਖੜ੍ਹੇ ਹੋ ਜਾਣ ਅਤੇ ਆਪ ਹਾਕਮ ਬਣ ਸਕਣ:

ਸਤ ਸਨਾਤਿ ਔ ਬਾਰਹ ਜਾਤ।ਜਾਨੈ ਨਹਿ ਰਾਜਨੀਤ ਕੀ ਬਾਤ।
ਇਨ ਗ੍ਰੀਬ ਸਿੰਘਨ ਕੌ ਦਯੈ ਪਤਿਸ਼ਾਹੀ।ਏ ਯਾਦ ਰਖੈਂ ਹਮਰੀ ਗੁਰਿਆਈ।
ਤੌ ਸਦਿ ਸਤਿਗੁਰ ਸਿਖ ਲਲਕਾਰੇ।ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ।[192]

ਗੁਰੂ ਸਾਹਿਬ ਦੀਆਂ ਗੱਲਾਂ ਸੁਣ ਕੇ ਗ਼ਰੀਬ ਲੋਕਾਂ ਨੂੰ ਹੈਰਾਨੀ ਹੋਈ ਕਿ ਉਹ ਜੱਦੀ ਪੁਸ਼ਤੀ ਰਾਜਿਆਂ ਨੂੰ ਕਿਵੇਂ ਉਲਟਾ ਸਕਣਗੇ? ਇਹ ਗੱਲ ਉਨ੍ਹਾਂ ਲਈ ਚਿੜੀਆਂ ਵੱਲੋਂ ਬਾਜ਼ ਅਤੇ ਮਿਰਗਾਂ ਵੱਲੋਂ ਸ਼ੇਰ ਨੂੰ ਮਾਰਨ ਦੇ ਬਰਾਬਰ ਸੀ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਕਿਹਾ ਕਿ ਉਹ ਸ਼ਸਤਰਧਾਰੀ ਹੋ ਕੇ ਸਭ ਜਾਤ-ਪਾਤ ਮਿਟਾ ਕੇ ਜਦੋਂ ਇਕ ਸ਼ਕਤੀ ਬਣ ਕੇ ਖੜ੍ਹੇ ਹੋਣਗੇ ਤਾਂ ਉਹ ਆਪਣੇ ਆਪ ਹੀ ਹਾਕਮ ਬਣ ਜਾਣਗੇ। ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਖ਼ਾਲਸੇ ਦੀ ਸੁਤੰਤਰਤਾ ਦੀ ਗਵਾਹੀ ਭਰਦੇ ਹਨ:

ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ, ਇਕ ਸੱਚੇ ਬਿਨ ਪਤਿਸ਼ਾਹ।[193]

ਇਸੇ ਤਰ੍ਹਾਂ ਹੀ 'ਰਹਿਤਨਾਮੇ' ਵਿਚ ਖਾਲਸੇ ਦੇ ਉਦੇਸ਼ ਦਾ ਵਰਣਨ ਹੈ:

ਖਾਲਸਾ ਸੋਇ ਲੜੈ ਹੋਇ ਆਗੈ।।
ਖਾਲਸਾ ਹੋਇ ਨਿਰਧਨ ਕੋ ਪਾਲੈ।।
ਖਾਲਸਾ ਸੋਇ ਦੁਸ਼ਟ ਕੋ ਗਾਲੈ।।[194]

ਫੋਰਸਟਰ, ਵਿਲੀਅਮ ਲਿਖਦੇ ਹਨ, "ਖ਼ਾਲਸੇ ਵਿਚ ਸੁਤੰਤਰਤਾ ਦਾ ਅਹਿਸਾਸ ਇਤਨਾ ਜ਼ਿਆਦਾ ਸੀ ਕਿ ਖ਼ਾਲਸੇ ਦਾ ਇਕ ਸਾਧਾਰਨ ਮੈਂਬਰ ਵੀ ਆਪਣੇ ਆਪ ਨੂੰ ਗੁਰੂ ਤੋਂ ਸਿਵਾ ਹੋਰ ਕਿਸੇ ਦਾ ਨੌਕਰ ਨਹੀਂ ਸਮਝਦਾ ਸੀ। ਸਮੁੱਚਾ ਸਿੱਖ ਸਮਾਜ ਹੀ ਆਪਣੀ ਸੁਤੰਤਰਤਾ ਅਤੇ ਅੰਦਰੂਨੀ ਬਰਾਬਰਤਾ ਨੂੰ ਬਣਾਈ ਰੱਖਣ ਲਈ ਬਹੁਤ ਸੁਚੇਤ ਸੀ। ਇਸ ਤਰ੍ਹਾਂ ਇੱਕ ਆਜ਼ਾਦ ਰਾਜਸੀ ਹਕੂਮਤ ਕਾਇਮ ਕਰਨ ਦੀ ਸਪੱਸ਼ਟ ਤੌਰ 'ਤੇ ਨੀਂਹ ਰੱਖੀ ਗਈ ਸੀ।"[195]

---

[191] *ਵਾਰਾਂ ਭਾਈ ਗੁਰਦਾਸ ਜੀ (ਦੂਜਾ),* ਵਾਰ 41 ਪਉੜੀ 15, ਪੰਨਾ-441

[192] ਭੰਗੂ, *ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਡਾ.) (ਸੰਪਾ.), ਪੰਨਾ-72.

[193] ਉਹੀ, ਪੰਨਾ-74

[194] ਪਦਮ, ਪਿਆਰਾ ਸਿੰਘ(ਸੰਪਾ.), *ਰਹਿਤਨਾਮਾ,* ਪੰਨਾ 47

[195] *Early Travels in India , vol.,1,* pp. 329

ਖ਼ਾਲਸੇ ਨੂੰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਰਨ ਦੀ ਸਿੱਖਿਆ ਦਿੱਤੀ ਸੀ। ਇਸ ਲਈ ਖ਼ਾਲਸੇ ਨੇ ਆਪਣੇ ਹਰ ਵਿਰੋਧੀ ਨਾਲ ਟੱਕਰ ਲਈ ਅਤੇ ਉਸ ਨੂੰ ਹਰਾਇਆ। ਖ਼ਾਲਸਾ ਹਰ ਥਾਂ 'ਤੇ ਸਮਾਜਿਕ ਬੁਰਾਈਆਂ ਦੇ ਖਿਲਾਫ਼ ਲੜਦਾ ਰਿਹਾ ਅਤੇ ਗ਼ਰੀਬਾਂ ਨੂੰ ਗ਼ੁਲਾਮੀ ਦੀ ਪ੍ਰਥਾ ਤੋੜਨ ਲਈ ਪ੍ਰੇਰਿਤ ਕਰਦਾ ਰਿਹਾ ਸੀ। ਕਵੀ ਸੈਨਾਪਤਿ ਨੇ ਇਸ ਸੰਘਰਸ਼ ਦੌਰਾਨ ਖ਼ਾਲਸੇ ਦੇ ਉਦੇਸ਼ ਦਾ ਵਰਣਨ ਕੀਤਾ ਹੈ:

ਜੋ ਸਿੱਖ ਬਿਦਾ ਭਏ ਨਗਰ ਨਗਰ ਬਿਸਥਾਰ।
ਤਿਨੋ ਜਾਇ ਸੰਸਾਰ ਮੈ ਕਉਤਕ ਕਰੇ ਅਪਾਰ।
ਨਗਰ ਨਗਰ ਮੈ ਜੁਧ ਕਰਿ ਭਏ ਖਾਲਸਾ ਸੋਇ।
ਮਾਨ ਬਚਨ ਸਨਮੁਖ ਭਏ ਤਿਹ ਸਮਾਨ ਨਹੀ ਕੋਇ।[196]

ਖ਼ਾਲਸਾ ਰਾਜ ਦੀ ਸੁਤੰਤਰਤਾ ਦੇ ਐਲਾਨ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕੇਂਦਰ ਅਨੰਦਪੁਰ ਸਾਹਿਬ ਨੂੰ ਵਿਸਥਾਰਨਾ ਸ਼ੁਰੂ ਕਰ ਦਿੱਤਾ। ਆਲੇ-ਦੁਆਲੇ ਦੇ ਪਿੰਡਾਂ ਦੀ ਖ਼ਾਲਸੇ ਨੇ ਪੂਰੀ ਸਰੁੱਖਿਆ ਕੀਤੀ। ਗੁਰੂ ਸਾਹਿਬ ਦੀਆਂ ਕਾਰਵਾਈਆਂ ਤੋਂ ਕਹਿਲੂਰ ਦਾ ਰਾਜਾ ਬਹੁਤ ਨਰਾਜ਼ ਹੋਇਆ ਅਤੇ ਉਸਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਰਾਜੇ ਗਰੀਬ ਲੋਕਾਂ ਨੂੰ ਗ਼ੁਲਾਮ ਸਮਝਦੇ ਸਨ। ਸੁਤੰਤਰਤਾ ਦੀ ਬਹਾਲੀ ਲਈ ਗੁਰੂ ਅਤੇ ਖ਼ਾਲਸੇ ਨੇ ਧਰਮ ਤੇ ਰਾਜਸੀ ਸੁਤੰਤਰਤਾ ਲਈ ਚੌਦਾਂ ਜੰਗਾਂ ਲੜੀਆਂ।

ਭਾਈ ਗੁਰਦਾਸ (ਦੂਜਾ) ਖ਼ਾਲਸੇ ਦੀ ਸੁਤੰਤਰਤਾ ਦੇ ਐਲਾਨ ਬਾਰੇ ਲਿਖਦਾ ਹੈ, "ਇਉਂ ਲੱਖਾਂ ਸਿੱਖ ਗੁਰੂ ਦੇ ਨਾਲ ਆ ਜੁੜੇ। ਇਨ੍ਹਾਂ ਨੇ ਸਭ ਪਾਸੇ ਤੁਰਕਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਸਮਾਜ ਦੇ ਦੁੱਖ ਦੂਰ ਕਰਕੇ ਸਭ ਪਾਸੇ ਸੁੱਖਾਂ ਦਾ ਫੇਰਾ ਪਾਇਆ। ਸਭ ਪਾਸੇ ਵਾਹਿਗੁਰੂ ਦਾ ਨਾਮ ਜਪਿਆ ਜਾਂਦਾ ਸੀ। ਇਸ ਤਰ੍ਹਾਂ ਗੁਰੂ ਜੀ ਇਕ ਸੱਚੇ ਪਾਤਸ਼ਾਹ ਦੇ ਤੌਰ 'ਤੇ ਐਸਾ ਰਾਜ ਸਥਾਪਤ ਕਰ ਰਹੇ ਸਨ ਜਿਸ ਵਿਚ ਸਤਿਜੁਗ ਦਾ ਅਹਿਸਾਸ ਹੋਵੇ:

ਗੁਰ ਫ਼ਤੇ ਬੁਲਾਈ ਸਭਨ ਕਉ ਸਚ ਖੇਲ ਰਚਾਏ।
ਨਿਜ ਸੂਰ ਸਿੰਘ ਵਰਿਆਮੜੇ ਬਹੁ ਲਾਖ ਜਸ ਗਾਏ।
ਸਭ ਜਗ ਤਿਨਹੂੰ ਲੂਟ ਕਰਿ ਤੁਰਕਾਂ ਚੁਣਿ ਖਾਏ।
ਫਿਰ ਸੁਖ ਉਪਜਾਇਓ ਜਗਤ ਮੈ ਸਭ ਦੁਖ ਬਿਸਰਾਏ।
ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।
ਇਉ ਕਲਿਜੁਗ ਮੈ ਅਵਤਾਰ ਧਾਰਿ ਸਤਿਜੁਗ ਵਰਤਾਏ।[197]

---

[196] *ਸ੍ਰੀ ਗੁਰ ਸੋਭਾ (ਅਧਿਆਇ ਅੱਠਵਾਂ),* ਦੋਹਰਾ, 3-4

[197] *ਵਾਰਾਂ ਭਾਈ ਗੁਰਦਾਸ ਦੂਜਾ,* ਵਾਰ 41, ਪਉੜੀ 17, ਪੰਨਾ-442

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦਾ ਸਦੀਵੀ ਮਿਸ਼ਨ ਨਿਯਤ ਕਰ ਦਿੱਤਾ ਤੇ ਉਸਨੂੰ ਸਾਰੀਆਂ ਦਰਜੇਬੰਦੀਆਂ ਤੋਂ ਆਜ਼ਾਦ ਕਰ ਦਿੱਤਾ। ਡਾ. ਗੁਰਭਗਤ ਸਿੰਘ ਖ਼ਾਲਸੇ ਬਾਰੇ ਦੱਸਦੇ ਹਨ, "ਬਹੁਤੀਆਂ ਪੈਰਾਡਾਈਮਾਂ ਵਿੱਚ ਲੰਘਿਆ ਹੋਇਆ, ਅੰਦਰਲੀ ਪ੍ਰਤੀਤੀ ਵਾਲਾ ਰੂਹਾਨੀ ਮਨੁੱਖ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਦੇ ਰੂਪ ਵਿਚ ਸਾਜਿਆ।"[198] ਖ਼ਾਲਸਾ ਅਕਾਲ ਪੁਰਖ ਦੀ ਲਾਡਲੀ ਫ਼ੌਜ ਬਣ ਕੇ ਵਿਅਕਤੀ ਦੀ ਸੁਤੰਤਰਤਾ ਲਈ ਸੰਘਰਸ਼ ਦੌਰਾਨ ਵਿਚਰਦਾ ਹੈ।

ਖ਼ਾਲਸੇ ਦੀ ਸਾਜਨਾ ਨਾਲ ਸਿੱਖ ਸੰਗਤਾਂ ਮਸੰਦਾਂ ਦੇ ਕੰਟਰੋਲ ਤੋਂ ਮੁਕਤ ਹੋ ਗਈਆਂ। ਹੁਣ ਖ਼ਾਲਸਾ ਸਿੱਧਾ ਆਪਣੇ ਗੁਰੂ ਦੇ ਅਧੀਨ ਸੀ। ਇਸ ਅਹਿਸਾਸ ਨੇ ਖ਼ਾਲਸੇ ਦੀ ਹਸਤੀ ਨੂੰ ਸੁਤੰਤਰ ਬਣਾ ਦਿੱਤਾ ਸੀ। ਕਵੀ ਸੈਨਾਪਤਿ ਲਿਖਦੇ ਹਨ ਕਿ ਇਸ ਸੁਤੰਤਰਤਾ ਦੇ ਅਹਿਸਾਸ ਨਾਲ ਖ਼ਾਲਸਾ ਘੋੜੇ 'ਤੇ ਸੁਆਰ ਹੋ ਕੇ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਨਿਕਲਦਾ ਸੀ। ਜਿਸ ਪਿੰਡ ਦੇ ਲੋਕ ਖ਼ਾਲਸੇ ਦੇ ਮਿਸ਼ਨ ਨੂੰ ਅਪਨਾਉਣ ਲਈ ਤਿਆਰ ਹੋ ਜਾਂਦੇ ਉਨ੍ਹਾਂ ਨੂੰ ਖ਼ਾਲਸਾ ਆਪਣੀ ਰੱਖਿਆ ਵਿਚ ਲੈ ਲੈਂਦਾ ਸੀ ਅਤੇ ਜਿਹੜਾ ਪਿੰਡ ਇਹ ਮਿਸ਼ਨ ਅਪਣਾਉਣ ਤੋਂ ਇਨਕਾਰ ਕਰਦਾ ਉਸਨੂੰ ਖ਼ਾਲਸਾ ਸੋਧ ਦਿੰਦਾ ਸੀ।[199] ਸਿੱਖਾਂ ਵਿਚ ਹਰ ਕਿਸਮ ਦੀ ਸੰਸਾਰਕ ਗ਼ੁਲਾਮੀ ਨੂੰ ਦਿਲੋਂ ਖ਼ਤਮ ਕਰਕੇ ਆਪਣੇ ਆਪ ਨੂੰ ਸੁਤੰਤਰ ਸਮਾਜ ਦੇ ਤੌਰ 'ਤੇ ਸਮਝਣ ਨਾਲ ਸਮੁੱਚੇ ਸਿੱਖ ਜਗਤ ਵਿਚ ਇਕ ਕੌਮੀ ਇਕਰੂਪਤਾ ਦਾ ਅਹਿਸਾਸ ਪੈਦਾ ਹੋ ਗਿਆ ਸੀ।

ਇਸ ਤਰ੍ਹਾਂ ਖ਼ਾਲਸਾ ਮਾਨਵਤਾ ਦਾ ਸਾਕਾਰ ਰੂਪ ਬਣ ਗਿਆ। ਸਮਾਜਿਕ ਬਰਾਬਰੀ ਖ਼ਾਲਸਾ ਭਾਈਚਾਰੇ ਦਾ ਮੂਲ ਤੱਤ ਹੈ। ਖ਼ਾਲਸੇ ਦੇ ਮਿਸ਼ਨ ਨੂੰ ਮਨੁੱਖੀ ਸੁਤੰਤਰਤਾ ਨਾਲ ਜੋੜਿਆ ਗਿਆ ਹੈ। "ਖ਼ਾਲਸਾ ਨਿਤਾਣੇ ਅਤੇ ਹੀਣ ਲੋਕਾਂ ਦੇ ਮਾਨਵ-ਹੱਕਾਂ ਦੀ ਰੱਖਿਆ ਲਈ ਸਮਾਜਿਕ ਲੋੜਾਂ ਤੋਂ ਸੁਚੇਤ ਹੈ। ਖ਼ਾਲਸਾ ਜ਼ਾਲਮ ਰਾਜ ਅਤੇ ਬਦੀ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ। ਖ਼ਾਲਸੇ ਦਾ ਸੰਕਲਪ ਸ਼ਹੀਦੀ ਅਤੇ ਸੁਤੰਤਰਤਾ 'ਤੇ ਅਧਾਰਿਤ ਹੈ। ਖ਼ਾਲਸਾ ਸਮਾਜਿਕ ਕਦਰਾਂ-ਕੀਮਤਾਂ ਨੂੰ ਉਚਿਆਂ ਰੱਖਦਾ ਹੋਇਆ ਕ੍ਰਾਂਤੀਕਾਰੀ ਸ਼ਕਤੀ ਬਣ ਗਿਆ।"[200] ਖ਼ਾਲਸਾ ਜੋ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਸੀਸ ਵਾਰਦਾ ਹੈ, ਉਹ ਰਾਜਾ ਵੀ ਹੈ, ਪਰਜਾ ਵੀ ਹੈ, ਗੁਰੂ ਵੀ ਹੈ ਤੇ ਚੇਲਾ ਵੀ ਅਤੇ ਸੰਤ ਸਿਪਾਹੀ ਵੀ ਹੈ ਅਤੇ ਹਰ ਖੇਤਰ ਵਿਚ ਸੁਤੰਤਰਤਾ ਦਾ ਪੈਰੋਕਾਰ ਵੀ ਹੈ। ਖ਼ਾਲਸੇ ਦੀ ਸਾਜਨਾ ਸਿੱਖ ਰਾਸ਼ਟਰ ਦੀ ਸੁਤੰਤਰਤਾ ਦਾ ਐਲਾਨ ਸੀ ਜੋ ਅਮਲੀ ਰੂਪ ਵਿਚ 1799 ਈ. ਵਿਚ ਕਾਇਮ ਹੋਇਆ।

---

[198] *ਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕਤਾ: ਵਿਸ਼ਵ ਸਭਿਅਚਾਰ ਨੂੰ ਦੇਣ,* ਪੰਨਾ-18

[199] ਗੰਡਾ ਸਿੰਘ (ਡਾ.) (ਸੰਪਾ.), *ਸ੍ਰੀ ਗੁਰ ਸੋਭਾ,* ਪੰਨਾ-66

[200] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-90

**ਪੰਥਕ ਸੰਸਥਾਵਾਂ ਦਾ ਸੁਤੰਤਰਤਾ ਸੰਕਲਪ**

ਦਸ ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਦਾ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਜਾਰੀ ਰਿਹਾ। ਇਸ ਲਈ ਸਿੱਖਾਂ ਦੀ ਅਗਵਾਈ ਲਈ ਤਿੰਨ ਮੁੱਖ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਸੁਤੰਤਰ ਖ਼ਾਲਸਾ ਰਾਜ ਕਾਇਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਹ ਸਨ-ਪੰਥ ਖ਼ਾਲਸਾ, ਗੁਰਮਤਾ ਅਤੇ ਅਕਾਲ ਤਖ਼ਤ।

**ਪੰਥ ਖ਼ਾਲਸਾ**

ਖ਼ਾਲਸੇ ਦੀ ਸਾਜਨਾ ਅਤੇ ਖ਼ਾਲਸੇ ਦੇ ਮਿਸ਼ਨ ਬਾਰੇ ਦੱਸਦਿਆਂ ਗੁਰੂ ਜੀ ਲਿਖਦੇ ਹਨ ਕਿ ਅਕਾਲ ਪੁਰਖ ਨੇ ਧਰਤੀ ਉਪਰ ਬੁਰੀ ਮੱਤ ਨੂੰ ਖ਼ਤਮ ਕਰਕੇ ਧਰਮ ਦੀ ਗੱਲ ਨੂੰ ਪ੍ਰਸਾਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪੁੱਤਰ ਦਾ ਦਰਜਾ ਦੇ ਕੇ ਪੰਥ ਦੀ ਸਾਜਨਾ ਕਰਨ ਅਤੇ ਮਾੜੇ ਕਰਮਾਂ ਤੋਂ ਲੋਕਾਂ ਨੂੰ ਹਟਾਉਣ ਲਈ ਭੇਜਿਆ। ਖ਼ਾਲਸਾ ਪੰਥ ਹਮੇਸ਼ਾ ਨਿਤਾਣਿਆਂ ਅਤੇ ਨਿਮਾਣਿਆਂ ਦੀ ਰੱਖਿਆ ਦਾ ਗਵਾਹ ਹੈ। ਦਸਮ ਗ੍ਰੰਥ ਵਿਚ ਖ਼ਾਲਸਾ ਪੰਥ ਦੀ ਸਾਜਨਾ ਨੂੰ ਧਰਮ ਚਲਾਉਣ ਨਾਲ ਜੋੜਿਆ ਗਿਆ ਹੈ:

ਮੈ ਅਪਨਾ ਸੁਤ ਤੋਹਿ ਨਿਵਾਜਾ।ਪੰਥ ਪ੍ਰਚੁਰ ਕਰਬੇ ਕਹੁ ਸਾਜਾ।
ਜਾਹਿ ਤਹਾਂ ਤੈ ਧਰਮੁ ਚਲਾਇ।ਕਬੁਧਿ ਕਰਨ ਤੇ ਲੋਕ ਹਟਾਇ।[201]

ਗੁਰੂ ਗੋਬਿੰਦ ਸਿੰਘ ਜੀ ਨੇ ਅਧਿਕਾਰਾਂ ਦਾ ਮਾਲਕ ਪੰਥ ਖ਼ਾਲਸਾ ਨੂੰ ਦੱਸਿਆ ਹੈ। ਪੰਥ ਖ਼ਾਲਸੇ ਦੀ ਲੀਡਰਸ਼ਿਪ ਪੰਜ ਪੁਰਖੀ ਹੈ। ਜਿਸ ਨੇ ਸਰਬੱਤ ਖ਼ਾਲਸੇ ਦੀ ਸਲਾਹ ਨਾਲ ਚੱਲਣਾ ਹੈ। ਪੰਥ ਖ਼ਾਲਸੇ ਦੀ ਰਾਜ-ਸੱਤਾ ਸੁਤੰਤਰਤਾ ਨੂੰ ਸਥਾਪਿਤ ਕਰਨ ਲਈ ਹੈ। ਪੰਥ ਖ਼ਾਲਸਾ ਇਸ ਗੱਲ ਦਾ ਜ਼ਿੰਮੇਵਾਰ ਹੈ ਕਿ ਉਸ ਦੇ ਰਾਜ ਵਿਚ ਲੋਕਾਂ ਨਾਲ ਇਨਸਾਫ਼ ਹੋਵੇ। ਉਹ ਦੁਸ਼ਟਾਂ ਦਾ ਨਾਸ਼ ਕਰਕੇ ਲੋਕਾਂ ਨੂੰ ਅਕਾਲ ਪੁਰਖ ਦੇ ਨਾਲ ਜੋੜੇ। ਭਾਈ ਗੁਰਦਾਸ (ਦੂਜਾ) ਦੀਆਂ ਵਾਰਾਂ ਵਿਚ ਖ਼ਾਲਸਾ ਰਾਜ ਕਾਇਮ ਕਰਨ ਦੀ ਗਵਾਹੀ ਮਿਲਦੀ ਹੈ:

ਜਿਨਿ ਗੁਰੁ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।
ਤਿਹ ਸਭ ਦੁਸਟਨ ਕਉ ਛੇਦਿ ਕੈ ਅਕਾਲ ਜਪਾਨਾ।[202]

ਪੰਥ ਖ਼ਾਲਸਾ ਗੁਰੂ ਸਾਹਿਬ ਦੀ ਅਜਿਹੀ ਫ਼ੌਜ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਜਿਸਨੇ ਸੁਤੰਤਰ ਰਾਜ ਲਈ ਸੰਘਰਸ਼ ਕੀਤਾ। ਖ਼ਾਲਸਾ ਪੰਥ ਉਹ ਸੰਸਥਾ ਹੈ ਜਿਸ ਨੇ ਦੁਸ਼ਟਾਂ ਦਾ ਨਾਸ਼ ਕਰਕੇ ਹਾਕਮ ਬਣ ਕੇ ਸੁਤੰਤਰ ਖ਼ਾਲਸਾ ਰਾਜ ਕਾਇਮ ਕੀਤਾ। ਖ਼ਾਲਸਾ ਪੰਥ ਧਰਤੀ ਦਾ ਮਾਲਕ ਬਣਿਆ :

ਤਬ ਸਿੰਘਨ ਕਉ ਬਖਸ ਕਰਿ ਬਹੁ ਸੁਖ ਦਿਖਲਾਏ।
ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ।[203]

---

[201] *ਦਸਮ ਗ੍ਰੰਥ ਸਾਹਿਬ,* ਪੰਨਾ-73

[202] *ਵਾਰਾਂ ਭਾਈ ਗੁਰਦਾਸ (ਦੂਜਾ),* ਵਾਰ 41ਵੀਂ, ਪਉੜੀ 16ਵੀਂ, ਪੰਨਾ-441

[203] *ਵਾਰਾਂ ਭਾਈ ਗੁਰਦਾਸ (ਦੂਜਾ),* ਵਾਰ 41ਵੀਂ, ਪਉੜੀ 19ਵੀਂ, ਪੰਨਾ-443

ਸੁਤੰਤਰ ਰਾਜ ਕਾਇਮ ਕਰਨ ਲਈ ਦੁਸ਼ਟਾਂ ਦਾ ਨਾਸ਼ ਕਰਨਾ ਜ਼ਰੂਰੀ ਸੀ ਅਤੇ ਇਹ ਕੰਮ ਖ਼ਾਲਸਾ ਪੰਥ ਨੇ ਬਾਖੂਬੀ ਨਿਭਾਇਆ। ਕੁਇਰ ਸਿੰਘ ਦਾ ਕਥਨ ਹੈ ਕਿ ਸੰਤ ਜਨਾਂ ਨੂੰ ਸੁਖ ਪ੍ਰਦਾਨ ਕਰਨ ਅਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ:

ਸੰਤ ਅਨੰਤ ਬਸੇ ਸੁਖ ਸੋ ਪੁਨਿ ਤੋ ਜਸ ਗਾਇ ਜੁ ਰਾਜ ਕਮਾਵੈ।
ਖਾਲਸਾ ਪੰਥ ਪ੍ਰਕਾਸ਼ ਕਰੋ ਲਖ ਸਤ੍ਰਨ ਸੰਗਰ ਏਕ ਠਹਿਰਾਵੈ।[204]

ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਦੇ ਉਦੇਸ਼ ਨੂੰ ਹੇਠ ਲਿਖੀਆਂ ਤੁਕਾਂ ਉਜਾਗਰ ਕਰਦੀਆਂ ਹਨ:

ਇਨ ਚਿੜੀਅਨ ਤੈ ਬਾਜ ਤੁੜਾਵੋ।
ਅਜਾ ਸੁਤ੍ਰਨ ਤੈ ਸ਼ੇਰ ਕੁਹਾਵੋ।
ਸਿਖਨ ਕੋ ਭੁਗਤੈ ਹੋ ਰਾਜ।
ਤਬੈ ਸਦੈ ਹੂੰ ਗਰੀਬ ਨਿਵਾਜ।[205]

ਸਿੱਟੇ ਵਜੋਂ ਖ਼ਾਲਸਾ ਪੰਥ ਸੁਤੰਤਰ ਰਾਜਨੀਤਿਕ ਸੰਸਥਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਇਤਿਹਾਸਕ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਖ਼ਾਲਸਾ ਪੰਥ ਦਾ ਮੰਤਵ ਮਨੁੱਖੀ ਸੁਤੰਤਰਤਾ ਲਈ ਰਾਜ ਕਾਇਮ ਕਰਨਾ ਹੈ।

ਖ਼ਾਲਸਾ ਪੰਥ ਤੇ ਸਰਬੱਤ ਖ਼ਾਲਸੇ ਦਾ ਅਸਲ ਰੂਪ 18ਵੀਂ ਸਦੀ ਦੇ ਸੰਘਰਸ਼ ਦੌਰਾਨ ਸਾਹਮਣੇ ਆਇਆ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਸਿੱਖਾਂ ਦਾ ਮੁਗ਼ਲਾਂ ਦੇ ਜ਼ੁਲਮ ਸਮੇਂ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਉੱਤੇ (ਦਰਬਾਰ ਸਾਹਿਬ ਅਤੇ ਅਕਾਲ ਤਖ਼ਤ) ਅੰਮ੍ਰਿਤਸਰ ਵਿੱਚ ਇਕੱਠੇ ਹੋਣਾ ਇਕ ਦਸਤੂਰ ਬਣ ਗਿਆ ਸੀ। ਅਜਿਹੇ ਇਕੱਠ ਨੂੰ ਸਮੁੱਚੇ ਪੰਥ ਦਾ ਪ੍ਰਤੀਨਿਧ ਸਮਝੇ ਜਾਣ ਕਾਰਨ 'ਸਰਬੱਤ ਖ਼ਾਲਸਾ' ਕਿਹਾ ਜਾਣ ਲੱਗਾ।"[206] ਡਾ. ਸੁਖਦਿਆਲ 'ਸਰਬੱਤ ਖ਼ਾਲਸਾ' ਬਾਰੇ ਦੱਸਦੇ ਹਨ, "ਸਰਬੱਤ ਖ਼ਾਲਸਾ ਇਕ ਪਾਰਲੀਮੈਂਟ ਸੀ ਅਤੇ ਇਸ ਪਾਰਲੀਮੈਂਟ ਵਿਚ ਐਗਜ਼ੈਕਟਿਵ (ਵਿਧਾਨ ਘੜਨ) ਅਤੇ ਜੁਡੀਸ਼ੀਅਰੀ (ਨਿਆਇ ਕਰਨ) ਦੀਆਂ ਤਾਕਤਾਂ ਸਮਿਲਤ ਸਨ ਭਾਵ ਕਿ ਸਰਬੱਤ ਖ਼ਾਲਸਾ ਹੀ ਕਾਨੂੰਨ ਬਣਾਉਣ ਵਾਲੀ, ਕਾਨੂੰਨ ਲਾਗੂ ਕਰਨ ਵਾਲੀ ਸਭਾ ਅਤੇ ਇਨਸਾਫ਼ ਕਰਨ ਵਾਲੀ ਅਦਾਲਤ ਸੀ।[207] ਇਸ ਤਰ੍ਹਾਂ ਸਰਬੱਤ

---

[204] *ਗੁਰ ਬਿਲਾਸ ਪਾਤਸ਼ਾਹੀ-ਦਸਵੀਂ*, ਪੰਨਾ- 114

[205] ਗਿਆਨ ਸਿੰਘ, ਗਿਆਨੀ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ-223

[206] *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ-229

[207] *ਖ਼ਾਲਸਾ ਪ੍ਰਭੂਸੱਤਾ ਸਿਧਾਂਤ ਅਰਥਾਤ ਖ਼ਾਲਸੇ ਦੀਆਂ ਰਾਜਨੀਤਿਕ ਸੰਸਥਾਵਾਂ*, ਪੰਨਾ-61.

ਖ਼ਾਲਸਾ ਅਜਿਹੀ ਸੰਸਥਾ ਦੇ ਰੂਪ ਵਿਚ ਉੱਭਰਿਆ ਜਿਸ ਨੇ ਸਭ ਨੂੰ ਇਨਸਾਫ਼ ਅਤੇ ਸੁਤੰਤਰਤਾ ਪ੍ਰਦਾਨ ਕਰਨੀ ਸੀ।

**ਅਕਾਲ ਤਖ਼ਤ**

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖ਼ਸੀ ਗੁਰਿਆਈ ਖ਼ਤਮ ਕਰਕੇ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸੇ ਵਿਚ ਹੀ ਸਮਿਲਤ ਕਰ ਦਿੱਤੀ ਸੀ। ਖ਼ਾਲਸੇ ਦੇ ਇਕੱਤਰ ਹੋਣ ਦੀ ਮੁੱਖ ਥਾਂ ਅਕਾਲ ਤਖ਼ਤ ਸਾਹਿਬ ਸੀ। ਇਕੱਤਰ ਹੋਣ ਦੀ ਰਵਾਇਤ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਪ੍ਰਚੱਲਿਤ ਹੋਈ ਹੈ। ਅਕਾਲ ਤਖ਼ਤ ਪੰਥਕ ਗਤੀਵਿਧੀਆਂ ਦੀ ਰਾਜਨੀਤਿਕ ਇਕਾਈ ਹੈ। ਜੋ ਖ਼ਾਲਸਾ ਪੰਥ ਨੂੰ ਆਪਣੀ ਅਗਵਾਈ ਨਾਲ ਸੁਤੰਤਰ ਰਾਜ ਕਾਇਮ ਕਰਨ ਲਈ ਪ੍ਰੇਰਨਾ ਦਿੰਦਾ ਰਿਹਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਅਕਾਲ ਬੁੰਗਾ (ਅਕਾਲ ਤਖ਼ਤ) ਪੰਥਕ ਜਥੇਬੰਦੀ ਦਾ ਕੇਂਦਰ ਹੈ, ਪੰਥ ਇਸ ਥਾਂ 'ਤੇ ਮੁੱਢ ਤੋਂ ਹੀ ਗੁਰਮਤੇ ਸੋਧਦਾ ਆਇਆ ਹੈ। ਇਹ ਸਿੱਖਾਂ ਦਾ ਪਹਿਲਾ ਤਖ਼ਤ ਹੈ।"[208] ਅਕਾਲ ਤਖ਼ਤ ਦੀ ਰਚਨਾ ਦਾ ਮੰਤਵ ਸੋਹਨ ਕਵੀ ਨੇ ਗੁਰ ਬਿਲਾਸ ਪਾ. ਛੇਵੀਂ ਵਿਚ ਸਪਸ਼ਟ ਕੀਤਾ ਹੈ ਕਿ ਅਕਾਲ ਤਖ਼ਤ ਦੀ ਰਚਨਾ ਜਗਤ ਨੂੰ ਤਾਰਨ ਅਤੇ ਦੁਸ਼ਟਾਂ ਦਾ ਨਾਸ ਕਰਨ ਲਈ ਕੀਤੀ ਗਈ ਹੈ:

ਕਹਿ ਭਗਵਤ ਯਹ ਪਜ ਪਗਧਾਰੋ।
ਬੈਠ ਤਖ਼ਤ ਨਿਜ ਸ਼ਤ੍ਰਨ ਮਾਰੋ।[209]

ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਅਕਾਲ ਤਖ਼ਤ 'ਤੇ ਚਾਰ ਸੌ ਸਿੱਖਾਂ ਨੂੰ ਭਰਤੀ ਕਰਕੇ ਇਹ ਸੰਕਲਪ ਕੀਤਾ ਗਿਆ ਸੀ ਕਿ ਸਿੱਖ ਆਪਣਾ ਸੀਸ ਵਾਰਨ ਲਈ ਤਿਆਰ ਹਨ। ਇਹ ਮਰਜੀਵੜਿਆਂ ਦੀ ਸੈਨਾ ਹੈ ਜੋ ਪੰਥ ਲਈ ਜਾਨਾਂ ਵਾਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ:

ਦੀਨ ਹੇਤ ਸਿਰ ਦੇਹਿੰਗੇ ਐਸ ਬਾਤ ਦ੍ਰਿੜ੍ਹ ਕੀਨ।
ਚਾਰ ਸਹਿਸ ਸੂਰਾ ਬਲੀ ਕ੍ਰਿਪਾ ਸਿੰਧੁ ਮਨ ਚੀਨ।[210]

ਗੁਰੂ ਜੀ ਦੇ ਸਮੇਂ ਸੰਗਤ ਦੇ ਫ਼ੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਹੋਣੇ ਸ਼ੁਰੂ ਹੋਏ ਸਨ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਵਿਚਾਰ ਦੀ ਪੂਰਤੀ ਲਈ ਸੀ ਤਾਂ ਕਿ ਸਿੱਖਾਂ ਨੂੰ ਐਸਾ ਕੇਂਦਰੀ ਸਥਾਨ ਮਿਲ ਜਾਵੇ ਜਿਥੇ ਬੈਠ ਕੇ ਇਹ ਆਪਣੇ ਫ਼ੈਸਲੇ ਸੁਤੰਤਰ ਰੂਪ ਵਿਚ ਨਿਬੇੜ ਸਕਣ। ਅਕਾਲ ਤਖ਼ਤ ਦੀ ਭੂਮਿਕਾ

---

208 *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-32.
209 *ਸ੍ਰੀ ਗੁਰ ਬਿਲਾਸ ਪਾਤਸ਼ਾਹੀ-6,* ਪੰਨਾ-151
210 ਉਹੀ, ਪੰਨਾ-153

ਅਦਾਲਤ ਦੇ ਰੂਪ ਵਿਚ ਕਾਫ਼ੀ ਮਹੱਤਤਾ ਰੱਖਦੀ ਹੈ। ਇਥੇ ਸਿੱਖਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਵੀ ਹੁੰਦਾ ਰਿਹਾ ਹੈ। ਪੰਥ ਪ੍ਰਕਾਸ਼ ਨੇ ਵੀ ਵਿਚ ਅਕਾਲ ਤਖ਼ਤ ਨੂੰ ਅਦਾਲਤ ਵਜੋਂ ਬਿਆਨ ਕੀਤਾ ਹੈ:

ਲੂਟੋ ਖੋਹੋ ਹੋਇ ਜੋਊ ਤਿਨ ਕੋ ਮਿਲੈ ਨ ਸਾਫ।
ਝੂਠਨ ਕੋ ਤਨਖਾਹ ਕਰੈਂ, ਔ ਸੱਚਨ ਕਰਾਵੈ ਮਾਫ਼।[211]

ਡਾ. ਜਸਪਾਲ ਸਿੰਘ ਅਨੁਸਾਰ, "ਇਹ ਸਿੱਖਾਂ ਦੀ ਅਹਿਮ ਰਾਜਨੀਤਿਕ ਸੰਸਥਾ ਹੈ। ਅਕਾਲ ਤਖ਼ਤ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਦੀ ਸਭ ਤੋਂ ਵੱਡੀ ਉਪਲਬਧੀ ਸੀ। ਅਕਾਲ ਤਖ਼ਤ ਦੀ ਸਿਰਜਣਾ ਨਾਲ ਅਤੇ ਫਿਰ ਅਕਾਲ ਤਖ਼ਤ ਉੱਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿੱਧੇ ਰੂਪ ਵਿਚ ਇਕ ਰਾਜਨੀਤਿਕ ਇਕਾਈ ਬਣ ਗਿਆ।"[212]

ਗਿਆਨੀ ਗਿਆਨ ਸਿੰਘ ਅਕਾਲ ਤਖ਼ਤ ਸਾਹਿਬ ਦੀ ਰਚਨਾ ਸਮੇਂ ਆਮ ਸਿੱਖਾਂ ਵਿਚ ਪ੍ਰਚੱਲਿਤ ਧਾਰਨਾ ਦਾ ਜ਼ਿਕਰ ਕਰਦੇ ਦੱਸਦੇ ਹਨ ਕਿ ਸਿੰਘ ਕਹਿਣ ਲੱਗ ਪਏ ਸਨ ਕਿ ਹੁਣ ਗੁਰੂ ਦਾ ਰਾਜ ਹੋਵੇਗਾ:

ਅਬ ਰਾਜ ਹੋਇ ਹੈ ਗੁਰੂ ਕੇਰ। ਸਬ ਆਪਸ ਮੈਂ ਸਿਖ ਰਹੇ ਟੇਰ।[213]

ਅਠ੍ਹਾਰਵੀਂ ਸਦੀ ਵਿਚ ਨਵਾਬ ਕਪੂਰ ਸਿੰਘ ਦੇ ਸਮੇਂ ਪੰਥਕ ਰਾਜਸੀ ਤਾਕਤ ਵਧਾਉਣ ਤੇ ਸਿੱਖ ਰਾਜ ਦੀ ਸਥਾਪਤੀ ਨੂੰ ਨਿਯਮਤ ਕਰਨ ਲਈ ਅਕਾਲ ਤਖ਼ਤ 'ਤੇ ਦੀਵਾਨ ਲਾ ਕੇ ਗੁਰਮਤੇ ਕੀਤੇ ਜਾਂਦੇ ਸਨ:

ਅਕਾਲ ਬੁੰਗੇ ਬਹਿ ਲਗੈ ਦੀਵਾਨ।
ਕਰੈਂ ਪ੍ਰਾਤਿ ਸਰ ਅੰਮ੍ਰਿਤ ਸਨਾਨ।
ਕਪੂਰ ਸਿੰਘ ਪਰ ਕ੍ਰਿਪਾ ਪੰਥ ਕਰੀ।
ਭਲੀ ਬੁਧਿ ਆਇ ਤਿਨ ਮੈਂ ਪਰੀ।[214]

ਇਸ ਤਰ੍ਹਾਂ ਅਕਾਲ ਤਖ਼ਤ ਅਜਿਹੀ ਸੰਸਥਾ ਬਣ ਗਿਆ ਜਿਥੇ ਮੀਰੀ-ਪੀਰੀ ਤੇ ਨੈਤਿਕਤਾ ਦਾ ਸੰਚਾਲਨ ਗੁਰਮਤਿ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਹੁੰਦਾ ਸੀ। "ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾ ਪ੍ਰਭੁਸੱਤਾ ਸਿਧਾਂਤ ਦਾ ਮੁੱਖ ਆਧਾਰ ਹੈ। ਇਸ ਸੰਸਥਾ ਨੇ ਸਿੱਖ ਜਗਤ ਨੂੰ ਸੰਸਾਰਕ ਮਾਮਲਿਆਂ ਵਿਚ ਵੀ ਸੁਤੰਤਰ ਕਰ ਦਿੱਤਾ ਸੀ। ਸਿੱਖਾਂ ਲਈ ਅਕਾਲ ਤਖ਼ਤ ਹੀ ਸਰਬ ਉੱਚ ਅਦਾਲਤ ਸੀ। ਇਹ ਮੁਗ਼ਲ ਬਾਦਸ਼ਾਹ ਤੋਂ ਵੀ ਉਪਰ ਮੰਨੀ ਗਈ। ਸਿੱਖ ਲਹਿਰ ਨੇ ਗੁਰੂ ਹਰਗੋਬਿੰਦ ਸਾਹਿਬ ਦੀ ਅਗਵਾਈ ਵਿਚ ਧਾਰਮਿਕ ਖੇਤਰ ਦੇ ਨਾਲ-ਨਾਲ

---

[211] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਡਾ.) (ਸੰਪਾ.), ਪੰਨਾ-419.
[212] ਜਸਪਾਲ ਸਿੰਘ (ਡਾ.), *ਰਾਜ ਦਾ ਸਿੱਖ ਸੰਕਲਪ,* ਪੰਨਾ-223.
[213] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਪੰਨਾ-121.
[214] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-215.

ਸੰਸਾਰਕ ਮਾਮਲਿਆਂ ਵਿਚ ਵੀ ਸੁਤੰਤਰਤਾ ਹਾਸਲ ਕਰ ਲਈ ਸੀ।"[215] ਅੱਜ ਵੀ ਅਕਾਲ ਤਖ਼ਤ ਸਿੱਖ ਕੌਮ ਦੀ ਸ਼ਕਤੀ ਦਾ ਕੇਂਦਰ ਬਿੰਦੂ ਹੈ ਅਤੇ ਮਨੁੱਖਤਾ 'ਤੇ ਆਏ ਸੰਕਟ ਵਿਰੁੱਧ ਖਲੋਣ ਲਈ ਸਿੱਖ ਕੌਮ ਦਾ ਮਾਰਗ ਦਰਸ਼ਨ ਵੀ ਕਰ ਰਿਹਾ ਹੈ।

**ਗੁਰਮਤਾ**

ਖ਼ਾਲਸਾ ਪੰਥ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਸੰਸਥਾਵਾਂ ਦੇ ਜੋ ਕਾਇਦੇ ਕਾਨੂੰਨ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਧਾਰਿਤ ਕੀਤੇ ਸਨ। ਉਨ੍ਹਾਂ ਤਹਿਤ ਸਭ ਤੋਂ ਪਹਿਲਾਂ ਸਖ਼ਸ਼ੀ ਗੁਰਿਆਈ ਨੂੰ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਵਿਚ ਸਮਿਲਤ ਕਰਨਾ ਸੀ। ਇਸ ਲਈ ਸਿੰਘਾਂ ਨੂੰ ਪਰਪੱਕ ਕੀਤਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਦੋਂ ਖ਼ਾਲਸਾ ਜੁੜਦਾ ਹੈ ਤਾਂ ਉਹ ਪੂਰਨ ਗੁਰੂ ਦਾ ਰੂਪ ਹੁੰਦਾ ਹੈ ਅਤੇ ਖ਼ਾਲਸੇ ਦਾ ਹੁਕਮ ਹੀ ਗੁਰਮਤਾ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਗੁਰਮਤਿ ਅਨੁਸਾਰ ਕੀਤਾ ਹੋਇਆ ਮੰਤ੍ਰ। ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ ਜੋ ਗੁਰ ਨਿਯਮਾਂ ਅਨੁਸਾਰ ਦੀਵਾਨ ਦੀ ਸੰਮਤੀ ਹੁੰਦੀ ਸੀ, ਉਸ ਦਾ ਨਾਉਂ 'ਗੁਰਮਤਾ' ਕਿਹਾ ਜਾਂਦਾ।"[216]

ਪੰਜ ਪਿਆਰੇ ਇਕੱਤਰ ਹੋ ਕੇ ਜੋ ਫ਼ੈਸਲਾ ਕਰਦੇ ਹਨ ਉਹ ਸਭ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਹੋਵੇ। ਅਕਾਲ ਤਖ਼ਤ ਤੋਂ ਜਦੋਂ ਗੁਰਮਤੇ ਨੂੰ ਜਾਰੀ ਕੀਤਾ ਜਾਂਦਾ ਹੈ ਤਾਂ ਇਹ ਕੌਮ ਲਈ ਹੁਕਮਨਾਮੇ ਦਾ ਰੂਪ ਧਾਰਨ ਕਰ ਲੈਂਦਾ ਹੈ। ਗੁਰਮਤੇ ਕੌਮੀ ਮਸਲਿਆਂ ਬਾਰੇ ਹੁੰਦੇ ਹਨ ਜੋ ਸਮੁੱਚੀ ਕੌਮ 'ਤੇ ਪ੍ਰਭਾਵ ਪਾਉਂਦੇ ਹਨ। ਸਿੱਖ ਮਿਸਲਾਂ ਸਮੇਂ ਸੁਤੰਤਰਤਾ ਦੇ ਸੰਘਰਸ਼ ਦੌਰਾਨ ਪੰਥਕ ਆਗੂ ਸਾਰੇ ਫ਼ੈਸਲੇ ਗੁਰਮਤੇ ਅਤੇ ਅਕਾਲ ਤਖ਼ਤ ਦੀ ਰਹਿਨੁਮਾਈ ਹੇਠ ਲੈਂਦੇ ਰਹੇ ਹਨ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦੋਂ ਪੰਥ ਨੇਤਾ ਹੀਣ ਹੋ ਗਿਆ ਤਾਂ ਸਿੰਘਾਂ ਨੇ ਗੁਰਮਤਿਆਂ ਰਾਹੀਂ ਹੀ ਅਗਵਾਈ ਲਈ। ਗੁਰਮਤਾ ਕਰਕੇ ਹੀ ਸਿੱਖਾਂ ਨੇ ਜ਼ਕਰੀਆ ਖ਼ਾਨ ਦੀ ਨਵਾਬੀ ਨੂੰ ਗ਼ੁਲਾਮੀ ਮੰਨਦਿਆਂ ਤਿਆਗ ਦਿੱਤਾ।[217]

ਗੁਰੂ ਅਰਜਨ ਦੇਵ ਜੀ ਵੀ ਸਿੱਖਾਂ ਨੂੰ ਫ਼ੈਸਲੇ ਲੈਣ ਵੇਲੇ ਸੰਗਤ ਨੂੰ ਇਕੱਤਰ ਕਰਨ ਦਾ ਇਸ਼ਾਰਾ ਕਰਦੇ ਹਨ। ਉਹ ਸੰਗਤ ਵਿਚ ਕੀਤੇ ਗਏ ਫ਼ੈਸਲਿਆਂ ਦੀ ਤਾਕੀਦ ਕਰਦੇ ਹਨ ਕਿ ਜਦੋਂ ਵੀ ਮਨ ਵਿਚ ਕੋਈ ਫ਼ੈਸਲਾ ਕਰਨ ਦੀ ਦੁਬਿਧਾ ਹੋਵੇ ਤਾਂ ਸੰਗਤ ਇਕੱਤਰ ਕਰੋ ਅਤੇ ਉਸ ਵਿਚ ਜੁੜ ਕੇ ਇਕ ਮਨ ਤੇ ਇਕ ਚਿੱਤ ਹੋ ਕੇ ਵਿਚਾਰ ਕਰੋ। ਜੇ ਇਸ ਤਰ੍ਹਾਂ ਦਾ ਮਾਰਗ ਅਪਣਾਇਆ ਜਾਂਦਾ ਹੈ ਤਾਂ ਕੋਈ ਸੰਕਟ ਨਹੀਂ ਆਉਂਦਾ:

---

[215] ਸੁਖਦਿਆਲ ਸਿੰਘ (ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਰਾਜਸੀ ਚਿੱਤਰਣ ਅਤੇ ਵਿਚਾਰਧਾਰਾ,* ਪੰਨਾ-83.

[216] *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-366

[217] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਪੰਨਾ-543.

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।।
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।।
ਇਨ ਬਿਧਿ ਪਾਸਾ ਢਾਲਹੁ ਬੀਰ।। ਸਾਧਸੰਗਤਿ ਮਿਲਿ ਬੁਧਿ ਬਿਬੇਕ।।[218]

ਗੁਰਬਾਣੀ ਵਿਚ ਖ਼ਾਲਸੇ ਨੂੰ ਸੰਗਤ ਵਿਚੋਂ ਗੁਰੂ ਦੇ ਦਰਸ਼ਨਾਂ ਦੀ ਤਾਈਦ ਕੀਤੀ ਗਈ ਹੈ। ਸੰਗਤ ਵਿਚ ਬੈਠ ਕੇ ਕੀਤੇ ਫ਼ੈਸਲੇ ਭਲਾਈ ਲਈ ਹੁੰਦੇ ਹਨ ਜਿਸ ਵਿਚ ਹਰੇਕ ਵਰਗ ਦੇ ਹਿੱਤਾਂ ਦਾ ਫ਼ੈਸਲਾ ਲਿਆ ਜਾ ਸਕਦਾ ਹੈ। ਇਸ ਵਿਚੋਂ ਹੀ ਸਮਾਨਤਾ ਤੇ ਸੁਤੰਤਰਤਾ ਦਾ ਭਾਵ ਪ੍ਰਗਟ ਹੁੰਦਾ ਹੈ:

ਸਤਸੰਗਤਿ ਮਿਲੈ ਤ ਦਿੜਤਾ ਆਵੈ।ਹਰਿ ਰਾਮ ਨਾਮਿ ਨਿਸਤਾਰੇ।।
ਬਿਸਰਿ ਗਈ ਸਭ ਤਾਤਿ ਪਰਾਈ।ਜਬ ਤੇ ਸਾਧਸੰਗਤਿ ਮੋਹਿ ਪਾਈ।।[219]

ਅਠ੍ਹਾਰਵੀਂ ਸਦੀ ਵਿਚ ਖ਼ਾਲਸਾ ਹਮੇਸ਼ਾ ਗੁਰਮਤਿ ਅਤੇ ਸੰਗਤ ਦੇ ਹੁਕਮ ਅਨੁਸਾਰ ਹੀ ਪੰਥ ਦੀ ਅਗਵਾਈ ਕਰਦਾ ਰਿਹਾ ਹੈ। ਸੰਗਤ ਕਦੇ ਵੀ ਗ਼ਲਤ ਫ਼ੈਸਲਾ ਨਹੀਂ ਕਰ ਸਕਦੀ। ਇਕੱਲੀ ਲੀਡਰਸ਼ਿਪ ਨੂੰ ਦੋਚਿੱਤੀ ਪੇਸ਼ ਆਉਂਦੀ ਹੈ ਪਰ ਸੰਗਤ ਵਿਚ ਅਜਿਹਾ ਨਹੀਂ ਹੁੰਦਾ। ਕਸੂਰ ਦੀ ਮੁਗ਼ਲ ਸਲਤਨਤ 'ਤੇ ਹਮਲਾ ਕਰਨ ਲਈ ਇੱਕ ਵਾਰ ਖ਼ਾਲਸਾ ਪੰਥ ਗੁਰਮਤਾ ਕਰਨ ਲਈ ਇਕ ਮਤ ਨਹੀਂ ਹੋ ਸਕਿਆ ਸੀ। ਕਸੂਰ ਦੇ ਇੱਕ ਬ੍ਰਾਹਮਣ ਨੇ ਆ ਕੇ ਅਕਾਲ ਤਖ਼ਤ ਵਿਚ ਸਜੇ ਦੀਵਾਨ ਵਿਚ ਆ ਕੇ ਦੁਹਾਈ ਦਿੱਤੀ ਕਿ ਕਸੂਰ ਦੇ ਪਠਾਣਾਂ ਨੇ ਉਸ ਦੀ ਪਤਨੀ ਨੂੰ ਅਗਵਾ ਕਰ ਲਿਆ ਅਤੇ ਖ਼ਾਲਸਾ ਪੰਥ ਉਸ ਦੀ ਮਦਦ ਕਰੇ। ਖ਼ਾਲਸਾ ਪੰਥ ਨੇ ਸੰਗਤ ਰੂਪ ਵਿਚ ਵਿਚਾਰ ਕੀਤੀ ਪਰ ਕੋਈ ਮੱਤ ਨਾ ਬਣਿਆ। ਕੁਝ ਸਿੰਘ ਕਸੂਰ ਦੀ ਫ਼ੌਜ ਨਾਲ ਦੁਸ਼ਮਣੀ ਲੈਣ ਦੇ ਹੱਕ ਵਿਚ ਨਹੀਂ ਸਨ। ਅੰਤ ਵਿਚ ਸਾਰੇ ਸਿੰਘਾਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਅਤੇ ਹੁਕਮਨਾਮੇ ਅਨੁਸਾਰ ਸਿੰਘਾਂ ਨੇ ਗੁਰਮਤਾ ਕਰਕੇ ਕਸੂਰ 'ਤੇ ਹਮਲਾ ਕੀਤਾ। ਬ੍ਰਾਹਮਣ ਦੀ ਪਤਨੀ ਨੂੰ ਆਜ਼ਾਦ ਕਰਵਾ ਕੇ ਉਥੋਂ ਦੀ ਸਲਤਨਤ 'ਤੇ ਕਬਜ਼ਾ ਕਰ ਲਿਆ। ਭਾਈ ਰਤਨ ਸਿੰਘ ਭੰਗੂ ਇਸ ਘਟਨਾ ਨੂੰ ਬਿਆਨ ਕਰਦੇ ਹਨ:

ਊਚੇ ਬਿਪ ਯੌ ਕਰੀ ਪੁਕਾਰ।'ਖੋਹੀ ਕਸੂਰੀਅਨ ਮੇਰੀ ਨਾਰ।
ਤੁਮ ਖਾਲਸੇ ਹੋ ਹਿੰਦੂ ਧਰਮ। ਪੰਥ ਨਾਨਕ ਕੋ ਛਤ੍ਰੀ ਕਰਮ।
ਤੁਰਕਨ ਕੀਨੀ ਜੁਲਮੀ ਭਾਰੀ। ਤੁਰਕਨ ਆਈ ਗਲਨੈ ਵਾਰੀ।
ਮੈਂ ਆਯੋ ਖਾਲਸੈ ਸ਼ਰਨਾਈ'। ਯੌਂਕਹਿ ਕੈ ਫਿਰ ਦਈ ਦੁਹਾਈ।
'ਯਹਦ੍ਵਬਾਰ ਛਡ ਔਰਕਤ ਜਾਊਂ। ਦਿਸੈ ਨ ਠੌਰਜਹਿਂ ਅਦਾਲਤ ਪਾਊ।
ਦ੍ਵਬਾਰ ਅਗੈ ਸੁਟੀ ਪੱਗ ਉਤਾਰ। ਕਹੈ 'ਮਰੂੰ ਮੈਂ ਮਾਰ ਤਲਵਾਰ'।[220]

---

[218] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-377.
[219] ਉਹੀ, ਅੰਗ-981.
[220] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-386

ਖ਼ਾਲਸਾ ਪੰਥ ਗੁਰਮਤੇ ਰਾਹੀਂ ਤੁਰਕਾਂ ਨਾਲ ਜੰਗੀ ਰਣਨੀਤੀ ਤੈਅ ਕਰਦਾ ਆਇਆ ਹੈ। ਤੇਗ਼ ਦੇ ਜ਼ੋਰ ਨਾਲ ਆਪਣੀ ਸੱਤਾ ਸਥਾਪਿਤ ਕਰਨ ਸਬੰਧੀ ਵਿਚਾਰਾਂ ਹੁੰਦੀਆਂ ਸਨ:

ਸੁਨ ਪਿਖ ਸਭ ਸਿੰਘਨ ਤਬੈ ਕਰ ਗੁਰਮਤਾ ਵਿਚਾਰ।
ਕਹਯੋ ਨ ਹੋਵੈ ਹਮ ਤੁਰਕ ਕੇ ਕਬਹੂੰ ਤਾਬੇਦਾਰ।
ਹਮ ਸਬ ਲੈਹੈਂ ਮੁਲਕ ਅਬ ਜ਼ੋਰ ਤੇਗ ਕੇ ਮਾਰ।
ਇਹੁ ਖਟ ਸਿੰਘਨ ਸ਼ਾਹਿ ਕੋ ਲਿਖਯੋ ਐਸ ਜਵਾਬ।
ਹਮਰਾ ਤੁਮਰਾ ਤੇਗ਼ ਸੈ ਮਿਲਬੋ ਆਹਿ ਸਵਾਬ।[221]

ਗੁਰਮਤਾ ਸਿੱਖ ਪ੍ਰਭੂਸੱਤਾ ਜਾਂ ਗੁਰਮਤਿ ਦੇ ਰਾਜਸੀ ਸਿਧਾਂਤ ਦੀ ਬੁਨਿਆਦ ਹੈ। ਇਸ ਸੰਸਥਾ ਨੇ ਸਿੱਖਾਂ ਨੂੰ ਰਾਜਸੀ ਤੌਰ 'ਤੇ ਜਥੇਬੰਦ ਕਰਕੇ ਸੰਘਰਸ਼ ਦੇ ਰਾਹ ਤੋਰਿਆ:

ਅਕਾਲ ਬੁੰਗੈ ਚੜ੍ਹ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸ੍ਰਬਤ ਖਾਲਸੈ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।[222]

ਖ਼ਾਲਸਾ ਪੰਥ ਨੂੰ ਜਥੇਬੰਦ ਅਤੇ ਰਾਜਸੀ ਮਾਰਗ ਦਰਸ਼ਨ ਕਰਨ ਵਿਚ ਗੁਰਮਤਿਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਇਸ ਲਈ ਗੁਰਮਤਾ ਸਿੱਖ ਰਾਜ ਦੀ ਮਹੱਤਵਪੂਰਨ ਸੰਸਥਾ ਹੈ। ਖ਼ਾਲਸਾ ਪੰਥ ਦੇ ਸੁਤੰਤਰਤਾ ਦੇ ਸੰਘਰਸ਼ ਨੂੰ ਪ੍ਰਪੱਕ ਕਰਨ ਵਿਚ ਗੁਰਮਤੇ ਨੇ ਅਹਿਮ ਯੋਗਦਾਨ ਪਾਇਆ ਹੈ ਅਤੇ ਪੰਥ ਲਈ ਨਵਾਂ ਜਮਹੂਰੀ ਸਿਧਾਂਤ ਕਾਇਮ ਕੀਤਾ ਹੈ।

ਗੁਰਮਤੇ ਨੇ ਸਿੱਖ ਰਾਜਸੀ ਸੰਕਲਪ ਨੂੰ ਗੰਭੀਰਤਾ ਤੇ ਗਤੀਸ਼ੀਲਤਾ ਪ੍ਰਦਾਨ ਕੀਤੀ ਜਿਸ ਅਨੁਸਾਰ ਪੰਥ ਇਨ੍ਹਾਂ ਗੁਰਮਤਿਆਂ ਰਾਹੀਂ ਹੀ ਰਾਜਨੀਤਿਕ ਤਾਕਤ ਨਿਰਧਾਰਿਤ ਕਰਦਾ ਆਇਆ ਹੈ। ਬਿਖੜੇ ਪੈਂਡਿਆਂ ਸਮੇਂ ਵੀ ਇਸਨੇ ਸਿੱਖ ਪੰਥ ਨੂੰ ਨਿਰਣਾਇਕ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਇਆ। ਗੁਰਮਤਾ ਖ਼ਾਲਸਾ ਪੰਥ ਦੀ ਨਿਰਣਾ ਲੈਣ ਲਈ ਅਪਣਾਈ ਗਈ ਲੋਕਤਾਂਤ੍ਰਿਕ ਪ੍ਰਕਿਰਿਆ ਹੈ।

ਸਰਬੱਤ ਖ਼ਾਲਸਾ ਦਾ ਮੰਤਵ ਦੁਸ਼ਟਾਂ ਦਾ ਨਾਸ ਕਰਕੇ ਸੁਤੰਤਰ ਖ਼ਾਲਸਾ ਰਾਜ ਕਾਇਮ ਕਰਨਾ ਹੈ। ਅਕਾਲ ਤਖ਼ਤ ਗੁਰਮਤੇ ਦੀ ਅਗਵਾਈ ਕਰਨ ਵਾਲੀ ਸੰਸਥਾ ਹੈ ਜੋ ਸਿੱਖਾਂ ਦੀ ਅਦਾਲਤ ਦਾ ਕੰਮ ਵੀ ਕਰਦੀ ਰਹੀ ਹੈ। ਇਥੇ ਸਿੱਖਾਂ ਦੇ ਨਿਆਇਕ ਅਤੇ ਇਨਸਾਫ਼ ਪਸੰਦ ਫ਼ੈਸਲੇ ਹੁੰਦੇ ਰਹੇ ਹਨ। ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਦੀ ਰਾਜਨੀਤਿਕ ਤੌਰ 'ਤੇ ਅਗਵਾਈ ਇਸ ਸੰਸਥਾ ਨੇ ਕੀਤੀ ਹੈ। ਗੁਰਮਤਾ ਗੁਰੂ ਵੱਲੋਂ ਕੀਤਾ ਗਿਆ ਹੁਕਮ ਹੈ। ਅਕਾਲ ਤਖ਼ਤ ਤੇ ਜਾਂ ਹੋਰ ਥਾਵਾਂ 'ਤੇ ਸਿੰਘ ਇਕੱਤਰ ਹੋ ਕੇ ਗੁਰਮਤੇ ਕਰਦੇ ਸਨ ਅਤੇ

---

[221] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਪੰਨਾ-978

[222] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-331

ਸਾਰੀ ਕੌਮ ਪ੍ਰਵਾਨ ਕਰਦੀ ਸੀ। ਉਪਰੋਕਤ ਤਿੰਨੋ ਸੰਸਥਾਵਾਂ ਆਪਸ ਵਿਚ ਜੁੜੀਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਸਿੱਖ ਪੰਥ ਦੇ ਲੋਕਤੰਤਰੀ ਸੰਕਲਪ ਦਾ ਰੂਪ ਝਲਕਦਾ ਹੈ। ਇਨ੍ਹਾਂ ਸੰਸਥਾਵਾਂ ਨੇ ਸੁਤੰਤਰਤਾ ਪ੍ਰਾਪਤੀ ਲਈ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

## ਸੁਤੰਤਰਤਾ ਅਤੇ ਰਾਜਸੀ ਸ਼ਕਤੀ

ਧਰਮ ਮਨੁੱਖੀ ਸੁਤੰਤਰਤਾ ਦਾ ਆਧਾਰ ਹੈ। ਧਰਮ ਅਤੇ ਰਾਜ ਦਾ ਮੁੱਢ ਤੋਂ ਹੀ ਆਪਸੀ ਤਾਲਮੇਲ ਰਿਹਾ ਹੈ। ਜਿਸ ਧਾਰਮਿਕ ਲਹਿਰ ਨੇ ਰਾਜਸੀ ਸ਼ਕਤੀ ਨੂੰ ਨਹੀਂ ਅਪਣਾਇਆ ਉਸਦੀ ਹੋਂਦ ਖ਼ਤਮ ਹੁੰਦੀ ਗਈ। ਰਾਜਸੀ ਸ਼ਕਤੀ ਅਜਿਹੀ ਤਾਕਤ ਹੈ ਜਿਸ ਤੋਂ ਬਿਨ੍ਹਾਂ ਕੋਈ ਵੀ ਲਹਿਰ ਸਥਿਰ ਨਹੀਂ ਰਹਿ ਸਕਦੀ। ਬੁੱਧ ਮੱਤ ਅਤੇ ਜੈਨ ਮੱਤ ਦਾ ਅਲੋਪ ਹੋਣਾ ਇਸ ਦੀਆਂ ਉਦਾਹਰਨਾਂ ਹਨ। ਰਾਜਸੀ ਸ਼ਕਤੀ ਪ੍ਰਾਪਤ ਕਰਕੇ ਹੀ ਮੁਸਲਮਾਨਾਂ ਨੇ ਭਾਰਤ 'ਤੇ ਸਦੀਆਂ ਤੱਕ ਰਾਜ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਵੀ ਰਾਜ ਸ਼ਕਤੀ ਨੂੰ ਸੁਤੰਤਰਤਾ ਲਈ ਅਹਿਮ ਮੰਨਿਆ ਹੈ:

> ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ।।[223]
> ਜਿਸ ਕਾ ਰਾਜ ਤਿਸੈ ਕਾ ਸੁਪਨਾ।।[224]

ਰਾਜਸੀ ਤਾਕਤ ਨਾਲ ਹੀ ਸਭ ਨੂੰ ਕਾਬੂ ਕੀਤਾ ਜਾ ਸਕਦਾ ਹੈ ਜਿਸ ਨਾਲ ਧਰਮ ਅਤੇ ਸੁਤੰਤਰਤਾ ਕਾਇਮ ਰਹਿੰਦੀ ਹੈ। ਰਾਜਸੀ ਸ਼ਕਤੀ ਦੀ ਅਣਹੋਂਦ ਵਿਚ ਧਰਮ ਦੀ ਰੱਖਿਆ ਨਹੀਂ ਹੁੰਦੀ। ਡਾ. ਸੰਗਤ ਸਿੰਘ ਅਨੁਸਾਰ ਖ਼ਾਲਸਾ ਸਾਜਣ ਤੋਂ ਇਕ ਦਹਾਕੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਸੀ ਸ਼ਕਤੀ ਦੇ ਸਿਧਾਂਤ ਦਾ ਨਿਰੂਪਣ ਕੀਤਾ ਕਿ "ਰਾਜ (ਰਾਜਸੀ ਸ਼ਕਤੀ) ਬਿਨਾਂ ਧਰਮ (ਕਾਨੂੰਨ ਅਨੁਸਾਰੀ ਸ਼ਾਸਨ) ਨਹੀਂ ਚੱਲ ਸਕਦਾ ਅਤੇ ਧਰਮ ਤੋਂ ਬਿਨਾਂ ਸਮਾਜ ਦਲਤ-ਮਲਤ ਹੋ ਜਾਂਦਾ ਹੈ। ਧਰਮ ਰਾਜਨੀਤਿਕ ਸੁਤੰਤਰਤਾ ਅਤੇ ਗੌਰਵ ਤੋਂ ਬਿਨਾ ਨੀਚ ਗ਼ੁਲਾਮੀ ਹੈ ਅਤੇ ਰਾਜਨੀਤੀ, ਧਾਰਮਿਕ ਸਦਾਚਾਰ ਬਿਨਾਂ ਸੰਗਿਠਿਤ ਜਾਂਗਲੀਪੁਣਾ ਹੈ।"[225] ਇਸ ਤਰ੍ਹਾਂ ਧਰਮ, ਰਾਜਸੀ ਸ਼ਕਤੀ ਅਤੇ ਸੁਤੰਤਰਤਾ ਇਕ-ਦੂਜੇ ਦੇ ਪੂਰਕ ਹਨ। ਇਸੇ ਸੰਕਲਪ ਵਿਚੋਂ ਇਹ ਵਿਚਾਰ ਪ੍ਰਚੱਲਿਤ ਹੋਇਆ:

> ਰਾਜ ਬਿਨਾ ਨ ਧਰਮ ਚਲੈ ਹੈਂ।
> ਧਰਮ ਬਿਨਾ ਸਭ ਦਲੈ ਮਲੈ ਹੈਂ।

---

[223] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-27

[224] *ਉਹੀ,* ਅੰਗ-179

[225] ਸੰਗਤ ਸਿੰਘ (ਡਾ.), *ਇਤਿਹਾਸ 'ਚ ਸਿੱਖ,* ਪੰਨਾ-89

ਪੰਥ ਪ੍ਰਕਾਸ਼ ਵਿਚਲੇ ਇਹ ਸ਼ਬਦ ਦੇਸ਼ ਭਗਤੀ ਅਤੇ ਰਾਸ਼ਟਰੀ ਭਾਵਨਾ ਨਾਲ ਜੁੜੇ ਹੋਏ ਹਨ। ਇਹ ਰਾਜ ਦੀ ਪ੍ਰਾਪਤੀ ਲਈ ਬਲ ਅਤੇ ਸ਼ਕਤੀ ਦੇ ਪ੍ਰਯੋਗ ਦੀ ਹਾਮੀ ਭਰਦੇ ਹਨ:

ਕੋਊ ਕਿਸੀ ਕੋ ਰਾਜ ਨ ਦੇ ਹੋ।
ਜੋ ਲੇ ਹਉ ਨਿਜ ਬਲ ਸੇ ਲੇ ਹਉ।[226]

ਇਸਲਾਮ ਵਿਚ ਵੀ ਧਰਮ ਅਤੇ ਰਾਜ ਸ਼ਕਤੀ ਨੂੰ ਇਕ ਵਿਅਕਤੀ ਦੇ ਹੱਥ ਵਿਚ ਰੱਖਿਆ ਗਿਆ ਸੀ। ਹਜ਼ਰਤ ਮੁਹੰਮਦ ਸਾਹਿਬ ਨੇ ਵੀ ਇਸਲਾਮ ਦੀ ਸਥਾਪਨਾ ਕਰਨ ਸਾਰ ਹੀ ਰਾਜਸੀ ਸ਼ਕਤੀ ਦਾ ਐਲਾਨ ਕਰ ਦਿੱਤਾ ਸੀ, "ਹਜ਼ਰਤ ਮੁਹੰਮਦ ਸਾਹਿਬ ਇਕੋ ਸਮੇਂ ਰੱਬ ਦੇ ਭੇਜੇ ਪੈਗ਼ੰਬਰ ਅਤੇ ਅਰਬ ਦੇ ਰਾਜੇ ਸਨ। ਇਸ ਤਰ੍ਹਾਂ ਉਨ੍ਹਾਂ ਵਿਚ ਅਧਿਆਤਮਿਕ ਅਤੇ ਰਾਜਸੀ ਸ਼ਕਤੀ ਸਮਾਈ ਹੋਈ ਸੀ।"[227] ਇਸਲਾਮੀ ਵਿਚਾਰਧਾਰਾ ਅਨੁਸਾਰ "ਸੱਚੀ ਪ੍ਰਭੁਤਾ ਰੱਬ ਕੋਲ ਹੈ। ਖ਼ਲੀਫ਼ਾ ਜਾਂ ਕੋਈ ਹੋਰ ਹੁਕਮਰਾਨ ਸੁਤੰਤਰ ਨਹੀਂ ਸਗੋਂ ਰੱਬ ਦੇ ਉਹ ਸਾਧਨ ਮਾਤਰ ਹਨ ਜਿਸ ਨਾਲ ਉਹ ਮਨੁੱਖੀ ਖੇਤਰ 'ਤੇ ਆਪਣਾ ਨਿਯੰਤਰਣ ਰੱਖਦਾ ਹੈ। ਰਾਜੇ ਨੂੰ ਸਮਰਪਿਤ ਹੋਣਾ ਰੱਬ ਦੇ ਉਦੇਸ਼ਾਂ ਨੂੰ ਸਮਰਪਿਤ ਹੋਣ ਵਾਂਗ ਹੈ। ਰਾਜੇ ਵਿਰੁੱਧ ਬਗਾਵਤ ਕਰਨ ਦਾ ਅਰਥ ਹੈ ਰੱਬ ਅਤੇ ਮੁਹੰਮਦ ਸਾਹਿਬ ਦੇ ਉਦੇਸ਼ਾਂ ਵਿਰੁੱਧ ਬਗ਼ਾਵਤ ਕਰਨਾ ਹੈ।"[228] ਇਸਲਾਮ ਵਿਚ 'ਜਹਾਦ' ਸ਼ਬਦ ਵੀ ਧਰਮ ਯੁੱਧ ਨਾਲ ਜੁੜਿਆ ਸ਼ਬਦ ਹੈ। ਪਰ 'ਜਹਾਦ' ਨੂੰ ਗ਼ਲਤ ਰੰਗਤ ਦਿੱਤੀ ਗਈ ਹੈ। ਹਿੰਦੂਆਂ ਨੂੰ ਧਰਮ ਤਬਦੀਲ ਕਰਕੇ ਗ਼ੁਲਾਮ ਬਣਾਇਆ ਜਾਣ ਲੱਗਾ ਸੀ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਜਬਰੀ ਧਰਮ ਤਬਦੀਲੀ ਦੇ ਵਿਰੁੱਧ ਸੀ।

ਹਿੰਦੂ ਧਰਮ ਦੇ ਗ੍ਰੰਥ ਸ਼ੁਕਰਨੀਤੀ, ਮਹਾਂਭਾਰਤ, ਰਮਾਇਣ, ਮੰਨੂ ਸਮ੍ਰਿਤੀ ਅਤੇ ਅਰਥਸ਼ਾਸਤਰ ਆਦਿ ਉਜਾਗਰ ਕਰਦੇ ਹਨ ਕਿ ਰਾਜ ਧਰਮ ਦੀ ਪਾਲਣਾ ਕਰਦਿਆਂ ਹੀ ਰਾਜਾ ਅਤੇ ਉਸਦੀ ਰਾਜ ਵਿਵਸਥਾ ਲੋਕ ਕਲਿਆਣਕਾਰੀ ਹੋ ਸਕਦੀ ਹੈ। ਮਹਾਂਭਾਰਤ ਵਿਚ ਕਿਹਾ ਗਿਆ ਹੈ, "ਸਾਰੇ ਪ੍ਰਾਣੀ ਧਰਮ ਵਿਚ ਸਥਿਤ ਰਹਿੰਦੇ ਹਨ ਅਤੇ ਧਰਮ ਰਾਜਾ ਵਿਚ ਨਿਵਾਸ ਕਰਦਾ ਹੈ। ਜਿਹੜੇ ਰਾਜ ਧਰਮ ਦੀ ਉੱਤਮ ਰੀਤੀ ਨਾਲ

---

[226] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਪੰਨਾ-239

[227] *"In Islam the functions of the priest and the sovereign were concentrated in one and the same person, Mohamed was alike the Prophet of God and the temporal ruler of the Arabs,,* (Bukhs, S. Khuda, *Essays Indian and Islamic*, P-25)

[228] *"To submit to a ruler Meant for a Muslim to Submit to the purpose of God and to revolt against the ruler Should then be tantamount to revolt against the purpose of God and the Prophet,"* Askari, Hasan, "*Society and State in Islam An introduction,* P-91.

ਰੱਖਿਆ ਕਰਦੇ ਹਨ ਉਹੋ ਧਰਤੀ ਦੇ ਸੁਆਮੀ ਬਣਦੇ ਹਨ।"[229] ਕੁਝ ਰਚਨਾਵਾਂ ਅਤੇ ਸੰਸਥਾਵਾਂ ਨੇ ਹਿੰਦੁਸਤਾਨ ਵਿਚ ਵਰਣ-ਪ੍ਰੰਪਰਾ ਰਾਹੀਂ ਫੁੱਟ ਦਾ ਬੀਜ ਵੀ ਬੋਇਆ ਜੋ ਗ਼ੁਲਾਮੀ ਦਾ ਕਾਰਨ ਬਣੇ।

ਮੁਗ਼ਲ ਬਾਦਸ਼ਾਹ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਲੋਕਾਂ 'ਤੇ ਅੱਤਿਆਚਾਰ ਕਰਦੇ ਸਨ। ਗੁਰੂ ਸਾਹਿਬਾਨ ਨੇ ਮੀਰੀ ਅਤੇ ਪੀਰੀ ਦੀ ਸ਼ਕਤੀ ਨਾਲ ਮਨੁੱਖ ਅੰਦਰੋਂ ਆਜ਼ਾਦੀ ਅਤੇ ਬਰਾਬਰੀ ਦੀ ਚੰਗਿਆੜੀ ਪੈਦਾ ਕੀਤੀ। ਸਿੱਖ ਲਹਿਰ ਵਿਚ ਆਪਣੀਆਂ ਆਸਾਂ ਪੂਰੀਆਂ ਹੁੰਦੀਆਂ ਵੇਖ ਜਨਤਾ ਇਸਦਾ ਹਿੱਸਾ ਬਣ ਗਈ। ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਜਦੋਂ ਦੱਬੇ-ਕੁਚਲੇ ਲੋਕਾਂ ਨੂੰ ਰਾਜਸੀ ਤਾਕਤ ਲਈ ਉਭਾਰਿਆ ਗਿਆ ਸੀ।

ਹਿੰਦੂ ਧਰਮ ਦੁਨਿਆਵੀ ਧਰਮਾਂ ਵਿਚ ਸਭ ਤੋਂ ਪੁਰਾਣਾ ਹੈ। ਇਸਦੀ ਅੱਖ ਰਾਜਸੀ ਸ਼ਕਤੀ ਪ੍ਰਾਪਤ ਕਰਨ 'ਤੇ ਲੱਗੀ ਰਹੀ। ਰਾਮ ਚੰਦਰ ਅਤੇ ਕ੍ਰਿਸ਼ਨ ਰਾਜੇ ਹੋਣ ਦੇ ਨਾਲ-ਨਾਲ ਲੋਕਾਂ ਲਈ ਪੂਜਣਯੋਗ ਵੀ ਸਨ। ਦੋਵੇਂ ਫਿਰਕਿਆਂ ਨੇ ਧਾਰਮਿਕ ਸ਼ਕਤੀ ਦੇ ਨਾਲ-ਨਾਲ ਰਾਜਨੀਤਿਕ ਸ਼ਕਤੀ 'ਤੇ ਅੱਖ ਰੱਖੀ ਹੋਈ ਸੀ। ਯਹੂਦੀ ਵੀ ਰਾਜਸੀ ਸ਼ਕਤੀ ਪ੍ਰਾਪਤ ਕਰਨ ਤੋਂ ਪਹਿਲਾਂ ਠੋਕਰਾਂ ਹੀ ਖਾਂਦੇ ਰਹੇ।[230] ਇਨ੍ਹਾਂ ਦਾ ਸੰਘਰਸ਼ ਮਨੁੱਖੀ ਹਿੱਤਾਂ ਨਾਲੋਂ ਆਪਣੇ ਜਾਤੀ ਰਾਜਸੀ ਹਿੱਤਾਂ ਨਾਲ ਜ਼ਿਆਦਾ ਜੁੜਿਆ ਹੋਇਆ ਸੀ। ਹਿੰਦੂ ਧਰਮ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਸੰਪ੍ਰਦਾਇਕਤਾ ਪੈਦਾ ਕੀਤੀ ਤੇ ਕੌਮੀ ਜਜ਼ਬੇ ਦੀ ਘਾਟ ਕਾਰਨ ਹਿੰਦੂਆਂ ਨੂੰ ਗ਼ੁਲਾਮੀ ਦੇ ਜੂਲ਼ੇ ਦੀ ਆਦਤ ਬਣ ਚੁੱਕੀ ਸੀ। ਮੁਸਲਮਾਨ ਅਤੇ ਹਿੰਦੂ ਰਾਜਿਆਂ ਨੇ ਰਾਜਸੀ ਸ਼ਕਤੀ ਹਾਸਲ ਕਰਕੇ ਲੋਕਾਂ ਦੀ ਲੁੱਟ ਮਾਰ ਕੀਤੀ ਅਤੇ ਗ਼ੁਲਾਮੀ ਦੇ ਹਾਲਾਤ ਪੈਦਾ ਕੀਤੇ। ਰਾਜਸੀ ਸ਼ਕਤੀ ਹਾਸਲ ਕਰਨ ਮਗਰੋਂ ਹੌਲੀ-ਹੌਲੀ ਜਾਤੀ ਹਿੱਤਾਂ ਕਾਰਨ ਮਨੁੱਖੀ ਸੁਤੰਤਰਤਾ ਖ਼ਤਮ ਹੁੰਦੀ ਗਈ। ਸਿੱਖ ਲਹਿਰ ਨੂੰ ਵੀ ਸੁਤੰਤਰਤਾ ਲਈ ਰਾਜਸੀ ਸ਼ਕਤੀ ਨੂੰ ਪ੍ਰਾਪਤ ਕਰਨਾ ਪਿਆ। ਗੁਰੂ ਨਾਨਕ ਸਾਹਿਬ ਨੇ ਅਧਿਆਤਮਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਗ਼ੁਲਾਮ ਹੋ ਚੁੱਕੀ ਲੋਕਾਈ ਨੂੰ ਸਮਾਜਿਕ ਕੂੜ ਅਵਸਥਾ ਅਤੇ ਮੌਜੂਦਾ ਭ੍ਰਿਸ਼ਟ ਰਾਜਤੰਤਰ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸੁਤੰਤਰ ਜੀਵਨ ਜਿਊਂਣ ਦਾ ਰਾਹ ਦੱਸਿਆ। ਸਿੱਖਾਂ ਵਿਚ ਰਾਜਸੀ ਸ਼ਕਤੀ ਪ੍ਰਾਪਤ ਕਰਨ ਲਈ ਇਨਕਲਾਬ ਦਾ ਬੀਜ ਬੀਜਿਆ ਗਿਆ। ਰਾਜਸੀ ਸ਼ਕਤੀ ਸਥਾਪਿਤ ਕਰਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਚੁੱਕੀ ਸੀ। ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਖ਼ਸ਼ਣਾ ਰਾਜਸੀ ਸ਼ਕਤੀ ਨਾਲ ਜੁੜਿਆ ਹੋਇਆ ਪ੍ਰਸੰਗ ਹੈ:

ਨਾਨਕਿ ਰਾਜ ਚਲਾਇਆ ਸਚੁ ਕੋਟਿ ਸਤਾਣੀ ਨੀਵ ਦੈ।।

---

[229] ਮਹਾਂਭਾਰਤ, *ਤੀਜਾ ਖੰਡ, (ਸ਼ਾਂਤੀ ਪਰਵ)*, ਪੰਨਾ-2079

[230] ਸੁਖਦਿਆਲ ਸਿੰਘ, *ਖ਼ਾਲਸਾ ਰਾਜ ਦਾ ਸੰਕਲਪ,* ਪੰਨਾ-2

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ।।[231]

ਸਿੱਖ ਧਰਮ ਵਿਚ ਰਾਜਸੀ ਸ਼ਕਤੀ ਦਾ ਪ੍ਰਗਟਾਵਾ ਮੀਰੀ ਅਤੇ ਪੀਰੀ ਵਿਚੋਂ ਹੁੰਦਾ ਹੈ। ਸਿੱਖ ਮਤ ਵਿਚ ਧਰਮ ਅਤੇ ਰਾਜ ਦੇ ਸਬੰਧਾਂ ਉਤੇ ਆਧਾਰਿਤ ਮੀਰੀ-ਪੀਰੀ ਦਾ ਸਿਧਾਂਤ ਨਿਵੇਕਲਾ ਹੈ। ਗੁਰਬਾਣੀ ਅਤੇ ਗੁਰ ਇਤਿਹਾਸ ਦੀ ਪਿੱਛੇ ਕੀਤੀ ਵਿਚਾਰ ਅਨੁਸਾਰ ਇਹ ਸਿਧਾਂਤ ਆਪਣੇ ਆਪ ਵਿਚ ਸੁਤੰਤਰ ਸਿਧਾਂਤ ਹੈ। ਗੁਰੂ ਹਰਗੋਬਿੰਦ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ ਤੇ ਹੋਰ ਰਾਜਸੀ ਚਿੰਨ੍ਹ ਅਪਣਾਏ। ਇਹ ਸਿੱਖਾਂ ਦੀ ਰਾਜਸੀ ਸ਼ਕਤੀ ਦਾ ਆਧਾਰ ਹੈ। "ਸਿੱਖ ਪਰੰਪਰਾ ਵਿਚ ਮੀਰੀ-ਪੀਰੀ ਦੇ ਸਿਧਾਂਤ ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਵਿਚ ਪ੍ਰਗਟ ਕੀਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਅਧਿਆਤਮਿਕ ਪ੍ਰਭੁਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੁਨਿਆਵੀ ਪ੍ਰਭੁਤਾ ਦੇ ਪ੍ਰਤੀਕ ਹਨ। ਸੁਤੰਤਰਤਾ ਲਈ ਰਾਜਸੀ ਸ਼ਕਤੀ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖੁੱਲ੍ਹੇ ਰੂਪ ਵਿਚ ਐਲਾਨ ਕੀਤਾ ਕਿ ਹੁਣ ਹਥਿਆਰਬੰਦ ਹੋ ਕੇ ਸਮੇਂ ਦੀ ਜ਼ਾਲਮ ਹਕੂਮਤ ਨੂੰ ਉਲਟਾ ਦਿਓ ਅਤੇ ਕਿਰਤੀ, ਕਾਮੇ ਅਤੇ ਧਰਮੀ ਵਿਅਕਤੀ ਦਾ ਰਾਜ ਕਾਇਮ ਕਰੋ। ਇਸ ਦੀ ਪੂਰਤੀ ਲਈ ਗੁਰਮੁਖ ਨੂੰ ਨਵਾਂ ਰੂਪ ਦਿੱਤਾ ਗਿਆ। ਸੰਗਤ ਨੂੰ ਨਵੇਂ ਰੂਪ ਵਿਚ ਜਥੇਬੰਦ ਕੀਤਾ ਗਿਆ। ਇਹ ਨਵਾਂ ਰੂਪ ਸੀ 'ਖ਼ਾਲਸਾ' ਜਿਸ ਨਾਲ ਹਥਿਆਰਬੰਦ ਇਨਕਲਾਬ ਦੀ ਸ਼ੁਰੂਆਤ ਹੋਈ ਸੀ। ਇਹ ਸੰਘਰਸ਼ ਉਦੋਂ ਤੱਕ ਨਹੀਂ ਰੁਕਿਆ ਜਦੋਂ ਤੱਕ ਖ਼ਾਲਸੇ ਨੇ ਆਪਣਾ ਰਾਜ ਕਾਇਮ ਨਹੀਂ ਕਰ ਲਿਆ। ਸਿੱਖ ਪਰੰਪਰਾ ਵਿਚ ਜਾਤੀ ਹਿੱਤਾਂ ਨਾਲੋਂ ਮਨੁੱਖੀ ਹਿੱਤਾਂ ਨੂੰ ਅੱਗੇ ਰੱਖਿਆ ਹੈ। ਸ਼ਕਤੀ ਦਾ ਦੁਰਉਪਯੋਗ ਕਰਕੇ ਮਨੁੱਖਤਾ 'ਤੇ ਕਿਸੇ ਤਰ੍ਹਾਂ ਦਾ ਜ਼ਬਰ ਨਹੀਂ ਕੀਤਾ ਗਿਆ। ਸੰਗਤ ਸਿੰਘ ਅਨੁਸਾਰ "ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਹੋਈਆਂ ਲੜਾਈਆਂ ਵਿਚ ਜਿੱਤਾਂ ਸਮੇਂ ਵੈਰੀ ਦੀ ਇਕ ਇੰਚ ਵੀ ਧਰਤੀ ਆਪਣੇ ਕਬਜ਼ੇ ਵਿਚ ਨਹੀਂ ਲਈ। ਰਾਜ ਸ਼ਕਤੀ ਨੂੰ ਉਹ ਜ਼ੁਲਮ ਵਿਰੁੱਧ ਅਤੇ ਧਰਮ ਨਾਲ ਜੋੜ ਕੇ ਚਲੇ।"[232] ਡਾ. ਜਸਪਾਲ ਸਿੰਘ ਵੀ ਇਸ ਗੱਲ 'ਤੇ ਸਹਿਮਤੀ ਪ੍ਰਗਟ ਕਰਦੇ ਲਿਖਦੇ ਹਨ ਕਿ ਰਾਜ ਜਦੋਂ ਸ਼ਕਤੀਹੀਣ ਹੋ ਜਾਣ ਬਹੁਤਾ ਸਮਾਂ ਸਾਰਥਿਕ ਹੋਂਦ ਕਾਇਮ ਨਹੀਂ ਰੱਖ ਸਕਦਾ। ਸ਼ਕਤੀ ਤੋਂ ਸੱਖਣਾ ਹੋ ਕੇ ਧਰਮ ਅਤੇ ਰਾਜ ਆਪਣੀ ਹੋਂਦ ਗਵਾ ਕੇ ਦੂਜਿਆਂ ਵਿਚ ਅਲੋਪ ਹੋ ਜਾਂਦਾ ਹੈ।[233] ਸ਼ਕਤੀ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਦੇ ਪ੍ਰਤੀਕ ਸ਼ਸ਼ਤ੍ਰਾਂ ਨੂੰ 'ਪੀਰ' ਆਖਿਆ ਹੈ:

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।।

---

[231] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-966

[232] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-89

[233] ਜਸਪਾਲ ਸਿੰਘ (ਡਾ.), *ਰਾਜ ਦਾ ਸਿੱਖ ਸੰਕਲਪ,* ਪੰਨਾ-321

ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ।।[234]

ਸ਼ਸ਼ਤ੍ਰ ਰਾਜ-ਸ਼ਕਤੀ ਦਾ ਪ੍ਰਗਟਾਵਾ ਕਰਨ ਵਾਲੇ ਚਿਹਨ ਅਤੇ ਸ਼ਸ਼ਤ੍ਰਧਾਰੀ ਫ਼ੌਜ ਰਾਜ ਦਾ ਜ਼ਰੂਰੀ ਅੰਗ ਹੁੰਦੀ ਹੈ। ਸ਼ਕਤੀ ਦੇ ਪ੍ਰਯੋਗ ਨੂੰ ਆਖ਼ਰੀ ਰਾਹ ਮੰਨਦਿਆਂ ਗੁਰੂ ਗੋਬਿੰਦ ਸਿੰਘ ਲਿਖਦੇ ਹਨ:

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਅਸਤੁ ਬੁਰਦਨ ਬ ਸ਼ਮਸ਼ੀਰ ਦਸਤ।[235]

ਸਿੱਖ ਲਹਿਰ ਦਾ ਨਾਅਰਾ ਕੰਮ ਕਰੋ, ਨਾਮ ਜਪੋ, ਵੰਡ ਛਕੋ ਹੈ ਜੋ ਮਨੁੱਖ ਨੂੰ ਗ਼ੁਲਾਮੀ ਦੇ ਜੂਲ਼ੇ ਤੋਂ ਬਾਹਰ ਕੱਢਣ ਵਾਲਾ ਕਦਮ ਸੀ। ਉਪਜੀਵਕਾ ਕਮਾਉਣੀ, ਆਪਣੀ ਭੁੱਖ ਦੂਰ ਕਰਕੇ ਵਾਹਿਗੁਰੂ ਦਾ ਨਾਮ ਜਪਣਾ ਸਿੱਖ ਜੀਵਨ-ਜਾਚ ਸੀ। ਸਮੇਂ ਦੀ ਹਕੂਮਤ ਨੇ ਇਸ ਸ਼ਾਂਤ ਅਤੇ ਸੁਤੰਤਰ ਜੀਵਨ ਵਿਚ ਦਖ਼ਲਅੰਦਾਜ਼ੀ ਕੀਤੀ ਤਾਂ ਇਹ ਨਾਮ ਸਿਮਰਨ ਵਾਲੇ ਸਿੱਖ ਹੱਕਾਂ ਦੀ ਰਾਖੀ ਲਈ ਤਲਵਾਰ ਫੜ ਕੇ ਸਮੇਂ ਦੇ ਹਾਕਮਾਂ ਦੇ ਸਾਹਮਣੇ ਖੜ੍ਹੋ ਗਏ। ਇਸ ਮਗਰੋਂ 'ਧਰਮ ਯੁੱਧ' ਸ਼ੁਰੂ ਹੋਇਆ ਜਿਸਨੇ ਸਮੇਂ ਦੀ ਹਕੂਮਤ ਨੂੰ ਉਲਟਾ ਦਿੱਤਾ ਅਤੇ ਸਿੱਖਾਂ ਨੇ ਰਾਜਸੀ ਸ਼ਕਤੀ ਕਾਇਮ ਕਰ ਲਈ।

## ਸੁਤੰਤਰਤਾ ਬਨਾਮ ਲੋਕਤੰਤਰੀ ਵਿਚਾਰਧਾਰਾ

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਆਧੁਨਿਕ ਲੋਕਤੰਤਰੀ ਸਿਧਾਂਤਾਂ ਦੀ ਰੌਸ਼ਨੀ ਵਿਚ ਇਕ-ਪੁਰਖੀ ਅਗਵਾਈ ਦੀ ਥਾਂ 'ਤੇ ਬਹੁ ਪੁਰਖੀ ਅਗਵਾਈ ਵਿਚ ਮੰਨੀ ਗਈ ਹੈ ਭਾਵ ਕਿ ਪੰਚਾਇਤ ਜਿਸਨੂੰ ਆਮ ਰੂਪ ਵਿਚ ਪੰਜ ਚੋਣਵੇਂ ਵਿਅਕਤੀਆਂ ਦਾ ਮੰਡਲ ਮੰਨਿਆ ਗਿਆ ਹੈ। ਲੋਕ ਰਾਏ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਗੁਰਬਾਣੀ ਵਿਚ ਪੰਚ, ਪੰਚਾਇਣ ਜਾਂ ਚੋਣਵੇਂ ਵਿਅਕਤੀਆਂ ਦਾ ਦਰਜਾ ਹਮੇਸ਼ਾ ਸਤਿਕਾਰ ਵਾਲਾ ਮੰਨਿਆ ਗਿਆ ਹੈ। ਜਪੁਜੀ ਸਾਹਿਬ ਦੀ ਸੋਲ੍ਹਵੀਂ ਪਉੜੀ ਵਿਚ ਲਿਖਿਆ ਹੈ:

ਪੰਚ ਪਰਵਾਣ ਪੰਚ ਪਰਧਾਨੁ।।
ਪੰਚੇ ਪਾਵਹਿ ਦਰਗਹਿ ਮਾਨੁ।।
ਪੰਚੇ ਸੋਹਹਿ ਦਰ ਰਾਜਾਨੁ।।
ਪੰਚਾ ਕਾ ਗੁਰ ਏਕ ਧਿਆਨੁ।[236]

ਪੰਚ ਭਾਵ ਕਿ ਚੋਣਵੇਂ ਮੁਖੀ ਹਰ ਸਮੇਂ ਪਰਵਾਣ ਹੁੰਦੇ ਹਨ ਅਤੇ ਇਹਨਾਂ ਦੀ ਰਾਏ ਹਮੇਸ਼ਾ ਸਰਵਉੱਚ ਮੰਨੀ ਜਾਂਦੀ ਹੈ। ਅਕਾਲ ਪੁਰਖ ਦੀ ਰਜ਼ਾ ਵਿਚ ਵੀ ਇਹ ਚੋਣਵੇਂ ਪੰਚ ਮਾਣ-ਆਦਰ ਵਾਲੀ ਪਦਵੀ ਪ੍ਰਾਪਤ ਕਰਦੇ ਹਨ। ਰਾਜਿਆਂ-ਮਹਾਰਾਜਿਆਂ ਦੇ ਦਰਬਾਰ ਵਿਚ ਵੀ ਪੰਜ ਵਿਅਕਤੀਆਂ ਦਾ ਸਮੂਹ ਸ਼ੋਭਾ ਪ੍ਰਾਪਤ

---

234 *ਦਸਮ ਗ੍ਰੰਥ ਸਾਹਿਬ,* ਪੰਨਾ-717

235 ਉਹੀ, ਪੰਨਾ-1390

236 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-3.

ਕਰਦਾ ਹੈ ਕਿਉਂਕਿ ਇਹਨਾਂ ਪੰਜਾਂ ਦੀ ਟੇਕ ਇੱਕ ਉਪਰ ਹੁੰਦੀ ਹੈ। ਇਹਨਾਂ ਦੇ ਨਾਲ ਸੰਗਤ ਹੁੰਦੀ ਹੈ ਜੋ ਇਹਨਾਂ ਨੂੰ ਚੁਣ ਕੇ ਭੇਜਦੀ ਹੈ। ਇਹਨਾਂ ਦੇ ਸਾਹਮਣੇ ਹਰ ਸਮੇਂ ਲੋਕ ਹਿੱਤਾਂ ਦੀ ਗੱਲ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਵੀ "ਪੰਚੋਂ ਮੇਂ ਪ੍ਰਮੇਸ਼ਰ" ਦੇ ਤਹਿਤ ਪਿੰਡਾਂ ਵਿਚ ਪੰਚਾਇਤੀ ਪ੍ਰਣਾਲੀ ਰਾਹੀਂ ਇਨਸਾਫ਼ ਕੀਤਾ ਜਾਂਦਾ ਸੀ"।[237] ਅੱਜ ਵੀ ਹਿੰਦੁਸਤਾਨ ਵਿਚ ਪੰਚਾਇਤੀ ਰਾਜ ਪ੍ਰਣਾਲੀ ਲਾਗੂ ਕੀਤੀ ਗਈ ਹੈ।

ਧਾਰਮਿਕ ਖੇਤਰ ਵਿਚ ਵੀ ਲੋਕਤੰਤਰ ਦੀ ਹਾਮੀ ਭਰਦਿਆਂ ਗੁਰੂ ਨਾਨਕ ਦੇਵ ਜੀ ਨੇ ੴ ਰਾਹੀਂ ਇੱਕ ਰੱਬ ਦਾ ਸੰਕਲਪ ਪੇਸ਼ ਕੀਤਾ ਜੋ ਸਭ ਵਿਚ ਸਮੋਇਆ ਹੋਇਆ ਹੈ। ਇਸ ਵਿਚਾਰ ਨਾਲ ਉਚ-ਨੀਚ ਅਤੇ ਦਵੈਤ ਦੀ ਭਾਵਨਾ ਖ਼ਤਮ ਹੋਈ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣਾ ਜੀ ਨੂੰ ਗੱਦੀ ਦੇਣ ਨਾਲ ਹੀ ਸਿੱਖ ਧਰਮ ਵਿਚ ਲੋਕਤੰਤਰ ਦੀ ਨੀਂਹ ਰੱਖੀ ਗਈ। ਗੁਰੂ ਅੰਗਦ ਦੇਵ ਜੀ ਨੇ ਸੰਗਤ ਅਤੇ ਪੰਗਤ ਦਾ ਮੁੱਢ ਬੰਨ੍ਹ ਕੇ ਲੋਕਤੰਤਰ ਦੀ ਹਾਮੀ ਭਰੀ ਜਿਸ ਵਿਚ ਉਨ੍ਹਾਂ ਸਭ ਨੂੰ ਇਕ ਥਾਂ ਇਕੱਠੇ ਪ੍ਰਸ਼ਾਦਾ ਛਕਾ ਕੇ ਇਕ ਮੁੱਠ ਕੀਤਾ।

ਗੁਰੂ ਨਾਨਕ ਸਾਹਿਬ ਦਾ ਨਿਸ਼ਚਾ ਹੈ ਕਿ ਤਖ਼ਤ ਦੇ ਉਪਰ ਹਮੇਸ਼ਾ ਤਖ਼ਤ ਦੇ ਯੋਗ ਵਿਅਕਤੀ ਬੈਠਣ। ਹੁਕਮਰਾਨ ਪੰਚਾਂ ਦੀ ਸਲਾਹ ਅਨੁਸਾਰ ਅਤੇ ਗੁਰੂ ਦੇ ਮਾਰਗ 'ਤੇ ਚੱਲਣ ਵਾਲਾ ਹੋਣਾ ਚਾਹੀਦਾ ਹੈ। ਉਹ ਪੰਜਾਂ ਦੀ ਸਲਾਹ ਨਾਲ ਲੋਕ ਹਿੱਤ ਦੀ ਗੱਲ ਕਰਨ ਵਾਲਾ ਹੋਵੇ। ਆਪਣੇ ਹੀ ਫ਼ੈਸਲਿਆਂ ਦੇ ਅੜੀਅਲ ਰਾਜੇ ਅਕਸਰ ਅਸਫ਼ਲ ਹੁੰਦੇ ਹਨ। ਉਹ ਪੰਚਾਂ ਦੀ ਸਲਾਹ ਨਾਲ ਸਮੋਇਆ ਹੋਇਆ ਹੁਕਮਰਾਨ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹਨ:

ਤਖਤ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।।
ਜਿਨੀ ਸਚ ਪਛਾਣਿਆ ਸਚੁ ਰਾਜੇ ਸੇਈ।।[238]
ਤਖਤ ਬਹੈ ਤਖਤੈ ਕੀ ਲਾਇਕ।।ਪੰਚ ਸਮਾਏ ਗੁਰਮਤਿ ਪਾਇਕ।।[239]

ਪੰਚਾਇਤ ਜਮਹੂਰੀਅਤ ਅਤੇ ਲੋਕ ਸ਼ਕਤੀ ਦੀ ਪ੍ਰਤੀਕ ਹੈ। ਹੁਕਮਰਾਨ ਜੇਕਰ ਪੰਚਾਇਤ ਦੀ ਸਲਾਹ ਨਾਲ ਚੱਲਦਾ ਹੈ ਤਾਂ ਜਮਹੂਰੀ ਕਦਰਾਂ-ਕੀਮਤਾਂ ਦਾ ਸਤਿਕਾਰ ਹੁੰਦਾ ਹੈ। ਗੁਰੂ ਸਾਹਿਬਾਨ ਦੇ ਧਾਰਮਿਕ ਅਤੇ ਸਮਾਜਿਕ ਸਿਧਾਂਤ ਵੀ ਜਮਹੂਰੀ ਕਦਰਾਂ-ਕੀਮਤਾਂ ਨੂੰ ਸਾਹਮਣੇ ਲਿਆਉਣ ਵਾਲੇ ਸਨ। ਇਸ ਵਿਚਾਰਧਾਰਾ ਨੇ ਰਾਜਾਸ਼ਾਹੀ ਇਕ ਪੁਰਖੀ ਅਤੇ ਤਾਨਸ਼ਾਹੀ ਤੰਤਰ ਨੂੰ ਖ਼ਤਮ ਕਰਕੇ ਲੋਕ ਸਮੂਹ ਨੂੰ ਅਸਲ

---

[237] ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ,* ਪੰਨਾ-91.
[238] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1088
[239] ਉਹੀ, ਅੰਗ-1039.

ਅਧਿਕਾਰੀ ਦਰਸਾਇਆ ਅਤੇ ਲੋਕਾਂ ਦੀ ਸਮੂਹ ਚੇਤਨਤਾ ਨੂੰ ਹੀ ਅਕਾਲ ਪੁਰਖ ਦੀ ਇੱਛਾ ਐਲਾਨ ਕੀਤਾ। ਅਕਾਲ ਪੁਰਖ ਸੰਗਤ ਭਾਵ ਲੋਕ ਸਮੂਹ ਵਿਚ ਹੀ ਵੱਸਦਾ ਹੈ:

ਸਤਿ ਸੰਗਤ ਮਹਿ ਹਰ ਵਸਿਆ ਸੋਇ ।।
ਵਿਚ ਸੰਗਤਿ ਹਰ ਪ੍ਰਭ ਵਰਤਦਾ ਬੁਝਹੁ ਕਰਿ ਵਿਚਾਰ।।[240]

ਸਿੱਖ ਧਰਮ ਦੀ ਧਾਰਮਿਕ ਅਤੇ ਸਮਾਜਿਕ ਸਿੱਖਿਆ ਭੈ-ਰਹਿਤ ਅਤੇ ਵੈਰ-ਵਿਰੋਧ ਦੂਰ ਕਰਕੇ ਮਨੁੱਖ ਦੀ ਸੁਤੰਤਰਤਾ ਨੂੰ ਸਿਰਜਦੀ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਹਾਕਮਾਂ ਦਾ ਕੰਮ ਮਨੁੱਖਾਂ ਦਾ ਕਤਲੇਆਮ ਕਰਕੇ ਸੱਤਾ ਹਾਸਲ ਕਰਨਾ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਸੰਕਲਪਿਤ ਰਾਜਾ ਆਪਣੇ ਗੁਣਾਂ ਕਰਕੇ ਹੀ ਆਪਣੇ ਤਖਤ-ਤਾਜ ਨੂੰ ਕਾਇਮ ਰੱਖ ਸਕਦਾ ਸੀ। ਇਸ ਲਈ ਰਾਜੇ ਨੂੰ ਸਿਆਣੇ ਸਲਾਹਕਾਰਾਂ ਦੀ ਸਲਾਹ ਵਿਚ ਬੱਝਾ ਹੋਣਾ ਚਾਹੀਦਾ ਹੈ:

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ।।[241]
ਰਾਜੇ ਦਾ ਸੱਚ ਉਸਦੇ ਇਨਸਾਫ਼ ਪਸੰਦ ਹੋਣ ਵਿਚ ਹੀ ਹੈ
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ।।[242]

ਪਰਜਾ ਅਤੇ ਰਾਜੇ ਵਿਚ ਸਬੰਧ ਸੁਖਾਵੇਂ ਹੋਣੇ ਜ਼ਰੂਰੀ ਹਨ ਅਤੇ ਰਾਜ ਭਾਗ ਚਲਾਉਣ ਲਈ ਪਰਜਾ ਤੋਂ ਯੋਗ ਟੈਕਸ ਲੈਣਾ ਚਾਹੀਦਾ ਹੈ। ਇਸ ਨਾਲ ਰਾਜਾ ਤੇ ਪਰਜਾ ਦੇ ਅਧਿਕਾਰਾਂ ਦੀ ਜਾਨ ਤੇ ਮਾਲ ਦੀ ਗਰੰਟੀ ਦਿੰਦਾ ਹੈ ਤੇ ਜਮਹੂਰੀ-ਕਦਰਾਂ ਕੀਮਤਾਂ ਦੀ ਰੱਖਿਆ ਕਰਦਾ ਹੈ। ਗੁਰੂ ਸਾਹਿਬ ਨੇ ਪਰਜਾ ਦੇ ਕਰਤੱਵਾਂ ਦੀ ਗੱਲ ਵੀ ਕੀਤੀ ਹੈ। ਜੇਕਰ ਰਾਜਾ ਜਨਤਕ ਹਿੱਤਾਂ ਲਈ ਟੈਕਸ ਮੰਗਦਾ ਹੈ ਤਾਂ ਪਰਜਾ ਨੂੰ ਇਹ ਟੈਕਸ ਦੇਣੇ ਚਾਹੀਦੇ ਹਨ :

ਰਾਜਾ ਮੰਗੈ ਦਿਤੈ ਗੰਢੁ ਪਾਇ।।ਭੁਖਿਆ ਗੰਢੁ ਪਵੈ ਜਾ ਖਾਇ।।[243]

ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਸਾਂਝਾ ਧਾਰਮਿਕ ਸਥਾਨ ਬਣਵਾਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਧਰਮਾਂ ਤੇ ਜਾਤਾਂ ਦੇ ਫ਼ਕੀਰਾਂ ਦੀ ਬਾਣੀ ਦਰਜ਼ ਕਰਕੇ ਲੋਕਤੰਤਰੀ ਸਿਧਾਂਤ ਨੂੰ ਮਜ਼ਬੂਤ ਕੀਤਾ। ਗੁਰਮਤਿ ਵਿਚ ਰਾਜੇ ਦੇ ਦੈਵੀ ਅਧਿਕਾਰਾਂ ਨੂੰ ਖ਼ਤਮ ਕਰਕੇ ਸੰਗਤ ਦੇ ਦੈਵੀ ਅਧਿਕਾਰਾਂ ਨੂੰ ਸਥਾਨ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਲੋਕਾਈ ਵਿਚ ਬ੍ਰਹਮ ਦਾ ਵਾਸ ਦੱਸਿਆ

[240] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-311
[241] ਉਹੀ, ਅੰਗ-992.
[242] ਉਹੀ, ਅੰਗ-992.
[243] ਉਹੀ, ਅੰਗ-143

ਹੈ ਤੇ ਬ੍ਰਹਮ ਵਿਚ ਲੋਕਾਈ ਦਾ। ਭਾਵ ਪ੍ਰਮਾਤਮਾ ਦੀ ਸੇਵਾ ਨੂੰ ਲੋਕਾਈ ਦੀ ਸੇਵਾ ਨਾਲ ਜੋੜ ਕੇ ਲੋਕਤੰਤਰ ਦੀ ਗੱਲ ਕੀਤੀ:

ਬ੍ਰਹਮ ਮਹਿ ਜਨੁ ਜਨ ਮੈਂ ਪ੍ਰਾਬਰਹਮ।।[244]

ਗੁਰੂ ਸਾਹਿਬਾਨ ਵੱਲੋਂ ਲਿਆਂਦੇ ਇਨਕਲਾਬ ਨੇ ਲੋਕਤੰਤਰੀ ਸਿਧਾਂਤ ਨੂੰ ਅਪਣਾਉਂਦਿਆਂ ਬ੍ਰਾਹਮਣਵਾਦੀ ਰਸਮਾਂ ਤੇ ਰਿਵਾਜ਼ਾਂ ਨੂੰ ਤੋੜਿਆ। ਇਸ ਇਨਕਲਾਬ ਨੇ ਸਮਾਜ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਖਾਂ ਨੂੰ ਪ੍ਰਭਾਵਿਤ ਕਰਕੇ ਲੋਕਤੰਤਰ ਦਾ ਮੁੱਢ ਬੰਨ੍ਹਿਆ। ਗੁਰੂ ਸਾਹਿਬ ਦਾ ਹਰ ਕੰਮ ਸਰਬੱਤ ਦੇ ਭਲੇ ਅਤੇ ਸੁਤੰਤਰਤਾ ਲਈ ਸੀ। ਸਿੱਖ ਸੰਘਰਸ਼ ਦਾ ਅਸਲ ਮੁੱਦਾ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਸੁਤੰਤਰ ਜੀਵਨ ਪ੍ਰਦਾਨ ਕਰਨਾ ਸੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਲਹਿਰ ਨੇ ਆਪਣਾ ਲੋਕਤੰਤਰੀ ਸਰੂਪ ਕਾਇਮ ਰੱਖਿਆ। ਗੁਰੂ ਗੋਬਿੰਦ ਸਿੰਘ ਨੇ ਸੰਗਤ ਨੂੰ ਖ਼ਾਲਸੇ ਦਾ ਰੂਪ ਦੇ ਕੇ ਇਸ ਨੂੰ ਹੋਰ ਬਲ ਦਿੱਤਾ। ਸਿੱਖ ਧਰਮ ਦਾ ਮੁੱਢਲਾ ਉਪਦੇਸ਼ ਸਰਬੱਤ ਦਾ ਭਲਾ ਮੰਗਣਾ ਹੈ ਜਿਸ ਵਿਚ ਸਮਾਨਤਾ ਤੇ ਸੁਤੰਤਰਤਾ ਦਾ ਸੰਕਲਪ ਮੌਜੂਦ ਹੈ। ਇਹ ਸਿੱਖਾਂ ਦੀ ਰਾਜਸੀ ਤਾਕਤ ਦਾ ਮਨੋਰਥ ਹੈ। ਸਦੀਆਂ ਦੇ ਸੰਘਰਸ਼ ਤੋਂ ਬਾਅਦ ਸਿੱਖ ਰਾਜਨੀਤਿਕ ਢਾਂਚਾ ਹੋਂਦ ਵਿਚ ਆਇਆ ਹੈ ਜਿਸਦਾ ਮਨੋਰਥ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਅਤੇ ਸਮਾਜਿਕ ਫ਼ਲਸਫ਼ੇ ਵਾਂਗ ਰਾਜਸੀ ਅਤੇ ਸੁਤੰਤਰਤਾ ਸਬੰਧੀ ਠੋਸ ਵਿਚਾਰ ਮਿਲਦੇ ਹਨ। ਸਿੱਖਾਂ ਨੇ ਇਹਨਾਂ ਯੁੱਗ ਪਲਟਾਊ ਵਿਚਾਰਾਂ ਤੋਂ ਸੇਧ ਲੈ ਕੇ ਹੀ ਰਾਜਸੀ ਤਾਕਤ ਕਾਇਮ ਕੀਤੀ। ਲੋਕ ਸਮੂਹ ਅੱਗੇ ਝੁਕਣਾ ਅਤੇ ਲੋਕ ਹਿੱਤਾਂ ਦਾ ਖਿਆਲ ਰੱਖਣਾ ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਸੰਕਲਪ ਨੂੰ ਉਜਾਗਰ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪ੍ਰਣਾਲੀ ਨੂੰ ਸਮਾਪਤ ਕੀਤਾ। ਸਭ ਜਾਤੀਆਂ ਨੂੰ ਖ਼ਾਲਸੇ ਦਾ ਰੂਪ ਦੇ ਕੇ ਭਾਈ ਸ਼ਬਦ ਨਾਲ ਸੰਬੋਧਨ ਕਰਵਾ ਕੇ ਧਾਰਮਿਕ ਵਿਤਕਰੇ ਮਿਟਾ ਦਿੱਤੇ। ਗੋਕਲ ਚੰਦ ਨਾਰੰਗ ਲਿਖਦੇ ਹਨ, "ਸੰਗਤ ਨੂੰ ਇੱਕੀ ਵਿਸਵੇ ਤੇ ਗੁਰੂ ਵੀਹ ਵਿਸਵੇ ਕਹਿ ਕੇ ਧਰਮ ਤੰਤਰੀ ਪਰਜਾ ਤੰਤਰ ਸਥਾਪਿਤ ਕਰਨਾ ਗੁਰੂ ਗੋਬਿੰਦ ਸਿੰਘ ਦਾ ਪਹਿਲਾ ਕਦਮ ਸੀ ਗੁਰੂ ਜੀ ਨੇ ਰਾਸ਼ਟਰਵਾਦ ਨੂੰ ਖ਼ਾਲਸੇ ਦਾ ਧਰਮ ਬਣਾਇਆ ਤੇ ਰਾਸ਼ਟਰਵਾਦ ਹੀ ਏਕਤਾ ਦਾ ਪਹਿਲਾ ਤੱਤ ਹੈ।"[245] ਖ਼ਾਲਸੇ ਦੀ ਸਾਜਨਾ ਅਤੇ ਖ਼ਾਲਸੇ ਦੀਆਂ ਸੰਸਥਾਵਾਂ ਸਿੱਖ ਧਰਮ ਦੇ ਲੋਕਤੰਤਰੀ ਸੰਕਲਪ ਨੂੰ ਜਥੇਬੰਦਕ ਅਤੇ ਸੰਸਥਾਪਕ ਰੂਪ ਦੇਣ ਵਿਚ ਸਾਹਮਣੇ ਲਿਆਉਂਦੀਆਂ ਹਨ। ਖ਼ਾਲਸੇ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਧਾਂਤਾਂ ਨੂੰ ਵਿਹਾਰਕ ਰੂਪ ਦਿੱਤਾ ਗਿਆ ਹੈ। ਗੁਰੂ ਸਾਹਿਬਾਨ

---

[244] *ਸ੍ਰੀ ਗੁਰੂ ਗ੍ਰੰਥ ਸਾਹਿਬ* , ਅੰਗ-282

[245] *ਸਿੱਖ ਮਤਿ ਦਾ ਪਰਿਵਰਤਨ,* ਪੰਨਾ-74

ਦੇ ਸਮਕਾਲੀ ਧਾਰਮਿਕ ਸਿਧਾਂਤਾਂ ਨੇ ਪਰਮਾਤਮਾ ਅਤੇ ਮਨੁੱਖ ਦੇ ਰਿਸ਼ਤੇ ਨੂੰ ਗੁੰਝਲਦਾਰ ਤਾਣੇ ਵਿਚ ਉਲਝਾ ਦਿੱਤਾ ਸੀ। ਮਨੁੱਖ ਨਿਰੋਲ ਗ਼ੁਲਾਮੀ ਵਾਲਾ ਜੀਵਨ ਜੀਅ ਰਿਹਾ ਸੀ। ਸਮਾਜ ਵਿਚ ਫੈਲੀ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਸੰਗਤ ਨੂੰ ਸਰਵਉੱਚਤਾ ਦਿੱਤੀ:

ਵਿਚ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਕਰ ਵਿਚਾਰ।।[246]

ਉਹਨਾਂ ਪਰਮਾਤਮਾਂ ਨੂੰ ਪੱਥਰ ਦੀਆਂ ਦੀਵਾਰਾਂ ਵਿਚੋਂ ਕੱਢ ਕੇ ਲੋਕ ਸਮੂਹ ਵਿਚ ਮੌਜੂਦ ਦਰਸਾਇਆ। ਇਸੇ ਵਿਚੋਂ ਹੀ ਸੰਗਤ ਦੀ ਸਰਬਉੱਚਤਾ ਦੇ ਸਿਧਾਂਤ ਨੇ ਜਨਮ ਲਿਆ। ਇਸ ਨਾਲ ਮਨੁੱਖ ਨੂੰ ਗ਼ੁਲਾਮ ਬਣਾ ਕੇ ਰੱਖਣਾ ਵਾਲੀਆਂ ਸ਼ਕਤੀਆਂ ਖ਼ਤਮ ਹੋਈਆਂ ਅਤੇ ਮਨੁੱਖ ਦੇ ਹਿੱਤ ਸੁਰੱਖਿਅਤ ਹੋਏ। ਲੋਕ ਸਮੂਹ ਵਿਚ ਸੁਤੰਤਰਤਾ ਦਾ ਸੰਕਲਪ ਕਾਇਮ ਹੋਇਆ ਜਿਸਨੂੰ ਗੁਰੂ ਸਾਹਿਬ ਨੇ ਸੰਗਤ ਦੀ ਸਰਬਉਚਤਾ ਦੇ ਸੰਕਲਪ ਨਾਲ ਪ੍ਰਚਾਰਿਆ ਸੀ। ਖ਼ਾਲਸਾ ਪੰਥ ਅਤੇ ਅਕਾਲ ਤਖ਼ਤ ਲੋਕਤੰਤਰੀ ਸੰਸਥਾਵਾਂ ਹਨ ਜਿਨ੍ਹਾਂ ਦੇ ਫ਼ੈਸਲੇ ਸਰਬੱਤ ਦੇ ਭਲੇ ਲਈ ਹੁੰਦੇ ਹਨ। ਸਿੱਖ ਧਰਮ ਦੇ ਲੋਕਤੰਤਰੀ ਸੰਕਲਪ ਵਿਚ ਸੁਤੰਤਰਤਾ ਦਾ ਖ਼ਾਸ ਸਥਾਨ ਹੈ।

## ਸੁਤੰਤਰਤਾ ਲਈ ਸਮਾਨਤਾ

ਧਰਮ ਦੀ ਰਾਜਸੀ ਵਿਚਾਰਧਾਰਾ ਉਦੋਂ ਤੱਕ ਪਰਵਾਨ ਨਹੀਂ ਹੁੰਦੀ ਜਦੋਂ ਤੱਕ ਮੌਜੂਦਾ ਸਮਾਜਿਕ ਸੰਗਠਨ ਵਿਚ ਸਮਾਨਤਾ ਦਾ ਸਿਧਾਂਤ ਲਾਗੂ ਨਹੀਂ ਹੁੰਦਾ। ਸਮਾਜਿਕ ਅਤੇ ਆਰਥਿਕ ਬਰਾਬਰੀ ਦਾ ਹੋਣਾ ਵੀ ਜ਼ਰੂਰੀ ਹੈ। ਸਮਾਜਿਕ ਬਰਾਬਰਤਾ ਤੋਂ ਭਾਵ ਹੈ ਕਿ ਮਨੁੱਖ ਵਿਚ ਜਾਤ-ਪਾਤ ਦਾ ਕੋਈ ਵਿਚਾਰ ਨਾ ਹੋਵੇ, ਆਦਮੀ ਅਤੇ ਔਰਤ ਵਿਚ ਕੋਈ ਭੇਦ-ਭਾਵ ਨਾ ਹੋਵੇ।

ਸਿੱਖਾਂ ਦੇ ਧਾਰਮਿਕ ਗ੍ਰੰਥਾਂ ਵਿਚ ਵਿਅਕਤੀ ਦੇ ਅਧਿਕਾਰਾਂ ਬਾਰੇ ਜਾਣਕਾਰੀ ਮਿਲਦੀ ਹੈ ਜਿਸ ਵਿਚ ਸੁਤੰਤਰਤਾ ਦਾ ਅਧਿਕਾਰ ਵਿਸ਼ੇਸ਼ ਹੈ। ਸੁਤੰਤਰਤਾ ਅਧਿਕਾਰਾਂ ਵਿਚੋਂ ਪ੍ਰਾਪਤ ਹੁੰਦੀ ਹੈ ਅਤੇ ਸਾਰੇ ਅਧਿਕਾਰਾਂ ਦੀ ਬੁਨਿਆਦ ਸਮਾਨਤਾ ਹੈ। ਸਮਾਨਤਾ ਦੀ ਅਣਹੋਂਦ ਨਾਲ ਅਧਿਕਾਰਾਂ ਅਤੇ ਸੁਤੰਤਰਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੂਰੀ ਸਿੱਖ ਪਰੰਪਰਾ ਸਮਾਨਤਾ ਦੀ ਸ਼ਾਹਦੀ ਭਰਦੀ ਹੈ, "ਸਿੱਖ ਧਰਮ ਗ੍ਰੰਥਾਂ ਵਿਚ ਅਤੇ ਖਾਸ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਸਮਾਨਤਾ ਦਾ ਵਿਚਾਰ ਵਿਆਪਕ ਰੂਪ ਵਿਚ ਪਸਰਿਆ ਹੋਇਆ ਹੈ ਅਤੇ ਸਮਾਨਤਾ ਦੇ ਵਿਚਾਰ ਵਿਚੋਂ ਹੀ ਸੁਤੰਤਰਤਾ ਦਾ ਵੀ ਪ੍ਰਤੀਪਾਦਨ ਹੁੰਦਾ ਹੈ।"[247] ਗੁਰਮਤਿ ਅਨੁਸਾਰ

---

[246] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1314.

[247] ਜਸਪਾਲ ਸਿੰਘ, *ਰਾਜ ਦਾ ਸਿੱਖ ਸੰਕਲਪ,* ਪੰਨਾ-328.

ਪਰਮਾਤਮਾ ਸਭ ਮਨੁੱਖਾਂ ਵਿਚ ਸਮੋਇਆ ਹੋਇਆ ਹੈ ਅਤੇ ਸਿੱਖ ਫ਼ਲਸਫ਼ਾ ਹਰ ਮਨੁੱਖ ਵਿਚ ਪਰਮਾਤਮਾ ਦੀ ਜੋਤ ਨੂੰ ਸਥਾਈ ਮੰਨਦਾ ਹੈ ਜਿਸ ਨਾਲ ਉਚ-ਨੀਚ ਅਤੇ ਜਾਤੀਵਾਦ ਦਾ ਭੇਦਭਾਵ ਖ਼ਤਮ ਹੋ ਜਾਂਦਾ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣਿ ਹੋਇ।।[248]

ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ਼ ਚਾਰੇ ਜਾਤਾਂ ਨੂੰ ਇਕਰੂਪਤਾ ਪ੍ਰਦਾਨ ਕੀਤੀ। ਸਗੋਂ ਜਾਤ-ਪਾਤ ਪ੍ਰਣਾਲੀ ਨੂੰ ਮੰਨਣ ਵਾਲੇ ਅਤੇ ਬਾਹਰਲੇ ਲੋਕਾਂ ਨੂੰ ਇਕਰੂਪਤਾ ਦਿੱਤੀ। ਗ਼ੁਲਾਮੀ ਦਾ ਕਾਰਨ ਬਣੀ ਸਭ ਤੋਂ ਵੱਡੀ ਤਾਕਤ ਵਰਣ ਪਰੰਪਰਾ ਸੀ। ਉਨ੍ਹਾਂ ਨੇ ਚਾਰੇ ਵਰਣਾਂ ਨੂੰ ਇਕ ਕਰਨ ਦਾ ਉਪਦੇਸ਼ ਦਿੱਤਾ:

ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗ ਵਰਤਾਇਆ।
ਕਲਿਜੁਗੁ ਬਾਬੇ ਤਾਰਿਆ ਸਤਿ ਨਾਮ ਪੜ੍ਹਿ ਮੰਤ੍ਰ ਸੁਣਾਇਆ।
ਹਿੰਦੂ ਮੁਸਲਮਾਣ ਨਿਵਾਇਆ।[249]

ਉਸ ਵੇਲੇ ਲੋਕਾਂ ਦੇ ਨਾਂ ਉਸੇ ਪ੍ਰਕਾਰ ਰੱਖੇ ਜਾਂਦੇ ਸਨ ਜਿਵੇਂ ਉਸਦੀ ਜਾਤ ਹੁੰਦੀ ਸੀ। ਗੁਰੂ ਸਾਹਿਬ ਨੇ ਕਿਹਾ ਕਿ ਵੱਡੇ-ਵੱਡੇ ਨਾਂ ਰੱਖਣਾ ਵਿਅਰਥ ਹੈ, ਇਨ੍ਹਾਂ ਵਿਸ਼ੇਸ਼ਣਾਂ ਜਾਂ ਉਪਾਧੀਆਂ ਨਾਲ ਕੋਈ ਵਿਅਕਤੀ ਵੱਡਾ ਨਹੀਂ ਹੁੰਦਾ। ਇਹ ਸਭ ਦਿਖਾਵੇ ਵਿਅਰਥ ਹਨ। ਅਕਾਲ ਪੁਰਖ ਦੀ ਸਭ ਪਰ ਬਰਾਬਰ ਸੁਰੱਖਿਆ (ਛਾਉ) ਹੈ। 'ਆਸਾ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:

ਫਕੜ ਜਾਤੀ ਫਕੜੁ ਨਾਉ।।ਸਭਨਾ ਜੀਆ ਇਕਾ ਛਾਉ।।[250]

ਸਮਾਨਤਾ ਅਤੇ ਸੁਤੰਤਰਤਾ ਲਈ ਮੁੱਖ ਨਿਸ਼ਾਨਾ ਨੀਚਾਂ ਦੇ ਨਾਲ ਖੜੋਣ ਦਾ ਹੈ। ਬਹੁ ਗਿਣਤੀ ਉਨ੍ਹਾਂ ਹੀ ਲੋਕਾਂ ਦੀ ਹੁੰਦੀ ਹੈ ਜਿਹੜੇ ਗ਼ਰੀਬ ਹੁੰਦੇ ਹਨ। ਗ਼ਰੀਬੀ ਕਰਕੇ ਉਹ ਸਮਾਜ ਦੀ ਉਪਰਲੀ ਸ਼੍ਰੇਣੀ ਵੱਲੋਂ ਛੁਟਿਆਏ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਨੀਵੀਂ ਜਾਤ ਦੇ ਲੋਕਾਂ ਦੀ ਮਦਦ ਅਕਾਲ ਪੁਰਖ ਨੇ ਆਪ ਕਰਨੀ ਹੈ ਫਿਰ ਵੱਡੇ ਵੀ ਇਨ੍ਹਾਂ ਦੀ ਰੀਸ ਨਹੀਂ ਕਰ ਸਕਣਗੇ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ।।[251]

---

[248] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-13

[249] *ਵਾਰਾਂ ਭਾਈ ਗੁਰਦਾਸ ਜੀ,* ਵਾਰ ਪਹਿਲੀ, ਪਉੜੀ 23ਵੀਂ, ਪੰਨਾ-12

[250] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-83.

[251] ਉਹੀ, ਅੰਗ-15.

ਸਾਰੇ ਮਨੁੱਖ ਇਕੋ ਹਵਾ ਦਾ ਆਨੰਦ ਮਾਣਦੇ ਹਨ, ਇਕੋ ਮਿੱਟੀ ਵਿਚੋਂ ਉਤਪੰਨ ਹੋਈ ਖ਼ੁਰਾਕ ਖਾਂਦੇ ਹਨ, ਸਭ ਵਿਚ ਇਕੋ ਹੀ ਆਤਮਾ ਹੈ। ਸ਼ਕਲਾਂ-ਸੂਰਤਾਂ ਸਭ ਦੀਆਂ ਵੱਖ-ਵੱਖ ਹਨ ਪਰ ਸਭ ਵਿਚ ਜੋਤ ਇਕ ਹੀ ਵੱਸਦੀ ਹੈ। ਇਸ ਵਿਚਾਰ ਨਾਲ ਗੁਰੂ ਰਾਮਦਾਸ ਜੀ ਮਨੁੱਖ ਵਿਚ ਹਰ ਪ੍ਰਕਾਰ ਦਾ ਭੇਦਭਾਵ ਮਿਟਾਉਣਾ ਚਾਹੁੰਦੇ ਹਨ:

ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ।।[252]

ਸਿੱਖ ਫ਼ਲਸਫ਼ਾ ਇਸਤਰੀ ਦੀ ਸਮਾਨਤਾ ਤੇ ਸੁਤੰਤਰਤਾ ਸਬੰਧੀ ਵੀ ਵਚਨਬੱਧ ਹੈ। ਸਮਕਾਲੀ ਸਥਿਤੀ ਵਿਚ ਇਸਤਰੀ ਨੂੰ ਬ੍ਰਾਹਮਣਵਾਦ ਨੇ ਸੂਤਕ ਅਤੇ ਭਿੱਟ ਮੰਨਿਆ ਹੋਇਆ ਸੀ। ਇਸ ਅਵਸਥਾ ਵਿਚ ਇਸਤਰੀ ਦੀ ਸਥਿਤੀ ਬਦ ਤੋਂ ਬਦਤਰ ਹੋ ਰਹੀ ਸੀ। ਸਤੀ ਪ੍ਰਥਾ ਉਸਦੀ ਹੋਂਦ ਖ਼ਤਮ ਕਰ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਸ਼ੋਸਣ ਅਤੇ ਗ਼ੁਲਾਮੀ ਦਾ ਅੰਤ ਕਰਨ ਲਈ ਰਾਜਿਆਂ ਦੀ ਮਾਤਾ ਦਾ ਖ਼ਿਤਾਬ ਦਿੱਤਾ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[253]

ਸਤੀ ਪ੍ਰਥਾ ਨੂੰ ਖ਼ਤਮ ਕਰਨ ਲਈ ਗੁਰੂ ਅਮਰਦਾਸ ਜੀ ਨੇ ਕਿਹਾ:

ਸਤੀਆ ਏਹ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨ ਜੋ ਬਿਰਹੇ ਚੋਟਿ ਮਰੰਨਿ।।[254]

ਸਮਾਜ ਵਿਚ ਫ਼ੈਲੀ ਅਸਮਾਨਤਾ ਕਾਰਨ ਮਨੁੱਖ ਦਾ ਆਰਥਿਕ ਸ਼ੋਸ਼ਣ ਹੋ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਭੇਦਭਾਵ ਦੀ ਵਿਰੋਧਤਾ ਕੀਤੀ ਅਤੇ ਆਰਥਿਕ ਤੌਰ ਤੋਂ ਕਮਜ਼ੋਰ ਵਰਗ ਦਾ ਸ਼ੋਸਣ ਕਰਨ ਵਾਲਿਆਂ ਨੂੰ ਰੱਬ ਦੀ ਅਦਾਲਤ ਵਿਚ ਸਖ਼ਤ ਦੰਡ ਮਿਲਣ ਦੀ ਗੱਲ ਕੀਤੀ:

ਗਰੀਬਾ ਉਪਰਿ ਜਿ ਖਿੰਜੈ ਦਾੜੀ।।
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।।[255]

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗ਼ੁਲਾਮੀ ਦਾ ਕਾਰਨ ਅਸਮਾਨਤਾ ਨੂੰ ਮੰਨਿਆ ਹੈ। ਉਨ੍ਹਾਂ ਇਸਦੇ ਖਾਤਮੇ ਲਈ ਦਸਮ ਗ੍ਰੰਥ ਵਿਚ ਧਰਮ, ਜਾਤ ਅਤੇ ਫਿਰਕਿਆਂ 'ਤੇ ਆਧਾਰਿਤ ਭੇਦਭਾਵ ਨੂੰ ਖ਼ਤਮ ਕਰਕੇ ਮਨੁੱਖੀ ਸਮਾਨਤਾ ਅਤੇ ਸੁਤੰਤਰਤਾ ਨੂੰ ਉਜਾਗਰ ਕਰਨ ਸਬੰਧੀ ਵਿਚਾਰ ਪੇਸ਼ ਕੀਤੇ ਹਨ:

---

[252] *ਸ੍ਰੀ ਗੁਰੂ ਗ੍ਰੰਥ ਸਾਹਿਬ*,, ਅੰਗ-96.
[253] ਉਹੀ, ਅੰਗ-473
[254] ਉਹੀ, ਅੰਗ-787
[255] *ਦਸਮ ਗ੍ਰੰਥ ਸਾਹਿਬ*, ਪੰਨਾ-199

ਕੋਊ ਭਇਓ ਮੁੰਡੀਆ ਸੰਨਿਆਸੀ ਕਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।[256]

ਗੁਰੂ ਗੋਬਿੰਦ ਸਿੰਘ ਜੀ ਦੀਆਂ ਇਹ ਤੁਕਾਂ ਵੀ ਮਨੁੱਖੀ ਸਮਾਨਤਾ ਨੂੰ ਉਜਾਗਰ ਕਰਦੀਆਂ ਹਨ:

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਢਾਕ ਬਾਦ ਆਤਿਸ਼ ਔ ਆਬ ਕੋ ਰਲਾਓ ਹੈ।[257]

ਭਾਈ ਰਣਧੀਰ ਸਿੰਘ ਦੁਆਰਾ ਸੰਪਾਦਿਤ ਪ੍ਰੇਮ ਸੁਮਾਰਗ ਗ੍ਰੰਥ ਵਿਚ ਵੀ ਅਜਿਹੇ ਰਾਜ ਦੀ ਕਲਪਨਾ ਕੀਤੀ ਗਈ ਹੈ ਜਿਸ ਵਿਚ ਕੋਈ ਭੇਦਭਾਵ, ਸਮਾਜਿਕ ਤੇ ਆਰਥਿਕ ਸ਼ੋਸ਼ਣ ਨਾ ਹੋਵੇ:

"ਇਸ ਰਾਜੇ ਕੋ ਚਾਹੀਐ ਜੇ ਕੋਈ ਜ਼ੋਰਾਵਰ ਹੋਵੈ, ਅਰ ਗਰੀਬ ਉਪਰਿ ਸਿਤਮ ਕਰੈ। ਤਾਂ ਉਸ ਜ਼ੋਰਾਵਰ ਨੂੰ ਬੰਨ ਕੇ ਹਵਾਲੇ ਉਸ ਗਰੀਬ ਦੇ ਕਰੈ। ਜੋ ਕਿਛ ਉਸ ਜ਼ੋਰਾਵਰ ਉਸ ਗਰੀਬ ਨੂੰ ਦੁਖ ਦਿੱਤਾ ਹੋਵੇ। ਸੋ ਉਸ ਤੇ ਬਦਲਾ ਉਸ ਜ਼ੋਰਾਵਰਿ ਉਪਰਿ ਕਰਵਾਈਐ।"[258] ਸਮੁੱਚੀ ਲੋਕਾਈ ਬਰਾਬਰ ਅਧਿਕਾਰਾਂ ਦੀ ਮਾਲਕ ਹੋਣੀ ਚਾਹੀਦੀ ਹੈ। ਗੁਰੂ ਅਰਜਨ ਦੇਵ ਦੀ ਦਾ ਮੱਤ ਹੈ ਕਿ ਸਭ ਲੋਕ ਸਾਂਝੇ ਹਨ। ਅਕਾਲ ਪੁਰਖ ਪਿਤਾ ਕਿਸੇ ਦੇ ਮਨ ਵਿਚੋਂ ਬਾਹਰ ਨਹੀਂ ਦਿਸਦਾ:

ਸਭ ਕੋ ਆਸੈ ਤੇਰੀ ਬੈਠਾ।।ਘਟ ਘਟ ਅੰਤਰਿ ਤੂੰ ਹੈ ਵੁਠਾ।।
ਸਭੇ ਸਾਝੀਵਾਲ ਸਦਾਇਨਿ।। ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।[259]

ਇਕ ਜਾਤੀ ਦਾ ਆਪਣੇ-ਆਪ ਨੂੰ ਦੂਸਰੇ ਤੋਂ ਉਤਮ ਸਮਝਣਾ ਅਤੇ ਉਸ ਪ੍ਰਤੀ ਤ੍ਰਿਸਕਾਰ ਪ੍ਰਗਟ ਕਰਨਾ ਵੈਰ ਅਤੇ ਘਿਰਣਾ ਨੂੰ ਜਨਮ ਦਿੰਦੇ ਹਨ। ਇਹ ਵੈਰ ਅਤੇ ਘਿਰਣਾ ਸੰਕਟ ਸਮੇਂ ਰਾਸ਼ਟਰ ਦੀਆਂ ਬੁਨਿਆਦਾਂ ਨੂੰ ਹਿਲਾ ਕੇ ਗ਼ੁਲਾਮ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦੇ ਰਚਣਹਾਰੇ ਬ੍ਰਾਹਮਣ ਨੂੰ ਉਪਦੇਸ਼ ਦਿੱਤਾ ਹੈ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ।।ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ।।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ।।
ਚਾਰੇ ਵਰਨ ਆਖੈ ਸਭੁ ਕੋਈ।।ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ।।
ਮਾਟੀ ਏਕ ਸਗਲ ਸੰਸਾਰਾ।।ਬਹੁ ਬਿਧਿ ਭਾਂਡੈ ਘੜੈ ਕੁਮਾਰਾ।।[260]

---

256 *ਦਸਮ ਗ੍ਰੰਥ ਸਾਹਿਬ*, ਪੰਨਾ-19

257 ਉਹੀ, ਪੰਨਾ-72

258 ਰਣਧੀਰ ਸਿੰਘ, (ਸੰਪਾ.) *ਪ੍ਰੇਮ ਸੁਮਾਰਗ ਗ੍ਰੰਥ*, ਪੰਨਾ-95-96

259 *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-97.

ਸੱਚੇ ਰਾਜ ਦਾ ਉਦੇਸ਼, ਪ੍ਰਚਾਰ ਅਤੇ ਨਿਸ਼ਾਨਾ ਚਹੁੰਆਂ ਵਰਨਾਂ ਦੇ ਲੋਕਾਂ ਲਈ ਸਾਂਝਾ ਹੈ। ਖ਼ਾਲਸੇ ਦੇ ਸਿਧਾਂਤ ਤਹਿਤ ਉਨ੍ਹਾਂ ਵਿਅਕਤੀਆਂ ਦਾ ਸਤਿਕਾਰ ਹੋਵੇਗਾ ਜੋ ਵਾਹਿਗੁਰੂ ਦਾ ਨਾਮ ਉਚਾਰਦੇ ਹਨ, ਵਾਹਿਗੁਰੂ ਨੂੰ ਸਭ ਦੇ ਦਿਲਾਂ ਅੰਦਰ ਵਸਿਆ ਮੰਨਦੇ ਹਨ ਅਤੇ ਚਹੁੰ ਵਰਣਾਂ ਨੂੰ ਇਕ ਭਾਈਚਾਰਾ ਮੰਨਦੇ ਹਨ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।।
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ।।[261]

ਸਿੱਖ ਰਾਜਨੀਤਿਕ ਵਿਚਾਰਧਾਰਾ ਧਾਰਮਿਕ, ਸਮਾਜਿਕ ਅਤੇ ਆਰਥਿਕ ਸਮਾਨਤਾ 'ਤੇ ਅਧਾਰਿਤ ਹੈ ਅਤੇ ਸਮਾਨਤਾ ਹੀ ਸੁਤੰਤਰਤਾ ਦੀ ਬੁਨਿਆਦ ਹੈ। ਦਸ ਗੁਰੂ ਸਾਹਿਬਾਨ ਤੋਂ ਲੈ ਕੇ ਪੂਰਾ ਸਿੱਖ ਪੰਥ ਮਨੁੱਖੀ ਸਮਾਨਤਾ ਅਤੇ ਸੁਤੰਤਰਤਾ ਲਈ ਯਤਨਸ਼ੀਲ ਰਿਹਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਅਨੇਕਾਂ ਸ਼ਹਾਦਤਾਂ ਦਿੱਤੀਆਂ ਗਈਆਂ। ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਧਾਰਮਿਕ, ਸਮਾਜਿਕ ਅਤੇ ਆਰਥਿਕ ਸਮਾਨਤਾ ਦੇ ਸਿਧਾਂਤ ਵਿਚੋਂ ਉਤਪੰਨ ਹੁੰਦਾ ਹੈ। ਜਿਸ ਸਮਾਜ ਵਿਚ ਅਸਮਾਨਤਾ ਹੋਵੇਗੀ ਉਥੇ ਸੁਤੰਤਰਤਾ ਦੀ ਗੱਲ ਸਿਰੇ ਨਹੀਂ ਚੜ੍ਹ ਸਕਦੀ। ਪਹਿਲਾਂ ਬ੍ਰਾਹਮਣਵਾਦ ਨੇ ਭਾਰਤੀਆਂ ਵਿਚ ਸੰਪ੍ਰਦਾਇਕਤਾ ਦਾ ਬੀਜ ਬੋਇਆ ਸੀ ਅਤੇ ਫਿਰ ਅੰਗਰੇਜ਼ ਹਕੂਮਤ ਵੀ ਭਾਰਤੀਆਂ ਵਿਚ ਜਾਤ-ਪਾਤ ਅਤੇ ਧਰਮ ਦੇ ਆਧਾਰ 'ਤੇ ਵੰਡੀਆਂ ਪਾ ਕੇ ਲਮੇਰਾ ਸਮਾਂ ਰਾਜ ਕਰਦੀ ਰਹੀ ਸੀ। ਸਿੱਖਾਂ ਨੇ ਸਮਾਨਤਾ ਤੇ ਸੁਤੰਤਰਤਾ ਦੇ ਸਿਧਾਂਤ ਨੂੰ ਅਪਣਾਇਆ ਅਤੇ ਜਾਤ-ਪਾਤ, ਧਾਰਮਿਕ ਫਿਰਕੂਪੁਣੇ ਤੋਂ ਉੱਪਰ ਉੱਠ ਕੇ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ।

## ਸੁਤੰਤਰਤਾ ਲਈ ਨੈਤਿਕਤਾ

ਨੈਤਿਕਤਾ ਸਭਿਅਕ ਸਮਾਜਿਕ ਜੀਵਨ ਦਾ ਮੁੱਢਲਾ ਗੁਣ ਹੈ। "ਨੈਤਿਕਤਾ ਦਰਸ਼ਨ-ਸ਼ਾਸਤਰ ਦੀ ਉਹ ਸ਼ਾਖ਼ ਹੈ ਜਿਸ ਦਾ ਸਬੰਧ ਨੇਕੀ ਅਤੇ ਬਦੀ, ਉਚਿਤ ਅਤੇ ਅਨੁਚਿਤ ਆਦਿ ਸਦਾਚਾਰਕ ਪੱਖਾਂ ਨਾਲ ਹੈ। ਪਰੰਪਰਾ ਵਜੋਂ ਨੈਤਿਕਤਾ ਜਾਂ ਨੀਤੀ ਸ਼ਾਸਤਰ ਮਨੁੱਖ ਦੀਆਂ ਸਦਾਚਾਰਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਜਾਂ ਮੁਲਾਂਕਣ ਕਰਨ ਵਿਚ ਉਨ੍ਹਾਂ ਦੇ ਸਮਾਧਾਨ ਲਈ ਨਿਰਣੈ ਦੇ ਕੀਮਤਪੂਰਕ ਆਧਾਰ ਨਿਸ਼ਚਿਤ ਕਰਦਾ ਹੈ।"[262]

ਨੈਤਿਕਤਾ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਨੀਤੀ' ਦਾ ਵਿਕਸਤ ਰੂਪ ਹੈ ਜਿਸਦਾ ਅਰਥ ਹੈ "ਧਰਮ ਅਤੇ ਸਮਾਜ ਨੂੰ ਚਲਾਉਣ ਵਾਲਾ ਨਿਯਮ, ਰਾਜ ਪ੍ਰਬੰਧ ਦੀ ਯੁਕਤੀ, ਸਮਾਜਿਕ ਕਲਿਆਣ ਲਈ ਮੁਕੱਰਰ

---

[260] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1127-28.

[261] ਉਹੀ, ਅੰਗ-747,748.

[262] *"Ethics is the branch of philosophy that is concerned with what so morally good and bad, right and wrong traditionally, ethics has undertaken to analyze, evaluate and develop normative moral criteria for dealing with moral problem".* Karon, Jacobs, spark, (Editor), *Encyclopedia Britannica, macropaedia Knowledge in depth*, 15 Edition, vol. 6, p.976

ਕੀਤਾ ਕਾਰ-ਵਿਹਾਰ"।[263] ਪੰਜਾਬੀ ਵਿਚ ਨੈਤਿਕਤਾ ਲਈ ਸਦਾਚਾਰ ਸ਼ਬਦ ਪ੍ਰਚਲਿਤ ਹੈ। ਸਦਾਚਾਰ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਨੇਕ ਚੱਲਣ ਜਾਂ ਚੰਗਾ ਬਿਉਹਾਰ'[264] ਦੱਸੇ ਹਨ। ਜਦੋਂ ਮਨੁੱਖ ਦੀ ਸੁਤੰਤਰਤਾ ਦੀ ਗੱਲ ਕੀਤੀ ਜਾਂਦੀ ਹੈ ਤਾਂ ਨਾਲ ਹੀ ਉਸਦੀ ਜ਼ਿੰਮੇਵਾਰੀ ਦਾ ਪੱਖ ਵੀ ਉਘਾੜਿਆ ਜਾਂਦਾ ਹੈ। ਇਸ ਵਿਚ ਇਕ ਤੋਂ ਬਿਨਾਂ ਦੂਜੇ ਨਿਰਾਰਥਕ ਅਤੇ ਨਿਰਮੂਲ ਹਨ। ਮਨੁੱਖ ਦੇ ਉਹੀ ਕਾਰਜ ਨੈਤਿਕ ਮੁਲਾਂਕਣ ਦੇ ਘੇਰੇ ਵਿਚ ਆਉਂਦੇ ਹਨ ਜਿਨ੍ਹਾਂ ਨਾਲ ਉਸ ਦੀ ਸੁਤੰਤਰਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਜੁੜੀ ਹੋਵੇ। ਇਸੇ ਨੂੰ ਨੈਤਿਕ-ਵਿਹਾਰ ਕਿਹਾ ਜਾਂਦਾ ਹੈ। ਵਿਹਾਰਕ ਜੀਵਨ ਵਿਚ ਸੁਤੰਤਰਤਾ ਚੋਣ ਕਰ ਸਕਣ ਦੀ ਸੁਤੰਤਰਤਾ ਵਿਚੋਂ ਪ੍ਰਗਟ ਹੁੰਦੀ ਹੈ। ਭਾਵ ਆਪਣੀ ਇੱਛਾ ਅਨੁਸਾਰ ਕਾਰਜ ਕਰਨ ਦਾ ਅਧਿਕਾਰ।[265] ਇਸ ਤਰ੍ਹਾਂ ਨੈਤਿਕਤਾ ਸੁਤੰਤਰਤਾ ਦਾ ਮੂਲ ਆਧਾਰ ਬਣ ਜਾਂਦੀ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਬਾਣੀ ਵਿਚ ਨੈਤਿਕਤਾ ਨੂੰ ਉਜਾਗਰ ਕੀਤਾ ਹੈ। ਸਮਾਜ ਦੀ ਉੱਨਤੀ ਲਈ ਨੈਤਿਕਤਾ ਨੂੰ ਆਧਾਰ ਬਣਾ ਕੇ ਮਨੁੱਖ ਨੂੰ ਉਸ 'ਤੇ ਚੱਲਣ ਦੀ ਜਾਚ ਸਿਖਾਈ ਹੈ। ਗੁਰਬਾਣੀ ਅਤੇ ਇਤਿਹਾਸਕ ਲਿਖਤਾਂ ਵਿਚ ਨੈਤਿਕਤਾ ਦੇ ਸੰਕਲਪ ਨੂੰ ਹੇਠ ਲਿਖੇ ਸ਼ਬਦ ਉਜਾਗਰ ਕਰਦੇ ਹਨ:

**ਰਹਿਤ ਮਰਿਆਦਾ**

ਰਹਿਤਨਾਮਿਆਂ ਵਿਚ ਵੀ ਗੁਰਸਿੱਖ ਲਈ ਰਹਿਤ ਵਿਚ ਧਾਰਨੀ ਹੋਣ ਦੀ ਗੱਲ ਕੀਤੀ ਗਈ ਹੈ:

ਰਹਿਣੀ ਰਹੈ ਸੋਈ ਸਿੱਖ ਮੇਰਾ।
ਉਹ ਸਾਹਿਬ ਮੈ ਉਸ ਕਾ ਚੇਰਾ।[266]

ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਰਹਿਤ ਵੀ ਨੈਤਿਕਤਾ ਨਾਲ ਜੁੜੀ ਹੋਈ ਹੈ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਹਿਦਾਇਤ ਕੀਤੀ ਸੀ ਕਿ ਜਦੋਂ ਤੱਕ ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਬਣ ਕੇ ਰਹੇਗਾ ਤਦ ਤੱਕ ਉਸ ਦਾ ਪੂਰਾ ਤਪ, ਤੇਜ਼ ਅਤੇ ਸੁਤੰਤਰਤਾ ਬਣੀ ਰਹੇਗੀ ਪਰ ਜਦੋਂ ਉਹ ਰਹਿਤ ਤਿਆਗ ਕੇ ਜਾਤ-ਪਾਤ ਅਤੇ ਵਹਿਮਾਂ-ਭਰਮਾਂ ਵਿਚ ਫ਼ਸ ਜਾਵੇਗਾ ਤਾਂ ਉਹ ਗੁਰੂ ਰੂਪ ਨਹੀਂ ਰਹੇਗਾ। ਗੁਰੂ ਉਸ ਦੀ ਪ੍ਰਤੀਤ ਨਹੀਂ ਕਰੇਗਾ। ਰਹਿਤ ਤਿਆਗ ਕੇ ਵਿਅਕਤੀ ਨੈਤਿਕਤਾ ਦੇ ਰਾਹ 'ਤੇ ਨਹੀਂ ਚੱਲ ਸਕਦਾ। ਇਹ ਸੁਤੰਤਰਤਾ ਲਈ ਜ਼ਰੂਰੀ ਹੈ। ਖ਼ਾਲਸੇ ਦੀ 'ਰਹਿਤ ਮਰਿਆਦਾ' ਬਾਰੇ ਗੁਰੂ ਜੀ ਦੇ ਬਚਨ ਹਨ:

ਜਬ ਲਗ ਖਾਲਸਾ ਰਹਿਓ ਨਿਆਰਾ

---

263 ਪ੍ਰੇਮ ਪ੍ਰਕਾਸ਼ ਸਿੰਘ (ਡਾ.) (ਸੰਪਾ.), *ਸੰਸਕ੍ਰਿਤ-ਪੰਜਾਬੀ ਕੋਸ਼,* ਪੰਨਾ-400

264 *ਗੁਰਸ਼ਬਦ ਰਤਨਾਕਰ ਮਹਾਨ-ਕੋਸ਼,* ਪੰਨਾ-134

265 ਮਦਨ ਗੋਪਾਲ ਆਚਾਰੀਆ (ਡਾ.), *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ-9

266 ਪਦਮ, ਪਿਆਰਾ ਸਿੰਘ, *ਰਹਿਤਨਾਮੇ,* ਪੰਨਾ-56

ਤਬ ਲਗ ਤੇਜ ਦਿਓ ਮੈਂ ਸਾਰਾ।
ਜਬ ਗਹਿ ਰਹੈਂ ਬਿਪਰਨ ਕੀ ਰੀਤ
ਮੈਂ ਨਾ ਕਰੂੰ ਇਨ ਕੀ ਪਰਤੀਤ।[267]

ਅਠ੍ਹਾਰਵੀਂ ਸਦੀ ਵਿਚ ਖ਼ਾਲਸੇ ਦੀ ਰਹਿਤ ਦਾ ਪ੍ਰਮਾਣ ਨਿਹੰਗ ਸਿੰਘਾਂ ਬਾਰੇ ਪ੍ਰਚੱਲਿਤ ਇਹ ਅਖਾਣ ਸਿੰਘਾਂ ਦੇ ਇਖ਼ਲਾਕ, ਰਹਿਤ ਤੇ ਸੁਤੰਤਰ ਰੂਪ ਦੀ ਗਵਾਹੀ ਹੈ:

ਆਏ ਨੀ ਨਿਹੰਗ, ਬੂਹਾ ਖੋਲਦੇ ਨਿਸੰਗ।

**ਸੂਰਬੀਰਤਾ, ਪਰਉਪਕਾਰ ਅਤੇ ਗੁਣ**

ਸਿੱਖ ਨੈਤਿਕ ਫਿਲਾਸਫ਼ੀ ਵਿਚ ਸੂਰਬੀਰਤਾ ਮਹੱਤਵਪੂਰਨ ਗੁਣ ਹੈ। ਨਿਸ਼ਚਾ ਰੱਖਣਾ ਅਤੇ ਆਪਣੇ ਵਚਨ ਵਿਚ ਪੱਕਾ ਰਹਿਣਾ ਇਸਦਾ ਜ਼ਰੂਰੀ ਪੱਖ ਹੈ। ਦੂਜਾ ਪੱਖ ਹੈ ਪਰਉਪਕਾਰ ਕਰਨਾ ਜਿਵੇਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।।[268]

ਮਨੁੱਖ ਨੂੰ ਨੈਤਿਕ ਲੀਹਾਂ 'ਤੇ ਚੱਲ ਕੇ ਆਪਣੀ ਕੁਰਬਾਨੀ ਵੀ ਦੇਣਾ, ਅਸਲੀ ਸੂਰਬੀਰਤਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੇਸ਼-ਕੌਮ ਦੀ ਸੁਤੰਤਰਤਾ ਲਈ ਪਰਿਵਾਰ ਵਾਰਨਾ ਉਨ੍ਹਾਂ ਦੀ ਸੂਰਬੀਰਤਾ ਅਤੇ ਪਰਉਪਕਾਰ ਦੀ ਪ੍ਰਤੱਖ ਗਵਾਹੀ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਭਾਈ ਗੁਰਦਾਸ ਜੀ ਨੇ ਬਡਜੋਧਾ ਤੇ ਪਰਉਪਕਾਰੀ ਕਿਹਾ ਹੈ:

ਦਲ ਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰ ਉਪਕਾਰੀ।।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸਵਾਹੋ ਸੰਸਾਰੀ।।[269]

ਇਸਦੇ ਨਾਲ ਹੀ ਗੁਰੂ ਸਾਹਿਬ ਔਗੁਣਾਂ ਨੂੰ ਜ਼ੰਜੀਰ ਦੱਸਦੇ ਹਨ, ਗ਼ੁਲਾਮੀ ਦਾ ਕਾਰਨ ਮੰਨਦੇ ਹਨ। ਚੰਗੇ ਆਚਰਣ ਨਾਲ ਹੀ ਮਨੁੱਖ ਚੰਗਾ ਬਣਦਾ ਹੈ। ਔਗੁਣੀ ਰਾਜੇ ਲੋਕਾਂ ਨੂੰ ਗ਼ੁਲਾਮ ਬਣਾ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਨਿਮਨ ਅਨੁਸਾਰ ਹਨ:

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।।
ਜੇ ਗੁਣ ਹੋਨਿ ਤਾ ਕਟੀਅਨਿ ਸੇ ਭਾਈ ਸੇ ਵੀਰ।।[270]

ਇਸੇ ਲਈ ਗੁਰੂ ਸਾਹਿਬ ਨੇ ਚੰਗੇ ਰਾਜੇ ਦਾ ਸੰਕਲਪ ਪੇਸ਼ ਕੀਤਾ:

---

[267] ਪਦਮ, *ਰਹਿਤਨਾਮੇ*, ਪੰਨਾ-61

[268] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-273

[269] *ਵਾਰਾਂ ਭਾਈ ਗੁਰਦਾਸ ਜੀ*, ਵਾਰ ਪਹਿਲੀ ਪਉੜੀ 41, ਪੰਨਾ-24

[270] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-595

ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤ।।[271]

## ਪੰਜ ਵਿਕਾਰਾਂ ਤੋਂ ਮੁਕਤੀ

ਪੰਜ ਵਿਕਾਰ ਮਨੁੱਖੀ ਮਾਨਸਿਕਤਾ ਨੂੰ ਗ਼ੁਲਾਮ ਬਣਾਉਂਦੇ ਹਨ। ਇਹ ਸਰਵਪੱਖੀ ਗ਼ੁਲਾਮੀ ਦਾ ਕਾਰਨ ਵੀ ਬਣਦੇ ਹਨ। ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਗੁਰਮਤਿ ਨੇ ਉਪਦੇਸ਼ ਦਿੱਤਾ ਹੈ। ਇਹ ਪੰਜ ਵਿਕਾਰ ਹਨ:

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ।।
ਦੁਸਟ ਭਾਉ ਭਜਿ ਨਿੰਦ ਪਰਾਈ ਕਾਮ ਕ੍ਰੋਧ ਚੰਡਾਰ।।[272]

ਅਹੰਕਾਰ ਵਿਚ ਵਿਅਕਤੀ ਦੂਜੇ ਦੀ ਨਿੰਦਾ ਕਰਦਾ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ:

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ।।[273]

ਇਸ ਤਰ੍ਹਾਂ ਵੈਰ ਵਿਰੋਧ ਅਤੇ ਨਿੰਦਾ ਮਨੁੱਖ ਨੂੰ ਗ਼ੁਲਾਮੀ ਵੱਲ ਲੈ ਜਾਂਦੀ ਹੈ। ਪੰਜ ਵਿਕਾਰਾਂ ਤੋਂ ਮੁਕਤੀ ਸੁਤੰਤਰਤਾ ਦੀ ਦਿਸ਼ਾ ਵੀ ਹੈ ਤੇ ਗਵਾਹੀ ਵੀ ਹੈ।

## ਪਰਾਇਆ ਹੱਕ ਅਤੇ ਨਿਡਰਤਾ

ਸਿੱਖ ਧਰਮ ਵਿਚ ਪਰਾਇਆ ਹੱਕ ਖਾਣ ਨੂੰ ਵੱਡਾ ਗੁਨਾਹ ਦੱਸਿਆ ਹੈ ਜੋ ਅਨੈਤਿਕਤਾ ਦਾ ਅਹਿਸਾਸ ਕਰਵਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਲਾਲਚੀ ਮਲਕ ਭਾਗੋ ਨੂੰ ਛੱਡ ਕੇ ਗਰੀਬ ਭਾਈ ਲਾਲੋ ਦੇ ਘਰ ਦਾ ਖਾਣਾ ਖਾਧਾ ਕਿਉਂਕਿ ਉਹ ਕਿਰਤ ਦੀ ਕਮਾਈ ਕਰਦਾ ਸੀ। ਕਿਰਤ ਕਰਨ ਅਤੇ ਪਰਾਏ ਹੱਕ ਸਬੰਧੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ।।ਨਾਨਕ ਰਾਹੁ ਪਛਾਣੈ ਸੇ।।
ਹਕੁ ਹਲਾਲੁ ਬਖੋਰਹੁ ਖਾਣਾ।।ਦਿਲ ਦਰੀਆਉ ਧੋਵਹੁ ਮੈਲਾਣਾ।।[274]
ਹਕ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।।[275]

ਭੈਅ ਵਿਚ ਮਨੁੱਖ ਆਪਣੀ ਅਤੇ ਦੂਸਰਿਆਂ ਦੀ ਸੁਤੰਤਰਤਾ ਨੂੰ ਡਰ ਦੀ ਬਲੀ ਚੜ੍ਹਾ ਦਿੰਦਾ ਹੈ। ਸੁਤੰਤਰਤਾ ਦਾ ਅਨੁਭਵ ਆਪਣੇ ਨਿਰਭਉ ਦੇ ਵਾਸੇ ਦਾ ਗਿਆਨ ਹੈ ਜਿਹੜਾ ਮਨੁੱਖ ਕਿਸੇ ਨੂੰ ਭੈਅ ਨਾ ਦੇਵੇ ਉਹੀ ਪੂਰਨ ਸੁਤੰਤਰ ਹੈ। ਜਦੋਂ ਕਸ਼ਮੀਰੀ ਪੰਡਿਤ ਗੁਰੂ ਤੇਗ਼ ਬਹਾਦਰ ਜੀ ਕੋਲ ਆਪਣੇ ਤਿਲਕ ਜੰਞੂ ਦੀ

---

[271] *ਸ੍ਰੀ ਗੁਰੂ ਗ੍ਰੰਥ ਸਾਹਿਬ* , ਅੰਗ-1088
[272] ਉਹੀ, ਅੰਗ-1255
[273] ਉਹੀ, ਅੰਗ-755
[274] ਉਹੀ, ਅੰਗ-1084
[275] ਉਹੀ, ਅੰਗ-141

ਰੱਖਿਆ ਲਈ ਆਏ ਤਾਂ ਗੁਰੂ ਜੀ ਨੇ ਕਿਹਾ ਸੀ ਕਿ ਡਰਨ ਦੀ ਲੋੜ ਨਹੀਂ, ਮੁਗ਼ਲ ਸਾਮਰਾਜ ਨੂੰ ਆਪਣੀ ਨੀਂਦ ਤੋਂ ਜਗਾਉਣ ਲਈ ਕੁਰਬਾਨੀ ਦੀ ਲੋੜ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਬਿਆਨ ਕੀਤਾ ਹੈ:

ਭੈ ਕਾਹੂ ਕੋ ਦੇਤ ਨਹਿ-ਨਹਿ ਭੈ ਮਾਨਤ ਆਨਿ।।[276]

ਓਹੁ ਅਬਿਨਾਸੀ ਰਾਇਆ।।

ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨ ਕਹਾ ਤੇ ਆਇਆ।।[277]

ਮੁਗ਼ਲ ਤੇ ਅੰਗਰੇਜ਼ ਕਾਲ ਸਮੇਂ ਸਿੱਖਾਂ ਵੱਲੋਂ ਸੁਤੰਤਰਤਾ ਲਈ ਦਿੱਤੀਆਂ ਅਥਾਹ ਸ਼ਹਾਦਤਾਂ ਨਿਡਰਤਾ ਦਾ ਵਿਹਾਰਕ ਰੂਪ ਪੇਸ਼ ਕਰਦੀਆਂ ਹਨ।

**ਉਦਾਰਤਾ (ਖੁਲ੍ਹਦਿਲੀ) ਬਨਾਮ ਸੁਤੰਤਰਤਾ**

ਉਦਾਰਤਾ, ਖੁਲ੍ਹਦਿਲੀ ਵੀ ਸੁਤੰਤਰਤਾ ਨਾਲ ਜੁੜੇ ਹੋਏ ਹਨ। ਮੇਰਾ-ਤੇਰਾ ਦਾ ਭਾਵ ਖ਼ਤਮ ਹੋ ਜਾਂਦਾ ਹੈ ਤੇ ਮਨੁੱਖ 'ਤੇ ਮਾਰੂ ਪ੍ਰਭਾਵ ਨਹੀਂ ਪੈਂਦਾ। ਗੁਰੂ ਨਾਨਕ ਦੇਵ ਜੀ ਨੇ 'ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਕਹਿ ਕੇ ਨਿਮਰਤਾ ਵੱਲ ਸੰਕੇਤ ਕੀਤਾ ਹੈ। ਇਹ ਮਨੁੱਖ ਵਿਚ ਹਉਮੈਂ ਅਤੇ ਭੇਦਭਾਵ ਨੂੰ ਖ਼ਤਮ ਕਰ ਦਿੰਦੀ ਹੈ। ਹੰਕਾਰ ਵਿਚ ਹੀ ਮਨੁੱਖ ਦੂਜੇ ਦੀ ਸੁਤੰਤਰਤਾ ਨੂੰ ਹਾਨੀ ਪਹੁੰਚਾਉਂਦਾ ਹੈ। ਉਦਾਰਤਾ ਲਈ ਮੇਰ-ਤੇਰ ਦੀ ਭਾਵਨਾ ਨਹੀਂ ਹੋਣੀ ਚਾਹੀਦੀ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਮੇਰੇ-ਤੇਰੇ ਦੀ ਵੰਡ ਝੂਠੀ ਹੈ:

ਜਬ ਹਮ ਹੋਤੇ ਤਬ ਤੁਮ ਹਹੁ ਹਮ ਨਾਹੀ।[278]
ਜੋ ਕਿਛ ਹੈ ਸੋ ਤੇਰਾ।।ਤੇਰਾ ਤੁਝ ਕੋ ਸਉਪਤੇ ਕਿਆ ਲਾਗੈ ਮੇਰਾ।।[279]

ਇਹ ਸਾਰੀ ਮਨੁੱਖਤਾ ਵਾਸਤੇ ਸੱਚੀ ਸੁਤੰਤਰਤਾ ਦਾ ਸੁਨੇਹਾ ਅਤੇ ਪਰਾਈ ਆਜ਼ਾਦੀ ਦੇ ਹੱਕ ਦੀ ਗਵਾਹੀ ਹੈ।

**ਸਬਰ–ਸੰਤੋਖ ਤੇ ਸਾਦਗੀ**

ਸੰਤੋਖ ਦਾ ਅਰਥ ਹੈ ਸਬਰ ਜੋ ਸਿਰਫ਼ ਕਰਮਾਂ ਰਾਹੀਂ ਪ੍ਰਾਪਤ ਹੁੰਦਾ ਹੈ। ਸਫ਼ਲਤਾ ਅਤੇ ਅਸਫ਼ਲਤਾ ਦੋਵਾਂ ਹਾਲਾਤਾਂ ਵਿਚ ਸਬਰ ਰੱਖਣਾ ਤੇ ਸਹਿਜ ਵਿਚ ਰਹਿਣਾ ਹੀ ਅਸਲੀ ਸੰਤੋਖ ਹੈ। ਸੰਤੋਖ ਦੀ ਘਾਟ ਕਾਰਨ ਰਾਜੇ ਅਤੇ ਪਾਖੰਡੀ ਗ਼ਰੀਬਾਂ ਦਾ ਖ਼ੂਨ ਚੂਸਦੇ ਹਨ। ਸਾਦਗੀ ਨਾਲ ਧਨ ਦੀ ਦੌੜ ਖ਼ਤਮ ਹੁੰਦੀ ਹੈ ਅਤੇ ਸੰਤੋਖ

---

[276] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-1428
[277] ਉਹੀ,ਅੰਗ-206
[278] ਉਹੀ, ਅੰਗ-339
[279] ਉਹੀ, ਅੰਗ-106

ਪੈਦਾ ਹੁੰਦਾ ਹੈ। ਮਨ ਦੀ ਭਟਕਣ ਖ਼ਤਮ ਹੋ ਕੇ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਪੁਜੀ ਸਾਹਿਬ ਵਿਚ ਦਰਜ ਹੈ:

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।[280]

ਮਨੁੱਖ ਵਿਚ ਪੰਜ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜੋ ਮਨੁੱਖ ਨੂੰ ਮਨ ਤੋਂ ਗ਼ੁਲਾਮ ਬਣਾ ਦਿੰਦੇ ਹਨ। ਪੰਜ ਵਿਕਾਰਾਂ ਦਾ ਗ਼ੁਲਾਮ ਵਿਅਕਤੀ ਕਦੇ ਵੀ ਸੁਤੰਤਰਤਾ ਨੂੰ ਕਾਇਮ ਨਹੀਂ ਰੱਖ ਸਕਦਾ। ਪੰਜ ਵਿਕਾਰਾਂ ਨਾਲ ਵਿਅਕਤੀ ਦਾ ਆਚਰਣ ਮਾੜਾ ਹੋ ਜਾਂਦਾ ਹੈ ਅਤੇ ਚੰਗਾ ਆਚਰਣ ਸਿਰਫ਼ ਚੰਗੇ ਗੁਣ ਗ੍ਰਹਿਣ ਕਰਨ ਨਾਲ ਹੀ ਮਿਲਦਾ ਹੈ।

**ਨਿੱਜਵਾਦ ਅਤੇ ਹਉਮੈ**

ਗੁਰੂ ਸਾਹਿਬ ਨੇ ਹਉਮੈਂ ਨੂੰ ਸਾਰੀਆਂ ਬੁਰਾਈਆਂ ਦੀ ਜੜ੍ਹ ਕਿਹਾ ਹੈ। ਸਮਾਜ ਸ਼ਾਸਤਰ ਵਿਚ ਹਉਮੈ ਨੂੰ ਨਿੱਜਵਾਦ ਜਾਂ ਖ਼ੁਦਪ੍ਰਸਤੀ ਕਿਹਾ ਗਿਆ ਹੈ। ਗੁਰਮਤਿ ਵਿਚ ਹਉਮੈਂ 'ਚ ਆਏ ਵਿਅਕਤੀ ਦੀ ਵਿਰੋਧਤਾ ਕੀਤੀ ਗਈ ਹੈ। ਗੁਰੂ ਸਾਹਿਬ ਅਨੁਸਾਰ ਹਉਮੈਂ, ਵਿਅਕਤੀ ਨੂੰ ਅੱਤਿਆਚਾਰ ਤੇ ਧੱਕੇਸ਼ਾਹੀ ਵੱਲ ਧੱਕਦੀ ਹੈ।[281] ਔਰੰਗਜ਼ੇਬ ਦੇ ਰਾਜ ਬਾਰੇ ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮੇ ਵਿਚ ਲਿਖਦੇ ਹਨ ਕਿ ਉਸਦਾ ਰਾਜ ਨੈਤਿਕ ਪੱਧਰ ਤੋਂ ਡਿੱਗਿਆ ਹੋਇਆ ਸੀ, ਜਿਸ ਵਿਚ ਝੂਠ ਦਾ ਬੋਲਬਾਲਾ ਸੀ:

ਠ ਕਤਰਹ ਮਰਾ ਐਤਬਾਰਿ ਬਰੋਸਤ।।
ਕਿ ਬਖਸ਼ੀ ਵਾ ਦੀਵਾਂ ਕਿਜ਼ਬ ਗੋਸ਼ਤ।।[282]

ਨੈਤਿਕਤਾ ਧਰਮ ਨਾਲ ਜੁੜੀ ਹੋਈ ਹੈ। ਇਸ ਤੋਂ ਬਿਨਾਂ ਰਾਜ ਦੀ ਸੁਤੰਤਰਤਾ ਖਤਰੇ ਵਿਚ ਪੈ ਜਾਂਦੀ ਹੈ। ਡਾ. ਜਸਪਾਲ ਸਿੰਘ ਲਿਖਦੇ ਹਨ, "ਰਾਜ ਵਿਚੋਂ ਧਰਮ ਦਾ ਅੰਸ਼ ਨਿਕਲ ਜਾਣ ਨਾਲ ਨੈਤਿਕਤਾ ਦਾ ਅੰਤ ਹੋ ਜਾਂਦਾ ਹੈ। ਨੈਤਿਕਤਾ ਦਾ ਅੰਤ ਹੋਣ ਨਾਲ ਰਾਜ ਪਤਨ ਵੱਲ ਤੁਰ ਪੈਂਦਾ ਹੈ ਜਿਸ ਵਿਚ ਰਾਜ ਸੱਤਾ ਦਰਿੰਦਗੀ ਦੀਆਂ ਹੱਦਾਂ ਟੱਪ ਜਾਂਦੀ ਹੈ ਤਾਂ ਉਸਦੀ ਬੁਨਿਆਦ ਹੀ ਖ਼ਤਮ ਹੋ ਜਾਂਦੀ ਹੈ। ਨੈਤਿਕ ਕਦਰਾਂ-ਕੀਮਤਾਂ ਦੀ ਬੁਨਿਆਦ 'ਤੇ ਉੱਸਰਿਆ ਰਾਜ ਹੀ ਇਕ ਸੰਤੁਲਿਤ ਰਾਜ ਵਿਵਸਥਾ ਦਾ ਪ੍ਰਤੀਪਾਦਨ ਕਰ ਸਕਦਾ ਹੈ।"[283] ਪੱਛਮੀ ਚਿੰਤਕ ਅਰਸਤੂ ਨੇ ਵੀ ਨੈਤਿਕਤਾ ਨੂੰ ਸੁਤੰਤਰਤਾ ਦਾ ਆਧਾਰ ਮੰਨਿਆ ਹੈ।

---

[280] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-13
[281] ਜਗਜੀਤ ਸਿੰਘ, *ਸਿੱਖ ਇਨਕਲਾਬ,* ਪੰਨਾ-115
[282] *ਦਸਮ ਗ੍ਰੰਥ ਸਾਹਿਬ,* ਪੰਨਾ-1389
[283] *ਰਾਜ ਦਾ ਸਿੱਖ ਸੰਕਲਪ,* ਪੰਨਾ-320

ਸਿੱਖਾਂ ਨੂੰ ਜੀਵਨ ਸੇਧ ਦੇਣ ਲਈ ਗੁਰੂ ਸਾਹਿਬ ਨੇ ਮੁਢਲੇ ਨੈਤਿਕ ਗੁਣਾਂ ਦੀ ਇਕ ਲੜੀ ਨਿਰਧਾਰਿਤ ਕੀਤੀ। ਸਮਾਜਿਕ ਜੀਵਨ ਵਿਚ ਨਿਰਵੈਰਤਾ, ਨਿੰਦਾ ਦਾ ਤਿਆਗ ਤੇ ਪਰਉਪਕਾਰ, ਸੂਰਬੀਰਤਾ, ਕੁਰਬਾਨੀ, ਸੇਵਾ, ਸਤ-ਸੰਤੋਖ, ਦਇਆ ਉੱਤਮ ਨੈਤਿਕ ਸਿਧਾਂਤ ਹਨ ਜੋ ਕਿ ਸਿੱਖ ਧਰਮ ਦੀ ਨੈਤਿਕ ਫ਼ਿਲਾਸਫ਼ੀ ਹੈ। ਇਹ ਫ਼ਿਲਾਸਫ਼ੀ ਹੀ ਸਿੱਖ ਧਰਮ ਦਾ ਨੈਤਿਕ ਸ਼ਾਸਤਰ ਹੈ। ਗੁਰੂ ਗ੍ਰੰਥ ਸਾਹਿਬ ਨਾ ਕੇਵਲ ਅਧਿਆਤਮਿਕ ਪ੍ਰਕਾਸ਼ ਦਾ ਸੋਮਾ ਹੈ ਸਗੋਂ ਨੈਤਿਕ ਕਰਮ ਵਾਸਤੇ ਵੀ ਪ੍ਰੇਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਨੈਤਿਕ ਸਿਧਾਂਤ ਅਤੇ ਦਿੱਭ ਪ੍ਰੇਰਣਾ ਦਾ ਦਾਰਸ਼ਨਿਕ ਸਰਵੇਖਣ, ਸਦੀਵੀ ਆਕਰਸ਼ਣ ਅਤੇ ਆਦਰਸ਼ ਹਨ ਜੋ ਕਿ ਮਨੁੱਖਤਾ ਵਿਚੋਂ ਔਗੁਣ ਦੂਰ ਕਰਦੇ ਹਨ, ਇਹ ਨੈਤਿਕਤਾ ਦਾ ਮੂਲ ਰੂਪ ਹੈ। ਇਹਨਾਂ ਦੇ ਆਧਾਰ 'ਤੇ ਮਨੁੱਖ ਅੰਦਰ ਸੁਤੰਤਰ ਜੀਵਨ ਜਿਊਂਣ ਅਤੇ ਲੋਕਾਈ ਦੀ ਸੁਤੰਤਰਤਾ ਲਈ ਤਤਪਰ ਰਹਿਣ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਸਿੱਖ ਤੇ ਗੁਰੂ ਪਰੰਪਰਾ ਭਾਰਤੀ ਸੁਤੰਤਰਤਾ ਦੀ ਮੋਢੀ ਸਵੀਕਾਰ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਾਰੀਆਂ ਗੁਰੂ ਸ਼ਖ਼ਸੀਅਤਾਂ ਜਿਥੇ ਆਪ ਸੁਤੰਤਰ ਜੀਵਨ ਜਿਊਂਦੀਆਂ ਰਹੀਆਂ ਹਨ, ਉਹ ਆਲੇ-ਦੁਆਲੇ ਵਿਚ ਵੱਸਦੀ ਮਨੁੱਖਤਾ ਤੇ ਵਿਸ਼ੇਸ਼ ਤੌਰ 'ਤੇ ਹਿੰਦੂ-ਸਮਾਜ ਨੂੰ ਵੀ ਆਜ਼ਾਦ-ਜੀਵਨ ਜਿਊਂਣ ਵਾਸਤੇ ਪ੍ਰੇਰਦੀਆਂ ਰਹੀਆਂ ਹਨ। ਇਹ ਸੁਤੰਤਰਤਾ ਸਮਕਾਲੀ ਮੁਗ਼ਲ-ਹਕੂਮਤ ਨੂੰ ਪਸੰਦ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ 'ਜਾਬਰ' ਆਖ ਕੇ ਪਹਿਲੀ ਵਾਰ ਗ਼ੁਲਾਮੀ ਦੇ ਜ਼ਬਰ ਵਿਰੁਧ ਆਵਾਜ਼ ਉਠਾਈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖ ਗੁਰੂਆਂ ਦੀ ਇਸ ਲਹਿਰ ਵਿਚ ਸੁਤੰਤਰਤਾ ਪ੍ਰਫੁਲਿਤ ਹੋਈ। ਗੁਰੂ ਅਰਜਨ ਦੇਵ ਜੀ ਨੂੰ ਸੁਤੰਤਰਤਾ ਤੇ ਕ੍ਰਾਂਤੀ ਦਾ ਸਿਖਰ ਕਹਿਣਾ ਚਾਹੀਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਅਧਿਆਤਮਕ ਸੁਤੰਤਰਤਾ ਨੂੰ ਰਾਜਸੀ ਸੁਤੰਤਰਤਾ ਨਾਲ ਜੋੜ ਦਿੱਤਾ ਸੀ। ਗੁਰੂ ਤੇਗ਼ ਬਹਾਦਰ ਨੇ ਧਾਰਮਿਕ ਸੁਤੰਤਰਤਾ ਲਈ ਸ਼ਹਾਦਤ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਅਤੇ ਸੁਤੰਤਰਤਾ ਦੀ ਲੜਾਈ ਲੜਦਿਆਂ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵਿਚ ਕਾਇਮ ਕੀਤੀਆਂ ਸੰਸਥਾਵਾਂ ਵਿਚ ਸੁਤੰਤਰਤਾ ਦਾ ਸਿਧਾਂਤਕ ਅਤੇ ਵਿਹਾਰਕ ਰੂਪ ਪ੍ਰਤੱਖ ਦਿਖਾਈ ਦਿੰਦਾ ਹੈ। ਇਸ ਵਿਚਾਰਧਾਰਾ ਨੂੰ ਅਪਣਾ ਕੇ ਸਿੱਖਾਂ ਨੇ ਗ਼ੁਲਾਮੀ ਦਾ ਅੰਤ ਕਰਕੇ ਸੁਤੰਤਰਤਾ ਹਾਸਲ ਕੀਤੀ।

# ਅਧਿਆਇ ਤੀਜਾ

## ਸੁਤੰਤਰ ਸਿੱਖ ਰਾਜ ਲਈ ਜੱਦੋਜਹਿਦ ਤੇ ਸਥਾਪਤੀ

ਅਠ੍ਹਾਰਵੀਂ ਸਦੀ ਵਿਚ ਗੁਰਮਤਿ ਵਿਚਾਰਧਾਰਾ ਨੂੰ ਵਿਹਾਰਕ ਰੂਪ ਦਿੰਦਿਆਂ ਸਿੱਖਾਂ ਨੇ ਵਿਸ਼ਾਲ ਮੁਗ਼ਲ ਅਤੇ ਅਫ਼ਗਾਨ ਸੱਤਾ ਨਸ਼ਟ ਕਰਕੇ ਸੁਤੰਤਰ ਰਾਜ ਕਾਇਮ ਕੀਤਾ। ਇਸ ਸਦੀ ਵਿਚ ਸੁਤੰਤਰਤਾ ਲਈ ਖ਼ਾਲਸਾ ਪੰਥ ਵੱਲੋਂ ਦਿੱਤੀਆਂ ਗਈਆਂ ਲਾਸਾਨੀ ਸ਼ਹਾਦਤਾਂ, ਬੇਅੰਤ ਕੁਰਬਾਨੀਆਂ, ਮਾਤਾਵਾਂ ਦੇ ਸਿਦਕ, ਘੱਲੂਘਾਰੇ, ਜੰਗਲਾਂ ਵਿਚ ਗੁਜ਼ਾਰਿਆ ਵਕਤ ਸੁਤੰਤਰਤਾ ਲਈ ਹਮੇਸ਼ਾ ਪਰੇਰਨਾ ਸਰੋਤ ਹਨ। ਇਹ ਉਹ ਸਮਾਂ ਸੀ ਜਦੋਂ ਦਸਮ ਪਾਤਸ਼ਾਹ ਵੱਲੋਂ ਸਦੀਵੀ ਸਰੀਰਕ ਵਿਛੋੜਾ ਦੇ ਜਾਣ ਕਰਕੇ ਸਿੱਖ ਪੰਥ ਨੇ ਸੁਤੰਤਰਤਾ ਦੀ ਪ੍ਰਾਪਤੀ ਦੇ ਕਾਰਜ ਨੂੰ ਅੱਗੇ ਤੋਰਨਾ ਸੀ। ਇਹ ਕਰਮ ਨਿਭਾਉਣ ਲਈ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਜੂਹ ਅੰਦਰ ਦਾਖਲ ਹੋ ਕੇ ਕੁੱਝ ਦਿਨਾਂ ਵਿਚ ਹੀ ਸਮੁੱਚਾ ਪੰਥ ਲਾਮਬੰਦ ਕਰਕੇ ਤਖਤਾ ਪਲਟ ਦਿੱਤਾ ਸੀ। ਭਾਈ ਰਤਨ ਸਿੰਘ ਭੰਗੂ ਅਤੇ ਹੋਰ ਇਤਿਹਾਸਕਾਰਾਂ ਨੇ ਸੁਤੰਤਰਤਾ ਦੇ ਇਸ ਸੰਘਰਸ਼ ਦੇ ਜਜ਼ਬੇ, ਰਾਜਸੀ ਚੇਤਨਤਾ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਸਿੱਖਾਂ ਨੇ ਅਨੇਕ ਕਸ਼ਟਾਂ ਨੂੰ ਝੱਲਦਿਆਂ ਸੁਤੰਤਰ ਰਾਜ ਕਾਇਮ ਕੀਤਾ ਸੀ। ਇਸ ਅਧਿਆਇ ਵਿਚ ਸਿੱਖ ਰਾਜਨੀਤਿਕ ਵਿਚਾਰਧਾਰਾ ਅਤੇ ਇਤਿਹਾਸਕ ਤੱਥਾਂ ਦੇ ਹਵਾਲੇ ਨਾਲ ਸੁਤੰਤਰਤਾ ਦੇ ਵਿਹਾਰਕ ਸਰੂਪ ਨੂੰ ਪੇਸ਼ ਕੀਤਾ ਜਾ ਰਿਹਾ ਹੈ।

### ਅਠ੍ਹਾਰਵੀਂ ਸਦੀ ਦੇ ਹਾਲਾਤ

ਇਸ ਸਦੀ ਵਿੱਚ ਸਿੱਖਾਂ ਨੇ ਖੰਡੇ ਦੇ ਜ਼ੋਰ ਨਾਲ ਮੁਗ਼ਲ ਹਕੂਮਤ ਅਤੇ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਕਰਕੇ ਸਿੱਖ ਰਾਜ ਸਥਾਪਿਤ ਕੀਤਾ। ਇਨ੍ਹਾਂ ਨੇ ਭਾਰਤ ਨੂੰ ਲੁੱਟਣ ਆਏ ਹਮਲਾਵਰਾਂ ਦਾ ਡਟ ਮੁਕਾਬਲਾ ਕੀਤਾ। ਪੰਜਾਬ ਮੁਗ਼ਲ ਹਕੂਮਤ ਦਾ ਸੂਬਾ ਸੀ। ਇਥੇ ਵਾਪਰਨ ਵਾਲੀਆਂ ਘਟਨਾਵਾਂ ਪੂਰੇ ਉੱਤਰੀ ਭਾਰਤ ਨੂੰ ਪ੍ਰਭਾਵਿਤ ਕਰਦੀਆਂ ਸਨ। ਇਸ ਲਈ ਸਿੱਖਾਂ ਦੇ ਸੁਤੰਤਰਤਾ ਦੇ ਸੰਘਰਸ਼ ਨੇ ਪੂਰੇ ਭਾਰਤ ਦੇ ਰਾਜਨੀਤਿਕ ਪ੍ਰਬੰਧ ਨੂੰ ਪ੍ਰਭਾਵਿਤ ਕੀਤਾ। ਭਾਰਤ ਦਾ ਮੁਗ਼ਲ ਸਾਮਰਾਜ ਦਰਿੰਦਗੀ ਭਰੇ ਕਰਮਾਂ ਕਾਰਨ ਪਤਨ ਵੱਲ ਜਾਣਾ ਸ਼ੁਰੂ ਹੋ ਚੁੱਕਾ ਸੀ। ਡਾ. ਤਾਰਾ ਚੰਦ ਲਿਖਦੇ ਹਨ, "ਅਠ੍ਹਾਰਵੀਂ ਸਦੀ ਦਾ ਭਾਰਤ ਆਪਣੀ ਉਹ ਸ਼ਕਤੀ ਤੇ ਸ਼ਾਨ ਗੁਆ ਚੁੱਕਾ ਸੀ ਜਿਹੜੀ ਅਕਬਰ ਤੇ ਸ਼ਾਹ ਜਹਾਨ ਵਰਗੇ ਮਹਾਨ ਬਾਦਸ਼ਾਹਾਂ ਦੇ ਸਮੇਂ ਅਥਾਹ ਧਨ, ਦੌਲਤ, ਪ੍ਰਸਿੱਧ ਸ਼ਿਲਪਕਾਰੀ ਤੇ ਸੁਚੱਜੇ ਸਭਿਆਚਾਰ ਸਦਕਾ ਇਸਨੂੰ ਪ੍ਰਾਪਤ ਸੀ।"[1]

---

[1] *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ (ਜਿਲਦ-1)*, ਪੰਨਾ-63.

ਭਾਰਤ ਵਿਚ ਆਉਣ ਵਾਲੇ ਹਮਲਾਵਰਾਂ ਦਾ ਲਾਂਘਾ ਪੰਜਾਬ ਵਿਚੋਂ ਹੋਣ ਕਰਕੇ ਇਹ ਪੂਰੀ ਸਦੀ ਮੁਹਿੰਮਾਂ ਦਾ ਕੇਂਦਰ ਬਣੀ ਰਹੀ। ਮੁਗ਼ਲਾਂ ਦੇ ਰਾਜ ਵਿਚ ਸਜ਼ਾਵਾਂ ਕਾਜ਼ੀਆਂ ਵੱਲੋਂ ਸੁਣਾਈਆਂ ਜਾਂਦੀਆਂ ਸਨ। ਮੁਗ਼ਲਾਂ ਨੇ ਹਿੰਦੂਆਂ ਨੂੰ ਬਹੁਤ ਜ਼ਿਆਦਾ ਦਬਾਅ ਕੇ ਰੱਖਿਆ ਹੋਇਆ ਸੀ। ਗਿਆਨੀ ਗਿਆਨ ਸਿੰਘ ਹਿੰਦੂਆਂ ਦੀ ਹਾਲਤ ਬਿਆਨ ਕਰਦੇ ਲਿਖਦੇ ਹਨ:

> ਮੁਸਲਮਾਨਾਂ ਦੇ ਜ਼ੁਲਮ ਕਿਸੇ ਹਿੰਦੂ ਨੂੰ ਕੰਡੇ ਵਾਂਗੂੰ ਨਹੀਂ ਰੜਕਦੇ, ਜਦ ਜ਼ਾਲਮਾਂ ਤੁਰਕਾਂ ਨੇ ਕਿਸੇ ਹਿੰਦੂ ਦੀ ਭੀ ਇੱਜ਼ਤ ਨਹੀਂ ਛੱਡੀ ਅਤੇ ਕਿਸੇ ਦੀ ਬਹੂ ਬੇਟੀ ਅਛੂਤ ਨਹੀਂ ਛੱਡੀ ਉਹ ਕੌਨ ਹੈ ਜੋ ਐਸੀ ਬੇਈਮਾਨ ਕੌਮ ਉਤੇ ਘ੍ਰਿਣਾ ਕਰਕੇ ਬਦਲਾ ਲੈਣਾ ਨਹੀਂ ਚਾਹੁੰਦਾ, ਮੁਸਲਮਾਨ ਹਿੰਦੂਆਂ ਪਾਸੋਂ ਚੌਗੁਣਾ ਮਾਮਲਾ ਲੈਂਦੇ ਸਨ, ਕੁੜੀਆਂ ਮੁੰਡੇ ਫੜ੍ਹ ਕੇ ਗ਼ੁਲਾਮ ਬਣਾ ਰੱਖੇ ਸਨ, ਹਿੰਦੂਆਂ ਨੂੰ ਆਪਣੇ ਧਰਮ ਦੀ ਕੋਈ ਰਸਮ ਨਹੀਂ ਕਰਨ ਦਿੰਦੇ।[2]

ਹਿੰਦੂਆਂ ਦੀ ਹਾਲਤ ਤਰਸਯੋਗ ਸੀ। ਉਨ੍ਹਾਂ ਕੋਲ ਰਾਜਸੀ ਧਿਰ ਨਾ ਹੋਣ ਕਰਕੇ ਉਹ ਆਪਣੀਆਂ ਸ਼ਿਕਾਇਤਾਂ ਅਤੇ ਧਾਰਮਿਕ ਰਸਮਾਂ ਦੀ ਰਾਖੀ ਕਰਨ ਲਈ ਖ਼ਾਲਸੇ ਕੋਲ ਆ ਕੇ ਫ਼ਰਿਆਦ ਕਰਦੇ ਸਨ। ਮੁਸਲਮਾਨਾਂ ਨੇ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ 'ਤੇ ਰੋਕ ਲਾ ਦਿੱਤੀ ਸੀ ਪਰ ਸਿੱਖ ਤਵਾਰੀਖ਼ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਸਿੱਖਾਂ ਨੇ ਆਪਣੇ ਰੂਹਾਨੀ ਆਦਰਸ਼ ਲਈ ਆਪਣੀਆਂ ਧਾਰਮਿਕ ਰੀਤਾਂ ਦੇ ਨਾਲ-ਨਾਲ ਗ਼ੈਰ ਸਿੱਖ ਧਰਮ ਦੀਆਂ ਰਸਮਾਂ ਨੂੰ ਬਹਾਲ ਕਰਵਾ ਕੇ ਉੱਚੇ ਆਦਰਸ਼ ਕਾਇਮ ਕੀਤੇ। ਇਸ ਸਦੀ ਵਿਚ ਜੱਦੋਜਹਿਦ ਦਾ ਅਜਿਹਾ ਦੌਰ ਆਇਆ ਸੀ ਜਿਸ ਵਿਚ ਖ਼ਾਲਸੇ ਨੇ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਰਾਜ ਸਥਾਪਿਤ ਕਰਨ ਲਈ ਲੰਮਾ ਸੰਘਰਸ਼ ਕੀਤਾ ਅਤੇ ਮੁਗ਼ਲ ਤੇ ਅਫ਼ਗਾਨ ਸੱਤਾ ਦਾ ਅੰਤ ਕੀਤਾ। ਬਿਖੜੇ ਹਾਲਾਤ ਵਿਚ ਵੀ ਗੁਰੂ ਜੀ ਵੱਲੋਂ ਬਖ਼ਸ਼ੇ ਸਿਧਾਂਤਾਂ ਨੂੰ ਕਾਇਮ ਰੱਖਿਆ ਅਤੇ ਸੁਤੰਤਰਤਾ ਦੀਆਂ ਉਦਾਹਰਨਾਂ ਪੇਸ਼ ਕੀਤੀਆਂ ਕਿਉਂਕਿ ਖ਼ਾਲਸੇ ਦੀ ਦੈਵੀ ਹਸਤੀ ਅਕਾਲ ਪੁਰਖ ਵਿਚੋਂ ਪ੍ਰਗਟ ਹੋਈ ਹੈ ਜਿਹੜੀ ਉਸ ਦੇ ਸੁਤੰਤਰ ਹੋਣ ਦੀ ਗਵਾਹੀ ਭਰਦੀ ਹੈ:

> ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।
> ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਾਤਸ਼ਾਹ।।[3]

ਪੰਜਾਬ ਦੇ ਸਿੱਖਾਂ ਨੇ ਐਸੀ ਤੇਗ਼ ਵਾਹੀ ਕਿ ਅਠ੍ਹਾਰਵੀਂ ਸਦੀ ਯੁੱਗ ਪਲਟਾਊ ਸਦੀ ਹੋ ਨਿੱਬੜੀ। ਬੰਦਾ ਸਿੰਘ ਦੀ ਆਮਦ ਤੋਂ ਬਾਅਦ ਮੁਗ਼ਲਾਂ ਦੀ ਸਿੱਖਾਂ ਨਾਲ ਸਿੱਧੀ ਟੱਕਰ ਸ਼ੁਰੂ ਹੋ ਗਈ। ਬੰਦਾ ਸਿੰਘ ਨੇ ਮੁਗ਼ਲਾਂ ਦਾ ਰਾਜਸੀ ਕੇਂਦਰ ਸਰਹਿੰਦ ਤਬਾਹ ਕਰਕੇ ਸਿੱਖ ਰਾਜ ਸਥਾਪਿਤ ਕੀਤਾ। ਸਿੱਖਾਂ ਨੇ ਇਸ ਸੰਘਰਸ਼ ਨੂੰ ਜਾਰੀ ਰੱਖਿਆ ਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ।

---

[2] *ਤਵਾਰੀਖ ਗੁਰੂ ਖਾਲਸਾ (ਭਾਗ-ਦੂਜਾ)*, ਪੰਨਾ-4

[3] ਭੰਗੂ, ਭਾਈ ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼*, ਭਾਈ ਵੀਰ ਸਿੰਘ (ਸੰਪਾ.), ਪੰਨਾ-42

ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ ਸਿੱਖਾਂ ਨੇ ਬੰਦਾ ਸਿੰਘ ਦੀ ਅਗਵਾਈ ਵਿਚ ਇਨਕਲਾਬ ਲੈ ਆਂਦਾ। ਉਸਦਾ ਉਦੇਸ਼ ਜ਼ਾਲਮ ਮੁਗ਼ਲ ਰਾਜ ਨੂੰ ਸਮਾਪਤ ਕਰਕੇ ਪੰਜਾਬ ਦੀ ਸੁਤੰਤਰਤਾ ਨੂੰ ਬਹਾਲ ਕਰਨਾ ਸੀ। ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿੱਖ ਪੰਜਾਬ ਅਤੇ ਉੱਤਰੀ ਭਾਰਤ ਦੇ ਰਾਜਸੀ ਮੰਚ ਉੱਤੇ ਉਭਰੇ। ਸਾਹਿਬਜ਼ਾਦਿਆਂ ਅਤੇ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਇਹ ਸੰਘਰਸ਼ ਖ਼ਤਮ ਹੋਣ ਕਿਨਾਰੇ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਦੀ ਧਰਤੀ 'ਤੇ ਮਾਧੋ ਦਾਸ ਨਾਂ ਦੇ ਵੈਰਾਗੀ ਸਾਧੂ ਨੂੰ ਪੰਜਾਬ ਦੀ ਧਰਤੀ 'ਤੇ ਮੁਗ਼ਲਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਤੋਂ ਜਾਣੂ ਕਰਵਾਇਆ। ਕਰਮ ਸਿੰਘ ਹਿਸਟੋਰੀਅਨ ਬੰਦਾ ਸਿੰਘ ਦੀ ਗੁਰੂ ਗੋਬਿੰਦ ਸਿੰਘ ਨਾਲ ਮਿਲਣੀ ਬਾਰੇ ਲਿਖਦੇ ਹਨ, "ਗੁਰੂ ਜੀ ਮਾਧੋ ਦਾਸ ਦੀ ਨਿਮਰਤਾ ਉਤੇ ਇਤਨੇ ਪ੍ਰਸੰਨ ਹੋਏ ਕਿ ਉਸਨੂੰ 'ਬੰਦੇ' ਦਾ ਖ਼ਿਤਾਬ ਦੇ ਦਿੱਤਾ ਅਤੇ ਆਪਣੇ ਭੱਥੇ ਵਿਚੋਂ ਕੱਢ ਕੇ ਪੰਜ ਤੀਰ ਵੀ ਬਖ਼ਸ਼ੇ। ਉਸੇ ਦਿਨ ਤੋਂ ਮਾਧੋ ਦਾਸ ਦਾ ਨਾਂ 'ਬੰਦਾ ਸਿੰਘ' ਪ੍ਰਸਿੱਧ ਹੋ ਗਿਆ।"[4] ਗੁਰੂ ਜੀ ਨੇ ਉਸ ਨੂੰ ਆਖਿਆ ਕਿ ਉਹ ਜ਼ਾਲਮਾਂ ਨੂੰ ਸਜ਼ਾ ਦੇਣ ਵਾਸਤੇ ਫ਼ੌਜ ਦੀ ਜਥੇਦਾਰੀ ਸੰਭਾਲੇ। 5 ਅਕਤੂਬਰ 1708 ਵਿਚ ਗੁਰੂ ਜੀ ਉਸਨੂੰ ਨਗਾਰਾ, ਨਿਸ਼ਾਨ ਸਾਹਿਬ, ਪੰਜ ਤੀਰ ਤੇ ਬਹਾਦਰੀ ਦਾ ਖ਼ਿਤਾਬ ਦੇ ਕੇ ਕਹਿੰਦੇ ਹਨ 'ਹਮਰੋ ਬੰਦੋ ਤੂੰ ਬਨ ਸੋ ਤੂੰ ਜਾਇੰ ਪਤਸ਼ਾਹੀ ਲੱਗ'[5] ਅਤੇ ਨਾਲ ਹੀ ਉਸਦੀ ਅਗਵਾਈ ਵਿਚ ਪੰਜ ਸਿੰਘ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਰਣ ਸਿੰਘ ਤੇ ਰਾਮ ਸਿੰਘ ਨੂੰ ਖ਼ਾਲਸਾ ਰਾਜ ਦੀ ਕਾਇਮੀ ਲਈ ਇਕਜੁੱਟਤਾ ਦਾ ਉਪਦੇਸ਼ ਦੇ ਕੇ ਪੰਜਾਬ ਵੱਲ ਨੂੰ ਤੋਰਦੇ ਹਨ।[6] ਨਗਾਰਾ, ਝੰਡਾ ਅਤੇ ਪੰਜ ਤੀਰ ਰਾਜਸੀ ਸ਼ਕਤੀ ਦੇ ਚਿੰਨ੍ਹ ਸਨ।

ਬੰਦਾ ਸਿੰਘ ਨੂੰ ਪੰਜ ਤੀਰ ਦੇ ਕੇ ਪੰਜਾਬ ਦੀ ਧਰਤੀ 'ਤੇ ਜ਼ੁਲਮ ਦੇ ਖ਼ਾਤਮੇ ਲਈ ਭੇਜਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਗੁਰੂ ਸਾਹਿਬ ਰਾਜਸੀ ਗ਼ੁਲਾਮੀ ਤੋਂ ਛੁਟਕਾਰੇ ਲਈ ਖ਼ਾਲਸਾ ਪੰਥ ਨੂੰ ਪ੍ਰੇਰਿਤ ਕੀਤਾ। ਗੁਰੂ ਸਾਹਿਬ ਨੇ ਬੰਦਾ ਸਿੰਘ ਦੇ ਹੱਥ ਸਿੱਖਾਂ ਨੂੰ ਪੈਗ਼ਾਮ ਭੇਜਿਆ ਕਿ ਉਹ ਤਹਿ ਦਿਲੋਂ ਉਸਦਾ ਸਾਥ ਦੇਣ। ਉਹ ਖਰਖੌਡ ਪਰਗਣਾ ਦੇ ਪਿੰਡ ਵਿਚ ਪੁੱਜਾ। ਡਾ. ਸਾਹਿਬ ਸਿੰਘ ਅਰਸ਼ੀ ਲਿਖਦੇ ਹਨ, "ਬੰਦੇ ਨੇ ਗੁਰੂ ਜੀ ਦੇ ਸਾਹਿਬਜ਼ਾਦਿਆਂ 'ਤੇ ਕੀਤੇ ਗਏ ਅੱਤਿਆਚਾਰ, ਪਹਾੜੀ ਰਾਜਿਆਂ ਦੀ ਦੁਸ਼ਮਣੀ, ਮੁਗ਼ਲਾਂ ਦੇ ਅੱਤਿਆਚਾਰ ਅਤੇ ਪਠਾਣਾਂ ਦੀਆਂ ਕਾਲੀਆਂ ਕਰਤੂਤਾਂ ਦੇ ਕਿੱਸੇ ਸੁਣੇ। ਉਸਨੇ ਕੇਵਲ ਬਦਲਾ ਲੈਣ ਦੀ ਹੀ ਨਹੀਂ ਠਾਣੀ ਸਗੋਂ ਜ਼ਾਲਮਾਂ ਵਿਰੁੱਧ 'ਧਰਮ ਯੁੱਧ' ਛੇੜਨਾ ਚਾਹਿਆ।"[7]

---

[4] *ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ ਸੀ,* ਪੰਨਾ-6

[5] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-80.

[6] ਉਹੀ, ਪੰਨਾ-80.

[7] *ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ,* ਪੰਨਾ-33.

ਬੰਦਾ ਸਿੰਘ ਨੇ ਸਿੱਖਾਂ ਨੂੰ ਹਥਿਆਰਬੰਦ ਹੋ ਕੇ ਬਾਂਗਰ ਦੇਸ਼ ਵਿਚ ਪੁੱਜਣ ਵਾਸਤੇ ਆਖਿਆ। ਕੁਝ ਹੀ ਦਿਨਾਂ ਵਿਚ ਪੰਜ ਸੌ ਦੇ ਕਰੀਬ ਸਿੱਖ ਪੁੱਜ ਗਏ। ਪਹਿਲਾ ਹਮਲਾ ਸੋਨੀਪਤ ਵਿਚ ਕੀਤਾ ਗਿਆ। ਉਥੋਂ ਦਾ ਫ਼ੌਜਦਾਰ ਡਰਦਾ ਦਿੱਲੀ ਨੂੰ ਨੱਸ ਗਿਆ। ਸਿੱਖਾਂ ਨੇ ਉਸ ਦਾ ਖ਼ਜ਼ਾਨਾ ਅਤੇ ਹਥਿਆਰ ਹਾਸਲ ਕੀਤੇ। ਦੋ-ਤਿੰਨ ਮਹੀਨੇ ਵਿਚ ਹੀ ਬੰਦਾ ਸਿੰਘ ਕੋਲ ਚਾਰ ਹਜ਼ਾਰ ਘੋੜ ਸਵਾਰ ਤੇ ਸੱਤ-ਅੱਠ ਹਜ਼ਾਰ ਪੈਦਲ ਸਿੰਘ ਇਕੱਠੇ ਹੋ ਗਏ ਸਨ। ਇਸ ਮਗਰੋਂ ਬੰਦਾ ਸਿੰਘ ਨੇ ਇਕ ਫ਼ੌਜੀ ਦਸਤੇ 'ਤੇ ਹਮਲਾ ਕਰਕੇ ਸ਼ਾਹੀ ਖ਼ਜ਼ਾਨਾ ਲੁੱਟ ਲਿਆ। ਪ੍ਰਾਪਤ ਹੋਏ ਖ਼ਜ਼ਾਨੇ ਅਤੇ ਘੋੜਿਆਂ ਨੂੰ ਸਿੱਖਾਂ ਵਿਚ ਵੰਡ ਦਿੱਤਾ।

ਬੰਦਾ ਸਿੰਘ ਨੇ ਇਕ-ਇਕ ਕਰਕੇ ਮੁਗ਼ਲਾਂ ਦੇ ਸ਼ਹਿਰਾਂ ਨੂੰ ਤਬਾਹ ਕਰਨਾ ਸ਼ੁਰੂ ਕੀਤਾ। ਸਮਾਣਾ ਮੁਗ਼ਲਾਂ ਦਾ ਪੁਰਾਣਾ ਸ਼ਹਿਰ ਸੀ। ਇਸ ਸ਼ਹਿਰ ਦੇ ਜੱਲਾਦ ਸੱਯਦ ਜਲਾਲੁਦੀਨ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਔਰੰਗਜ਼ੇਬ ਦੇ ਕਹਿਣ 'ਤੇ ਧੜ ਤੋਂ ਅਲੱਗ ਕੀਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਨੂੰ ਇਸੇ ਸ਼ਹਿਰ ਦੇ ਜੱਲਾਦਾਂ ਸਈਅਦ ਸ਼ਾਸ਼ਲ ਬੇਗ਼ ਤੇ ਬਾਸ਼ਲ ਬੇਗ਼ ਨੇ ਸ਼ਹੀਦ ਕੀਤਾ ਸੀ। ਸਿੱਖ ਇਸ ਸ਼ਹਿਰ ਨੂੰ ਜੱਲਾਦਾਂ ਦਾ ਸ਼ਹਿਰ ਆਖ ਕੇ ਚੇਤੇ ਕਰਦੇ ਸਨ। 26 ਨਵੰਬਰ 1709 ਦੇ ਦਿਨ ਬੰਦਾ ਸਿੰਘ ਨੇ ਸਮਾਣਾ 'ਤੇ ਹਮਲਾ ਕੀਤਾ। ਜੋ ਗ਼ਰੀਬ ਮਜ਼ਲੂਮ ਮੁਗ਼ਲਾਂ ਦੇ ਸਤਾਏ ਹੋਏ ਸਨ ਉਨ੍ਹਾਂ ਨੂੰ ਬੰਦਾ ਸਿੰਘ ਨੇ ਕੁਝ ਨਾ ਕਿਹਾ। ਉਨ੍ਹਾਂ ਦੀ ਮਦਦ ਕਰਦਿਆਂ ਮੁਗ਼ਲ ਸੱਯਦਾਂ ਦੇ ਕਿਲ੍ਹਿਆਂ ਅਤੇ ਹਵੇਲੀਆਂ ਨੂੰ ਅੱਗ ਹਵਾਲੇ ਕੀਤਾ। ਬਹੁਤ ਸਾਰੇ ਮੁਗ਼ਲ ਸੜ ਕੇ ਮਰ ਗਏ। ਰਤਨ ਸਿੰਘ ਭੰਗੂ ਨੇ ਇਸ ਤਬਾਹੀ ਨੂੰ ਬਿਆਨ ਕੀਤਾ ਹੈ:

> 'ਲਯੋ ਮਾਰ ਜਬ ਸ਼ਹਿਰ ਸਮਾਣੋ। ਤਬ ਤੁਰਕਨ ਸਿਰ ਕਹਿਰ ਬਿਹਾਣੋ।
> ਸ਼ਹਿਰ ਮਾਂਹਿ ਪੈ ਗਯੋ ਥਰਥੱਲਾ। ਘਰ ਘਰ ਚਲੀ ਬੰਦੇ ਕੀ ਗੱਲਾਂ।।[8]

ਰਾਤ ਹੀ ਰਾਤ ਵਿਚ ਸਮਾਣਾ ਉਜੜਿਆ ਹੋਇਆ ਸ਼ਹਿਰ ਬਣ ਗਿਆ। ਜ਼ਾਲਮ ਥਰ-ਥਰ ਕੰਬਦੇ ਸਨ। ਸਿੱਖਾਂ ਨੇ ਕਿਸੇ ਔਰਤ ਅਤੇ ਬੱਚੇ ਨੂੰ ਕੁਝ ਨਾ ਕਿਹਾ ਅਤੇ ਨਾ ਹੀ ਉਨ੍ਹਾਂ ਦੀਆਂ ਮਸੀਤਾਂ ਢਾਹੀਆਂ। ਉਨ੍ਹਾਂ ਕੇਵਲ ਜ਼ਾਲਮ ਮੁਗ਼ਲਾਂ ਦਾ ਹੀ ਕਤਲੇਆਮ ਕੀਤਾ। ਇਸ ਤੋਂ ਬਾਅਦ ਬੰਦਾ ਸਿੰਘ ਨੇ ਠਸਕਾ ਮੀਰਾਂ, ਕੰਜਪਰਾ, ਕਪੂਰੀ ਅਤੇ ਸਢੌਰੇ ਨੂੰ ਫ਼ਤਹਿ ਕੀਤਾ।

ਕਪੂਰੀ ਦਾ ਹਾਕਮ ਕਦਮ-ਉਦ-ਦੀਨ ਜ਼ਾਲਮ ਅਤੇ ਅੱਯਾਸ਼ ਬੰਦਾ ਸੀ। ਉਹ ਹਿੰਦੂਆਂ ਦੀਆਂ ਧੀਆਂ ਤੇ ਨੂੰਹਾਂ ਚੁੱਕ ਕੇ ਲੈ ਜਾਂਦਾ ਸੀ। ਉਨ੍ਹਾਂ ਨਾਲ ਜ਼ਬਰ-ਜ਼ਿਨਾਹ ਕਰਦਾ ਸੀ। ਇਕ ਦਿਨ ਕੁਝ ਹਿੰਦੂ ਬੰਦਾ ਸਿੰਘ ਨੂੰ ਮਿਲੇ ਅਤੇ ਕਦਮ-ਉਦ-ਦੀਨ ਦੇ ਜ਼ੁਲਮਾਂ ਬਾਰੇ ਦੱਸਿਆ। ਅਗਲੇ ਹੀ ਦਿਨ ਬੰਦਾ ਸਿੰਘ ਨੇ ਕਪੂਰੀ 'ਤੇ ਹਮਲਾ

---

[8] *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-138.

ਕਰ ਦਿੱਤਾ। ਉਸ ਦੀ ਫ਼ੌਜ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੀ। ਇਸ ਜ਼ਾਲਮ ਹਾਕਮ ਨੇ ਆਪਣੇ ਆਪ ਨੂੰ ਹਵੇਲੀ ਅੰਦਰ ਬੰਦ ਕਰ ਲਿਆ। ਸਿੱਖਾਂ ਨੇ ਹਵੇਲੀ ਨੂੰ ਅੱਗ ਲਗਾ ਦਿੱਤੀ ਅਤੇ ਉਹ ਸੜ ਕੇ ਮਰ ਗਿਆ। ਸਢੌਰਾ ਦੇ ਹਾਕਮ ਅਜ਼ਮਤ ਖ਼ਾਨ ਨੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਨੂੰ ਗੁਰੂ ਸਾਹਿਬਾਨ ਦੀ ਸਹਾਇਤਾ ਕਰਨ ਬਦਲੇ ਸ਼ਹੀਦ ਕਰਵਾ ਦਿੱਤਾ ਸੀ। ਅਜ਼ਮਤ ਖ਼ਾਨ ਗ਼ੈਰ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਵੀ ਲੁੱਟਦਾ। ਇਸ ਤਰ੍ਹਾਂ ਸਿੱਖਾਂ ਨੇ ਸਢੌਰੇ 'ਤੇ ਹਮਲਾ ਕੀਤਾ ਅਤੇ ਕਿਲ੍ਹੇ ਦਾ ਦਰਵਾਜ਼ਾ ਤੋੜ ਦਿੱਤਾ। ਉਸਨੂੰ ਗ੍ਰਿਫ਼ਤਾਰ ਕਰਕੇ ਸਜ਼ਾ-ਏ-ਮੌਤ ਦਿੱਤੀ ਗਈ ਅਤੇ ਬਾਕੀ ਸੱਯਦਾਂ ਨੂੰ 'ਬੁੱਧੂਸ਼ਾਹ ਦੀ ਹਵੇਲੀ' ਵਿਚ ਅੱਗ ਲਾ ਕੇ ਸਾੜ ਦਿੱਤਾ ਗਿਆ।[9]

ਸੋਨੀਪਤ, ਕੈਥਲ, ਸਮਾਣਾ, ਘੁੜਾਮ, ਸ਼ਾਹਬਾਦ, ਸਢੌਰਾ ਅਤੇ ਬਨੂੜ ਜਿੱਤ ਕੇ ਸਰਹਿੰਦ ਦੀਆਂ ਪੂਰਬੀ ਚੌਂਕੀਆਂ ਪੂਰੀ ਤਰ੍ਹਾਂ ਦਰੜ ਦਿੱਤੀਆਂ ਗਈਆਂ। ਇਹ ਸੈਨਿਕ ਚੌਂਕੀਆਂ ਸਰਹਿੰਦ ਲਈ ਕਵਚ ਦਾ ਕੰਮ ਕਰਦੀਆਂ ਸਨ। ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਸਰਹਿੰਦ ਦੇ ਸੂਬੇ ਦਾ ਕਵਚ ਤੋੜਿਆ। ਸਰਹਿੰਦ ਨੂੰ ਲੁੰਜਾ ਕਰਕੇ ਹਮਲਾ ਕੀਤਾ ਗਿਆ। ਬੰਦਾ ਸਿੰਘ ਪਾਸ ਹਜ਼ਾਰਾਂ ਦੀ ਗਿਣਤੀ ਵਿਚ ਖ਼ਾਲਸਾ ਫ਼ੌਜ ਇਕੱਠੀ ਹੋ ਗਈ ਸੀ। ਸਿੱਖ ਇਸਲਾਮ ਜਾਂ ਹੋਰ ਧਰਮਾਂ ਦੇ ਵਿਰੁੱਧ ਨਹੀਂ ਸਨ ਉਹ ਤਾਂ ਸਿਰਫ਼ ਜ਼ੁਲਮ ਅਤੇ ਪਾਖੰਡ ਦੇ ਵਿਰੁੱਧ ਟੱਕਰ ਲੈ ਰਹੇ ਸਨ। ਡਾ. ਤਾਰਾ ਚੰਦ ਅਨੁਸਾਰ, "ਪੰਜਾਬ ਦੀ ਆਜ਼ਾਦੀ ਲਈ ਸਿੱਖਾਂ ਦੇ ਯਤਨ ਮੁਗ਼ਲਾਂ ਦੇ ਰਾਜ ਵਿਰੁੱਧ ਜਾਂ ਇਸਲਾਮ ਵਿਰੁੱਧ ਨਹੀਂ ਸਨ। ਇਹ ਠੀਕ ਹੈ ਕਿ ਧਾਰਮਿਕ ਤੌਰ 'ਤੇ ਮੁਗ਼ਲ ਮੁਸਲਮਾਨ ਸਨ ਅਤੇ ਉਨ੍ਹਾਂ ਨੇ ਆਪਣੀਆਂ ਸਖ਼ਤੀਆਂ ਜਾਇਜ਼ ਠਹਿਰਾਉਣ ਅਤੇ ਮੁਸਲਮਾਨਾਂ ਨੂੰ ਸੁਤੰਤਰਤਾ ਦੇ ਇਨ੍ਹਾਂ ਯੋਧਿਆਂ ਵਿਰੁੱਧ ਭੜਕਾਉਣ ਲਈ ਇਸਨੂੰ ਮਜ਼ਹਬੀ ਰੰਗਤ ਦੇਣ ਦਾ ਯਤਨ ਕੀਤਾ ਪਰ ਅਸਲ ਵਿਚ ਸਿੱਖਾਂ ਵੱਲੋਂ ਇਹ ਸਾਰੀ ਟੱਕਰ ਰਾਜਸੀ ਸੀ।"[10]

## ਪਹਿਲੇ ਸੁਤੰਤਰ ਸਿੱਖ ਰਾਜ ਦੀ ਸਥਾਪਤੀ

ਬੰਦਾ ਸਿੰਘ ਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਸਜ਼ਾ ਦੇਣ ਲਈ ਸਰਹਿੰਦ 'ਤੇ ਹਮਲੇ ਲਈ ਮਾਲਵੇ ਅਤੇ ਮਾਝੇ ਦੇ ਸਿੱਖਾਂ ਨੂੰ ਨਾਲ ਲੈ ਕੇ ਤਿਆਰੀ ਕੀਤੀ। ਚਪੜਚਿੜੀ ਦੇ ਮੈਦਾਨ ਵਿਚ ਸਿੱਖ ਫ਼ੌਜ ਅਤੇ ਮੁਗ਼ਲਾਂ ਦਾ ਘਮਸਾਣ ਦਾ ਯੁੱਧ ਹੋਇਆ। ਡਾ. ਗੰਡਾ ਸਿੰਘ ਅਨੁਸਾਰ ਫ਼ਤਹਿ ਸਿੰਘ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਧੂਹ ਕੇ ਵਜ਼ੀਰ ਖ਼ਾਨ ਦੀ ਪੇਟੀ 'ਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤੱਕ ਚੀਰਦੀ ਹੋਈ

[9] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-140

[10] *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ (ਭਾਗ-ਪਹਿਲਾ),* ਪੰਨਾ-33

ਸਾਫ਼ ਨਿਕਲ ਗਈ ਤੇ ਵਜ਼ੀਰ ਖ਼ਾਨ ਦਾ ਸਿਰ ਭੋਇਂ 'ਤੇ ਜਾ ਡਿੱਗਾ।[11] ਉਸਦੇ ਸਿਰ ਨੂੰ ਨੇਜ਼ੇ 'ਤੇ ਟੰਗ ਕੇ ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ 24 ਮਈ 1710 ਨੂੰ ਸਰਹਿੰਦ ਸ਼ਹਿਰ ਵਿਚ ਦਾਖਲ ਹੋਏ। ਇਸ ਜੰਗ ਵਿਚ ਸਿੱਖਾਂ ਨੂੰ ਭਾਰੀ ਗੋਲਾ ਬਾਰੂਦ ਮਿਲਿਆ। ਸਿੱਖਾਂ ਨੇ ਸਰਹਿੰਦ 'ਤੇ ਹਮਲਾ ਕਰ ਦਿੱਤਾ ਅਤੇ ਵਜ਼ੀਰ ਖ਼ਾਨ ਦੀ ਲਾਸ਼ ਨੂੰ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ, ਉਸਨੂੰ ਜਾਨਵਰਾਂ ਨੇ ਨੋਚਣਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਸ਼ਹਿਰ ਦੇ ਲੋਕ ਬੁਰੀ ਤਰ੍ਹਾਂ ਦਹਿਲ ਗਏ। ਬੰਦਾ ਸਿੰਘ ਨੇ ਸਰਹਿੰਦ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸਰਹਿੰਦ 'ਤੇ ਕਬਜ਼ੇ ਸਮੇਂ ਵੀ 500 ਸਿੱਖ ਸ਼ਹੀਦ ਹੋਏ। ਵਜ਼ੀਰ ਖ਼ਾਨ ਦੇ ਸਾਥੀ ਸੁੱਚਾ ਨੰਦ ਨੂੰ ਗ੍ਰਿਫ਼ਤਾਰ ਕਰਕੇ ਨੱਕ ਵਿਚ ਨਕੇਲ ਪਾ ਕੇ ਘਰ-ਘਰ ਭਿੱਖਿਆ ਮੰਗਣ 'ਤੇ ਮਜ਼ਬੂਰ ਕਰ ਦਿੱਤਾ। ਰਸਤੇ ਵਿਚ ਲੋਕਾਂ ਨੇ ਉਸਨੂੰ ਪੱਥਰ ਵੀ ਮਾਰੇ। ਅਖ਼ੀਰ ਬੁਰੀ ਤਰ੍ਹਾਂ ਜ਼ਲੀਲ ਹੋ ਕੇ ਸੁੱਚਾ ਨੰਦ ਮਰ ਗਿਆ। ਕੁਝ ਮੁਸਲਮਾਨ ਲਿਖਾਰੀ ਵੀ ਵਜ਼ੀਰ ਖ਼ਾਨ ਨੂੰ ਜ਼ਾਲਮ ਲਿਖਦੇ ਹਨ, ਮੁਹੰਮਦ ਕਾਸਿਮ ਅਨੁਸਾਰ ਵਜ਼ੀਰ ਖ਼ਾਨ ਦੇ ਰਾਜ ਵਿਚ ਕੋਈ ਐਸਾ ਜ਼ੁਲਮ ਨਹੀਂ ਸੀ ਜੋ ਗ਼ਰੀਬਾਂ ਉਤੇ ਨਾ ਕੀਤਾ ਗਿਆ ਹੋਵੇ, ਹੁਣ ਅਜਿਹਾ ਕੋਈ ਬੀਜ ਨਹੀਂ ਸੀ ਜਿਸ ਨੂੰ ਫਲ ਨਾ ਲੱਗਾ ਹੋਵੇ।[12]

ਬੰਦਾ ਸਿੰਘ ਨੇ ਹਰ ਜ਼ਾਲਮ ਨੂੰ ਸਜ਼ਾ ਦਿੱਤੀ। ਉਸਨੇ ਮੁਸਲਮਾਨਾਂ ਫ਼ਕੀਰਾਂ ਦੀਆਂ ਕਬਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਕਿਉਂਕਿ ਉਹ ਸਿਰਫ਼ ਜ਼ਾਲਮਾਂ ਦੇ ਵਿਰੁੱਧ ਸੀ। ਸਰਹਿੰਦ 'ਤੇ ਕਬਜ਼ਾ ਕਰਨ ਮਗਰੋਂ ਬਾਜ ਸਿੰਘ ਬੰਗੇਸ਼ਰੀ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ।[13] ਇਸ ਤਰ੍ਹਾਂ ਪਹਿਲਾ ਸਿੱਖ ਰਾਜ ਕਾਇਮ ਕੀਤਾ ਜੋ ਮੁਗਲ ਬਾਦਸ਼ਾਹੀ ਤੋਂ ਸੁਤੰਤਰ ਸੀ। ਬੰਦਾ ਸਿੰਘ ਨੇ ਸੈਨਿਕ ਨਿਪੁੰਨਤਾ ਨਾਲ ਬਹੁਤ ਘੱਟ ਸਮੇਂ ਵਿਚ ਮੁਗ਼ਲ ਸਾਮਰਾਜ ਉਲਟਾ ਕੇ ਸੁਤੰਤਰ ਰਾਜ ਕਾਇਮ ਕਰ ਲਿਆ ਸੀ। ਮੈਕਸ ਆਰਥਰ ਮੈਕਾਲਿਫ਼ ਅਨੁਸਾਰ, "ਉੱਤਰ ਵਿੱਚ ਲਾਹੌਰ ਤੋਂ ਲੈ ਕੇ ਦੱਖਣ ਵਿੱਚ ਦਿੱਲੀ ਤੱਕ ਸਾਰਾ ਇਲਾਕਾ ਬੰਦਾ ਸਿੰਘ ਬਹਾਦਰ ਦੀ ਈਨ ਮੰਨਦਾ ਸੀ।"[14] ਬੰਦਾ ਸਿੰਘ ਦੀ ਅਗਵਾਈ ਵਿਚ ਖ਼ਾਲਸੇ ਦਾ ਮੁੱਖ ਨਿਸ਼ਾਨਾ "ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ, ਵੰਡ ਛਕਣ ਵਾਲੇ ਅਤੇ ਵਾਹਿਗੁਰੂ ਦਾ ਨਾਮ ਜਪਣ ਵਾਲੇ ਲੋਕਾਂ ਦਾ ਸਮਾਜ ਕਾਇਮ ਕਰਨਾ ਸੀ ਅਤੇ ਇਸ ਸਮਾਜ ਦੀ ਸੁਤੰਤਰਤਾ ਨੂੰ ਬਣਾ ਕੇ ਰੱਖਣਾ ਸੀ। ਬੰਦਾ ਸਿੰਘ ਦੁਆਰਾ ਆਮ ਲੋਕਾਂ ਅਤੇ ਕਿਰਸਾਨੀ ਦੇ ਹੱਕਾਂ ਲਈ ਕੀਤੇ ਪ੍ਰਬੰਧ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਗੁਰੂ ਸਿਧਾਂਤ ਨੂੰ ਹੀ ਅਮਲੀ

---

[11] *ਬੰਦਾ ਸਿੰਘ ਬਹਾਦਰ,* ਪੰਨਾ-31

[12] ਦਿਲਗੀਰ, ਹਰਜਿੰਦਰ ਸਿੰਘ (ਡਾ.), *ਸਿੱਖ ਤਵਾਰੀਖ (1708-1849)*, ਪੰਨਾ-368- *ਇਬਾਰਤਨਾਮਾ,* ਹੱਥ ਲਿਖਤ, ਬ੍ਰਿਟਿਸ਼ ਲਾਇਬਰੇਰੀ, ਪੰਨਾ-26(ਬੀ) ਵਿਚੋਂ (ਉਧਰਿਤ)

[13] ਗੰਡਾ ਸਿੰਘ (ਡਾ.), *ਬੰਦਾ ਸਿੰਘ ਬਹਾਦਰ,* ਪੰਨਾ-32

[14] *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ,* 1997, ਪੰਨਾ-237

ਜਾਮਾ ਪਹਿਨਾ ਰਿਹਾ ਸੀ। ਇਸੇ ਕਰਕੇ ਬੰਦਾ ਸਿੰਘ ਦੇ ਆਉਣ ਤੋਂ ਬਾਅਦ ਸਿੱਖ ਪੰਜਾਬ ਵਿਚ ਸ਼ਕਤੀਸ਼ਾਲੀ ਰੂਪ ਵਿਚ ਉੱਭਰੇ ਜਿਸ ਬਾਰੇ ਹਰਪਾਲ ਸਿੰਘ ਪੰਨੂ ਦੱਸਦੇ ਹਨ, "ਤਖ਼ਤ, ਚਵਰ, ਚਾਨਣੀ, ਕਲਗ਼ੀ ਅਤੇ ਨਗਾਰਾ ਆਦਿਕ ਨਿਸ਼ਾਨੀਆਂ ਗੁਰੂ ਜੀ ਨੇ ਖ਼ਾਲਸਾ ਪੰਥ ਨੂੰ ਸੌਂਪੀਆਂ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਹਕੂਮਤ ਦੀ ਰੌਸ਼ਨੀ ਆ ਗਈ। 1710 ਈ. ਵਿਚ ਦੋ ਸਾਲ ਦੇ ਅੰਦਰ-ਅੰਦਰ ਸਿੱਖਾਂ ਨੇ ਵਜ਼ੀਰ ਖ਼ਾਨ ਸੂਬਾ ਸਰਹਿੰਦ ਤੋਂ ਹਕੂਮਤ ਖੋਹ ਕੇ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾਇਆ।"[15] ਨਿਸ਼ਾਨ ਸਾਹਿਬ ਸੁਤੰਤਰ ਖ਼ਾਲਸਾ ਰਾਜ ਦੀ ਦੱਸ ਪਾਉਂਦਾ ਹੈ।

**ਜਾਗੀਰਦਾਰੀ ਖ਼ਤਮ ਕਰਨਾ ਭਾਵ ਕਿਸਾਨੀ ਦੀ ਸੁਤੰਤਰਤਾ**

ਬੰਦਾ ਸਿੰਘ ਨੇ ਸਰਹਿੰਦ ਫ਼ਤਿਹ ਕਰਕੇ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇਕ ਇਕੱਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿੱਤਾ। ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ ਹੀ ਹੋਵੇਗਾ ਅਤੇ ਉਹ ਸਿਰਫ਼ ਇਕ ਤਿਹਾਈ ਵਟਾਈ ਸਰਕਾਰ ਨੂੰ ਬੰਧਾਨ ਵਜੋਂ ਦੇਵੇਗਾ। "ਜਾਗੀਰਦਾਰੀ ਪ੍ਰਥਾ ਵਿਚ ਮਿਹਨਤੀ ਕਿਸਾਨ ਗ਼ੁਲਾਮ ਬਣ ਕੇ ਰਹਿ ਗਏ ਸਨ ਤੇ ਇਹ ਪ੍ਰਥਾ ਕਿਸਾਨਾਂ ਲਈ ਲਾਹਨਤ ਸੀ।".[16] ਬੰਦਾ ਸਿੰਘ ਨੇ ਜਾਗੀਰਦਾਰੀ ਸਿਸਟਮ ਖ਼ਤਮ ਕਰਕੇ ਦਲਿਤ, ਹੀਣੇ ਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਸੀ। ਜਾਗੀਰਦਾਰੀ ਸਿਸਟਮ ਖ਼ਤਮ ਕਰਨ ਦਾ ਭਾਵ ਸੀ ਕਿ ਸਿੱਖ ਰਾਜ ਵਿਚ ਦੇਸ਼ ਦੇ ਅੰਨ ਦਾਤੇ ਕਿਸਾਨ ਨੂੰ ਜ਼ਿਮੀਂਦਾਰੀ ਸਿਸਟਮ ਤੋਂ ਸੁਤੰਤਰ ਕੀਤਾ ਜਾਵੇ। ਹਲ਼ ਵਾਹਕ ਕਿਸਾਨਾਂ ਨੂੰ ਜ਼ਮੀਨ ਦੀ ਖ਼ੁਦਮੁਖ਼ਤਿਆਰੀ ਦੇਣ ਨਾਲ ਜ਼ਮੀਨੀ ਉਤਪਾਦਨ ਵਿਚ ਕ੍ਰਾਂਤੀਕਾਰੀ ਤਰੱਕੀ ਦਾ ਰਾਹ ਖੋਲ੍ਹਿਆ। ਬੰਦਾ ਸਿੰਘ ਨੇ ਖ਼ਾਲਸਾ ਰਾਜ ਦੀ ਸੁਤੰਤਰਤਾ ਦੀ ਪ੍ਰਮਾਣਿਕਤਾ ਲਈ ਨਵਾਂ ਸਿੱਕਾ ਵੀ ਜਾਰੀ ਕੀਤਾ ਜਿਸਦੇ ਇਕ ਪਾਸੇ ਲਿਖਿਆ ਸੀ:

> ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ।
> ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ, ਫ਼ਜ਼ਲਿ-ਸੱਚਾ ਸਾਹਿਬ ਅਸਤ।[17]

ਭਾਵ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ ਤੇਗ਼ ਦੀ ਤਾਕਤ ਨਾਲ ਦੋਵੇਂ ਜਹਾਨਾਂ ਵਿਚ ਸਿੱਕਾ ਜਾਰੀ ਕੀਤਾ ਗਿਆ ਹੈ। ਇਸਦੇ ਨਾਲ ਹੀ ਖ਼ਾਲਸਾ ਰਾਜ ਦੀ ਮੋਹਰ ਵੀ ਜਾਰੀ ਕੀਤੀ ਗਈ, ਜਿਸ 'ਤੇ ਲਿਖਿਆ ਸੀ:

---

[15] *ਗੌਤਮ ਤੋਂ ਤਾਸਕੀ ਤੱਕ,* ਪੰਨਾ-113

[16] ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ (1469 -1765),* ਪੰਨਾ-88

[17] ਗੰਡਾ ਸਿੰਘ (ਡਾ.), *ਬੰਦਾ ਸਿੰਘ ਬਹਾਦਰ,* ਪੰਨਾ-39

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ।
ਪਾਦਸ਼ਾਹਿ ਦੀਨੋ-ਦੁਨੀਆ ਆਪ ਸੱਚਾ ਸਾਹਿਬ ਅਸਤ। ਅਤੇ
ਦੇਗ਼ੋ ਤੇਗ਼ੋ ਫ਼ਤਹਿਓ ਨੁਸਰਤਿ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"
ਜਿਸ ਵਿਚ ਗੁਰੂ ਨਾਨਕ ਦੀ ਵਡਿਆਈ ਸੀ।[18]

ਇਸਦਾ ਭਾਵ ਸੀ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਦੀ ਦੇਗ਼ ਦੇ ਅਮੁੱਕ ਲੰਗਰ ਤੇ ਤੇਗ਼ ਨਾਲ ਦੁਸ਼ਮਣ ਉੱਪਰ ਫ਼ਤਿਹ ਪ੍ਰਾਪਤ ਹੋਈ ਹੈ। ਪਹਿਲੇ ਸਿੱਖ ਰਾਜ ਵਿਚ ਗੁਰੂ ਦੇ ਨਾਂ ਦਾ ਸਿੱਕਾ ਜਾਰੀ ਕੀਤਾ ਗਿਆ। ਸਿੱਖਾਂ ਕੋਲ ਮੁਲਕ, ਤਖ਼ਤ, ਰਾਜਧਾਨੀ, ਸਿੱਕਾ, ਮੋਹਰ, ਝੰਡਾ, ਫ਼ੌਜ, ਬਾਦਸ਼ਾਹ ਆਪਣਾ ਸੀ। ਜੇ. ਐਸ. ਗਰੇਵਾਲ ਅਨੁਸਾਰ:-

> ਗੁਰੂ ਗੋਬਿੰਦ ਸਿੰਘ ਦੇ ਦੇਹਾਂਤ ਤੋਂ ਬਾਅਦ ਬੰਦਾ ਸਿੰਘ ਬਹਾਦਰ ਜਿਸਨੂੰ ਗੁਰੂ ਨੇ ਸਰਬਰਾਹ ਥਾਪਿਆ ਸੀ, ਨੇ ਸਿੱਖ ਰਾਜ ਕਾਇਮ ਕਰ ਦਿੱਤਾ। ਇਹ ਕਾਮਯਾਬੀ ਥੁੜ-ਚਿਰ ਸੀ, ਪਰ ਆਪਣੇ ਪਿਛੇ ਸਿੱਖਾਂ ਲਈ ਸੁਤੰਤਰ ਰਾਜ ਦਾ ਵਿਰਸਾ ਛੱਡ ਗਈ। ਬੰਦਾ ਸਿੰਘ ਦੁਆਰਾ ਵਰਤੀ ਗਈ ਮੁਹਰ ਵਿਚ ਫ਼ਤਿਹ ਨੂੰ ਗੁਰੂ ਨਾਨਕ ਦੀ ਕ੍ਰਿਪਾ ਦ੍ਰਿਸ਼ਟੀ ਦਾ ਸਿੱਟਾ ਦੱਸਿਆ ਗਿਆ, ਇੰਜ ਸਿੰਘਾਂ ਦੀਆਂ ਰਾਜਸੀ ਅਕਾਂਖਿਆਵਾਂ ਪਾਵਨ ਬਣ ਗਈਆਂ। ਉਨ੍ਹਾਂ ਨੂੰ ਪਰਪੱਕ ਨਿਸ਼ਚਾ ਹੋ ਗਿਆ ਸੀ ਉਹ ਰਾਜ ਕਰਨ ਲਈ ਬਣੇ ਸਨ। 'ਰਾਜ ਕਰੇਗਾ ਖ਼ਾਲਸਾ' ਦੇ ਵਿਸ਼ਵਾਸ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਵਿਚ ਨਿਸ਼ਚਾ ਦ੍ਰਿੜ ਕੀਤਾ।[19]

ਵਿਲੀਅਮ ਇਰਵਿਨ ਅਨੁਸਾਰ, "ਨੀਚ ਭੰਗੀਆਂ ਜਾਂ ਚਮੜਾ ਕਮਾਉਣ ਵਾਲਿਆਂ, ਭਾਰਤੀ ਵਿਚਾਰਾਂ ਅਨੁਸਾਰ ਨੀਚਾਂ ਤੋਂ ਵੀ ਨੀਚ ਲੋਕਾਂ ਵਿਚੋਂ ਆਪਣੇ ਪਰਗਣਿਆਂ ਦੇ ਥਾਣੇਦਾਰ ਅਤੇ ਤਹਿਸੀਲਦਾਰ ਨਿਯੁਕਤ ਕੀਤੇ।"[20] ਇਸ ਤਰ੍ਹਾਂ ਬੰਦਾ ਸਿੰਘ ਦੁਆਰਾ ਸੁਤੰਤਰ ਬਾਦਸ਼ਾਹੀ ਦੇ ਸਿੱਕੇ ਜਾਰੀ ਕਰਨਾ ਅਤੇ ਵੱਖ-ਵੱਖ ਤਰ੍ਹਾਂ ਦੇ ਅਧਿਕਾਰੀ ਨਿਯੁਕਤ ਕਰਨਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸੁਤੰਤਰ ਖ਼ਾਲਸਾ ਰਾਜ ਵਿਚ ਹਰੇਕ ਪੱਧਰ 'ਤੇ ਸੁਤੰਤਰਤਾ ਦੀ ਵਿਵਸਥਾ ਕੀਤੀ ਜਾਵੇਗੀ। ਇਸ ਤੋਂ ਉਲਟ ਮੁਗ਼ਲਾਂ ਦਾ ਸਭ ਕੁਝ ਆਪਣੇ ਨਾਂ ਥੱਲੇ ਸੀ ਪਰ ਸਿੱਖਾਂ ਦਾ ਸਭ ਕੁਝ ਗੁਰੂ ਮਹਾਰਾਜ ਦੇ ਨਾਂ 'ਤੇ ਸੀ।

ਇਰਵਿਨ ਅੱਗੇ ਲਿਖਦਾ ਹੈ, "ਸਿੱਖਾਂ ਰਾਹੀਂ ਕਬਜ਼ਾ ਕੀਤੇ ਗਏ ਸਾਰੇ ਪਰਗਣਿਆਂ ਵਿੱਚ ਪਹਿਲੀ ਸਰਕਾਰ ਦੇ ਨਿਯਮਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ। ਬੰਦਾ ਸਿੰਘ ਪਾਸ ਪਹੁੰਚ ਕੇ ਨੀਚ ਭੰਗੀ ਵੀ

---

[18] ਗੰਡਾ ਸਿੰਘ (ਡਾ.), *ਬੰਦਾ ਸਿੰਘ ਬਹਾਦਰ,* ਪੰਨਾ-40

[19] *ਅਕਾਲੀਆਂ ਦੇ 75 ਸਾਲ,* ਪੰਨਾ-18

[20] *The Later Mughals Vol.I*, Jadunath sarkar(Editor), p.98-99.

ਪਿੰਡਾਂ ਦੇ ਹਾਕਮ ਬਣ ਗਏ ਸਨ।"[21] ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਸਦੀਆਂ ਤੋਂ ਸਥਾਪਿਤ ਹੋਏ ਮੁਗ਼ਲ ਸਾਮਰਾਜ ਨੂੰ ਉਲਟਾ ਦਿੱਤਾ। ਉਸਦੇ ਪੰਜਾਬ ਆਗਮਨ ਤੋਂ ਗਿਆਰਾਂ ਸਾਲ ਪਹਿਲਾਂ 1699 ਈ. ਵਿਚ ਸਾਜੇ ਹੋਏ ਖ਼ਾਲਸੇ ਦਾ ਰਾਜ ਸਥਾਪਿਤ ਹੋ ਗਿਆ ਸੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਲੋਕ ਆਪਣੇ ਬਾਹੂਬਲ ਦੀ ਤਾਕਤ ਨਾਲ ਹੀ ਪੰਜਾਬ ਦੀ ਧਰਤੀ ਦੇ ਮਾਲਕ ਬਣੇ। "ਬੰਦਾ ਸਿੰਘ ਬਹਾਦਰ ਦਾ ਇਹ ਸੰਘਰਸ਼ ਸਿੱਖ ਧਰਮ ਦੀ ਉਸੇ ਲਹਿਰ ਦਾ ਇੱਕ ਹਿੱਸਾ ਸੀ ਜਿਸਨੂੰ ਗੁਰੂ ਨਾਨਕ ਨੇ ਸ਼ੁਰੂ ਕੀਤਾ ਅਤੇ ਜਿਸ ਲਈ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜ਼ ਕੇ ਬਾਕਾਇਦਾ ਅਤੇ ਨਿਸ਼ਚਿਤ ਮਾਰਗ ਉਲੀਕ ਦਿੱਤਾ। ਖ਼ਾਲਸੇ ਦੀ ਸਾਜਨਾ ਸਿੱਖ ਕੌਮ ਦਾ ਸੁਤੰਤਰਤਾ ਦਾ ਐਲਾਨਨਾਮਾ ਹੀ ਸੀ।"[22]

ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਲਿਖਦੇ ਹਨ, "ਮਾਝਾ ਅਤੇ ਰਿਆੜਕੀ ਦੇ ਇਲਾਕੇ ਜਿਨ੍ਹਾਂ 'ਤੇ ਕੇਂਦਰੀ ਪੰਜਾਬ ਬਣਦਾ ਹੈ, ਉਸੇ ਸਮੇਂ ਹੀ ਸੁਤੰਤਰ ਕਰਵਾ ਲਏ ਗਏ ਸਨ। ਇਥੇ ਵੀ ਸਿੱਖ ਵਿਦਰੋਹ ਇਤਨਾ ਆਮ ਸੀ ਕਿ ਸਥਾਨਕ ਕਰਮਚਾਰੀਆਂ ਨੇ ਜੋ ਆਪਣੇ ਆਪ ਨੂੰ ਇਸ ਸੰਘਰਸ਼ ਦੇ ਤੁੱਲ ਨਹੀਂ ਸਨ ਸਮਝਦੇ, ਬਾਗ਼ੀਆਂ ਦੇ ਖ਼ਿਲਾਫ਼ 'ਧਰਮ ਯੁੱਧ' ਦਾ ਰਾਹ ਚੁਣਨਾ ਹੀ ਯੋਗ ਸਮਝਿਆ। ਮਾਝਾ ਅਤੇ ਦੂਜੇ ਇਲਾਕਿਆਂ ਦਾ ਸਾਰਾ ਖ਼ਾਲਸਾ ਪੰਥ ਜਿਸ ਦੀ ਕੁੱਲ ਗਿਣਤੀ ਲਗਭਗ ਅੱਠ ਹਜ਼ਾਰ ਸੀ। ਅੰਮ੍ਰਿਤਸਰ ਵਿਚ ਇਕੱਠਾ ਹੋਇਆ ਅਤੇ ਆਪਸ ਵਿਚ ਸਲਾਹ ਮਸ਼ਵਰਾ ਕਰਕੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਹੇਠਲੀ ਉੱਪਰ ਕਰ ਦਿੱਤੀ।[23] ਡਾ. ਗੰਡਾ ਸਿੰਘ ਦੱਸਦੇ ਹਨ ਕਿ ਸੱਯਦ ਸ਼ਮਸ਼ ਖ਼ਾਨ ਦੀ ਬੰਦਾ ਸਿੰਘ ਨਾਲ ਲੜਾਈ ਵੇਲੇ ਅਸਲਮ ਖ਼ਾਨ ਨੂੰ ਹੀਆ ਨਾ ਧਰਦਾ ਦੇਖ ਲਾਹੌਰ ਦੇ ਮੌਲਾਣਿਆਂ ਨੇ ਅਗਵਾਈ ਆਪਣੇ ਹੱਥ ਵਿਚ ਲੈ ਲਈ ਅਤੇ ਮੁਸਲਮਾਨਾਂ ਦੇ ਮਜ਼੍ਹਬੀ ਜਜ਼ਬੇ ਭੜਕਾ ਕੇ ਸਿੰਘਾਂ ਵਿਰੁੱਧ 'ਜਹਾਦ' ਦਾ ਐਲਾਨ ਕਰ ਦਿੱਤਾ ਅਤੇ ਲੋਕਾਂ ਨੂੰ ਇਕੱਠੇ ਕਰਨ ਲਈ ਈਦਗਾਹ ਮਸੀਤ ਦੇ ਲਾਗੇ 'ਹੈਦਰੀ ਝੰਡਾ' ਗੱਡਾ ਦਿੱਤਾ। ਗ਼ਾਜ਼ੀ ਸ਼ਹੀਦੀ ਗਾਨੇ ਬੰਨ੍ਹ ਕੇ ਗਏ।[24] ਪਰ ਉਹ ਕੋਟਲਾ ਬੇਗਮ ਦੀ ਲੜਾਈ ਵਿਚ ਸਿੰਘਾਂ ਤੋਂ ਹਾਰ ਖਾ ਕੇ ਵਾਪਸ ਲਾਹੌਰ ਆ ਵੜੇ। ਇਸ ਤੋਂ ਬਾਅਦ ਬੰਦਾ ਸਿੰਘ ਨੇ ਜੁਲਾਈ 1710 ਨੂੰ ਸਹਾਰਨਪੁਰ, ਬੈਹਰ ਅਤੇ ਨਨੌਟਾ ਨੂੰ ਜਿੱਤ ਲਿਆ ਅਤੇ ਫਿਰ ਜਲਾਲਾਬਾਦ ਨੂੰ ਘੇਰਾ ਪਾ ਲਿਆ। ਇਹ ਲੜਾਈਆਂ ਸਿੱਖ ਰਾਜ ਦੇ ਪਸਾਰ ਲਈ ਸਨ।

ਕਰਮ ਸਿੰਘ ਹਿਸਟੋਰੀਅਨ ਅਨੁਸਾਰ, "ਸੁਤੰਤਰਤਾ ਦੀ ਜੋ ਚਾਟ ਬੰਦੇ ਨੇ ਲਾਈ ਉਸਨੇ ਸਿੰਘਾਂ ਦੀ ਕਾਇਆ ਹੀ ਪਲਟ ਦਿੱਤੀ। ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਸਿੰਘਾਂ ਨੂੰ ਆਪਣੀ ਤਾਕਤ ਅਤੇ ਹਾਕਮਾਂ ਦੀ

---

[21] *The Later Mughals Vol.I*, Jadunath sarkar(Editor), p.98-99.

[22] ਸੁਖਦਿਆਲ ਸਿੰਘ (ਡਾ.), *ਸ਼੍ਰੋਮਣੀ ਸਿੱਖ ਇਤਿਹਾਸ(1708-1799)*, ਪੰਨਾ-13.

[23] *ਸਿੱਖ ਇਤਿਹਾਸ (1469 -1765)*, ਪੰਨਾ-91

[24] *ਬੰਦਾ ਸਿੰਘ ਬਹਾਦਰ*, ਪੰਨਾ-57-59

ਕਮਜ਼ੋਰੀ ਦਾ ਪੂਰਾ ਪਤਾ ਲੱਗ ਗਿਆ ਸੀ। ਇਸ ਖਿਆਲ ਦੇ ਨਾਲ ਕੁਝ ਐਸੇ ਸਾਮਾਨ ਪੈਦਾ ਹੋ ਗਏ ਜਿਨ੍ਹਾਂ ਨੇ ਸਿੰਘਾਂ ਨੂੰ ਸੁਤੰਤਰਤਾ ਹਾਸਲ ਕਰਨ ਲਈ ਮਜ਼ਬੂਰ ਕਰ ਦਿੱਤਾ। ਆਲਮਾਂ ਅਤੇ ਚੌਧਰੀਆਂ ਦੇ ਜ਼ੁਲਮ ਨੇ ਕਈ ਜ਼ਿਮੀਂਦਾਰ ਬੇ-ਘਰ ਕਰ ਦਿੱਤੇ ਜੋ ਘਰੋਂ ਨਿਕਲਦੇ ਹੀ ਸਿੰਘਾਂ ਨਾਲ ਜਾ ਰਲਦੇ ਸਨ। ਸਿੰਘ ਦਿਨੋਂ ਦਿਨ ਵਧਦੇ ਗਏ ਤੇ ਅੰਤ ਨੂੰ ਗੱਲ ਇੱਥੇ ਤੱਕ ਪਹੁੰਚੀ ਕਿ ਅਟਕ ਤੋਂ ਜਮਨਾ ਤੱਕ ਸਿੰਘ ਹੀ ਸਿੰਘ ਪਸਰ ਗਏ।"[25]

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਸਿੱਖਾਂ ਨੇ ਵਿਹਾਰਕ ਰੂਪ ਪ੍ਰਦਾਨ ਕੀਤਾ। ਗੋਕਲ ਚੰਦ ਨਾਰੰਗ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਆਈਆਂ ਦਾ ਧਿਆਨ ਹਲ਼ ਤੋਂ ਤੇਗ਼ ਵੱਲ ਮੋੜ ਦਿੱਤਾ। ਗੁਰੂ ਜੀ ਨੇ ਸਿਧਾਂਤ ਦਿੱਤੇ, ਬੰਦੇ ਨੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਂਦਾ ਸੀ। ਗੁਰੂ ਸਾਹਿਬ ਨੇ ਮੁਗ਼ਲਾਂ ਦੇ ਜ਼ੁਲਮਾਂ ਦਾ ਸਹਿਮ ਤੇ ਭੈਅ ਦੂਰ ਕੀਤਾ ਸੀ ਅਤੇ ਬੰਦੇ ਨੇ ਮੁਗਲਾਂ ਦੇ ਅਜਿੱਤ ਹੋਣ ਦਾ ਜਾਦੂ ਤੋੜ ਕੇ ਰੱਖ ਦਿੱਤਾ।"[26] ਡਾ. ਗੰਡਾ ਸਿੰਘ ਲਿਖਦੇ ਹਨ,

> "ਗੁਰੂ ਗੋਬਿੰਦ ਸਿੰਘ ਜੀ ਲੋਕਾਂ ਦੀ ਸੁਤੰਤਰਤਾ ਵਾਸਤੇ ਆਪਣੇ ਜਾਰੀ ਕੀਤੇ ਹੋਏ ਅੰਦੋਲਨ ਦੀ ਪੂਰਤੀ ਲਈ ਬੰਦਾ ਸਿੰਘ ਨੂੰ ਚੁਣਨ ਵਿਚ ਇਤਨੇ ਦੂਰ ਅੰਦੇਸ਼ੀ ਸਨ, ਇਸਦਾ ਅੰਦਾਜ਼ਾ ਉਸਦੇ ਕਾਰਨਾਮਿਆਂ ਤੋਂ ਸਪਸ਼ਟ ਹੋ ਜਾਂਦਾ ਹੈ। ਬੰਦੇ ਦੀ ਕਿਰਪਾ ਨਾਲ ਹੀ ਪੰਜਾਬ ਨੇ ਜਿੱਤਾਂ ਤੇ ਆਜ਼ਾਦੀ ਦਾ ਰਾਹ ਵੇਖਿਆ। ਉਹ ਪਹਿਲਾ ਮਨੁੱਖ ਸੀ ਜਿਸ ਨੇ ਪੰਜਾਬ ਵਿਚ ਮੁਗ਼ਲ ਹਕੂਮਤ ਨੂੰ ਕਰੜੀ ਸੱਟ ਮਾਰੀ ਅਤੇ ਸਿੱਖ ਰਾਜ ਕਾਇਮ ਕਰਨ ਲਈ ਪਹਿਲੀ ਇੱਟ ਰੱਖੀ। ਖ਼ਾਲਸੇ ਨੂੰ ਸੁਤੰਤਰਤਾ ਦੀ ਇਸ ਲੜਾਈ ਵਿਚ ਸਾਰਾ ਭਾਰ ਇਕੱਲਿਆਂ ਹੀ ਸਹਿਣਾ ਪਿਆ। ਸਿੰਘਾਂ ਨੇ ਹਿੰਦੂਆਂ ਦੀ ਆਜ਼ਾਦੀ ਲਈ ਬੀੜਾ ਚੁੱਕਿਆ ਸੀ, ਪਰ ਕਿਸੇ ਇਕ ਭੀ ਹਿੰਦੂ ਨੇ ਉਨ੍ਹਾਂ ਦੀ ਸਹਾਇਤਾ ਨਹੀਂ ਕੀਤੀ ਬਲਕਿ ਉਨ੍ਹਾਂ ਦੇ ਵੱਡੇ-ਵੱਡੇ ਸਾਰੇ ਰਾਜੇ ਮੁਗ਼ਲਾਂ ਦੀ ਮਦਦ ਵਿਚ ਲਾਓ ਲਸ਼ਕਰ ਲੈ ਕੇ ਪਹੁੰਚਦੇ ਸਨ।"[27]

ਸਮੱਦਖਾਨ ਵੱਲੋਂ ਸ਼ੁਰੂ ਕੀਤਾ ਜਹਾਦ ਅਸਫ਼ਲ ਹੋ ਗਿਆ ਤਾਂ ਉਸਨੇ ਅਕਤੂਬਰ 1710 ਨੂੰ ਵਿਸਥਾਰ ਸਹਿਤ ਰਿਪੋਰਟ ਬਹਾਦਰ ਸ਼ਾਹ ਨੂੰ ਭੇਜੀ। ਹੁਣ ਦਰਿਆ ਰਾਵੀ ਤੋਂ ਜਮਨਾ ਤੱਕ, ਲਾਹੌਰ, ਕਸੂਰ, ਬਠਿੰਡਾ, ਪਾਣੀਪਤ ਤੋਂ ਉੱਚਿਆਂ ਪਹਾੜਾਂ ਤੱਕ ਖ਼ਾਲਸੇ ਦਾ ਰਾਜ ਸੀ। ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਕਿਲ੍ਹਾ ਸੀ। ਬਹਾਦਰ ਸ਼ਾਹ ਦੇ ਆਉਣ ਨਾਲ ਤਖ਼ਤਾ ਪਲਟਿਆ ਤੇ ਉਸਨੇ ਮੁਸਲਮਾਨ ਜਹਾਦੀ ਤਾਕਤਾਂ ਨੂੰ ਇਕੱਠਾ ਕਰਕੇ ਸਿੱਖਾਂ ਦਾ ਟਾਕਰਾ ਕੀਤਾ। ਬਹਾਦਰ ਸ਼ਾਹ ਨੇ ਲੋਹਗੜ੍ਹ ਨੇੜੇ ਆਪਣੇ ਕੈਂਪ ਤੋਂ ਦਿੱਲੀ ਦੇ ਗੁਆਂਢ ਵਿਚ ਫ਼ੌਜਦਾਰਾਂ ਨੂੰ ਹੁਕਮ ਦਿੱਤਾ ਕਿ ਜਿਥੇ ਵੀ ਨਾਨਕ ਦੀ ਪੂਜਾ ਕਰਨ ਵਾਲੇ ਸਿੱਖ ਲੱਭਣ, ਉਨ੍ਹਾਂ ਨੂੰ ਮਾਰ ਦਿੱਤਾ ਜਾਵੇ।

---

[25] *ਬੰਦਾ ਸਿੰਘ ਬਹਾਦਰ ਅਤੇ ਬੰਦਾ ਸਿੰਘ ਬਹਦਾਰ ਕੌਣ ਸੀ,* ਪੰਨਾ-123.

[26] *ਸਿੱਖ ਮਤ ਦਾ ਪਰਿਵਰਤਨ,* ਪੰਨਾ-110

[27] *ਬੰਦਾ ਸਿੰਘ ਬਹਾਦਰ,* ਪੰਨਾ-128

ਮੈਲਕਾਮ ਦੇ ਅਨੁਸਾਰ, "ਜੇਕਰ 1710 ਈ. ਵਿੱਚ ਬਹਾਦਰ ਸ਼ਾਹ ਦੱਖਣ ਛੱਡ ਕੇ ਪੰਜਾਬ ਨਾ ਆਉਂਦਾ ਤਾਂ ਇਹ ਸੋਚਣ ਵਾਲੀ ਗੱਲ ਸੀ ਕਿ ਸਾਰਾ ਹਿੰਦੁਸਤਾਨ ਇਨ੍ਹਾਂ ਹਮਲਾਵਰਾਂ ਦੇ ਵੱਸ਼ ਵਿਚ ਆ ਜਾਂਦਾ।"[28] ਬੰਦਾ ਸਿੰਘ ਨੇ ਸਿੱਖਾਂ ਨੂੰ ਸੁਤੰਤਰਤਾ ਲਈ ਕੀਰਤਪੁਰ ਸਾਹਿਬ ਇਕੱਠੇ ਹੋਣ ਲਈ ਕਿਹਾ। ਬੰਦਾ ਸਿੰਘ ਨੇ ਧਰਮ-ਨਿਰਪੱਖਤਾ ਦੀ ਨੀਤੀ ਕਾਇਮ ਰੱਖਦਿਆਂ ਬਹਾਦਰ ਸ਼ਾਹ ਦੇ ਸਿੱਖਾਂ ਦਾ ਸਰਵਨਾਸ਼ ਦੇ ਹੁਕਮਾਂ ਦੇ ਬਾਵਜੂਦ ਵੀ ਬੇਕਸੂਰ ਮੁਸਲਮਾਨਾਂ 'ਤੇ ਜ਼ੁਲਮ ਨਹੀਂ ਕੀਤੇ। ਹਰੀ ਰਾਮ ਗੁਪਤਾ ਅਨੁਸਾਰ ਉਸਨੇ ਇਹ ਪ੍ਰਣ ਕੀਤਾ ਸੀ ਕਿ ਅਸੀਂ ਮੁਸਲਮਾਨਾਂ ਉੱਤੇ ਜ਼ਬਰ ਨਹੀਂ ਕਰਦੇ, ਨਾ ਹੀ ਇਸਲਾਮ ਦਾ ਵਿਰੋਧ ਕਰਦੇ ਹਾਂ, ਅਸੀਂ ਕੇਵਲ ਅੱਤਿਆਚਾਰ ਅਤੇ ਰਾਜ-ਸ਼ਕਤੀ ਨੂੰ ਹੜੱਪਣ ਦੇ ਵਿਰੋਧ ਵਿਚ ਲੜਾਂਗੇ। ਬੰਦਾ ਸਿੰਘ ਕੋਲ ਜੇ ਕੋਈ ਮੁਸਲਮਾਨ ਪਾਸ (ਰੋਜ਼ੀ ਲਈ) ਆਉਂਦਾ ਉਹ ਉਸ ਵਾਸਤੇ ਤਨਖ਼ਾਹ ਅਤੇ ਰੋਜ਼ਾਨਾ ਭੱਤਾ ਲਗਾ ਦਿੰਦਾ ਅਤੇ ਉਸਦੀ ਸੰਭਾਲ ਕਰਦਾ ਹੈ। ਸਰਹਿੰਦ ਦੀ ਜਿੱਤ ਤੋਂ ਬਾਅਦ ਉਸਨੇ ਮੁਸਲਮਾਨਾਂ ਪ੍ਰਤੀ ਨਰਮੀ ਵਰਤਣੀ ਸ਼ੁਰੂ ਕਰ ਦਿੱਤੀ ਸੀ। ਅਪ੍ਰੈਲ 1711 ਵਿਚ ਉਸਨੇ ਕਲਾਨੌਰ ਵਿਖੇ ਆਪਣੀ ਫ਼ੌਜ ਵਿਚ 5 ਹਜ਼ਾਰ ਮੁਸਲਮਾਨ ਭਰਤੀ ਕੀਤੇ ਸਨ ਜਿਨ੍ਹਾਂ ਨੂੰ ਖੁਤਬੇ ਅਤੇ ਨਮਾਜ਼ ਪੜ੍ਹਨ ਦੀ ਪੂਰੀ ਖੁੱਲ੍ਹ ਸੀ।[29] ਬੰਦਾ ਸਿੰਘ ਦੇ ਰਾਜ ਵਿਚ ਹੋਰ ਧਰਮਾਂ ਦੇ ਲੋਕਾਂ ਲਈ ਧਾਰਮਿਕ ਸੁਤੰਤਰਤਾ ਸੀ।

ਅਪ੍ਰੈਲ 1715 ਨੂੰ ਮੁਗ਼ਲ ਫ਼ੌਜਾਂ ਨੇ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਸਿੱਖਾਂ ਸਮੇਤ ਘੇਰ ਲਿਆ। ਸਿੰਘ ਸੈਂਕੜਿਆਂ ਦੀ ਗਿਣਤੀ ਵਿਚ ਸਨ ਤੇ ਮੁਗ਼ਲ ਫ਼ੌਜ ਲੱਖਾਂ ਦੀ ਗਿਣਤੀ ਵਿਚ ਸੀ। ਉਨ੍ਹਾਂ ਵਿਚ 24 ਹਜ਼ਾਰ ਘੋੜ ਸਵਾਰ ਸਨ। ਅੱਠ ਮਹੀਨੇ ਦੇ ਘੇਰੇ ਵਿਚ ਸਿੱਖਾਂ ਦਾ ਦਾਣਾ ਪੱਠਾ ਮੁੱਕ ਗਿਆ ਤਾਂ ਉਹਨਾਂ ਨੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ। ਰਤਨ ਸਿੰਘ ਭੰਗੂ ਇਸ ਔਕੜ ਭਰੀ ਸਥਿਤੀ ਬਾਰੇ ਲਿਖਦਾ ਹੈ:

> ਸੇਰ ਪਾਉ ਕੀ ਕਯਾ ਕਹੀ, ਅੰਨ ਮਾਸਾ ਨਾ ਊਹਾਂ ਲਭਾਇ।
> ਪੱਤ ਛਿਲ ਜੜ੍ਹ ਨਹਿਂ ਲਭੈ, ਘਾਸ ਭੀ ਨਦਰ ਨ ਪਾਇ।[30]

ਇਸ ਘੇਰੇ ਮਗਰੋਂ ਬਹੁਤ ਸਾਰੇ ਸਿੰਘਾਂ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਦੇ ਕੱਟੇ ਹੋਏ ਸਿਰਾਂ ਦੇ ਗੱਡੇ ਭਰ ਕੇ ਬੰਦਾ ਸਿੰਘ ਦੇ ਕਾਫ਼ਲੇ ਨਾਲ ਦਿੱਲੀ ਲੈ ਜਾਏ ਗਏ। ਬਾਕੀ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਜਾ ਕੇ ਬੰਦਾ ਸਿੰਘ ਸਮੇਤ ਸ਼ਹੀਦ ਕਰ ਦਿੱਤਾ ਗਿਆ। ਕਿਸੇ ਵੀ ਸਿੱਖ ਨੇ ਆਪਣਾ ਧਰਮ ਨਹੀਂ ਛੱਡਿਆ। ਇਤਿਹਾਸ

---

[28] *"If Bahadur Shah had not quitted Dekh'in, wich he did is A.D 1710, there is reason to think the whole of Hindustan would have been subdued by these merciless invaders,"* *Sketch Of The Sikhs*, Prithipal Singh Kapur (Editor), p.69

[29] Gupta, Hari Ram, *History Of The Sikh,s(vol.II)*, p. 38

[30] *ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-213.

ਵਿਚ ਇਹਨਾਂ ਕਤਲਾਂ ਦੇ ਸਮੇਂ ਇੱਕ ਸਿੱਖ ਬੱਚੇ ਦੀ ਅਸਚਰਜ ਦ੍ਰਿੜ੍ਹਤਾ ਤੇ ਦਲੇਰੀ ਵੀ ਸਾਹਮਣੇ ਆਉਂਦੀ ਹੈ। ਇਸ ਬੱਚੇ ਦੀ ਮਾਂ ਨੇ ਬਾਦਸ਼ਾਹ ਕੋਲੋਂ ਇਸ ਸ਼ਰਤ ਉਤੇ ਬੱਚੇ ਲਈ ਮਾਫ਼ੀ ਲੈ ਲਈ ਕਿ ਉਹ ਸਿੱਖ ਨਹੀਂ। ਪਰ ਉਸ ਸਿੱਖ ਬੱਚੇ ਨੇ ਆਜ਼ਾਦ ਹੋਣ ਦੀ ਥਾਂ ਕਿਹਾ ਕਿ ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਤਾਂ ਪੂਰਾ ਸਿੱਖ ਹਾਂ। ਇਹ ਆਖਦਾ ਹੋਇਆ ਉਹ ਚਬੂਤਰੇ 'ਤੇ ਜਾ ਚਾੜ੍ਹਿਆ ਅਤੇ ਹੱਸਦਾ-ਹੱਸਦਾ ਫਾਂਸੀ ਲੱਗ ਗਿਆ। ਮੁਗ਼ਲ ਰਾਜ ਸਮੇਂ ਸਿੱਖਾਂ ਦੇ ਦਰਦਨਾਕ ਕਤਲਾਂ ਦਾ ਵਰਣਨ ਇਸ ਤਰ੍ਹਾਂ ਹੈ :

ਮਗਰੈ ਸਿੱਖ ਸਭ ਦੀਨੇ ਮਾਰ।
ਘਸੀਟ ਕੂਟ ਔ ਕਰਿ ਕੇ ਖ਼੍ਵਾਰ।[31]
ਕਈ ਚਰਖ ਕਈ ਫ਼ਾਂਸੀ ਮਾਰੇ।
ਕਈ ਤੋਪਸ ਕਈ ਛੁਰੀ ਕਟਾ ਕੇ।
ਕਈਅਨ ਦੇ ਸਿਰ ਮੁੰਗਲੀ ਕੱਟੇ।
ਕਈ ਡੋਬੇ ਕਈ ਘਸੀਟ ਸੁੱਟੇ।
ਦੱਬੇ ਟੰਗੇ ਬੰਦਗ਼ਖਨ ਦਏ ਮਾਰ।
ਕੌਨ ਗਨੇ ਜੇ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ।
ਸਾਥ ਤੇਗ਼ਨ ਕੇ ਸੀਸ ਉਡਵਾਏ।
ਕਿਸੈ ਹੱਥ ਕਿਸੈ ਟੰਗ ਕਟਵਾਇ।
ਅੱਖ ਕੱਢ ਕਿਸੈ ਖਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ।
ਬਾਲ ਵਿਰਧ ਲਭ ਛੱਡੈ ਨ ਕੋਈ।[32]

ਬੰਦਾ ਸਿੰਘ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਦੇ ਦੋ ਟੁਕੜੇ ਕਰ ਦਿੱਤੇ ਗਏ। ਬੱਚੇ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਸੰਨ੍ਹੀਆਂ ਨਾਲ ਉਸਦਾ ਮਾਸ ਨੋਚਿਆ ਗਿਆ ਤੇ ਸਰੀਰ ਦਾ ਸਾਰੇ ਅੰਗ ਕੱਟ ਕੇ ਜੁਦਾ ਕਰ ਦਿੱਤੇ ਗਏ।[33] ਸੁਤੰਤਰਤਾ ਲਈ ਸਿੱਖਾਂ ਨੂੰ ਲਗਾਤਾਰ ਕੁਰਬਾਨੀਆਂ ਕਰਨੀਆਂ ਪਈਆਂ ਕਿਉਂਕਿ ਮੁਗ਼ਲ ਸੱਤਾ ਪੂਰੇ ਹਿੰਦੁਸਤਾਨ ਵਿਚ ਸੀ ਜੋ ਇਕੱਠੇ ਹੋ ਕੇ ਸਿੱਖਾਂ ਦਾ ਟਾਕਰਾ ਕਰਕੇ ਕਈ ਤਰ੍ਹਾਂ ਦੇ ਤਸੀਹੇ ਦਿੰਦੇ ਸਨ। ਸੁਤੰਤਰਤਾ ਲਈ ਕੀਤੀਆਂ ਕੁਰਬਾਨੀਆਂ ਬਾਰੇ ਕਰਮ ਸਿੰਘ ਜ਼ਖ਼ਮੀ ਦੱਸਦੇ ਹਨ, "ਸਿਰਾਂ ਦੇ ਗੱਡਿਆਂ ਦਾ ਜਿਹੜਾ ਸਿਲਸਿਲਾ ਅਮੀਨਗੜ੍ਹ ਤੋਂ ਸ਼ੁਰੂ ਹੋਇਆ ਸੀ, ਉਹ ਇਥੇ ਖ਼ਤਮ ਨਹੀਂ ਹੋ ਗਿਆ। ਆਜ਼ਾਦੀ ਆਈ ਤੇ ਇਕ ਝਲਕਾਰਾ ਦੇ ਕੇ ਤੁਰਦੀ ਬਣੀ, ਇਹ ਸਮਝਾਉਂਦੀ ਹੋਈ ਕਿ ਹਾਲਾਂ

[31] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.),ਪੰਨਾ-223

[32] ਉਹੀ, ਪੰਨਾ-223

[33] Gupta, Hari Ram, *History Of The Sikh's (vol.II),* p.34

ਹੋਰ ਸਿਰਾਂ ਦੀ ਲੋੜ ਹੈ, ਸਿਰਾਂ ਦੇ ਗੱਡੇ ਭਰ-ਭਰ ਕੇ ਦਿਓ, ਮੈਂ ਫੇਰ ਆਪਣੇ ਹੁਸਨ ਦੇ ਜਲਵੇ ਖਿਲਾਰਦੀ ਹੋਈ ਆ ਜਾਵਾਂਗੀ।"[34] ਇਸ ਤਰ੍ਹਾਂ ਸਿੰਘਾਂ ਦੀਆਂ ਕੁਰਬਾਨੀਆਂ ਬਾਰੇ ਇਹਨਾਂ ਵਿਚਾਰਾਂ ਤੋਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਜਿਸ ਤਰ੍ਹਾਂ ਦਾ ਮੁੱਲ ਸਿੱਖਾਂ ਨੂੰ ਦੇਸ਼ ਦੀ ਸੁਤੰਤਰਤਾ ਲਈ ਉਤਾਰਨਾ ਪਿਆ ਉਸ ਤਰ੍ਹਾਂ ਦੀ ਕੋਈ ਵੀ ਉਦਾਰਹਨ ਪੂਰੇ ਵਿਸ਼ਵ ਇਤਿਹਾਸ ਨੂੰ ਵਾਚਣ ਤੋਂ ਨਹੀਂ ਮਿਲਦੀ।

ਬੰਦਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੂੰ ਖ਼ਤਮ ਕਰਨ ਦਾ ਸ਼ਾਹੀ ਐਲਾਨ ਕੀਤਾ ਗਿਆ, ਸਿੱਖਾਂ ਦੇ ਸਿਰਾਂ ਦੇ ਮੁੱਲ ਨਿਰਧਾਰਿਤ ਕੀਤੇ ਗਏ। ਗਿਆਨੀ ਗਿਆਨ ਸਿੰਘ ਸੂਬਾ ਲਾਹੌਰ ਦੇ ਇਸ ਐਲਾਨ ਬਾਰੇ ਲਿਖਦੇ ਹਨ, "ਜੇ ਕੋਈ ਸਿੱਖ ਦਾ ਸਿਰ ਕੱਟ ਕੇ ਲਿਆਵੇ ਉਸਨੂੰ ਸਰਕਾਰ ਤੋਂ ਵੀਹ ਰੁਪਏ ਇਨਾਮ ਮਿਲੇਗਾ, ਇਸ ਤੋਂ ਅਧਿਕ ਜੇ ਕੋਈ ਹੋਰ ਕੰਮ ਕਰੇਗਾ, ਉਸਨੂੰ ਅਧਿਕ ਇਨਾਮ ਜਾਗੀਰ ਖਿੱਲਤ ਆਦਿ ਮਿਲਣਗੇ। ਇਸ ਬਦਲੇ ਬਹੁਤੇ ਹਿੰਦੂ, ਮੁਗ਼ਲ ਬੇਈਮਾਨ ਹੋ ਕੇ ਸਿੱਖਾਂ ਦੇ ਫੜਨੇ ਫੜਾਉਨੇ ਮਾਰਨੇ ਪਰ ਲੱਕ ਬੰਨ੍ਹ ਖਲੋਤੇ।"[35] ਮੁਖ਼ਬਰੀ ਨਾਲ  ਸਿੰਘਾਂ ਨੂੰ ਪਕੜਵਾਇਆ ਜਾਣ ਲੱਗਾ ਉਸ ਵਕਤ ਜਦੋਂ ਕਿਸੇ ਇਸਤਰੀ ਤੋਂ ਪੁੱਛਿਆ ਜਾਂਦਾ ਸੀ ਕਿ ਉਸਦੇ ਕਿੰਨੇ ਪੁੱਤਰ ਹਨ ਤਾਂ ਉਹ ਕਹਿੰਦੀ ਸੀ, 'ਬੱਚੇ ਤਾਂ ਚਾਰ ਸਨ, ਇਕ ਸਿੰਘ ਹੋ ਗਿਆ ਹੈ।' ਸਿੰਘ ਹੋਣ ਦਾ ਭਾਵ ਸੀ ਮੌਤ ਦੇ ਹਵਾਲੇ ਹੋ ਜਾਣਾ।

ਮੁਹੰਮਦ ਲਤੀਫ਼ ਲਿਖਦੇ ਹਨ, "ਉਸ ਵੇਲੇ ਜਿਹੜਾ ਵੀ ਸਿੱਖ ਨਜ਼ਰ ਆਉਂਦਾ ਉਸਨੂੰ ਨਿਰਦੈਤਾ ਨਾਲ ਕਤਲ ਕੀਤਾ ਜਾਂਦਾ ਸੀ। ਇਨ੍ਹਾਂ ਕਰੜੇ ਤੇ ਇਤਹਾਦ ਜ਼ੁਲਮਾਂ ਨੇ ਸਾਰੀ ਸਿੱਖ ਕੌਮ ਅੰਦਰ ਜੋਸ਼ ਉਤਪੰਨ ਕਰ ਦਿੱਤਾ ਸੀ।"[36] ਸਿੱਖ ਵਤਨ ਛੱਡ ਕੇ ਪਨਾਹਗਾਹਨਾਂ ਦੀ ਭਾਲ ਵਿਚ ਨਿਕਲ ਪਏ ਸਨ। ਉਨ੍ਹਾਂ ਨੇ ਜੰਗਲਾਂ ਵਿਚ ਰੈਣ ਬਸੇਰੇ ਬਣਾ ਲਏ। ਬੇਕਸੂਰ ਸਿੱਖਾਂ ਦਾ ਸ਼ਿਕਾਰ ਕੀਤਾ ਜਾਣ ਲੱਗਾ। ਜਾਨ ਬਚਾਉਣ ਲਈ ਲੋਕਾਂ ਨੇ ਕੇਸ ਮੁਨਵਾ ਲਏ। ਸਿੱਖਾਂ ਨੂੰ ਅਤਿ ਦੇ ਦੁਖੜੇ ਕੱਟਣੇ ਪਏ। ਉਨ੍ਹਾਂ ਨੂੰ ਦਰਖ਼ਤਾਂ ਦੇ ਪੱਤੇ ਖਾ ਕੇ ਅਤੇ ਜਾਨਵਰਾਂ ਦਾ ਸ਼ਿਕਾਰ ਕਰਕੇ ਸਮਾਂ ਗੁਜ਼ਾਰਨਾ ਪਿਆ। "ਜਿਹੜੀਆਂ ਸਿੰਘਣੀਆਂ ਰਾਤ ਬਰਾਤੇ ਆਪਣੇ ਪੁੱਤਰਾਂ ਨੂੰ ਲੈ ਕੇ ਮਾਲਵੇ ਦੀ ਤਰਫ਼ ਭੱਜ ਗਈਆਂ, ਝਾੜੀਆਂ-ਪਹਾੜੀ ਲੁਕ ਬੈਠੀਆਂ, ਸਿਵਾਏ ਓਨ੍ਹਾਂ ਦੇ ਗਰਭ ਦੇ ਹੋਰ ਕੋਈ ਛੋਕਰਾ ਮਾਝੇ ਵਿਚ ਕਿਸੇ ਸਿੰਘ ਦਾ ਨਾ ਛੱਡਿਆ, ਕਠੋਰ ਦਿਲ ਬੇਰਹਿਮ, ਮੁਸਲਮਾਨਾਂ ਨੇ ਚਿਲਚਿਲਾਉਂਦੇ ਹੋਏ ਬਾਲਕ ਉਨ੍ਹਾਂ ਦੀਆਂ ਮਾਈਆਂ ਤੋਂ ਖੋਹ-ਖੋਹ ਕੇ ਕਤਲ ਕਰ ਸੁੱਟੇ, ਅਨੇਕ ਸਿੰਘਣੀਆਂ ਨੇ ਆਪਣੇ ਪੁੱਤਰਾਂ ਦੀ ਜਾਨ ਬਚਾਉਣ ਲਈ ਭੜੋਲਿਆਂ, ਕੋਠੀਆਂ, ਖੇਤਾਂ ਵਿਚ ਕਈ-ਕਈ ਦਿਨ ਲੁਕੋ-ਲੁਕੋ ਰੱਖੇ। ਉਸ ਸਮੇਂ ਦੁਸ਼ਟ

---

[34] *ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ,* ਪੰਨਾ-65

[35] *ਪੰਥ ਪ੍ਰਕਾਸ਼,* ਪੰਨਾ-595

[36] ਲਤੀਫ਼, *ਪੰਜਾਬ ਦਾ ਇਤਿਹਾਸ,* ਪੰਨਾ-349

ਹਿੰਦੂਆਂ ਤੇ ਤੁਰਕਾਂ ਨੇ ਕੋਈ ਕਾਫ਼ਲਾ ਸਿੰਘਾਂ ਦਾ ਪੰਜਾਬ ਵਿਚ ਨਹੀਂ ਰਹਿਣ ਦਿੱਤਾ।"[37] ਪਰ ਸੁਤੰਤਰਤਾ ਦੀ ਪ੍ਰਾਪਤੀ ਲਈ ਅਣਖ-ਭਰੀ ਜ਼ਿੰਦਗੀ, ਬਿਖੜੇ ਪੈਂਡੇ, ਹਨੇਰੇ ਰਸਤੇ ਨੇ ਉਨ੍ਹਾਂ ਵਿਚ ਦ੍ਰਿੜਤਾ, ਸੰਜੀਦਗੀ, ਸਬਰ ਨੂੰ ਦ੍ਰਿੜ ਕੀਤਾ। ਸਖ਼ਤੀ ਨੇ ਸਿੱਖਾਂ ਨੂੰ ਮਜ਼ਬੂਤ ਬਣਾ ਦਿੱਤਾ। ਉਨ੍ਹਾਂ ਨੇ ਰੁਕਾਵਟਾਂ ਅਤੇ ਜੱਦੋਜਹਿਦ ਨੂੰ ਆਪਣੇ ਇਮਤਿਹਾਨ ਸਮਝਿਆ।

ਕੁਝ ਸਿੱਖ ਵਿਰੋਧੀ ਹਿੰਦੂਆਂ ਦੇ ਮੰਤਵ ਮੁਗ਼ਲ ਹਕੂਮਤ ਨਾਲ ਮਿਲਦੇ ਸਨ। ਜੇ ਮੁਗ਼ਲ ਹਾਕਮ ਸਿੱਖਾਂ ਨੂੰ ਮੌਤ ਜਾਂ ਇਸਲਾਮ ਵਿਚੋਂ ਇਕ ਦੀ ਚੋਣ ਕਰਨ ਲਈ ਕਹਿੰਦੇ ਸਨ ਤਾਂ ਸਨੇਹ-ਰਹਿਤ ਹਿੰਦੂ ਉਸ ਤੋਂ ਵੀ ਅੱਗੇ ਜਾਂਦੇ। ਇਸ ਗੱਲ ਦੀ ਤਾਕੀਦ ਭਾਈ ਤਾਰਾ ਸਿੰਘ ਡੱਲਵਾਂ ਦੀ ਸ਼ਹਾਦਤ ਕਰਦੀ ਹੈ। ਭਾਈ ਤਾਰਾ ਸਿੰਘ ਪਿੰਡ ਡਲਵਾਂ ਵਿਖੇ ਇਕ ਕਿਰਤੀ ਕਿਸਾਨ ਸਨ। 1726 ਦੇ ਦੌਰਾਨ ਨੌਸ਼ਹਿਰਾ (ਜ਼ਿਲ੍ਹਾ ਲਾਹੌਰ) ਵਿਚ ਕੁਝ ਸਿੱਖ ਵਾਹੀ ਕਰਦੇ ਸਨ। ਉਥੋਂ ਦਾ ਚੌਧਰੀ ਸਾਹਿਬ ਰਾਏ ਸਿੱਖਾਂ ਦੇ ਖੇਤ ਵਿਚ ਘੋੜੀਆਂ ਛੱਡ ਦੇਂਦਾ ਸੀ। ਉਸਨੇ ਸਿੱਖਾਂ ਦੇ ਕਈ ਵਾਰ ਬੇਨਤੀ ਕਰਨ 'ਤੇ ਵੀ ਕੋਈ ਪ੍ਰਵਾਹ ਨਾ ਕੀਤੀ ਸਗੋਂ ਇਕ ਦਿਨ ਸਾਹਿਬ ਰਾਇ ਸਿੰਘਾਂ ਨੂੰ ਗਾਲ਼ਾਂ ਕੱਢ ਕੇ ਕਹਿਣ ਲੱਗਾ, "ਤੁਸੀਂ ਮੇਰੀਆਂ ਘੋੜੀਆਂ ਤੁਹਾਡੇ ਖੇਤਾਂ ਵਿਚੋਂ ਕੱਢਣ ਦੀ ਗੱਲ ਕਰਦੇ ਹੋ, ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੀ ਕੈਂਚੀ ਤੁਹਾਡੀਆਂ ਦਾੜ੍ਹੀਆਂ ਅਤੇ ਲੰਮੇ ਕੇਸਾਂ ਵਿਚ ਚਲੇਗੀ।"[38] ਇਹ ਬੋਲੀ ਸੁਣ ਕੇ ਸਿੱਖਾਂ ਦੇ ਤਨ ਤੇ ਮਨ ਨੂੰ ਅੱਗ ਲੱਗ ਗਈ। ਉਨ੍ਹਾਂ ਨੇ ਇਹ ਘੋੜੀਆਂ ਅਮਰ ਸਿੰਘ ਤੇ ਬਘੇਲ ਸਿੰਘ ਰਾਹੀਂ ਚੋਰੀ ਕਰਵਾ ਕੇ ਪਟਿਆਲਾ ਦੇ ਕਿਸੇ ਜੰਗਲੀ ਇਲਾਕੇ ਵਿਚ ਵੇਚ ਦਿੱਤੀਆਂ ਅਤੇ ਖੱਟਿਆ ਪੈਸਾ ਤਾਰਾ ਸਿੰਘ ਡੱਲਵਾਂ ਦੇ ਲੰਗਰ ਵਿਚ ਪਾ ਦਿੱਤਾ:

> ਅਗੋਂ ਲੈ ਲਖਮੀਰ ਸਿੰਘ ਸੰਧੂ ਜੰਗਲ ਬੇਚੀ ਜਾਇ।
> ਫਿਰ ਬਾਇ ਤਾਰੈ ਸਿੰਘ ਪਹਿ ਦਏ ਲੰਗਰ ਪੈਸੇ ਪਾਏ।।[39]

ਭਾਈ ਤਾਰਾ ਸਿੰਘ ਸਿਦਕੀ ਸਿੱਖ ਅਤੇ ਸੰਤ ਸਿਪਾਹੀ ਸੀ। ਸਾਹਿਬ ਰਾਏ ਨੇ ਸੂਹ ਕੱਢ ਕੇ ਅਮਰ ਸਿੰਘ ਤੇ ਬਘੇਲ ਸਿੰਘ ਦੀ ਭਾਲ ਕੀਤੀ ਤਾਂ ਉਹ ਨੱਸ ਕੇ ਤਾਰਾ ਸਿੰਘ ਦੇ ਡੇਰੇ ਆ ਗਏ। ਤਾਰਾ ਸਿੰਘ ਨੇ ਸਾਹਿਬ ਰਾਏ ਨੂੰ ਉਨ੍ਹਾਂ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਸਾਹਿਬ ਰਾਏ ਦੇ ਹਮਾਇਤੀ ਲਾਹੌਰ

---

[37] ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ (ਭਾਗ ਦੂਜਾ)*, ਪੰਨਾ-107.

[38] *Sahib Rai abused them saying " You talk of my horse's trespassing into your fields, I tell you my scissors will trespass into your beards and long hair"* Gandhi, Surjit Singh, *Sikh In The Eighteenth Century*, p. 89

[39] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-189

ਦਰਬਾਰ ਦੇ ਸ਼ਾਹੀ ਸੈਨਿਕਾਂ ਨੇ ਹਮਲਾ ਕਰ ਦਿੱਤਾ ਇਸ ਲੜਾਈ ਵਿਚ ਭਾਈ ਤਾਰਾ ਸਿੰਘ ਸਮੇਤ ਬਾਈ ਸਿੰਘ ਸ਼ਹੀਦ ਹੋਏ:

ਇਮ ਤਾਰੈ ਸ਼ਹੀਦੀ ਪਾਈ।
ਸਿੰਘ ਨਿਭੇ ਉਸ ਸੰਗ ਬਾਈ।।[40]

ਇਹ ਸਾਕਾ 1723 ਨੂੰ ਵਾਪਰਿਆ। ਤਾਰਾ ਸਿੰਘ ਦੀ ਸ਼ਹੀਦੀ ਨੇ ਸਿੱਖਾਂ ਵਿਚ ਜੋਸ਼ ਭਰ ਦਿੱਤਾ ਤੇ ਉਹਨਾਂ ਮੁਗ਼ਲ ਹਾਕਮਾਂ ਨੂੰ ਸਬਕ ਸਿਖਾਉਣ ਲਈ ਗੁਰਮਤਾ ਕੀਤਾ। ਇਸ ਗੁਰਮਤੇ ਅਨੁਸਾਰ ਸ਼ਾਹੀ ਖ਼ਜ਼ਾਨੇ, ਘੋੜੇ, ਹਥਿਆਰ ਲੁੱਟਣ ਅਤੇ ਮੁਗ਼ਲ ਹਕੂਮਤ ਦੇ ਮੁਖ਼ਬਰਾਂ ਤੇ ਮਦਦਗਾਰਾਂ ਨੂੰ ਸੋਧਣ ਦੀ ਵਿਚਾਰ ਕੀਤੀ ਗਈ। ਸਿੱਖ ਖੁੱਡੀਆਂ ਤੋਂ ਕਾਨ੍ਹਾ ਕੱਛਾ ਜ਼ਿਲ੍ਹਾ ਲਾਹੌਰ ਤੇ ਚਵਿੰਡਾ ਅੰਮ੍ਰਿਤਸਰ ਕੋਲ ਨਾਕੇ ਲਗਾਉਂਦੇ ਤੇ ਸ਼ਾਹੀ ਫੌਜ ਤੋਂ ਖ਼ਜ਼ਾਨਾ, ਘੋੜੇ ਤੇ ਹਥਿਆਰ ਲੁੱਟਦੇ। ਇਸ ਮਗਰੋਂ ਸਿੱਖਾਂ ਨੇ ਹੋਰ ਕਈ ਥਾਵਾਂ 'ਤੇ ਮੁਗ਼ਲ ਹਕੂਮਤ ਦੇ ਖ਼ਜ਼ਾਨੇ ਅਤੇ ਹਥਿਆਰ ਲੁੱਟ ਲਏ। ਇਹ ਸਾਰਾ ਕੁਝ ਮੁਗ਼ਲਾਂ ਦੇ ਨਿਜ਼ਾਮ ਨੂੰ ਹਿਲਾਉਣ ਲਈ ਸੀ। ਇਸ ਸਮੇਂ ਸਿੱਖਾਂ ਦੀ ਦਲੇਰੀ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ:

ਏਕ ਹੋਇ ਤਾਂ ਸੌ ਸੌ ਲਰੈਂ।
ਮਰਨੇ ਤੇ ਵੈ ਮੂਲ ਨ ਡਰੈਂ।।[41]

1726 ਵਿਚ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ। ਉਸ ਨੇ ਸਿੱਖਾਂ ਵਿਰੁੱਧ ਮੁਹਿੰਮ ਵਿੱਢ ਦਿੱਤੀ। ਇਸ ਲਈ ਵੀਹ ਹਜ਼ਾਰ "ਗਸ਼ਤੀ ਫੌਜ" ਭਰਤੀ ਕੀਤੀ। ਜਿਸਦਾ ਕੰਮ ਸਿੱਖਾਂ ਦਾ ਖੁਰਾ ਖੋਜ ਲੱਭਣਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨਾ ਸੀ। ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਸਿਰਾਂ ਦੇ ਇਨਾਮ ਵੀ ਰੱਖ ਦਿੱਤੇ।[42] ਸਿੱਖਾਂ ਨੇ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਉਹ ਲੁੱਟ ਮਾਰ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ ਅਤੇ ਉਨ੍ਹਾਂ ਦੀ ਮੁਗ਼ਲਾਂ ਨਾਲ ਟੱਕਰ ਚਲਦੀ ਰਹੀ।

## ਨਵਾਬੀ, ਖ਼ੁਦਮੁਖ਼ਤਾਰੀ ਬਨਾਮ ਸੁਤੰਤਰਤਾ

ਭੀਲੋਂਵਾਲ ਦੀ ਲੜਾਈ ਵਿਚ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਦਾ ਸਿੱਖਾਂ ਨੇ ਬਹੁਤ ਨੁਕਸਾਨ ਕੀਤਾ। ਇਹ ਲੜਾਈ ਫ਼ੈਸਲਾਕੁਨ ਸੀ ਜਿਸ ਨੇ ਜ਼ਕਰੀਆ ਖ਼ਾਨ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਬਹੁਤੀ ਸਖਤ ਨੀਤੀ ਲਾਹੇਵੰਦ ਨਹੀਂ ਰਹੇਗੀ। ਲਾਚਾਰ ਹੋ ਕੇ ਜ਼ਕਰੀਆ ਖ਼ਾਨ ਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ

---

[40] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-198.
[41] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-305
[42] ਉਹੀ, ਪੰਨਾ-282

ਸੋਚੀ। ਇਸ ਨਵੀਂ ਨੀਤੀ ਦੇ ਅਧੀਨ ਜ਼ਕਰੀਆ ਖ਼ਾਨ ਨੇ 1733 ਈ. ਵਿਚ ਭਾਈ ਸੁਬੇਗ ਸਿੰਘ ਨਾਂ ਦੇ ਸਿੱਖ ਨੂੰ ਬੁਲਾ ਕੇ ਸਿੱਖਾਂ ਲਈ ਗੁਰੂ ਦਾ ਚੱਕ ਅਤੇ ਆਲੇ-ਦੁਆਲੇ ਦੇ ਸਾਰੇ ਪਰਗਨਿਆਂ ਦੀ ਜਾਗੀਰ ਅਤੇ 'ਨਵਾਬੀ' ਦਾ ਖਿਤਾਬ ਦੇਣ ਦੀ ਗੱਲ ਵੀ ਕੀਤੀ:

ਦੈ ਖਿਲਤ ਏਤੀ ਗਲ ਕਹੀ।ਪੁਸ਼ਾਕ ਨ ਜਾਨਯੋ ਯਹਿ ਨਿਬਾਬੀ ਭਈ।
ਇਸੀ ਸਾਥ ਹੋਗੁ ਲਿਖੀ ਜਗੀਰ।ਇਸੀ ਸਾਥ ਹੋਗੁ ਮੁਲਕ ਤਤਬੀਰ।
ਇਹ ਹੈ ਨਿਬਾਬੀ ਅਧ ਸੂਬੇਦਾਰੀ।ਉਸੈ ਮਿਲੈਗੀ ਰੱਯਤ ਸਾਰੀ।।[43]

ਸਿੱਖ ਜਾਣਦੇ ਸਨ ਕਿ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਇਹ ਨਵਾਬੀ ਮਜ਼ਬੂਰ ਹੋ ਕੇ ਦਿੱਤੀ ਹੈ। ਉਨ੍ਹਾਂ ਨੂੰ ਪਤਾ ਸੀ ਕਿ ਅਸਲ ਪਾਤਸ਼ਾਹੀ ਤਾਂ ਗੁਰੂ ਨੇ ਬਖ਼ਸ਼ਣੀ ਹੈ। ਕੁਝ ਸਿੰਘਾਂ ਨੇ ਇਸ ਨਵਾਬੀ ਨੂੰ ਮੁਗ਼ਲਾਂ ਦੀ ਤਾਬੇਦਾਰੀ ਕਹਿ ਕੇ ਠੁਕਰਾ ਦਿੱਤਾ ਸੀ ਤੇ ਕਿਹਾ:

ਪਤਸ਼ਾਹੀ ਛਡ ਕਿਮ ਲਹੈਂ ਨਿਵਾਬੀ, ਪਰਾਧੀਨ ਜਿਹ ਮਾਂਹਿਖਰਾਬੀ।
ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ।
ਜਹਿੰ ਜਹਿੰ ਬਹੈਂ ਜਮੀਨ ਮਲ ਤਹਿੰ ਤਹਿੰ ਤਖਤ ਬਨਾਇੰ।।[44]

ਦੂਜੇ ਪਾਸੇ ਕੁਝ ਸਿੱਖ ਆਗੂਆਂ ਨੇ ਵਕਤੀ ਤੌਰ 'ਤੇ ਇਹ ਪੇਸ਼ਕਸ਼ ਕਬੂਲ ਕਰ ਲਈ ਸੀ। ਸਰਬੱਤ ਖ਼ਾਲਸਾ ਨੇ ਇਹ ਪੇਸ਼ਕਸ਼ ਕਬੂਲ ਕਰਨ ਲਈ ਗੁਰਮਤਾ ਕੀਤਾ ਤਾਂ ਜੋ ਇਸ ਸਮੇਂ ਖ਼ਾਲਸਾ ਫ਼ੌਜ ਨੂੰ ਵੀ ਜਥੇਬੰਦ ਕੀਤਾ ਜਾ ਸਕੇਗਾ। "ਜਦੋਂ ਸਾਰੇ ਪਾਸੇ ਤੋਂ ਦਬਾਅ ਪੈਣ ਲੱਗਾ ਤਾਂ ਕਪੂਰ ਸਿੰਘ ਇਸ ਕੰਮ ਲਈ ਸਹਿਮਤ ਹੋ ਗਿਆ, ਪਰ ਉਸਨੇ ਨਵਾਬੀ ਦੀ ਇਹ ਖਿੱਲਤ ਪੰਜ ਭੁਜੰਗੀਆਂ ਦੇ ਪੈਰਾਂ ਨੂੰ ਛੁਹਾ ਕੇ ਕਬੂਲ ਕੀਤੀ, ਇਸ ਤਰ੍ਹਾਂ ਕਪੂਰ ਸਿੰਘ ਨਵਾਬ ਬਣ ਗਿਆ।"[45] ਇਸ ਸਮੇਂ ਇਹ ਸਮਝੌਤਾ ਵੀ ਹੋਇਆ ਕਿ ਨਵਾਬ ਕਪੂਰ ਸਿੰਘ ਜਾਂ ਸਰਬੱਤ ਖ਼ਾਲਸਾ ਮੁਗ਼ਲਾਂ ਦੇ ਦਰਬਾਰ ਵਿਚ ਪੇਸ਼ ਨਹੀਂ ਹੋਇਆ ਕਰੇਗਾ। ਇਸ ਤਰ੍ਹਾਂ ਪੰਜਾਬ ਵਿਚ ਦੋਹਰੀ ਕੌਮੀਅਤ ਦਾ ਰਾਜ ਹੋਇਆ। ਨਵਾਬ ਕਪੂਰ ਸਿੰਘ ਸਾਰੇ ਸਿੰਘਾਂ ਵਿਚ ਮਹਾਨ ਪਵਿੱਤਰ ਜੀਵਨ ਵਾਲਾ ਸੰਤ ਮੰਨਿਆ ਜਾਂਦਾ ਸੀ ਤੇ ਸਾਰਾ ਪੰਥ ਉਸਨੂੰ ਸਤਿਕਾਰ ਦਿੰਦਾ ਸੀ। ਨਵਾਬ ਕਪੂਰ ਸਿੰਘ ਨਿਡਰ ਯੋਧਾ ਤੇ ਅਜਿਹਾ ਆਗੂ ਸੀ ਜਿਸਦਾ ਨਿਰਣਾ ਅਚੂਕ ਹੁੰਦਾ ਸੀ।[46] ਨਵਾਬੀ ਨਾਲ ਸਿੱਖਾਂ ਨੂੰ 18 ਪਿੰਡਾਂ ਦਾ ਇਲਾਕਾ ਦਿੱਤਾ ਗਿਆ। ਖ਼ਾਲਸਾ ਫ਼ੌਜ ਨੂੰ ਤਰੁਨਾ ਦਲ ਅਤੇ ਬੁੱਢਾ ਦਲ ਵਿਚ ਵੰਡਿਆ ਗਿਆ। ਗੁਰਦੁਆਰਿਆਂ ਦੀ ਸੇਵਾ ਦਾ

---

[43] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-283

[44] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-213.

[45] "*When pressed hard on all sides, he agreed, but on the condition that five should touch with their sacred feet the command, this was done and Kapur singh became a Nawab."* Gopal Singh, *A History of the Sikh People( 1469-1978),* p.360

[46] M' Gregor, W.L., *History of the Sikhs (vol.I)*, p.128

ਕੰਮ ਬੁੱਢਾ ਦਲ ਨੂੰ ਦਿੱਤਾ ਗਿਆ ਤੇ ਕੌਮ ਦੀ ਸੁਤੰਤਰਤਾ ਅਤੇ ਰਾਖੀ ਦਾ ਕੰਮ ਤਰੁਨਾ ਦਲ ਨੂੰ। ਤਰੁਨਾ ਦਲ ਦੀ ਫ਼ੌਜ ਦੀ ਗਿਣਤੀ 12 ਹਜ਼ਾਰ ਸੀ। ਕਪੂਰ ਸਿੰਘ ਨਵਾਬੀ ਦੇ ਬਾਵਜੂਦ ਘੋੜਿਆਂ ਦੀ ਪਹਿਲਾਂ ਵਾਂਗ ਹੀ ਸੇਵਾ ਕਰਦਾ ਰਿਹਾ। ਨਵਾਬ ਕਪੂਰ ਸਿੰਘ ਇਸ ਸਮੇਂ ਦੌਰਾਨ ਇਕ ਦਿਨ ਲਾਹੌਰ ਦੇ ਚਬੂਤਰੇ 'ਤੇ ਚੜ ਕੇ ਕੋਤਵਾਲ ਦੀ ਗੱਦੀ 'ਤੇ ਜਾ ਬੈਠਦਾ ਹੈ ਤੇ ਹੁਕਮ ਦਿੰਦਾ ਹੈ ਕਿ ਡੱਕੇ ਕੈਦੀਆਂ ਦੀ ਬੰਦ-ਖ਼ਲਾਸੀ ਕਰੋ ਅਤੇ ਖ਼ਜ਼ਾਨੇ ਵਿਚ ਜੋ ਮਾਲ ਹੈ ਹਾਜ਼ਰ ਕਰੋ। ਇਸਤੋਂ ਬਾਅਦ ਉਹ ਕੋਤਵਾਲ ਨੂੰ ਆਖਦਾ ਹੈ ਕਿ ਆਪਣੇ ਮੁਖੀ ਨੂੰ ਦੱਸ ਦੇਣਾ ਕਿ ਵੱਡੇ ਪਾਤਸ਼ਾਹ ਨਵਾਬ ਕਪੂਰ ਸਿੰਘ ਆਏ ਹਨ।[47] ਭੰਗੂ ਨੇ ਇਸ ਘਟਨਾ ਨੂੰ ਬਿਆਨ ਕੀਤਾ ਹੈ :

ਜਾਤ ਜਾਤ ਜਾ ਪੁਜਯੋ ਲਾਹੌਰ।ਜਾਇ ਬੈਠਯੋ ਸੁ ਚਬੂਤਰੈ ਠੌਰ।
ਪਹਰ ਦੋਇ ਤਹਿੰ ਹੁਕਮ ਚਲਾਇ।ਤੌ ਖਬਰਪੁੰਨੀ ਤੁਰਕ ਕਿਲੈ ਜੁਜਾਇ।।[48]

ਨਵਾਬ ਕਪੂਰ ਸਿੰਘ ਦਾ ਇਸ ਤਰ੍ਹਾਂ ਅਚਾਨਕ ਲਾਹੌਰ ਪਹੁੰਚ ਕੇ ਚਬੂਤਰੇ 'ਤੇ ਬੈਠ ਕੇ ਹੁਕਮ ਚਲਾਉਣਾ ਸੰਕੇਤ ਦਿੰਦਾ ਹੈ ਕਿ ਉਹ ਮੁਗ਼ਲ ਹਕੂਮਤ ਨੂੰ ਦੱਸਣਾ ਚਾਹੁੰਦਾ ਸੀ ਕਿ ਅਸੀਂ ਕੇਵਲ ਨਵਾਬੀ ਹੀ ਨਹੀਂ ਸਗੋਂ ਲਾਹੌਰ ਦੀ ਸੁਤੰਤਰ ਪਾਤਸ਼ਾਹੀ ਵੀ ਲੈਣੀ ਹੈ। ਜ਼ਕਰੀਆ ਖ਼ਾਨ ਦੇ ਸਿੱਖਾਂ ਨਾਲ ਸਮਝੌਤੇ ਤੋਂ ਦਿੱਲੀ ਦੀ ਹਕੂਮਤ ਨਰਾਜ਼ ਰਹਿਣ ਲੱਗੀ। ਜਦੋਂ ਉਸਨੇ ਦੇਖਿਆ ਕਿ ਥਾਂ-ਥਾਂ ਸਿੱਖ ਰਾਜੇ ਬਣੀ ਜਾਂਦੇ ਹਨ। ਆਮ ਲੋਕ ਵੀ ਸਿੱਖਾਂ ਤੋਂ ਹੀ ਰੱਖਿਆ ਮੰਗਦੇ ਅਤੇ ਰੱਖਿਆ ਵਜੋਂ ਸਹਾਇਤਾ ਦਿੰਦੇ ਹਨ। ਇਨਸਾਫ਼ ਲਈ ਅਕਾਲ ਤਖ਼ਤ ਪੁੱਜਦੇ ਤੇ ਰਕਮ ਦਰਬਾਰ ਸਾਹਿਬ ਨਤਮਸਤਕ ਹੁੰਦੇ ਹਨ। ਇਹ ਸਭ ਦੇਖ ਕੇ ਉਸ ਨੇ ਸੋਚਿਆ ਕਿ ਸਿੱਖਾਂ ਦੀ ਚੜ੍ਹਤ ਦਾ ਕਾਰਨ ਜਾਗੀਰ ਹੀ ਹੈ ਅਤੇ 1734 ਨੂੰ ਇਹ ਜਾਗੀਰ ਵਾਪਸ ਲੈ ਲਈ।[49] ਚਾਰ ਪੰਜ ਮਹੀਨੇ ਬੀਤ ਜਾਣ ਮਗਰੋਂ ਸਿੱਖਾਂ ਨੇ ਮਹਿਸੂਸ ਕੀਤਾ ਕਿ ਮੁਗ਼ਲਾਂ ਤੋਂ ਨਵਾਬੀ ਕਬੂਲ ਕਰਨਾ ਸਿੱਖ ਫ਼ਲਸਫ਼ੇ ਦੇ ਉਲਟ ਸੀ। ਉਨ੍ਹਾਂ ਅੱਗੇ ਗੋਡੇ ਟੇਕਣ ਬਰਾਬਰ ਹੈ ਤੇ ਇਹ ਉਨ੍ਹਾਂ ਨੂੰ ਤਾਬੇਦਾਰੀ ਦਾ ਅਹਿਸਾਸ ਕਰਵਾਉਂਦੀ ਹੈ। ਉਨ੍ਹਾਂ ਨੇ ਫਿਰ ਜ਼ਕਰੀਆ ਖ਼ਾਨ ਦੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਪਛਾਣ ਲਿਆ ਅਤੇ ਸ਼ਾਹੀ ਇਲਾਕਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ।

ਭਾਈ ਮਨੀ ਸਿੰਘ ਦੀ ਸ਼ਹੀਦੀ ਹੱਕ, ਸੱਚ ਅਤੇ ਸੁਤੰਤਰਤਾ ਲਈ ਬੰਦ-ਬੰਦ ਕਟਵਾਉਣ ਤੱਕ ਦੀ ਨਸੀਹਤ ਦਿੰਦੀ ਹੈ। ਬੰਦਾ ਸਿੰਘ ਬਹਾਦਰ ਦੇ ਪਿੱਛੋਂ ਪੰਦਰਾਂ ਸਾਲ ਤੱਕ ਭਾਈ ਮਨੀ ਸਿੰਘ ਨੇ ਸਿੱਖਾਂ ਦੀ ਅਗਵਾਈ ਕੀਤੀ। ਭਾਈ ਸਾਹਿਬ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਨ। 26 ਅਕਤੂਬਰ ਨੂੰ ਦੀਵਾਲੀ ਦੇ ਦਿਨ

---

[47] ਹੋਤੀ, ਪ੍ਰੇਮ ਸਿੰਘ ਬਾਵਾ, *ਨਵਾਬ ਕਪੂਰ ਸਿੰਘ,* ਪੰਨਾ-68,69.

[48] ਭੰਗੂ, ਭਾਈ ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-217.

[49] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-301

ਭਾਈ ਮਨੀ ਸਿੰਘ ਨੇ ਸਰਬੱਤ ਖ਼ਾਲਸਾ ਅੰਮ੍ਰਿਤਸਰ ਵਿਚ ਬੁਲਾਉਣ ਦਾ ਫ਼ੈਸਲਾ ਕੀਤਾ। ਇਸ ਇਕੱਠ ਦਾ ਮੰਤਵ ਸੁਤੰਤਰ ਸਿੱਖ ਰਾਜ ਦੀ ਪ੍ਰਾਪਤੀ ਲਈ ਸਿੱਖਾਂ ਨੂੰ ਜਥੇਬੰਦ ਕਰਨਾ ਸੀ। ਮੁਗ਼ਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ 5 ਹਜ਼ਾਰ ਰੁਪਏ ਕਰ ਜਮ੍ਹਾ ਕਰਵਾਉਣ ਲਈ ਕਿਹਾ। ਜੰਡਿਆਲਾ ਦੇ ਹਰਭਗਤ ਨਿਰੰਜਨੀਆ ਅਤੇ ਛੀਨਾ ਦੇ ਕਰਮਾ ਨੇ ਜ਼ਕਰੀਆ ਖ਼ਾਨ ਨੂੰ ਸਲਾਹ ਦਿੱਤੀ ਕਿ ਮੌਕੇ ਦਾ ਫ਼ਾਇਦਾ ਉਠਾ ਕੇ ਇਕੱਠੇ ਹੋਏ ਖ਼ਾਲਸੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਇਸ ਕੰਮ ਲਈ ਲਖਪਤ ਰਾਇ ਨੇ ਫ਼ੌਜ ਇਕੱਤਰ ਕਰ ਲਈ। ਸਿੱਖਾਂ ਨੂੰ ਇਸ ਦੀ ਖ਼ਬਰ ਮਿਲ ਗਈ ਸੀ। ਉਹ ਬਹੁਤ ਘੱਟ ਗਿਣਤੀ ਵਿਚ ਦਰਬਾਰ ਸਾਹਿਬ ਇਕੱਠੇ ਹੋਏ। ਚੜ੍ਹਾਵਾ ਘੱਟ ਹੋਇਆ ਤੇ ਭਾਈ ਮਨੀ ਸਿੰਘ ਨੂੰ ਵਿਸਾਖੀ ਤੱਕ ਦਾ ਸਮਾਂ ਲੈਣਾ ਪਿਆ। ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਵਿਸਾਖੀ 'ਤੇ ਜ਼ਕਰੀਆ ਖ਼ਾਨ ਸਿੱਖਾਂ ਦੇ ਇਕੱਠ 'ਤੇ ਹਮਲਾ ਕਰਨਾ ਚਾਹੁੰਦਾ ਹੈ ਤਾਂ ਭਾਈ ਮਨੀ ਸਿੰਘ ਨੇ ਸਿੱਖਾਂ ਨੂੰ ਗੁਰੂ ਕਾ ਚੱਕ ਆਉਣ ਤੋਂ ਰੋਕ ਦਿੱਤਾ। ਇਸ ਸੰਦੇਸ਼ ਤੋਂ ਅਣਜਾਣ ਕੁਝ ਸਿੰਘ ਜਿਹੜੇ ਭਾਈ ਮਨੀ ਸਿੰਘ ਦਾ ਸੁਨੇਹਾ ਨਾ ਮਿਲਣ ਕਾਰਨ ਪਹੁੰਚ ਗਏ, ਦੀਵਾਨ ਲਖਪਤ ਰਾਇ ਨੇ ਮਾਰ ਦਿੱਤੇ। ਵਿਸਾਖੀ 'ਤੇ ਚੜ੍ਹਾਵਾ ਘੱਟ ਹੋਇਆ। ਸਿੱਟੇ ਵਜੋਂ ਲਖਪਤ ਰਾਇ ਨੇ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਜ਼ਕਰੀਆ ਖ਼ਾਨ ਨੇ ਭਾਈ ਮਨੀ ਸਿੰਘ ਨੂੰ ਕਿਹਾ ਕਿ ਜੇ ਜਾਨ ਦਾ ਬਚਾਅ ਕਰਨਾ ਹੈ ਤਾਂ ਇਸਲਾਮ ਕਬੂਲ ਕਰੋ ਪਰ ਭਾਈ ਮਨੀ ਸਿੰਘ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਲਾਹੌਰ ਦੇ ਨਖ਼ਾਸ ਚੌਕ ਵਿਚ ਭਾਈ ਮਨੀ ਸਿੰਘ ਦੇ ਸਰੀਰ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਉਹਨਾਂ ਨੇ ਪੂਰੇ ਸਿਦਕ ਤੇ ਅਡੋਲਤਾ ਨਾਲ ਇਹ ਤਸੀਹੇ ਬਰਦਾਸ਼ਤ ਕੀਤੇ:

> ਖਾਨ ਕਹਯੋ, ਹੋਹੁ, ਮੁੱਸਲਮਾਨ। ਤਦ ਛੌਡੈਂਗੇ ਤੁਮਰੀ ਜਾਨ।।
> ਬੰਦ ਬੰਦ ਜੁਦੋ ਸਿੰਘ ਮਨੀ ਕਹਾਵੋ। ਇਮ ਕਰ ਚਹੀਯਤ ਜਗਤ ਦਿਖਾਵੋ।।[50]

ਭਾਈ ਮਨੀ ਸਿੰਘ ਦੇ ਨਾਲ ਦੇ ਸਿੱਖ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹੀ ਗਈ, ਭੂਪਤ ਸਿੰਘ ਦੀਆਂ ਅੱਖਾਂ ਕੱਢੀਆਂ ਗਈਆਂ ਤੇ ਉਸਨੂੰ ਚਰਖੜੀ ਤੇ ਚਾੜ ਕੇ ਸ਼ਹੀਦ ਕੀਤਾ ਗਿਆ। ਅਨੇਕ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ, ਲਿੱਦ ਤੇ ਹੱਡੀਆਂ ਦਾ ਮਲਬਾ ਪਾ ਕੇ ਪੂਰ ਦਿੱਤਾ:

> ਖਾਨ ਬਹਾਦਰ ਦੁਸ਼ਟ ਨੇ, ਅੰਮ੍ਰਿਤਸਰ ਗੁਰ ਤਾਲ।
> ਮਿੱਟੀ ਸਾਥ ਭਰਾਯੋ, ਲਿੱਦ ਚਮ ਹੱਡ ਡਾਲ।।[51]

---

[50] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-298

[51] ਗਰਜਾ ਸਿੰਘ, ਗਿਆਨੀ (ਸੰਪਾ.), *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਪੰਨਾ-188

ਭਾਈ ਮਨੀ ਸਿੰਘ ਦੀ ਸ਼ਹੀਦੀ ਨੇ ਸਿੱਖਾਂ ਵਿਚ ਮੁਗ਼ਲਾਂ ਵਿਰੁੱਧ ਕ੍ਰੋਧ ਪੈਦਾ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜਾਗੀਰ ਦੀ ਥਾਂ 'ਤੇ ਖ਼ਾਲਸਾ ਰਾਜ ਕਾਇਮ ਕਰਨ ਦੇ ਯਤਨ ਆਰੰਭ ਦਿੱਤੇ। ਨਵਾਬ ਕਪੂਰ ਸਿੰਘ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਸਿੱਖਾਂ ਦਾ ਕਤਲੇਆਮ ਚਲਦਾ ਰਿਹਾ। ਇਸ ਦਰਮਿਆਨ ਜ਼ਕਰੀਆ ਖ਼ਾਨ ਸਿੱਖਾਂ ਨਾਲ ਦੋਹਰੀ ਰਣਨੀਤੀ ਖੇਡਦਾ। ਉਹ ਇਕ ਪਾਸੇ ਸਿੱਖਾਂ ਨੂੰ ਅਹੁਦਿਆਂ ਦੀ ਪੇਸ਼ਕਸ਼ ਕਰਦਾ ਹੈ ਤੇ ਦੂਜੇ ਪਾਸੇ ਬਹਾਨਾ ਲੱਭ ਕੇ ਮਾਰ ਦਿੰਦਾ ਸੀ।

1736 ਨੂੰ ਅਫ਼ਗਾਨੀ ਬਾਦਸ਼ਾਹ ਨਾਦਰਸ਼ਾਹ ਨੇ ਦਿੱਲੀ 'ਤੇ ਚੜ੍ਹਾਈ ਕਰਕੇ ਹਜ਼ਾਰਾਂ ਦਿੱਲੀ ਵਾਸੀ ਕਤਲ ਕਰ ਦਿੱਤੇ। ਕਰੋੜਾਂ ਰੁਪਏ ਦਾ ਸੋਨਾ ਤੇ ਹੀਰੇ ਜਵਾਹਰਾਤ, ਕਰੋੜਾਂ ਰੁਪਏ ਨਕਦ, ਡੇਢ ਹਜ਼ਾਰ ਘੋੜੇ, ਹਜ਼ਾਰਾਂ ਊਠ, ਇੱਕ ਹਜ਼ਾਰ ਹਾਥੀ, ਹਜ਼ਾਰਾਂ ਕਾਰੀਗਰ, ਹਜ਼ਾਰਾਂ ਖ਼ੂਬਸੂਰਤ ਔਰਤਾਂ ਸਮੇਤ ਬਾਦਸ਼ਾਹ ਦੀ ਜਵਾਨ ਧੀ ਨੂੰ ਆਪਣੀ ਨੂੰਹ ਬਣਾ ਕੇ, ਕੋਹੇਨੂਰ ਹੀਰਾ ਅਤੇ ਤਖਤੇ ਤਾਊਸ ਲੈ ਕੇ ਮਈ 1739 ਨੂੰ ਈਰਾਨ ਵਾਪਸ ਚੱਲ ਪਿਆ।[52] ਸਿੱਖਾਂ ਨੇ ਨਾਦਰਸ਼ਾਹ ਦੀ ਫ਼ੌਜ 'ਤੇ ਹਮਲੇ ਕਰਕੇ ਸਾਰੀਆਂ ਹਿੰਦੂ ਔਰਤਾਂ ਨੂੰ ਛੁਡਾ ਲਿਆ। ਅਸਲਾ, ਘੋੜੇ ਤੇ ਖ਼ਜ਼ਾਨਾ ਲੁੱਟ ਲਿਆ। ਜਾਰਜ ਫਾਸਟਰ, ਸਿੰਘ ਜਥਿਆਂ ਵੱਲੋਂ ਨਾਦਰਸ਼ਾਹ ਦੀ ਲੁੱਟਮਾਰ ਕਰਨ ਬਾਰੇ ਦੱਸਦਾ ਹੈ, "ਜਦੋਂ ਨਾਦਰਸ਼ਾਹ ਦੀ ਫ਼ੌਜ ਲੁੱਟਮਾਰ ਦੇ ਸਮਾਨ ਨਾਲ ਲੱਦੀ ਹੋਈ ਵਾਪਸ ਜਾ ਰਹੀ ਸੀ ਤਾਂ ਸਿੱਖਾਂ ਨੇ ਪਿਛਲੇ ਪਾਸਿਉਂ ਬੜਾ ਭਿਆਨਕ ਹਮਲਾ ਕੀਤਾ ਅਤੇ ਫ਼ੌਜ ਤੋਂ ਲੁੱਟ ਦੇ ਸਮਾਨ ਦਾ ਬਹੁਤ ਤਕੜਾ ਹਿੱਸਾ ਖੋਹ ਲਿਆ।"[53]

ਸਿੱਖਾਂ ਨੂੰ ਸਬਕ ਸਿਖਾਉਣ ਲਈ ਨਾਦਰਸ਼ਾਹ ਜ਼ਕਰੀਆ ਖ਼ਾਨ ਤੋਂ ਸਿੱਖਾਂ ਦੇ ਟਿਕਾਣਿਆਂ ਬਾਰੇ ਪੁੱਛਦਾ ਹੈ ਤਾਂ ਜ਼ਕਰੀਆ ਖ਼ਾਨ ਕਹਿੰਦਾ ਹੈ ਕਿ ਸਿੱਖਾਂ ਦੇ ਘਰ ਘੋੜਿਆਂ ਦੀ ਕਾਠੀਆਂ ਹਨ ਇਹ ਅੰਮ੍ਰਿਤ ਛਕ ਕੇ ਇੰਨੇ ਤਾਕਤਵਰ ਹੋ ਜਾਂਦੇ ਹਨ ਤੇ ਬੁਜ਼ਦਿਲ ਵੀ ਸ਼ੇਰ ਬਣ ਜਾਂਦੇ ਹਨ। ਇਹਨਾਂ ਨੂੰ ਮੌਤ ਦੀ ਪ੍ਰਵਾਹ ਨਹੀਂ ਹੈ। ਇਨ੍ਹਾਂ ਪਿੱਛੇ ਗੁਰੂ ਦੀ ਤਾਕਤ ਹੈ। ਇਹਨਾਂ ਨੂੰ ਪੈਦਾ ਕਰਨ ਵਾਲਾ ਗੁਰੂ ਨਾਨਕ ਹੈ ਤੇ ਇਹਨਾਂ ਦੇ ਗੁਰੂ ਤੇਗ਼ ਬਹਾਦਰ ਨੂੰ ਮੁਗ਼ਲ ਰਾਜਿਆਂ ਨੇ ਦਿੱਲੀ ਵਿਚ ਕਤਲ ਕੀਤਾ ਸੀ:

> ਤਬ ਨਾਦਰ ਸੁਨ ਸੀਸ ਹਿਲਾਯੋ।
> ਅਪਨੋ ਕੀਨੋ ਅਬ ਤੁਮ ਪਾਯੋ।

---

[52] ਦਿਲਗੀਰ, *ਸਿੱਖ ਤਵਾਰੀਖ (1708-1849)*, ਪੰਨਾ-487

[53] "*When the Nadirs army were returning homewards Laden with spoil and their success and the general dread entertained of them, regardless of Regularity and discipline they were fiercely attacked by the Sikhs who routed their rear and stripped them of read part of their plunder,"* Ganda Singh(Ed.), *Early European Accounts of the Sikhs send history of origin and progress of the Sikh,* p.79-80

ਸੋ ਅਬ ਜੀਤੇ ਜਾਵੈਂ ਨਾਹੀਂ।
ਜਿਨ ਕੈ ਸਾਹਿਬ ਆਪ ਪਨਾਹੀਂ।।[54]

ਤਾਂ ਨਾਦਰਸ਼ਾਹ ਨੇ ਜਾਣ ਵੇਲੇ ਜ਼ਕਰੀਆ ਖ਼ਾਨ ਨੂੰ ਕਿਹਾ ਤੁਹਾਨੂੰ ਹੁਣ ਆਪਣੇ ਕੀਤਿਆਂ ਦੀ ਸਜ਼ਾ ਮਿਲੇਗੀ। ਨਾਦਰਸ਼ਾਹ ਦੇ ਹਮਲੇ ਸਮੇਂ, "ਵਿਦੇਸ਼ੀਆਂ ਨਾਲ ਸਬੰਧ ਨਾ ਰੱਖਣ ਵਾਲੇ ਲੋਕ ਕੇਵਲ ਸਿੱਖ ਹੀ ਸਨ। ਭਾਰਤੀ ਬੰਦੀਆਂ ਨੂੰ ਨਾਦਰਸ਼ਾਹ ਪਾਸੋਂ ਮੁਕਤ ਕਰਵਾਉਣ ਨਾਲ ਉਨ੍ਹਾਂ ਦੀ ਪ੍ਰਤਿਸ਼ਠਾ ਵਧੀ, ਉਹ ਸੁਤੰਤਰਤਾ ਸੰਗਰਾਮੀਏ ਕਰਕੇ ਮਸ਼ਹੂਰ ਹੋਏ।[55] ਨਾਦਰਸ਼ਾਹ ਦੀ ਸਿੱਖਾਂ ਬਾਰੇ ਟਿੱਪਣੀ ਸੁਣ ਕੇ ਜ਼ਕਰੀਆ ਖ਼ਾਨ ਘਬਰਾ ਗਿਆ ਉਸਨੇ ਸਿੱਖਾਂ ਦਾ ਦੁਬਾਰਾ ਖਾਤਮਾ ਕਰਨਾ ਆਰੰਭ ਕਰ ਦਿੱਤਾ। ਸਿੱਖਾਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਪਨਾਹ ਦੇਣ ਨੂੰ ਮੌਤ ਦੀ ਸਜ਼ਾ ਯੋਗ ਜੁਰਮ ਬਣਾ ਦਿੱਤਾ। ਸਿੱਖਾਂ ਦਾ ਸ਼ਿਕਾਰ ਲਾਹੇਵੰਦ ਧੰਦਾ ਬਣ ਗਿਆ। ਛੀਨਾ ਪਿੰਡ ਦਾ ਕਰਮ, ਤਲਵੰਡੀ ਦਾ ਰਾਮ ਰੰਧਾਵਾ, ਜੰਡਿਆਲਾ ਦਾ ਹਰਭਗਤ ਨਿਰੰਜਨੀਆ, ਮੰਡਿਆ ਦੇ ਮੱਸਾ ਰੰਗੜ ਨੇ ਇਨਾਮ ਲੈਣ ਬਦਲੇ ਸਿੱਖਾਂ ਦੇ ਸਿਰਾਂ ਦੇ ਭਰੇ ਗੱਡੇ ਲਿਆਂਦੇ। ਸਿੱਖਾਂ 'ਤੇ ਕੀਤੇ ਗਏ ਜ਼ੁਲਮਾਂ ਦੀ ਕਹਾਣੀ ਨੂੰ ਭੰਗੂ ਬਿਆਨ ਕਰਦਾ ਹੈ ਕਿ ਸਿੱਖਾਂ ਦਾ ਜਾਨਵਰਾਂ ਦੀ ਤਰ੍ਹਾਂ ਸ਼ਿਕਾਰ ਕੀਤਾ ਜਾਂਦਾ ਸੀ:

ਸਿਰ ਪਰ ਹੋਵੈ ਜਿਸ ਕੇ ਕੇਸ।
ਰਹਣ ਨ ਦੇਨੋਂ ਅਪਣੇ ਦੇਸ।
ਟੋਲ ਟੋਲ ਸਿੰਘਨ ਕੋ ਮਾਰੇ।
ਜੈਸੇ ਮਾਰੇ ਟੋਲ ਸ਼ਿਕਾਰੇ।[56]

ਇਸ ਸਮੇਂ ਇਕ ਹੋਰ ਘਟਨਾ ਸਿੱਖਾਂ ਦੀ ਸੁਤੰਤਰ ਹੋਂਦ ਦੀ ਗਵਾਹੀ ਭਰਦੀ ਹੈ ਜਿਸ ਵਿਚ ਸਿੱਖਾਂ ਦੀ ਰਾਜਸੀ ਚੇਤਨਾ ਦਾ ਸਪਸ਼ਟ ਝਲਕਾਰਾ ਦਿਖਾਈ ਦਿੰਦਾ ਹੈ। ਜਦੋਂ ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਖਾਤਮੇ ਦਾ ਐਲਾਨ ਕਰ ਦਿੱਤਾ ਅਤੇ ਆਮ ਲੋਕ ਵੀ ਇਹ ਸਮਝਣ ਲੱਗ ਪਏ ਸਨ ਕਿ ਸਿੱਖ ਹੁਣ ਮੂਲੋਂ ਹੀ ਖ਼ਤਮ ਹੋ ਗਏ ਹਨ। ਉਦੋਂ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਸਿੱਖਾਂ ਦੀ ਪਛਾਣ ਤੇ ਖ਼ੁਦਮੁਖ਼ਤਿਆਰੀ ਦਿਖਾਉਣ ਲਈ ਜਰਨੈਲੀ ਰਸਤੇ 'ਤੇ ਨਾਕਾ ਲਗਾ ਕੇ ਟੈਕਸ ਵਸੂਲ ਕਰਨਾ ਆਰੰਭ ਕਰ ਦਿੱਤਾ ਤੇ ਜ਼ਕਰੀਆ ਖ਼ਾਨ ਨੂੰ ਸੁਨੇਹਾ ਭੇਜ ਦਿੱਤਾ ਕਿ ਸਿੱਖ ਅਜੇ ਜਿਊਂਦੇ ਹਨ। ਜ਼ਕਰੀਆ ਖ਼ਾਨ ਨੇ ਸਿੰਘਾਂ ਦੇ ਖ਼ਾਤਮੇ ਲਈ 100 ਸੈਨਿਕ ਭੇਜੇ:

ਚਿੱਠੀ ਲਿਖੀ ਯੌਂ ਸਿੰਘ ਬੋਤਾ।।
ਹੱਥ ਹੈ ਸੋਟਾ ਵਿਚ ਰਾਹ ਖੜੋਤਾ।।

---

[54] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-305
[55] ਖੁਸ਼ਵੰਤ (ਡਾ.), *ਸਿੱਖ ਹਿਸਟਰੀ,* ਪਿਆਰਾ ਸਿੰਘ ਐਮ. ਏ. (ਅਨੁ.), ਪੰਨਾ-95.
[56] *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-306-307

ਆਖ ਭਾਬੀ ਖਾਨੋ ਨੂੰ ਯੌਂ ਆਖੈ ਸਿੰਘ ਬੋਤਾ।।[57]

ਦੋਵੇਂ ਸਿੱਖਾਂ ਨੇ 30 ਦੇ ਕਰੀਬ ਸੈਨਿਕਾਂ ਨੂੰ ਮਾਰ ਕੇ ਸ਼ਹੀਦੀ ਪ੍ਰਾਪਤ ਕੀਤੀ। ਇਸ ਘਟਨਾ ਨੇ ਜ਼ਕਰੀਆ ਖ਼ਾਨ ਦਾ ਭਰਮ ਖ਼ਤਮ ਕਰ ਦਿੱਤਾ ਕਿ ਸਿੱਖ ਖਤਮ ਹੋ ਚੁੱਕੇ ਹਨ। ਬੋਤਾ ਸਿੰਘ ਤੇ ਗਰਜਾ ਸਿੰਘ ਵੱਲੋਂ ਸੁਤੰਤਰ ਆਰਥਿਕ ਰਾਜ ਪ੍ਰਬੰਧ ਲਈ ਸੜਕ 'ਤੇ ਨਾਕਾ ਲਾ ਕੇ ਲੋਕਾਂ ਕੋਲੋਂ ਟੈਕਸ ਵਸੂਲਣਾ ਖ਼ਾਲਸੇ ਦੀ ਸਿਆਸੀ ਮੁਹਿੰਮ ਦੀ ਦ੍ਰਿੜਤਾ ਅਤੇ ਸਪਿਰਿਟ ਦਾ ਪ੍ਰਤੀਕ ਸੀ ਅਤੇ ਇਸ ਘਟਨਾ ਤੋਂ ਪ੍ਰਤੀਤ ਹੁੰਦਾ ਹੈ ਕਿ ਉਸ ਸਮੇਂ ਪੰਥਕ ਫ਼ੌਜ ਦਾ ਹਰੇਕ ਸਿਪਾਹੀ ਰਾਜਸੀ ਤੌਰ 'ਤੇ ਬਹੁਤ ਚੇਤੰਨ ਸੀ। ਬੋਤਾ ਸਿੰਘ ਦੀ ਸ਼ਹਾਦਤ ਬਾਰੇ ਡਾ. ਤਾਰਾ ਚੰਦ ਦੱਸਦੇ ਹਨ, "ਇਹ ਆਪਣੀ ਹੋਂਦ ਅਤੇ ਸੁਤੰਤਰਤਾ ਦਾ ਐਲਾਨ ਹੀ ਸੀ ਜੋ ਇਕ ਸਿੰਘ ਆਪਣਾ ਸਿਰ ਤਲੀ 'ਤੇ ਰੱਖ ਕੇ ਸ਼ਾਹੀ ਸੜਕ 'ਤੇ ਖਲੋਤਾ ਕਰ ਲੈ ਰਿਹਾ ਸੀ।"[58]

ਅਗਸਤ 1740 ਨੂੰ ਸਿੱਖਾਂ ਦੇ ਕਤਲੇਆਮ ਦੇ ਨਾਲ ਜ਼ਕਰੀਆ ਖ਼ਾਨ ਨੇ ਮੱਸਾ ਰੰਘੜ (ਮੀਰਮੂਸਾ-ਉਲ-ਖਾਨ) ਨੂੰ ਦਰਬਾਰ ਸਾਹਿਬ ਦਾ ਕਬਜ਼ਾ ਦੇ ਦਿੱਤਾ। ਮੱਸਾ ਰੰਗੜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਕੰਜਰੀਆਂ ਨਚਾਉਣੀਆਂ ਤੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ:

ਕੀਓ ਉਪੱਦ੍ਰਵ ਤੁਰਕ ਬਡ, ਅੰਮ੍ਰਿਤਸਰ ਗੁਰਦ੍ਵਾਰ।
ਹਰਿਮੰਦਰ ਮੈਂ ਕੰਚਨੀ ਰਖੇ, ਤੁਰਕਨ ਕੋ ਸਰਦਾਰ।[59]

ਸਿੱਖਾਂ ਨੂੰ ਇਸਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਮੱਸਾ ਰੰਗੜ ਨੂੰ ਸੋਧਣ ਦਾ ਗੁਰਮਤਾ ਕੀਤਾ। ਇਸ ਮੌਕੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਅਤੇ ਸੁੱਖਾ ਸਿੰਘ ਮਾੜੀ ਕੰਬੋ ਮੁਗ਼ਲਾਂ ਦਾ ਬਾਣਾ ਪਹਿਨ ਕੇ ਦਰਬਾਰ ਸਾਹਿਬ ਵਿਚ ਦਾਖਲ ਹੋਏ। ਉਨ੍ਹਾਂ ਪਲਾਂ ਵਿਚ ਹੀ ਮੱਸੇ ਦਾ ਸਿਰ ਵੱਢ ਕੇ ਆਪਣੀ ਬੋਰੀ ਵਿਚ ਪਾ ਲਿਆ ਤੇ 'ਸਰਬੱਤ ਖ਼ਾਲਸੇ' ਦੇ ਸਾਹਮਣੇ ਪੇਸ਼ ਕੀਤਾ। ਇਸ ਮਗਰੋਂ ਜ਼ਕਰੀਆ ਖ਼ਾਨ ਨੇ ਸਿੱਖਾਂ 'ਤੇ ਹੋਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਸਿੱਖ ਨਾ ਤੇ ਖ਼ਤਮ ਹੋਏ ਅਤੇ ਨਾ ਹੀ ਗੁਰੂ ਕਾ ਚੱਕ ਅੰਮ੍ਰਿਤਸਰ ਆਉਣ ਤੋਂ ਹਟੇ। ਸਿੱਖਾਂ ਨੇ ਇਸ ਸਮੇਂ ਕੰਦਰਾਂ, ਬਾਉਲੀਆਂ, ਖੂਹਾਂ ਅਤੇ ਸੁੰਨਸਾਨ ਘਣੇ ਜੰਗਲਾਂ ਵਿਚ ਦਲੇਰੀ ਨਾਲ ਸਮਾਂ ਬਤੀਤ ਕੀਤਾ।[60] ਸਿੰਘਾਂ ਦੇ ਬਿਖੜੇ ਪੈਂਡਿਆਂ ਦਾ ਵਰਣਨ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਹੈ:

ਰਾਤ ਤੁਰੇ ਦਿਨ ਰਹੈਂ ਲੁਕਾਇ। ਕਈਅਨ ਲੀਨੇ ਕੰਭਲ ਬਨਾਇ।
ਕਈ ਰਹੈਂ ਘਰ ਤੀਜੇ ਥਾਇ।ਕਈ ਰਹੈਂ ਪਰਦੇਸਹਿ ਜਾਇ।

---

[57] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-318

[58] *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ,* ਪੰਨਾ-36

[59] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-309

[60] ਖੁਸ਼ਵਕਤ ਰਾਇ, *ਤਵਾਰੀਖ-ਏ-ਸਿੱਖਾਂ,* (ਅਪ੍ਰਕਾਸ਼ਿਤ ਖਰੜਾ), ਪੰਨਾ-64

ਕਈ ਸਿੰਘ ਰਹਿੰ ਝਾੜਨ ਮਾਂਹੀ।ਕਈ ਸਿੰਘ ਜਾ ਜੰਗਲ ਲੁਕਾਂਹੀ।
ਖੇਤੀ ਕਰੈਂ ਕਈ ਸਿਰ ਨੀਵੇਂ।ਕਿਤਨਕ ਬਿਚ ਬੜ ਖੇਡਨ ਜੀਵੇਂ।[61]

ਜ਼ੁਲਮ ਦੀ ਇਹ ਕਾਲੀ-ਬੋਲੀ ਰਾਤ 1734 ਤੋਂ 1745 ਤੱਕ ਲਗਭਗ ਇਕ ਦਹਾਕੇ ਤੋਂ ਵੀ ਵੱਧ ਚਲਦੀ ਰਹੀ। ਜ਼ਕਰੀਆ ਖ਼ਾਨ ਨੇ ਤਕਰੀਬਨ 10 ਹਜ਼ਾਰ ਸਿੱਖ ਸ਼ਹੀਦ ਕੀਤੇ। ਇਸੇ ਦਰਮਿਆਨ ਪੂਹਲਾ ਪਿੰਡ ਦੇ ਨੌਜਵਾਨ ਭਾਈ ਤਾਰੂ ਸਿੰਘ ਦੀ ਸ਼ਹੀਦੀ ਵੀ ਸੁਤੰਤਰਤਾ ਦੀ ਗਵਾਹੀ ਭਰਦੀ ਹੈ। ਉਹ ਸਿੱਖਾਂ ਨੂੰ ਜੰਗਲਾਂ ਵਿਚ ਅੰਨ ਪਾਣੀ ਪਹੁੰਚਾਉਣ ਦੀ ਸੇਵਾ ਕਰਦਾ ਸੀ ਇਸ ਕਰਕੇ ਉਹ ਮੁਗ਼ਲਾਂ ਨੂੰ ਕਾਫ਼ੀ ਰੜਕਦਾ ਸੀ। ਉਸਨੂੰ ਗ੍ਰਿਫ਼ਤਾਰ ਕਰਕੇ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ। ਉਸਨੇ ਇਸਲਾਮ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਦਾ ਸਿਰ ਤੋਂ ਖੋਪਰ ਲੁਹਾ ਦਿੱਤਾ। ਖੋਪਰ ਲੁਹਾਉਣ ਤੋਂ ਬਾਅਦ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ ਤੇ ਕਾਜ਼ੀ ਨੇ ਉਸਨੂੰ ਭਾਈ ਤਾਰੂ ਸਿੰਘ ਤੋਂ ਭੁੱਲ ਬਖਸ਼ਾਉਣ ਲਈ ਕਿਹਾ। ਭਾਈ ਤਾਰੂ ਸਿੰਘ ਨੇ ਕਿਹਾ ਕਿ ਜੇਕਰ ਮੇਰੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰੀ ਜਾਵੇ ਤਾਂ ਉਸਦਾ ਪਿਸ਼ਾਬ ਦਾ ਬੰਨ੍ਹ ਖੁੱਲ ਸਕਦਾ ਹੈ। ਪੰਜ ਦਿਨ ਭਾਈ ਤਾਰੂ ਜੀ ਦੀ ਜੁੱਤੀ ਖਾ ਕੇ ਜ਼ਕਰੀਆ ਖ਼ਾਨ ਨੇ 1 ਜੁਲਾਈ 1745 ਨੂੰ ਪ੍ਰਾਣ ਤਿਆਗ ਦਿੱਤੇ, ਇਸੇ ਦਿਨ ਭਾਈ ਤਾਰੂ ਜੀ ਸ਼ਹੀਦ ਹੋਏ।[62]

ਜਨਵਰੀ 1746 ਨੂੰ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ ਤੇ ਸਿੱਖਾਂ 'ਤੇ ਜ਼ੁਲਮ ਫਿਰ ਸ਼ੁਰੂ ਹੋ ਗਿਆ। ਯਹੀਆ ਖਾਨ ਨੇ ਹਿੰਦੂ ਵਜ਼ੀਰ ਲਖਪਤ ਰਾਏ ਨੂੰ ਉਚੇਚੇ ਤੌਰ 'ਤੇ ਤਾਇਨਾਤ ਕੀਤਾ। ਲਖਪਤ ਰਾਏ ਤੇ ਉਸਦੇ ਭਰਾ ਜਸਪਤ ਰਾਏ ਨੇ ਸਿੱਖਾਂ ਦੇ ਕਤਲੇਆਮ ਦਾ ਬੀੜਾ ਚੁੱਕਿਆ। ਇਸੇ ਦੌਰਾਨ ਪਿੰਡ ਖੋਖਰਾਂ (ਏਮਨਾਬਾਦ ਦੇ ਨੇੜੇ) ਜਸਪਤ ਰਾਏ ਦਾ ਸਾਹਮਣਾ ਜੱਸਾ ਸਿੰਘ ਆਹਲੂਵਾਲੀਏ ਦੀਆਂ ਫ਼ੌਜਾਂ ਨਾਲ ਹੋ ਗਿਆ ਤੇ ਸਿੱਖਾਂ ਨੇ ਜਸਪਤ ਰਾਏ ਦਾ ਸਿਰ ਵੱਢ ਦਿੱਤਾ।[63] ਜਸਪਤ ਨੇ ਕਿਸਾਨਾਂ ਦਾ ਜਿਊਂਣਾ ਵੀ ਦੁੱਭਰ ਕੀਤਾ ਹੋਇਆ ਸੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਅਤਿ ਦੇ ਬਿਖੜੇ ਪੈਂਡਿਆਂ ਸਮੇਂ ਵੀ ਸਿੰਘਾਂ ਨੇ ਹੌਸਲਾ ਨਾ ਹਾਰਿਆ। ਸਿੰਘਾਂ ਨੂੰ ਗੁਰੂ ਦੇ ਬਚਨਾਂ ਉਪਰ ਪੂਰਾ ਭਰੋਸਾ ਸੀ ਕਿ ਉਨ੍ਹਾਂ ਨੂੰ ਰਾਜ ਕਰਨ ਲਈ ਬਣਾਇਆ ਗਿਆ ਹੈ। ਗ਼ੁਲਾਮੀ ਦਾ ਜੀਵਨ ਜਿਊਂਣ ਲਈ ਪੈਦਾ ਨਹੀਂ ਹੋਏ:

ਕਰਨ ਪਤਿਸ਼ਾਹੀ ਆਸਾ ਧਾਰੈ।ਪਾਵੈਂ ਦੁੱਖ ਸੋ ਸੁੱਖ ਬਿਚਾਰੈਂ।
ਬਚਨ ਗੁਰੂ ਹਮ ਸਾਫ ਭੀ ਹੋ ਹੈਂ।ਹੰਨੈ ਹੰਨੈ ਹਮ ਸ਼ਾਹੀ ਕਰੋ ਹੈਂ।[64]

---

[61] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-232-33.
[62] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-349
[63] ਉਹੀ, ਪੰਨਾ-389
[64] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-286

ਇਸ ਕਰਕੇ ਸਿੰਘ ਦਲਦਲ ਭਰੇ ਜੰਗਲਾਂ ਵਿਚ ਰਹਿ ਕੇ ਵੀ ਚੜ੍ਹਦੀਕਲਾ ਵਿਚ ਰਹਿੰਦੇ ਸਨ।

### ਛੋਟਾ ਘੱਲੂਘਾਰਾ

ਜਦੋਂ ਜਸਪਤ ਦੇ ਮਾਰੇ ਜਾਣ ਦੀ ਖ਼ਬਰ ਉਸਦੇ ਭਰਾ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੇ ਦੀਵਾਨ ਲਖਪਤ ਰਾਏ ਨੂੰ ਮਿਲੀ ਤਾਂ ਉਹ ਗੁੱਸੇ ਵਿਚ ਪਾਗ਼ਲ ਹੋ ਗਿਆ। ਉਸਨੇ ਐਲਾਨ ਕੀਤਾ ਕਿ "ਸਿੱਖ ਧਰਮ ਨੂੰ ਇਕ ਖੱਤਰੀ ਗੁਰੂ ਗੋਬਿੰਦ ਸਿੰਘ ਨੇ ਪੈਦਾ ਕੀਤਾ ਸੀ ਅਤੇ ਜਦ ਤੱਕ ਮੈਂ ਸਿੱਖਾਂ ਦਾ ਨਾਂ ਤਵਾਰੀਖ਼ ਵਿਚੋਂ ਮਿਟਾ ਨਹੀਂ ਦਿੰਦਾ ਆਪਣੇ ਆਪ ਨੂੰ ਖੱਤਰੀ ਨਹੀਂ ਕਹਾਵਾਂਗਾ। ਉਸਨੇ ਸੂਬੇਦਾਰ ਯਹੀਆ ਖ਼ਾਨ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਕਿਹਾ ਕਿ ਹੁਣ ਉਹ ਇਸ ਪੱਗ ਨੂੰ ਉਦੋਂ ਹੀ ਸਿਰ 'ਤੇ ਰੱਖੇਗਾ ਜਦੋਂ ਸਿੱਖਾਂ ਦਾ ਵਜੂਦ ਮਿਟਾ ਦੇਵੇਗਾ:

ਯਹ ਪ੍ਰਤੱਗਯਾ ਖੱਤ੍ਰੀ ਕਰੀ।ਮਾਰੋਂ ਸਿੰਘ ਚੜ ਇਤਹੀ ਘਰੀ।
ਯਹ ਪੰਥ ਫਦੂਲ ਫਦੂਲੀਏ, ਖੱਤ੍ਰੀ ਜਾਤ ਸੁ ਕੀਨ।
ਮੈਂ ਅਬ ਖੱਤ੍ਰੀ ਤੌ ਰਹਾਂ, ਪੰਥ ਰਲਾਵੌਂ ਦੀਨ।।[65]

ਮਾਰਚ 1746 ਨੂੰ ਲਖਪਤ ਨੇ ਇੱਕ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਸ਼ਹੀਦ ਕੀਤਾ। ਇਨ੍ਹਾਂ ਵਿਚ ਭਾਈ ਸੁਬੇਗ ਸਿੰਘ ਤੇ ਉਸਦਾ ਬੇਟਾ ਭਾਈ ਸ਼ਾਹਬਾਜ ਸਿੰਘ ਵੀ ਸ਼ਾਮਲ ਸੀ। ਉਨ੍ਹਾਂ ਨੂੰ ਚਰਖੜੀ ਤੇ ਚਾੜ੍ਹ ਕੇ ਅਤੇ ਜਿਸਮ ਨੂੰ ਨੋਚ-ਨੋਚ ਕੇ ਸ਼ਹੀਦ ਕੀਤਾ ਗਿਆ। ਬਹੁਤ ਸਾਰੇ ਸਿੱਖਾਂ ਨੂੰ ਨਖਾਸ਼ ਚੌਂਕ ਵਿਚ ਸ਼ਹੀਦ ਕੀਤਾ ਗਿਆ। ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦਾ ਨਿਰਾਦਰ ਕੀਤਾ ਗਿਆ। ਦੀਵਾਨ ਲਖਪਤ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਪੰਜ ਰੁਪਏ ਨਿਸ਼ਚਿਤ ਕੀਤਾ ਕਿ ਜਿਹੜਾ ਸਿੱਖ ਦਾ ਸਿਰ ਮੁਨਵਾ ਕੇ ਲਿਆਏਗਾ ਉਹ ਸਰਕਾਰ ਤੋਂ ਪੰਜ ਰੁਪਏ ਪ੍ਰਾਪਤ ਕਰੇਗਾ।[66] ਲਖਪਤ ਨੇ ਗੁਰੂ ਸ਼ਬਦ ਅਤੇ ਗ੍ਰੰਥ ਸ਼ਬਦ ਕਹਿਣ 'ਤੇ ਪਾਬੰਦੀ ਲਗਾ ਦਿੱਤੀ। ਗੁੜ ਦੀ ਥਾਂ ਭੇਲੀ ਅਤੇ ਗ੍ਰੰਥ ਦੀ ਥਾਂ ਪੋਥੀ ਕਹਿਣ ਦਾ ਹੁਕਮ ਦਿੱਤਾ ਕਿਉਂਕਿ ਇਹ ਸ਼ਬਦ ਗੁਰੂ ਅਤੇ ਗ੍ਰੰਥ ਦੀ ਯਾਦ ਦਿਵਾਉਂਦੇ ਸਨ। ਹੁਕਮ ਨਾ ਮੰਨਣ ਦੀ ਸੂਰਤ ਵਿਚ ਢਿੱਡ ਚੀਰਨ ਦਾ ਹੁਕਮ ਹੋਇਆ:

ਗੁੜ ਕੇ ਕੇਹੇ ਗੁਰ ਕਹੈਂ, ਰੋੜੀ ਝਾਯੋ ਨਾਮਾ।।[67]

ਲਖਪਤ ਦੇ ਜ਼ੁਲਮਾਂ ਕਾਰਨ ਸਿੱਖ ਫੇਰ ਜੰਗਲਾਂ, ਛੰਭਾਂ, ਪਹਾੜਾਂ ਅਤੇ ਰੇਗਿਸਤਾਨ ਵੱਲ ਨਿਕਲ ਗਏ। ਅਪ੍ਰੈਲ ਦੇ ਆਖਰੀ ਦਿਨਾਂ ਵਿਚ ਕੋਈ ਦਸ ਕੁ ਹਜ਼ਾਰ ਸਿੱਖ ਰਾਵੀ ਦਰਿਆ ਦੀ ਛੰਭ ਵਿਚ ਕਾਹਨੂੰਵਾਨ ਦੇ ਨੇੜੇ ਲੁਕੇ ਹੋਏ ਸਨ। ਇਨ੍ਹਾਂ ਵਿਚ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋ,

---

[65] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-390

[66] ਖ਼ੁਸ਼ਵਕਤ ਰਾਏ, *ਤਾਰੀਖ-ਇ-ਸਿੱਖਾਂ,* (ਅਪ੍ਰਕਾਸ਼ਿਤ ਖਰੜਾ), ਪੰਨਾ-64

[67] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-391

ਗੁਰਦਿਆਲ ਸਿੰਘ ਡੱਲੇਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਵਗ਼ੈਰਾ ਵੀ ਸਨ। ਲਖਪਤ ਰਾਏ ਤੇ ਯਹੀਆ ਖ਼ਾਨ ਦੇ ਹਜ਼ਾਰਾਂ ਸੈਨਿਕਾਂ ਨੇ ਕਾਹਨੂੰਵਾਨ ਨੂੰ ਘੇਰਾ ਪਾ ਲਿਆ। ਸਿੱਖਾਂ ਨੇ ਗੁਰੀਲਾ ਯੁੱਧ ਸ਼ੁਰੂ ਕਰ ਦਿੱਤਾ। ਇਸ ਲੜਾਈ ਵਿਚ ਲਖਪਤ ਰਾਏ ਦਾ ਪੁੱਤਰ ਹਰਭਜਨ ਰਾਏ, ਯਹੀਆ ਖਾਨ ਦਾ ਪੁੱਤਰ ਨਾਹਰ ਖ਼ਾਨ ਅਤੇ ਦੋ ਅਹਿਮ ਜਰਨੈਲ ਕਰਮ ਬਖ਼ਸ਼ ਤੇ ਮਹਿਮੂਦ ਖ਼ਾਨ ਵੀ ਮਾਰੇ ਗਏ। ਲਖਪਤ ਤੇ ਯਹੀਆ ਖ਼ਾਨ ਹੋਰ ਪਾਗ਼ਲ ਹੋ ਚੁੱਕੇ ਸਨ। ਇਨ੍ਹਾਂ ਨੇ ਜੰਗਲ ਨੂੰ ਚਾਰੇ ਪਾਸੇ ਤੋਂ ਅੱਗ ਲਗਾ ਦਿੱਤੀ। ਸਿੱਖ ਫ਼ੌਜਾਂ ਨੇ ਘੇਰੇ ਤੋੜ ਕੇ ਨੱਸਣ ਦੀ ਕੋਸ਼ਿਸ਼ ਕੀਤੀ। ਲਖਪਤ ਰਾਏ ਨੇ ਤੋਪਾਂ ਦੇ ਮੂੰਹ ਭੱਜਦੇ ਸਿੱਖਾਂ ਵੱਲ ਖੋਲ੍ਹ ਦਿੱਤੇ ਜਿਸ ਨਾਲ ਬਹੁਤ ਸਾਰੇ ਸਿੱਖ ਮਾਰੇ ਗਏ। ਕਈ ਦਿਨ ਮੁਗ਼ਲ ਫ਼ੌਜਾਂ ਸਿੱਖਾਂ ਦਾ ਪਿੱਛਾ ਕਰਕੇ ਕਤਲੇਆਮ ਕਰਦੀਆਂ ਰਹੀਆਂ। ਕਈ ਸਿੱਖ ਭੁੱਖੇ-ਭਾਣੇ ਰਾਵੀ ਦਰਿਆ ਵਿਚ ਰੁੜ੍ਹ ਗਏ। ਮੁਗ਼ਲ ਫ਼ੌਜਾਂ ਨੇ ਸਿੱਖਾਂ 'ਤੇ ਹਮਲੇ ਜਾਰੀ ਰੱਖੇ। ਇਸ ਦੌਰਾਨ ਛੇ-ਸੱਤ ਹਜ਼ਾਰ ਸਿੱਖ ਸ਼ਹੀਦ ਹੋਏ ਸਨ। ਤਿੰਨ ਹਜ਼ਾਰ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਕਿਲ੍ਹੇ ਦੇ ਪਿੱਛੇ ਲੈ ਜਾ ਕੇ ਨਖ਼ਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ। ਇਹ ਘਟਨਾ ਸਿੱਖ ਇਤਿਹਾਸ ਵਿਚ 'ਛੋਟੇ ਘੱਲੂਘਾਰੇ' ਵਜੋਂ ਯਾਦ ਕੀਤੀ ਜਾਂਦੀ ਹੈ। ਇਹ ਘੱਲੂਘਾਰਾ 1746 ਈ.[68] ਵਿਚ ਹੋਈ। ਬੇਸ਼ੱਕ ਛੋਟੇ ਘੱਲੂਘਾਰੇ ਵਿਚ ਹਜ਼ਾਰਾਂ ਸਿੰਘਾਂ ਤੇ ਸਿੰਘਣੀਆਂ ਸ਼ਹੀਦ ਹੋਏ, ਪਰ ਦੇਸ਼ ਨੂੰ ਵਿਦੇਸ਼ੀ ਜਰਵਾਣਿਆਂ ਤੋਂ ਸੁਤੰਤਰ ਕਰਵਾਉਣ ਲਈ ਉਨ੍ਹਾਂ ਦੀ ਵਿਚਾਰਧਾਰਾ ਅਤੇ ਦ੍ਰਿੜਤਾ ਵਿਚ ਰੱਤੀ ਭਰ ਵੀ ਫ਼ਰਕ ਨਾ ਪਿਆ। ਅੰਤ ਸਬਰ ਨੇ ਜਬਰ 'ਤੇ ਜਿੱਤ ਪ੍ਰਾਪਤ ਕੀਤੀ ਤੇ ਇਕ ਸਦੀ ਦੇ ਸੰਖੇਪ ਜਿਹੇ ਸਮੇਂ ਵਿਚ ਬਹਾਦਰ ਪੰਜਾਬੀ ਆਪਣੇ ਦੇਸ਼ ਵਿਚ ਰਾਜ-ਭਾਗ ਦੇ ਮਾਲਕ ਬਣ ਗਏ। ਇਹ ਸਦੀ ਕੁਰਬਾਨੀਆਂ, ਸ਼ਹਾਦਤਾਂ ਤੇ ਜਿੱਤਾਂ ਦੀ ਸਦੀ ਹੋ ਨਿਬੜੀ।

ਮਾਰਚ 1747 ਨੂੰ ਯਹੀਆ ਖ਼ਾਨ ਦੇ ਭਰਾ ਸ਼ਾਹ ਨਵਾਜ਼ ਖ਼ਾਨ ਨੇ ਆਪਣੇ ਭਰਾ ਯਹੀਆ ਖ਼ਾਨ ਤੇ ਲਖਪਤ ਰਾਏ ਨੂੰ ਬਗ਼ਾਵਤ ਕਰਕੇ ਸੈਨਿਕਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਤੇ ਆਪ ਉਸਦੇ ਦਰਬਾਰ 'ਤੇ ਕਾਬਜ਼ ਹੋ ਗਿਆ। ਲਖਪਤ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿੱਖ ਗੁਰੂ ਦਾ ਚੱਕ ਅੰਮ੍ਰਿਤਸਰ ਬੇਧੜਕ ਹੋ ਕੇ ਪੁੱਜਣ ਲੱਗ ਪਏ। 30 ਮਾਰਚ 1747 ਨੂੰ ਇਕ ਸਰਬੱਤ ਖ਼ਾਲਸਾ ਦਾ ਇਕੱਠ ਅਕਾਲ ਤਖ਼ਤ ਸਾਹਿਬ ਵਿਚ ਹੋਇਆ। ਸਰਬੱਤ ਖ਼ਾਲਸਾ ਨੇ ਗੁਰਮਤਾ ਕੀਤਾ ਕਿ ਆਪਣੀ ਤਾਕਤ ਇਕੱਠੀ ਕਰਨ ਲਈ ਸਿੱਖ ਫ਼ੌਜਾਂ ਨੂੰ ਅਸਤਰਾਂ-ਸ਼ਸਤਰਾਂ ਨਾਲ ਲੈਸ ਕਰਕੇ ਜਥੇਬੰਦ ਕੀਤਾ ਜਾਵੇ ਅਤੇ ਸੁਰੱਖਿਆ ਲਈ ਰਾਮਰੌਣੀ ਨਾਂ ਦਾ ਕਿਲ੍ਹਾ ਉਸਾਰਿਆ ਗਿਆ। ਹੁਣ ਸ਼ਾਹ ਨਿਮਾਜ਼ ਨੇ ਵੀ ਸਿੱਖਾਂ 'ਤੇ ਕਈ ਤਰ੍ਹਾਂ ਦੇ ਅੱਤਿਆਚਾਰ ਸ਼ੁਰੂ ਕਰ ਦਿੱਤੇ।[69]

[68] ਅਰਸ਼ੀ, *ਅਠਾਰਵੀਂ ਸਦਾ ਦਾ ਇਤਿਹਾਸ,* ਪੰਨਾ-59.

[69] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-411-412

## ਅਹਿਮਦ ਸ਼ਾਹ ਦਾ ਹਮਲਾ

ਜੂਨ 1747 ਨੂੰ ਅਹਿਮਦ ਸ਼ਾਹ ਅਬਦਾਲੀ ਕਾਬਲ ਦਾ ਹਾਕਮ ਬਣਿਆ। ਉਸਨੇ ਅਦੀਨਾ ਬੇਗ਼ ਦੇ ਕਹਿਣ 'ਤੇ ਦਿੱਲੀ 'ਤੇ ਹਮਲਾ ਕੀਤਾ। ਪਹਿਲਾਂ ਉਸਨੇ ਲਾਹੌਰ 'ਤੇ ਕਬਜ਼ਾ ਕੀਤਾ ਤੇ ਫੇਰ ਦਿੱਲੀ ਸਲਤਨਤ 'ਤੇ ਵੀ ਹਮਲਾ ਕੀਤਾ। ਉਸ ਨੂੰ ਜਿੱਤ ਨਸੀਬ ਨਾ ਹੋਈ ਤੇ ਉਹ ਵਾਪਸ ਮੁੜ ਗਿਆ। ਇਸ ਦੌਰਾਨ ਸਿੱਖਾਂ ਨੇ ਨੂਰਪੁਰ ਰਿਆਸਤ ਦੇ ਰਾਜਾ ਗੁਰਦਿੱਤ ਮੱਲ ਜੋ ਸਿੱਖਾਂ ਦੇ ਦੁਸ਼ਮਣ ਦੀ ਰਿਆਸਤ ਸੀ, 'ਤੇ ਹਮਲਾ ਕਰਕੇ ਕਾਫ਼ੀ ਅਸਲਾ ਤੇ ਖ਼ਜ਼ਾਨਾ ਲੁੱਟ ਲਿਆ।

ਸਿੱਖਾਂ ਨੇ ਵਾਪਸ ਜਾਂਦੀ ਅਹਿਮਦ ਸ਼ਾਹ ਦੀ ਫ਼ੌਜ 'ਤੇ ਵੀ ਹਮਲੇ ਕੀਤੇ ਤੇ ਕਾਫ਼ੀ ਸਮਾਨ ਲੁੱਟਿਆ। ਸ਼ਾਹ ਦੇ ਹਮਲੇ ਤੋਂ ਬਾਅਦ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖਾਂ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਅੰਮ੍ਰਿਤਸਰ ਦਾ ਜਰਨੈਲ ਸਲਾਬਤ ਖ਼ਾਨ ਸੀ। ਸਿੱਖਾਂ ਦੇ ਅਚਾਨਕ ਹਮਲੇ ਕਾਰਨ ਉਸਨੇ ਸਿੱਖਾਂ ਦਾ ਟਾਕਰਾ ਕੀਤਾ ਪਰ ਇਸ ਦੌਰਾਨ ਜੱਸਾ ਸਿੰਘ ਤੇ ਸਲਾਬਤ ਖਾਨ ਦੀ ਆਹਮੋ-ਸਾਹਮਣੇ ਹੋਈ ਲੜਾਈ ਵਿਚ ਜੱਸਾ ਸਿੰਘ ਆਹਲੂਵਾਲੀਆ ਨੇ ਸਲਾਬਤ ਖ਼ਾਨ ਦਾ ਸਿਰ ਉਤਾਰ ਦਿੱਤਾ। ਨਵਾਬ ਕਪੂਰ ਸਿੰਘ ਨੇ ਸਲਾਬਤ ਖ਼ਾਨ ਦੇ ਭਤੀਜੇ ਨਜਾਬਤ ਖ਼ਾਨ ਨੂੰ ਤੀਰ ਮਾਰ ਕੇ ਮਾਰ ਦਿੱਤਾ। ਇਸ ਤਰ੍ਹਾਂ ਮੁਗ਼ਲ ਫ਼ੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤੇ ਅੰਮ੍ਰਿਤਸਰ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ।[70]

ਸਿੱਖਾਂ ਦਾ ਸਿਰੜ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਨ੍ਹਾਂ ਨੇ ਮੁਗ਼ਲ ਹਕੂਮਤ ਦੀ ਜ਼ਾਲਮ ਨੀਤੀ ਦਾ ਸਾਹਮਣਾ ਕੀਤਾ ਸੀ। ਉਹ ਮੁਗ਼ਲ ਹਕੂਮਤ ਦੇ ਅੱਤਿਆਚਾਰਾਂ ਵਿਚੋਂ ਬਚ ਕੇ ਨਿਕਲੇ ਸਨ। ਸਿੱਖਾਂ ਦਾ ਗੁਰੂ ਸਾਹਿਬਾਨ ਦੀ ਸਿੱਖਿਆ ਵਿਚ ਅਟੁੱਟ ਵਿਸ਼ਵਾਸ ਸੀ। ਸਿੱਖਾਂ ਦੇ ਜ਼ਬਰ-ਜ਼ੁਲਮ ਦੇ ਖਿਲਾਫ਼ ਲੜਨ ਦੇ ਦ੍ਰਿੜ ਇਰਾਦੇ ਨੇ ਉਨ੍ਹਾਂ ਨੂੰ ਜੀਵਤ ਰੱਖਿਆ ਸੀ। ਅਬਦਾਲੀ ਦੇ ਭਾਰਤ 'ਤੇ ਹਮਲਿਆਂ ਨਾਲ ਦਿੱਲੀ ਤੇ ਲਾਹੌਰ ਦਾ ਆਪਸ ਵਿਚ ਕੋਈ ਮਿਲਵਰਤਨ ਨਾ ਰਿਹਾ ਤੇ ਦਿੱਲੀ ਤੇ ਕਾਬਲ ਦੋਵੇਂ ਹੀ ਪੰਜਾਬ ਨੂੰ ਆਪੋ ਆਪਣੀ ਮਲਕੀਅਤ ਸਮਝਣ ਲੱਗ ਪਏ। ਪੰਜਾਬ ਨੂੰ ਸੁਤੰਤਰ ਕਰਾਉਣ ਦੇ ਦਾਅਵੇਦਾਰ ਸਿੱਖਾਂ ਨੇ ਇਸ ਆਪੋਧਾਪੀ ਤੇ ਗੜਬੜ ਤੋਂ ਪੂਰਾ ਫ਼ਾਇਦਾ ਉਠਾਇਆ ਤੇ ਆਪਣੀਆਂ ਪਨਾਹਗਾਹਾਂ ਵਿਚੋਂ ਨਿਕਲ ਕੇ ਫਿਰ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

---

[70] ਦਿਲਗੀਰ, *ਸਿੱਖ ਤਵਾਰੀਖ (1708-1849)*, ਪੰਨਾ-508.

## ਸੁਤੰਤਰ ਦਲ ਖ਼ਾਲਸਾ ਦੀ ਕਾਇਮੀ

29 ਮਾਰਚ 1748 ਦੇ ਦਿਨ ਸਰਬੱਤ ਖ਼ਾਲਸਾ ਦਾ ਇਕ ਅਹਿਮ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਸਮੇਂ ਖ਼ਾਲਸਾ ਫ਼ੌਜਾਂ ਦੇ 65 ਜਥੇ ਵੱਖ-ਵੱਖ ਇਲਾਕਿਆਂ ਵਿਚ ਵਿਚਰ ਰਹੇ ਸਨ। ਸਿੱਖਾਂ ਨੇ ਤੁਰਕਾਂ ਅਤੇ ਬਾਹਰੀ ਹਮਲਾਵਰਾਂ ਨਾਲ ਜੂਝਦਿਆਂ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਪਾਤਸ਼ਾਹੀ ਸਿਧਾਂਤ ਲਈ ਭਾਰੀ ਜੱਦੋਜਹਿਦ ਕੀਤੀ। ਇਸ ਸੰਘਰਸ਼ ਵਿਚ ਹੀ ਮਿਸਲਾਂ ਦਾ ਵਿਕਾਸ ਹੋਇਆ। ਜਦੋਂ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕੀਤਾ ਉਸ ਸਮੇਂ ਤੋਂ ਹੀ ਮਿਸਲਦਾਰੀ ਯੁੱਗ ਦਾ ਆਰੰਭ ਮੰਨਿਆ ਜਾਂਦਾ ਹੈ। ਸਰਬੱਤ ਖ਼ਾਲਸਾ ਦੇ ਇਕੱਠ ਵਿਚ 65 ਜਥਿਆਂ ਨੂੰ 11 ਮਿਸਲਾਂ ਵਿਚ ਵੰਡਣ ਦਾ ਗੁਰਮਤਾ ਕੀਤਾ ਗਿਆ। ਗੁਰਮਤੇ ਮੁਤਾਬਿਕ ਨਵਾਬ ਕਪੂਰ ਸਿੰਘ ਸਰਬੱਤ ਖ਼ਾਲਸਾ ਦਾ ਜਥੇਦਾਰ ਅਤੇ ਜੱਸਾ ਸਿੰਘ ਆਹਲੂਵਾਲੀਆ ਦਲ ਖ਼ਾਲਸਾ (ਖ਼ਾਲਸਾ ਫ਼ੌਜ) ਦਾ ਜਥੇਦਾਰ ਬਣਾਏ ਗਏ। “ਸੰਮਤ 1811 ਦੀ ਵਿਸਾਖੀ, 10 ਅਪ੍ਰੈਲ 1754 ਨੂੰ ਸ੍ਰੀ ਅੰਮ੍ਰਿਤਸਰ ਅਕਾਲ ਤਖ਼ਤ ਦੇ ਸਾਹਮਣੇ ਖ਼ਾਲਸਾ ਜੀ ਦਾ ਦੀਵਾਨ ਸਜਿਆ। ਖ਼ਾਲਸਾ ਦਲ ਦੇ ਬਹੁਤ ਸਾਰੇ ਸਰਦਾਰ ਇਥੇ ਪੁੱਜੇ ਅਤੇ ਸਰਬੱਤ ਖ਼ਾਲਸੇ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਹਰ ਪ੍ਰਕਾਰ 'ਤੇ ਯੋਗ ਜਾਣ ਕੇ ਖ਼ਾਲਸੇ ਦਾ ਰਾਜਸੀ ਅਤੇ ਧਾਰਮਿਕ ਜਥੇਦਾਰ ਥਾਪ ਦਿੱਤਾ।"[71] ਡਾ. ਸੁਖਦਿਆਲ ਸਿੰਘ ਲਿਖਦੇ ਹਨ, "ਆਧੁਨਿਕ ਬੋਲੀ ਵਿਚ ਦਲ ਖ਼ਾਲਸਾ ਨੂੰ ਸਿੱਖ ਕੌਮ ਦੀ ਰਾਸ਼ਟਰੀ ਸੈਨਾ ਕਿਹਾ ਜਾ ਸਕਦਾ ਹੈ। ਇਸ ਸਮੇਂ ਖ਼ਾਲਸੇ ਨੇ ਰਾਜਨੀਤਿਕ ਤੌਰ 'ਤੇ ਸੁਤੰਤਰ ਹਕੂਮਤ ਕਾਇਮ ਕਰਨ ਦਾ ਐਲਾਨ ਕੀਤਾ ਸੀ। ਅੰਮ੍ਰਿਤਸਰ ਇਸ ਦੀ ਰਾਜਧਾਨੀ ਸੀ ਅਤੇ ਸਰਬੱਤ ਖ਼ਾਲਸਾ ਪਾਰਲੀਮੈਂਟ ਸੀ। ਦਲ ਖ਼ਾਲਸਾ ਇਸ ਦੀ ਰਾਸ਼ਟਰੀ ਸੈਨਾ ਸੀ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਇਸਦਾ ਸੁਪਰੀਮ ਕਮਾਂਡਰ ਤੇ ਸੁਲਤਾਨ-ਉਲ-ਕੌਮ ਸੀ।[72] ਹਰ ਇਕ ਮਿਸਲ ਦੀ ਕਮਾਨ ਵੱਖਰੇ ਜਥੇਦਾਰ ਨੂੰ ਸੌਂਪੀ ਗਈ।

ਸਰਬੱਤ ਖ਼ਾਲਸਾ ਨੇ ਦੀਵਾਲੀ ਤੇ ਵਿਸਾਖੀ ਦੇ ਮੌਕੇ 'ਤੇ ਇਕੱਠ ਕਰਨ ਦੇ ਫ਼ੈਸਲੇ ਕੀਤੇ। ਕੌਮੀ ਮਸਲਿਆਂ ਦਾ ਹੱਲ ਗੁਰਮਤੇ ਰਾਹੀਂ ਕੱਢਣ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਮਿਸਲ ਸ਼ਹੀਦਾਂ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ। ਸਿੱਖ ਸਿਧਾਂਤਾਂ 'ਤੇ ਚਲਦਿਆਂ ਦਲ ਖ਼ਾਲਸਾ ਨੇ ਉਨ੍ਹਾਂ ਵਿਦੇਸ਼ੀ ਹਮਲਾਵਰਾਂ ਨੂੰ ਪੰਜਾਬ ਦੀ ਧਰਤੀ ਤੋਂ ਖਦੇੜਿਆ ਅਤੇ ਉਨ੍ਹਾਂ ਦੇ ਮੁਲਕਾਂ ਉਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਹਮਲਾਵਰਾਂ ਅੱਗੇ ਭਾਰਤ ਦੇ ਮੁਗ਼ਲ ਅਤੇ ਮਰਾਠੇ ਹਾਰ ਕੇ, ਈਨ ਮੰਨਦੇ ਅਤੇ ਜੁਰਮਾਨੇ ਵੀ ਭਰਦੇ ਰਹੇ ਸਨ।

---

[71] ਗੰਡਾ ਸਿੰਘ (ਡਾ.), *ਸਰਦਾਰ ਜੱਸਾ ਸਿੰਘ ਆਹੂਵਾਲੀਆ*, ਪੰਨਾ-87

[72] *ਸ਼੍ਰੋਮਣੀ ਸਿੱਖ ਇਤਿਹਾਸ (1708-1799)*, ਪੰਨਾ-121

## ਮੀਰ ਮੰਨੂ ਦੇ ਜ਼ੁਲਮੀ ਦੌਰ ਵਿਚ ਸਿੱਖ

ਅਹਿਮਦ ਸ਼ਾਹ ਦੀ ਫ਼ੌਜ ਨਾਲ ਟੱਕਰ ਲੈਣ ਲਈ ਦਿੱਲੀ ਦੀ ਹਕੂਮਤ ਵੱਲੋਂ ਮੀਰ ਮੰਨੂ ਨੂੰ ਲਾਹੌਰ ਦਾ ਸੂਬੇਦਾਰ ਲਗਾਇਆ ਗਿਆ। ਮੀਰ ਮੰਨੂ ਨੇ ਵੀ ਸਿੱਖਾਂ 'ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਹਜ਼ਾਰਾਂ ਸਿੱਖ ਲਾਹੌਰ ਦੇ ਕਿਲ੍ਹੇ ਦੇ ਪਿੱਛੇ ਨਖ਼ਾਸ ਚੌਂਕ ਵਿਚ ਕਤਲ ਕੀਤੇ। ਇਹ ਦੌਰ 5-6 ਮਹੀਨੇ ਚਲਦਾ ਰਿਹਾ। ਜਿਥੇ ਵੀ ਕਿਸੇ ਨੂੰ ਸਿੱਖ ਵਰਗਾ ਦੇਖਦੇ ਗ੍ਰਿਫ਼ਤਾਰ ਕਰਕੇ ਘਰ-ਬਾਰ ਜ਼ਬਤ ਕੀਤਾ ਜਾਂਦਾ ਅਤੇ ਵਾਲ ਕੱਟ ਕੇ ਮਾਰ ਦਿੰਦੇ।[73] ਦੀਵਾਨ ਕੌੜਾ ਮੱਲ ਨੇ ਮੀਰ ਮੰਨੂ ਅਤੇ ਕੁਝ ਸਿੱਖਾਂ ਵਿਚਕਾਰ ਸਮਝੌਤਾ ਕਰਵਾ ਦਿੱਤਾ ਤੇ ਮੰਨੂ ਨੇ ਸਿੱਖਾਂ ਨੂੰ ਆਪਣੀ ਫ਼ੌਜ ਵਿਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ ਜਿਸ 'ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲਾਂ ਨਾਲ ਸਮਝੌਤਾ ਕਰ ਲਿਆ ਅਤੇ ਉਸਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ। ਜਦੋਂ ਮੁਗ਼ਲਾਂ ਨੇ ਰਾਮਰੌਣੀ ਕਿਲ੍ਹੇ ਵਿਚ ਸਿੱਖਾਂ ਨੂੰ ਘੇਰ ਲਿਆ ਅਤੇ 200 ਸਿੱਖ ਸ਼ਹੀਦ ਹੋ ਗਏ ਤਾਂ ਜੱਸਾ ਸਿੰਘ ਰਾਮਗੜ੍ਹੀਆ ਫਿਰ ਸਿੱਖ ਦਲਾਂ ਵਿਚ ਸ਼ਾਮਲ ਹੋ ਗਿਆ। ਅਹਿਮਦ ਸ਼ਾਹ ਦੇ ਦੁਬਾਰਾ ਹਮਲੇ ਦੇ ਡਰੋਂ ਮੀਰ ਮੰਨੂ ਨੇ ਸਿੱਖਾਂ ਦਾ ਕਤਲੇਆਮ ਕੁਝ ਸਮੇਂ ਲਈ ਬੰਦ ਕਰ ਦਿੱਤਾ। ਦੀਵਾਨ ਕੌੜਾ ਮੱਲ ਦੀ ਮਦਦ ਨਾਲ ਮੀਰ ਮੰਨੂ ਨੇ ਦੁਬਾਰਾ ਸਿੱਖਾਂ ਨਾਲ ਸਮਝੌਤਾ ਕਰ ਲਿਆ ਤੇ ਦਰਜਨਾਂ ਪਿੰਡਾਂ ਦਾ ਮਾਲੀਆ ਮੁਆਫ਼ ਕਰ ਦਿੱਤਾ।[74]

### ਲਾਹੌਰ 'ਤੇ ਸਿੱਖਾਂ ਦਾ ਹਮਲਾ

1733 ਦੀ ਜਾਗੀਰ ਵਾਂਗ ਇਸ ਵਾਰ ਵੀ ਸਿੱਖਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਜਾਗੀਰ ਦੀ ਪੇਸ਼ਕਸ਼ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾਉਂਦੀ ਸੀ ਜਦੋਂਕਿ ਸਿੱਖ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੇ ਆਹਰ ਵਿਚ ਸਨ। ਇਸ ਤਰ੍ਹਾਂ ਕਈ ਇਲਾਕਿਆਂ ਵਿਚ ਸਿੱਖ ਦੀਆਂ ਮੁਗ਼ਲਾਂ ਨਾਲ ਝੜਪਾਂ ਹੋਣ ਲੱਗੀਆਂ। ਸਰਬੱਤ ਖ਼ਾਲਸਾ ਨੇ ਗੁਰਮਤਾ ਕਰਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਲਾਹੌਰ 'ਤੇ ਹਮਲਾ ਕਰ ਦਿੱਤਾ। ਮੀਰ ਮੰਨੂ ਲਾਹੌਰ ਵਿਚ ਨਹੀਂ ਸੀ। ਸਿੱਖਾਂ ਨੇ ਲਾਹੌਰ ਦਾ ਬਾਹਰੀ ਹਿੱਸਾ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ। ਨਵਾਬ ਕਪੂਰ ਸਿੰਘ ਮੁਗ਼ਲ ਹਾਕਮ ਦੀ ਕੋਤਵਾਲੀ ਵਿਚ ਮੁਗ਼ਲ ਹਾਕਮ ਦੀ ਕੁਰਸੀ 'ਤੇ ਜਾ ਬੈਠਾ ਅਤੇ ਅਮੀਰਾਂ ਤੋਂ ਮਾਮਲਾ ਵਸੂਲ ਕਰਨ ਲੱਗਾ।[75] ਇਸ ਲੁੱਟ-ਮਾਰ ਨੂੰ ਦੇਖ ਕੇ ਮੀਰ ਮੰਨੂ ਨੇ ਬੰਦੂਕਚੀਆਂ ਦੀ ਇਕ ਗਸ਼ਤੀ ਫ਼ੌਜ ਬਣਾਈ ਤੇ ਸਿੱਖਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਮੰਨੂ ਨੇ ਸਿੱਖਾਂ

---

[73] ਖੁਸ਼ਵਕਤ ਰਾਏ, *ਤਵਾਰੀਖ-ਏ-ਸਿੱਖਾਂ,* (ਅਪ੍ਰਕਾਸ਼ਿਤ ਖਰੜਾ) ਪੰਨਾ-69.

[74] ਉਹੀ, ਪੰਨਾ-76-78.

[75] ਉਹੀ, ਪੰਨਾ-70.

ਦੇ ਸਿਰਾਂ ਦੇ ਮੁੱਲ ਪਾ ਦਿੱਤੇ। ਬਹੁਤ ਸਾਰੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਹ ਦੌਰ ਤਕਰੀਬਨ 6 ਮਹੀਨੇ ਚਲਦਾ ਰਿਹਾ।

ਮੀਰ ਮੰਨੂ ਨੇ ਨਿਯਤ ਕੀਤੀ ਰਕਮ ਅਹਿਮਦ ਸ਼ਾਹ ਕੋਲ ਨਾ ਭੇਜੀ ਤਾਂ ਉਸਨੇ ਪੰਜਾਬ 'ਤੇ ਹਮਲਾ ਕੀਤਾ। ਅਹਿਮਦ ਸ਼ਾਹ ਦੇ ਇਸ ਹਮਲੇ ਅੱਗੇ ਮੀਰ ਮੰਨੂ ਨੇ ਗੋਡੇ ਟੇਕ ਦਿੱਤੇ ਤੇ ਸੁਲਾਹ ਸਫ਼ਾਈ ਕਰਕੇ ਫਿਰ ਲਾਹੌਰ ਦਾ ਗਵਰਨਰ ਬਣ ਬੈਠਾ। ਮੀਰ ਮੰਨੂ ਨੇ ਰਾਜ ਪ੍ਰਬੰਧ ਨੂੰ ਮਜ਼ਬੂਤ ਕਰਨ ਦੇ ਬਹਾਨੇ ਸਿੱਖਾਂ 'ਤੇ ਫਿਰ ਅੱਤਿਆਚਾਰ ਆਰੰਭ ਕਰ ਦਿੱਤੇ। 8 ਅਪ੍ਰੈਲ 1752 ਦੇ ਦਿਨ ਸਿੱਖ ਗੁਰੂ ਕਾ ਚੱਕ ਇਕੱਠੇ ਹੋਏ ਸਨ। ਮੰਨੂ ਦੀਆਂ ਫ਼ੌਜਾਂ ਨੇ ਇਕਦਮ ਸਿੱਖਾਂ 'ਤੇ ਹਮਲਾ ਕਰਕੇ ਬੱਚਿਆਂ ਅਤੇ ਬੀਬੀਆਂ ਸਮੇਤ ਬਹੁਤ ਸਾਰੇ ਸਿੱਖਾਂ ਨੂੰ ਮਾਰ ਦਿੱਤਾ। ਸਤਲੁਜ ਦੇ ਨੇੜੇ ਬੇਟ ਦੇ ਇਲਾਕੇ ਵਿਚ ਪਨਾਹ ਲਈ ਬੈਠੇ ਸਿੱਖਾਂ 'ਤੇ ਵੀ ਮੰਨੂ ਦੀ ਫ਼ੌਜ ਨੇ ਹਮਲਾ ਕਰ ਦਿੱਤਾ। ਇਸ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਮੰਨੂ ਨੇ ਗਾਜ਼ੀ ਬੇਗ ਖ਼ਾਨ ਨੂੰ ਸਿੱਖਾਂ 'ਤੇ ਹਮਲਾ ਕਰਨ ਲਈ ਕਿਹਾ। ਸਿੱਖ ਗੁਰੂ ਦਾ ਚੱਕ ਰਾਮ ਰੌਣੀ ਕਿਲੇ ਵਿਚ ਘਿਰ ਗਏ ਅਤੇ ਗੁਰੀਲਾ ਯੁੱਧ ਕਰਦੇ ਰਹੇ ਤੇ ਇਸ ਵਿਚ 900 ਸਿੱਖ ਸ਼ਹੀਦ ਹੋ ਗਏ ਸਨ। ਮੀਰ ਮੰਨੂ ਨੇ ਸਿੱਖ ਮਰਦਾਂ ਦੇ ਨਾਲ-ਨਾਲ ਉਨ੍ਹਾਂ ਦੇ ਟੱਬਰਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਵੀ ਜਾਰੀ ਕੀਤਾ ਤੇ ਈਦ ਦੇ ਦਿਨ ਸੈਂਕੜੇ ਸਿੱਖ ਨਖ਼ਾਸ ਚੌਕ ਵਿਖੇ ਸ਼ਹੀਦ ਕੀਤੇ ਗਏ।[76] ਅਜਿਹੇ ਦਰਦਨਾਕ ਤੇ ਖੌਫ਼ਨਾਕ ਤਸੀਹਿਆਂ ਦੇ ਬਾਵਜੂਦ ਕਿਸੇ ਵੀ ਸਿੱਖ ਮਰਦ ਅਤੇ ਔਰਤ ਜਾਂ ਬੱਚੇ ਨੇ ਧਰਮ ਨਹੀਂ ਬਦਲਿਆ। ਉਨ੍ਹਾਂ ਦਿਨਾਂ ਵਿਚ ਇਹ ਅਖਾਣ ਮਸ਼ਹੂਰ ਸੀ:

> ਮੰਨੂ ਅਸਾਡੀ ਦਾਤਰੀ। ਅਸੀਂ ਮੰਨੂ ਦੇ ਸੋਏ।
> ਜਿਉਂ ਜਿਉਂ ਮੰਨੂ ਵੱਢਦਾ। ਅਸੀਂ ਦੂਣ ਸਵਾਏ ਹੋਏ।[77]

ਇਹਨਾਂ ਸ਼ਬਦਾਂ ਦਾ ਭਾਵ ਸੀ ਕਿ ਸਿੱਖ ਪੂਲ੍ਹਿਆਂ ਵਾਂਗ ਹਨ ਜੋ ਵਾਰ-ਵਾਰ ਵੱਢਣ ਤੋਂ ਬਾਅਦ ਦੂਣੇ-ਚੌਣੇ ਹੋ ਕੇ ਫੁੱਟਦੇ ਹਨ। ਮੀਰ ਮੰਨੂ ਵੱਲੋਂ ਸਿੰਘ ਅਤੇ ਸਿੰਘਣੀਆਂ 'ਤੇ ਬੇਹਿਸਾਬਾ ਤਸ਼ੱਦਦ ਕੀਤਾ ਗਿਆ:

> ਸਿੱਖਣੀਆਂ ਕੇ ਬੱਚੇ ਲੈ ਕੇ।ਉਨ ਕੇ ਸਨਮੁਖ ਉਨੈ ਦਿਖੈਕੇ।
> ਊਪਰ कੋ ਉਛਾਲ ਕਟ ਸੁਟ ਹੈਂ।ਕਰ ਅਤਿ ਜੁਲਮ ਜੜਾ ਨਿਜ ਪੁਟਹੈਂ।
> ਬਰਛਿਆਂ ਮਾਂਹਿ ਅਨੇਕ ਪਰੋਏ।ਸ਼ੀਰਖੋਰ ਤੜਫਾ ਇਮ ਕੋਹੇ।[78]

ਇਸ ਗੱਲ ਤੋਂ ਜ਼ਾਹਿਰ ਹੁੰਦਾ ਹੈ ਕਿ ਸੁਤੰਤਰਤਾ ਲਈ ਮਰਨ ਦਾ ਚਾਓ ਸਿੱਖਾਂ ਦੀਆਂ ਰਗਾਂ ਵਿਚ ਉਛਾਲੇ ਮਾਰਦਾ ਸੀ। ਮੀਰ ਮੰਨੂ ਨੇ ਸਿੱਖਾਂ ਦੀਆਂ ਲਾਸ਼ਾਂ ਨਾਲ ਖੂਹ ਭਰ ਦਿੱਤੇ। ਬੀਬੀਆਂ ਤੇ ਬੱਚਿਆਂ ਦਾ ਵੀ

---

[76] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-451

[77] ਗੰਡਾ ਸਿੰਘ (ਡਾ.), ਸਰਦਾਰ *ਜੱਸਾ ਸਿੰਘ ਆਹਲੂਵਾਲੀਆ,* ਪੰਨਾ-78

[78] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਪੰਨਾ-828

ਘਾਣ ਕੀਤਾ। ਬੀਬੀਆਂ ਨੂੰ ਜੇਲ੍ਹ ਵਿਚ ਰੋਜ਼ ਸਵਾ-ਸਵਾ ਮਣ ਕਣਕ ਪੀਸਣ ਦਾ ਹੁਕਮ ਸੀ ਤੇ ਇਸ ਬਦਲੇ ਉਨ੍ਹਾਂ ਨੂੰ ਖੰਨੀ-ਖੰਨੀ ਰੋਟੀ ਮਿਲਦੀ ਸੀ। ਜ਼ਾਲਮ ਸਿਪਾਹੀ ਕਈ ਵਾਰ ਇਨ੍ਹਾਂ ਦੇ ਦੁੱਧ ਪੀਂਦੇ ਬੱਚਿਆਂ ਦੇ ਟੋਟੇ-ਟੋਟੇ ਕਰਕੇ ਇਨ੍ਹਾਂ ਦੀਆਂ ਝੋਲੀਆਂ ਵਿਚ ਪਾ ਦਿੰਦੇ ਤਾਂ ਕਿ ਇਹ ਮੁਸਲਮਾਨ ਬਣ ਜਾਣ ਪਰ ਇਹ ਬੀਬੀਆਂ ਆਪਣੇ ਨਿਸ਼ਚੇ ਵਿਚ ਅਡੋਲ ਰਹੀਆਂ। ਇਸ ਦੌਰਾਨ ਵੀਹ-ਤੀਹ ਹਜ਼ਾਰ ਸਿੱਖ ਕਤਲ ਕੀਤੇ ਗਏ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ ਸਿਰਾਂ ਦੇ ਮੀਨਾਰ ਉੱਸਰਵਾਏ ਗਏ। ਮੰਨੂ ਦੇ ਜ਼ੁਲਮਾਂ ਨੇ ਸਿੱਖਾਂ ਵਿਚ ਇਤਹਾਦ ਲੈ ਆਂਦਾ ਤੇ ਉਨ੍ਹਾਂ ਦੇ ਹੌਸਲੇ ਬੁਲੰਦ ਹੋਏ।[79]

2 ਨਵੰਬਰ 1753 ਨੂੰ ਮੀਰ ਮੰਨੂ ਜਦੋਂ ਸਿੱਖਾਂ ਦਾ ਸ਼ਿਕਾਰ ਕਰਨ ਲਈ ਘੋੜੇ 'ਤੇ ਸਵਾਰ ਹੋ ਕੇ ਨਿਕਲਿਆ ਤਾਂ ਇਕ ਖੇਤ ਵਿਚ ਘੋੜਾ ਕਿਸੇ ਖੜਾਕ ਤੋਂ ਤ੍ਰਭਕ ਕੇ ਦੌੜ ਪਿਆ। ਮੰਨੂ ਘੋੜੇ ਤੋਂ ਡਿੱਗ ਪਿਆ ਤੇ ਪੈਰ ਘੋੜੇ ਦੀ ਰਕਾਬ ਵਿਚ ਫਸ ਗਿਆ। ਘੋੜਾ ਉਸਨੂੰ ਲੈ ਕੇ ਦੂਰ ਤੱਕ ਨਿਕਲ ਗਿਆ। ਮੰਨੂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਤੇ 3-4 ਨਵੰਬਰ ਦੀ ਰਾਤ ਨੂੰ ਉਸਦੀ ਮੌਤ ਹੋ ਗਈ।[80] ਉਸਦੀ ਮੌਤ ਤੋਂ ਬਾਅਦ ਸਿੱਖਾਂ ਨੇ ਰਾਤੋ-ਰਾਤ ਲਾਹੌਰ ਦੀ ਜੇਲ 'ਤੇ ਹਮਲਾ ਕਰਕੇ ਕੈਦ ਸਿੰਘਣੀਆਂ ਅਤੇ ਬੱਚਿਆਂ ਨੂੰ ਰਿਹਾਅ ਕਰਵਾ ਲਿਆ। ਇਸ ਨਾਲ ਆਮ ਲੋਕਾਂ ਨੂੰ ਵੀ ਸੁੱਖ ਦਾ ਸਾਹ ਆਇਆ ਕਿਉਂਕਿ ਮੰਨੂ ਨੇ ਲੋਕਾਂ 'ਤੇ ਅਥਾਹ ਟੈਕਸ ਲਗਾ ਕੇ ਜਿਊਂਣਾ ਮੁਹਾਲ ਕੀਤਾ ਹੋਇਆ ਸੀ। ਉਹ ਆਪਣੇ ਰਾਜ ਵਿਚ ਲੋਕਾਂ ਦਾ ਖ਼ੂਨ ਨਚੋੜਦਾ ਸੀ। ਪੰਜਾਬ ਵਿਚ ਅਫ਼ਗਾਨਾਂ ਦੇ ਹਮਲਿਆਂ ਅਤੇ ਲੁੱਟ ਮਾਰਾਂ ਕਾਰਨ ਦਹਿਸ਼ਤ ਦਾ ਮਾਹੌਲ ਸੀ। ਜ਼ੁਲਮ ਦੀ ਅੱਗ ਵਰ੍ਹ ਰਹੀ ਸੀ। ਪੰਜਾਬ ਦਾ ਆਰਥਿਕ ਪੱਖੋਂ ਬੁਰਾ ਹਾਲ ਹੋਇਆ ਇਸਨੂੰ ਕਵੀ ਬੁੱਲੇ ਸ਼ਾਹ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

"ਦਰ ਖੁਲ੍ਹਾ ਹੈ ਹਸ਼ਰ ਅਜ਼ਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ।"[81]

ਇਸ ਸਮੇਂ ਪੰਜਾਬ ਦਾ ਰਾਜ ਖੋਖਲਾ ਹੋ ਚੁੱਕਾ ਸੀ। ਸਿੱਖਾਂ ਦੇ ਜਥਿਆਂ ਦੀ ਗਿਣਤੀ ਵਧਣ ਲੱਗੀ। ਇਸ ਰਾਜ ਰੌਲ਼ੇ ਤੇ ਗੜਬੜ ਤੋਂ ਫ਼ਾਇਦਾ ਉਠਾ ਕੇ ਸਿੱਖਾਂ ਨੇ ਆਪਣੀ ਤਾਕਤ ਵਧਾ ਲਈ ਤੇ ਕਈ ਛੋਟੀਆਂ ਸੁਤੰਤਰ ਰਿਆਸਤਾਂ ਕਾਇਮ ਕਰ ਲਈਆਂ। ਸਿੱਖ ਲਹਿਰ ਅੱਗੇ ਵਧਦੀ ਗਈ ਜੋ ਮਰਨਾ ਜਾਣਦੀ ਸੀ ਜੋ ਕਿਸੇ ਤਰ੍ਹਾਂ ਗ਼ੁਲਾਮੀ ਸਹਿਣ ਨਹੀਂ ਕਰਦੀ ਸੀ। ਪੰਜਾਬ ਦੇ ਲੋਕਾਂ ਨੇ ਵੀ ਜਾਣ ਲਿਆ ਸੀ ਕਿ ਸਿੱਖ ਹੀ ਉਨ੍ਹਾਂ ਨੂੰ

---

[79] ਗੰਡਾ ਸਿੰਘ (ਡਾ.), ਸਰਦਾਰ *ਜੱਸਾ ਸਿੰਘ ਆਹਲੂਵਾਲੀਆ,* ਪੰਨਾ-79

[80] ਸੋਹਨ ਲਾਲ ਸੂਰੀ, *ਉਮਦਾਤ-ਉਤ-ਤਵਾਰੀਖ (ਪੰਜਾਬੀ ਤਰਜਮਾ),* ਪੰਨਾ-136

[81] ਸ਼ੀਤਲ, ਜੀਤ ਸਿੰਘ(ਡਾ.)(ਸੰਪਾ.), *ਬੁੱਲੇ ਸ਼ਾਹ ਜੀਵਨ ਤੇ ਰਚਨਾ,* ਪੰਨਾ-12

ਜ਼ੁਲਮ ਅਤੇ ਗ਼ੁਲਾਮੀ ਦੇ ਪੰਜੇ ਵਿਚੋਂ ਬਚਾਅ ਸਕਦੇ ਹਨ ਸਿੱਟੇ ਵਜੋਂ ਲੋਕਾਂ ਨੇ ਖ਼ਾਲਸਾ ਪੰਥ ਦੀ ਜਥੇਬੰਦੀ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ।

## ਰਾਖੀ ਸਿਸਟਮ ਬਨਾਮ ਸੁਤੰਤਰਤਾ

ਮੀਰ ਮੰਨੂ ਦੇ ਮਰਨ ਮਗਰੋਂ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ। ਇਸ ਇਕੱਠ ਵਿਚ ਸਿੱਖ ਕੌਮ ਨੇ ਪੰਜਾਬੀ ਲੋਕਾਂ ਨੂੰ 'ਰਾਖੀ' ਦੇਣ ਦਾ ਗੁਰਮਤਾ ਕੀਤਾ। 'ਰਾਖੀ' ਦੀ ਇਸ ਪਰੰਪਰਾ ਵਿਚ ਲੋਕਾਂ ਨੂੰ ਕੁਝ ਦੇਰ ਲਈ ਸੁਤੰਤਰਤਾ ਦਾ ਅਹਿਸਾਸ ਹੋਇਆ। ਇਸ ਮੁਤਾਬਿਕ ਕਿਸਾਨਾਂ ਅਤੇ ਵਪਾਰੀਆਂ ਨੇ ਸਿੱਖਾਂ ਨੂੰ ਮਾਲੀਆ ਦੇਣਾ ਸੀ ਤੇ ਇਸ ਬਦਲੇ ਵਿਚ ਸਿੱਖਾਂ ਨੇ ਉਨ੍ਹਾਂ ਨੂੰ ਅਫ਼ਗਾਨ ਧਾੜਵੀਆਂ ਅਤੇ ਮੁਗ਼ਲ ਸਰਕਾਰ ਤੋਂ ਹਿਫ਼ਾਜ਼ਤ ਦੇਣੀ ਸੀ। ਇਨ੍ਹਾਂ ਦਿਨਾਂ ਵਿਚ ਅਫ਼ਗਾਨਾਂ ਦੇ ਹਮਲੇ ਦਾ ਇੰਨਾ ਡਰ ਸੀ ਕਿ ਇਹ ਅਖਾਣ ਮਸ਼ਹੂਰ ਹੋ ਚੁੱਕਾ ਸੀ:

'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ'

ਡਾ. ਗੰਡਾ ਸਿੰਘ ਅਨੁਸਾਰ, ਜਾਨ ਮਾਲ ਦੀ ਰਾਖੀ ਦੇ ਭਰੋਸੇ ਨਾਲ ਆਮ ਜਨਤਾ ਦਾ ਸਿੱਖ ਸਰਦਾਰਾਂ 'ਤੇ ਭਰੋਸਾ ਜਮ ਗਿਆ ਸੀ। ਛੋਟੇ-ਵੱਡੇ ਤਪੇਦਾਰ ਅਤੇ ਜ਼ਿਮੀਂਦਾਰ ਇਨ੍ਹਾਂ ਦੀ 'ਰਾਖੀ' ਵਿਚ ਆਉਣ ਨੂੰ ਖੁਸ਼ੀ ਨਾਲ ਪ੍ਰਵਾਨ ਕਰਨ ਲੱਗ ਪਏ ਅਤੇ ਸਿੱਖ ਲੋਕ ਰਾਜ ਦੀਆਂ ਜੜ੍ਹਾਂ ਪੱਕੀਆਂ ਹੋਣ ਲੱਗੀਆਂ।[82]

30 ਅਕਤੂਬਰ 1758 ਨੂੰ ਦੀਵਾਲੀ ਵਾਲੇ ਦਿਨ ਸਰਬੱਤ ਖ਼ਾਲਸੇ ਨੇ ਗੁਰਮਤਾ ਕੀਤਾ ਕਿ ਕਿਸੇ ਵੀ ਧਿਰ ਨਾਲ ਉਦੋਂ ਤੱਕ ਸਮਝੌਤਾ ਨਾ ਕੀਤਾ ਜਾਵੇ ਜਦੋਂ ਤੱਕ ਉਹ ਖ਼ਾਲਸੇ ਦੀ ਸੁਤੰਤਰ ਸੱਤਾ ਨੂੰ ਮਾਨਤਾ ਨਹੀਂ ਦਿੰਦੀ ਤਾਂ ਜੋ ਰਾਖੀ ਪ੍ਰਬੰਧ ਨੂੰ ਮਜ਼ਬੂਤ ਕੀਤਾ ਜਾਵੇ। ਇਸਦੀ ਰੌਸ਼ਨੀ ਵਿਚ ਹਰ ਜਥੇ ਨੇ ਆਪੋ-ਆਪਣੀ ਰਾਖੀ ਵਿਚ ਵੱਧ ਤੋਂ ਵੱਧ ਇਲਾਕਾ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਸੀ। [83]

ਰਾਖੀ ਪ੍ਰਬੰਧ ਬਾਰੇ ਹਰੀ ਰਾਮ ਗੁਪਤਾ ਲਿਖਦਾ ਹੈ, "ਵਿਚਾਰੇ ਪੇਂਡੂਆਂ ਲਈ ਅਜਿਹੀ ਹਿਫ਼ਾਜ਼ਤ ਅਤੇ ਅਮਨ ਦੀ ਤਜਵੀਜ਼ ਇਕ ਨਿਆਮਤ ਸੀ। ਬਹੁਤ ਥੋੜ੍ਹੇ ਸਮੇਂ ਵਿਚ ਪੰਜਾਬ ਦੇ ਚਾਰ ਦੁਆਬਿਆਂ ਨੇ ਦਲ ਖ਼ਾਲਸਾ ਦੀ ਰੱਖਿਆ ਕਬੂਲ ਕਰ ਲਈ ਸੀ।"[84] ਖੁਸ਼ਵੰਤ ਸਿੰਘ ਅਨੁਸਾਰ "ਰਾਖੀ ਦੇ ਦਿਨਾਂ ਵਿੱਚ ਸਿੱਖਾਂ ਦੇ ਫ਼ੌਜੀ ਪ੍ਰਬੰਧ ਦਾ ਕੇਂਦਰ ਅੰਮ੍ਰਿਤਸਰ ਹੀ ਰਿਹਾ ਜਿਥੇ ਨਿਸ਼ਾਨਵਾਲੀਏ, ਡੱਲੇਵਾਲੀਏ ਆਦਿ ਮਿਸਲਾਂ ਖ਼ੁਦਮੁਖ਼ਤਿਆਰ ਬਣੀਆਂ ਰਹੀਆਂ। ਉਨ੍ਹਾਂ ਨੂੰ ਸੁਤੰਤਰਤਾ ਸੀ ਕਿ ਆਪਣੀ ਚੋਣ ਦੇ ਕਿਸੇ ਇਲਾਕੇ ਵਿਚ ਵੀ

---

[82] ਗੰਡਾ ਸਿੰਘ (ਡਾ.), *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪੰਨਾ-91.

[83] ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ (ਭਾਗ ਦੂਜਾ),* ਪੰਨਾ-199

[84] *ਸਿੱਖ ਇਤਿਹਾਸ (1739-1799),* ਪਿਆਰਾ ਸਿੰਘ(ਅਨੁ.),ਪੰਨਾ 79,

ਉਹ ਰਾਖੀ ਵਧਾ ਸਕਦੀਆਂ ਸਨ। ਭੰਗੀਆਂ ਅਤੇ ਸ਼ੁਕਰਚੱਕੀਆ ਨੇ ਰੇਚਨਾ ਅਤੇ ਚੱਜ ਦੁਆਬੇ ਸਾਂਭ ਲਏ, ਘਨੱਈਏ, ਸਿੰਘਪੁਰੀਏ ਅਤੇ ਆਹਲੂਵਾਲੀਏ ਨੇ ਸਤਲੁਜ ਦੇ ਦੋਹਾਂ ਪਾਸਿਆਂ ਦੇ ਇਲਾਕੇ ਲੈ ਲਏ ਸਨ।"[85]

ਇਸ ਸਮੇਂ ਸਿੱਖਾਂ ਨੇ ਪੰਥ ਦੋਖੀਆਂ ਅਤੇ ਮੁਗ਼ਲਾਂ ਦੇ ਮੁਖ਼ਬਰਾਂ ਦਾ ਸਫ਼ਾਇਆ ਕੀਤਾ। ਸਿੱਖ ਮਾਲੀਆ ਇਕੱਠਾ ਕਰਨ ਲੱਗੇ ਜਿਸ ਤੋਂ ਸਿੱਖਾਂ ਨੂੰ ਕਾਫ਼ੀ ਆਮਦਨ ਹੋਈ। ਹੁਣ ਸਾਰੇ ਇਲਾਕੇ ਵਿਚ ਸਿੱਖਾਂ ਦਾ ਬੋਲਬਾਲਾ ਸੀ। ਇਨ੍ਹਾਂ ਦਿਨਾਂ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਰੌਣੀ ਕਿਲ੍ਹੇ ਦੀ ਦੁਬਾਰਾ ਉਸਾਰੀ ਕਰਵਾਈ ਅਤੇ ਇਸਦਾ ਨਾਂ ਰਾਮਗੜ੍ਹ ਰੱਖ ਦਿੱਤਾ। ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਨੂੰ ਰਾਖੀ ਦੇਣਾ, ਖ਼ਾਲਸਾ ਫ਼ੌਜ ਦਾ ਜਥੇਬੰਦ ਹੋਣਾ, ਲਾਹੌਰ ਵਿਚ ਕਮਜ਼ੋਰ ਹਕੂਮਤ, ਅਹਿਮਦ ਸ਼ਾਹ ਦਾ ਪੰਜਾਬ ਨਾ ਆਉਣਾ ਆਦਿ ਸਿੱਖਾਂ ਨੂੰ ਸਿੱਖ ਹੋਮਲੈਂਡ ਦੇ 'ਅਸਲ ਹਾਕਮ' ਬਣਾਉਣ ਦਾ ਕਾਰਨ ਬਣੇ।[86]

## ਅਦੀਨਾ ਬੇਗ ਤੇ ਸਿੱਖਾਂ ਦਾ ਸਾਂਝਾ ਐਕਸ਼ਨ

ਮਾਰਚ 1755 ਵਿਚ ਅਦੀਨਾ ਬੇਗ ਨੇ ਪੁਤੇਲ ਖ਼ਾਨ ਰੁਹੀਲਾ ਦੇ ਖਿਲਾਫ਼ ਕੁਝ ਸ਼ਰਤਾਂ 'ਤੇ ਸਿੱਖਾਂ ਤੋਂ ਮਦਦ ਮੰਗੀ। ਇਸ ਲੜਾਈ ਵਿਚ ਰੁਹੇਲਾ ਮਾਰਿਆ ਗਿਆ ਤੇ ਸਿੱਖਾਂ ਨੂੰ ਇਸ ਬਦਲੇ ਫ਼ਤਹਿਬਾਦ ਦਰਿਆ ਬਿਆਸ ਦੇ ਕੰਢੇ ਦਾ ਪਰਗਣਾ ਦੇ ਦਿੱਤਾ ਗਿਆ। ਇਸ ਮਗਰੋਂ ਸਿੱਖਾਂ ਨੇ ਆਪ ਵੀ ਅਪ੍ਰੈਲ 1756 ਤੱਕ ਕਈ ਇਲਾਕਿਆਂ 'ਤੇ ਕਬਜ਼ੇ ਕਰ ਲਏ। ਹੁਣ ਅੰਮ੍ਰਿਤਸਰ, ਬਟਾਲਾ, ਕਲਾਨੌਰ, ਫ਼ਤਹਿਬਾਦ ਪਰਗਣਿਆਂ ਵਿਚ ਸਿੱਖਾਂ ਦਾ ਹੀ ਬੋਲਬਾਲਾ ਸੀ।[87] ਇਸ ਸਮੇਂ ਸਿੱਖਾਂ ਦੀ ਚੜ੍ਹਦੀਕਲਾ ਤੇ ਧਾਰਮਿਕ ਚੇਤਨਾ ਧੀਰਜ ਅਤੇ ਦ੍ਰਿੜਤਾ ਵਿਚ ਬਦਲ ਗਈ। "ਸਿੱਖ ਕਿਸੇ ਜਰਾਇਮ ਪੇਸ਼ਾ ਦੀ ਮੌਤ 'ਤੇ ਅਫ਼ਸੋਸ ਕਰਦੇ ਸਨ ਪਰ ਆਪਣੇ ਕਿਸੇ ਭਾਈਬੰਦੀ ਦੀ ਮੌਤ 'ਤੇ ਖੁਸ਼ੀ ਮਨਾਉਂਦੇ ਹਨ।[88]

ਮੁਹੰਮਦ ਲਤੀਫ਼ ਅਨੁਸਾਰ ਸਿੱਖਾਂ ਦੀ ਬਗ਼ਾਵਤ ਵਧਦੀ ਗਈ। ਰਾਮਗੜ੍ਹ ਵਿਚ ਵੀ ਬਗ਼ਾਵਤ ਫੁੱਟ ਪਈ। ਇਸ ਬਗ਼ਾਵਤ ਦੇ ਲੀਡਰ ਸਨ ਜੈ ਸਿੰਘ ਕਨ੍ਹਈਆ ਅਤੇ ਜੱਸਾ ਸਿੰਘ ਰਾਮਗੜ੍ਹੀਆ। ਬਗ਼ਾਵਤ ਨੂੰ ਦਬਾਉਣ ਲਈ ਸਰਕਾਰੀ ਫ਼ੌਜ ਭੇਜੀ ਗਈ ਪਰ ਪੰਜਾਬ ਵਿਚ ਪੂਰਨ ਸੁਤੰਤਰਤਾ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲਾ ਵਾਇਸਰਾਏ ਅਦੀਨਾ ਬੇਗ ਦਾ ਅੰਤ ਨੇੜੇ ਆ ਚੁੱਕਾ ਸੀ। ਸੰਨ 1758 ਨੂੰ ਬਟਾਲੇ ਸ਼ਹਿਰ ਵਿਚ ਉਸਦੀ ਮੌਤ ਹੋ ਗਈ।[89]

---

[85] *ਸਿੱਖ ਹਿਸਟਰੀ,* ਪੰਨਾ-105.

[86] ਦਿਲਗੀਰ, *ਸਿੱਖ ਤਵਾਰੀਖ (1708-1849),* ਪੰਨੇ-528-29.

[87] ਤਹਮਾਸਿਪ ਖ਼ਾਂ ਮਿਸਕੀਨ, *ਤਜਕਿਰਾ-ਇ ਤਹਿਮਾਸਪ,* (ਅਪ੍ਰਕਾਸ਼ਿਤ ਖਰੜਾ), ਪੰਨਾ-124

[88] ਜਗਜੀਤ ਸਿੰਘ, *ਸਿੱਖ ਇਨਕਲਾਬ,* ਪੰਨਾ-222-23

[89] *ਪੰਜਾਬ ਦਾ ਇਤਿਹਾਸ,* ਪੰਨਾ-433

ਜੂਨ 1755 ਵਿਚ ਜੱਸਾ ਸਿੰਘ ਆਹਲੂਵਾਲੀਆ ਨੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮੈਲਕਾਮ ਦਾ ਕਹਿਣਾ ਹੈ, "ਸਿੱਖਾਂ ਨੇ ਮੁਗ਼ਲਾਂ ਦੇ ਢਹਿੰਦੇ ਸਾਮਰਾਜ ਤੋਂ ਹਰ ਉਹ ਲਾਭ ਉਠਾਇਆ ਜੋ ਉਨ੍ਹਾਂ ਨੂੰ ਉਠਾਉਣਾ ਚਾਹੀਦਾ ਸੀ। ਉਨ੍ਹਾਂ ਆਪਣੀ ਤਾਕਤ ਨੂੰ ਵਧਾਇਆ ਤੇ ਵਧੀ ਤਾਕਤ ਨੂੰ ਕਾਇਮ ਰੱਖਿਆ। ਸਿੱਖਾਂ ਦੇ ਜਥਿਆਂ ਨੇ ਆਪਣੇ ਆਗੂਆਂ ਦੀ ਅਗਵਾਈ ਹੇਠਾਂ ਦੇਸ਼ ਦੇ ਬਹੁਤ ਹਿੱਸਿਆਂ ਵਿਚ ਸਫ਼ਲਤਾ ਹਾਸਲ ਕੀਤੀ ਜਿਸ ਬਾਰੇ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ।"[90] ਲਾਹੌਰ ਦੀ ਸੂਬੇਦਾਰ ਮੁਗ਼ਲਾਣੀ ਬੇਗ਼ਮ ਸਿਰਫ਼ ਲਾਹੌਰ ਦੀ ਹੱਦ ਤੱਕ ਰਹਿ ਗਈ ਸੀ। ਬਾਕੀ ਸਾਰੀਆਂ ਥਾਵਾਂ 'ਤੇ ਸਿੱਖਾਂ ਨੇ ਆਪਣਾ ਰਾਜ ਕਾਇਮ ਕਰ ਲਿਆ ਸੀ। 1757 ਨੂੰ ਅਹਿਮਦ ਸ਼ਾਹ ਨੇ ਦਿੱਲੀ 'ਤੇ ਚੌਥਾ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦਿੱਲੀ ਦੀ ਸਰਕਾਰ ਨੇ ਹਮਲਾ ਕਰਨ ਦੀ ਬਜਾਏ ਅਹਿਮਦ ਸ਼ਾਹ ਅੱਗੇ ਪਹਿਲਾਂ ਹੀ ਗੋਡੇ ਟੇਕ ਦਿੱਤੇ। ਇਸ ਦੌਰਾਨ ਮੁਗ਼ਲਾਣੀ ਬੇਗ਼ਮ ਨੇ ਆਪ ਦਿੱਲੀ ਦੇ ਬਹੁਤ ਸਾਰੇ ਵਜ਼ੀਰਾਂ ਨੂੰ ਅਹਿਮਦ ਸ਼ਾਹ ਅਬਦਾਲੀ ਹੱਥੋਂ ਲੁਟਵਾਇਆ ਅਤੇ ਹਜ਼ਾਰਾਂ ਧੀਆਂ ਵੀ ਲੁਟਵਾਈਆਂ। ਦਿੱਲੀ ਤੋਂ ਲੁੱਟ ਕੇ ਸਾਰਾ ਮਾਲ ਅਹਿਮਦ ਸ਼ਾਹ ਨੇ 28000 ਗੱਡਿਆਂ, ਬਲਦਾਂ, ਖੋਤਿਆਂ ਅਤੇ ਘੋੜਿਆਂ 'ਤੇ ਲੱਦ ਕੇ ਸਿੱਧਾ ਵਤਨ ਵੱਲ ਤੋਰ ਦਿੱਤਾ। ਇਸ ਸਮੇਂ ਸ਼ਾਹ ਦੀ 80 ਹਜ਼ਾਰ ਫ਼ੌਜ ਪੈਦਲ ਜਾ ਰਹੀ ਅਤੇ ਸਵਾਰੀ ਦਾ ਹਰ ਜਾਨਵਰ ਲੁੱਟ ਦੇ ਮਾਲ ਨਾਲ ਲੱਦਿਆ ਹੋਇਆ ਸੀ। ਇਸ ਸਮੇਂ ਲੁੱਟ ਮਚਾਉਣ ਦੇ ਨਾਲ-ਨਾਲ ਹਿੰਦੂ ਮੰਦਰਾਂ ਦੀ ਵੀ ਰੱਜ ਕੇ ਬੇਪਤੀ ਕੀਤੀ ਸੀ। ਬੈਰਾਗੀ ਤੇ ਸਨਿਆਸੀਆਂ ਦੇ ਮੱਠ ਲੁੱਟੇ ਗਏ ਸਨ। ਬਿੰਦਰਾਬਨ ਉਜਾੜ ਦਿੱਤਾ ਗਿਆ ਸੀ। ਹਰਿਆਣਾ ਵਿਚਲੇ ਥਾਨੇਸਰ ਦੇ ਮੰਦਰਾਂ ਨੂੰ ਲੁੱਟਣ ਦੇ ਅਤੇ ਢਾਹੁਣ ਦੇ ਹੁਕਮ ਦਿੱਤੇ ਗਏ ਸਨ। ਬ੍ਰਾਹਮਣਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਅਤੇ ਔਰਤਾਂ ਨੂੰ ਪਕੜ ਕੇ ਨਾਲ ਤੋਰ ਲਿਆ ਸੀ।[91]

ਸਰਦਾਰ ਮਿੱਤ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਫ਼ਗਾਨੀ ਫ਼ੌਜਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਮਿੱਤ ਸਿੰਘ ਵੀ ਸ਼ਹੀਦ ਹੋ ਗਿਆ। ਇਸ ਝੜਪ ਵਿਚ ਅਹਿਮਦ ਸ਼ਾਹ ਨਾਲ ਉਸ ਦਾ ਪੁੱਤਰ ਤੈਮੂਰ ਅਤੇ ਹਜ਼ਾਰਾਂ ਸਿਪਾਹੀ ਵੀ ਸਨ ਜਦੋਂ ਤੈਮੂਰ ਸਨੌਰ ਪੁੱਜਾ ਤਾਂ ਖ਼ਾਲਸਾ ਫ਼ੌਜਾਂ ਨੇ ਆਲਾ ਸਿੰਘ ਦੀ ਅਗਵਾਈ ਹੇਠ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਲੁੱਟ ਦਾ ਬਹੁਤ ਸਾਰਾ ਮਾਲ ਖੋਹ ਲਿਆ। ਸਿੱਖਾਂ ਨੇ ਝਨਾਅ ਦਰਿਆ ਤੱਕ ਹਿੰਦੁਸਤਾਨ ਦੇ ਲੁਟੇਰੇ ਅਤੇ ਮੁਗ਼ਲ ਸਾਮਰਾਜ ਦੇ ਜੇਤੂ ਦੁਰਾਨੀ ਦੀ ਸੈਨਾ ਦੀ ਚੋਖੀ ਲੁੱਟ-ਮਾਰ ਕੀਤੀ।[92] ਇਹ ਲੁੱਟਮਾਰ ਇਸ ਲਈ ਵੀ ਸੀ ਕਿ ਸ਼ਾਹ ਹੁਣ ਦੁਬਾਰਾ ਪੰਜਾਬ ਦੀ ਧਰਤੀ ਨੂੰ ਆਪਣੇ ਅਧੀਨ ਨਾ

---

[90] *Sketch of The Sikhs*, , p.77-78

[91] Gupta, *History of Sikhs, vol.II*, p.129-130-131

[92] ਦਿਲਗੀਰ, *ਸਿੱਖ ਤਵਾਰੀਖ (1708-1849)*, ਪੰਨਾ-534-535

ਕਰ ਸਕੇ। ਸਿੱਖ ਪੰਜਾਬ ਨੂੰ ਸੁਤੰਤਰ ਕਰਵਾਉਣ ਲਈ ਆਪਣੀ ਪੂਰੀ ਸ਼ਕਤੀ ਲਗਾ ਰਹੇ ਸਨ। ਸਿੱਖਾਂ ਦੀਆਂ ਲੁੱਟਾਂ ਤੋਂ ਸ਼ਾਹ ਦਾ ਪੁੱਤਰ ਤੈਮੂਰ ਗੁੱਸੇ ਵਿਚ ਆ ਗਿਆ ਤੇ ਉਸ ਨੇ ਬਦਲਾ ਲੈਣ ਲਈ ਜਲੰਧਰ ਲਾਗੇ ਕਰਤਾਰਪੁਰ 'ਤੇ ਹਮਲਾ ਕਰਕੇ ਬਹੁਤ ਸਾਰਾ ਕਤਲੇਆਮ ਕੀਤਾ। ਤੈਮੂਰ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ ਤੇ ਇਸ ਨੇ ਵੀ ਬਹੁਤ ਸਿੱਖ ਸ਼ਹੀਦ ਕੀਤੇ। ਮਈ 1757 ਨੂੰ ਤੈਮੂਰ ਨੇ ਅੰਮ੍ਰਿਤਸਰ 'ਤੇ ਹਮਲਾ ਕਰਕੇ ਇਸਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਰਾਮ ਰੌਣੀ ਕਿਲ੍ਹਾ ਅਤੇ ਦਰਬਾਰ ਸਾਹਿਬ ਢਾਹ ਦਿੱਤਾ ਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਨਾਲ ਪੂਰ ਦਿੱਤਾ।[93] ਸਿੱਖਾਂ ਨੇ ਬਾਅਦ ਵਿਚ ਪਵਿੱਤਰ ਸਰੋਵਰ ਜਿਸਨੂੰ ਤੈਮੂਰ ਸ਼ਾਹ ਨੇ ਪੂਰ ਦਿੱਤਾ ਸੀ ਨਵੇਂ ਸਿਰੇ ਤੋਂ ਸਾਫ਼ ਕਰਵਾਇਆ। ਸਿੱਖਾਂ ਨੇ ਸਰੋਵਰ ਵਿਚੋਂ ਮਿੱਟੀ ਆਦਿਕ ਕੱਢਣ ਦਾ ਕੰਮ ਮੁਸਲਮਾਨਾਂ ਤੋਂ ਕਰਵਾਇਆ।

**ਦਰਬਾਰ ਸਾਹਿਬ ਦੀ ਸੁਤੰਤਰਤਾ ਤੇ ਸਿੱਖ**

ਦਰਬਾਰ ਸਾਹਿਬ ਦੀ ਬੇਅਦਬੀ ਸਿੱਖਾਂ ਦੀ ਆਤਮਾ 'ਤੇ ਸੱਟ ਸੀ। ਦਰਬਾਰ ਸਾਹਿਬ ਢਾਹੁਣ ਦੀ ਖ਼ਬਰ ਬੁੱਢਾ ਦਲ ਮਿਸਲ ਦੇ ਮੁਖੀ ਬਾਬਾ ਦੀਪ ਸਿੰਘ ਕੋਲ ਪੁੱਜੀ। ਉਹ ਉਸ ਵੇਲੇ ਤਲਵੰਡੀ ਸਾਬੋ ਵਿਚ ਸਨ। ਉਨ੍ਹਾਂ ਨੇ ਅਫ਼ਗਾਨੀ ਫ਼ੌਜ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕੀਤਾ। ਦਰਬਾਰ ਸਾਹਿਬ ਨੂੰ ਅਫ਼ਗਾਨਾਂ ਤੋਂ ਆਜ਼ਾਦ ਕਰਵਾਉਣ ਵਾਸਤੇ ਸਿੰਘਾਂ ਦਾ ਜਥਾ ਸੀਸ ਤਲੀ 'ਤੇ ਰੱਖ ਕੇ ਆਇਆ ਉਨ੍ਹਾਂ ਫ਼ੈਸਲਾ ਕੀਤਾ ਸੀ ਜਾਂ ਤਾਂ ਦਰਬਾਰ ਸਾਹਿਬ ਅਫ਼ਗਾਨਾਂ ਤੋਂ ਆਜ਼ਾਦ ਕਰਵਾਉਣਾ ਹੈ ਜਾਂ ਸ਼ਹੀਦੀ ਦੇਣੀ ਹੈ। ਅੰਮ੍ਰਿਤਸਰ ਤੱਕ ਜਥੇ ਨਾਲ ਪੰਜ ਤੋਂ ਸੱਤ ਹਜ਼ਾਰ ਸਿੰਘ ਜੁੜ ਚੁੱਕੇ ਸਨ। 11 ਨਵੰਬਰ 1757 ਦੇ ਦਿਨ ਅੰਮ੍ਰਿਤਸਰ ਵਿਚ ਜਹਾਨ ਖ਼ਾਨ ਦੀਆਂ ਫ਼ੌਜਾਂ ਨਾਲ ਬਾਬਾ ਦੀਪ ਸਿੰਘ ਦੀ ਫੌਜ ਦੀ ਭਿਆਨਕ ਲੜਾਈ ਹੋਈ। ਇਸ ਲੜਾਈ ਵਿਚ ਬਹੁਤ ਸਾਰੇ ਅਫ਼ਗਾਨ ਸਿਪਾਹੀ ਮਾਰੇ ਗਏ ਤੇ ਸਾਰੇ ਦੇ ਸਾਰੇ ਸਿੱਖ ਵੀ ਸ਼ਹੀਦ ਹੋ ਗਏ। ਇਸ ਸਮੇਂ ਵਡੇਰੀ ਉਮਰ ਦੇ ਹੋਣ ਦੇ ਬਾਵਜੂਦ ਬਾਬਾ ਦੀਪ ਸਿੰਘ ਨੇ ਖ਼ੂਬ ਖੰਡਾ ਖੜਕਾਇਆ ਤੇ ਦਰਬਾਰ ਸਾਹਿਬ ਦੀ ਸੁਤੰਤਰਤਾ ਲਈ ਸ਼ਹਾਦਤ ਦੇ ਦਿੱਤੀ। ਬਾਬਾ ਦੀਪ ਸਿੰਘ ਦੀ ਸ਼ਹੀਦੀ ਮਗਰੋਂ ਦੁਸ਼ਮਣ ਨੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ। ਅਕਾਲ ਤਖ਼ਤ ਨੂੰ ਬਾਰੂਦ ਨਾਲ ਢਾਹਿਆ ਤੇ ਸਰੋਵਰ ਵਿੱਚ ਗਊਆਂ ਨੂੰ ਮਾਰ ਕੇ ਸੁੱਟ ਦਿੱਤਾ।

ਆਪਣੇ ਧਾਰਮਿਕ ਸਥਾਨ ਦੀ ਬੇਹੁਰਮਤੀ ਤੋਂ ਗੁੱਸੇ ਵਿਚ ਆਏ ਦਲ ਖ਼ਾਲਸੇ ਦੇ ਆਗੂਆਂ ਨੇ ਲਾਹੌਰ ਵਿਖੇ ਜਹਾਨ ਖਾਨ ਦੀ ਸੈਨਾ 'ਤੇ ਹਮਲਾ ਕਰ ਦਿੱਤਾ। ਸਮਕਾਲੀ ਲੇਖਕ ਮਿਸਕੀਨ ਲਿਖਦਾ ਹੈ, "ਜਹਾਨ ਖ਼ਾਨ ਦੀ ਹਰ ਫ਼ੌਜੀ ਟੁਕੜੀ ਖ਼ਾਲਸਾ ਫ਼ੌਜ ਤੋਂ ਹਾਰ ਖਾ ਕੇ ਮੁੜੀ। ਖ਼ਾਲਸਾ ਫ਼ੌਜ ਦੇ ਹਮਲਿਆਂ ਅਤੇ ਸਰਕਾਰ ਦੀ

---

[93] ਲਤੀਫ਼, *ਪੰਜਾਬ ਦਾ ਇਤਿਹਾਸ,* ਪੰਨਾ-435

ਕਾਇਰਤਾ ਨੇ ਹਾਕਮਾਂ ਦੀ ਬਹੁਤ ਵੱਡੀ ਬੇਇਜ਼ਤੀ ਕੀਤੀ। ਸਾਰੇ ਪਾਸੇ ਲਾ-ਕਾਨੂੰਨੀ ਸੀ।[94] ਸਿੱਖ ਫ਼ੌਜਾਂ ਦੀ ਦਲੇਰੀ ਬਾਰੇ ਡਾ. ਸੁਖਦਿਆਲ ਸਿੰਘ ਲਿਖਦੇ ਹਨ, "ਜਹਾਨ ਖ਼ਾਨ ਦੀ ਫ਼ੌਜ ਨੂੰ ਸਿੱਖਾਂ ਦਾ ਮੁਕਾਬਲਾ ਨਾ ਕਰਦੇ ਦੇਖ ਕੇ ਅਦੀਨਾ ਬੇਗ ਨੂੰ ਸਿੱਖ ਬਹੁਤ ਵੱਡਾ ਖਤਰਾ ਦਿੱਸਣ ਲੱਗੇ ਪਏ ਸਨ। ਉਸਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਜਿਸ ਪ੍ਰਾਂਤ ਦੀ ਉਸ ਨੇ ਸੂਬੇਦਾਰੀ ਸੰਭਾਲਣੀ ਹੈ, ਸਿੱਖ ਤਾਂ ਉਸ ਦੇ ਹਾਕਮ ਬਣਦੇ ਜਾ ਰਹੇ ਹਨ।"[95] ਸਿੱਖਾਂ ਨੇ ਅਪ੍ਰੈਲ 1760 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਇਕੱਠੇ ਹੋ ਕੇ ਲਾਹੌਰ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਸਭ ਨੇ ਰਲ ਮਿਲ ਕੇ ਹਮਲਾ ਕਰਕੇ ਸ਼ਹਿਰ ਨੂੰ ਤਬਾਹ ਕਰ ਦਿੱਤਾ। ਲਾਹੌਰ ਨਿਵਾਸੀਆਂ ਨੇ ਖ਼ਾਲਸੇ ਦੀ ਅਧੀਨਗੀ ਮੰਨ ਲਈ ਅਤੇ ਨਜ਼ਰਾਨੇ ਭੇਂਟ ਕੀਤੇ।[96] ਜਦੋਂ ਇਹ ਖ਼ਬਰ ਤੈਮੂਰ ਨੂੰ ਪੁੱਜੀ ਤਾਂ ਉਸਨੇ ਖਵਾਜ਼ਾ ਉਬੈਦ-ਉਲਾ ਖ਼ਾਨ ਦੀ ਅਗਵਾਈ ਵਿਚ 25 ਹਜ਼ਾਰ ਫ਼ੌਜ ਨੂੰ ਸਿੱਖਾਂ 'ਤੇ ਹਮਲਾ ਕਰਨ ਲਈ ਭੇਜ ਦਿੱਤਾ। ਦਸੰਬਰ 1757 ਨੂੰ ਸਿੱਖਾਂ ਦੀ ਮੁਗ਼ਲ ਫ਼ੌਜ ਨਾਲ ਟੱਕਰ ਹੋਈ। ਸਿੱਖਾਂ ਨੇ ਤਾਬੜਤੋੜ ਗੋਲੀਆਂ ਵਰਾ ਦਿੱਤੀਆਂ। ਜਹਾਨ ਖ਼ਾਨ ਜਾਨ ਬਚਾ ਕੇ ਭੱਜਿਆ। ਇਹ ਅਫ਼ਗਾਨਾਂ ਉਤੇ ਸਿੱਖਾਂ ਦੀ ਪਹਿਲੀ ਫੈਸਲਾਕੁਨ ਜਿੱਤ ਸੀ। ਇਸ ਤੋਂ ਮਗਰੋਂ ਸਿੱਖਾਂ ਨੇ ਬਟਾਲਾ ਅਤੇ ਕਲਾਨੌਰ 'ਤੇ ਵੀ ਕਬਜ਼ਾ ਕਰ ਲਿਆ।

### ਖ਼ਾਲਸੇ ਦਾ ਪੰਜਾਬ 'ਤੇ ਕਬਜ਼ਾ

ਅਦੀਨਾ ਬੇਗ ਨੇ ਅਫ਼ਗਾਨਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਸਿੱਖਾਂ ਦੀ ਮਦਦ ਨਾਲ ਸਰਹਿੰਦ ਅਤੇ ਲਾਹੌਰ 'ਤੇ ਹਮਲਾ ਕੀਤਾ। ਉਨ੍ਹਾਂ ਨੇ ਅਹਿਮਦ ਸ਼ਾਹ ਦੇ ਮਦਦਗਾਰ ਜ਼ੈਨ ਖ਼ਾਨ ਨੂੰ ਮਾਰ ਕੇ ਸਰਹਿੰਦ 'ਤੇ ਕਬਜ਼ਾ ਕਰ ਲਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਰੋਸ ਵਜੋਂ ਖ਼ਾਲਸਾ ਨੇ ਇਥੇ ਗਧਿਆਂ ਨਾਲ ਖੇਤੀ ਵਾਹੀ:

ਫੇਰ ਲਏ ਕਈ ਗਧੇ ਮੰਗਾਇ।
ਹਲ ਬਣਾਇ ਤਹਿਂ ਦਏ ਵਗਾਇ।।[97]

ਸਿੱਖਾਂ ਨੇ ਸਰਹਿੰਦ ਅਤੇ ਲਾਹੌਰ 'ਤੇ ਕਬਜ਼ਾ ਕਰਕੇ ਲੁੱਟ ਮਾਰ ਕੀਤੀ ਤੇ ਅਫ਼ਗਾਨ ਫ਼ੌਜਾਂ ਦੇ ਆਹੂ ਲਾਹੇ। 200 ਅਫ਼ਗਾਨ ਸਿਪਾਹੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਦਰਬਾਰ ਸਾਹਿਬ ਦੇ ਸਰੋਵਰ ਦੀ ਸਫ਼ਾਈ ਕਰਵਾਈ ਗਈ ਕਿਉਂਕਿ ਉਨ੍ਹਾਂ ਨੇ ਇਕ ਸਾਲ ਪਹਿਲਾਂ ਇਥੇ ਮਲਬਾ ਸੁੱਟਿਆ ਸੀ। ਸਰਹਿੰਦ ਫ਼ਤਿਹ ਕਰਨ ਮਗਰੋਂ ਖ਼ਾਲਸੇ ਨੇ ਦਿੱਲੀ ਤੇ ਆਸ-ਪਾਸ ਦੇ ਸਾਰੇ ਮੁੱਖ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ। ਜਮਨਾ ਨਦੀ ਤੱਕ ਪਹਾੜ ਤੇ ਸਾਰੇ ਕਿਲ੍ਹੇ ਵੀ ਸਿੰਘਾਂ ਦੇ ਕਬਜ਼ੇ ਹੇਠ ਆ ਗਏ। ਇਸ ਸਾਰੇ ਸਮੇਂ ਵਿਚ ਖ਼ਾਲਸੇ ਵੱਲੋਂ ਪੰਜਾਬ ਦੀ

---

[94] ਮਿਸਕੀਨ, *ਤਜਕਿਰਾ-ਇ-ਤਹਿਮਾਸਪ,* (ਅਪ੍ਰਕਾਸ਼ਿਤ ਖਰੜਾ), ਪੰਨਾ-63

[95] *ਸ਼੍ਰੋਮਣੀ ਸਿੱਖ ਇਤਿਹਾਸ (1708-1799),* ਪੰਨਾ-160.

[96] ਅਰਸ਼ੀ, *ਅਠਾਰਵੀਂ ਸਦੀ ਦਾ ਸਿੱਖ ਇਤਿਹਾਸ,* ਪੰਨਾ-69.

[97] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-408

ਮਲਕੀਅਤੀ ਦੇ ਨਾਲ ਹੋਰ ਸ਼ਹਿਰਾਂ ਨੂੰ ਫ਼ਤਹਿ ਕਰਨ ਵਾਲੇ ਰਾਜਸੀ ਸੰਕੇਤ ਉਸਦੀ ਸਦੀਵੀ ਬਾਦਸ਼ਾਹਤ ਦੀ ਹਾਮੀ ਭਰਦੇ ਹਨ। ਅਹਿਮਦ ਸ਼ਾਹ ਦੇ ਹਮਲਿਆਂ ਸਮੇਂ ਹਿੰਦੂ, ਸਿੱਖਾਂ ਨੂੰ ਆਪਣੇ ਰਾਖੇ ਸਮਝਣ ਲੱਗੇ ਸਨ। ਹਰ ਘਰ ਵਿਚੋਂ ਇਹ ਦਰਦ ਭਰੀ ਹੂਕ ਨਿਕਲਦੀ ਸੀ ਤੇ ਉਹ ਸਿੰਘ ਨੂੰ ਆਪਣੀ ਅਣਖ ਤੇ ਇੱਜ਼ਤ ਦਾ ਰਾਖਾ ਸਮਝਦੇ ਸਨ। ਸਿੱਖਾਂ ਦੇ ਇਨ੍ਹਾਂ ਗੁਣਾਂ ਕਰਕੇ ਹੀ ਦੀਵਾਨ ਕੌੜਾ ਮੱਲ ਅਖ਼ੀਰ ਤੱਕ ਉਨ੍ਹਾਂ ਦਾ ਹਮਦਰਦ ਰਿਹਾ।

1758 ਵਿਚ ਫਿਰ ਸਿੱਖ ਅਤੇ ਅਦੀਨਾ ਬੇਗ ਪੰਜਾਬ 'ਤੇ ਖ਼ੁਦਮੁਖ਼ਤਿਆਰੀ ਦੀ ਲੜਾਈ ਲੜਨ ਲੱਗੇ। ਅਦੀਨਾ ਬੇਗ ਨੇ ਸਿੱਖਾਂ ਦੇ ਟਿਕਾਣੇ ਜੰਗਲ ਕੱਟਣ ਲਈ ਇਕ ਹਜ਼ਾਰ ਤਰਖਾਣਾਂ ਦੀ ਡਿਊਟੀ ਲਗਾਈ।[98] ਪਰ ਸਿੱਖਾਂ ਨੂੰ ਖਤਮ ਕਰਨ ਦੀ ਵਿਉਂਤ ਵਿਚ ਅਦੀਨਾ ਬੇਗ ਪਛੜ ਚੁੱਕਿਆ ਸੀ। ਸਿੱਖ ਹੁਣ ਸ਼ਰਨਾਰਥੀ ਨਹੀਂ ਰਹੇ ਸਨ। ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਅਨੁਸਾਰ ਉਹ ਇਸ ਧਰਤੀ ਦੀ ਅਸਲ ਸੱਤਾ ਬਣ ਗਏ ਸਨ ਜਿਨ੍ਹਾਂ ਦੇ ਮਿਲਵਰਤਨ ਤੋਂ ਬਿਨ੍ਹਾਂ ਇਥੇ ਕੋਈ ਹੋਰ ਰਾਜ ਸਥਾਪਿਤ ਨਹੀਂ ਸੀ ਕਰ ਸਕਦਾ।[99] 1758 ਦੇ ਦਿਨ ਅਦੀਨਾ ਬੇਗ ਦੀ ਅਚਾਨਕ ਮੌਤ ਹੋ ਗਈ ਤੇ 31 ਅਕਤੂਬਰ 1758 ਨੂੰ ਸਿੱਖਾਂ ਨੇ ਸਰਬੱਤ ਖ਼ਾਲਸਾ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਕੀਤਾ। ਇਹ ਗੁਰਮਤਾ ਕੀਤਾ ਗਿਆ ਕਿ ਸਾਰੀਆਂ ਸਿੱਖ ਮਿਸਲਾਂ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਹਕੂਮਤ ਕਰਨਗੀਆਂ ਅਤੇ ਇਹਨ੍ਹਾਂ ਦੇ ਝਗੜਿਆਂ ਦਾ ਫ਼ੈਸਲਾ ਸਰਬੱਤ ਖ਼ਾਲਸਾ ਕਰਿਆ ਕਰੇਗਾ। ਸਰੱਬਤ ਖ਼ਾਲਸੇ ਦਾ ਅਤੇ ਖ਼ਾਲਸਾ ਫ਼ੌਜ ਦਾ ਮੁਖੀ ਜੱਸਾ ਸਿੰਘ ਆਹਲੂਵਾਲੀਆ ਨੂੰ ਚੁਣਿਆ ਗਿਆ।

## ਸੁਤੰਤਰਤਾ ਦੇ ਸੰਘਰਸ਼ ਦੌਰਾਨ ਸਿੱਖਾਂ ਦਾ ਆਚਰਨ

ਜਨਵਰੀ 1761 ਵਿਚ ਅਹਿਮਦ ਸ਼ਾਹ ਨੇ ਫਿਰ ਹਮਲਾ ਕੀਤਾ। ਇਸ ਹਮਲੇ ਵਿਚ ਮਰਹੱਟਿਆਂ ਅਤੇ ਸ਼ਾਹ ਦੀ ਸੈਨਾ ਵਿਚਕਾਰ ਗਹਿਗੱਚ ਲੜਾਈ ਹੋਈ ਜਿਸ ਵਿਚ ਸ਼ਾਹ ਦਾ ਹੱਥ ਉਪਰ ਰਿਹਾ ਤੇ ਤਕਰੀਬਨ 1 ਲੱਖ ਮਰਹੱਟਾ ਫ਼ੌਜ ਮਾਰੀ ਗਈ। ਇਸ ਕਤਲੇਆਮ ਮਗਰੋਂ ਸ਼ਾਹ ਨੇ ਦਿੱਲੀ ਵਿਚ ਭਾਰੀ ਲੁੱਟਮਾਰ ਕੀਤੀ ਤੇ ਲੁੱਟ ਦਾ ਸਮਾਨ ਤੇ ਹਜ਼ਾਰਾਂ ਖ਼ੂਬਸੂਰਤ ਹਿੰਦੂ ਕੁੜੀਆਂ ਗ੍ਰਿਫ਼ਤਾਰ ਕਰਕੇ 26 ਅਪ੍ਰੈਲ 1761 ਨੂੰ ਲਾਹੌਰ ਪੁੱਜਾ। ਇਨ੍ਹਾਂ ਦਿਨਾਂ ਵਿਚ ਸਰਬੱਤ ਖ਼ਾਲਸਾ ਦਾ ਇਕੱਠ ਅੰਮ੍ਰਿਤਸਰ ਵਿਖੇ ਹੋਇਆ। ਇਸ ਸਮੇਂ ਬਹੁਤ ਸਾਰੇ ਹਿੰਦੂਆਂ ਨੇ ਖ਼ਾਲਸਾ ਫ਼ੌਜ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਧੀਆਂ ਭੈਣਾਂ ਨੂੰ ਅਫ਼ਗਾਨਾਂ ਦੀ ਫ਼ੌਜ ਤੋਂ ਛੁਡਾਉਣ ਲਈ ਫ਼ਰਿਆਦ ਕੀਤੀ। ਉਨ੍ਹਾਂ ਦੀ ਫ਼ਰਿਆਦ ਅਠ੍ਹਾਰਵੀਂ ਸਦੀ ਦੇ ਇਸ ਅਖਾਣ ਵਿਚ ਮਿਲਦੀ ਹੈ:

---

[98] ਮਿਸਕੀਨ, *ਤਜਕਿਰਾ-ਇ-ਤਹਿਮਾਸਪ,* (ਅਪ੍ਰਕਾਸ਼ਿਤ ਖਰੜਾ),ਪੰਨਾ-167

[99] *ਸਿੱਖ ਇਤਿਹਾਸ (1469-1765),* ਪੰਨਾ-154.

ਵੇ ਮੋੜੀਂ ਭਾਈ ਕੱਛ ਵਾਲਿਆ ਸਿਰਦਾਰਾ।
ਧੀ ਸਾਡੀ ਗਈ, ਬਸਰੇ ਨੂੰ ਗਈ।
ਏਨ੍ਹਾਂ ਦੀਆਂ ਗੁੱਡੀਆਂ ਭੂਆਈਂ ਸਿੰਘਾਂ ਛਈ।
ਵੇ ਮੋੜੀਂ ਭਾਈ ਕੱਛ ਵਾਲਿਆ ਸਿਰਦਾਰਾ।

ਇਸ ਤੋਂ ਖ਼ਾਲਸੇ ਦੀ ਅਹਿਮਦ ਸ਼ਾਹ ਦੇ ਹਮਲਿਆਂ ਦੌਰਾਨ ਲੋਕਾਂ ਵਿਚ ਬਣੀ ਲੋਕ-ਪ੍ਰਿਯਤਾ ਦੀ ਛਵੀ ਦਾ ਪਤਾ ਲੱਗਦਾ ਹੈ। ਸਿੱਖ ਸੱਚੇ-ਸੁੱਚੇ ਆਚਰਨ ਵਾਲੇ ਸਨ ਜੋ ਕਿਸੇ ਨਾਲ ਵੀ ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਵਿਤਕਰਾ ਨਹੀਂ ਕਰਦੇ ਸਨ। ਇਸ ਕਾਰਨ ਉਹ ਆਮ ਲੋਕਾਂ ਵਿਚ ਪ੍ਰਵਾਨ ਹੋ ਜਾਂਦੇ ਸਨ। ਸਿੱਖਾਂ ਦੇ ਆਚਰਨ ਬਾਰੇ ਮੁਸਲਮਾਨ ਅਤੇ ਅੰਗਰੇਜ਼ ਲਿਖਾਰੀਆਂ ਦੀਆਂ ਲਿਖ਼ਤਾਂ ਵਿਚ ਵੀ ਬਾਖ਼ੂਬੀ ਵਰਣਨ ਮਿਲਦਾ ਹੈ। ਕਾਜ਼ੀ ਨੂਰ ਮੁਹੰਮਦ ਜੋ ਕਿ ਅਹਿਮਦ ਸ਼ਾਹ ਅਬਦਾਲੀ ਦੇ ਲਸ਼ਕਰ ਨਾਲ ਹੀ 1764 ਵਿਚ ਹਿੰਦੁਸਤਾਨ ਆਇਆ ਸੀ। ਉਸਨੇ ਸਿੱਖਾਂ ਵਿਰੁੱਧ ਲੜਾਈਆਂ ਵਿਚ ਭਾਗ ਵੀ ਲਿਆ ਸੀ। ਉਸਨੇ ਆਪਣੇ ਜੰਗਨਾਮੇ ਵਿਚ ਸਿੱਖਾਂ ਬਾਰੇ ਕਾਫ਼ੀ ਪ੍ਰਭਾਵਸ਼ਾਲੀ ਟਿੱਪਣੀਆਂ ਕੀਤੀਆਂ ਸਨ,

> "ਸਿੱਖ ਸੁੰਦਰਤਾ ਦੇ ਪੁੰਜ ਮਨੁੱਖ ਅਤੇ ਪੰਜਾਬ ਦੇ ਲੋਕਾਂ ਦੇ ਹਰਮਨ ਪਿਆਰੇ ਸਨ। ਸਿੱਖ ਬੁਜ਼ਦਿਲ ਨੂੰ ਕਦੇ ਵੀ ਨਹੀਂ ਮਾਰਦੇ ਅਤੇ ਯੁੱਧ-ਖੇਤਰ ਵਿਚ ਭੱਜਦਿਆਂ ਦਾ ਰਾਹ ਨਹੀਂ ਰੋਕਦੇ। ਉਨ੍ਹਾਂ ਨੇ ਬੇਦਰਦੀ ਨਾਲ ਆਪਣੇ ਦੁਸ਼ਮਣਾਂ ਦਾ ਕਤਲ ਵੀ ਨਹੀਂ ਕੀਤਾ। ਉਨ੍ਹਾਂ ਵਿਚ ਵਿਭਚਾਰ ਨਾਂ ਦੀ ਕੋਈ ਚੀਜ਼ ਨਹੀਂ। ਇਸਤਰੀਆਂ ਦੀ ਪਵਿੱਤਰਤਾ ਦਾ ਸਤਿਕਾਰ ਉਹ ਆਪਣੇ ਧਰਮ ਅਤੇ ਆਪਣੀ ਵਡਿਆਈ ਦਾ ਅੰਗ ਸਮਝਦੇ ਹਨ। ਉਹ ਇਸਤਰੀ ਤੋਂ ਉਸਦਾ ਸੋਨਾ ਅਤੇ ਗਹਿਣਾ ਨਹੀਂ ਲੁੱਟਦੇ ਭਾਵੇਂ ਉਹ ਰਾਣੀ ਹੋਵੇ ਜਾਂ ਗੋਲੀ। ਉਹ ਚੋਰ ਅਤੇ ਵਿਭਚਾਰੀ ਦੀ ਸੰਗਤ ਨਹੀਂ ਸਨ ਕਰਦੇ। ਜਦੋਂ ਉਹ ਖ਼ੁਸ਼ੀਆਂ ਮਨਾਉਂਦੇ ਹਨ ਤਾਂ ਹਾਤਿਮ ਤੋਂ ਵੱਧ ਦਾਨੀ ਹੁੰਦੇ ਹਨ।"[100]

ਇਸ ਤਰ੍ਹਾਂ ਉਹ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਨਿਆਰਾ ਮੰਨਦਾ ਹੈ। ਇਕ ਮੁਸਲਮਾਨ ਫਕੀਰ ਦੀ ਸਿੱਖਾਂ ਬਾਰੇ ਇਹ ਰਾਇ ਸਾਬਤ ਕਰਦੀ ਹੈ ਕਿ ਸਿੱਖ ਜ਼ਾਲਮ ਜਾਂ ਚੋਰ ਨਹੀਂ ਸਗੋਂ ਆਪਣੇ ਹੱਕ ਅਤੇ ਸੁੰਤਤਰਤਾ ਲਈ ਜੂਝ ਰਹੇ ਸਨ। ਹਿੰਦੂਆਂ ਦੇ ਵਿਰਲਾਪ ਸੁਣ ਕੇ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਖ਼ਾਲਸਾ ਜਰਨੈਲਾਂ ਨੇ ਮੁੜ ਰਹੀ ਅਫ਼ਗਾਨ ਫ਼ੌਜ 'ਤੇ ਹਮਲਾ ਕਰਕੇ 2200 ਹਿੰਦੂ ਕੁੜੀਆਂ ਨੂੰ ਰਿਹਾਅ ਕਰਵਾਇਆ ਅਤੇ ਉਨ੍ਹਾਂ ਨੂੰ ਘਰੋਂ ਘਰੀਂ ਛੱਡ ਕੇ ਆਏ ਪਰ ਕੁਝ ਡਰਪੋਕ ਹਿੰਦੂਆਂ ਨੇ ਅਹਿਮਦ ਸ਼ਾਹ ਦੇ ਡਰ ਤੋਂ ਲੜਕੀਆਂ ਵਾਪਸ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਹਜ਼ਾਰਾਂ ਹਿੰਦੂ ਲੜਕੀਆਂ ਨੂੰ ਰਿਹਾਅ ਕਰਵਾਉਣ ਦੇ ਉਪਕਾਰ ਵਜੋਂ ਲੋਕਾਂ ਨੇ ਜੱਸਾ ਸਿੰਘ ਆਹਲੂਵਾਲੀਆ ਅਤੇ ਖ਼ਾਲਸਾ ਫ਼ੌਜ ਨੂੰ ਬੰਦੀ-ਛੋੜ ਦਾ

---

[100] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-114-15., Ganda Singh (Dr.), *"Character Of the Sikhs As Seen By Qazi Noor Mohammad,"* Vol. pp. XV, 1981, p. 425-27 ਵਿਚੋਂ ਉਧਰਿਤ,

ਖਿਤਾਬ ਦਿੱਤਾ।[101] ਇਸ ਤੋਂ ਪਹਿਲਾਂ ਇਹ ਖਿਤਾਬ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਦਿੱਤਾ ਗਿਆ ਸੀ। ਉਨ੍ਹਾਂ ਨੇ ਵੀ ਜੇਲ੍ਹ ਵਿਚ ਬੰਦੀ ਰਿਹਾਅ ਕਰਵਾਏ ਸਨ। ਇਸ ਤਰ੍ਹਾਂ ਬੰਦ ਖ਼ਲਾਸੀ ਸ਼ਬਦ ਸੁਤੰਤਰਤਾ ਨਾਲ ਜੁੜਿਆ ਹੈ। ਇਹ ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ ਇਸਨੂੰ ਸਿੱਖਾਂ ਨੇ ਅਪਣਾਇਆ ਅਤੇ ਅੰਤਾਂ ਦੇ ਜ਼ੁਲਮੀ ਦੌਰ ਵਿਚ ਵੀ ਸਿਦਕ ਦਾ ਪੱਲਾ ਫੜੀ ਰੱਖਿਆ। ਇਸ ਦੌਰ ਦੇ ਸਿੱਖਾਂ ਦਾ ਧਾਰਮਿਕ ਜੀਵਨ ਅਤੇ ਇਖ਼ਲਾਕ ਬਹੁਤ ਉੱਚਾ ਸੀ। ਉਨ੍ਹਾਂ ਨੂੰ ਕਿਸੇ ਵੀ ਘਰ ਵਿਚ ਖਾਣ ਵਾਲੀ ਚੀਜ਼ ਲਈ ਜਵਾਬ ਨਹੀਂ ਮਿਲਦਾ ਸੀ ਬਲਕਿ ਅਕਾਲੀ ਨਿਹੰਗਾਂ ਦੇ ਇਖਲਾਕ ਬਾਰੇ ਕਹਾਵਤ ਬਣ ਗਈ ਸੀ:

ਆਏ ਨੇ ਨਿਹੰਗ। ਬੂਹਾ ਖੋਲਦੇ ਨਿਸੰਗ।

ਇਕ ਵਾਰ ਸਿੱਖਾਂ ਨੇ ਮੁਗ਼ਲਾਂ ਦਾ ਕੈਂਪ ਜਾਣ ਕੇ ਉਸ 'ਤੇ ਹਮਲਾ ਕਰ ਦਿੱਤਾ ਪਰ ਉਥੇ ਮੁਗ਼ਲਾਂ ਦੀਆਂ ਬੇਗ਼ਮਾਂ ਸੁੱਤੀਆਂ ਪਈਆਂ ਸਨ। ਇਹ ਦੇਖ ਕੇ ਸਿੰਘਾਂ ਨੇ ਕਿਰਪਾਨਾਂ ਮਿਆਨਾਂ ਵਿਚ ਪਾ ਲਈਆਂ। ਇਸ 'ਤੇ ਕਾਜ਼ੀ ਨੂਰ ਮੁਹੰਮਦ ਨੇ ਟੂਕ ਦੇ ਕੇ ਲਿਖਿਆ ਕਿ 'ਵਾ ਰੇ ਸਗਾਂ ਦੀ ਕੌਮ ਜੋ ਦੁਸ਼ਮਣ ਦੀ ਮਾਂ ਬੇਟੀ ਨੂੰ ਵੀ ਆਪਣੀ ਮਾਂ ਬੇਟੀ ਜਾਣਦੀ ਹੈ।[102] ਕਾਜ਼ੀ ਨੂਰ ਮੁਹੰਮਦ ਦੇ ਇਹ ਵਾਕ ਸਿੱਖਾਂ ਦੇ ਸਵੱਛ ਚਰਿੱਤਰ ਨੂੰ ਬਿਆਨ ਕਰਦੇ ਹਨ ਕਿ ਕਿਵੇਂ ਔਰਤ ਭਾਵੇਂ ਜੁਆਨ ਹੋਵੇ ਭਾਵੇਂ ਬਿਰਧ। ਇਹ ਉਸਨੂੰ ਬੁੱਢੀ ਆਖਦੇ ਹਨ ਭਾਵ ਵਡੇਰੀ ਉਮਰ ਦੀ। ਅੰਗਰੇਜ਼ ਲਿਖਾਰੀ ਅਲੈਗਜੈਂਡਰ ਬਰਨਜ ਆਪਣੀ ਭੇਜੀ ਰਿਪੋਰਟ 'ਔਨ ਦੀ ਪੁਲੀਟੀਕਲ ਪਾਵਰ ਆਫ਼ ਸਿਖਸ ਬੀਯਾਂਡ ਦੀ ਇੰਡਸ' ਵਿਚ ਲਿਖਦਾ ਹੈ ਕਿ ਸਿੱਖ ਕੌਮ ਬਹੁਤ ਹੀ ਖੁੱਲ੍ਹੇ ਦਿਲ ਵਾਲੀ ਹੈ। ਧਰਮ ਵਿਚ ਅਨੇਕਾਂ ਹੀ ਅੰਤਰ ਹੋਣ ਦੇ ਬਾਵਜੂਦ ਉਹ ਨਰਮ ਦਿਲੀ ਤੋਂ ਕੰਮ ਲੈਂਦੇ ਹਨ। ਇਹੋ ਮਹਾਨ ਗੁਣ ਉਨ੍ਹਾਂ ਨੂੰ ਆਪਣੇ ਗੁਆਂਢੀ ਮੁਸਲਮਾਨਾਂ ਤੋਂ ਅੱਡਰਾ ਬਣਾਉਂਦਾ ਸੀ।[103]

ਸਿੱਖਾਂ ਦੇ ਪਰਉਪਕਾਰੀ ਤੇ ਸਵੱਛ ਚਰਿੱਤਰ ਦਾ ਝਲਕਾਰਾ ਗਿਆਨੀ ਗਿਆਨ ਸਿੰਘ ਦੀ ਲਿਖਤ ਵਿਚਲੀ ਜ਼ਕਰੀਆ ਖ਼ਾਨ ਤੇ ਨਾਦਰਸ਼ਾਹ ਦੀ ਵਾਰਤਾ ਵਿਚ ਵੀ ਮਿਲਦਾ ਹੈ। ਇਕ ਵਾਰ ਨਾਦਰਸ਼ਾਹ ਨੇ ਜ਼ਕਰੀਆ ਖਾਨ ਤੋਂ ਸਿੱਖਾਂ ਦੇ ਵਿਸ਼ੇਸ਼ ਗੁਣ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਕਈ ਦਿਨਾਂ ਦੇ ਭੁੱਖੇ ਹੋਣ ਦੇ ਬਾਵਜੂਦ ਵੀ ਜੇ ਇਨ੍ਹਾਂ ਨੂੰ ਉਸ ਸਮੇਂ ਖਾਣ ਲਈ ਕੁਝ ਮਿਲ ਜਾਏ ਤਾਂ ਇਹ ਉੱਚੀ ਆਵਾਜ਼ ਨਾਲ ਕਹਿੰਦੇ ਸਨ ਕਿ ਹੈ ਕੋਈ ਭੁੱਖਾ:

---

101 ਦਿਲਗੀਰ, *ਸਿੱਖ ਤਵਾਰੀਖ (1708-1849)*, ਪੰਨਾ-552.

102 ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-114-15., Ganda Singh (Dr.), *"Character Of the Sikh's As Seen By Qazi Noor Mohammad,"* p. 425-27 ਵਿਚੋਂ ਉਧਰਿਤ

103 Alexender, *On The Political Power Of Sikh Beyond The Indus, Indian Govt. Report And Pobers*, p.16

ਦੇਤ ਆਵਾਜਾ ਭੁੱਖਾ ਕੋਈ।
ਆਓ ਦੇਗ਼ ਤਯਾਰ ਗੁਰ ਹੋਈ।[104]

ਨਾਦਰਸ਼ਾਹ ਨੇ ਕਿਹਾ ਕਿ ਜੇ ਅਵਾਜ਼ ਸੁਣ ਕੇ ਕੋਈ ਦੁਸ਼ਮਣ ਆ ਜਾਵੇ ਤਾਂ ਉਹ ਕੀ ਕਰਦੇ ਹਨ। ਜ਼ਕਰੀਆ ਖ਼ਾਨ ਦਾ ਉੱਤਰ ਸੀ ਕਿ ਮਿੱਤਰ ਸਮਝ ਕੇ ਉਸ ਨੂੰ ਵੀ ਛਕਾ ਦਿੰਦੇ ਹਨ:

ਓਸ ਸਮੇਂ ਬੈਰੀ ਕਿਮ ਆਵੈ।
ਪਰਮ ਮੀਤ ਸਮ ਤਾਹਿ ਛਕਾਵੈ।[105]

ਨਾਦਰ ਨੇ ਹੈਰਾਨੀ ਨਾਲ ਪੁੱਛਿਆ ਸੀ ਕਿ ਇਹ ਆਪ ਕੀ ਖਾਂਦੇ ਹਨ? ਜ਼ਕਰੀਆ ਖ਼ਾਨ ਦਾ ਉੱਤਰ ਸੀ:

'ਬਚੇ ਤੋ ਪਿਛੇ ਖੁਦ ਖਾ ਲੇਹੈਂ।
ਨਹੀਤੁ ਲੰਗਰ ਮਸਤ ਬਤੈਹੈਂ।"[106]

ਇਹ ਸਭ ਸਿੱਖਾਂ ਦੇ ਆਚਰਨ ਸਨ। ਉਨ੍ਹਾਂ ਦੇ ਆਚਰਨ ਦੇਖ ਕੇ ਲੋਕ ਲਗਾਤਾਰ ਸਿੱਖ ਲਹਿਰ ਨਾਲ ਜੁੜਦੇ ਗਏ। ਇਸ ਦੇ ਉਲਟ ਮੁਗ਼ਲ, ਅਫ਼ਗਾਨ ਤੇ ਹਿੰਦੂ ਜਦੋਂ ਦਾਅ ਲਗਦਾ ਸੀ। ਸਿੱਖ ਔਰਤਾਂ ਅਤੇ ਬੱਚਿਆਂ 'ਤੇ ਜ਼ੁਲਮ ਕਰਦੇ ਸਨ ਅਤੇ ਉਹ ਵਿਭਚਾਰੀ ਵੀ ਸਨ। ਹਰਿਭਗਤ ਨਿਰੰਜਨੀਆ ਆਪਣੀ ਸੰਗਤ ਵਿਚ ਆਈਆਂ ਧੀਆਂ, ਬਹੂ-ਬੇਟੀਆਂ ਨਾਲ ਵਿਭਚਾਰ ਕਰਦਾ ਸੀ:

ਸਭ ਤੋਂ ਵਡੋ ਕਾਮੀ ਵੁਹ ਹੋਊ। ਛਡੈ ਨ ਸੰਗਤ ਧੀ ਬਹੂ ਕੋਊ।
ਉਸ ਤੇ ਸੰਗਤ ਰਹੈ ਸੰਕਾਈ। ਉਸ ਤੇ ਬੇਟੀ ਬਹੂ ਨ ਜਾਈ।।[107]

ਧਰਮ ਅਤੇ ਸੱਚ ਦੇ ਰਾਜ ਲਈ ਸਿੱਖਾਂ ਵੱਲੋਂ ਦਿੱਤੀਆਂ ਸ਼ਹੀਦੀਆਂ ਦਰਸਾਉਂਦੀਆਂ ਹਨ ਕਿ ਉਹਨਾਂ ਦਾ ਧਾਰਮਿਕ ਅਕੀਦਾ ਸਿਦਕ, ਵਿਸ਼ਵਾਸ ਅਤੇ ਗੁਰੂ ਬਚਨਾਂ ਦੀ ਪਾਲਣਾ ਸੀ। ਸਿੱਖ ਮਿਸਲਾਂ ਦੇ ਸਿਧਾਂਤ ਸਨ ਖ਼ਾਲਸੇ ਦੀ ਚੜ੍ਹਦੀਕਲਾ, ਦੇਸ਼ ਦੀ ਸੁਤੰਤਰਤਾ, ਲੋਕਾਂ ਦਾ ਰਾਖੀ ਪ੍ਰਬੰਧ, ਦਰਬਾਰ ਸਾਹਿਬ ਦਾ ਅਦਬ ਬਰਕਰਾਰ ਰੱਖਣਾ ਆਦਿ।

## ਪੰਜਾਬ ਦੀ ਸੁਤੰਤਰਤਾ ਦੇ ਰਖਵਾਲੇ

ਅਹਿਮਦ ਸ਼ਾਹ ਸਿੱਖਾਂ ਦਾ ਦੁਸ਼ਮਣ ਬਣ ਚੁੱਕਾ ਸੀ। ਉਸ ਨੇ ਜਰਨੈਲ ਨੂਰ-ਉਦ-ਦੀਨ ਦੀ ਅਗਵਾਈ ਵਿਚ ਬਾਰਾਂ ਹਜ਼ਾਰ ਫ਼ੌਜ ਨੂੰ ਸਿੱਖਾਂ 'ਤੇ ਹਮਲਾ ਕਰਨ ਵਾਸਤੇ ਭੇਜਿਆ। ਉਸਦੀ ਅਗਸਤ 1761 ਵਿਚ ਚੜ੍ਹਤ

---

[104] *ਪੰਥ ਪ੍ਰਕਾਸ਼,* ਪੰਨਾ-728
[105] ਉਹੀ, ਪੰਨਾ-728
[106] ਉਹੀ, ਪੰਨਾ-728
[107] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-187

ਸਿੰਘ ਸ਼ੁਕਰਚਕੀਆ ਤੇ ਹੋਰ ਮਿਸਲਾਂ ਦੀ ਫ਼ੌਜ ਨਾਲ ਟੱਕਰ ਹੋਈ। ਇਸ ਲੜਾਈ ਵਿਚ ਅਫ਼ਗਾਨ ਫ਼ੌਜੀ ਸਿੱਖਾਂ ਦੀ ਮਾਰ ਨਾ ਝੱਲਦੇ ਹੋਏ ਡਰ ਕੇ ਭੱਜ ਪਏ। ਸਿੱਖਾਂ ਨੇ ਗ੍ਰਿਫ਼ਤਾਰ ਕੀਤੀ ਫੌਜ ਨੂੰ ਵੀ ਵਾਪਸ ਅਫ਼ਗਾਨ ਭੇਜ ਦਿੱਤਾ ਤੇ ਉਨ੍ਹਾਂ ਦੇ ਬਹੁਤ ਸਾਰਾ ਅਸਲਾ ਹੱਥ ਲੱਗਾ। ਲਾਹੌਰ ਦੇ ਸੂਬੇਦਾਰ ਖ਼ਵਾਜ਼ਾ ਅਬੈਦ ਖ਼ਾਨ ਨੇ ਬਦਲਾ ਲੈਣ ਲਈ ਚੜ੍ਹਤ ਸਿੰਘ ਗੁੱਜਰਾਂਵਾਲੇ 'ਤੇ ਹਮਲਾ ਕਰਕੇ ਉਸਨੂੰ ਕਿਲ੍ਹੇ ਵਿਚ ਘੇਰ ਲਿਆ ਜਦੋਂ ਇਸਦਾ ਪਤਾ ਦੂਜੇ ਸਿੱਖ ਆਗੂਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਹਮਲੇ ਕਰਕੇ ਇਸ ਦੀਆਂ ਫ਼ੌਜਾਂ ਨੂੰ ਅੱਗੇ ਲਗਾ ਲਿਆ ਤੇ ਇਹ ਭੱਜ ਕੇ ਲਾਹੌਰ ਕਿਲ੍ਹੇ ਵਿਚ ਵੜ ਗਏ। ਸਿੱਖ ਫ਼ੌਜਾਂ ਨੇ ਜੈ ਸਿੰਘ ਕਨ੍ਹੱਈਆ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਲਾਹੌਰ ਕਿਲ੍ਹੇ ਨੂੰ ਘੇਰਾ ਪਾ ਲਿਆ। ਕਿਲ੍ਹੇ ਦੀ ਘੇਰਾਬੰਦੀ ਕਈ ਦਿਨ ਰਹਿਣ ਕਾਰਨ ਲੋਕ ਅੰਦਰ ਭੁੱਖੇ ਮਰਨ ਲੱਗੇ। ਸਿੱਖ ਆਮ ਲੋਕਾਂ ਨੂੰ ਦੁਖੀ ਨਹੀਂ ਕਰਨਾ ਚਾਹੁੰਦੇ ਸਨ। ਇਸ ਲਈ ਲਾਹੌਰ ਸ਼ਹਿਰ ਦੇ ਮੋਹਤਬਰ ਬੰਦਿਆਂ ਨੇ ਸ਼ਹਿਰ ਦੇ ਦਰਵਾਜ਼ੇ ਖੋਲ ਦਿੱਤੇ। ਸ਼ਹਿਰ ਵਾਸੀਆਂ ਨੇ ਸਿੱਖਾਂ ਨੂੰ 'ਜੀ ਆਇਆਂ' ਕਿਹਾ। ਸਿੱਖਾਂ ਨੇ ਬਿਨ੍ਹਾਂ ਮੁਕਾਬਲੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਖ਼ਵਾਜਾ ਅਬੈਦ ਖ਼ਾਨ ਸਿੱਖਾਂ ਨਾਲ ਲੜਦਾ ਹੋਇਆ ਮਾਰਿਆ ਗਿਆ। ਖ਼ਾਲਸਾ ਫ਼ੌਜਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਦੀ ਪਦਵੀ ਦੇ ਕੇ ਸਨਮਾਨਿਆ। ਜੱਸਾ ਸਿੰਘ ਨੇ 'ਦੇਗ ਤੇਗ ਫਤਹਿ, ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਦੇ ਸਿੱਕੇ ਜਾਰੀ ਕੀਤੇ।[108] 'ਸੁਲਤਾਨ-ਉਲ-ਕੌਮ' ਤੋਂ ਭਾਵ ਹੈ ਬਾਦਸ਼ਾਹ ਅਤੇ ਸਿੱਕੇ 'ਤੇ ਉਕਰੇ ਫ਼ਾਰਸੀ ਬੰਦ ਦਾ ਮਤਲਬ ਹੈ ਕਿ ਖ਼ਾਲਸੇ ਦੀ ਦੇਗ਼, ਤੇਗ਼ ਤੇ ਅਟੱਲ ਫ਼ਤਹਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਬਖਸ਼ਿਸ ਨਾਲ ਹੋਈ ਹੈ। ਇਸ ਉਪਰ ਲਿਖੇ ਸ਼ਬਦ ਸੁਤੰਤਰ ਖ਼ਾਲਸਾ ਰਾਜ ਦੀ ਰੂਹਾਨੀ ਵਿਚਾਰਧਾਰਾ ਦੀ ਦੱਸ ਪਾਉਂਦੇ ਹਨ ਅਤੇ ਖ਼ਾਲਸਾ ਰਾਜ ਦੀ ਪ੍ਰਮਾਣਿਕ ਨਿਸ਼ਾਨੀ ਵੀ ਪ੍ਰਗਟ ਕਰਦੇ ਹਨ।

ਸਿੱਖ ਇਕ ਵੱਡੀ ਸ਼ਕਤੀ ਬਣ ਕੇ ਉਭਰੇ ਸਨ। ਅਹਿਮਦ ਸ਼ਾਹ ਦੀ ਅਗਵਾਈ ਹੇਠਾਂ ਅਫ਼ਗਾਨ ਪੰਜਾਬ ਨੂੰ ਜਿੱਤ ਕੇ ਅਫ਼ਗਾਨਿਸਤਾਨ ਨਾਲ ਅਮਲੀ ਤੌਰ 'ਤੇ ਮਿਲਾ ਚੁੱਕੇ ਸਨ ਤੇ ਇਸ ਵਿਚ ਰੋਕ ਪਾਉਣ ਵਾਲੀ ਸ਼ਕਤੀ ਉਨ੍ਹਾਂ ਦੀ ਦੁਸ਼ਮਣ ਸੀ। ਇਹ ਸਿੱਖ ਸਨ ਜੋ ਪੰਜਾਬ 'ਤੇ ਆਪਣਾ ਹੱਕ ਸਮਝਦੇ ਸਨ। ਸਗੋਂ ਇਸ ਨੂੰ ਆਪਣੀ ਜਨਮ ਭੂਮੀ ਸਮਝ ਕੇ ਸੁਤੰਤਰ ਕਰਵਾਉਣਾ ਆਪਣਾ ਫਰਜ਼ ਸਮਝਦੇ ਸਨ। ਇਸ ਲਈ ਅਹਿਮਦ ਸ਼ਾਹ ਸਿੱਖਾਂ ਦਾ ਖਾਤਮਾ ਕਰਨ 'ਤੇ ਤੁਲ ਪਿਆ।

## ਵੱਡਾ ਘੱਲੂਘਾਰਾ

3 ਫਰਵਰੀ ਨੂੰ 1762 ਨੂੰ ਅਹਿਮਦ ਸ਼ਾਹ ਨੂੰ ਲਾਹੌਰ ਵਿਖੇ ਖ਼ਬਰ ਮਿਲੀ ਕਿ ਮਲੇਰਕੋਟਲੇ ਤੋਂ 15-20 ਕਿੱਲੋਮੀਟਰ ਦੂਰ ਪਿੰਡ ਰਾਏਪੁਰ ਗੁੱਜਰਵਾਲ (ਕੁੱਪ) ਵਿਖੇ ਸਿੱਖ ਵੱਡੇ ਇਕੱਠ ਦੇ ਰੂਪ ਵਿਚ ਹਨ। ਉਸਨੇ

---

[108] ਗੰਡਾ ਸਿੰਘ(ਡਾ.) *ਜੱਸਾ ਸਿੰਘ ਆਹਲੂਵਾਲੀਆ,* ਪੰਨਾ-67

ਆਪਣੀ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਤੇ ਪੰਜ ਫਰਵਰੀ 1762 ਈ. ਨੂੰ ਪਿੰਡ ਕੁੱਪ ਕੋਲ ਅਚਾਨਕ ਸਿੱਖ ਘਿਰ ਗਏ।[109]

ਕੁੱਪ ਰਹੀੜ ਦੇ ਜੰਗਲ ਵਿਚ ਸਿੱਖਾਂ ਨਾਲ ਟੱਬਰਾਂ ਨੇ ਵੀ ਪਨਾਹ ਲਈ ਹੋਈ ਸੀ। ਪੰਜ ਹਜ਼ਾਰ ਦੇ ਕਰੀਬ ਬੀਬੀਆਂ ਤੇ ਬੱਚਿਆਂ ਸਣੇ ਸਿੱਖਾਂ ਦੀ ਕੁੱਲ ਗਿਣਤੀ 40 ਤੋਂ 50 ਹਜ਼ਾਰ ਦੇ ਕਰੀਬ ਸੀ। ਅਹਿਮਦ ਸ਼ਾਹ ਨੇ ਫ਼ੌਜਾਂ ਨੂੰ ਕਿਹਾ ਕਿ ਕਿਸੇ ਵੀ ਪੰਜਾਬੀ ਚਿਹਰੇ ਵਾਲੇ ਨੂੰ ਜਿਉਂਦਾ ਨਾ ਛੱਡਿਆ ਜਾਵੇ। ਚਾਰੇ ਪਾਸੇ ਤੋਂ ਘਿਰੇ ਹੋਣ ਕਾਰਨ ਸਿੱਖਾਂ ਨੇ ਇਕ ਵਹੀਰ ਦੀ ਸ਼ਕਲ ਵਿਚ ਬਰਨਾਲੇ ਵੱਲ ਵਧਣਾ ਸ਼ੁਰੂ ਕਰ ਦਿੱਤਾ। ਵਹੀਰ ਦੇ ਅੱਗੇ ਪਿਛੇ ਤਕੜੇ ਜਵਾਨ ਤੇ ਵਿਚਕਾਰ ਟੱਬਰ ਸਨ। ਸਿੱਖ ਹੌਲੀ-ਹੌਲੀ ਅੱਗੇ ਵਧਦੇ ਗਏ ਤੇ ਨਾਲ ਹੀ ਲੜਦੇ ਗਏ। ਅਫ਼ਗਾਨ ਫ਼ੌਜਾਂ ਸਿੱਖਾਂ ਦਾ 40 ਕਿੱਲੋਮੀਟਰ ਤੱਕ ਘਾਣ ਕਰਦੀਆਂ ਗਈਆਂ। ਇਸ ਵੇਲੇ ਸਿੱਖ ਫ਼ੌਜਾਂ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚਕੀਆ ਤੇ ਹੋਰ ਜਰਨੈਲ ਕਰ ਰਹੇ ਸਨ।

ਸ਼ਾਮ ਪੈਣ ਤੱਕ ਇਹ ਲੜਾਈ ਤੇ ਕਤਲੇਆਮ ਜਾਰੀ ਰਿਹਾ। ਇਸ ਜੱਦੋਜਹਿਦ ਵਿਚ ਤਕਰੀਬਨ ਪੱਚੀ ਤੋਂ ਤੀਹ ਹਜ਼ਾਰ ਸਿੱਖ ਸ਼ਹੀਦ ਹੋ ਗਏ ਸਨ। ਸ਼ਹੀਦ ਹੋਣ ਵਾਲਿਆਂ ਵਿਚ ਬਹੁਤੇ ਔਰਤਾਂ ਤੇ ਬੱਚੇ ਸਨ। ਇਸ ਲੜਾਈ ਵਿਚ ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਬਰਛਿਆਂ ਅਤੇ ਤਲਵਾਰਾਂ ਦੇ ਜ਼ਖ਼ਮ ਲੱਗੇ ਸਨ। ਹੋਰ ਸਿੱਖ ਵੀ ਕਾਫ਼ੀ ਜ਼ਖ਼ਮੀ ਸਨ। ਸਿੱਖ ਇਤਿਹਾਸ ਵਿਚ ਇਸ ਕਤਲੇਆਮ ਨੂੰ ਵੱਡੇ ਘੱਲੂਘਾਰੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਖੁਸ਼ਵਕਤ ਰਾਏ ਅਨੁਸਾਰ ਇਸ ਦਿਨ ਤੀਹ ਹਜ਼ਾਰ ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿਚ ਬੱਚੇ ਅਤੇ ਔਰਤਾਂ ਸ਼ਾਮਲ ਸਨ।[110] ਵਿਦੇਸ਼ੀ ਅਫ਼ਗਾਨ ਸਾਮਰਾਜ ਦੇ ਖਿਲਾਫ਼ ਸੁਤੰਤਰਤਾ ਦੀ ਲੜਾਈ ਲੜਦਿਆਂ ਭਿਆਨਕ ਸਾਕੇ ਤਾਂ ਸਿੱਖਾਂ ਨਾਲ ਇਸ ਤੋਂ ਪਹਿਲਾਂ ਵੀ ਵਾਪਰੇ ਸਨ ਪਰ ਇਕ ਦਿਨ ਵਿਚ ਏਨਾ ਵੱਡਾ ਕਤਲੇਆਮ ਪਹਿਲੀ ਵਾਰ ਹੋਇਆ ਸੀ।

## ਦਰਬਾਰ ਸਾਹਿਬ ਦੀ ਸੁਤੰਤਰਤਾ ਲਈ ਅਹਿਮਦ ਸ਼ਾਹ ਨਾਲ ਮੁਕਾਬਲਾ

ਕੁੱਪ ਦੇ ਜੰਗ ਤੋਂ ਬਾਅਦ ਅਹਿਮਦ ਸ਼ਾਹ ਗੁਰੂ ਕਾ ਚੱਕ ਅੰਮ੍ਰਿਤਸਰ ਪੁੱਜਾ ਤੇ ਅਕਾਲ ਤਖ਼ਤ ਅਤੇ ਹਰਿਮੰਦਰ ਦੀਆਂ ਕੰਧਾਂ ਹੇਠ ਬਾਰੂਦ ਦੇ ਫਲੀਤੇ ਦੇ ਕੇ ਇਮਾਰਤ ਨੂੰ ਤਬਾਹ ਕਰ ਦਿੱਤਾ ਤੇ ਇਸ ਵਿਚ ਗਊ ਹੱਤਿਆ ਵੀ ਕੀਤੀ।[111] 9 ਅਪ੍ਰੈਲ 1762 ਵਿਚ ਬਚੇ ਸਿੱਖਾਂ ਨੇ ਖਿਦਰਾਣੇ ਦੀ ਢਾਬ ਮੁਕਤਸਰ ਵਿਚ ਸਰਬੱਤ ਖ਼ਾਲਸਾ ਦਾ ਇਕੱਠ ਕੀਤਾ। ਦਰਬਾਰ ਸਾਹਿਬ ਅੰਮ੍ਰਿਤਸਰ ਦੀ ਅਹਿਮਦ ਸ਼ਾਹ ਵੱਲੋਂ ਕੀਤੀ ਗਈ ਤਬਾਹੀ

---

[109] ਅਰਸ਼ੀ, *ਅਠਾਰਵੀਂ ਸਦੀ ਵਿਚ ਬੀੜ ਪਰੰਪਰਾ ਦਾ ਵਿਕਾਸ,* ਪੰਨਾ 72.

[110] ਖੁਸ਼ਵਕਤ ਰਾਏ, *ਤਵਾਰੀਖ ਏ ਸਿੱਖਾਂ,* (ਅਪ੍ਰਕਾਸ਼ਿਤ ਖਰੜਾ), ਪੰਨਾ-86

[111] ਉਹੀ, ਪੰਨਾ-86

ਸੁਣ ਕੇ ਸਿੱਖ ਭੜਕ ਉੱਠੇ। ਮੈਲਕਾਮ ਲਿਖਦਾ ਹੈ, "ਆਪਣੇ ਸਾਰੇ ਇਤਿਹਾਸ ਵਿਚ ਸਿੱਖ ਹਰ ਮੁਸੀਬਤ ਵਿੱਚੋਂ ਦਬਾਈ ਗਈ ਅੱਗ ਵਿਚੋਂ ਨਿਕਲੀ ਤੇਜ਼ ਲਾਟ ਵਾਂਗ ਨਿਕਲਦੇ ਰਹੇ ਸਨ। ਉਨ੍ਹਾਂ ਨੂੰ ਜਿੰਨਾ ਦਬਾਇਆ ਜਾਂਦਾ ਸੀ। ਉਨ੍ਹਾਂ ਦੀ ਏਕਤਾ ਉਤਨੀ ਹੀ ਮਜ਼ਬੂਤ ਹੁੰਦੀ ਸੀ। ਹੁਣ ਉਹ ਦ੍ਰਿੜ੍ਹ ਚਿੱਤ ਹੋ ਕੇ ਅਤੇ ਮੁਕਾਬਲਾ ਕਰਨ ਦੇ ਅਜਿੱਤ ਹੌਸਲੇ ਨਾਲ ਤਿਆਰ ਹੋ ਗਏ ਸਨ।"[112] ਇੱਧਰ ਅਫ਼ਗਾਨਾਂ ਦੀ ਲੁੱਟ-ਮਾਰ ਨਾਲ ਫ਼ਸਲਾਂ ਦੀ ਵੀ ਬਹੁਤ ਤਬਾਹੀ ਹੋਈ ਤੇ ਚਾਰੇ ਪਾਸੇ ਅੰਨ ਦਾ ਕਾਲ ਪੈ ਗਿਆ, ਭੁੱਖਮਰੀ ਸ਼ੁਰੂ ਹੋ ਗਈ। ਇਸ ਹਾਲਾਤ ਨੇ ਲੋਕਾਂ ਦੇ ਦਿਲਾਂ ਵਿਚ ਮੁਗ਼ਲਾਂ ਅਤੇ ਅਫ਼ਗਾਨਾਂ ਵਾਸਤੇ ਨਫ਼ਰਤ ਭਰ ਦਿੱਤੀ ਤੇ ਉਹ ਸਿੱਖਾਂ ਵੱਲੋਂ ਦਿੱਤੀ ਗਈ 'ਰਾਖੀ' ਦੇ ਦਿਨਾਂ ਨੂੰ ਫਿਰ ਯਾਦ ਕਰਨ ਲੱਗੇ।[113] 17 ਅਕਤੂਬਰ 1762 ਨੂੰ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸਾ ਇਕੱਠਾ ਹੋਇਆ। ਇਸ ਵਿਚ ਤੀਹ ਤੋਂ ਚਾਲੀ ਹਜ਼ਾਰ ਸਿੱਖ ਸ਼ਾਮਲ ਸਨ। ਸਿੱਖਾਂ ਨੇ ਗੁਰਮਤਾ ਕੀਤਾ ਕਿ ਉਹ ਅਹਿਮਦ ਸ਼ਾਹ ਨਾਲ ਆਹਮੋ-ਸਾਹਮਣੇ ਦੀ ਲੜਾਈ ਕਰਨਗੇ। ਅਹਿਮਦ ਸ਼ਾਹ ਨੇ ਅੰਮ੍ਰਿਤਸਰ ਵਿਖੇ ਸਿੱਖਾਂ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਈਨ ਮੰਨਣ ਲਈ ਕਿਹਾ ਪਰ ਉਨ੍ਹਾਂ ਨੇ ਕਿਹਾ ਕਿ ਉਸਨੂੰ ਅਸੀਂ ਸਦਾ ਵਾਸਤੇ ਇਸ ਮੁਲਕ ਵਿਚ ਕੱਢਣਾ ਹੈ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਜੰਗ ਮਗਰੋਂ ਅਹਿਮਦ ਸ਼ਾਹ ਲਾਹੌਰ ਆ ਗਿਆ ਤੇ ਉਸਨੇ ਸਿੱਖਾਂ ਨਾਲ ਸਮਝੌਤਾ ਕਰਕੇ ਇਲਾਕੇ ਵੰਡਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਉਸਦੇ ਪੈਗ਼ਾਮ ਦਾ ਜਵਾਬ ਭੇਜਿਆ ਕਿ ਸਾਨੂੰ ਪਾਤਸ਼ਾਹੀ ਅਕਾਲ ਪੁਰਖ ਨੇ ਦੇਣੀ ਹੈ ਤੇ ਇਹ ਸਿੱਖਾਂ ਨੇ ਸਿਰ ਦੇ ਕੇ ਹਾਸਿਲ ਕਰਨੀ ਹੈ:

> ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ।
> ਜਹਿੰ ਜਹਿੰ ਬਹੈਂ ਜਮੀਨ ਮਲ, ਤਹਿੰ ਤਹਿੰ ਤਖਤ ਬਨਾਇ।।[114]

ਸਿੰਘਾਂ ਦੇ ਇਨ੍ਹਾਂ ਸ਼ਬਦਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਸੁਤੰਤਰਤਾ ਲਈ ਕਿਸੇ ਦੇ ਅੱਗੇ ਗੋਡੇ ਟੇਕਣ ਲਈ ਤਿਆਰ ਨਹੀਂ ਸਨ। ਘੱਲੂਘਾਰੇ ਅਤੇ ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਭੰਗ ਕਰਨ ਕਰਕੇ ਸਿੱਖਾਂ ਵਿਚ ਕਾਫ਼ੀ ਗੁੱਸਾ ਸੀ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਦੇ ਬਾਹਰ ਅਬਦਾਲੀ ਦੀ ਫ਼ੌਜ ਨਾਲ ਲੜਾਈ ਵਿੱਢ ਦਿੱਤੀ।[115] ਸਿੱਖਾਂ ਅਤੇ ਅਹਿਮਦ ਸ਼ਾਹ ਦੀ ਲਹੂ ਡੋਲਵੀਂ ਲੜਾਈ ਹੋਈ। ਇਸ ਲੜਾਈ ਵਿਚ ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ। ਸਿੱਖਾਂ ਨੇ ਅਹਿਮਦ ਸ਼ਾਹ ਦੀ ਫ਼ੌਜ ਨੂੰ ਜੰਗ ਵਿਚ ਹਰਾ ਦਿੱਤਾ ਸੀ। ਹਾਰਨ ਮਗਰੋਂ ਉਦਾਸ ਹੋਇਆ ਅਹਿਮਦ ਸ਼ਾਹ ਰਾਤ ਦੇ ਹਨੇਰੇ ਵਿਚ ਹੀ ਅੰਮ੍ਰਿਤਸਰ ਤੋਂ ਵਾਪਸ

---

112 Melcom, *Sketch of The Sikhs,* p.84

113 ਦਿਲਗੀਰ, *ਸਿੱਖ ਤਵਾਰੀਖ (1708-1849),* ਪੰਨਾ-562.

114 ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-285

115 ਤੇਜਾ ਸਿੰਘ (ਪ੍ਰਿੰ.) ਅਤੇ ਹੋਰ, *ਸਿੱਖ ਇਤਿਹਾਸ (1469-1765),* ਪੰਨਾ-164.

ਚਲਾ ਗਿਆ। ਉਸਨੇ ਫਿਰ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਉਸ ਜ਼ਾਲਮ ਨਾਲ ਕਿਸੇ ਵੀ ਤਰ੍ਹਾਂ ਦਾ ਮੇਲ ਰੱਖਣ ਤੋਂ ਨਾਂਹ ਕਰ ਦਿੱਤੀ। ਸਿੱਖਾਂ ਨੇ ਵਾਪਸ ਜਾਂਦੀ ਅਹਿਮਦ ਸ਼ਾਹ ਦੀ ਫ਼ੌਜ 'ਤੇ ਹਮਲਾ ਕਰਕੇ ਬਹੁਤ ਨੁਕਸਾਨ ਕੀਤਾ। ਅਹਿਮਦ ਸ਼ਾਹ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਹੁਣ ਸਿੱਖਾਂ ਨਾਲ ਸਿੱਧਾ ਮੁਕਾਬਲਾ ਨਹੀਂ ਕਰ ਸਕਦਾ। ਪੰਜਾਬ ਉਸਦੇ ਹੱਥਾਂ ਤੋਂ ਖੁੱਸ ਰਿਹਾ ਸੀ। ਹਰੀ ਰਾਮ ਗੁਪਤਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਮਾਰਚ 1699 ਨੂੰ ਅਨੰਦਪੁਰ ਵਿਖੇ ਮਨੁੱਖੀ ਹੱਕਾਂ ਲਈ ਜੰਗ ਕਰਨ ਦਾ ਐਲਾਨ ਕੀਤਾ ਸੀ ਜਿਸ ਤਹਿਤ ਅਠ੍ਹਾਰਵੀਂ ਸਦੀ ਵਿਚ ਖ਼ਾਲਸਾ ਸੋਚਦਾ ਸੀ ਕਿ ਸੁਤੰਤਰ ਰਾਜ ਉਸਨੇ ਤਲਵਾਰ ਦੇ ਜ਼ੋਰ ਨਾਲ ਲੈਣਾ ਹੈ।"[116] ਕੁਝ ਸਮੇਂ ਮਗਰੋਂ ਖ਼ਾਲਸੇ ਦੀ ਸੋਚ ਰੰਗ ਲਿਆਈ ਤੇ ਸਾਰਾ ਪੰਜਾਬ ਖ਼ਾਲਸੇ ਦੀ ਘੋੜਿਆਂ ਦੇ ਪੌੜਾਂ ਹੇਠਾਂ ਸੀ। 1765 ਨੂੰ ਵਿਸਾਖੀ ਵਾਲੇ ਦਿਨ ਸਿੱਖਾਂ ਨੇ ਗੁਰਮਤਾ ਕਰਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਪੰਜਾਬ ਦੀ ਰਾਜਧਾਨੀ ਲਾਹੌਰ ਫ਼ਤਹਿ ਕਰਨ ਨਾਲ ਸਾਰਾ ਪੰਜਾਬ ਖ਼ਾਲਸੇ ਦੇ ਅਧੀਨ ਆ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਦਾ ਭਾਵ ਸੀ ਕਿ ਅਕਾਲ ਪੁਰਖ ਦੇ ਬੰਦਿਆਂ ਦਾ ਰਾਜ ਜਿਸ ਵਿਚ ਮਾੜੇ ਬੰਦੇ ਦਿਖਾਈ ਨਹੀਂ ਦੇਣਗੇ। ਸਿੰਘਾਂ ਨੇ ਇਹ ਦੋਹਰਾ ਗਾਉਣਾ ਸ਼ੁਰੂ ਕਰ ਦਿੱਤਾ- 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ'।[117] ਲਾਹੌਰ ਸ਼ਹਿਰ ਪਿਛਲੇ ਸੱਤ ਸੌ ਸਾਲ ਤੋਂ ਵਿਦੇਸ਼ੀ ਧਾੜਵੀਆਂ ਦੇ ਕਬਜ਼ੇ ਵਿਚ ਸੀ। ਇਸ 'ਤੇ ਕਦੇ ਗ਼ੌਰੀ ਕਾਬਜ਼ ਰਹੇ, ਕਦੇ ਗ਼ੁਲਾਮ, ਕਦੇ ਖ਼ਿਲਜੀ, ਕਦੇ ਤੁਗ਼ਲਕ, ਕਦੇ ਲੋਧੀ, ਕਦੇ ਮੁਗ਼ਲ ਤੇ ਕਦੇ ਅਫ਼ਗਾਨੀ ਇਸ ਨੂੰ ਸਤੰਬਰ 1761 ਵਿਚ ਪਹਿਲੀ ਵਾਰੀ ਸਿੱਖਾਂ ਨੇ ਸੁਤੰਤਰ ਕਰਵਾਇਆ। ਸਾਢੇ ਸੱਤ ਸੌ ਵਰ੍ਹਿਆਂ ਦੀ ਗ਼ੁਲਾਮੀ ਦੇ ਬਾਅਦ ਬਹਾਦਰ ਸਿੱਖਾਂ ਨੇ ਆਪਣੀ ਮਾਤ-ਭੂਮੀ ਸੁਤੰਤਰ ਕਰਵਾ ਲਈ ਸੀ।

### ਬ੍ਰਾਹਮਣ ਦੀ ਪਤਨੀ ਨੂੰ ਆਜ਼ਾਦ ਕਰਵਾਉਣਾ

ਖ਼ਾਲਸੇ ਦੀ ਤਾਕਤ ਵਧਣ ਨਾਲ ਖ਼ਾਲਸੇ ਨੇ ਆਪਣਾ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਣਾ ਲਿਆ। ਇਥੇ ਨਿਤਾਪ੍ਰਤੀ ਲੋਕ ਆਪਣੀਆਂ ਸ਼ਿਕਾਇਤਾਂ ਲਿਆਉਣ ਲੱਗੇ। 10 ਅਪ੍ਰੈਲ 1763 ਈ. ਨੂੰ ਖ਼ਾਲਸਾ ਫ਼ੌਜ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਤਾਂ ਕਸੂਰ ਦੇ ਇਕ ਬ੍ਰਾਹਮਣ ਨੇ ਖ਼ਾਲਸੇ ਕੋਲ ਪੇਸ਼ ਹੋ ਕੇ ਦੁਹਾਈ ਦਿੱਤੀ:

ਊਚੇ ਬਿਪ ਯੌ ਕਰੀ ਪੁਕਾਰ।'ਖੋਹੀ ਕਸੂਰੀਅਨ ਮੇਰੀ ਨਾਰ।
ਤੁਮ ਖਾਲਸੇ ਹੋ ਹਿੰਦੂ ਧਰਮ। ਪੰਥ ਨਾਨਕ ਕੋ ਛਤ੍ਰੀ ਕਰਮ।

[116] Gupta, *History of the sikhs vol.II*, p.253
[117] Ibid, p.255

ਤੁਰਕਨ ਕੀਨੀ ਜੁਲਮੀ ਭਾਰੀ। ਤੁਰਕਨ ਆਈ ਗਲਨੈ ਵਾਰੀ।
ਮੈਂ ਆਯੋ ਖਾਲਸੈ ਸ਼ਰਨਾਈ'। ਯੌਂਕਹਿ ਕੈ ਫਿਰ ਦਈ ਦੁਹਾਈ।
'ਯਹਦ੍ਰਬਾਰ ਛਡ ਔਰਕਤ ਜਾਊਂ। ਦਿਸੈ ਨ ਠੌਰ ਜਹਿਂ ਅਦਾਲਤ ਪਾਊਂ।
ਦ੍ਰਬਾਰ ਅਗੈ ਸੁਟੀ ਪੱਗ ਉਤਾਰ। ਕਹੈ 'ਮਰੂੰ ਮੈਂ ਮਾਰ ਤਲਵਾਰ'।[118]

ਕਸੂਰ ਦਾ ਹਾਕਮ ਉਸਮਾਨ ਖ਼ਾਨ ਉਸ ਦੀ ਪਤਨੀ ਨੂੰ ਚੁੱਕ ਕੇ ਲੈ ਗਿਆ ਸੀ। ਉਸਦੀ ਮੰਗ ਸੀ ਕਿ ਖ਼ਾਲਸਾ ਫ਼ੌਜ ਉਸਦੀ ਮਦਦ ਕਰੇ। ਉਸ ਵਕਤ ਕਸੂਰ ਵੱਡੀ ਮੁਗ਼ਲ ਸਲਤਨਤ ਸੀ। ਕੁਝ ਸਿੱਖ ਆਗੂ ਇਸ ਲੜਾਈ ਦੇ ਖ਼ਿਲਾਫ਼ ਸਨ ਕਿਉਂਕਿ ਇਸ ਨਾਲ ਸਿੱਖ ਫ਼ੌਜਾਂ ਦਾ ਕਾਫ਼ੀ ਨੁਕਸਾਨ ਹੋਣ ਦਾ ਖ਼ਤਰਾ ਸੀ ਪਰ ਸਿੱਖ ਗੁਰੂ ਸਾਹਿਬ ਦੇ ਸਿਧਾਂਤ ਤੋਂ ਪਿੱਛੇ ਨਹੀਂ ਹਟੇ ਤੇ ਉਨ੍ਹਾਂ ਨੇ ਗੁਰਮਤਾ ਕਰਕੇ ਬ੍ਰਾਹਮਣ ਦੀ ਪਤਨੀ ਨੂੰ ਆਜ਼ਾਦ ਕਰਵਾਉਣ ਲਈ ਕਸੂਰ 'ਤੇ ਚੜ੍ਹਾਈ ਕਰ ਦਿੱਤੀ। ਕਸੂਰ ਛੋਟੀ ਰਿਆਸਤ ਨਹੀਂ ਸੀ ਪਰ ਫਿਰ ਵੀ ਸਿੱਖਾਂ ਨੇ ਆਪਣੀਆਂ ਜਾਨਾਂ ਦਾਅ 'ਤੇ ਲਗਾਈਆਂ। ਚੜ੍ਹਤ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਖ਼ਾਲਸਾ ਫੌਜ਼ਾਂ ਨੇ ਕਸੂਰ 'ਤੇ ਉਸਮਾਨ ਖ਼ਾਨ ਦੇ ਕਿਲ੍ਹੇ 'ਤੇ ਹਮਲਾ ਕੀਤਾ ਜਿਸ ਵਿਚ ਉਸਮਾਨ ਖ਼ਾਨ ਤੇ ਪਠਾਣਾਂ ਦਾ ਚੀਫ਼ ਗ਼ੁਲਾਮ ਮਹੱਈ-ਉਦ-ਦੀਨ ਮਾਰੇ ਗਏ। ਬ੍ਰਾਹਮਣ ਦੀ ਪਤਨੀ ਆਜ਼ਾਦ ਕਰਵਾ ਲਈ ਗਈ। ਇਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਮੁਗ਼ਲਾਂ ਦਾ ਕਾਫ਼ੀ ਖ਼ਜ਼ਾਨਾ ਵੀ ਲੱਗਾ। ਇਸ ਲੜਾਈ ਵਿਚ 10 ਹਜ਼ਾਰ ਅਫ਼ਗਾਨ ਮਾਰੇ ਗਏ ਤੇ ਸੈਂਕੜੇ ਸਿੱਖ ਵੀ ਸ਼ਹੀਦ ਹੋਏ ਸਨ। ਨਵੰਬਰ 1763 ਵਿਚ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕੀਤੀ ਗਈ। ਕਸੂਰ ਨੂੰ ਫ਼ਤਹਿ ਕਰਕੇ ਸਿੱਖਾਂ ਦੀ ਰਾਜਸੀ ਤਾਕਤ ਵਿਚ ਕਾਫ਼ੀ ਵਾਧਾ ਹੋਇਆ।

ਹੁਣ ਸਿੱਖ ਫ਼ੌਜਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਮਲੇਰਕੋਟਲੇ ਦੇ ਨਵਾਬ ਭੀਖਨ ਖ਼ਾਨ ਨੂੰ ਮਾਰ ਕੇ ਮਲੇਰਕੋਟਲੇ 'ਤੇ ਕਬਜ਼ਾ ਕਰ ਲਿਆ। ਸਿੱਖਾਂ ਨੇ ਮੋਰਿੰਡਾ ਅਤੇ ਕੁਰਾਲੀ 'ਤੇ ਹਮਲਾ ਕਰਕੇ ਇਥੇ ਦੇ ਪਠਾਣਾਂ ਨੂੰ ਮਾਰ ਕੇ ਕਬਜ਼ਾ ਕੀਤਾ। ਜਨਵਰੀ 1764 ਨੂੰ ਸਿੱਖਾਂ ਨੇ ਸਰਹਿੰਦ 'ਤੇ ਹਮਲਾ ਕਰ ਦਿੱਤਾ। ਇਥੋਂ ਦਾ ਸੂਬੇਦਾਰ ਜ਼ੈਨ ਖ਼ਾਨ ਬਹੁਤ ਸ਼ਾਤਿਰ ਤੇ ਜ਼ਾਲਮ ਸੀ। ਉਸਨੇ ਕਈ ਦਾਅ ਪੇਚ ਵਰਤੇ ਪਰ ਉਸਦੀ ਕੋਈ ਚਲਾਕੀ ਸਿੱਖਾਂ ਸਾਹਮਣੇ ਨਾ ਚੱਲੀ ਅਤੇ ਸਿੱਖਾਂ ਨੇ ਉਸਦਾ ਸਿਰ ਵੱਢ ਲਿਆ ਤੇ ਉਸਦੀ ਸੈਨਾ ਨੇ ਹਥਿਆਰ ਸੁੱਟ ਦਿੱਤੇ। ਇਸ ਤਰ੍ਹਾਂ ਨਾਲ ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ ਹੋ ਗਿਆ।[119]

ਫਰਵਰੀ 1764 ਵਿਚ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਰੋਹਤਾਸ 'ਤੇ ਹਮਲਾ ਕਰਕੇ ਉਥੋਂ ਦੇ ਹਾਕਮ ਸਰਫ਼ਰਾਜ ਖ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਕਿਲ੍ਹਾ ਚੜ੍ਹਤ ਸਿੰਘ ਦੇ ਕਬਜ਼ੇ ਵਿਚ ਆ ਗਿਆ। ਮਗਰੋਂ ਸਿੱਖਾਂ

[118] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-386
[119] Gupta, *History of the sikhs vol.II,* p.202-203

ਨੇ ਰਹਿਮ ਖਾ ਕੇ ਉਸਨੂੰ ਇਲਾਕੇ ਵਿਚੋਂ ਖ਼ਾਲੀ ਹੱਥ ਚਲੇ ਜਾਣ ਦੀ ਇਜਾਜ਼ਤ ਦੇ ਦਿੱਤੀ। ਇਸ 'ਤੇ ਅਹਿਮਦ ਸ਼ਾਹ ਦਾ ਚਾਚਾ ਸਰਬੁਲੰਦ ਖ਼ਾਨ ਜੋ ਕਸ਼ਮੀਰ ਦਾ ਸੂਬੇਦਾਰ ਸੀ, ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਬਾਰਾਂ ਹਜ਼ਾਰ ਫ਼ੌਜ ਲੈ ਕੇ ਅਟਕ 'ਤੇ ਚੜ੍ਹਾਈ ਕਰ ਦਿੱਤੀ। ਜਵਾਬੀ ਕਾਰਵਾਈ ਕਰਦਿਆਂ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਜ਼ਬਰਦਸਤ ਹਮਲਾ ਕੀਤਾ ਜਿਸ ਨਾਲ ਅਫ਼ਗਾਨ ਸਿਪਾਹੀ ਡਰ ਕੇ ਭੱਜ ਗਏ। ਚੜ੍ਹਤ ਸਿੰਘ ਨੇ ਅਹਿਮਦ ਸ਼ਾਹ ਦੁਰਾਨੀ ਦੇ ਚਾਚੇ ਸਰਬੁਲੰਦ ਖ਼ਾਨ ਨੂੰ ਕੈਦ ਕਰਕੇ ਸ਼ਾਹੀ ਕੈਦੀ ਵਜੋਂ ਰੱਖਿਆ। ਪਰ ਚੜਤ ਸਿੰਘ ਨੇ ਦਰਿਆਦਿਲੀ ਦਿਖਾਉਂਦਿਆਂ ਸਰਬੁਲੰਦ ਖ਼ਾਨ ਨੂੰ ਰਾਹ ਦਾ ਖਰਚਾ ਦੇ ਕੇ ਆਪਣੇ ਮੁਲਕ ਦੀ ਹੱਦ ਟਪਾ ਦਿੱਤਾ:

ਖਰਚ ਦੀਓ ਉਸ ਰਾਹਿ ਕੋ ਦੀਨੋ ਅਟਕ ਟਪਾਇ।[120]

ਇਸ ਤਰ੍ਹਾਂ ਚੜਤ ਸਿੰਘ ਨੇ ਆਪਣੀ ਰਾਜਸੀ ਸਿਆਣਪ ਤੇ ਤਾਕਤ ਨਾਲ ਮੁਗ਼ਲਾਂ ਤੇ ਅਫ਼ਗਾਨਾਂ ਦੇ ਪੈਰ ਉਖਾੜ ਕੇ ਸਿੱਖ ਸਲਤਨਤ ਕਾਇਮ ਕੀਤੀ। ਸਿੱਖਾਂ ਦੀਆਂ ਜਿੱਤਾਂ ਵੇਖ ਕੇ ਮਾਰਚ 1764 ਵਿਚ ਅਹਿਮਦ ਸ਼ਾਹ ਨੇ ਮੁਸਲਮਾਨਾਂ ਨੂੰ ਸਿੱਖਾਂ ਦੇ ਖਿਲਾਫ਼ 'ਜਹਾਦ' ਦੇ ਨਾਂ 'ਤੇ ਭੜਕਾਉਣ ਦੀ ਕੋਸ਼ਿਸ਼ ਕੀਤੀ। ਬਲੋਚ ਆਗੂ ਨਾਸਿਰ ਖ਼ਾਨ ਆਪਣੀ 12 ਹਜ਼ਾਰ ਫ਼ੌਜ ਲੈ ਕੇ ਅਹਿਮਦ ਸ਼ਾਹ ਨਾਲ ਅਕਤੂਬਰ 1764 ਵਿਚ ਪੰਜਾਬ ਨੂੰ ਚੱਲ ਪਿਆ। ਨਵੰਬਰ 1764 ਨੂੰ ਚੜਤ ਸਿੰਘ ਸ਼ੁਕਰਚੱਕੀਆ ਤੇ ਅਫ਼ਗਾਨ ਫ਼ੌਜਾਂ ਦੇ ਵਿਚਕਾਰ ਭਾਰੀ ਜੰਗ ਹੋਈ ਜਿਸ ਵਿਚ ਅਹਿਮਦ ਸ਼ਾਹ ਦਾ ਜਰਨੈਲ ਅਹਿਮਦ ਖ਼ਾਨ ਬਲੀਦੇ ਤੇ ਉਸ ਦਾ ਪੁੱਤਰ ਮਾਰੇ ਗਏ। ਸਿੱਖਾਂ ਦੇ ਨਾਲ ਅਹਿਮਦ ਸ਼ਾਹ ਦੀ ਫ਼ੌਜ ਦਾ ਵੀ ਕਾਫ਼ੀ ਨੁਕਸਾਨ ਹੋਇਆ।

## ਦਰਬਾਰ ਸਾਹਿਬ ਦੀ ਸਪਿਰਿਟ ਅਤੇ ਸੁਤੰਤਰਤਾ

ਇਸ ਹਮਲੇ ਦੌਰਾਨ ਲੁੱਟ ਮਾਰ ਕਰਦਾ ਅਹਿਮਦ ਸ਼ਾਹ ਅੰਮ੍ਰਿਤਸਰ ਵੱਲ ਗਿਆ। 1 ਦਸੰਬਰ 1764 ਨੂੰ ਅਕਾਲ ਤਖ਼ਤ ਸਾਹਿਬ ਦੇ ਨਾਲ ਬੁੰਗੇ ਵਿਚ ਸਿਰਫ਼ 30 ਸਿੱਖ ਹਾਜ਼ਰ ਸਨ। ਇਸ ਸਮੇਂ ਦਰਬਾਰ ਸਾਹਿਬ ਦੀ ਸੇਵਾ ਲਈ ਇਥੇ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ਹਾਜ਼ਰ ਤੀਹ ਸਿੱਖਾਂ ਨੇ ਅਹਿਮਦ ਸ਼ਾਹ ਦੀ, 30 ਹਜ਼ਾਰ ਫ਼ੌਜ ਨਾਲ ਟਾਕਰਾ ਕੀਤਾ ਤੇ ਸਾਰੇ ਸ਼ਹੀਦ ਹੋ ਗਏ ਪਰ ਇਨ੍ਹਾਂ ਤੀਹਾਂ ਨੇ ਹੀ ਸੈਂਕੜੇ ਅਫ਼ਗਾਨਾਂ ਨੂੰ ਮਾਰ ਦਿੱਤਾ ਸੀ।[121] ਅਹਿਮਦ ਸ਼ਾਹ ਦਿੱਲੀ 'ਤੇ ਚੜ੍ਹਾਈ ਕਰਨ ਲਈ ਜਾ ਰਿਹਾ ਸੀ ਤਾਂ ਰਸਤੇ ਵਿਚ ਸਿੱਖਾਂ ਨੇ ਜੰਡਿਆਲਾ ਲਾਗੇ ਉਸਦੀ ਫ਼ੌਜ 'ਤੇ ਹਮਲਾ ਕਰ ਦਿੱਤਾ। ਉਸਦਾ ਇਕ ਜਰਨੈਲ ਰਹੀਮ ਖ਼ਾਨ ਬਖ਼ਸ਼ੀ ਫ਼ੌਜ ਸਮੇਤ ਮਾਰਿਆ ਗਿਆ।

---

[120] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-404.

[121] ਗੰਡਾ ਸਿੰਘ (ਡਾ.) *ਜੱਸਾ ਸਿੰਘ ਆਹਲੂਵਾਲੀਆ,* ਪੰਨਾ-162

ਸਿੱਖ ਅਹਿਮਦ ਸ਼ਾਹ ਨੂੰ ਪੱਕੇ ਤੌਰ 'ਤੇ ਸਬਕ ਸਿਖਾਉਣਾ ਚਾਹੁੰਦੇ ਸਨ। ਵਾਪਸ ਜਾਂਦੇ ਕਾਫ਼ਲੇ 'ਤੇ ਸਿੱਖ ਲਗਾਤਾਰ ਹਮਲੇ ਕਰਦੇ ਰਹੇ ਤੇ ਫ਼ੌਜ ਦਾ ਭਾਰੀ ਨੁਕਸਾਨ ਕੀਤਾ। ਇਹ ਹਮਲੇ ਕਈ ਦਿਨ ਹੁੰਦੇ ਰਹੇ। ਸਿੱਖਾਂ ਵੱਲੋਂ ਗੁਰੀਲਾ ਯੁੱਧ ਤੇ ਆਹਮੋ-ਸਾਹਮਣੇ ਟੱਕਰ ਵੀ ਲਈ ਗਈ। ਸਿੱਖ ਫ਼ੌਜਾਂ ਦਾ ਮਕਸਦ ਸੀ ਕਿ ਉਸਨੂੰ ਮੁਲਕ ਨੂੰ ਲੁੱਟਣ ਜਾਂ ਗ਼ੁਲਾਮ ਬਣਾਉਣ ਦਾ ਖ਼ਿਆਲ ਦਿਲੋਂ ਕੱਢ ਦੇਣਾ ਚਾਹੀਦਾ ਹੈ। ਸਿੱਖ ਆਗੂ ਆਪਣੇ ਨਿਸ਼ਾਨੇ ਵਿਚ ਕਾਮਯਾਬ ਵੀ ਹੋਏ ਤੇ ਅਹਿਮਦ ਸ਼ਾਹ ਬਹੁਤ ਘਬਰਾਇਆ। ਸਿੱਖਾਂ ਨੇ ਵਾਪਸ ਮੁੜਦੀ ਅਹਿਮਦ ਸ਼ਾਹ ਦੀ ਫ਼ੌਜ ਦਾ ਕਾਫ਼ੀ ਨੁਕਸਾਨ ਕੀਤਾ। ਗੋਵਿੰਦ ਸਿੰਘ ਨਿਰਮਲ ਉਦਾਸੀ ਸਿੱਖਾਂ ਦੀ ਬਹਾਦਰੀ ਬਾਰੇ ਦੱਸਦੇ ਹਨ, "ਸਿੱਖਾਂ ਨੂੰ ਹਰਾ ਦੇਣ ਦਾ ਅਹਿਮਦ ਸ਼ਾਹ ਨੇ ਬਹੁਤ ਯਤਨ ਕੀਤਾ ਪਰ ਇਸ 'ਪਰਮ ਸੁਤੰਤਰ' ਕੌਮ ਦੇ ਸਾਹਮਣੇ ਉਸਦੀ ਪੇਸ਼ ਨਾ ਗਈ।"[122] ਸਿੱਖਾਂ ਨੇ ਝਨਾਂ ਦਰਿਆ ਤੱਕ ਅਹਿਮਦ ਸ਼ਾਹ ਦੀ ਫ਼ੌਜ 'ਤੇ ਹਮਲੇ ਕੀਤੇ ਤੇ ਉਧਰੋਂ ਝਨਾਂ ਵਿਚ ਹੜ੍ਹ ਆਇਆ ਹੋਣ ਕਾਰਨ ਵੱਡੀ ਗਿਣਤੀ ਅਫ਼ਗਾਨ ਫ਼ੌਜ ਦਰਿਆ ਵਿਚ ਡੁੱਬ ਕੇ ਮਰ ਗਈ। "ਇਸ ਵਿਚ ਬੇਅੰਤ ਫ਼ੌਜੀ, ਲੁੱਟ ਦੇ ਸਮਾਨ ਦੇ ਹਜ਼ਾਰਾਂ ਲੱਦੇ-ਲੱਦਾਏ ਊਠ, ਘੋੜੇ, ਖੋਤੇ, ਬੈਲ, ਮਾਲ-ਅਸਬਾਬ, ਖਜ਼ਾਨਾ, ਬੱਚੇ ਤ੍ਰੀਮਤਾਂ ਰੁੜ੍ਹ ਗਈਆਂ। ਉਸ ਦਿਨ ਦਰਿਆ ਵਿਚ ਇਤਨੇ ਬੰਦੇ, ਘੋੜੇ ਅਤੇ ਊਠ ਡੁੱਬ ਕੇ ਮਰ ਗਏ ਕਿ ਸਿੱਖਾਂ ਨਾਲ ਲੜਾਈ ਵਿਚ ਵੀ ਇਤਨੇ ਨਹੀਂ ਸਨ ਮਰੇ।[123] ਅਹਿਮਦ ਸ਼ਾਹ ਦਾ ਇਹ ਦੌਰਾ ਉਸ ਵਾਸਤੇ ਡਰ, ਨਾਕਾਮਯਾਬੀ ਤੇ ਨਮੋਸ਼ੀ ਦਾ ਦੌਰਾ ਸੀ ਤੇ ਹੁਣ ਉਸਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਸਿੱਖਾਂ ਦੇ ਮੁਕਾਬਲੇ ਇਕ ਕਮਜ਼ੋਰ ਜਰਨੈਲ ਹੈ।

ਸਿੱਖਾਂ ਨੇ ਦਰਬਾਰ ਸਾਹਿਬ ਦੀ ਉਸਾਰੀ ਕਰਵਾਈ। 10 ਅਪ੍ਰੈਲ 1765 ਦੇ ਸਰਬੱਤ ਖ਼ਾਲਸਾ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕੀਤਾ ਜਾਵੇ ਜਿਸ ਤਹਿਤ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਘਨਈਆ ਤੋਂ ਇਲਾਵਾ ਪੰਜ ਭੰਗੀ ਜਰਨੈਲਾਂ ਸਮੇਤ ਸਿੱਖ ਫ਼ੌਜ ਨੇ ਲਾਹੌਰ 'ਤੇ ਹਮਲਾ ਕਰਕੇ ਕਿਲੇ 'ਤੇ ਕਬਜ਼ਾ ਕਰ ਲਿਆ। ਇੰਝ ਪੂਰੇ ਸ਼ਹਿਰ 'ਤੇ ਖ਼ਾਲਸੇ ਦਾ ਕਬਜ਼ਾ ਹੋ ਚੁੱਕਾ ਸੀ। ਲੋਕਾਂ ਨੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਤੇ ਸਿੱਖਾਂ ਨੂੰ ਮੁਬਾਰਕਾਂ ਵੀ ਦਿੱਤੀਆਂ। ਲੋਕ ਖੁਸ਼ੀ ਨਾਲ ਸ਼ਹਿਰ ਵਿਚ ਇਸ ਤਰ੍ਹਾਂ ਘੁੰਮਦੇ ਸਨ ਜਿਵੇਂ ਕੋਈ ਪੰਛੀ ਪਿੰਜਰੇ ਵਿਚੋਂ ਆਜ਼ਾਦ ਹੋ ਗਿਆ ਹੋਵੇ। ਸ਼ਹਿਰ ਦੇ ਪਤਵੰਤੇ ਲੋਕਾਂ ਨੇ ਖ਼ਾਲਸਾ ਦਰਬਾਰ ਵਿਚ ਹਾਜ਼ਰ ਹੋ ਕੇ ਸਿੱਖਾਂ ਦੀ ਹਕੂਮਤ ਕਬੂਲ ਕਰ ਲਈ। ਸਿੱਖਾਂ ਨੇ ਲੁੱਟ ਮਾਰ ਨੂੰ ਬੰਦ ਕਰਵਾ ਕੇ ਸ਼ਹਿਰ ਵਿਚ ਅਮਨ ਕਾਇਮ ਕਰ ਦਿੱਤਾ।[124]

---

122 *ਇਤਿਹਾਸ ਗੁਰੂ ਖ਼ਾਲਸਾ,* ਪ੍ਰਿਥੀਪਾਲ ਸਿੰਘ ਕਪੂਰ (ਅਨ.), ਪੰਨਾ-263

123 ਗੰਡਾ ਸਿੰਘ (ਡਾ.) *ਜੱਸਾ ਸਿੰਘ ਆਹਲੂਵਾਲੀਆ,* ਪੰਨਾ-162

124 ਖੁਸ਼ਵਕਤ ਰਾਏ, *ਤਵਾਰੀਖ ਏ ਸਿੱਖਾਂ,* (ਅਪ੍ਰਕਾਸ਼ਿਤ ਖਰੜਾ), ਪੰਨਾ-90

ਹਰੀ ਰਾਮ ਗੁਪਤਾ ਅਨੁਸਾਰ ਅੰਮ੍ਰਿਤਸਰ ਦਰਬਾਰ ਦੀ ਸ਼ਕਤੀ ਦਾ ਸਿੱਖਾਂ ਦੇ ਸੁਤੰਤਰ ਰਾਜ ਕਾਇਮ ਕਰਨ ਵਿਚ ਨਿਵੇਕਲਾ ਯੋਗਦਾਨ ਹੈ। ਇਸਦੀ ਸ਼ਕਤੀ ਨਾਲ ਸਿੱਖ ਗ਼ੁਲਾਮੀ ਦੀਆਂ ਬੇੜੀਆਂ ਤੋੜਨ ਵਿਚ ਸਫ਼ਲ ਹੋ ਸਕੇ। ਇਸਦੀ ਪ੍ਰੇਰਨਾ ਸਦਕਾ ਪੰਜਾਬ ਵਿਚ ਆਜ਼ਾਦੀ ਦੀ ਲੜਾਈ ਲੜਨ ਵਾਲੇ ਯੋਧੇ ਪੈਦਾ ਹੋਏ ਕਿਉਂਕਿ ਅੰਮ੍ਰਿਤਸਰ ਸਿੱਖਾਂ ਦੇ ਧਰਮ ਦਾ ਪ੍ਰਤੀਕ ਹੈ।[125]

ਇਸ ਸਮੇਂ ਖ਼ਾਲਸੇ ਨੇ ਸਰਬੱਤ ਖ਼ਾਲਸਾ ਸਮਾਗਮ ਕੀਤਾ ਤੇ ਇਹ ਫ਼ੈਸਲਾ ਲਿਆ ਕਿ ਪੰਜਾਬ ਵਿਚ ਖ਼ਾਲਸਾ ਆਪਣਾ ਸੁਤੰਤਰ ਰਾਜ ਸਥਾਪਿਤ ਕਰ ਲਵੇ। ਲਾਹੌਰ ਵਿਖੇ ਖ਼ਾਲਸਾਈ ਹਕੂਮਤ ਕਾਇਮ ਕਰਨ ਮਗਰੋਂ ਸਾਰਿਆਂ ਨਾਲ ਸਬੰਧਤ ਫ਼ੈਸਲੇ ਲੈ ਕੇ ਸਭ ਸਿੱਖ ਸਰਦਾਰਾਂ ਨੇ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਸੁਤੰਤਰ ਰਾਜ ਕਾਇਮ ਕਰ ਲਿਆ। ਮਾਝੇ ਦੇ ਇਲਾਕੇ ਨੂੰ ਭੰਗੀ, ਕਨ੍ਹੱਈਆ, ਆਹਲੂਵਾਲੀਆ ਅਤੇ ਰਾਮਗੜੀਆ ਮਿਸਲ ਵਿਚ ਵੰਡ ਦਿੱਤਾ ਗਿਆ। ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਾਂ 'ਤੇ ਨਾਨਕਸ਼ਾਹੀ ਸਿੱਕਾ ਅਤੇ ਮੋਹਰਾਂ ਵੀ ਜਾਰੀ ਕੀਤੀਆਂ ਇਸ ਤੇ ਉੱਕਰੀ ਇਬਾਰਤ ਇਸ ਤਰ੍ਹਾਂ ਸੀ:

ਦੇਗ਼-ਓ-ਤੇਗ਼-ਓ-ਫ਼ਤਹਿ-ਓ-ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ। [126]

ਭਾਵ ਕਿ ਖ਼ਾਲਸੇ ਨੇ ਆਪਣੇ ਰਾਜ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਮਿਹਰ ਸਦਕਾ ਗਰੀਬਾਂ ਲਈ ਅਤੁੱਟ ਲੰਗਰ ਵੀ ਚਲਦਾ ਰੱਖਣਾ ਹੈ ਅਤੇ ਤਲਵਾਰ ਦੀ ਵੀ ਹਰ ਮੈਦਾਨ ਫ਼ਤਹਿ ਰੱਖਣੀ ਹੈ। ਭਾਵ ਦੇਗ਼ ਤੇ ਤੇਗ਼ ਦੀ ਫ਼ਤਹਿ, ਅਕਾਲ ਪੁਰਖ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਗੁਰੂਆਂ ਦੀ ਬਖਸਿਸ਼ ਨਾਲ ਹਾਸਲ ਹੋਈ। ਭਾਵੇਂ ਕਿ ਅਬਦਾਲੀ ਦਾ ਇਹ ਹਮਲਾ ਨਿਰੋਲ ਸਿੱਖਾਂ ਦੇ ਖਿਲਾਫ਼ ਸੀ ਪਰ ਇਸ ਵਾਰ ਉਹ ਕਿਸੇ ਵੀ ਲੜਾਈ ਵਿਚ ਜਿੱਤ ਨਹੀਂ ਸਕਿਆ ਅਤੇ ਹਰ ਥਾਂ ਆਪਣਾ ਬਚਾਓ ਕਰਦਾ ਰਿਹਾ। ਇਸ ਤਰ੍ਹਾਂ ਸਿੰਘਾਂ ਨੇ ਸਾਰੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ। ਪੰਜਾਬ ਦੇ ਰਾਜਨੀਤਿਕ ਖੇਤਰ ਵਿਚੋਂ ਮੁਗ਼ਲ ਸਰਕਾਰ ਅਤੇ ਅਹਿਮਦ ਸ਼ਾਹ ਦੇ ਖ਼ਤਮ ਹੋ ਜਾਣ ਨਾਲ ਇਕ ਨਵੀਂ ਰਾਜਨੀਤਿਕ ਤਾਕਤ ਹੋਂਦ ਵਿਚ ਆ ਗਈ ਸੀ। ਇਹ ਤਾਕਤ ਸਿੱਖ ਸਨ। ਉਹ ਆਪਣੀ ਜਨਮ ਭੂਮੀ ਦੇ ਪੂਰਨ-ਪ੍ਰਭੂਸੱਤਾਸ਼ਾਲੀ ਮਾਲਕ ਬਣ ਗਏ ਸਨ। ਮੁਹੰਮਦ ਲਤੀਫ਼ ਵੀ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਸ ਸਮੇਂ ਤੱਕ ਸਿੱਖਾਂ ਨੇ ਦੂਰ ਨੇੜੇ

---

[125] *History of the sikhs vol.II*, p.256
[126] ਦਿਲਗੀਰ, *ਸਿੱਖ ਤਵਾਰੀਖ (1708-1849)*, ਪੰਨਾ-579

ਦਾ ਸਾਰਾ ਦੇਸ਼ ਲੁੱਟ ਲਿਆ ਸੀ ਅਤੇ ਸਿੱਖ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਇਕੱਠੇ ਹੋਏ ਸਨ। ਸਿੱਖ ਸਰਬਉੱਚ ਤਾਕਤ ਦੇ ਮਾਲਕ ਬਣ ਗਏ ਸਨ ਅਤੇ ਹਰ ਕੋਈ ਉਨ੍ਹਾਂ ਕੋਲੋਂ ਡਰਦਾ ਸੀ।[127]

## ਅਕਾਲ ਪੁਰਖ ਤੋਂ ਪਾਤਸ਼ਾਹੀ ਦਾ ਦਾਅਵਾ

ਅਹਿਮਦ ਸ਼ਾਹ ਨੇ 1766 ਵਿਚ ਫਿਰ ਪੰਜਾਬ 'ਤੇ ਹਮਲਾ ਕਰ ਦਿੱਤਾ ਜਿਸ ਵਿਚ ਬਲਮ ਸਿੰਘ ਦੀ ਫ਼ੌਜ ਨਾਲ ਟੱਕਰ ਹੋਈ ਜਿਸ ਵਿਚ ਦੋ-ਤਿੰਨ ਹਜ਼ਾਰ ਸਿੱਖ ਫ਼ੌਜੀ ਮਾਰੇ ਗਏ। 22 ਦਸੰਬਰ 1761[128] ਨੂੰ ਅਹਿਮਦ ਸ਼ਾਹ ਲਾਹੌਰ ਪੁੱਜਾ ਤੇ ਉਸਨੇ ਲਾਹੌਰ ਦੇ ਲੋਕਾਂ ਤੋਂ ਸਿੱਖਾਂ ਦੇ ਮੁਸਲਮਾਨ ਤੇ ਹੋਰ ਸ਼ਹਿਰੀਆਂ ਨਾਲ ਸਲੂਕ ਬਾਰੇ ਪੁੱਛ-ਪੜਤਾਲ ਕੀਤੀ ਤਾਂ ਤਕਰੀਬਨ ਹਰ ਇਕ ਨੇ ਸਿੱਖਾਂ ਦੀ ਤਾਰੀਫ਼ ਕੀਤੀ। ਲੋਕਾਂ ਨੇ ਇਹ ਵੀ ਦੱਸਿਆ ਕਿ ਜਿਸ ਦਿਨ ਈਦ ਦਾ ਤਿਉਹਾਰ ਸੀ ਉਸ ਦਿਨ ਸਿੱਖ ਹਾਕਮਾਂ ਨੇ ਮੁਸਲਮਾਨ ਕਾਜ਼ੀਆਂ, ਮੁਫ਼ਤੀਆਂ ਤੇ ਈਮਾਮਾਂ ਨੂੰ ਪੱਗਾਂ ਬਖ਼ਸਿਸ਼ ਕੀਤੀਆਂ ਸਨ।[129] ਇਹ ਗੱਲਾਂ ਸਿੱਖਾਂ ਦੀ ਦਿਆਨਤਦਾਰੀ ਦੀ ਝਲਕ ਪੇਸ਼ ਕਰਦੀਆਂ ਹਨ। ਸਿੱਖਾਂ ਦੀ ਚੜ੍ਹਤ ਤੇ ਦਿਆਨਤਦਾਰੀ ਦੇਖ ਕੇ ਹੀ ਉਸ ਨੇ ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਸੂਬੇਦਾਰ ਮੰਨਣ ਦੀ ਪੇਸ਼ਕਸ਼ ਕੀਤੀ ਤੇ ਕਿਹਾ ਕਿ ਮੈਂ ਖ਼ਾਲਸੇ ਦੇ ਨਾਂ ਮੁਲਕ ਦਾ ਪਟਾ ਲਿਖ ਦਿੰਦਾ ਹਾਂ:

> ਏ ਦੰਗੋ ਹਮ ਸੋਂ ਨਹਿੰ ਕਰੈ ਮੁਲਕ ਆਪ ਨੋ ਲੇਹਿ ਲਿਖਾਇ।[130]

ਪਰ ਲਹਿਣਾ ਸਿੰਘ ਨੇ ਕਿਹਾ ਕਿ ਅਸੀਂ ਇਹ ਮੁਲਕ ਕਿਰਪਾਨ ਦੇ ਜ਼ੋਰ ਨਾਲ ਸੁਤੰਤਰ ਕਰਵਾਇਆ ਹੈ ਤੇ ਕਿਰਪਾਨ ਨਾਲ ਹੀ ਇਸ 'ਤੇ ਆਪਣਾ ਰਾਜ ਕਾਇਮ ਰੱਖਾਂਗੇ। ਨਾਲ ਹੀ ਉਸਨੇ ਪੇਸ਼ਕਸ਼ ਠੁਕਰਾ ਕੇ ਕਿਹਾ ਕਿ ਪਾਤਸ਼ਾਹੀ ਤਾਂ ਸਿੰਘਾਂ ਨੂੰ ਧੁਰ ਦਰਗਾਹੋਂ ਮਿਲੀ ਹੈ:

> ਸਿੰਘ ਹੋਇ ਰਾਖੇ ਕਿਮਕਾਨ।
> ਐਰੇ ਗਏਰਾ ਦਾ ਮੰਗੈ ਫਰਮਾਨ।
> ਧੁਰ ਦਰਗਾਹੋਂ ਲਈ ਪਾਤਸ਼ਾਹੀ।
> ਸਿਰ ਸਤਿਗੁਰ ਤੇ ਹਮ ਪਾਈ।[131]

ਖ਼ਾਲਸੇ ਨੇ ਆਪਣੀ ਰਾਜਨੀਤਿਕ ਤਾਕਤ ਦੇਖ ਕੇ ਸਮਝੌਤੇ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ 'ਸਾਨੂੰ ਗੁਰੂ ਨੇ ਰਾਜ ਬਖਸਿਸ਼ ਕੀਤਾ ਹੈ ਤੇ ਅਸੀਂ ਇਹ ਸਿਰ ਭੇਟ ਕਰਕੇ ਲਿਆ ਹੈ' :

---

[127] *ਪੰਜਾਬ ਦਾ ਇਤਿਹਾਸ,* ਪੰਨਾ-445

[128] ਦਿਲਗੀਰ, *ਸਿੱਖ ਤਵਾਰੀਖ (1708-1849),* ਪੰਨਾ-579

[129] ਖੁਸ਼ਵਕਤ ਰਾਇ, *ਤਵਾਰੀਖ-ਏ ਸਿੱਖਾਂ,* (ਅਪ੍ਰਕਾਸ਼ਿਤ ਖਰੜਾ),ਪੰਨਾ-89

[130] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-385

[131] ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾ.), ਪੰਨਾ-508

ਹਮਕੋ ਸਤਿਗੁਰ ਰਾਜ ਲਿਖ ਦੀਆ। ਖਾਲਸੈ ਦੇਇ ਭੇਟ ਸਿਰ ਲੀਆ।[132]

ਖ਼ਾਲਸੇ ਨੂੰ ਪਾਤਸ਼ਾਹੀ ਅਕਾਲ ਪੁਰਖ ਤੋਂ ਨਸੀਬ ਹੋਈ ਹੈ। ਇਹ ਕਿਸੇ ਦੇ ਫ਼ਰਮਾਨ ਕਰਕੇ ਨਹੀਂ। ਲਹਿਣਾ ਸਿੰਘ ਭੰਗੀ ਨੇ ਅਬਦਾਲੀ ਨੂੰ ਸਪਸ਼ਟ ਕਹਿ ਦਿੱਤਾ ਸੀ, "ਉਹ ਖ਼ਾਲਸਾ ਪੰਥ ਪ੍ਰਤੀ ਜਵਾਬਦੇਹ ਹੈ। ਇਸ ਲਈ ਖ਼ਾਲਸਾ ਪੰਥ ਵੱਲੋਂ ਦਿੱਤੀ ਜ਼ਿੰਮੇਵਾਰੀ ਹੀ ਪੂਰੀ ਕਰ ਸਕਦਾ ਹੈ।"[133] ਹਰੀ ਰਾਮ ਗੁਪਤਾ ਅਨੁਸਾਰ, "ਚੱਕ ਗੁਰੂ ਨੂੰ ਢਾਹੇ ਜਾਣ ਕਰਕੇ ਸਿੱਖ ਅਬਦਾਲੀ ਨੂੰ ਨਫ਼ਰਤ ਕਰਦੇ ਸਨ।"[134] ਇਸ ਕਰਕੇ ਸਿੱਖ ਉਸਨੂੰ ਹਿੰਦੁਸਤਾਨ ਦੀ ਧਰਤੀ 'ਤੇ ਆਉਂਦੇ ਸਾਰ ਹੀ ਹਮਲੇ ਕਰਕੇ ਪ੍ਰੇਸ਼ਾਨ ਕਰਦੇ ਸਨ।

1766 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਫਿਰ ਹਮਲਾ ਕੀਤਾ। ਉਹ ਸਿੱਖਾਂ ਤੋਂ ਸਿਰਫ਼ ਦਿੱਲੀ ਨੂੰ ਲੁੱਟਣ ਲਈ ਰਾਹ ਮੰਗਦਾ ਰਿਹਾ ਪਰ ਸਿੱਖਾਂ ਨੇ ਕਿਹਾ ਕਿ ਇਹ ਮੁਲਕ ਉਨ੍ਹਾਂ ਦਾ ਆਪਣਾ ਹੈ। ਉਹ ਇਸਨੂੰ ਲੁੱਟਣ ਨਹੀਂ ਦੇਣਗੇ। ਕੋਈ ਵੀ ਸਿੱਖਾਂ ਨੂੰ ਸਮਝੌਤੇ ਲਈ ਤਿਆਰ ਨਹੀਂ ਕਰ ਸਕਿਆ। ਇਸ ਤਰ੍ਹਾਂ ਸਮਝੌਤਾ ਕਰਨ ਦੀ ਬਜਾਇ ਅਬਦਾਲੀ ਨੂੰ ਜੰਗ ਲਈ ਲਲਕਾਰਨਾ, ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਖ਼ਾਲਸਾ ਫ਼ੌਜ ਪੰਜਾਬ ਦੀ ਹੀ ਨਹੀਂ ਪੂਰੇ ਹਿੰਦੁਸਤਾਨ ਦੀ ਸੁਤੰਤਰਤਾ ਦੀ ਅਲੰਬਰਦਾਰ ਰਹੀ ਹੈ।

1768 ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਨੇ ਤਿੰਨ ਵਾਰ ਪੰਜਾਬ 'ਤੇ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸਿੱਖਾਂ ਦੀ ਤਾਕਤ ਦੇ ਸਾਹਮਣੇ ਖਲੋਣ ਦੇ ਸਮਰੱਥ ਨਹੀਂ ਹੋਇਆ। ਉਹ ਹਰ ਵਾਰ ਰਸਤੇ ਵਿਚੋਂ ਵਾਪਸ ਮੁੜਿਆ। ਇਸ ਸਮੇਂ ਤੱਕ ਪੰਜਾਬ ਵਿਚ ਸੰਪੂਰਨ ਸਿੱਖ ਮਿਸਲਾਂ ਦਾ ਰਾਜ ਕਾਇਮ ਹੋ ਚੁੱਕਾ ਸੀ। ਅਬਦਾਲੀ ਦਾ ਪੰਜਾਬ ਵਿਚੋਂ ਲੰਘ ਕੇ ਦਿੱਲੀ ਨੂੰ ਲੁੱਟਣ ਦਾ ਸੁਪਨਾ ਵੀ ਖ਼ਤਮ ਹੋ ਗਿਆ ਸੀ। ਅਕਤੂਬਰ 1771 ਵਿਚ ਉਸਦੀ ਮੌਤ ਨਾਲ ਅਫ਼ਗਾਨ ਧਾੜਵੀਆਂ ਦੀ ਦਹਿਸ਼ਤ ਪੰਜਾਬ ਵਿਚੋਂ ਖ਼ਤਮ ਹੋ ਗਈ। ਉਸਦੀ ਦੀ ਮੌਤ ਤੋਂ ਬਾਅਦ ਖ਼ਾਲਸਾ ਫ਼ੌਜ ਨੇ ਪਿਸ਼ਾਵਰ 'ਤੇ ਹਮਲਾ ਕਰਕੇ ਕਾਫ਼ੀ ਲੁੱਟਮਾਰ ਕੀਤੀ ਤੇ ਸ਼ਹਿਰ ਨੂੰ ਉਜਾੜ ਦਿੱਤਾ। ਇਸ ਤਰ੍ਹਾਂ ਪੰਜਾਬ ਵਿਚ ਸਦੀਆਂ ਤੋਂ ਸਥਾਪਿਤ ਮੁਗ਼ਲ ਅਤੇ ਅਫ਼ਗਾਨਾਂ ਦਾ ਰਾਜ ਸਮਾਪਤ ਹੋ ਗਿਆ ਸੀ।

16 ਮਈ 1765 ਦੇ ਦਿਨ ਭੰਗੀ ਮਿਸਲ ਦੇ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਝਨਾਂਅ ਅਤੇ ਜਮਨਾ ਦਰਿਆਵਾਂ ਦੇ ਵਿਚਕਾਰ ਸਿੱਖਾਂ ਦਾ ਸੁਤੰਤਰ ਰਾਜ ਕਾਇਮ ਹੋ ਚੁੱਕਾ ਸੀ। ਪੱਛਮੀ ਤੇ ਪੂਰਬੀ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ ਦੇ ਇਲਾਕੇ ਦੇ ਬਹੁਤੇ ਹਿੱਸੇ 'ਤੇ ਸਿੱਖ ਹਕੂਮਤ ਕਾਇਮ ਹੋ ਚੁੱਕੀ ਸੀ। ਹੁਣ ਸਿੱਖ ਹੀ ਪੰਜਾਬ ਦੇ ਇੱਕੋ ਇਕ ਹਾਕਮ ਸਨ। ਇਨ੍ਹਾਂ ਦਿਨਾਂ ਵਿਚ ਹੀ ਅੰਗਰੇਜ਼ ਜਨਰਲ ਬਾਰਕਰ ਨੇ ਵੀ

---

[132] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-385

[133] Gupta, *History of Sikhs, vol.II*, p.239

[134] *"Sikh hate the Shah on account of his destruction of CHAK"* Gupta, *History of Sikhs, vol.II*, p.242

ਲਾਹੌਰ ਦੇ ਹਾਕਮ ਝੰਡਾ ਨੂੰ ਖ਼ਤ ਲਿਖਿਆ ਕਿ ਸਿੱਖਾਂ ਨੂੰ ਪੰਜਾਬ ਦਾ ਹਾਕਮ ਮੰਨ ਲਿਆ ਗਿਆ ਸੀ। ਅਜਿਹੇ ਖ਼ਤਾਂ ਰਾਹੀਂ ਸਿੱਖਾਂ ਨਾਲ ਸਮਝੌਤਿਆਂ ਦੀਆਂ ਪੇਸ਼ਕਸ਼ਾਂ ਹੁੰਦੀਆਂ ਰਹੀਆਂ ਪਰ ਉਹ ਤਾਂ ਗੁਰੂ ਦਾ ਆਸਰਾ ਲੈ ਕੇ ਸਿੱਖ ਹੋਮਲੈਂਡ ਦੀ ਆਜ਼ਾਦੀ ਵਾਸਤੇ ਜੂਝ ਰਹੇ ਸਨ।[135] 1770 ਤੱਕ ਸਿੱਖਾਂ ਦੀ ਹਕੂਮਤ ਬਹੁਤ ਵੱਡੇ ਇਲਾਕੇ 'ਤੇ ਕਾਇਮ ਹੋ ਚੁੱਕੀ ਸੀ। ਦਰਿਆ ਜਮਨਾ ਤੋਂ ਜਿਹਲਮ ਤੱਕ ਦਾ ਇਲਾਕਾ ਅਕਾਲ ਤਖ਼ਤ ਸਾਹਿਬ ਦੀ ਸਰਦਾਰੀ ਹੇਠ ਸਿੱਖ ਮਿਸਲਾਂ ਕੋਲ ਸੀ ਜੋ ਸਰਬੱਤ ਖ਼ਾਲਸਾ ਦੇ ਨਾਂ ਹੇਠ ਹਕੂਮਤ ਕਰਦੀਆਂ ਸਨ। ਖ਼ਾਲਸੇ ਦਾ ਹਰ ਪਾਸੇ ਬੋਲਬਾਲਾ ਸੀ।

## ਅਹਿਮਦ ਸ਼ਾਹ ਦੀ ਮੌਤ ਤੋਂ ਬਾਅਦ ਅਫ਼ਗਾਨੀ ਹਮਲੇ

1825 ਬਿਕਰਮੀ ਨੂੰ ਮਿਸਲ ਸਰਦਾਰਾਂ ਨੇ ਚੜ੍ਹਾਈ ਕਰਕੇ ਮੁਲਤਾਨ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਸੀ। ਦਿੱਲੀ ਦਾ ਬਾਦਸ਼ਾਹ ਸ਼ਾਹ ਆਲਮ ਤੈਮੂਰ ਨੂੰ ਹਿੰਦੁਸਤਾਨ 'ਤੇ ਹਮਲੇ ਲਈ ਉਕਸਾ ਰਿਹਾ ਸੀ।[136] ਸਹਿਜਾਦਾ ਤੈਮੂਰ ਨੇ ਸਿੱਖਾਂ ਕੋਲ ਪ੍ਰਸਤਾਵ ਭੇਜਿਆ ਕਿ ਜੇਕਰ ਤੁਸੀਂ ਲਾਹੌਰ 'ਤੇ ਅਧਿਕਾਰ ਰੱਖਣਾ ਚਾਹੁੰਦੇ ਹੋ ਤਾਂ ਸਾਡੀ ਪ੍ਰਭੁਸੱਤਾ ਸਵੀਕਾਰ ਕਰ ਲਵੋ। ਸੁਤੰਤਰ ਪ੍ਰਕ੍ਰਿਤੀ ਦੇ ਸਿੱਖ ਇਸ ਪ੍ਰਸਤਾਵ ਨੂੰ ਸਵੀਕਾਰ ਨਹੀਂ ਕਰ ਸਕਦੇ ਸਨ। ਜਦੋਂ ਤੈਮੂਰ ਦੇ ਵਕੀਲ ਨੇ ਸਿੱਖਾਂ ਦੇ ਦਰਬਾਰ ਵਿਚ ਜਾ ਕੇ ਬਾਦਸ਼ਾਹ ਦੇ ਵੱਸ ਹੋਣ ਦੀ ਚਰਚਾ ਚਲਾਈ ਤਾਂ ਸਿੱਖਾਂ ਨੇ ਵਕੀਲ ਨੂੰ ਕਤਲ ਕਰ ਦਿੱਤਾ ਅਤੇ ਕਿਹਾ ਕਿ ਸਾਨੂੰ ਅਕਾਲ ਪੁਰਖ ਨੇ ਰਹਿਣ ਲਈ ਸੁਤੰਤਰ ਦੇਸ਼ ਦਿੱਤਾ ਹੈ। ਇਸ ਲਈ ਤੁਰਕਾਂ ਦੀ ਤਾਬੇਦਾਰੀ ਸਵੀਕਾਰ ਕਰਨ ਦਾ ਕਿਹੜਾ ਕੰਮ ਹੈ।[137] ਨਵੰਬਰ 1780 ਵਿਚ ਤੈਮੂਰ ਪੰਜਾਬ 'ਤੇ ਹਮਲਾ ਕਰਨ ਲਈ ਪਹੁੰਚਿਆ ਸੀ ਪਰ 20 ਹਜ਼ਾਰ ਖ਼ਾਲਸਾ ਫ਼ੌਜ ਨੇ ਉਸਦੀ ਮੁਲਤਾਨ ਛਾਉਣੀ 'ਤੇ ਹਮਲਾ ਕਰ ਦਿੱਤਾ। ਤੈਮੂਰ ਨੂੰ ਮੁਲਤਾਨ ਤੋਂ ਹੀ ਵਾਪਸ ਮੁੜਨਾ ਪਿਆ।

1831 ਬਿਕ੍ਰਮੀ ਵਿਚ ਸ਼ਾਹ ਜਮਾਨ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ। ਅਟਕ ਤੱਕ ਕਾਫ਼ੀ ਤਬਾਹੀ ਮਚਾਈ ਪਰ ਸ਼ਹਿਰ ਗੁਜਰਾਤ ਦੇ ਨੇੜੇ ਸਿੱਖਾਂ ਨੇ ਇਕੱਠੇ ਹੋ ਕੇ ਉਸਦਾ ਮੁਕਾਬਲਾ ਕੀਤਾ। ਉਹ ਹਾਰ ਕੇ ਵਾਪਸ ਚਲਾ ਗਿਆ। ਸਿੱਖ ਇਸ ਵਾਰ ਫਿਰ ਆਪੋ-ਆਪਣੀ ਥਾਂ 'ਤੇ ਚਲੇ ਗਏ ਅਤੇ ਸੁਤੰਤਰ ਤੌਰ 'ਤੇ ਦੇਸ਼ ਦੇ ਅਧਿਕਾਰੀ ਬਣ ਕੇ ਸ਼ਾਸਨ ਕਰਨ ਲੱਗੇ। ਇਸ ਤੋਂ ਮਗਰੋਂ ਵੀ ਸੰਮਤ 1845 ਤੱਕ ਸ਼ਾਹ ਜਮਾਨ ਨੇ ਅਨੇਕ ਵਾਰ ਪੰਜਾਬ ਤੇ ਹਮਲੇ ਕੀਤੇ ਪਰ ਸਮੁੱਚੇ 'ਪਰਮ ਪ੍ਰਬਲ' ਜੇਤੂ ਸਿੱਖ ਜਾਤੀ ਦੇ ਸਾਹਮਣੇ ਉਹ ਇਕ ਵਾਰ ਵੀ

---

[135] ਦਿਲਗੀਰ, *ਸਿੱਖ ਤਵਾਰੀਖ (1708-1849),* ਪੰਨਾ-588.

[136] Gupta, Hari Ram, *History of the sikhs vol.III,* p.375-76

[137] ਗੋਬਿੰਦ ਸਿੰਘ ਨਿਰਮਲ ਉਦਾਸੀ, *ਇਤਿਹਾਸ ਗੁਰੂ ਖ਼ਾਲਸਾ,* ਪ੍ਰਿਥੀਪਾਲ ਸਿੰਘ ਕਪੂਰ (ਅਨ.), ਪੰਨਾ-365.

ਸਫ਼ਲ ਨਾ ਹੋ ਸਕਿਆ। ਸਿੱਖ ਪੂਰੀ ਤਰ੍ਹਾਂ ਸੁਤੰਤਰ ਰੂਪ ਵਿਚ ਪੰਜਾਬ ਦੇਸ਼ ਦੇ ਰਾਜ-ਸ਼ਾਸਨ ਦੇ ਅਧਿਕਾਰੀ ਬਣੇ ਰਹੇ।[138]

ਭਾਵੇਂ ਕਿ ਲੰਮੇ ਸੰਘਰਸ਼ ਤੋਂ ਬਾਅਦ ਸਿੱਖਾਂ ਨੇ ਪੰਜਾਬ ਨੂੰ ਸੁਤੰਤਰ ਕਰਵਾ ਲਿਆ ਸੀ ਪਰ ਉਨ੍ਹਾਂ ਨੂੰ ਇਸ ਲਈ ਬੜਾ ਭਾਰੀ ਮੁੱਲ ਵੀ ਉਤਾਰਨਾ ਪਿਆ ਸੀ। ਉਹ ਜ਼ੁਲਮ ਦਾ ਸ਼ਿਕਾਰ ਹੋਏ ਅਤੇ ਉਸ ਵਕਤ ਦੀ ਸਰਕਾਰ ਨੇ ਤਿੰਨ ਵਾਰ ਸਿੱਖਾਂ ਦੇ ਸਰਵ-ਨਾਸ਼ ਦੀ ਨੀਤੀ ਵੀ ਅਪਣਾਈ। ਦੋ ਲੱਖ ਸਿੱਖ ਮੌਤ ਦੇ ਘਾਟ ਉਤਾਰੇ ਗਏ।[139] ਇਨ੍ਹਾਂ ਵਿਚਾਰਾਂ 'ਤੇ ਸਹਿਮਤੀ ਪ੍ਰਗਟ ਕਰਦਿਆਂ ਸੰਗਤ ਸਿੰਘ ਲਿਖਦਾ ਹੈ, "ਸਿੱਖਾਂ ਦੇ ਹੁਕਮਰਾਨ ਹੋ ਉੱਭਰਨ ਤੋਂ ਪਹਿਲਾਂ ਇਹਨਾਂ ਨੂੰ ਬੜਾ ਭਾਰੀ ਮੁੱਲ ਉਤਾਰਨਾ ਪਿਆ। ਉਸ ਸਮੇਂ ਦੌਰਾਨ ਰਾਜ ਦੇ ਅਧਿਕਾਰੀਆਂ ਨੇ ਤਿੰਨ ਵਾਰ ਇਨ੍ਹਾਂ ਦੇ ਸਰਵਨਾਸ਼ ਦੇ ਹੁਕਮ ਦਿੱਤੇ ਸਨ ਤੇ ਲਗਭਗ ਤਿੰਨ ਪੁਸ਼ਤਾਂ ਸਿੱਖਾਂ ਦੀਆਂ ਮਿਟਾ ਦਿੱਤੀਆਂ ਗਈਆਂ ਸਨ।"[140]

## ਦਿੱਲੀ ਦੇ ਲਾਲ ਕਿਲ੍ਹੇ 'ਤੇ ਫ਼ਤਹਿ

ਉਸ ਵੇਲੇ ਹਿੰਦੁਸਤਾਨੀ ਔਰਤਾਂ ਦੇ ਰਾਖੇ ਸਿੱਖ ਹੀ ਸਨ। ਬਘੇਲ ਸਿੰਘ ਦੀ ਇਹ ਗਾਥਾ ਪ੍ਰਮਾਣ ਹੈ। ਦਿੱਲੀ ਦੇ ਕੋਲ ਜਲਾਲਾਬਾਦ ਸ਼ਹਿਰ ਦੇ ਹਾਕਮ ਮੁਹੰਮਦ ਖ਼ਾਨ ਨੇ ਇਕ ਬ੍ਰਾਹਮਣ ਦੀ ਲੜਕੀ ਨੂੰ ਧੱਕੇ ਨਾਲ ਆਪਣੇ ਘਰ ਪਾ ਲਿਆ ਸੀ। ਬ੍ਰਾਹਮਣ ਨੂੰ ਕਿਸੇ ਅਦਾਲਤ ਵਿਚ ਇਨਸਾਫ਼ ਨਾ ਮਿਲਿਆ। ਉਹ ਗੁਰੂ ਪੰਥ ਕੋਲ ਪਹੁੰਚਿਆ:

ਉਨੈ ਬਾਮਨ ਬੇਟੀ ਫੜ ਲਈ।ਉਸੈ ਅਦਾਲਤ ਨ ਕਿਨਹੂੰ ਦਈ।
ਪੂਰਬ ਦੱਖਨ ਉਹ ਫਿਰ ਥੱਕਾ।ਉਨੈਂ ਆਇ ਫਿਰ ਗੁਰ ਪੰਥ ਤੱਕਾ।
ਹੁਤੋਂ ਪੰਥ ਥੋ ਮਾਝੇ ਪਾਹਿੰ।ਉਸੈ ਫਰਯਾਦ ਕਰੀ ਆਇ ਤਾਂਹਿ।।[141]

ਸ੍ਰ. ਬਘੇਲ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਮੁਹੰਮਦ ਖ਼ਾਨ ਨੂੰ ਸਜ਼ਾ ਦਿੱਤੀ ਤੇ ਬ੍ਰਾਹਮਣ ਦੀ ਲੜਕੀ ਮੋੜ ਲਿਆਂਦੀ। ਖ਼ਾਲਸਾ ਪੰਥ ਨੇ ਹਰੇਕ ਕੌਮ ਦੀਆਂ ਧੀਆਂ ਭੈਣਾਂ ਦੀ ਰਾਖੀ ਕਰਕੇ ਸੁਤੰਤਰ ਰਾਜ ਕਾਇਮ ਕੀਤਾ। ਉਨ੍ਹਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਇਆ।

8 ਮਾਰਚ 1783 ਨੂੰ ਸਰਦਾਰ ਬਘੇਲ ਸਿੰਘ ਦੀ ਅਗਵਾਈ ਵਿਚ 30 ਹਜ਼ਾਰ ਸਿੱਖ ਫ਼ੌਜ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ। ਅਗਲੇ ਹੀ ਦਿਨ ਸਿੱਖ ਫ਼ੌਜਾਂ ਨੇ ਕਿਲ੍ਹੇ ਦੀ ਕੰਧ ਦਾ ਇਕ ਹਿੱਸਾ ਉਡਾ ਦਿੱਤਾ ਤੇ ਇਸ

---

[138] ਗੋਬਿੰਦ ਸਿੰਘ ਨਿਰਮਲ ਉਦਾਸੀ, *ਇਤਿਹਾਸ ਗੁਰੂ ਖ਼ਾਲਸਾ,* ਪ੍ਰਿਥੀਪਾਲ ਸਿੰਘ ਕਪੂਰ (ਅਨੁ.), ਪੰਨੇ-366-67.

[139] Gupta, Hari Ram, *History of the Sikhs vol.II*, p. 255-56

[140] *ਇਤਿਹਾਸ 'ਚ ਸਿੱਖ,* ਪੰਨਾ-114.

[141] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-445

ਮਘੋਰੇ ਰਾਹੀਂ ਉਹ ਕਿਲ੍ਹੇ ਵਿਚ ਦਾਖ਼ਲ ਹੋ ਗਏ। ਅੱਜ ਇਸ ਇਲਾਕੇ ਨੂੰ ਮੋਰੀ ਗੇਟ ਕਿਹਾ ਜਾਂਦਾ ਹੈ। ਸਿੱਖ ਫ਼ੌਜਾਂ ਆਪਣੇ ਜਰਨੈਲ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਦੀ ਅਗਵਾਈ ਵਿਚ ਕਿਲ੍ਹੇ ਵਿਚ ਦਾਖਲ ਹੋਈਆਂ। ਕਿਲ੍ਹੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਬਾਦਸ਼ਾਹ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ। ਬਘੇਲ ਸਿੰਘ ਦੀ ਰਾਜਸੀ ਤਾਕਤ ਵਿਚ ਬਹੁਤ ਵਾਧਾ ਹੋਇਆ ਅਤੇ ਨੇੜੇ-ਤੇੜੇ ਦੇ ਹੋਰ ਸੂਬੇ ਵੀ ਉਸ ਨਾਲ ਆ ਮਿਲੇ ਤੇ ਉਸਦਾ ਹੁਕਮ ਚੱਲਣ ਲੱਗਾ:

ਹੁਕਮ ਦਿੱਲੀ ਮੱਧ ਸਿੰਘ ਤੁਰੇ ਮਿਲੇ ਸੂਬੇ ਬਹੁ ਆਇ।[142]

ਸਿੱਖ ਜਰਨੈਲਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬੈਠਣ ਲਈ ਕਿਹਾ ਪਰ ਉਸ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਸਿੱਖਾਂ ਵਿਚ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ। ਉਹ ਇਸ ਤਖ਼ਤ ਨੂੰ ਅੰਮ੍ਰਿਤਸਰ ਲੈ ਆਏ। ਕੁਝ ਸਮੇਂ ਮਗਰੋਂ ਦਿੱਲੀ ਦੇ ਬਾਦਸ਼ਾਹ ਨੇ ਚੁੰਗੀ ਵਿਚੋਂ 37% ਹਿੱਸਾ ਦੇਣਾ ਮੰਨ ਲਿਆ। ਇਸ ਸਮੇਂ ਸਿੱਖਾਂ ਨੇ ਗੁਰੂਆਂ ਦੀ ਯਾਦ ਵਿਚ ਗੁਰਦੁਆਰਾ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਦਮਦਮਾ ਸਾਹਿਬ, ਮੋਤੀ ਬਾਗ ਬਣਾਉਣ ਵਾਸਤੇ ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਕੰਮ ਸੌਂਪਿਆ। ਅਠ੍ਹਾਰਵੀਂ ਸਦੀ ਦੇ ਚੌਥੇ ਦੌਰ ਵਿਚ ਪੰਜਾਬ ਦੀ ਪਾਤਸ਼ਾਹੀ ਦੇ ਦਾਅਵੇਦਾਰਾਂ ਮੁਗ਼ਲ, ਅਫ਼ਗਾਨ, ਮਰਹੱਟੇ ਨੂੰ ਪਿੱਛੇ ਧੱਕ ਕੇ ਖ਼ਾਲਸੇ ਨੇ ਪੰਜਾਬ ਦੀ ਗ਼ੁਲਾਮੀ ਖ਼ਤਮ ਕਰਕੇ ਸੁਤੰਤਰ ਰਾਜ ਸਥਾਪਿਤ ਕਰ ਲਿਆ ਸੀ। ਉਸਦੀ ਆਬਾਦੀ ਤੇ ਸੈਨਿਕ ਸ਼ਕਤੀ ਘੱਟ ਸੀ ਪਰ ਜਿੱਤ ਦਾ ਜਜ਼ਬਾ ਸਭ ਤੋਂ ਵੱਧ ਸੀ। ਸਿਰਦਾਰ ਕਪੂਰ ਸਿੰਘ ਅਨੁਸਾਰ:

> "ਜਦੋਂ ਉੱਤਰੀ ਭਾਰਤ ਦੇ ਮੱਧ ਵਿਚ ਸਿੱਖ ਗਣਤੰਤਰ ਰਾਜ ਜਿਸ ਵਿਚ ਸਿੱਖਾਂ ਨੇ ਗੁਰੂ ਰਾਹੀਂ ਘੋਸ਼ਣਾ ਕੀਤੇ ਰਾਜਨੀਤੀ ਤੇ ਨੈਤਿਕਤਾ ਦੇ ਮਹਾਨ ਸਿਧਾਂਤਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਦੇ ਸਥਾਪਿਤ ਕਰਨ ਦੀ ਮੁੱਢਲੀ ਕੋਸ਼ਿਸ਼ ਅਸਫਲ ਰਹੀ ਤਾਂ ਇਸ ਤੋਂ ਮਗਰੋਂ ਲਗਭਗ ਅੱਧੀ ਸਦੀ ਦਾ ਸਮਾਂ ਸਿੱਖਾਂ ਉਪਰ ਬੇਰਹਿਮ, ਜ਼ੁਲਮ, ਕੁਲ ਨਾਸ਼, ਕਤਲੇਆਮ ਦਾ ਸਮਾਂ ਹੈ। ਸਿੱਖਾਂ 'ਤੇ ਇਹ ਜ਼ੁਲਮ ਅਤੇ ਕਤਲੇਆਮ ਉਸ ਸਮੇਂ ਏਸ਼ੀਆ ਦੀਆਂ ਦੋ ਮਹਾਨ ਆਪਾ ਪਸਾਰ ਵਿਚ ਲੱਗੀਆਂ ਸਲਤਨਤਾਂ ਨੇ ਕੀਤਾ। ਇਹ ਸਲਤਨਤਾਂ ਸਨ ਮੁਗ਼ਲ ਅਤੇ ਪਠਾਣ। ਪਠਾਣਾਂ ਨੇ ਅਹਿਮਦ ਸ਼ਾਹ ਅਬਦਾਲੀ ਵਰਗੇ ਜਰਨੈਲ ਦੀ ਅਗਵਾਈ ਹੇਠ ਸਿੱਖਾਂ ਦੀ ਕਤਲ ਕਰਨ ਤੇ ਵਿਨਾਸ਼ ਕਰਨ ਦੀ ਕੋਸ਼ਿਸ਼ ਕੀਤੀ। ਇਹ ਜਰਨੈਲ ਏਸ਼ੀਆ ਵਿਚ ਪੈਦਾ ਹੋਏ ਮਹਾਨ ਜਰਨੈਲ ਚੰਗੇਜ਼ ਖਾਂ, ਹਲਾਕੂ ਅਤੇ ਨਾਦਰ ਦੇ ਮਿਆਰ ਦਾ ਸੀ। ਪਠਾਣਾਂ ਤੇ ਮੁਗ਼ਲਾਂ ਨੇ 50 ਸਾਲ ਸਿੱਖਾਂ ਨੂੰ ਦਬਾਉਣ-ਝੁਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਨਾ ਤਾਂ ਝੁਕੇ ਅਤੇ ਨਾ ਹੀ ਉਨ੍ਹਾਂ ਨੇ ਆਪਣੀ ਮੌਤ ਜਾਂ ਸੁਤੰਤਰਤਾ ਲਈ ਤਲਖ਼ ਪੁਕਾਰ ਦਾ ਤਿਆਗ ਕੀਤਾ। ਮੌਤ ਤੇ ਸੁਤੰਤਰਤਾ ਦੀ ਅਜਿਹੀ ਭਾਵਨਾ ਜੋ ਆਧੁਨਿਕ ਅਤੇ ਪੁਰਾਤਨ ਪੂਰਬੀ ਬਰਾਦਰੀਆਂ ਵਾਸਤੇ ਓਪਰੀ ਅਤੇ ਅਗਿਆਤ ਸੀ ਪਰ ਸਿੱਖਾਂ ਨੇ ਪੰਜਾਹ ਸਾਲ ਅਤਿਅੰਤ ਭਿਆਨਕ ਜ਼ੁਲਮ ਅਤੇ ਅੱਤਿਆਚਾਰਾਂ ਅਧੀਨ ਜਿਸ ਦਾ ਮੰਤਵ ਪੂਰਨ ਵਿਨਾਸ਼ ਸੀ, ਸਿਰਫ਼ ਹਾਰ ਮੰਨਣ ਤੋਂ ਹੀ ਨਹੀਂ ਬਲਕਿ ਆਪਣੀ ਸੁਤੰਤਰਤਾ ਦੀ ਪੁਕਾਰ ਦਾ ਤਿਆਗ ਕਰਨ ਤੋਂ ਵੀ ਇਨਕਾਰ ਕੀਤਾ। ਅਸੀਂ

---

[142] ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ-449

ਸੁਤੰਤਰਤਾ ਮੰਗਦੇ ਹਾਂ ਜਾਂ ਫਿਰ ਮੌਤ ਅਤੇ ਅਖੀਰ ਉਹਨਾਂ ਨੇ ਸੁਤੰਤਰਤਾ ਹਾਸਿਲ ਕਰ ਹੀ ਲਈ।"[143]

ਗਿਆਨੀ ਲਾਲ ਸਿੰਘ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਲਿਖਦੇ ਹਨ, "ਅੱਧੀ ਸਦੀ (1716-1766) ਨੂੰ ਵੀਰ ਪਰੰਪਰਾ ਦੇ ਵਿਕਾਸ ਦਾ ਸੁਨਹਿਰੀ ਸਮਾਂ ਆਖਿਆ ਜਾ ਸਕਦਾ ਹੈ। ਇਸ ਸਮੇਂ ਆਪਣੀ ਸੁਤੰਤਰਤਾ ਲਈ ਜੂਝਣ ਵਾਲੇ ਸੂਰਮਿਆਂ 'ਤੇ ਕਰੜੇ ਅੱਤਿਆਚਾਰ ਢਾਹੇ ਗਏ ਤੇ ਹਕੂਮਤ ਨੇ ਆਪਣੇ ਵੱਲੋਂ ਉਨ੍ਹਾਂ ਨੂੰ ਕਈ ਵਾਰ ਖ਼ਤਮ ਕਰ ਦਿੱਤਾ। ਪਰ ਇਹ ਨਿਰਭੈ ਜੋਧੇ ਆਪਣੇ ਮਿਥੇ ਹੋਏ ਨਿਸ਼ਾਨੇ ਦੀ ਪੂਰਤੀ ਲਈ ਅੱਗੇ ਹੀ ਅੱਗੇ ਵਧਦੇ ਗਏ।"[144] ਅਠ੍ਹਾਰਵੀਂ ਸਦੀ ਉਹ ਸੁਨਹਿਰੀ ਦੌਰ ਹੈ ਜਿਸ ਵਿਚ ਸਿੱਖਾਂ ਨੇ ਗੁਰਮਤਿ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਸੀ। ਪੰਥ ਦੇ ਆਗੂਆਂ ਨੇ ਪੰਥਕ ਹਿੱਤਾਂ ਅਤੇ ਸ਼ਕਤੀ ਦੀ ਪ੍ਰਾਪਤੀ ਲਈ ਵੱਖ-ਵੱਖ ਸਮੇਂ ਸਰਕਾਰ ਨਾਲ ਸਮਝੌਤੇ ਵੀ ਕੀਤੇ। ਇਹ ਸਾਰੇ ਸਮਝੌਤੇ ਹਕੂਮਤ ਦੇ ਦਬਾਅ ਅਧੀਨ ਨਹੀਂ ਸਨ ਬਲਕਿ ਗੁਰੂ ਵੱਲੋਂ ਆਰੰਭੇ ਖ਼ਾਲਸਾ ਸੰਘਰਸ਼ ਨੂੰ ਸੰਗਠਿਤ ਕਰਕੇ ਰਾਜ ਕਾਇਮ ਕਰਨ ਲਈ ਸਨ। ਇਨ੍ਹਾਂ ਵਕਤੀ ਸਮਝੌਤਿਆਂ ਨੇ ਸਿੱਖ ਸੰਘਰਸ਼ ਨੂੰ ਬਹੁਤ ਬਲ ਤੇ ਉਤਸ਼ਾਹ ਪ੍ਰਦਾਨ ਕੀਤਾ। ਇਸ ਸਦੀ ਦੀ ਸਿੱਖ ਵਿਚਾਰਧਾਰਾ ਅਤੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਖ਼ਾਲਸੇ ਨੇ ਗੁਰੂ ਵੱਲੋਂ ਬਖ਼ਸ਼ੇ ਪਾਤਸ਼ਾਹੀ ਦਾਅਵੇ ਨੂੰ ਸਥਾਪਿਤ ਕਰਨ ਲਈ ਖ਼ੂਨੀ ਜੱਦੋਜਹਿਦ ਕੀਤੀ। ਆਪਣੇ ਅਧਿਆਤਮਕ ਅਤੇ ਰਾਜਸੀ ਬਲ ਨਾਲ ਆਪਣਾ ਸੁਤੰਤਰ ਰਾਜ ਕਾਇਮ ਕੀਤਾ।

## ਸੁਤੰਤਰ ਸਿੱਖ ਰਾਜ ਦਾ ਪ੍ਰਸਾਰ

ਅਫ਼ਗਾਨੀਆਂ ਤੋਂ ਪੰਜਾਬ ਨੂੰ ਮੁਕੰਮਲ ਤੌਰ 'ਤੇ ਸੁਤੰਤਰ ਕਰਵਾਉਣ ਵਿਚ ਰਣਜੀਤ ਸਿੰਘ ਸ਼ੁਕਰਚੱਕੀਆ ਨੇ ਮੁਕੰਮਲ ਸਫ਼ਲਤਾ ਹਾਸਲ ਕੀਤੀ। ਭਾਰਤੀ ਰਾਜੇ ਸ਼ਾਹ ਜਮਾਨ ਨੂੰ ਭਾਰਤ 'ਤੇ ਜਲਦ ਹਮਲਾ ਕਰਨ ਲਈ ਸੱਦਾ ਪੱਤਰ ਭੇਜਦੇ ਰਹੇ। 27 ਮਈ 1797 ਨੂੰ ਸ਼ਾਹ ਜਮਾਨ ਨੂੰ ਕਾਬਲ ਵਿਖੇ ਮੀਰ ਰਾਜਾ ਅਤੇ ਮੀਰ ਹਬੀਬਦੁਲਾ ਦਾ ਖ਼ਤ ਮਿਲਿਆ ਜਿਸ ਵਿਚ ਉਸਨੂੰ ਹਿੰਦੁਸਤਾਨ 'ਤੇ ਹਮਲੇ ਦਾ ਸੱਦਾ ਦਿੱਤਾ ਗਿਆ ਸੀ। ਸੱਦਾ ਪ੍ਰਵਾਨ ਕਰਕੇ ਸ਼ਾਹ ਜਮਾਨ ਭਾਰਤ 'ਤੇ ਹਮਲੇ ਕਰਨ ਲਈ ਤੁਰ ਪਿਆ। ਉਸਨੇ ਰਣਜੀਤ ਸਿੰਘ ਸ਼ੁਕਰਚੱਕੀਆ ਤੋਂ ਪੰਜਾਬ ਵਿਚੋਂ ਲੰਘਣ ਲਈ ਰਸਤਾ ਮੰਗਿਆ ਅਤੇ ਕਿਹਾ ਕਿ ਜੇ ਰਸਤਾ ਨਹੀਂ ਦੇਣਾ ਤਾਂ ਜੰਗ ਲਈ ਤਿਆਰ ਰਹੋ। ਰਣਜੀਤ ਸਿੰਘ ਨੇ ਬੜੀ ਦਲੇਰੀ ਨਾਲ ਕਿਹਾ ਕਿ ਰਾਜਨੀਤਿਕ ਪ੍ਰਾਪਤੀਆਂ ਦੇ ਫ਼ੈਸਲੇ ਜੰਗ ਦੇ ਮੈਦਾਨ ਵਿਚ ਹੁੰਦੇ ਹਨ।[145] ਰਣਜੀਤ ਸਿੰਘ ਨੇ ਸਮਝੌਤੇ ਦੀ ਪੇਸਕਸ਼ ਠੁਕਰਾ ਦਿੱਤੀ ਸੀ।

---

[143] *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਗੁਰਮੁਖ ਸਿੰਘ (ਸੰਪਾ.), ਪੰਨਾ-118-119

[144] *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ),* ਪੰਨਾ-95

[145] Gupta, *History of Sikhs, vol.II*, 2008, p.14.

ਅਕਤੂਬਰ 1796 ਵਿਚ ਸ਼ਾਹ ਜਮਾਨ ਨੇ ਫਿਰ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਪੰਜਾਬ ਵਿਚੋਂ ਰਾਹ ਮੰਗਿਆ। ਉਸ ਸਮੇਂ 17 ਸਾਲਾ ਨੌਜਵਾਨ ਰਣਜੀਤ ਸਿੰਘ ਸ਼ੁਕਰਚੱਕੀਆ ਨੇ ਕਿਹਾ, "ਮੈਂ ਆਪਣੀਆਂ ਭੇਟਾਵਾਂ ਸ਼ਾਹ ਨੂੰ ਜੰਗ ਦੇ ਮੈਦਾਨ ਵਿਚ ਪੇਸ਼ ਕਰਾਂਗਾ। ਉਹ ਪੰਜਾਬ ਦੀ ਧਰਤੀ 'ਤੇ ਅਫ਼ਗਾਨਾਂ ਨੂੰ ਪੈਰ ਨਹੀਂ ਧਰਨ ਦੇਵੇਗਾ ਤੇ ਸ਼ਾਹ ਜਮਾਨ ਵਿਰੁੱਧ ਖ਼ਾਲਸਾ ਜਥਿਆਂ ਦੀ ਅਗਵਾਈ ਖ਼ੁਦ ਕਰੇਗਾ। ਸ਼ਾਹ ਜਮਾਨ ਵਿਰੁੱਧ ਡਟ ਕੇ ਲੜਾਈ ਕਰਨੀ ਚਾਹੀਦੀ ਹੈ। ਸ਼ਾਹ ਜਮਾਨ ਲਾਹੌਰ ਦੇ ਕਿਲ੍ਹੇ ਦੇ ਬੁਰਜ ਵਿਚ ਠਹਿਰਿਆ ਹੋਇਆ ਸੀ। ਰਣਜੀਤ ਸਿੰਘ ਨੇ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਬੁਰਜ ਦੇ ਸਾਹਮਣੇ ਖਲੋ, ਲਲਕਾਰ ਕੇ ਕਿਹਾ, "ਓ ਅਹਿਮਦਸ਼ਾਹ ਦੇ ਪੋਤੇ! ਹੇਠਾਂ ਆਓ ਅਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਜੰਗ ਕਰਕੇ ਦੇਖ।"[146]

ਇਸ ਸਮੇਂ ਉੱਤਰੀ ਭਾਰਤ ਦੀ ਕੋਈ ਵੀ ਧਿਰ ਸ਼ਾਹ ਜਮਾਨ ਦੇ ਖਿਲਾਫ਼ ਮੈਦਾਨ ਵਿਚ ਨਹੀਂ ਆਈ। ਸਿਰਫ਼ ਸਤਲੁਜ ਪਾਰ ਦੇ ਸਿੰਘ ਹੀ ਆਪਣੇ ਦੇਸ਼ ਲਈ ਲੜ ਰਹੇ ਸਨ। ਹਿੰਦੁਸਤਾਨ ਵਿਚੋਂ ਕੇਵਲ ਖ਼ਾਲਸਾ ਫ਼ੌਜ ਵੱਲੋਂ ਸ਼ਾਹ ਜਮਾਨ ਨੂੰ ਲਲਕਾਰਨਾ ਸੰਕੇਤ ਦਿੰਦਾ ਹੈ ਕਿ ਦੇਸ਼ ਭਗਤੀ ਅਤੇ ਸੁਤੰਤਰਤਾ ਦੀ ਭਾਵਨਾ ਸਿਰਫ਼ ਸਿੰਘਾਂ ਵਿਚ ਹੀ ਬਚੀ ਸੀ ਜਿਹੜੇ ਸ਼ਾਹ ਜਮਾਨ ਵਿਰੁੱਧ ਲੜਾਈ ਲਈ ਗੁਰਮਤਾ ਕਰੀ ਬੈਠੇ ਸਨ। ਸਿੰਘਾਂ ਦਾ ਹੌਸਲਾ ਦੇਖ ਕੇ ਸ਼ਾਹ ਜਮਾਨ ਵਾਪਸ ਮੁੜ ਗਿਆ। ਕਰਨਲ ਪੋਲੀਅਰ ਲਿਖਦਾ ਹੈ, "ਮੈਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਹੈ ਕਿ ਸਿੱਖ ਹਿੰਦੁਸਤਾਨ ਦੇ ਗੁਆਂਢੀ ਰਾਜਿਆਂ ਵਿਚੋਂ ਸਭ ਤੋਂ ਪਹਿਲੇ ਸਥਾਨ 'ਤੇ ਪਹੁੰਚ ਜਾਣਗੇ।"[147] ਇਸ ਤਰ੍ਹਾਂ ਸਿੰਘਾਂ ਵੱਲੋਂ ਤੈਮੂਰ ਅਤੇ ਸ਼ਾਹ ਜਮਾਨ ਦੇ ਸਾਹਮਣੇ ਰਾਜਭਾਗ ਲੈਣ ਦਾ ਪ੍ਰਸਤਾਵ ਠੁਕਰਾ ਕੇ ਇਹ ਕਹਿਣਾ ਕਿ ਅਸੀਂ ਆਪਣਾ ਰਾਜ ਗੁਰੂ ਦੀ ਕਿਰਪਾ ਅਤੇ ਕਿਰਪਾਨ ਦੀ ਸ਼ਕਤੀ ਨਾਲ ਲੈਣਾ ਹੈ, ਇਸ ਗੱਲ ਦਾ ਸੰਕੇਤ ਹੈ ਕਿ ਖ਼ਾਲਸੇ ਨੇ ਸੁਤੰਤਰ ਸਿੱਖ ਰਾਜ ਦੇ ਸੰਕਲਪ ਨੂੰ ਗੁਰੂ ਆਸ਼ੇ ਰਾਹੀਂ ਹੀ ਪ੍ਰਾਪਤ ਕਰਨਾ ਸੀ ਨਾ ਕਿ ਕਿਸੇ ਅੱਗੇ ਝੁਕ ਕੇ। ਸਿੱਖ ਵਿਚਾਰਧਾਰਾ ਗਵਾਹ ਹੈ ਕਿ ਖ਼ਾਲਸਾ ਰਾਜ ਥਾਲੀ ਵਿਚ ਪਰੋਸ ਕੇ ਨਹੀਂ ਸਗੋਂ ਸ਼ਹਾਦਤਾਂ ਰਾਹੀਂ ਮਿਲਿਆ ਹੈ। ਸਿੰਘ ਅਤੇ ਖ਼ਾਲਸੇ ਦਾ ਸੰਕਲਪ ਹੀ ਐਸਾ ਹੈ ਕਿ ਇਹ ਗ਼ੁਲਾਮ ਨਹੀਂ ਬਣ ਸਕਦੇ। ਸਿੱਖਾਂ ਦੇ ਹਰ ਜਥੇ ਦੇ ਸਿੰਘ ਵਿਅਕਤੀਗਤ ਤੌਰ 'ਤੇ ਸੁਤੰਤਰ ਸਨ। ਇਸ ਗੱਲ ਨੇ ਜਥੇਦਾਰਾਂ ਨੂੰ ਤਾਨਾਸ਼ਾਹ ਬਣਨ ਤੋਂ ਰੋਕਿਆ ਹੋਇਆ ਸੀ। ਭਾਵੇਂ ਜਥੇਬੰਦੀ ਦਾ ਆਗੂ ਕੋਈ ਸਰਦਾਰ

---

[146] *"O grandson of Ahmad Shah.! Came down and has a fought with grandson of Chart Singh"* Gupta, *History of Sikhs, vol.II,* 2008, p.18.

[147] "*I have no hesitation in saying that Sikh would be soon advanced to the first rank amongst the native prince of Hindustan" Early European Accounts of The Sikhs*, Ganda Singh (Dr.) (Editor), p. 205

ਨਾਲ ਰਾਜਾ ਹੀ ਹੁੰਦਾ ਸੀ ਪਰ ਹਰ ਸਿੱਖ ਆਪਣੇ ਆਪ ਵਿਚ ਰਾਜਾ ਹੀ ਸੀ, ਇਸਦੀ ਪ੍ਰੋੜ੍ਹਤਾ ਅੰਗਰੇਜ਼ ਲਿਖਾਰੀ ਜਾਰਜ ਫੌਰਸਟਰ ਦੀ ਲਿਖਤ ਕਰਦੀ ਹੈ, "ਇਕ ਵਾਰ ਉਸਨੇ ਇਕ ਸਿੱਖ ਤੋਂ ਉਸਦੇ ਹਾਕਮ ਦਾ ਨਾਂ ਪੁੱਛਿਆ ਤਾਂ ਉਸ ਸਿੱਖ ਅੰਦਰ ਕਿਸੇ ਦੀ ਅਧੀਨਗੀ ਦੇ ਵਿਚਾਰ ਤੋਂ ਬਗ਼ਾਵਤ ਉਤਪੰਨ ਹੋਈ ਕਿਉਂਕਿ ਉਹ ਕਿਸੇ ਮਨੁੱਖ ਨੂੰ ਆਪਣਾ ਮਾਲਕ ਮੰਨਣ ਲਈ ਤਿਆਰ ਨਹੀਂ ਸੀ। ਉਹ ਕੇਵਲ ਆਪਣੇ ਗੁਰੂ ਜਾਂ ਇਸ਼ਟ ਨੂੰ ਹੀ ਆਪਣਾ ਮਾਲਕ ਸਮਝਦੇ ਸਨ।"[148]

1697 ਵਿਚ ਸ਼ਾਹ ਜਮਾਨ ਨੇ ਫਿਰ ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਅੰਮ੍ਰਿਤਸਰ ਵਿਚ 12 ਜਨਵਰੀ 1797 ਨੂੰ ਹੋਈ ਅੰਧਾ-ਧੁੰਦ ਲੜਾਈ ਵਿਚ ਉਸਦੇ ਵੀਹ ਹਜ਼ਾਰ ਸੈਨਿਕ ਮਾਰੇ ਗਏ ਸਨ। ਸਿੱਖਾਂ ਦੇ 15 ਹਜ਼ਾਰ ਯੋਧੇ ਸ਼ਹੀਦ ਹੋਏ। ਸਿੱਖਾਂ ਨੇ ਅਫ਼ਗਾਨ ਫ਼ੌਜਾਂ ਦਾ ਲਾਹੌਰ ਦੀਆਂ ਹੱਦਾਂ ਤੱਕ ਪਿੱਛਾ ਕੀਤਾ ਤੇ ਉਹ ਭੱਜ ਕੇ ਕਿਲ੍ਹੇ ਦੀ ਅੰਦਰ ਵੜ ਗਏ। ਰਣਜੀਤ ਸਿੰਘ ਦੀ ਵਧਦੀ ਸ਼ਕਤੀ ਦੇਖ ਕੇ ਸ਼ਾਹ ਜਮਾਨ 4 ਜਨਵਰੀ 1799 ਨੂੰ ਆਪਣੇ ਮੁਲਕ ਵੱਲ ਰਵਾਨਾ ਹੋ ਗਿਆ। ਪਿਸ਼ਾਵਰ ਦੇ ਹਾਕਮਾਂ ਦੀਆਂ ਜਹਾਦ ਦੀਆਂ ਦਿੱਤੀਆਂ ਧਮਕੀਆਂ ਦਾ ਜਵਾਬ ਦਿੰਦਿਆਂ ਰਣਜੀਤ ਸਿੰਘ ਨੇ ਲਿਖਿਆ ਸੀ, "ਅਸੀਂ ਬਹੁਤ ਸਾਰੇ ਬਾਗ਼ੀ ਹਾਕਮਾਂ ਦੇ ਸਿਰ ਭੰਨੇ ਹਨ ਅਤੇ ਆਪਣੇ ਦੁਸ਼ਮਣਾਂ ਦੇ ਪੈਰਾਂ ਵਿਚ ਬੇੜੀਆਂ ਪਾਈਆਂ ਹਨ। ਜੇਕਰ ਦੋਸਤ ਮੁਹੰਮਦ ਖਾਂ ਕਿਸੇ ਲਾਲਚ ਵੱਸ ਆਪਣੀ ਲੜਨ ਦੀ ਇੱਛਾ ਰੱਖਦਾ ਹੈ ਤਾਂ ਅਸੀਂ ਉਸਨੂੰ ਰਣਭੂਮੀ ਵਿਚ ਟੱਕਰਾਂਗੇ।[149] ਗੁਰੂ ਦੇ ਸਿਧਾਂਤ ਅਨੁਸਾਰ ਹਰ ਸਿੱਖ ਰਾਜਸੀ ਸੁਤੰਤਰਤਾ ਲਈ ਬੰਨ੍ਹਿਆ ਹੋਇਆ ਸੀ।

ਸ਼ਾਹ ਜਮਾਨ ਨੂੰ ਹੱਥ ਦਿਖਾਉਣ ਤੋਂ ਬਾਅਦ ਰਣਜੀਤ ਸਿੰਘ ਦਾ ਹੌਸਲਾ ਕਾਫ਼ੀ ਵੱਧ ਚੁੱਕਿਆ ਸੀ। 1799 ਵਿਚ ਲਾਹੌਰ ਉੱਤੇ ਭੰਗੀ ਮਿਸਲ ਦਾ ਕਬਜ਼ਾ ਸੀ। ਚੇਤ ਸਿੰਘ ਭੰਗੀ ਸ਼ਹਿਰ ਦਾ ਨਾਜ਼ਮ ਸੀ। ਉਹ ਤਾਕਤ ਦੇ ਮਾਹੌਲ ਵਿਚ ਜੰਮਿਆ ਸੀ। ਸਿੱਖ ਧਰਮ ਦੇ ਸਿਧਾਂਤ ਵਿਸਾਰ ਚੁੱਕਾ ਸੀ। ਜੂਨ 1799 ਵਿਚ ਸ਼ਹਿਰ ਦੇ ਸਾਰੇ ਅਮੀਰ ਵਜ਼ੀਰ ਉਸਦੇ ਵਿਰੋਧੀ ਬਣ ਗਏ। ਲਾਹੌਰ ਦੇ ਸਨਮਾਨਿਤ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੇ ਰਣਜੀਤ ਸਿੰਘ ਨੂੰ ਲਾਹੌਰ ਆਉਣ ਲਈ ਸੱਦਾ ਦੇਣ ਦਾ ਫ਼ੈਸਲਾ ਕੀਤਾ ਤੇ ਚੇਤ ਸਿੰਘ ਭੰਗੀ ਨੂੰ ਹਟਾਉਣ ਲਈ ਰਣਜੀਤ ਸਿੰਘ ਸ਼ੁਕਰਚੱਕੀਆ ਨੂੰ ਖ਼ਤ ਲਿਖਿਆ ਤੇ ਅਰਜ਼ ਕੀਤੀ ਕਿ ਉਹ ਲਾਹੌਰ 'ਤੇ ਕਬਜ਼ਾ ਕਰਕੇ ਇਥੋਂ ਦੀ ਹਕੂਮਤ ਸੰਭਾਲਣ। ਇਸ ਵਕਤ ਰਣਜੀਤ ਸਿੰਘ 19 ਸਾਲ ਦਾ ਸੀ। ਉਸਨੇ ਆਪਣੀ ਸੱਸ ਸਦਾ ਕੌਰ ਜੋ ਕਿ ਘਨ੍ਹੱਈਆ ਮਿਸਲ ਦੀ ਮੁਖੀ ਸੀ ਦੀ ਮਦਦ ਨਾਲ, ਆਪਣੀ ਤਾਕਤ ਨੂੰ ਹੋਰ ਪੱਕਿਆਂ ਕਰਦਿਆਂ

---

[148] *A Journey from Bengal to England, vol. I,* p.330

[149] ਕਨ੍ਹੱਈਆ ਲਾਲ, *ਤਾਰੀਖ-ਇ-ਪੰਜਾਬ,* ਜੀਤ ਸਿੰਘ ਸ਼ੀਤਲ (ਡਾ.)(ਅਨੁ.), ਪੰਨਾ-299-300

ਲਾਹੌਰ 'ਤੇ ਕਬਜ਼ਾ ਕਰ ਲਿਆ।[150] ਇਸ ਸਮੇਂ ਚੇਤ ਸਿੰਘ ਦੀ ਫ਼ੌਜ ਨੇ ਕੁਝ ਦੇਰ ਲੜਾਈ ਕੀਤੀ ਪਰ ਗਿਣਤੀ ਘੱਟ ਹੋਣ ਕਰਕੇ ਹਥਿਆਰ ਸੁੱਟ ਦਿੱਤੇ ਤੇ ਉਨ੍ਹਾਂ ਨੂੰ ਇਕ ਜਾਗੀਰ ਦੇ ਕੇ ਬਾਇੱਜ਼ਤ ਲਾਹੌਰ ਤੋਂ ਭੇਜ ਦਿੱਤਾ ਗਿਆ। ਕਿਲ੍ਹੇ 'ਤੇ ਕਬਜ਼ਾ ਕਰਕੇ 1799 ਵਿਚ ਰਣਜੀਤ ਸਿੰਘ ਨੇ ਲਾਹੌਰ ਦੇ ਕਿਲ੍ਹੇ 'ਤੇ ਸੁਤੰਤਰ ਸਿੱਖ ਰਾਜ ਕਾਇਮ ਕਰਨ ਦਾ ਝੰਡਾ ਲਹਿਰਾਇਆ। ਰਣਜੀਤ ਸਿੰਘ 800 ਸਾਲ ਬਾਅਦ ਸੁਤੰਤਰ ਪੰਜਾਬ ਦਾ ਪਹਿਲਾ ਪੰਜਾਬੀ ਸ਼ਾਸਕ ਬਣਿਆ ਸੀ।[151] ਇਸ ਨਾਲ ਮਿਸਲਦਾਰੀ ਸਿਲਸਿਲੇ ਦਾ ਅੰਤ ਹੋਇਆ ਅਤੇ ਸਿੱਖ ਰਾਜ ਦੇ ਪ੍ਰਸਾਰ ਦਾ ਆਰੰਭ ਹੋ ਗਿਆ। ਇਸ ਕਾਮਯਾਬੀ ਨੇ ਰਣਜੀਤ ਸਿੰਘ ਦੇ ਹੌਸਲੇ ਬੁਲੰਦ ਕਰ ਦਿੱਤੇ ਤੇ ਉਸ ਨੇ ਗੁੱਜਰਾਂਵਾਲਾ ਅਤੇ ਲਾਹੌਰ ਤੋਂ ਇਲਾਵਾ ਵੀ ਦੂਜੀਆਂ ਮਿਸਲਾਂ ਦੇ ਇਲਾਕਿਆਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ।

**ਰਾਜ ਦੇ ਪ੍ਰਸਾਰ ਦਾ ਕਾਰਨ**

ਸਿੱਖ ਮਿਸਲਾਂ ਦੇ ਆਗੂਆਂ ਵੱਲੋਂ ਰਣਜੀਤ ਸਿੰਘ ਦਾ ਰਾਹ ਰੋਕਣਾ ਮੁਸ਼ਕਿਲ ਹੋ ਚੁੱਕਾ ਸੀ। ਜੱਸਾ ਸਿੰਘ ਰਾਮਗੜ੍ਹੀਆ, ਅੰਮ੍ਰਿਤਸਰ ਦੇ ਗੁਲਾਬ ਸਿੰਘ ਭੰਗੀ, ਗੁਜਰਾਤ ਦੇ ਸਾਹਿਬ ਸਿੰਘ ਭੰਗੀ ਨੇ ਉਸ ਨਾਲ ਟੱਕਰ ਲੈਣ ਦੀ ਕੋਸ਼ਿਸ਼ ਕੀਤੀ ਪਰ ਸਫ਼ਲ ਨਾ ਹੋ ਸਕੇ। 12 ਅਪ੍ਰੈਲ 1801 ਨੂੰ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਸਾਹਿਬ ਸਿੰਘ ਬੇਦੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਕੀਤੀ। ਇਸ ਸਾਲ ਰਣਜੀਤ ਸਿੰਘ ਨੇ ਨਾਨਕਸ਼ਾਹੀ ਸਿੱਕੇ ਜਾਰੀ ਕੀਤੇ। ਉਨ੍ਹਾਂ ਉਤੇ ਇਕ ਪਾਸੇ ਬੰਦਾ ਸਿੰਘ ਬਹਾਦਰ ਅਤੇ ਦਲ ਖ਼ਾਲਸਾ ਵਾਲੀਆਂ ਲਿਖਤਾਂ 'ਦੇਗ ਤੇਗ਼ ਫ਼ਤਹਿ ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਉੱਕਰੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਜਾਰੀ ਕਰਨ ਦਾ ਸਾਲ ਅਤੇ ਸਥਾਨ ਦਰਜ਼ ਸੀ।[152]

ਰਣਜੀਤ ਸਿੰਘ ਨੇ ਜਾਚ ਲਿਆ ਸੀ ਕਿ ਜਦੋਂ ਤੱਕ ਸਿੱਖ ਮਿਸਲਾਂ ਅਤੇ ਫ਼ਿਰਕਿਆਂ ਵਿਚ ਵੰਡੇ ਰਹਿਣਗੇ ਉਦੋਂ ਤੱਕ ਵਿਦੇਸ਼ੀ ਧਾੜਵੀ ਪੰਜਾਬ ਦੀ ਧਰਤੀ 'ਤੇ ਹਮਲਾ ਕਰਦੇ ਰਹਿਣਗੇ। ਉਸਨੇ ਹੌਲੀ-ਹੌਲੀ ਸਿੱਖ ਮਿਸਲਾਂ ਦੇ ਇਲਾਕਿਆਂ 'ਤੇ ਕਬਜ਼ਾ ਕਰਕੇ ਇੱਕ ਸੰਯੁਕਤ ਸਿੱਖ ਰਾਜ ਕਾਇਮ ਕਰਨ ਦਾ ਬੀੜਾ ਚੁੱਕਿਆ। ਇਸ ਤਹਿਤ ਉਸਨੇ ਲਗਾਤਾਰ ਪੰਜਾਬ ਦੇ ਆਲੇ-ਦੁਆਲੇ ਦੀ ਧਰਤੀ 'ਤੇ ਹਮਲੇ ਜਾਰੀ ਰੱਖੇ ਤੇ ਅੰਤ ਕਾਬਲ ਕੰਧਾਰ ਤੋਂ ਲੈ ਕੇ ਸਤਲੁਜ ਤੱਕ ਸਿੱਖ ਰਾਜ ਕਾਇਮ ਕਰਨ ਵਿਚ ਸਫ਼ਲ ਹੋਇਆ। ਉਹ ਇਕ ਅਜਿਹੀ ਸਿੱਖ ਤਾਕਤ ਕਾਇਮ ਕਰਨ ਵਿਚ ਕਾਮਯਾਬ ਹੋਇਆ ਸੀ ਜਿਸਦੀ ਸੁਤੰਤਰਤਾ ਨੂੰ ਖ਼ਤਮ ਕਰਨ ਦੀ

---

150 Gupta, *History of Sikhs, vol.V*, 2006, p. 30.
151 Ibid, p. 20.
152 Ibid, p. 32.

ਕਿਸੇ ਵਿਦੇਸ਼ੀ ਤਾਕਤ ਕੋਲ ਜੁਰਅਤ ਨਹੀਂ ਸੀ। ਰਣਜੀਤ ਸਿੰਘ ਮੁਗ਼ਲਾਂ ਦੇ ਰਾਜਾਂ 'ਤੇ ਵੀ ਹਮਲੇ ਕਰਕੇ ਉਨ੍ਹਾਂ ਦੇ ਇਲਾਕਿਆਂ 'ਤੇ ਕਬਜ਼ੇ ਕਰਨ ਲੱਗ ਪਿਆ ਸੀ।[153] ਕਸੂਰ, ਅੰਮ੍ਰਿਤਸਰ, ਮੁਲਤਾਨ ਅਤੇ ਅਫ਼ਗਾਨਾਂ ਦਾ ਗੜ ਪਿਸ਼ਾਵਰ ਵੀ ਹਰੀ ਸਿੰਘ ਨਲੂਏ ਨੇ ਜਿੱਤ ਲਏ ਸਨ। "ਜੇ ਰਣਜੀਤ ਸਿੰਘ ਕੁਝ ਸਮੇਂ ਲਈ ਪੰਜਾਬ ਤੋਂ ਬਾਹਰ ਜਾਣ ਨੂੰ ਮੁਨਾਸਬ ਸਮਝਦਾ ਤਾਂ ਸਾਰੇ ਅਫ਼ਗਾਨਿਸਤਾਨ ਨੂੰ ਜਿੱਤ ਲੈਣਾ ਉਸ ਲਈ ਕਿੰਨਾ ਹੀ ਸੌਖਾ ਕੰਮ ਸੀ। ਭਾਰਤ ਵਿਚ ਰਣਜੀਤ ਸਿੰਘ ਦੀ ਸੱਤਾ ਹੀ ਸਿਰਫ਼ ਉਸ ਵਕਤ ਅੰਗਰੇਜ਼ਾਂ ਦਾ ਮੁਕਾਬਲਾ ਕਰਨ ਦੇ ਕਾਬਲ ਸੀ।"[154] ਜੀ. ਟੀ. ਵੀਨ ਲਿਖਦਾ ਹੈ, "ਜੇ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਨਾਲ ਰਣਜੀਤ ਸਿੰਘ ਨੂੰ ਨਾ ਰੋਕਿਆ ਜਾਂਦਾ ਤਾਂ ਉਹ ਕਈ ਚਿਰ ਪਹਿਲਾਂ ਹੀ ਇਕ ਮਹਾਨ ਬਾਦਸ਼ਾਹ ਦੇ ਰੂਪ ਵਿਚ ਜਿਸ ਦਾ ਧਰਮ ਮੁਗ਼ਲਾਂ ਨਾਲੋਂ ਵੱਖਰਾ ਸੀ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋ ਗਿਆ ਹੁੰਦਾ।"[155]

ਰਣਜੀਤ ਸਿੰਘ ਦੇ ਰਾਜ ਬਾਰੇ ਗੋਕਲ ਚੰਦ ਨਾਰੰਗ ਲਿਖਦਾ ਹੈ, "ਰਣਜੀਤ ਸਿੰਘ ਨੇ ਪੰਜਾਬ, ਸਰਹੱਦੀ ਸੂਬੇ ਅਤੇ ਕਸ਼ਮੀਰ 'ਤੇ ਲਗਭਗ ਚਾਲੀ ਵਰ੍ਹੇ ਰਾਜ ਕੀਤਾ। ਪੰਜਾਬ ਨੂੰ ਮਹਾਨ ਅਕਬਰ ਦੀ ਮੌਤ ਪਿੱਛੋਂ ਪਹਿਲੀ ਵਾਰ ਧਾਰਮਿਕ ਕੱਟੜਤਾ, ਹਠਧਰਮੀ ਅਤੇ ਅੱਤਿਆਚਾਰਾਂ ਤੋਂ ਸ਼ਾਂਤੀ ਅਤੇ ਸੁਤੰਤਰਤਾ ਪ੍ਰਾਪਤ ਹੋਈ। ਪੰਜਾਬੀਆਂ ਨੂੰ ਸਰਕਾਰੀ ਤਾਬੇਦਾਰੀ ਤੋਂ ਪੂਰਨ ਸੁਤੰਤਰਤਾ ਸੀ ਕਿਉਂਕਿ ਕੇਵਲ ਲਗਾਨ ਉਗਰਾਹੁਣ ਲਈ ਹੀ ਸਰਕਾਰ ਦਾ ਲੋਕਾਂ ਨਾਲ ਵਾਹ ਪੈਂਦਾ ਸੀ ਅਤੇ ਇਹ ਵੀ ਬਹੁਤ ਘੱਟ ਲੋਕਾਂ ਨਾਲ।"[156]

ਇਸ ਕਾਰਵਾਈ ਨਾਲ ਉਸਨੇ ਇਤਿਹਾਸ ਦਾ ਰੁਖ ਪਲਟ ਦਿੱਤਾ। ਪ੍ਰਾਚੀਨ ਸਮਿਆਂ ਤੋਂ ਹੀ ਆਰੀਆ ਲੋਕਾਂ ਤੋਂ ਲੈ ਕੇ ਅਫ਼ਗਾਨੀ ਲਸ਼ਕਰਾਂ ਤੱਕ ਵਿਦੇਸ਼ੀ ਹਮਲਾਵਰ ਦੱਰਾ ਖ਼ੈਬਰ ਰਾਹੀਂ ਹੀ ਭਾਰਤ ਵਿਚ ਪ੍ਰਵੇਸ਼ ਕਰਦੇ ਆਏ ਸਨ। ਰਣਜੀਤ ਸਿੰਘ ਦਾ ਸਿੱਖ ਜਰਨੈਲ ਹਰੀ ਸਿੰਘ ਨਲਵਾ ਸੰਨ 1822 ਤੋਂ 1837 ਤੱਕ ਆਪਣੇ ਅੰਤ ਸਮੇਂ ਤੱਕ ਪਿਸ਼ਾਵਰ ਦਾ ਗਵਰਨਰ ਰਿਹਾ। ਉਸ ਨੇ ਪਠਾਣਾਂ ਵਿਚ ਡਰ ਬਿਠਾ ਛੱਡਿਆ ਸੀ। ਪਠਾਣ ਤੀਵੀਆਂ ਆਪਣੇ ਚੰਚਲ ਬੱਚਿਆਂ ਨੂੰ ਡਰਾਉਣ ਲਈ ਕਹਿਣ ਲੱਗ ਪਈਆਂ ਸਨ 'ਹਰੀਆ ਰਾਹਗਲੇ ਦਾ' (ਹਰੀਆ ਆ ਗਿਆ)। ਉਸ ਦੀ ਸੰਨ 1837 ਵਿਚ ਜਮਰੌਦ ਦੀ ਲੜਾਈ ਵਿਚ ਮੌਤ ਹੋਈ। ਰਾਜਾ ਧਿਆਨ ਸਿੰਘ ਡੋਗਰਾ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਲੂਆ ਉਪਰ ਬਣੀ ਖ਼ਤਰਨਾਕ ਸਥਿਤੀ ਬਾਰੇ ਹਨੇਰੇ ਵਿਚ ਰੱਖਿਆ। ਨਲੂਏ ਨੂੰ ਡੋਗਰਿਆਂ ਦੇ ਰਾਜ ਦਰਬਾਰ ਵਿਚ ਖ਼ਤਰਾ ਸਮਝਿਆ ਜਾਂਦਾ ਸੀ। ਲਾਹੌਰ ਦਰਬਾਰ ਨੂੰ

---

[153] ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਪੰਨਾ-122

[154] Jacquemont, Victor, *Letters From India vol. II*, p.239

[155] *Travels in Kashmir vol.II*, p.425

[156] *ਸਿੱਖ ਮਤ ਦਾ ਪਰਿਵਰਤਨ*, ਪੰਨਾ-189

ਉਸ ਦੀ ਮੌਤ ਨਾਲ ਬੜਾ ਵੱਡਾ ਘਾਟਾ ਪਿਆ ਸੀ।[157] ਜੇਕਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਇਹ ਜਰਨੈਲ ਜਿਊਂਦਾ ਰਹਿੰਦਾ ਤਾਂ ਸਿੱਖ ਰਾਜ ਦੀ ਸੁਤੰਤਰਤਾ ਨੂੰ ਅੰਗਰੇਜ਼ ਕਦੇ ਸੰਨ ਨਹੀਂ ਲਗਾ ਸਕਦੇ ਸੀ।

ਰਣਜੀਤ ਸਿੰਘ ਨੇ ਉੱਤਰ ਪੱਛਮ ਤੋਂ ਲਗਾਤਾਰ ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਹਮਲਾਵਰਾਂ ਨੂੰ ਪੰਜਾਬ ਵਿਚ ਦਾਖ਼ਲ ਹੋਣ ਤੋਂ ਹੀ ਨਹੀਂ ਰੋਕਿਆ ਸਗੋਂ ਕਾਬਲ ਦੀਆਂ ਹੱਦਾਂ ਤੱਕ ਆਪਣੇ ਰਾਜ ਦਾ ਵਿਸਥਾਰ ਵੀ ਕੀਤਾ। ਜੇਕਰ ਰਣਜੀਤ ਸਿੰਘ ਮਿਸਲਾਂ ਨੂੰ ਇਕੱਠਿਆਂ ਕਰਕੇ ਬਾਦਸ਼ਾਹਤ ਕਾਇਮ ਨਾ ਕਰਦਾ ਤਾਂ ਉੱਤਰ-ਪੱਛਮ ਤੋਂ ਸਦਾ ਦੀ ਤਰ੍ਹਾਂ ਹਮਲਾਵਰਾਂ ਦੀ ਢਾਣੀਆਂ ਲਗਾਤਾਰ ਦੇਸ਼ ਦੀ ਸੱਤਾ ਭੰਗ ਕਰਦੀਆਂ ਰਹਿੰਦੀਆਂ। ਉਸ ਨੇ ਸ਼ਕਤੀਸ਼ਾਲੀ ਸੁਤੰਤਰ ਸਿੱਖ ਰਾਜ ਸਥਾਪਿਤ ਕਰਕੇ ਇਸਨੂੰ ਗ਼ੁਲਾਮ ਹੋਣੋਂ ਬਚਾਈ ਰੱਖਿਆ।[158] ਰਣਜੀਤ ਸਿੰਘ ਨੇ ਆਪਣੇ ਰਾਜ ਉਸਾਰਨ ਵਾਸਤੇ ਸਿੱਖ ਆਦਰਸ਼ਾਂ ਅਤੇ ਜੁਗਤਾਂ ਦੀ ਵਰਤੋਂ ਕੀਤੀ। ਖ਼ਾਲਸਾ ਫ਼ੌਜਾਂ ਹੀ ਉਸਦੀ ਤਾਕਤ ਦਾ ਧੁਰਾ ਸਨ ਅਤੇ ਇਨ੍ਹਾਂ ਨੇ ਇਕ ਤੋਂ ਬਾਅਦ ਦੂਜੀ ਰਿਆਸਤ ਫ਼ਤਹਿ ਕਰਨ ਵਿਚ ਉਸ ਦੀ ਸਹਾਇਤਾ ਕੀਤੀ। ਕਈ ਮੌਕਿਆਂ 'ਤੇ ਅਕਾਲੀ ਅਤੇ ਨਿਹੰਗ ਸਿੰਘਾਂ ਨੇ ਕਾਂਗੜਾ, ਮੁਲਤਾਨ ਅਤੇ ਨੌਸ਼ਹਿਰਾ ਵਿਖੇ ਸਰਵ-ਉੱਚ ਧਾਰਮਿਕ ਉਤਸ਼ਾਹ ਦੀ ਪ੍ਰੇਰਨਾ ਨਾਲ ਸਭ ਤੋਂ ਵੱਧ ਕਠਨ ਕਾਰਜ ਸਿਰੇ ਲਾਏ। ਉਸਦੀ ਨਾ-ਅਹਿਲ ਤੇ ਅਣਜਾਣਪੁਣੇ ਕਾਰਨ ਬ੍ਰਾਹਮਣ ਤੇ ਡੋਗਰੇ ਉਸ ਦੇ ਦਰਬਾਰ, ਤਾਜ, ਖ਼ਜ਼ਾਨਾ ਤੇ ਫ਼ੌਜ 'ਤੇ ਅੰਦਰਖਾਤੇ ਕਾਬਜ਼ ਹੋ ਗਏ ਸਨ। ਇਨ੍ਹਾਂ ਨੇ ਸਿੱਖਾਂ ਨੂੰ ਰਣਜੀਤ ਸਿੰਘ ਦੇ ਵਿਚਾਰਵਾਨ ਸਲਾਹਕਾਰ ਸਰਕਲ ਤੋਂ ਦੂਰ ਰੱਖਣ ਵਿਚ ਪੂਰੀ ਕਾਮਯਾਬੀ ਹਾਸਲ ਕੀਤੀ ਹੋਈ ਸੀ।

ਦੂਜੇ ਪਾਸੇ ਸਿੱਖ ਰਾਜ ਕਾਇਮ ਕਰਨ ਵਾਲੇ ਜਰਨੈਲ ਅਕਾਲੀ ਫੂਲਾ ਸਿੰਘ, ਹੁਕਮ ਸਿੰਘ ਚਿਮਨੀ, ਨਿਧਾਨ ਸਿੰਘ ਪੰਜ-ਹੱਥਾ, ਨਿਹਾਲ ਸਿੰਘ, ਸ਼ਾਮ ਸਿੰਘ ਅਟਾਰੀਵਾਲਾ, ਹਰੀ ਸਿੰਘ ਨਲਵਾ ਤੇ ਆਹਲੂਵਾਲੀਏ ਸਿਰਦਾਰ ਸਨ। ਰਣਜੀਤ ਸਿੰਘ ਦੀ ਹਕੂਮਤ ਦਾ ਬਹੁਤਾ ਇਲਾਕਾ ਉਸ ਦਾ ਆਪਣਾ ਜਿੱਤਿਆ ਹੋਇਆ ਨਹੀਂ ਸੀ। ਉਸ ਲਈ ਸਭ ਤੋਂ ਔਖੀਆਂ ਜਿੱਤਾਂ ਕਸੂਰ, ਮੁਲਤਾਨ-ਕਸ਼ਮੀਰ, ਪਿਸ਼ਾਵਰ, ਬਹਾਵਲਪੁਰ, ਸਿੰਧ ਤੇ ਅਟਕ ਸਨ। ਇਹ ਸਾਰੇ ਇਲਾਕੇ ਅਕਾਲੀ ਫੂਲਾ ਸਿੰਘ ਤੇ ਉਸ ਦੇ ਸਾਥੀ ਨਿਹੰਗਾਂ ਨੇ ਅਤੇ ਹਰੀ ਸਿੰਘ ਨਲਵੇ ਵਰਗੇ ਸਿੱਖ ਜਰਨੈਲਾਂ ਨੇ ਜਿੱਤ ਕੇ ਦਿੱਤੇ ਸਨ। ਰਣਜੀਤ ਸਿੰਘ ਦੀ ਮਿਹਰ ਜ਼ਿਆਦਾਤਰ ਬ੍ਰਾਹਮਣ ਅਤੇ ਡੋਗਰਿਆਂ 'ਤੇ ਸੀ। ਇਸੇ ਅਣਗਹਿਲੀ ਕਾਰਨ ਉਸਦੀ ਮੌਤ ਤੋਂ ਬਾਅਦ ਸਿੱਖਾਂ ਨੂੰ ਅੰਗਰੇਜ਼ਾਂ ਨੇ ਗ਼ੁਲਾਮ ਬਣਾ ਲਿਆ। ਡੋਗਰਿਆਂ ਦੀਆਂ ਚਾਲਾਂ ਤੋਂ ਤੰਗ ਆ ਕੇ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਛੱਡ ਕੇ ਲਾਹੌਰ ਆ ਗਿਆ ਸੀ। 1830 ਨੂੰ ਜਦੋਂ ਰਣਜੀਤ ਸਿੰਘ ਨੇ ਖੜਕ ਸਿੰਘ ਨੂੰ ਆਪਣਾ ਜਾਨਸ਼ੀਨ ਐਲਾਨਿਆ ਤਾਂ ਹਰੀ ਸਿੰਘ

---

[157] Gopal Singh(Dr.), *A History of The Sikh People(1469-1988)*, p.494-95

[158] ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ*, ਪੰਨਾ 26-27

ਨੇ ਨਿਧੜਕ ਹੋ ਕੇ ਕਿਹਾ ਸੀ, "ਇਹ ਰਾਜ ਕਿਸੇ ਇਕ ਵਿਅਕਤੀ ਦੀ ਮਲਕੀਅਤ ਨਹੀਂ, ਖ਼ਾਲਸਾ ਪੰਥ ਦੀ ਮਿਲਖ ਹੈ। ਸਮੁੱਚੀ ਕੌਮ ਦੀਆਂ ਇਕ ਸਦੀ ਤੋਂ ਵੱਧ ਸਮੇਂ ਦੀਆਂ ਕੁਰਬਾਨੀਆਂ ਅਤੇ ਗੁਰੂ ਦੀ ਬਖ਼ਸਿਸ਼ ਸਦਕਾ ਅਸੀਂ ਇਹ ਬਾਦਸ਼ਾਹਤ ਜਿੱਤੀ ਹੈ। ਸੋ ਪੰਥ ਨੂੰ ਹੀ ਗੁਰਮਤੇ ਰਾਹੀਂ ਚੁਣਨ ਦਿਓ ਕਿ ਉਨ੍ਹਾਂ ਦਾ ਅਗਲਾ ਮੁਖੀ ਕੌਣ ਹੋਵੇਗਾ। ਆਪਾਂ ਨੂੰ ਸਿੱਖਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ।"[159] ਜਦੋਂ ਵੀ ਕੋਈ ਸਿੱਖ ਗੁਰਮਤਿ ਦੇ ਸਿਧਾਂਤ ਤੋਂ ਥਿੜਕਿਆ ਹੈ ਤਾਂ ਉਸਦਾ ਰਾਜ ਲੰਮਾ ਸਮਾਂ ਨਹੀਂ ਚੱਲਿਆ। ਸਿਰਦਾਰ ਕਪੂਰ ਸਿੰਘ ਅਨੁਸਾਰ ਵਿਅਕਤੀ ਸ਼ਾਸਨ ਗੁਰੂ ਗੋਬਿੰਦ ਸਿੰਘ ਜੀ ਦੀ ਨੀਤੀ ਦੇ ਉਲਟ ਸੀ। ਰਜਵਾੜਾਸ਼ਾਹੀ ਅਤੇ ਬਾਦਸ਼ਾਹੀ ਦੇ ਔਗੁਣ ਵੀ ਰਣਜੀਤ ਸਿੰਘ ਦੇ ਰਾਜ ਦੇ ਅੰਤ ਦਾ ਕਾਰਨ ਬਣੇ ।[160] ਰਣਜੀਤ ਸਿੰਘ ਦਾ ਰਾਜ ਅਨੈਤਿਕਤਾ ਦੇ ਰਾਹ 'ਤੇ ਜਾ ਰਿਹਾ ਸੀ ਜੋ ਕਿ ਸਿੱਖ ਸਿਧਾਂਤਾਂ ਦੇ ਉਲਟ ਸੀ। ਇਹ ਅੱਗੇ ਜਾ ਕੇ ਸਿੱਖ ਰਾਜ ਦੀ ਸੁਤੰਤਰਤਾ ਤੇ ਅੰਤ ਦਾ ਕਾਰਨ ਬਣਿਆ। ਡੋਗਰੇ ਸਿੱਖੀ ਸਿਧਾਤਾਂ ਦੇ ਵਿਰੁੱਧ ਸਨ। ਰਣਜੀਤ ਸਿੰਘ ਦੇ ਰਾਜ ਦੀਆਂ ਸਾਰੀਆਂ ਰਾਜਸੀ ਪੋਸਟਾਂ 'ਤੇ ਡੋਗਰਿਆਂ ਅਤੇ ਬ੍ਰਾਹਮਣਾਂ ਦਾ ਕਬਜ਼ਾ ਸੀ। ਡੋਗਰਿਆਂ ਨੇ ਸਾਜ਼ਿਸ਼ਾਂ ਰਚ ਕੇ ਸਾਰੇ ਬਹਾਦਰ ਸਿੱਖ ਜਰਨੈਲ ਮਰਵਾ ਦਿੱਤੇ ਸਨ। ਰਣਜੀਤ ਸਿੰਘ ਦਾ ਇਕ ਵੀ ਸੀਨੀਅਰ ਸਿੱਖ ਸਾਥੀ ਜ਼ਿੰਦਾ ਨਹੀਂ ਰਹਿਣ ਦਿੱਤਾ ਅਤੇ ਕੁਝ ਬਚੇ ਹੋਏ ਜਰਨੈਲਾਂ ਨੂੰ ਬੇਅਸਰ ਕਰ ਦਿੱਤਾ ਗਿਆ ਸੀ।[161]

## ਖਾਲਸਾ ਰਾਜ ਦੇ ਜਰਨੈਲ ਅਤੇ ਸੁਤੰਤਰਤਾ ਦੀ ਝਲਕ

### ਸ਼ਾਮ ਸਿੰਘ ਅਟਾਰੀਵਾਲਾ

ਸ਼ਾਮ ਸਿੰਘ, ਨਿਹਾਲ ਸਿੰਘ ਦਾ ਪੁੱਤਰ ਸੀ। ਉਹ ਮਹਾਰਾਜਾ ਦੀ ਸੇਵਾ ਵਿਚ ਬਹੁਤ ਲੰਮੇ ਸਮੇਂ ਤੱਕ ਰਿਹਾ। ਸ਼ਾਮ ਸਿੰਘ ਨੇ ਮੁਲਤਾਨ ਅਤੇ ਪਿਸ਼ਾਵਰ ਦੀਆਂ ਲੜਾਈਆਂ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਹ ਐਂਗਲੋ-ਸਿੱਖ ਯੁੱਧ ਵਿਚ ਅੰਗਰੇਜ਼ਾਂ ਵਿਰੁੱਧ ਬੜੀ ਬਹਾਦਰੀ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ। ਲੈਪਿਲ ਗ੍ਰਿਫ਼ਨ ਅਨੁਸਾਰ ਸਰਦਾਰ ਸ਼ਾਮ ਸਿੰਘ ਜੱਟ ਸਿੱਖ ਕੌਮ ਦੇ ਸਭ ਤੋਂ ਵਧੀਆ ਪ੍ਰਤੀਨਿਧਾਂ ਵਿਚੋਂ ਇਕ ਸੀ, ਜੱਟ ਲੋਕ ਬਹਾਦਰੀ, ਦਿਆਨਤਦਾਰੀ, ਸਰੀਰਕ ਸ਼ਕਤੀ ਅਤੇ ਦਲੇਰੀ ਲਈ ਸਾਰੀ ਦੁਨੀਆ ਦੀਆਂ ਕੌਮਾਂ ਵਿਚੋਂ ਪਹਿਲੇ ਦਰਜੇ 'ਤੇ ਹਨ।[162]

---

[159] Gopal Singh(Dr.), *A History of The Sikh People(1469-1988)*, p.488

[160] "*No man rule, is certainly not inherent in the polity apporoved by Guru Gobind Singh, as the learner doctor hints*" Kapur Singh, Sirdar (ICS), *Parasaraprasna,* p.246

[161] Ibid, p.239

[162] Griffin, Lepel, H., *Rajas of Punjab,* p.64

**ਹਰੀ ਸਿੰਘ ਨਲੂਆ**

ਸਿੱਖ ਜਰਨੈਲ ਹਰੀ ਸਿੰਘ ਨਲੂਆ ਹਰਦਿਆਲ ਸਿੰਘ ਦਾ ਪੁੱਤਰ ਸੀ। ਸੱਤ ਸਾਲ ਦੀ ਉਮਰ ਵਿਚ ਉਹ ਰਣਜੀਤ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋ ਗਿਆ। 1827 ਨੂੰ ਸੱਯਦ ਅਹਿਮਦ ਖਾਂ ਦੇ 'ਜਹਾਦ' ਦੇ ਵਿਰੁੱਧ ਉਸ ਨੂੰ ਪਿਸ਼ਾਵਰ ਭੇਜਿਆ ਗਿਆ ਸੀ। 1834 ਵਿਚ ਪਿਸ਼ਾਵਰ ਨੂੰ ਲਾਹੌਰ ਦਰਬਾਰ ਦਾ ਭਾਗ ਬਣਾਉਣ ਮਗਰੋਂ ਉਹ ਉਥੇ ਦੀਆਂ ਫ਼ੌਜਾਂ ਦਾ ਸੈਨਿਕ ਪ੍ਰਬੰਧਕ ਬਣਿਆ ਸੀ। ਇਸ ਤੋਂ ਇਲਾਵਾ ਸਿੱਖ ਜਰਨੈਲਾਂ ਵਿਚ ਦੇਸਾ ਸਿੰਘ ਮਜੀਠੀਆ, ਲਹਿਣਾ ਸਿੰਘ ਮਜੀਠੀਆ, ਸੰਧਾਵਾਲੀਏ ਸਰਦਾਰ, ਅਕਾਲੀ ਫੂਲਾ ਸਿੰਘ ਪ੍ਰਮੁੱਖ ਯੋਧੇ ਸਨ।

ਰਣਜੀਤ ਸਿੰਘ ਦੀ ਸੁਤੰਤਰ ਬਾਦਸ਼ਾਹਤ ਵਿਚ ਹਰੀ ਸਿੰਘ ਨਲਵਾ ਅਤੇ ਅਕਾਲੀ ਫੂਲਾ ਸਿੰਘ ਦਾ ਬਹੁਤ ਵੱਡਾ ਹੱਥ ਸੀ। ਪਿਸ਼ਾਵਰ 'ਤੇ ਕਬਜ਼ਾ ਕਰਨ ਮਗਰੋਂ ਹਰੀ ਸਿੰਘ ਨਲੂਆ ਨੇ ਕਬਾਇਲੀ ਲੋਕਾਂ ਦੀਆਂ ਖਰੂਦੀ ਕਾਰਵਾਈਆਂ ਰੋਕਣ ਲਈ ਸਖ਼ਤ ਕਾਰਵਾਈਆਂ ਕੀਤੀਆਂ। ਉਸਨੇ ਅਫ਼ਗਾਨਾਂ ਨੂੰ ਇਹ ਕਹਿ ਕੇ ਭੈਅ ਭੀਤ ਕਰ ਦਿੱਤਾ ਕਿ ਜੇਕਰ ਉਹ ਪੰਜਾਬ ਪ੍ਰਤੀ ਬਾਗੀਆਨਾਂ ਕਾਰਵਾਈਆਂ ਤੋਂ ਬਾਜ਼ ਨਾ ਆਏ ਤਾਂ ਉਹ ਕਾਬਲ ਵੱਲ ਆਪਣੀ ਸੈਨਾ ਦੀ ਅਗਵਾਈ ਕਰੇਗਾ। 1836 ਵਿਚ ਰਣਜੀਤ ਸਿੰਘ ਨੇ ਜਮਰੌਦ ਦੇ ਸਥਾਨ 'ਤੇ ਇਕ ਮਜ਼ਬੂਤ ਕਿਲ੍ਹੇ ਦੀ ਉਸਾਰੀ ਕਰਵਾਈ ਜਿਸਨੂੰ ਪਠਾਣਾਂ ਨੇ ਆਪਣੇ ਮੁਲਕ ਦੀ ਸੁਰੱਖਿਆ ਲਈ ਭਾਰੀ ਖ਼ਤਰਾ ਸਮਝਿਆ। ਅਪ੍ਰੈਲ 1837 ਈ. ਨੂੰ ਸਿੱਖਾਂ ਅਤੇ ਅਫ਼ਗਾਨਾਂ ਵਿਚਕਾਰ ਯੁੱਧ ਵਿਚ ਬਿਮਾਰ ਹੁੰਦਿਆਂ ਵੀ ਲੜਦਿਆਂ ਹਰੀ ਸਿੰਘ ਨਲੂਏ ਦੀ ਮੌਤ ਹੋ ਗਈ।[163] ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਨੂੰ ਖ਼ਾਲਸਾ ਰਾਜ ਆਖਦਾ ਸੀ ਅਤੇ ਇਸ ਰਾਜ ਵਿਚ ਸੁਤੰਤਰਤਾ ਦਾ ਪ੍ਰਗਟਾਵਾ ਹੁੰਦਾ ਹੈ।

**ਖ਼ਾਲਸਾ ਰਾਜ ਵਿਚ ਸਮਾਨਤਾ, ਧਰਮ ਨਿਰਪੱਖਤਾ ਤੇ ਸੁਤੰਤਰਤਾ**

ਰਣਜੀਤ ਸਿੰਘ ਨੇ ਆਪਣੇ ਖ਼ਾਨਦਾਨ ਦੇ ਨਾਂ 'ਤੇ ਰਾਜ ਨਹੀਂ ਕੀਤਾ। ਉਸਨੇ ਸਾਰੀ ਸੱਤਾ ਖ਼ਾਲਸੇ ਦੇ ਨਾਂ 'ਤੇ ਹੀ ਵਰਤੀ ਸੀ। ਉਹ 'ਸਿੰਘ ਸਾਹਿਬ' ਦੇ ਸਾਦਾ ਨਾਂ ਪਸੰਦ ਕਰਦਾ ਸੀ। ਉਸ ਦੇ ਰਾਜ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ ਦਾ ਸਿੱਕਾ ਚਲਾਇਆ ਗਿਆ ਸੀ ਅਤੇ ਉਹ ਆਪਣੇ ਰਾਜ ਨੂੰ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਮੰਨਦਾ ਸੀ। ਰਣਜੀਤ ਸਿੰਘ ਦੇ ਰਾਜ ਵਿਚ ਪੰਚਾਂ ਦੁਆਰਾ ਨਿਆਂ ਦੇਣ ਦੀ ਵਿਵਸਥਾ ਸੀ ਭਾਵ 'ਪੰਚੋਂ ਮੇਂ ਪਰਮੇਸ਼ਰ'। ਨਿਆਂ ਲਈ ਵੱਡੀਆਂ ਅਦਾਲਤਾਂ ਵੀ ਕਾਇਮ ਕੀਤੀਆਂ ਹੋਈਆਂ ਸਨ। ਉਹ ਕਈ ਵਾਰ ਲੋਕਾਂ ਨੂੰ ਰਸਤਿਆਂ ਵਿਚ ਆਉਂਦਾ ਜਾਂਦਾ ਵੀ ਨਿਆਂ ਪ੍ਰਦਾਨ ਕਰਦਾ ਸੀ। ਉਸਦੇ ਰਾਜ ਵਿਚ ਹਿੰਦੂ, ਮੁਸਲਮਾਨਾਂ ਨੂੰ ਬਰਾਬਰ ਅਧਿਕਾਰ ਦਿੱਤੇ ਗਏ ਸਨ ਅਤੇ ਕੋਈ ਸਖ਼ਤ ਕਾਨੂੰਨ ਨਹੀਂ ਸੀ। ਉਹ ਬਦਲੇ ਦੀ

[163] Gupta, *History of Sikhs, vol.V*, p.180

ਭਾਵਨਾ ਵੀ ਨਹੀਂ ਰੱਖਦੇ ਸਨ। 40 ਸਾਲਾਂ ਦੇ ਰਾਜ  ਵਿਚ ਕਿਸੇ ਵੀ ਬੰਦੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਗਈ।[164]

ਜ਼ਿਆਦਾਤਰ ਲਿਖਾਰੀ ਰਣਜੀਤ ਸਿੰਘ ਨੂੰ ਦਿਆਲੂ ਅਤੇ ਮਿਹਰਬਾਨ ਮਨੁੱਖ ਦੱਸਦੇ ਸਨ। "ਉਸ ਨੇ ਕਿਸੇ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗੇ। ਇੰਨੇ ਘੱਟ ਖ਼ੂਨ ਖਰਾਬੇ ਨਾਲ ਸ਼ਾਇਦ ਹੀ ਕਿਸੇ ਨੇ ਉਸਦੇ ਰਾਜ ਜਿੱਡਾ ਰਾਜ ਸਥਾਪਿਤ ਕੀਤਾ ਹੋਵੇ।"[165] ਮਹਾਰਾਜਾ ਦੀ ਨਰਮ ਅਤੇ ਸੂਝਵਾਨ ਸਰਕਾਰ ਨੇ ਕਦੇ ਵੀ ਮੁਸਲਮਾਨ, ਹਿੰਦੂ ਜਾਂ ਸਿੱਖ ਵਿਰੋਧੀ ਹਾਕਮਾਂ ਨੂੰ ਮੌਤ ਦੇ ਘਾਟ ਨਹੀਂ ਉਤਾਰਿਆ ਸੀ। ਮੁਗ਼ਲਾਂ ਦੇ ਰਾਜਾਂ ਦੇ ਮੁਕਾਬਲੇ ਉਸਦਾ ਰਾਜ ਨਰਮ ਅਤੇ ਦਿਆਲਤਾ ਭਰਪੂਰ ਸੀ। ਉਸਨੇ ਆਪਣੇ ਰਾਜ ਵਿਚ ਲੋਕਾਂ ਨੂੰ ਭੁੱਖੇ ਮਰਦੇ ਨਹੀਂ ਛੱਡਿਆ। ਉਸਦੀ ਦਿਆਲਤਾ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਨਾਲ ਬਰਾਬਰ ਸੀ। ਖੁਸ਼ਵੰਤ ਸਿੰਘ ਅਨੁਸਾਰ ਰਣਜੀਤ ਸਿੰਘ, ਸਿੱਖ ਅਤੇ ਹਿੰਦੂ ਵਿਰੋਧੀਆਂ ਦੇ ਮੁਕਾਬਲੇ ਮੁਸਲਮਾਨ ਵੈਰੀਆਂ ਨਾਲ ਵਧੇਰੇ ਨਰਮੀ ਵਰਤਦਾ ਸੀ। ਉਸਨੇ ਆਪਣੀ ਸਰਕਾਰ ਨੂੰ 'ਸਰਕਾਰ-ਏ-ਖ਼ਾਲਸਾ' ਦਾ ਨਾਂ ਦਿੱਤਾ ਸੀ।[166] ਉਸਨੇ ਜਿੰਨੇ ਵੀ ਰਾਜਾਂ 'ਤੇ ਹਮਲੇ ਕੀਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭੁੱਖਾ ਨਹੀਂ ਮਰਨ ਦਿੱਤਾ ਸਗੋਂ ਗੁਜ਼ਾਰੇ ਜੋਗੀਆਂ ਜਗੀਰਾਂ ਦਿੱਤੀਆਂ, ਉਸਨੇ ਗੁਰੂ ਨਾਨਕ ਦੇ ਨਾਂ ਦੇ ਸਿੱਕੇ ਚਲਾਏ। ਸਭ ਨਾਲੋਂ ਇਕ ਜਿਹਾ ਵਰਤਾਓ ਸੀ। ਧਰਮ ਨਿਰਪੱਖ ਰਾਜ ਸਥਾਪਿਤ ਕਰਨ ਦੀ ਵਿਚਾਰਧਾਰਾ ਦੇ ਹੁੰਦਿਆਂ ਵੀ ਉਸਨੇ ਆਪਣੀ ਸਰਕਾਰ ਨੂੰ 'ਸਰਕਾਰ-ਏ-ਖਾਲਸਾ' ਦਾ ਨਾਂ ਦਿੱਤਾ ਸੀ।[167] ਬਾਬਾ ਪ੍ਰੇਮ ਸਿੰਘ ਹੋਤੀ ਨੇ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੀਆਂ ਕੁਝ ਵਿਸ਼ੇਸ਼ਤਾਈਆਂ ਦੱਸੀਆਂ ਹਨ ਜਿਨ੍ਹਾਂ ਵਿਚ ਧਰਮ ਨਿਰਪੱਖਤਾ ਅਤੇ ਹਰ ਫਿਰਕੇ ਦੀ ਸੁਤੰਤਰਤਾ ਦਾ ਬਾਖ਼ੂਬੀ ਝਲਕ ਮਿਲਦੀ ਹੈ।

**ਜ਼ਮੀਨਾਂ ਦਾ ਪ੍ਰਬੰਧ, ਸਰਕਾਰੀ ਮਾਲੀਆ ਅਤੇ ਜ਼ਿਮੀਂਦਾਰਾਂ ਦੀ ਰੱਖਿਆ**

ਖ਼ਾਲਸੇ ਤੋਂ ਪਹਿਲਾਂ ਪੰਜਾਬ ਵਿਚ ਜਿੰਨੇ ਹੁਕਮਰਾਨ ਸਨ, ਉਹ ਜ਼ਿਮੀਂਦਾਰਾਂ ਤੋਂ ਸਰਕਾਰੀ ਹਿੱਸਾ ਵਸੂਲ ਕਰਦੇ ਸਨ। ਇਸਦੇ ਉਲਟ ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਸੀ ਕਿ ਜ਼ਿਮੀਂਦਾਰ ਤੋਂ ਘੱਟ ਮਾਲੀਆ ਲਿਆ ਜਾਵੇ ਇਸ ਨਾਲ ਉਹ ਵਧੇਰੇ ਖੇਤੀ ਬੀਜਦਾ ਹੈ।[168] ਕਿਸਾਨਾਂ ਨੂੰ ਹੋਰ ਬਹੁਤ ਸਾਰੀਆਂ

---

[164] ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ,* ਪੰਨਾ-91.& Gupta, *History of Sikhs, vol.V*, 2008, p.371

[165] *"The sole aim of Ranjit Singh is the preservation and extentension of his own unlimited power and though his ambitious mind considers all meant perfectly allowable to this end, he has never want only imbrued his hand in blood."* Baron Hugel, *Travels in Kashmir,* p.382.

[166] *ਸਿੱਖ ਹਿਸਟਰੀ,* ਪੰਨਾ-39

[167] ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ,* ਪੰਨਾ-133-34

[168] ਹੋਤੀ, ਬਾਬਾ ਪ੍ਰੇਮ ਸਿੰਘ, *ਪੰਜਾਬ ਦਾ ਸਮਾਜਕ ਇਤਿਹਾਸ ਖ਼ਾਲਸਾ ਰਾਜ-ਕਾਲ ਵਿਖੇ,* ਫੌਜਾ ਸਿੰਘ (ਡਾ.) (ਸੰਪਾ.), ਪੰਨਾ-146

ਸਹੂਲਤਾਂ ਸਨ। ਜ਼ਿਮੀਂਦਾਰਾਂ ਦੀ ਰੱਖਿਆ ਵੱਲ ਬੜਾ ਧਿਆਨ ਦਿੱਤਾ ਜਾਂਦਾ ਸੀ। ਇਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਸਹਿਜਾਦਾ ਖੜਕ ਸਿੰਘ ਨੂੰ ਮੁਲਤਾਨ ਦੇ ਦੌਰੇ ਪਰ ਜਾਣ ਦਾ ਹੁਕਮ ਦਿੱਤਾ ਪਰ ਨਾਲ ਹੀ ਇਸ ਗੱਲ ਦੀ ਪਕਿਆਈ ਕੀਤੀ ਗਈ ਹੈ ਕਿ ਉਹ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੇ ਕਿ ਮੁਲਤਾਨ ਜਾਂਦਿਆਂ ਰਾਹ ਦੇ ਲਾਗੇ-ਚਾਗੇ ਦੇ ਖੇਤਾਂ ਨੂੰ ਨਾਲ ਜਾ ਰਹੇ ਘੋੜ ਸਵਾਰਾਂ ਨਾਲ ਕੋਈ ਹਾਨੀ ਨਾ ਪਹੁੰਚੇ।[169]

**ਧਰਮ ਨਿਰਪੱਖਤਾ ਤੇ ਸਮਾਨਤਾ**

ਰਣਜੀਤ ਸਿੰਘ ਦਾ ਰਾਜ ਸਮਾਨਤਾ ਤੇ ਧਰਮ ਨਿਰਪੱਖਤਾ ਦਾ ਨਮੂਨਾ ਸੀ। "ਮਹਾਰਾਜਾ ਰਣਜੀਤ ਸਿੰਘ ਨੇ ਮੌਜ਼ੇ ਦਰਿਆ ਤੇ ਹਜ਼ਰਤ ਦਾਤਾ ਗੰਜ ਦੀਆਂ ਇਮਾਰਤਾਂ ਨੂੰ ਆਪਣੀ ਮੁਸਲਮਾਨ ਪਰਜਾ ਦੀਆਂ ਤਵਾਰੀਖੀ ਇਮਾਰਤਾਂ ਜਾਣ ਕੇ ਇਨ੍ਹਾਂ ਦੀ ਕਈ ਵਾਰੀ ਮੁਰੰਮਤ ਕਰਵਾਈ।"[170] ਖ਼ਾਲਸਾ ਰਾਜ ਵਿਚ ਮਜ਼੍ਹਬੀ ਜਜ਼ਬਾਤ ਨੂੰ ਸੁਰੱਖਿਅਤ ਰੱਖਣ ਵਿਚ ਆਜ਼ਾਦੀ ਦੇ ਉਨੇ ਹੱਕ ਹਾਸਲ ਸਨ ਜਿੰਨੇ ਹੋਰ ਮਜ਼੍ਹਬਾਂ ਨੂੰ ਪ੍ਰਾਪਤ ਸਨ। ਮੁਸਲਮਾਨ ਪਰਜਾ ਵਿਚੋਂ ਕਈ ਵਿਅਕਤੀਆਂ ਨੂੰ ਅਤਿ ਜ਼ਿੰਮੇਵਾਰੀ ਦੇ ਅਹੁਦੇ ਸੌਂਪੇ ਗਏ ਸਨ ਜਿਨ੍ਹਾਂ ਵਿਚ ਫ਼ਕੀਰ ਅਜ਼ੀਜ਼-ਉਦ-ਦੀਨ ਵਿਦੇਸ਼ ਮੰਤਰੀ ਦੇ ਅਹੁਦੇ ਉੱਤੇ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਮੁਸਲਮਾਨ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਸਨ ਤੇ ਰਾਜੇ ਦਾ ਸਤਿਕਾਰ ਵੀ ਕਰਦੇ ਸਨ।[171] ਖ਼ਾਲਸਾ ਰਾਜ ਵਿਚ ਹਿੰਦੂ ਭਾਈਆਂ ਨੂੰ ਵੀ ਸਾਰੇ ਹੱਕ ਪ੍ਰਾਪਤ ਸਨ। ਉਨ੍ਹਾਂ ਨੂੰ ਵੀ ਵੱਡੀਆਂ ਤੋਂ ਵੱਡੀਆਂ ਜ਼ਿੰਮੇਵਾਰੀਆਂ, ਜਗੀਰਾਂ, ਅਹੁਦੇ ਸੌਂਪੇ ਗਏ ਸਨ। ਸਰਦਾਰ ਹਰੀ ਸਿੰਘ ਨਲੂਏ ਨੇ ਜਦ ਸੰਨ 1834 ਵਿਚ ਪਿਸ਼ਾਵਰ ਨੂੰ ਫ਼ਤਹਿ ਕਰਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਤਾਂ ਆਪ ਨੇ ਸਭ ਤੋਂ ਪਹਿਲਾਂ ਹਿੰਦੂ ਭਾਈਆਂ ਦਾ ਜਜ਼ੀਆ ਮਾਫ਼ ਕੀਤਾ ਸੀ।[172] ਰਾਜਾ ਧਿਆਨ ਸਿੰਘ ਡੋਗਰੇ ਨੂੰ ਖ਼ਾਲਸਾ ਰਾਜ ਵੱਲੋਂ ਰਾਜਾ ਦਾ ਖ਼ਿਤਾਬ ਪ੍ਰਾਪਤ ਸੀ। ਇਹ ਵੱਡੇ ਵਜ਼ੀਰ ਦੇ ਅਹੁਦੇ 'ਤੇ ਸੀ। ਇਸ ਦੀ ਜਾਗੀਰ ਦੋ ਲੱਖ ਦੀ ਸੀ। ਇਸ ਦੇ ਵੱਡੇ ਭਾਈ ਗੁਲਾਬ ਸਿੰਘ ਨੂੰ ਵੀ ਰਾਜਾ ਦਾ ਪਦ ਮਿਲਿਆ ਹੋਇਆ ਸੀ। ਇਸ ਤੋਂ ਇਲਾਵਾ ਹਿੰਦੂਆਂ ਨੂੰ ਹੋਰ ਬਹੁਤ ਸਾਰੇ ਅਧਿਕਾਰ ਸਨ ਅਤੇ ਧਾਰਮਿਕ ਸੁਤੰਤਰਤਾ ਵੀ ਪ੍ਰਾਪਤ ਸੀ। ਖ਼ਾਲਸਾ ਰਾਜ ਦੀ ਫ਼ੌਜ ਵਿਚ ਇਸਾਈ ਸਿਪਾਹੀ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

---

[169] ਹੋਤੀ, ਬਾਬਾ ਪ੍ਰੇਮ ਸਿੰਘ, *ਪੰਜਾਬ ਦਾ ਸਮਾਜਕ ਇਤਿਹਾਸ ਖ਼ਾਲਸਾ ਰਾਜ-ਕਾਲ ਵਿਖੇ,* ਫੌਜਾ ਸਿੰਘ (ਡਾ.) (ਸੰਪਾ.), ਪੰਨਾ-152

[170] ਉਹੀ, ਪੰਨਾ-153

[171] ਉਹੀ, ਪੰਨਾ-153

[172] ਉਹੀ, ਪੰਨਾ-160

**ਪੰਜਾਬੀਆਂ ਦਾ ਸਾਂਝਾ ਰਾਜ**

ਖ਼ਾਲਸਾ ਰਾਜ ਨੂੰ ਹਰ ਇਕ ਪੰਜਾਬੀ ਆਪਣਾ ਰਾਜ ਸਮਝਦਾ ਸੀ ਕਿਉਂਕਿ ਰਾਜ ਪ੍ਰਬੰਧ ਵਿਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਨੂੰ ਆਪੋ-ਆਪਣੇ ਪੂਰਨ ਰਾਜਸੀ ਹੱਕ ਸਨ। ਖ਼ਾਲਸਾ ਰਾਜ ਪ੍ਰਬੰਧ ਨੂੰ ਗਹੁ ਨਾਲ ਵੇਖਿਆਂ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਹਿੰਦ ਵਿਚ ਅੱਜ ਤੱਕ ਕਿਸੇ ਵੀ ਪੰਚਾਇਤੀ ਹਕੂਮਤ ਜਾਂ ਕਿਸੇ ਸੰਸਥਾ ਨੇ ਰਾਜ ਪ੍ਰਬੰਧ ਵਿਚ ਹਿੰਦੂ, ਮੁਸਲਮਾਨ, ਈਸਾਈ ਦੇ ਵਿਤਕਰੇ ਨੂੰ ਇੰਨੀ ਹੱਦ ਮਿਟਾ ਕੇ ਨਹੀਂ ਦੱਸਿਆ ਜਿੰਨਾ ਕਿ ਖ਼ਾਲਸਾ ਰਾਜ ਵਿਚ ਅੱਜ ਤੋਂ ਸਵਾ ਸੌ ਸਾਲ ਪਹਿਲਾਂ ਕੀਤਾ ਗਿਆ ਸੀ। ਇਸੇ ਕਾਰਨ ਮਹਾਰਾਜਾ ਦੀ ਬਿਮਾਰੀ ਦੌਰਾਨ ਦੇਹ ਅਰੋਗਤਾ ਲਈ ਜਿਥੇ ਸਿੱਖਾਂ ਵੱਲੋਂ ਅਖੰਡ ਪਾਠ ਕਰਵਾਏ ਗਏ, ਉਥੇ ਮੁਸਲਮਾਨਾਂ ਵੱਲੋਂ ਵੀ ਮਸੀਤਾਂ ਵਿਚ ਕੁਰਾਨ ਸ਼ਰੀਫ਼ ਦੇ ਪਾਠ ਕਰਵਾਏ ਗਏ ਅਤੇ ਹਿੰਦੂਆਂ ਨੇ ਮੰਦਰਾਂ ਵਿਚ ਯੱਗ ਕਰਵਾਏ ਅਤੇ ਹਜ਼ਾਰਾਂ ਰੁਪਏ ਦਾਨ ਕੀਤੇ।[173]

**ਜਿਨਸਾਂ ਸਸਤੀਆਂ**

ਖ਼ਾਲਸਾ ਰਾਜ ਵਿਚ ਪਰਜਾ ਦੀ ਖੁਸ਼ਹਾਲੀ ਤੇ ਅਰੋਗਤਾ ਲਈ ਰੋਜ਼ਾਨਾ ਜੀਵਨ ਦੀ ਵਰਤੋਂ ਦੀ ਸਮੱਗਰੀ ਜਿਵੇਂ: ਦੁੱਧ, ਘਿਓ ਤੇ ਕਣਕ ਆਦਿ ਦੇ ਭਾਅ ਬੜੇ ਹੀ ਸਸਤੇ ਸਨ। ਪਰਿਵਾਰਾਂ ਦਾ ਨਿਰਬਾਹ ਕਰਨਾ ਆਸਾਨ ਸੀ। ਉਸਦੇ ਉਲਟ ਮੁਗ਼ਲ ਅਤੇ ਅਫ਼ਗਾਨੀ ਰਾਜ ਸਮੇਂ ਅੰਤਾਂ ਦਾ ਸ਼ੋਸਣ, ਧਰਮ ਬਦਲੀ ਅਤੇ ਮਾਰ ਧਾੜ ਸੀ। ਸਪਸ਼ਟ ਹੈ ਕਿ ਖ਼ਾਲਸਾ ਰਾਜ ਵਿਚ ਹਰ ਵਿਅਕਤੀ ਨੂੰ ਖੁੱਲ ਸੀ।

## ਸਿੱਖ ਰਾਜ 'ਤੇ ਮੁੜ ਗ਼ੁਲਾਮੀ ਦਾ ਪਸਾਰ

ਰਣਜੀਤ ਸਿੰਘ ਦੀ ਮੌਤ ਮਗਰੋਂ ਉਸਦੇ ਪੁੱਤਰ ਖੜਕ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ ਪਰ ਧਿਆਨ ਸਿੰਘ ਸਮੇਤ ਸਾਰੇ ਡੋਗਰੇ ਅੰਦਰਖਾਤੇ ਸਿੱਖ ਰਾਜ ਕਾਇਮ ਹੋਣ ਤੋਂ ਦੁਖੀ ਸਨ ਤੇ ਇਸਨੂੰ ਖ਼ਤਮ ਕਰਨ ਲਈ ਆਪਣੀ ਬਦਨੀਤੀ ਜਾਰੀ ਰੱਖਦੇ ਸਨ। ਅੰਗਰੇਜ਼ ਅਫ਼ਸਰ ਹਿਊ ਕੁੱਕ ਮੁਤਾਬਿਕ ਡੋਗਰਾ ਗੁਲਾਬ ਸਿੰਘ ਦਾ ਅੰਗਰੇਜ਼ਾਂ ਨਾਲ ਪੂਰਾ ਰਾਬਤਾ ਸੀ ਤੇ ਉਸ ਨੇ ਲੜਾਈ ਦੀ ਸੂਰਤ ਵਿਚ ਪੂਰੀ ਮਦਦ ਦੀ ਪੇਸ਼ਕਸ਼ ਵੀ ਕੀਤੀ ਸੀ।[174] ਰਣਜੀਤ ਸਿੰਘ ਨਾਲ ਵਫ਼ਾਦਾਰੀ ਦੇ ਕੀਤੇ ਕੌਲ ਕਰਾਰਾਂ ਨੂੰ ਗੁੱਠੇ ਲਾਉਂਦਿਆਂ ਧਿਆਨ ਸਿੰਘ ਡੋਗਰੇ ਨੇ ਖੜਕ ਸਿੰਘ ਦੇ ਪੁੱਤਰ ਨੌਨਿਹਾਲ ਸਿੰਘ ਅਤੇ ਮਾਤਾ ਚਾਂਦ ਕੌਰ ਅਤੇ ਖ਼ਾਲਸਾ ਫ਼ੌਜ ਨੂੰ ਉਸ ਵਿਰੁੱਧ ਭੜਕਾ ਦਿੱਤਾ ਤੇ ਕਿਹਾ ਕਿ ਉਹ ਅੰਗਰੇਜ਼ਾਂ ਦੀ ਗ਼ੁਲਾਮੀ ਸਵੀਕਾਰ ਕਰਨਾ ਚਾਹੁੰਦਾ ਹੈ। ਇਸ ਤਹਿਤ ਉਸਦੇ ਵਜ਼ੀਰ ਚੇਤ ਸਿੰਘ ਨੂੰ ਮਾਰ ਕੇ ਰਾਜਾ ਖੜਕ ਸਿੰਘ ਨੂੰ ਕੈਦ ਕਰ ਲਿਆ ਗਿਆ ਤੇ ਮਗਰੋਂ ਖਾਣੇ ਵਿਚ ਥੋੜ੍ਹੀ-

[173] ਹੋਤੀ, *ਪੰਜਾਬ ਦਾ ਸਮਾਜਕ ਇਤਿਹਾਸ ਖ਼ਾਲਸਾ ਰਾਜ-ਕਾਲ ਵਿਖੇ,* ਫੌਜਾ ਸਿੰਘ (ਡਾ.) (ਸੰਪਾ.), ਪੰਨਾ- 175- 176

[174] Hughe, Cook, *Sikh Wars, The British Army in Punjab(1845-1849)*, p.22

ਥੋੜ੍ਹੀ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਨੌਨਿਹਾਲ ਸਿੰਘ ਨੂੰ ਵੀ ਉਸਦੇ ਸਸਕਾਰ ਵਾਲੇ ਦਿਨ ਸਾਜ਼ਿਸ ਤਹਿਤ ਕਿਲੇ ਦਾ ਬਨੇਰਾ ਸੁੱਟ ਕੇ ਜ਼ਖ਼ਮੀ ਕਰ ਦਿੱਤਾ ਤੇ ਬਾਅਦ ਵਿਚ ਆਪ ਉਸਦਾ ਸਿਰ ਪੱਥਰ ਨਾਲ ਫੇਹ ਕੇ ਮਾਰ ਦਿੱਤਾ। ਧਿਆਨ ਸਿੰਘ ਅੰਦਰਖਾਤੇ ਗੰਢ-ਤੁੱਪ ਕਰਕੇ ਆਪਣੇ ਪੁੱਤਰ ਹੀਰਾ ਸਿੰਘ ਡੋਗਰਾ ਨੂੰ ਗੱਦੀ 'ਤੇ ਬਿਠਾਉਣ ਲਈ ਉਪਰਾਲੇ ਕਰਦਾ ਰਿਹਾ। ਬਾਅਦ ਵਿਚ ਸੰਧਾਵਾਲੀਏ ਭਰਾਵਾਂ ਨੇ ਉਸਦੀ ਗੱਦਾਰੀ ਨੂੰ ਦੇਖਦਿਆਂ ਧਿਆਨ ਸਿੰਘ ਨੂੰ ਕਤਲ ਕਰ ਦਿੱਤਾ ਪਰ ਇਹ ਸਿਲਸਿਲਾ ਇੱਥੇ ਥੰਮ੍ਹਣ ਵਾਲਾ ਨਹੀਂ ਸੀ ਇਸ ਦੌਰਾਨ ਸ਼ਾਹੀ ਪਰਿਵਾਰ ਵਿਚ ਡੋਗਰਿਆਂ ਦੀ ਨੀਤੀ ਮੁਤਾਬਿਕ ਭਾਰੀ ਫੁੱਟ ਪੈ ਗਈ ਅਤੇ ਲਗਾਤਾਰ ਕਈ ਕਤਲ ਹੋਏ। ਧਿਆਨ ਸਿੰਘ ਦੀ ਮੌਤ ਤੋਂ ਬਾਅਦ ਰਾਣੀ ਚਾਂਦ ਕੌਰ ਤੇ ਉਸਦੇ ਭਰਾ ਨੇ ਡੋਗਰਿਆਂ ਦੇ ਅੱਤਿਆਚਾਰਾਂ ਤੋਂ ਛੁਟਕਾਰਾ ਪਾਉਣ ਲਈ ਹੀਰਾ ਸਿੰਘ ਡੋਗਰਾ ਤੇ ਉਸਦੇ ਸਾਥੀਆਂ ਨੂੰ ਜੋ ਲਾਹੌਰ ਦਰਬਾਰ ਦਾ ਖ਼ਜ਼ਾਨਾ ਲੁੱਟ ਕੇ ਭੱਜ ਗਏ ਸਨ, ਨੂੰ ਸਿੱਖ ਫ਼ੌਜਾਂ ਹੱਥੋਂ ਮਰਵਾ ਦਿੱਤਾ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਕਾਰਜ ਬ੍ਰਾਹਮਣ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਡੋਗਰੇ ਨੇ ਜਾਰੀ ਰੱਖਿਆ। ਇਹਨਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਖ਼ਾਲਸਾ ਫ਼ੌਜ ਨੂੰ ਭੜਕਾਉਣਾ ਜਾਰੀ ਰੱਖਿਆ ਕਿ ਅੰਗਰੇਜ਼ ਪੰਜਾਬ 'ਤੇ ਹਮਲਾ ਕਰਨਾ ਚਾਹੁੰਦੇ ਹਨ ਇਸ ਲਈ ਪਹਿਲਾਂ ਸਾਨੂੰ ਹੀ ਹਮਲਾ ਕਰ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਵੱਲੋਂ ਖ਼ਾਲਸਾ ਫ਼ੌਜ ਅਤੇ ਅੰਗਰੇਜ਼ ਸਰਕਾਰ ਦਾ ਯੁੱਧ ਕਰਵਾਉਣ ਦੀ ਬਦਨੀਤੀ ਸੀ। ਉਸ ਵੇਲੇ ਦੇ ਸਿੱਖ ਰਾਜ ਦੇ ਕਰਤਿਆਂ-ਧਰਤਿਆਂ ਲਾਲ ਸਿੰਘ, ਤੇਜ ਸਿੰਘ, ਡੋਗਰੇ ਗੁਲਾਬ ਸਿੰਘ ਦੀ ਗੱਦਾਰੀ, ਦੇਸ਼ ਧ੍ਰੋਹੀ ਤੇ ਵਿਸ਼ਵਾਸਘਾਤ ਲਈ ਤਿਆਰ ਵੇਖ ਗੋਰੇ ਬਹਾਨਾ ਟੋਲਦੇ ਸਨ ਕਿ ਉਹ ਪੰਜਾਬ ਨੂੰ ਆਪਣੇ ਅਧੀਨ ਕਰ ਲੈਣ। ਧ੍ਰੋਹੀਆਂ ਨੇ ਗੋਰਿਆਂ ਨੂੰ ਸੁਝਾਉ ਦਿੱਤਾ ਕਿ ਉਹ ਲਾਹੌਰ ਦਰਬਾਰ ਦੇ ਸਤਲੁਜੋਂ ਪਾਰ ਇਲਾਕਿਆਂ 'ਤੇ ਕਬਜ਼ਾ ਕਰ ਲੈਣ। ਇਸ ਨਾਲ ਸਿੱਖ ਭੜਕ ਉੱਠਣਗੇ। ਉਹ ਗ਼ੱਦਾਰ ਉਨ੍ਹਾਂ ਦਾ ਸਾਥ ਦੇਣਗੇ ਤੇ ਅੰਗਰੇਜ਼ਾਂ ਦਾ ਪੰਜਾਬ ਉਤੇ ਕਬਜ਼ਾ ਕਰਵਾ ਦੇਣਗੇ। ਇਨ੍ਹਾਂ ਬ੍ਰਾਹਮਣ ਅਤੇ ਡੋਗਰਿਆਂ ਦੀ ਗ਼ੱਦਾਰੀ ਅਤੇ ਸਿੱਖ ਫ਼ੌਜਾਂ ਦੀ ਬੀਰਤਾ ਦਾ ਖ਼ੁਲਾਸਾ ਖੁਦ ਅੰਗਰੇਜ਼ ਫ਼ੌਜ ਦੇ ਇੱਕ ਕਮਾਂਡਰ ਕਨਿੰਘਮ ਨੇ ਕੀਤਾ ਹੈ ਕਿ ਲਾਲ ਸਿੰਘ ਤੇ ਤੇਜ ਸਿੰਘ ਆਪਣੀਆਂ ਵਜ਼ੀਰੀਆਂ ਪੱਕੀਆਂ ਕਰਨ ਲਈ ਖ਼ਾਲਸਾ ਫ਼ੌਜ ਨੂੰ ਜੰਗ ਵਿਚ ਉਲਝਾ ਕੇ ਖਿੰਡਾਉਣਾ ਚਾਹੁੰਦੇ ਸਨ। ਇਸ ਕਰਕੇ ਲਾਲ ਸਿੰਘ, ਤੇਜ ਸਿੰਘ ਅੰਗਰੇਜ਼ ਪੁਲੀਟੀਕਲ ਏਜੰਟ ਕੈਪਟਨ ਨਿਕਲਸਨ ਨਾਲ ਲਗਾਤਾਰ ਰਾਬਤਾ ਰੱਖ ਰਹੇ ਸਨ।[175] ਅੰਗਰੇਜ਼ਾਂ ਨੇ ਸਿੱਖਾਂ ਦੇ ਇਲਾਕਿਆਂ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ। ਮੇਜਰ ਬ੍ਰਾਡਫੁੱਟ ਦੀ ਹਰ ਕਾਰਵਾਈ ਇਸ ਤਜਵੀਜ਼ ਨੂੰ ਪ੍ਰਗਟ ਕਰਦੀ ਸੀ ਜੋ ਨੇਕ ਦਿੱਲੀ ਉਤੇ ਨਹੀਂ ਸਗੋਂ ਦੁਸ਼ਮਣੀ ਦੀ

[175] *ਸਿੱਖ ਇਤਿਹਾਸ,* ਗੁਰਮੁਖ ਸਿੰਘ ਗੁਰਮੁਖ (ਅਨੁ.), ਪੰਨਾ-325

ਸਪਿਰਿਟ 'ਤੇ ਨਿਰਭਰ ਸੀ।[176] ਪੰਜਾਬ ਦੀ ਸੁਤੰਤਰਤਾ ਨੂੰ ਢਾਹ ਲਾਉਣ ਦੇ ਜ਼ਿਆਦਾਤਰ ਸਹੀ ਤੱਥ ਸ਼ਾਹ ਮੁਹੰਮਦ ਦੇ ਜੰਗਨਾਮੇ ਅਤੇ ਜੇ. ਡੀ. ਕਨਿੰਘਮ ਦੀ ਸਿੱਖ ਹਿਸਟਰੀ ਵਿਚੋਂ ਮਿਲਦੇ ਹਨ। ਦੇਸ਼ ਭਗਤ ਸਿੱਖ ਫ਼ੌਜਾਂ ਆਪਣੇ ਦੇਸ਼ ਦੀ ਸੁਤੰਤਰਤਾ ਲਈ ਗੋਰਿਆਂ 'ਤੇ ਹਮਲਾ ਕਰਨ ਵਾਸਤੇ ਤਿਆਰ ਸਨ। ਦੂਜੇ ਪਾਸੇ ਮੁਸਲਮਾਨ ਲਿਖਾਰੀ ਸ਼ਾਹ ਮੁਹੰਮਦ ਵੱਲੋਂ ਡੋਗਰਿਆਂ ਦੀ ਗ਼ੱਦਾਰੀ ਅਤੇ ਸਿੱਖਾਂ ਵਿਚ ਕੁਰਬਾਨੀ ਲਈ ਚਾਅ ਨੂੰ ਬੜੇ ਜੋਸ਼ੀਲੇ ਢੰਗ ਨਾਲ ਬਿਆਨ ਕੀਤਾ ਗਿਆ ਹੈ:

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ, ਚਲੋ ਜਾਇ ਫ਼ਰੰਗੀ ਨੂੰ ਮਾਰੀਏ ਜੀ ।
ਇਕ ਵਾਰ ਜੇ ਸਾਹਮਣੇ ਹੋਏ ਸਾਡੇ, ਇਕ ਵਿਚ ਦੇ ਮਾਰ ਉਤਾਰੀਏ ਜੀ।.....
ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ, ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ।[177]
ਚੜ੍ਹਤ ਦਾ ਦ੍ਰਿਸ਼ ਲਿਖਿਆ ਹੈ:
ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੈਲਿਓਂ ਨਿਕਲਦੇ ਸ਼ੇਰ ਮੀਆਂ।
ਸਿੰਘਾਂ ਲਿਖਿਆ ਖਤ ਫਿਰੰਗੀਆਂ ਨੂੰ, ਅਸੀਂ ਮਰਾਂਗੇ ਤੈਨੂੰ ਵੰਗਾਰ ਕੇ ਜੀ।
ਉਹ ਪੰਥ ਤੇਰੇ ਉਤੇ ਆਣ ਚੜ੍ਹਿਆ, ਜਿਹੜਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਹਮਣੇ ਡਾਹ ਤੋਪਾਂ, ਸੂਰੇ ਕੱਢੋ ਮੈਦਾਨ ਨਿਤਾਰ ਕੇ ਜੀ।[178]

**ਮੁਦਕੀ ਦੀ ਜੰਗ**

13 ਦਸੰਬਰ 1846 ਨੂੰ ਗਵਰਨਰ ਜਨਰਲ ਨੇ ਸਿੱਖਾਂ ਨਾਲ ਯੁੱਧ ਦਾ ਐਲਾਨ ਕਰ ਦਿੱਤਾ। ਸਾਰੀਆਂ ਫ਼ੌਜਾਂ ਨੂੰ ਫ਼ਿਰੋਜ਼ਪੁਰ ਵੱਲ ਕੂਚ ਕਰਨ ਦਾ ਹੁਕਮ ਕਰ ਦਿੱਤਾ। ਏਧਰ ਸਿੱਖਾਂ ਦੀ ਸੈਨਾ ਵੀ ਸਤਲੁਜ ਪਾਰ ਕਰ ਗਈ। ਵਿਸ਼ਵਾਸਘਾਤੀ ਲਾਲ ਸਿੰਘ ਨੇ ਜਾਣ ਬੁੱਝ ਕੇ ਦਰਿਆ ਪਾਰ ਕਰਨ ਵਿਚ ਦੇਰੀ ਕਰ ਦਿੱਤੀ ਤਾਂ ਕਿ ਗੋਰਿਆਂ ਦੀ ਫ਼ੌਜ ਲੁਧਿਆਣੇ ਤੋਂ ਫ਼ਿਰੋਜ਼ਪੁਰ ਪੁੱਜ ਜਾਏ। ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਕਨਿੰਘਮ ਦੱਸਦਾ ਹੈ ਕਿ ਤੇਜ ਸਿੰਘ ਅਤੇ ਗੁਲਾਬ ਸਿੰਘ ਦੀ ਅੰਗਰੇਜ਼ਾਂ ਨਾਲ ਨਵੀਂ ਰਜ਼ਾਮੰਦੀ ਹੋਈ ਕਿ ਅੰਗਰੇਜ਼ ਬਿਨ੍ਹਾਂ ਰੁਕਾਵਟ ਸਤਿਲੁਜ ਪਾਰ ਕਰ ਜਾਣ ਅਤੇ ਲਾਹੌਰ ਤੱਕ ਉਨ੍ਹਾਂ ਨੂੰ ਸੜਕ ਖ਼ਾਲੀ ਮਿਲੇ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਫ਼ਿਰੋਜ਼ਪੁਰ ਉੱਤੇ ਹਮਲਾ ਕਰਨ ਤੋਂ ਸੰਕੋਚ ਕੀਤਾ ਅਤੇ ਆਪਣੇ ਖੁਫ਼ੀਆ ਇਰਾਦੇ ਅਤੇ ਅੰਗਰੇਜ਼ਾਂ ਪ੍ਰਤੀ ਨੇਕ ਦਿਲੀ ਬਾਰੇ ਸਥਾਨਕ ਬ੍ਰਿਟਿਸ਼ਿ ਕਰਮਚਾਰੀਆਂ ਨੂੰ ਭਰੋਸਾ ਦਿਵਾ ਦਿੱਤਾ।[179] ਇਹ ਗੱਲਾਂ ਦੱਸਣ ਕਾਰਨ ਹੀ ਕਨਿੰਘਮ ਨੂੰ ਸਰਕਾਰੀ ਅਹੁਦੇ ਤੋਂ ਹਟਾ ਦਿੱਤਾ ਗਿਆ। ਸਿੱਖ ਸਰਦਾਰਾਂ ਨੇ ਸੈਨਾਪਤੀ ਲਾਲ ਸਿੰਘ ਨੂੰ

---

[176] ਕਨਿੰਘਮ, *ਸਿੱਖ ਇਤਿਹਾਸ,* ਪੰਨਾ-323

[177] *ਜੰਗਨਾਮਾ ਹਿੰਦ-ਪੰਜਾਬ,* ਪੰਨੇ-27-30

[178] ਉਹੀ, ਪੰਨੇ-28

[179] *ਸਿੱਖ ਇਤਿਹਾਸ,* ਪੰਨਾ-331

ਫਿਰੋਜ਼ਪੁਰ 'ਤੇ ਹਮਲਾ ਕਰਨ ਦੀ ਸਲਾਹ ਦਿੱਤੀ ਪਰ ਗ਼ੱਦਾਰ ਨੇ ਇਹ ਕਹਿ ਕਿ ਟਾਲ ਦਿੱਤਾ ਕਿ ਇਹ ਛੋਟੀ ਜਿਹੀ ਛਾਉਣੀ ਅਸੀਂ ਜਦੋਂ ਚਾਹੀਏ ਨੱਪ ਲਈਏ। ਅਸੀਂ ਲੁਧਿਆਣੇ ਵੱਲੋਂ ਜਾ ਰਹੀ ਗੋਰਿਆਂ ਦੀ ਫ਼ੌਜ ਦਾ ਟਾਕਰਾ ਕਰੀਏ ਤੇ ਗਵਰਨਰ ਜਨਰਲ ਇਹ ਫ਼ੌਜ ਲਈ ਆ ਰਿਹਾ ਹੈ। ਉਸ ਨੂੰ ਜਿੰਦਿਆਂ ਫੜ੍ਹ ਕੇ ਸੰਸਾਰ ਵਿਚ ਨਾਮਣਾ ਖੱਟੀਏ। ਕੁਝ ਫ਼ੌਜ ਫ਼ਿਰੋਜ਼ਪੁਰ ਛੱਡ ਕੇ ਅਤੇ ਕੁਝ ਫ਼ੌਜ ਗਵਰਨਰ ਦਾ ਰਾਹ ਰੋਕਣ ਲਈ ਫੇਰ ਸ਼ਹਿਰ ਵੱਲ ਟੋਰ ਦਿੱਤੀ। ਲਾਲ ਸਿੰਘ ਤੇ ਤੇਜ ਸਿੰਘ ਦਾ ਇਰਾਦਾ ਸੀ ਕਿ ਸਿੱਖ ਫ਼ੌਜਾਂ ਨੂੰ ਸਿਰਫ ਹਾਰ ਹੀ ਨਾ ਮਿਲੇ ਬਲਕਿ ਉਹ ਪੂਰੀ ਤਰ੍ਹਾਂ ਤਬਾਹ ਹੋ ਜਾਣ ਤੇ ਅਸੀਂ ਅੰਗਰੇਜ਼ ਸਰਕਾਰ ਤੋਂ ਨਾਮਣਾ ਖੱਟੀਏ।[180] ਲਾਲ ਸਿੰਘ ਆਪ ਥੋੜ੍ਹੀ ਜਿਹੀ ਸੈਨਾ ਲੈ ਕੇ ਮੁਦਕੀ ਵੱਲ ਚੱਲ ਪਿਆ। ਅੰਗਰੇਜ਼ਾਂ ਦੀ ਫ਼ੌਜ ਪਹਿਲਾਂ ਹੀ ਉੱਥੇ ਪੁੱਜੀ ਹੋਈ ਸੀ। 18 ਦਸੰਬਰ ਨੂੰ ਦੁਪਹਿਰੋਂ ਬਾਅਦ ਦੋਹਾਂ ਫ਼ੌਜਾਂ ਵਿਚਕਾਰ ਗਹਿਗੱਚ ਲੜਾਈ ਹੋਈ। ਦੋ ਘੰਟੇ ਦੀ ਤੋਪਾਂ ਦੀ ਗੋਲਾ ਬਾਰੀ ਤੋਂ ਬਾਅਦ ਫ਼ੌਜਾਂ ਦੇ ਸੂਰਮੇ ਤਲਵਾਰਾਂ ਦੀ ਹੱਥੋ-ਹੱਥ ਲੜਾਈ 'ਤੇ ਉਤਰ ਆਏ। ਸਿੱਖ ਘੋੜ ਸਵਾਰਾਂ ਨੇ ਵੈਰੀਆਂ ਨੂੰ ਤਲਵਾਰਾਂ ਨਾਲ ਵੱਢਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਦੀ ਸੈਨਾ ਘਬਰਾ ਗਈ। ਹੁਣ ਗਵਰਨਰ ਜਨਰਲ ਹਾਰ ਹੁੰਦੀ ਵੇਖ ਆਪ ਮੈਦਾਨੇ ਜੰਗ ਵਿਚ ਉਤਰ ਆਇਆ। ਪਰ ਬਦਨੀਤ ਧ੍ਰੋਹੀ ਲਾਲ ਸਿੰਘ ਘੋੜਾ ਭਜਾ ਅਲੋਪ ਹੋ ਗਿਆ। "ਇਸ ਦੇ ਬਾਵਜੂਦ ਸਿੱਖ ਸੂਰਮੇ ਦਿਨ ਛਿਪੇ ਤੱਕ ਜਾਨਾਂ ਹੂਲ ਕੇ ਲੜਦੇ ਰਹੇ। ਉਨ੍ਹਾਂ ਦੀਆਂ 17 ਰਾਈਫਲਾਂ ਇਸ ਲੜਾਈ ਵਿਚ ਗੁੰਮ ਹੋ ਗਈਆਂ। ਸਿੱਖਾਂ ਵਿਚੋਂ ਮਰਨ ਵਾਲਿਆਂ ਦਾ ਕੋਈ ਰਿਕਾਰਡ ਨਹੀਂ। ਗੋਰਿਆਂ ਦਾ ਬਹੁਤ ਜਾਨੀ ਨੁਕਸਾਨ ਹੋਇਆ। 215 ਜੁਆਨ ਮਾਰੇ ਗਏ ਜਿਨ੍ਹਾਂ ਵਿਚ ਉੱਘਾ ਜਰਨੈਲ ਸਰ ਰਾਬਰਟ ਸੇਲ, ਸਰ ਜੋਸੇਫ, ਮੈਕਗਸਕੀਲ ਅਤੇ ਦੋ ਗਵਰਨਰ ਜਨਰਲ ਸਨ ਅਤੇ 657 ਸਿਪਾਹੀ ਤੇ ਅਫ਼ਸਰ ਜ਼ਖਮੀ ਹੋਏ।"[181] ਪਰ ਅਗਲੇ 15 ਕੁ ਮਿੰਟ ਗੋਰੀ ਫ਼ੌਜ ਦਾ ਹੱਥ ਉਪਰ ਰਿਹਾ। ਸੈਨਾਪਤੀ ਵਿਹੂਣੀ ਫ਼ੌਜ ਨੂੰ ਮੈਦਾਨੇ ਜੰਗ ਛੱਡਣ ਲਈ ਮਜ਼ਬੂਰ ਹੋਣਾ ਪਿਆ। ਕਨਿੰਘਮ ਸਿੱਖਾਂ ਦੀ ਗਿਣਤੀ ਦੱਸਦਿਆਂ ਲਿਖਦਾ ਹੈ ਕਿ ਸਿੱਖ ਦੋ ਹਜ਼ਾਰ ਪੈਦਲ, 10 ਹਜ਼ਾਰ ਘੋੜ ਸਵਾਰ ਤੇ ਤੋਪਾਂ 22 ਤੋਂ ਵਧੀਕ ਨਹੀਂ ਸਨ ਤੇ ਗੋਰਿਆਂ ਦੀ 11 ਹਜ਼ਾਰ ਪੈਦਲ ਤੇ 42 ਹਜ਼ਾਰ ਘੋੜਿਆਂ ਵਾਲੀਆਂ ਸਨ। ਇਸ ਲੜਾਈ ਵਿਚ ਸਿੱਖ 17 ਤੋਪਾਂ ਖੁਹਾ ਕੇ ਵਾਪਸ ਆ ਗਏ। ਸਿੱਖਾਂ ਦੇ ਜਰਨੈਲ ਦੀ ਗ਼ੱਦਾਰੀ ਕਾਰਨ ਵੀ ਅੰਗਰੇਜ਼ਾਂ ਨੂੰ ਪੂਰੀ ਤਰ੍ਹਾਂ ਮੁਕੰਮਲ ਸਫ਼ਲਤਾ ਨਹੀਂ ਹੋਈ ਜਿੰਨੀ ਕਿ ਉਨ੍ਹਾਂ ਨੂੰ ਪਹਿਲੀਆਂ ਕਈ ਲੜਾਈਆਂ ਵਿਚ ਹੁੰਦੀ ਰਹੀ।[182]

---

[180] ਕਨਿੰਘਮ, *ਸਿੱਖ ਇਤਿਹਾਸ,* ਪੰਨਾ-331

[181] Kohli, Sita Ram, *Sunset of the Sikh Empire,* p. 107.

[182] *ਸਿੱਖ ਇਤਿਹਾਸ,* ਪੰਨਾ-333

**ਫੇਰੂ ਸ਼ਹਿਰ ਦੀ ਲੜਾਈ**

ਸਿੱਖਾਂ ਨੇ ਹੁਣ ਫੇਰੂ ਸ਼ਹਿਰ ਵਿਚ ਮੋਰਚੇ ਗੱਡ ਲਏ। ਜੇਕਰ ਸਿੱਖਾਂ ਵੱਲੋਂ ਉਸ ਵੇਲੇ ਗੋਰਿਆਂ 'ਤੇ ਹਮਲਾ ਕਰ ਦਿੱਤਾ ਜਾਂਦਾ ਤਾਂ ਉਹ ਢੱਠੇ ਹੋਏ ਹੌਸਲੇ ਵਾਲੇ ਗੋਰੇ ਸਿਪਾਹੀਆਂ ਨੂੰ ਹੱਥੀਂ ਫੜ੍ਹ ਲੈਂਦੇ ਪਰ ਸੈਨਾਪਤੀ ਤਾਂ ਗੋਰਿਆਂ ਨੂੰ ਜਿਤਾਉਣਾ ਤੇ ਸਿੱਖਾਂ ਨੂੰ ਹਰਾਉਣਾ ਚਾਹੁੰਦਾ ਸੀ। ਉਹ ਕਿਸੇ ਹੋਰ ਸਿੱਖ ਜਰਨੈਲ ਦੀ ਸਲਾਹ ਨਾ ਮੰਨਦਾ। ਸਿੱਖਾਂ ਤੇ ਅੰਗਰੇਜ਼ ਫ਼ੌਜਾਂ ਵਿਚਕਾਰ 21 ਦਸੰਬਰ ਨੂੰ ਫੇਰੂ ਸ਼ਹਿਰ ਵਿਚ ਜੰਗ ਸ਼ੁਰੂ ਹੋਈ। ਇਸ ਯੁੱਧ ਵਿਚ ਸ਼ਾਹ ਮੁਹੰਮਦ ਸਿੱਖਾਂ ਦੀ ਸੂਰਬੀਰਤਾ ਬਾਰੇ ਲਿਖਦਾ ਹੈ:

ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁੱਟੇ ਇਨ੍ਹਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਖਾਇ ਗੁੱਸਾ ਫੇਰ ਦਿੱਤੇ ਨੀਲਖੋ ਢੰਡੋਰਿਆ ਦੇ।[183]
ਸ਼ਾਹ ਮੁਹੰਮਦਾ ਰੰਡ ਬੈਠਾਇ ਨੰਦਨ (ਲੰਡਨ), ਸਿੰਘ ਜਾਨ ਲੈਂਦੇ ਨਾਲ ਜ਼ੋਰਿਆਂ ਦੇ।

ਅੱਗੇ ਲਿਖਦਾ ਹੈ:

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘ ਮਾਰ ਕੇ ਕਟਕ ਮੁਕਾਇ ਦਿੱਤੇ, ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿਚ ਕੁਰਲਾਟ ਹੋਈ, ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।[184]

ਸੂਰਬੀਰ ਸਿੱਖਾਂ ਨੇ ਖੰਡੇ ਚਲਾਏ ਕਿ ਗਵਰਨਰ ਜਨਰਲ ਦਾ ਦਿਲ ਡੋਲ ਗਿਆ। ਰਾਤ ਹੋਣ 'ਤੇ ਉਸ ਦੇ ਸਾਰੇ ਜਵਾਨ ਮਾਰੇ ਜਾ ਚੁੱਕੇ ਸਨ ਤੇ ਸੈਨਾ ਦਾ ਇਕ ਹਿੱਸਾ ਫ਼ਿਰੋਜ਼ਪੁਰ ਵੱਲ ਦੌੜ ਪਿਆ। ਲਾਰਡ ਹੌਰਡਿੰਗ ਤੇ ਲਾਰਡ ਗਫ ਨੇ ਬੜੀ ਹੱਲਾਸ਼ੇਰੀ ਦਿੱਤੀ ਪਰ ਅੰਗਰੇਜ਼ ਫ਼ਿਰੋਜ਼ਪੁਰ ਫ਼ੌਜ ਸਿੱਖਾਂ ਵੱਲ ਮੂੰਹ ਨਾ ਕਰੇ। ਗੋਰੇ ਸਿੱਖਾਂ ਦੀਆਂ ਨਕਾਰਾ ਤੋਪਾਂ ਦਾ ਟਾਕਰਾ ਨਾ ਕਰ ਸਕੇ। ਕਨਿੰਘਮ ਲਿਖਦਾ ਹੈ ਕਿ ਸਿੱਖ ਫੌਜਾਂ ਦੇ ਟਾਕਰੇ ਦੀ ਅੰਗਰੇਜ਼ਾਂ ਨੂੰ ਹਰਗਿਜ਼ ਆਸ ਨਹੀਂ ਸੀ।[185] ਸ਼ਾਮੀ ਜਾਂ ਦਿਨ ਚੜ੍ਹੇ ਸਿੱਖ ਜਰਨੈਲ ਦੇ ਕਹਿਣ 'ਤੇ ਵੀ ਤੇਜ ਸਿੰਘ ਨੇ ਸਿੱਖਾਂ ਨੂੰ ਹਮਲਾ ਨਾ ਕਰਨ ਦਿੱਤਾ। ਸਗੋਂ ਆਰਾਮ ਕਰਨ ਲਈ ਆਦੇਸ਼ ਦੇ ਦਿੱਤਾ। ਉਧਰ ਗੱਦਾਰ ਲਾਲ ਸਿੰਘ ਰਾਤ ਵੇਲੇ ਹੀ ਅੰਮ੍ਰਿਤਸਰ ਦੌੜ ਗਿਆ ਤੇ ਕੁਝ ਮੁਸਲਮਾਨ ਤੋਪਚੀ ਵੀ ਨਾਲ ਲੈ ਗਿਆ। ਅੰਗਰੇਜ਼ ਜਰਨੈਲਾਂ ਨੇ ਆਪਣੀਆਂ ਚਿੱਠੀਆਂ ਵਿਚ ਘਰਦਿਆਂ ਨੂੰ ਲਿਖਿਆ ਕਿ 21-22 ਦਸੰਬਰ ਦੀ ਰਾਤ ਸਾਡੀ ਜ਼ਿੰਦਗੀ ਵਿਚ ਬੜੀ ਪ੍ਰੇਸ਼ਾਨੀ ਵਾਲੀ ਤੇ ਭਿਆਨਕ ਰਾਤ ਸੀ। ਸਾਡੇ ਲੜਾਈ ਦੇ ਇਤਿਹਾਸ ਵਿਚ ਇਹੋ ਜਿਹੀ ਭਿਆਨਕ ਰਾਤ ਕਦੀ ਨਹੀਂ ਸੀ ਆਈ।

---

183 *ਜੰਗਨਾਮਾ ਹਿੰਦ-ਪੰਜਾਬ*, ਪੰਨਾ-32
184 ਉਹੀ, ਪੰਨਾ-32
185 ਉਹੀ, ਪੰਨਾ-334

ਇੱਧਰ ਭਖਦੇ ਯੁੱਧ ਵਿਚ ਸਿੱਖ ਜਰਨੈਲ ਆਸ ਲਾਈ ਬੈਠੇ ਸਨ ਕਿ ਲਾਲ ਸਿੰਘ ਤੇ ਤੇਜ ਸਿੰਘ ਦੀ ਫ਼ੌਜ ਨਾਲ ਆ ਰਲੇਗੀ। ਸਿੱਖਾਂ ਦੀ ਥੋੜ੍ਹੀ ਰਹਿ ਗਈ ਫ਼ੌਜ 'ਤੇ ਗੋਰੇ ਦਬਾਅ ਪਾ ਰਹੇ ਸਨ। ਕਨਿੰਘਮ ਲਿਖਦਾ ਹੈ ਕਿ ਇਸ ਫ਼ੌਜ ਦਾ ਸੈਨਾਪਤੀ ਤੇਜ ਸਿੰਘ ਵੱਖਰਾ ਖੜ੍ਹਾ ਲੜਾਈ ਵੇਖ ਰਿਹਾ ਸੀ। ਤੇਜ ਸਿੰਘ ਸੈਨਾਪਤੀ ਤੇ ਇਹ ਗੱਲ ਭਾਰੂ ਸੀ ਕਿ ਖ਼ਾਲਸੇ ਦੀ ਫ਼ੌਜ ਪਰਾਜਿਤ ਕਰਕੇ ਖਿੰਡਾਈ ਜਾਵੇ।[186] ਅਚਾਨਕ ਪਤਾ ਨਹੀਂ ਕਿ ਉਸ ਦੇ ਮਨ ਵਿਚ ਕੀ ਆਈ, ਉਹ ਬਿਨ੍ਹਾਂ ਕਿਸੇ ਕਾਰਣ ਉਥੋਂ ਭੱਜ ਉਠਿਆ। ਤੇਜ ਸਿੰਘ ਦੇ ਸਾਥੀ ਫ਼ੌਜੀ ਇਉਂ ਕਹਿੰਦੇ ਹਨ:

ਕਰੋ ਹੁਕਮ ਤਾਂ ਤੇਗ਼ ਉਠਾਈਏ ਜੀ, ਪਏ ਸਿੰਘਾਂ ਕਚੀਚੀਆਂ ਖਾਂਵਦੇ ਨੀ।
ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ, ਚੋਟਾਂ ਕੈਸੀਆਂ ਵੇਖੋ ਚਲਾਂਵਦੇ ਨੀ।[187]

ਅਗਲੇ ਦਿਨ ਫ਼ੌਜ ਲੈ ਕੇ ਜਦੋਂ ਤੇਜ ਸਿੰਘ ਫਿਰ ਆਇਆ ਤਾਂ ਅਜੇ ਰਣਭੂਮੀ ਵਿਚ ਤੋਪ ਚਲਾਉਣ ਦਾ ਹੁਕਮ ਦਿੱਤਾ ਹੀ ਸੀ ਕਿ ਫਿਰ ਤੇਜ ਸਿੰਘ ਭੇਦਭਰੀ ਹਾਲਤ ਵਿਚ ਆਪਣੀ ਸੈਨਾ ਨੂੰ ਨਾਲ ਲੈ ਕੇ ਭੱਜ ਤੁਰਿਆ। ਇਹ ਕਾਰਵਾਈ (ਗ਼ੱਦਾਰੀ) ਉਸਨੇ ਉਦੋਂ ਕੀਤੀ ਜਦੋਂ ਅੰਗਰੇਜ਼ ਫ਼ੌਜ ਦਾ ਦਾਰੂ ਸਿੱਕਾ ਖ਼ਤਮ ਹੋ ਚੁੱਕਾ ਸੀ।[188] ਇਉਂ ਪ੍ਰਤੀਤ ਹੁੰਦਾ ਸੀ ਕਿ ਗੋਰੀ ਫ਼ੌਜ ਦੇ ਪੈਰ ਉੱਖੜ ਗਏ ਸਨ। ਉਸ ਨੇ ਵੇਖ ਲਿਆ ਕਿ ਗੋਰੇ ਭੱਜ ਚੱਲੇ ਹਨ। ਉਹ ਨਾ ਭੱਜਣ, ਇਸ ਖ਼ਾਤਰ ਆਪ ਪਿੱਛੇ ਭੱਜ ਆਇਆ:

ਉਧਰ ਆਪ ਫਰੰਗੀ ਭਾਂਜ ਆਈ, ਦੌੜੇ ਜਾਣ ਗੋਰ ਦਿੱਤੀ ਕੰਡ ਮੀਆਂ।
ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ ਸਿੰਘਾਂ ਨਾਲ ਉਸਦੀ ਸੀ ਗੈਰ ਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ। ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।[189]

ਖੁਸ਼ਵੰਤ ਸਿੰਘ ਦੱਸਦੇ ਹਨ ਕਿ ਸਿੱਖ ਦਸਤਿਆਂ ਨੂੰ ਪੂਰਾ ਯਕੀਨ ਸੀ ਕਿ ਤੇਜ ਸਿੰਘ ਦੁਸ਼ਮਣ ਦੀ ਫ਼ੌਜ ਨੂੰ ਕਰਾਰੀ ਸੱਟ ਮਾਰੇਗਾ ਪਰ ਉਹ ਹੈਰਾਨ ਰਹਿ ਗਏ। ਉਹ ਆਪਣੇ ਮੋਰਚਿਆਂ ਤੋਂ ਨੱਸ ਤੁਰੇ ਅਤੇ ਆਪਣੇ ਪਿੱਛੇ ਕਈ ਤੋਪਾਂ, 80000 ਪੌਂਡ ਗੋਲਾ ਬਾਰੂਦ ਅਤੇ ਅਣਗਿਣਤ ਭੰਡਾਰ ਛੱਡ ਗਏ।[190] ਪਹਾੜਾ ਸਿੰਘ ਨੇ ਭੱਜੇ ਜਾਂਦੇ ਅੰਗਰੇਜ਼ ਨੂੰ ਰੋਕ ਕੇ ਸਿੱਖਾਂ ਦੀਆਂ ਤੋਪਾਂ ਅਤੇ ਬਰੂਦ 'ਤੇ ਕਬਜ਼ਾ ਕਰਾਇਆ। ਇਸ ਲੜਾਈ ਵਿਚ 694 ਗੋਰੇ ਮਾਰੇ ਗਏ। 1721 ਫੱਟੜ ਹੋਏ। 21 ਦਸੰਬਰ ਦੀ ਰਾਤ ਨੂੰ ਇਹ ਵਿਚਾਰ ਬਣਾਈ ਗਈ ਕਿ ਅੰਗਰੇਜ਼ ਫ਼ੌਜ ਫ਼ਿਰੋਜ਼ਪੁਰ ਨਾ ਆਵੇ। ਦੂਜੇ ਦਿਨ ਦੁਪਹਿਰ ਨੂੰ ਬ੍ਰਿਟਿਸ਼ ਫ਼ੌਜ ਦੇ ਕੁਝ ਭਾਗ ਹੌਲੀ-ਹੌਲੀ

---

186 ਕਨਿੰਘਮ, *ਸਿੱਖ ਇਤਿਹਾਸ,* ਪੰਨਾ-333
187 ਸ਼ਾਹ ਮੁਹੰਮਦ, *ਜੰਗਨਾਮਾ ਹਿੰਦ-ਪੰਜਾਬ,* ਪੰਨਾ-32
188 ਕਨਿੰਘਮ, *ਸਿੱਖ ਇਤਿਹਾਸ,* ਪੰਨਾ-336
189 ਉਹੀ, ਪੰਨਾ-73
190 *ਸਿੱਖ ਹਿਸਟਰੀ,* ਪੰਨਾ-240

ਫਿਰੋਜ਼ਪੁਰ ਵੱਲ ਤੁਰਨੇ ਸ਼ੁਰੂ ਹੋ ਗਏ। ਜੇਕਰ ਸਿੱਖ ਲੁਧਿਆਣੇ 'ਤੇ ਉਦੋਂ ਹਮਲਾ ਕਰ ਦੇਂਦੇ ਤਾਂ ਉਹ ਸਾਰੀ ਅੰਗਰੇਜ਼ ਫ਼ੌਜ ਦਾ ਖੁਰਾ ਖੋਜ ਮਿਟਾ ਸਕਦੇ ਸੀ:

ਸ਼ਾਹ ਮੁਹੰਮਦਾ ਸਿੰਘ ਜੋ ਜ਼ੋਰ ਕਰਦੇ, ਭਾਵੇਂ ਲੁਧਿਆਣਾ ਤਦੋਂ ਮਾਰ ਲੈਂਦੇ।[191]

ਇਸ ਸਮੇਂ ਵੀ ਗੱਦਾਰਾਂ ਨੇ ਸਿੱਖ ਫ਼ੌਜਾਂ ਨੂੰ ਇਕ ਆਸਾਨ ਲੜਾਈ ਨਾ ਲੜਨ ਦਿੱਤੀ।

**ਆਲੀਵਾਲ ਦੀ ਲੜਾਈ**

ਇਸ ਲੜਾਈ ਵਿਚ ਸਿੱਖ ਫ਼ੌਜਾਂ ਦੀ ਅਗਵਾਈ ਰਣਜੋਧ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਲਾਡਵਾ ਨੇ ਕੀਤੀ ਭਾਵੇਂ ਇਸ ਲੜਾਈ ਵਿਚ ਸਿੱਖਾਂ ਨੇ ਕਾਫ਼ੀ ਜ਼ੋਰਦਾਰ ਹਮਲੇ ਕੀਤੇ ਪਰ ਸਰ ਹੈਰੀ ਸਮਿਥ ਨਾਲ ਪਿੱਛੋਂ ਆ ਕੇ ਕੇ ਗੋਰੀ ਫ਼ੌਜ ਨੇ ਮਦਦ ਕੀਤੀ ਜਿਸ ਕਾਰਨ ਸਿੱਖ ਫ਼ੌਜ ਦੀ ਹਾਰ ਹੋਈ। 56 ਤੋਪਾਂ ਦੁਸ਼ਮਣ ਦੇ ਹੱਥ ਲੱਗੀਆਂ ਪਰ ਫਿਰ ਵੀ ਪੰਜਾਬੀਆਂ ਨੇ ਹੌਸਲੇ ਨਹੀਂ ਹਾਰੇ। [192] ਕਨਿੰਘਮ ਅਨੁਸਾਰ "ਲੜਾਈ ਖ਼ਤਮ ਹੋਣ ਉਪਰੰਤ ਇਕ ਅਜੀਬ ਤੇ ਹੈਰਾਨ ਕਰਨ ਵਾਲਾ ਦ੍ਰਿਸ਼ ਵੇਖਣ ਵਿਚ ਆਇਆ ਕਿ ਰਣ ਭੂਮੀ ਵਿਚ ਸਿੱਖ ਪੈਦਲ ਸਿਪਾਹੀਆਂ ਦੀਆਂ ਲਾਸ਼ਾਂ ਨਾਲੋਂ ਗੋਰੀ ਫ਼ੌਜ ਦੇ ਹੱਲਾ ਕਰਨ ਵਾਲਿਆਂ ਸਵਾਰਾਂ ਦੀਆਂ ਲੋਥਾਂ ਕਈ ਗੁਣਾਂ ਵੱਧ ਸਨ।"[193] ਸਿੱਖ ਫ਼ੌਜਾਂ ਦਾ ਜੋਸ਼ ਵੇਖ ਕੇ ਅੰਗਰੇਜ਼ ਪੂਰੀ ਤਰ੍ਹਾਂ ਬੌਖਲਾ ਗਏ ਸਨ। ਲਾਲ ਸਿੰਘ ਤੇ ਤੇਜ ਸਿੰਘ ਵੀ ਬੁਰੀ ਤਰ੍ਹਾਂ ਘਬਰਾ ਗਏ ਸਨ। ਗੁਲਾਬ ਸਿੰਘ ਡੋਗਰਾ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਖ਼ਾਲਸਾ ਫ਼ੌਜਾਂ ਸਚਮੁਚ ਲੋਹੇ ਦਾ ਲੱਠ ਹਨ।[194] ਇਸ ਲੜਾਈ ਵਿਚ ਪਟਿਆਲਾ ਰਿਆਸਤ ਦੇ ਨਾਲ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਨੇ ਵੀ ਅੰਗਰੇਜ਼ਾਂ ਦਾ ਸਾਥ ਦਿੱਤਾ। ਇਸ ਲੜਾਈ ਵਿਚ ਗੁਲਾਬ ਸਿੰਘ ਨੇ ਜਾਣਬੁੱਝ ਕੇ ਸਮੇਂ ਸਿਰ ਸਾਥ ਨਾ ਦਿੱਤਾ ਤੇ ਇਸ ਲਈ ਹਾਰ ਤੇ ਗ਼ੁਲਾਮੀ ਨੇ ਛੇਤੀ ਹੀ ਉਨ੍ਹਾਂ 'ਤੇ ਆਪਣਾ ਗ਼ਲਬਾ ਪਾਇਆ।[195]

**ਸਭਰਾਓਂ ਦੀ ਲੜਾਈ**

ਇਹ ਸਤਲੁਜ ਤੋਂ ਪਾਰ ਲੜੀ ਗਈ ਅੰਤਿਮ ਲੜਾਈ ਸੀ। 10 ਫਰਵਰੀ 1846 ਨੂੰ ਦੋਵੇਂ ਧਿਰਾਂ ਪੂਰੀ ਤਿਆਰੀਆਂ ਵਿਚ ਸਨ। ਇੱਧਰ ਸਿੱਖਾਂ ਨੇ ਸਤਲੁਜ ਦਰਿਆ ਉਤੇ ਬੇੜੀਆਂ ਦਾ ਪੁਲ ਬੰਨ੍ਹ ਕੇ, ਸਭਰਾਓਂ ਦੇ ਸਥਾਨ 'ਤੇ ਇਕ ਕੱਚੇ ਕਿਲ੍ਹੇ ਦੀ ਮੁਰੰਮਤ ਕਰਕੇ ਮੋਰਚੇ ਬਣਾ ਲਏ ਪੰਜਾਬੀ ਸੂਰਮੇ 'ਲੜੋ ਜਾਂ ਮਰੋ' ਦਾ ਪ੍ਰਣ

---

[191] *ਜੰਗਨਾਮਾ ਹਿੰਦ-ਪੰਜਾਬ,* ਪੰਨਾ-36

[192] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* ਪੰਨਾ-241.

[193] ਕਨਿੰਘਮ, *ਸਿੱਖ ਇਤਿਹਾਸ,* ਪੰਨਾ-345

[194] ਉਹੀ, ਪੰਨਾ-343

[195] ਉਹੀ, ਪੰਨਾ-343

ਕਰਕੇ ਰਣ ਵਿਚ ਨਿੱਤਰੇ ਸਨ। ਉਨ੍ਹਾਂ ਦੀ ਸਰਕਾਰ ਵੱਲੋਂ ਵੀ ਕੋਈ ਯੋਗ ਸਹਾਇਤਾ ਨਹੀਂ ਸੀ ਮਿਲ ਰਹੀ। ਲਾਲ ਸਿੰਘ ਦਾ ਮੁਨਸ਼ੀ ਸ਼ੰਮਸ਼ਦੀਨ ਕਸੂਰੀਆ ਲੜਾਈ ਤੋਂ ਪਹਿਲਾਂ ਸਿੱਖ ਫ਼ੌਜ ਦੀ ਸਾਰੀ ਤਰਤੀਬ ਦਾ ਨਕਸ਼ਾ ਮੇਜਰ ਲਾਰੰਸ ਨੂੰ ਪਹਿਲਾਂ ਦੇ ਆਇਆ ਸੀ। ਕਨਿੰਘਮ ਲਿਖਦਾ ਹੈ ਸਾਜ਼ਿਸ਼ਾਂ ਭਰੇ ਅਤੇ ਇਸ ਸ਼ਰਮਨਾਕ ਗ਼ੱਦਾਰੀ ਦੇ ਮਾਹੌਲ ਵਿਚ ਸਭਰਾਓਂ ਦੀ ਜੰਗ ਲੜੀ ਗਈ।[196] ਕਰਨੈਲ ਸਿੰਘ ਅਨੁਸਾਰ ਇਹੋ ਜਿਹੀ ਗ਼ੱਦਾਰੀ ਵਾਲੀ ਲੜਾਈ ਦੀ ਮਿਸਾਲ ਪ੍ਰਾਚੀਨ ਜਾਂ ਅਜੋਕੀ ਤਵਾਰੀਖ਼ ਵਿਚ ਕਿਤੇ ਵੀ ਨਹੀਂ ਮਿਲਦੀ।[197]

ਇਧਰ ਨਵੇਂ ਵਜ਼ੀਰ ਗੁਲਾਬ ਸਿੰਘ ਡੋਗਰੇ ਨੇ ਗੋਰਿਆਂ ਨਾਲ ਗੁਪਤ ਸਮਝੌਤਾ ਕਰ ਲਿਆ ਸੀ। ਇੱਕ ਬਿਰਧ ਜਰਨੈਲ ਸ਼ਾਮ ਸਿੰਘ ਅਟਾਰੀ ਨੇ ਨਮਕ ਹਰਾਮੀ ਵਜ਼ੀਰ ਡੋਗਰਿਆਂ ਤੇ ਬ੍ਰਾਹਮਣ ਸੈਨਾਪਤੀਆਂ ਦੀ ਗੱਦਾਰੀ ਬਾਰੇ ਸੁਣਿਆ ਤਾਂ ਉਸ ਬੁੱਢੇ ਸ਼ੇਰ ਦੇ ਖ਼ੂਨ ਨੇ ਉਬਾਲਾ ਖਾਧਾ ਤੇ ਪ੍ਰਣ ਲੈ ਕੇ ਤੁਰਿਆ ਕਿ ਜੇ ਉਹ ਹਾਰ ਗਿਆ ਤਾਂ ਜਿਊਂਦਾ ਵਾਪਸ ਨਹੀਂ ਪਰਤੇਗਾ।[198] 10 ਫਰਵਰੀ ਅੰਮ੍ਰਿਤ ਵੇਲੇ ਗੋਰਿਆਂ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਖ਼ਾਲਸੇ ਨੇ ਵੀ ਗੋਲਾਬਾਰੀ ਨਾਲ ਉੱਤਰ ਦਿੱਤਾ। ਦੇਸ਼-ਧ੍ਰੋਹੀ ਪੂਰਬੀਏ ਆਪਣੇ ਨੀਚ ਇਰਾਦੇ ਨਾਲ ਗੋਲਾ ਚੱਲਣ ਨਾਲ ਆਪਣੇ ਨੀਚ ਸਾਥੀਆਂ ਸਮੇਤ ਰਣ ਭੂਮੀ ਵਿਚੋਂ ਪਿੱਠ ਵਿਖਾ ਭੱਜ ਗਿਆ ਤੇ ਨਾਲ ਇਹ ਕਹੀ ਜਾਵੇ ਕਿ ਦੁਸ਼ਮਣ ਨੇ ਪੁਲ ਰੋੜ੍ਹਨ ਲਈ ਆਪਣੀ ਫ਼ੌਜ ਭੇਜ ਦਿੱਤੀ ਹੈ। ਮੈਂ ਇਸ ਦੀ ਰੱਖਿਆ ਲਈ ਜਾ ਰਿਹਾ ਹਾਂ। ਉਸਨੇ ਜਾ ਕੇ ਪੁਲ ਵਿਚੋਂ ਵਿਚਕਾਰਲੀ ਕਿਸ਼ਤੀ ਦਾ ਰੱਸਾ ਕੱਟ ਦਿੱਤਾ ਅਤੇ ਪੁਲ ਰੁੜ੍ਹ ਗਿਆ।[199] ਇਕ ਅੰਗਰੇਜ਼ ਲਿਖਾਰੀ ਵੱਲੋਂ ਇਸ ਸੈਨਾਪਤੀ ਬਾਰੇ ਦਿੱਤੀ ਜਾਣਕਾਰੀ ਤੋਂ ਤੇਜ ਸਿੰਘ ਦੀ ਦੇਸ਼-ਧ੍ਰੋਹੀ, ਵਿਸ਼ਵਾਸਘਾਤ ਤੇ ਗੱਦਾਰੀ ਦੀ ਤਸਵੀਰ ਸਾਫ਼ ਨਜ਼ਰ ਆਉਂਦੀ ਹੈ। ਦੂਸਰੇ ਪਾਸੇ ਸ਼ਾਹ ਮੁਹੰਮਦ ਸਿੱਖ ਫ਼ੌਜ ਦੇ ਸ਼ਹੀਦਾਂ ਦੀ ਸੂਰਮਗਤੀ ਦਾ ਵਰਣਨ ਕਰਦਾ ਹੈ:

ਆਈਆਂ ਪੜਟਣਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਦਿੱਤੇ,
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,

---

[196] ਕਨਿੰਘਮ, *ਸਿੱਖ ਇਤਿਹਾਸ,* ਪੰਨਾ-348

[197] Karnail Singh, *Anglo Sikh Wars and Inside Tales*, p.98.

[198] ਆਹਲੂਵਾਲੀਆ ਅਤੇ ਹੋਰ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-41

[199] ਕਨਿੰਘਮ, *ਸਿੱਖ ਇਤਿਹਾਸ,* ਪੰਨਾ-353

ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।[200]

ਭਾਵੇਂ ਸਿੱਖ ਇਸ ਯੁੱਧ ਵਿਚ ਹਾਰ ਗਏ ਹੈ ਪਰ ਸਭਰਾਓਂ ਦੀ ਲੜਾਈ ਅੰਗਰੇਜ਼ਾਂ ਦੀ ਹਿੰਦੁਸਤਾਨ ਦੇ ਇਤਿਹਾਸ ਵਿਚ ਸਭ ਤੋਂ ਸਖ਼ਤ ਸਾਬਤ ਹੋਈ। ਆਪਣੇ ਕਮਾਂਡਰ ਤੇਜ ਸਿੰਘ ਦੀ ਗ਼ੱਦਾਰੀ ਦੇ ਬਾਵਜੂਦ ਸਿੱਖ ਜਿੱਤ ਪ੍ਰਾਪਤ ਕਰਨ ਜਾਂ ਸ਼ਹੀਦੀ ਪਾਉਣ ਉਤੇ ਤੁਲੇ ਹੋਏ ਸਨ। ਇਕ ਗੋਰੇ ਜਰਨੈਲ ਬੈਂਕਵੈਲ ਨੇ ਅੱਖੀਂ ਡਿੱਠਾ ਹਾਲ ਇਉਂ ਲਿਖਿਆ ਹੈ, ਸੱਚੀ ਗੱਲ ਇਹ ਹੈ ਕਿ ਸਿੱਖ ਸੂਰਬੀਰਤਾ ਨਾਲ ਜੂਝੇ। ਭਾਵੇਂ ਉਹ ਹਾਰ ਗਏ, ਪਰ ਭੱਜੇ ਨਹੀਂ, ਸਗੋਂ ਡਟ ਕੇ ਆਖਰੀ ਦਮ ਤੱਕ ਤਲਵਾਰਾਂ ਨਾਲ ਲੜਦੇ ਰਹੇ।[201] ਇੱਕ ਪਾਸੇ ਗੱਦਾਰ ਡੋਗਰੇ ਗੁਲਾਬ ਸਿੰਘ, ਲਾਲ ਸਿੰਘ, ਤੇਜ ਸਿੰਘ ਆਦਿ ਅਜਿਹੇ ਨੀਚ ਆਗੂ ਸਨ ਜੋ ਆਪਣੀ ਹੀ ਫ਼ੌਜ ਨੂੰ ਮਰਵਾ ਰਹੇ ਸਨ ਤੇ ਦੂਸਰੇ ਪਾਸੇ ਸਿੱਖ ਦੇਸ਼ ਭਗਤ ਸ਼ਾਮ ਸਿੰਘ ਅਟਾਰੀਵਾਲਾ ਜਿਸਨੇ ਪੰਜਾਬ ਦੀ ਸੁਤੰਤਰਤਾ ਬਚਾਉਣ ਖ਼ਾਤਰ ਸਭ ਕੁਝ ਕੁਰਬਾਨ ਕਰ ਦਿੱਤਾ। ਉਸਨੇ ਗ਼ੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੱਤੀ ਅਤੇ ਆਪਣੀ ਮਿਸਾਲ ਆਪਣੇ ਦੇਸ਼ ਵਾਸੀਆਂ ਨੂੰ ਦੇ ਕੇ ਦੱਸ ਦਿੱਤਾ ਕਿ ਵਿਦੇਸ਼ੀ ਜੂਲ਼ੇ ਵਿਚੋਂ ਸੁਤੰਤਰਤਾ ਪ੍ਰਾਪਤ ਕਰਨ ਨਾਲੋਂ ਵੱਡੀ ਚੀਜ਼ ਹੋਰ ਕੋਈ ਨਹੀਂ। ਉਸਨੇ ਕਬੀਰ ਸਾਹਿਬ ਦੇ ਇਸ ਸਲੋਕ ਨੂੰ ਸਾਬਤ ਕਰ ਦਿਖਾਇਆ:

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤ।।[202]

ਸ਼ਾਮ ਸਿੰਘ ਅਟਾਰੀਵਾਲੇ ਨੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਅਰਦਾਸ ਕਰਕੇ ਪ੍ਰਤਿੱਗਿਆ ਕੀਤੀ ਸੀ ਕਿ ਜੇਕਰ ਸਿੱਖ ਜੰਗ ਵਿਚ ਹਾਰ ਗਏ ਤਾਂ ਉਹ ਰਣਭੂਮੀ ਵਿਚੋਂ ਜਿਊਂਦਾ ਨਹੀਂ ਆਵੇਗਾ। ਮੈਲਸਨ ਨੇ ਲਿਖਿਆ ਹੈ ਕਿ ਜੇ ਸਿੱਖ ਉਸ ਲੜਾਈ ਨੂੰ ਜਿੱਤ ਲੈਂਦੇ ਤਾਂ ਪੰਜਾਬ ਅੰਗਰੇਜ਼ਾਂ ਹੱਥੋਂ ਖੁਸ ਜਾਣਾ ਸੀ ਪਰ ਇਹ ਤੇਜ ਸਿੰਘ ਵਰਗੇ ਗ਼ੱਦਾਰਾਂ ਕਰਕੇ ਸੰਭਵ ਨਹੀਂ ਹੋ ਸਕਿਆ।[203] ਕਨਿੰਘਮ ਲਿਖਦਾ ਹੈ ਕਿ ਸ਼ਾਮ ਸਿੰਘ ਦੀ ਸ਼ਹੀਦੀ ਤੋਂ ਬਾਅਦ ਆਗੂ ਹੀਣ ਫ਼ੌਜ ਜਦੋਂ ਵਾਪਸ ਦੌੜੀ ਤਾਂ ਪੁਲ ਟੁੱਟਿਆ ਹੋਣ ਕਰਕੇ ਉਨ੍ਹਾਂ ਵਿਚੋਂ ਬਹੁਤ ਸਾਰੇ ਦਰਿਆ ਵਿਚ ਡੁੱਬ ਕੇ ਮਰ ਗਏ। ਗੁਲਾਬ ਸਿੰਘ ਡੋਗਰੇ ਅਤੇ ਤੇਜ ਸਿੰਘ ਨੇ ਸਤਲੁਜ ਦੇ ਕੰਢੇ 'ਤੇ 10 ਤੋਪਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨਾਲ ਵਾਪਸ ਆਉਂਦੇ ਸਿੱਖ ਫ਼ੌਜੀਆਂ ਨੂੰ ਗ਼ੱਦਾਰ ਆਖ ਕੇ ਗੋਲਿਆਂ ਨਾਲ ਉਡਾ ਦਿੱਤੇ। ਸ਼ਾਮ ਸਿੰਘ ਤੇ ਉਸਦੇ ਸਾਥੀ ਆਖ਼ਰੀ ਸਾਹਾਂ ਤੱਕ ਲੜਦੇ ਰਹੇ। ਸਿੱਖ ਫ਼ੌਜਾਂ ਅਤੇ ਸ਼ਾਮ ਸਿੰਘ ਨੂੰ ਅਕੀਦਤ ਪੇਸ਼ ਕਰਦਾ ਹੋਇਆ ਦੁਸ਼ਮਣ ਫ਼ੌਜ ਦਾ ਜਰਨੈਲ ਕਨਿੰਘਮ ਲਿਖਦਾ ਹੈ ਕਿ ਲਾਲ ਸਿੰਘ ਤੇ ਤੇਜ

---

200 *ਜੰਗਨਾਮਾ ਹਿੰਦ-ਪੰਜਾਬ,* ਪੰਨਾ-38

201 ਆਹਲੂਵਾਲੀਆ ਅਤੇ ਹੋਰ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-37

202 *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ-1105

203 Malleson, G.B., *Decisive Battles of India (1746-1849)*, p.373

ਸਿੰਘ ਦੀ ਗ਼ੱਦਾਰੀ ਦੇ ਬਾਵਜੂਦ ਸ਼ਾਮ ਸਿੰਘ ਗੁਰੂ ਗੋਬਿੰਦ ਸਿੰਘ ਦੇ ਸੱਚੇ ਪੁੱਤਰ ਵਾਂਗ ਜੂਝਦਾ ਸ਼ਹੀਦ ਹੋ ਗਿਆ। ਗੁਰੂ ਗੋਬਿੰਦ ਸਿੰਘ ਦੇ ਕਿਸੇ ਅਨੁਆਈ ਨੇ ਰਹਿਮ ਦੀ ਬਿਨੈ ਨਹੀਂ ਕੀਤੀ।"[204] ਪਰ ਸਭ ਤੋਂ ਵਧੀਆ ਸ਼ਰਧਾਂਜਲੀ ਗੋਰਿਆਂ ਦੇ ਜੇਤੂ ਸੈਨਾਪਤੀ ਲਾਰਡ ਗਫ਼ ਨੇ ਉਸ ਵੇਲੇ ਦੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਰਾਬਰਟ ਪੀਲ ਨੂੰ ਆਪਣੀ ਇਕ ਚਿੱਠੀ ਵਿਚ ਦਿੰਦਿਆਂ ਲਿਖੀ ਸੀ ਜਿਸਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

> "ਨੀਤੀ ਇਸ ਦੀ ਮੈਨੂੰ ਆਗਿਆ ਨਹੀਂ ਦੇਂਦੀ ਕਿ ਮੈਂ ਆਪਣੇ ਹਾਰੇ ਹੋਏ ਵੈਰੀਆਂ ਦੀ ਸ਼ਾਨਦਾਰ ਸੂਰਬੀਰਤਾ ਬਾਰੇ ਆਪਣੇ ਮਨੋਭਾਵਾਂ ਦਾ ਖੁੱਲੇ ਤੌਰ 'ਤੇ ਪ੍ਰਗਟਾਵਾ ਕਰਾਂ ਜਾਂ ਬਹਾਦਰੀ ਦੇ ਉਨ੍ਹਾਂ ਕਾਰਨਾਮਿਆਂ ਨੂੰ, ਜਿਨ੍ਹਾਂ ਦਾ ਨਾ ਕੇਵਲ ਵਿਅਕਤੀਗਤ ਸਗੋਂ ਸਮੁੱਚੇ ਤੌਰ 'ਤੇ ਸਾਰੇ ਸਿੱਖ ਸਰਦਾਰਾਂ ਨੇ ਵਿਖਾਵਾ ਕੀਤਾ, ਲਿਖਤ ਵਿਚ ਲਿਆਵਾਂ... ਇਹ ਗੱਲ ਯਕੀਨੀ ਹੈ ਕਿ ਜੇ ਇਨ੍ਹਾਂ ਬਹਾਦਰਾਂ ਦੀ ਕਮਾਨ ਗ਼ੱਦਾਰਾਂ ਦੇ ਹੱਥ ਵਿਚ ਨਾ ਹੁੰਦੀ ਤਾਂ ਸਾਨੂੰ ਲੈਣੇ ਦੇ ਦੇਣੇ ਪੈ ਜਾਂਦੇ। ਜੇਕਰ ਮੇਰੇ ਦੇਸ਼ ਦੇ ਹਿੱਤ ਵਿਚ ਅਜਿਹੀ ਮਹਾਨ ਕੁਰਬਾਨੀ ਦੀ ਲੋੜ ਨਾ ਹੁੰਦੀ ਤਾਂ ਮੈਂ ਜ਼ਰੂਰ ਹੰਝੂ ਵਹਾਉਂਦਾ ਕਿ ਮੈਂ ਅਜਿਹੇ ਲਗਨ ਵਾਲੇ ਲੋਕਾਂ ਦੀ ਜਮਾਤ ਦਾ ਨਿਡਰ ਰੂਪ ਵਿਚ ਕਾਤਲ ਹੋਇਆ।"[205]

ਇਹ ਸਾਰੇ ਬਿਰਤਾਂਤ ਦੱਸਦੇ ਹਨ ਕਿ ਗ਼ੱਦਾਰ ਆਗੂਆਂ ਸਦਕਾ ਸੂਰਬੀਰ ਸਿੱਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਕਨਿੰਘਮ ਲਿਖਦਾ ਹੈ "ਕਿ ਜੁਰਅੱਤ ਕਰਨ ਵਾਲੇ ਤੇ ਅਮਲ ਕਰਨ ਵਾਲੇ ਹੱਥ ਤਾਂ ਬੜੇ ਸਨ ਪਰ ਸੈਨਾ ਨੂੰ ਉਤਸ਼ਾਹਿਤ ਕਰਨ ਤੇ ਜੋਸ਼ ਦਿਵਾਉਣ ਤੇ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਦਿਮਾਗ ਕੋਈ ਨਹੀਂ ਸੀ।" [206] ਸ਼ਾਹ ਮੁਹੰਮਦ ਲਿਖਦਾ ਹੈ ਕਿ ਖ਼ਾਲਸੇ ਨੇ ਮਹਾਰਾਜਾ ਦੀ ਅਗਵਾਈ ਬਗ਼ੈਰ ਹਾਰ ਦਾ ਮੂੰਹ ਵੇਖਿਆ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ।
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।[207]

**ਗੋਰਿਆਂ ਨਾਲ ਸਿੱਖਾਂ ਦਾ ਦੂਜਾ ਯੁੱਧ (1848–49)**

ਸਿੱਖ ਰਾਜ ਤੇ ਗੋਰਿਆਂ ਦਾ ਕਬਜ਼ਾ ਕਰਨ ਦਾ ਵਿਚਾਰ ਸੀ ਪਰ ਸਿੱਖਾਂ ਦੀਆਂ ਲੜਾਈਆਂ ਨੇ ਇਨ੍ਹਾਂ ਦਾ ਕਾਫ਼ੀ ਨੁਕਸਾਨ ਕੀਤਾ ਪਰ ਹੌਲੀ-ਹੌਲੀ ਉਨ੍ਹਾਂ ਜਲੰਧਰ ਹੁਸ਼ਿਆਰਪੁਰ ਤੇ ਸਤਲੁਜੋਂ ਪਾਰ ਸਾਰੇ ਖ਼ਾਲਸਾ

---

[204] ਕਨਿੰਘਮ, ਸਿੱਖ ਇਤਿਹਾਸ, ਪੰਨਾ-354

[205] Gopal Singh, *History Of The Sikh People*, p.558.

[206] *ਸਿੱਖ ਇਤਿਹਾਸ,* ਪੰਨਾ-355

[207] *ਜੰਗਨਾਮਾ ਹਿੰਦ-ਪੰਜਾਬ,* ਪੰਨਾ-39

ਰਾਜ 'ਤੇ ਕਬਜ਼ਾ ਕਰ ਲਿਆ। ਗੁਲਾਬ ਸਿੰਘ ਡੋਗਰੇ ਨੂੰ ਜੰਮੂ ਕਸ਼ਮੀਰ ਦਾ ਇਲਾਕਾ ਸਿੱਖਾਂ ਨਾਲ ਗ਼ੱਦਾਰੀ ਕਰਨ 'ਤੇ ਇਨਾਮ ਵਜੋਂ ਦੇ ਦਿੱਤਾ ਗਿਆ।

ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਸਮੇਂ ਹਕੂਮਤ ਨੂੰ ਉਸ ਦੀ ਮਾਤਾ ਰਾਣੀ ਜਿੰਦਾਂ ਤੇ ਪੰਜਾਬੀਆਂ ਦੇ ਵੱਡੇ ਗ਼ੱਦਾਰ ਜਰਨੈਲ ਤੇਜ ਸਿੰਘ, ਲਾਲ ਸਿੰਘ ਦੇ ਸਪੁਰਦ ਕਰ ਦਿੱਤਾ। ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਸਾਲ ਵਿਚ ਹੀ ਇਹੋ ਜਿਹੇ ਬਹਾਨੇ ਬਣਾ ਕੇ ਲਾਹੌਰ ਦਰਬਾਰ 'ਤੇ ਆਪਣੇ ਹੱਥ ਮਜ਼ਬੂਤ ਕਰਦੀ ਗਈ। ਗੋਰਿਆਂ ਨੇ ਥੋੜ੍ਹੇ ਸਮੇਂ ਬਾਅਦ ਹੀ ਲਾਹੌਰ ਦਰਬਾਰ ਨਾਲ ਸੰਧੀ-ਪੱਤਰ ਕੀਤਾ ਜਿਸ ਨਾਲ ਰਾਣੀ ਜਿੰਦਾਂ ਪਾਸੋਂ ਰਾਜ-ਭਾਗ ਖੋਹ ਲਿਆ। ਰੈਜ਼ੀਡੈਂਟ ਦੀ ਸਹਾਇਤਾ ਲਈ ਇਕ ਅੱਠ ਮੈਂਬਰੀ ਸਭਾ ਬਣਾ ਲਈ ਗਈ। ਕੁਝ ਚਿਰ ਬਾਅਦ ਰਾਣੀ ਜਿੰਦਾਂ ਨੂੰ ਲਾਹੌਰ ਤੋਂ ਦੇਸ਼ ਭਗਤ ਪੰਜਾਬੀਆਂ ਤੇ ਫ਼ੌਜ ਦੇ ਸੂਰਬੀਰ ਜੁਆਨਾਂ ਨੂੰ ਇਹ ਖਿਆਲ ਆਇਆ ਕਿ ਗੋਰੇ ਇਹੋ ਜਿਹੀਆਂ ਚਲਾਕੀਆਂ ਨਾਲ ਹੌਲੀ-ਹੌਲੀ ਉਨ੍ਹਾਂ ਦੀ ਆਜ਼ਾਦੀ ਦਾ ਭੋਗ ਪਾ ਕੇ ਸਾਰੇ ਪੰਜਾਬ ਉੱਤੇ ਕਾਬਜ਼ ਹੋ ਜਾਣਗੇ ਤੇ ਉਨ੍ਹਾਂ ਲੜਾਈ ਵਿੱਢ ਦਿੱਤੀ।

**ਚੇਲੀਆਂ ਵਾਲੇ ਦੀ ਲੜਾਈ**

ਇਹ ਲੜਾਈ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਸੁਤੰਤਰਤਾ ਲਈ ਆਖਰੀ ਘਮਸਾਣ ਦਾ ਯੁੱਧ ਸਾਬਤ ਹੋਇਆ ਸੀ। ਇਸ ਲੜਾਈ ਵਿਚ ਤਿੰਨ ਹਜ਼ਾਰ ਅੰਗਰੇਜ਼ ਫ਼ੌਜ ਮਾਰੀ ਗਈ। ਇਸ ਲੜਾਈ ਬਾਰੇ ਅੰਗਰੇਜ਼ ਕਵੀ ਜਾਰਜ ਮੈਰੀ ਡੈਥ ਨੇ ਸੋਗਮਈ ਕਵਿਤਾ ਲਿਖੀ। ਇਸ ਦੀ ਆਖਰੀ ਪੰਗਤੀ ਦਾ ਅਰਥ ਹੈ:

ਚੇਲਿਆਂ ਵਾਲਾ ਚੇਲਿਆਂ ਵਾਲਾ, ਦੁੱਖ ਦਾ ਭਰਿਆ ਗੀਤ ਹੈਂ ਤੂੰ।
ਜਿਹੜੀ ਪੀੜ੍ਹ ਦੱਸ ਨਾ ਸਕੀਏ, ਉਹ ਅਣਜਾਣੀ ਪੀੜ ਹੈ ਤੂੰ।
ਜਿਹੜਾ ਤੈਥੋਂ ਜਾਣ ਹੋਇਆ, ਗਮ ਦੇ ਸੰਗ ਉਸ ਦਾ ਦਿਲ ਰੋਇਆ।
ਜਦ ਤੱਕ ਤੇਰੀ ਯਾਦ ਨਹੀਂ ਜਾਂਦੀ, ਤੂੰ ਹੈਂ ਆਸਾਂ ਦਾ ਇਕ ਟੋਇਆ।

ਚੇਲੀਆਂ ਵਾਲੀ ਲੜਾਈ ਵਿਚ ਭਾਵੇਂ ਸਿੱਖ ਫ਼ੌਜਾਂ ਜੇਤੂ ਰਹੀਆਂ ਪਰ ਉਨ੍ਹਾਂ ਦਾ ਅਸਲਾ ਮੁੱਕ ਚੁੱਕਾ ਸੀ। ਸਵਾ ਮਹੀਨੇ ਬਾਅਦ 21 ਫਰਵਰੀ 1849 ਨੂੰ ਦੋਹਾਂ ਫ਼ੌਜਾਂ ਦੀ ਗੁਜਰਾਤ ਦੀ ਥਾਂ 'ਤੇ ਲੜਾਈ ਹੋਈ। ਸਿੱਖਾਂ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਹੋਣਾ ਪਿਆ। ਸਿੱਖਾਂ ਦੇ ਆਗੂ ਚਤਰ ਸਿੰਘ ਅਟਾਰੀਵਾਲਾ ਨੂੰ ਗ੍ਰਿਫ਼ਤਾਰ ਕਰਕੇ ਕਲਕੱਤਾ ਜੇਲ ਭੇਜ ਦਿੱਤਾ ਗਿਆ ਜਿਥੇ ਉਸਨੂੰ ਖਾਣੇ ਵਿਚ ਥੋੜ੍ਹੀ-ਥੋੜ੍ਹੀ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ। ਅੰਗਰੇਜ਼ਾਂ ਨੇ ਹੋਰ ਬਹੁਤ ਕੈਦੀਆਂ ਨੂੰ ਇਸ ਤਰੀਕੇ ਮਾਰਿਆ ਸੀ। ਇਹ ਸੀ ਅੰਗਰੇਜ਼ ਸਾਮਰਾਜ ਵਿਰੁੱਧ ਭਾਰਤ ਦੀ ਸੁਤੰਤਰਤਾ ਦੀ ਜੰਗ ਜਿਸ ਵਿਚ ਸਿੱਖਾਂ ਨੇ ਸ਼ਾਮ ਸਿੰਘ, ਚਤਰ ਸਿੰਘ, ਭਾਈ ਮਹਿਰਾਜ ਸਿੰਘ ਤੇ ਰਾਣੀ ਜਿੰਦਾਂ ਦੀ ਅਗਵਾਈ ਵਿਚ ਅੰਗਰੇਜ਼ਾਂ ਦਾ ਟਾਕਰਾ ਕੀਤਾ। 29 ਮਾਰਚ 1849 ਨੂੰ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ।

ਗੁਲਾਬ ਸਿੰਘ ਅਤੇ ਤੇਜ ਸਿੰਘ ਨੇ ਸਾਜ਼ਿਸ ਤਹਿਤ ਅੰਗਰੇਜ਼ਾਂ ਨੂੰ ਪੰਜਾਬ 'ਤੇ ਚੜ੍ਹਾਈ ਕਰਨ ਲਈ ਉਕਸਾਇਆ। ਜੋ ਸੁਤੰਤਰਤਾ ਸਿੱਖ ਕੌਮ ਨੇ ਅਥਾਹ ਸ਼ਹਾਦਤਾਂ ਦੇ ਕੇ ਹਾਸਲ ਕੀਤੀ ਸੀ, ਉਸਨੂੰ ਬ੍ਰਾਹਮਣਾਂ ਅਤੇ ਡੋਗਰਿਆਂ ਨੇ ਗੱਦਾਰੀ ਅਤੇ ਸਾਜ਼ਿਸ ਨਾਲ ਕੁਝ ਹੀ ਸਮੇਂ ਵਿਚ ਗ਼ੁਲਾਮੀ ਵਿਚ ਬਦਲ ਦਿੱਤਾ। ਪੰਥ ਵਿਚ ਘੁਸਪੈਠ ਕਰ ਚੁੱਕੇ ਗ਼ੱਦਾਰਾਂ ਵੱਲੋਂ ਦਿਖਾਏ ਗਏ ਨਾਕਾਰਾਤਮਕ ਰੋਲ ਅਤੇ ਪੰਥ ਦੇ ਜੋਧਿਆਂ ਵੱਲੋਂ ਦਿਖਾਈ ਗਈ ਸੂਰਬੀਰਤਾ ਇਸ ਗੱਲ ਦੀ ਗਵਾਹੀ ਭਰਦੀ ਹੈ ਪੰਥ ਦੀ ਸੱਚੇ ਸਿਪਾਹੀਆਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਹਮੇਸ਼ਾ ਦੇਸ਼ ਦੀ ਸੁਤੰਤਰਤਾ ਲਈ ਆਪਣੇ ਪ੍ਰਾਣ ਨਿਛਾਵਰ ਕਰਕੇ ਸ਼ਹਾਦਤਾਂ ਦਿੱਤੀਆਂ ਸਨ। ਦੂਜੇ ਪਾਸੇ ਗ਼ੱਦਾਰ ਬਿਰਤੀ ਦੇ ਲੋਕਾਂ ਨੇ ਪੰਥ ਨਾਲ ਗ਼ੱਦਾਰੀ ਦੀ ਪਰੰਪਰਾ ਨੂੰ ਵੀ ਜਾਰੀ ਰੱਖਿਆ।

ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੂੰ ਲਗਭਗ ਦੋ ਸਦੀਆਂ ਤੱਕ ਜਿਹੜੇ ਤਸੀਹੇ ਦਿੱਤੇ ਜਾਂਦੇ ਰਹੇ, ਉਨ੍ਹਾਂ ਨੇ ਸਿੱਖਾਂ ਨੂੰ ਮਿਟਾਉਣ ਦੀ ਥਾਂ ਸਵੈ-ਚੇਤਨ ਸਮਾਜਕ, ਰਾਜਨੀਤਿਕ ਜਥੇਬੰਦੀ ਵਿਚ ਬੰਨ੍ਹ ਦਿੱਤਾ ਸੀ। ਇਸ ਜਥੇਬੰਦੀ ਦਾ ਮੰਤਵ ਇਹ ਸੀ ਕਿ ਆਪਣੇ ਧਰਮ ਅਤੇ ਸਭਿਆਚਾਰ ਦੀ ਰੱਖਿਆ ਲਈ ਇਕ ਸੁਤੰਤਰ ਹਕੂਮਤ ਕਾਇਮ ਕੀਤੀ ਗਈ। ਇਹ ਖਿਆਲ ਇੰਨਾ ਜ਼ੋਰ ਫ਼ੜ੍ਹ ਗਿਆ ਕਿ ਰਾਜ ਕਰੇਗਾ ਖ਼ਾਲਸਾ ਉਹਨਾਂ ਦੀ ਰੋਜ਼ਾਨਾ ਦੀ ਅਰਦਾਸ ਦਾ ਅੰਗ ਬਣ ਗਿਆ ਅਤੇ ਇਸ ਮਨੋਰਥ ਦੀ ਪ੍ਰਾਪਤੀ ਲਈ ਪੰਥ ਦੇ ਸਿਪਾਹੀਆਂ ਨੂੰ ਬੇਅੰਤ ਕੁਰਬਾਨੀਆਂ ਦੇਣੀਆਂ ਪਈਆਂ। ਇਹਨਾਂ ਸ਼ਹੀਦਾਂ ਦੇ ਖ਼ੂਨ ਤੋਂ 1799 ਵਿਚ ਰਣਜੀਤ ਸਿੰਘ ਦੀ ਸੁਤੰਤਰ ਹਕੂਮਤ ਹੋਂਦ ਵਿਚ ਆਈ। ਜਿਸਨੇ 40 ਸਾਲ ਤੱਕ ਪੰਜਾਬ ਦੀ ਧਰਤੀ 'ਤੇ ਅੰਗਰੇਜ਼ਾਂ ਨੂੰ ਪੈਰ ਨਹੀਂ ਰੱਖਣ ਦਿੱਤਾ।[208]

ਸਿੱਖ ਗੁਰੂ ਸਾਹਿਬਾਨ ਨੇ ਆਪਣੇ ਲੜਾਕੇ ਤੇ ਜੋਸ਼ੀਲੇ ਸਿੱਖਾਂ ਵਿਚ ਜੋ ਜੋਸ਼ ਤੇ ਅਣਖ ਭਰ ਦਿੱਤੀ ਸੀ ਉਹਦੇ ਨਤੀਜੇ ਵਜੋਂ ਖ਼ਾਲਸਾ ਸਿਪਾਹੀ ਆਪਣੇ ਆਪ ਨੂੰ ਰਾਜਭਾਗ ਵਿਚ ਬਰਾਬਰ ਦਾ ਭਾਈਵਾਲ ਸਮਝਦੇ ਸਨ। ਜਿਨ੍ਹਾਂ ਨੇ ਪੰਥਕ ਇਤਿਹਾਸ ਦੇ ਅਤਿਨਾਜ਼ੁਕ ਸਮੇਂ ਵਿਚ ਦਲ ਖ਼ਾਲਸਾ ਜਾਂ ਸਿੱਖ ਮਿਸਲਾਂ ਦੀ ਸੰਘੀ ਫ਼ੌਜ ਕਾਇਮ ਕੀਤੀ। ਰਣਜੀਤ ਸਿੰਘ ਦੀਆਂ ਲਗਭਗ ਸਾਰੀਆਂ ਵੱਡੀਆਂ ਜਿੱਤਾਂ ਸਿੱਖ ਫ਼ੌਜ ਦੀ ਇਸ ਦੇਸ਼-ਭਗਤੀ ਦੀ ਭਾਵਨਾ ਦੇ ਕਾਰਨ ਹੀ ਹੋਈਆਂ ਸਨ। ਕਪੂਰ ਸਿੰਘ ਦੱਸਦੇ ਹਨ ਕਿ ਪੰਝੀ ਸਾਲ ਤੱਕ ਸਿੱਖ ਕਪਤਾਨਾਂ ਨੇ ਪੰਜਾਬ ਨੂੰ ਵਿਦੇਸ਼ੀ ਪੰਜੇ ਵਿਚੋਂ ਆਜ਼ਾਦ ਕਰਵਾਉਣ ਵਾਸਤੇ ਆਪਣੀ ਜੰਗ ਜਾਰੀ ਰੱਖੀ ਅਤੇ ਹਰ ਸਿੱਖ ਕੈਪਟਨ ਇਲਾਕਾ ਆਜ਼ਾਦ ਕਰਵਾਉਂਦਾ ਤਾਂ ਉਹ ਉਸਨੂੰ ਅੰਮ੍ਰਿਤਸਰ ਵਿਚ ਅਕਾਲ ਤਖ਼ਤ ਸਾਹਿਬ ਦੇ

---

208 ਆਹਲੂਵਾਲੀਆ ਅਤੇ ਹੋਰ, *ਪੰਜਾਬ ਦੇ ਮੋਡੀ ਸੁਤੰਤਰਤਾ ਸੰਗਰਾਮੀਏ*, ਪੰਨਾ-15

ਕਸਟੋਡੀਅਨ ਜਨਰਲ ਕੋਲ ਰਿਕਾਰਡ ਵਿਚ ਦਰਜ਼ ਕਰਵਾ ਦਿੰਦਾ ਸੀ।[209] ਅਕਾਲ ਤਖ਼ਤ 'ਤੇ ਇਲਾਕਿਆਂ ਦੀ ਰਜਿਸਟ੍ਰੇਸ਼ਨ ਇਸ ਗੱਲ ਦੀ ਤਾਈਦ ਕਰਦੀ ਹੈ ਕਿ ਸਿੱਖ ਆਪਣੇ ਰਾਜ ਨੂੰ ਅਕਾਲ ਪੁਰਖ ਦੀ ਰਹਿਮਤ ਮੰਨ ਕੇ ਹੀ ਚਲਦੇ ਰਹੇ ਹਨ। 27 ਜੂਨ 1839 ਨੂੰ ਰਣਜੀਤ ਸਿੰਘ ਦੀ ਅਧਰੰਗ ਕਾਰਨ ਮੌਤ ਹੋ ਗਈ ਅਤੇ ਇਥੋਂ ਹੀ ਸਿੱਖ ਰਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਲਈ ਡੋਗਰਿਆਂ ਦਾ ਰਾਹ ਸਾਫ਼ ਹੋ ਗਿਆ ਸੀ।

ਸਪਸ਼ਟ ਹੁੰਦਾ ਹੈ ਕਿ ਗੁਰੂ ਕਾਲ ਤੋਂ ਬਾਅਦ ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਨੇ ਗੁਰੂ ਸਿਧਾਂਤ ਨੂੰ ਅਮਲ ਵਿਚ ਲਿਆਂਦਾ। ਇਸ ਅਮਲ ਦਾ ਸਿੱਟਾ ਪੰਜਾਬ ਦੀ ਸੁਤੰਤਰਤਾ ਦੇ ਰੂਪ ਵਿਚ ਨਿਕਲਿਆ। ਇਸ ਸਮੇਂ ਦੇ ਸਿੱਖ ਜਰਨੈਲਾਂ ਵਿਚ ਨੈਤਿਕਤਾ ਅਤੇ ਸਵੱਛ ਆਚਰਨ ਝਲਕਦਾ ਹੈ। ਸੁਤੰਤਰਤਾ ਦੀ ਪ੍ਰਾਪਤੀ ਮਗਰੋਂ ਬੰਦਾ ਸਿੰਘ ਬਹਾਦਰ ਤੇ ਰਣਜੀਤ ਸਿੰਘ ਦੇ ਸੁਤੰਤਰ ਰਾਜ ਵਿਚ ਧਾਰਮਿਕ ਸੁਤੰਤਰਤਾ ਦੇ ਨਾਲ ਸਾਰੇ ਵਰਗਾਂ ਦੇ ਹਿੱਤਾਂ ਦੇ ਖਿਆਲ ਰੱਖਣ ਦੀ ਗੱਲ ਸਾਹਮਣੇ ਆਉਂਦੀ ਹੈ। ਸਿੱਖਾਂ ਦੇ ਸੁਤੰਤਰਤਾ ਪ੍ਰਤੀ ਜਜ਼ਬੇ ਅਤੇ ਸੰਘਰਸ਼ ਦਾ ਪ੍ਰਗਟਾਅ ਹੁੰਦਾ ਹੈ ਪਰ ਜਦੋਂ ਇਸ ਰਾਜ ਵਿਚ ਨੈਤਿਕਤਾ ਅੱਖੋਂ ਓਹਲੇ ਹੁੰਦੀ ਹੈ ਤਾਂ ਸੁਤੰਤਰਤਾ ਨੂੰ ਢਾਅ ਲਗਦੀ ਹੈ।

[209] Kapur Singh, *Parasaprasna,* p.352-53

# ਅਧਿਆਇ ਚੌਥਾ

## ਅੰਗਰੇਜ਼ ਸਾਮਰਾਜ ਅਤੇ ਸਿੱਖ ਰਾਜਨੀਤੀ

ਪੰਜਾਬ ਦੀ ਧਰਤੀ 'ਤੇ ਵਾਰ-ਵਾਰ ਵਿਦੇਸ਼ੀ ਹਮਲੇ ਹੁੰਦੇ ਰਹੇ ਹਨ। ਭਾਰਤ 'ਤੇ ਹਮਲਿਆਂ ਲਈ ਪੱਛਮ ਵੱਲੋਂ ਆਉਣ ਵਾਲੇ ਹਮਲਾਵਰਾਂ ਲਈ ਇਹ ਵਧੀਆ ਰਸਤਾ ਸੀ। ਆਰੀਆ, ਯੂਨਾਨੀ, ਗਜਨਵੀਆਂ, ਮੌਰੀਆ, ਨਾਦਰ, ਅਬਦਾਲੀ ਤੇ ਤੈਮੂਰ ਨੇ ਹਮਲੇ ਕਰਕੇ ਪੰਜਾਬ ਦਾ ਸਾਹ ਸਤ ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਸਦੀਆਂ ਤੋਂ ਬਣਿਆ ਇਕ ਅਖਾਣ ਪੰਜਾਬ 'ਤੇ ਹੁੰਦੇ ਹਮਲਿਆਂ ਦੀ ਦਾਸਤਾਨ ਬਿਆਨ ਕਰਦਾ ਹੈ। ਕੁਝ ਸਮੇਂ ਲਈ ਆਪਣਾ ਰਾਜ ਹੋਇਆ ਪਰ ਫਿਰ ਅੰਗਰੇਜ਼ਾਂ ਨੇ ਇਸ 'ਤੇ ਕਬਜ਼ਾ ਕਰ ਲਿਆ। ਪੰਜਾਬ ਨੇ ਲੰਮਾ ਸਮਾਂ ਇਹ ਪੀੜ ਸਹਾਰੀ। ਪੰਜਾਬ ਦੀ ਸੁਤੰਤਰਤਾ ਨੂੰ ਢਾਹ ਲਾਉਣ ਦੀ ਦਾਸਤਾਂ ਬੜੀ ਦਰਦਮਈ ਅਤੇ ਗ਼ੱਦਾਰੀ ਭਰੀ ਹੈ। ਇਸ ਅਧਿਆਇ ਵਿਚ ਅੰਗਰੇਜ਼ ਸਾਮਰਾਜ ਦੁਆਰਾ ਬਸਤੀਵਾਦ ਦੇ ਨਾਂ 'ਤੇ ਹਿੰਦੁਸਤਾਨੀਆਂ ਦੀ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕੀਤਾ ਗਿਆ ਹੈ। ਸਿੱਖਾਂ ਨੇ ਗੁਰਮਤਿ ਵਿਚਾਰਧਾਰਾ ਨੂੰ ਅਮਲੀ ਰੂਪ ਦਿੰਦਿਆਂ ਸੁਤੰਤਰਤਾ ਲਈ ਵਡਮੁੱਲਾ ਯੋਗਦਾਨ ਪਾਇਆ ਅਤੇ ਹਰ ਮਨੁੱਖ ਨੂੰ ਸੁਤੰਤਰ ਦਰਸਾਇਆ।

ਵਿਸ਼ਵਾਸਘਾਤੀ, ਨਮਕਹਰਾਮ ਤੇ ਗ਼ੱਦਾਰ ਆਗੂਆਂ ਸਦਕਾ ਪੰਜਾਬ ਨੂੰ ਮੁੜ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਜੂਲ਼ਾ ਚੁੱਕਣਾ ਪਿਆ। ਇਸਦੇ ਬਾਵਜੂਦ ਸਿੱਖਾਂ ਅੰਦਰ ਸੁਤੰਤਰਤਾ ਦੀ ਚਿਣਗ ਸੁਲਗਦੀ ਰਹੀ। ਪੰਜਾਬੀਆਂ ਦੀ ਕਿਸਮਤ ਸਾਰੇ ਦੇਸ਼ ਨਾਲ ਸੀ। ਇਸ ਲਈ ਉਨ੍ਹਾਂ ਨੇ ਹਰੇਕ ਅੰਦੋਲਨ ਵਿਚ ਭਰਪੂਰ ਹਿੱਸਾ ਲਿਆ। ਭਾਵੇਂ ਇਨ੍ਹਾਂ ਦੇ ਬਹੁਤੇ ਅੰਦੋਲਨ ਸੂਝ-ਬੂਝ ਜਾਂ ਜਥੇਬੰਧਕ ਢਾਂਚੇ ਵਿਚ ਨਹੀਂ ਬੱਝੇ ਸਨ ਪਰ ਫਿਰ ਵੀ ਸੁਤੰਤਰਤਾ ਦੇ ਪਰਵਾਨਿਆਂ ਨੇ ਦੇਸ਼ ਭਗਤੀ ਦਾ ਸਬੂਤ ਦਿੱਤਾ। ਸੁਤੰਤਰਤਾ ਲਈ ਹੱਸ-ਹੱਸ ਕੇ ਫ਼ਾਂਸੀਆਂ ਚੜ੍ਹੇ ਤੇ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਕੁਰਬਾਨੀਆਂ ਅਤੇ ਕ੍ਰਾਂਤੀਕਾਰੀ ਪ੍ਰਵਿਰਤੀਆਂ ਤੋਂ ਹਾਰ ਕੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ।

ਸਿੱਖ ਫ਼ੌਜਾਂ ਦੇ ਅੰਗਰੇਜ਼ਾਂ ਹੱਥੋਂ ਹਾਰਨ ਮਗਰੋਂ ਭਾਈ ਮਹਿਰਾਜ ਸਿੰਘ ਨੇ ਇਨਕਲਾਬ ਦੀ ਵਾਗਡੋਰ ਸਾਂਭੀ। ਆਪ ਨਿਹਾਲ ਸਿੰਘ ਦੇ ਡੇਰੇ ਵਿਚ ਲੰਗਰ ਦਾ ਮੁੱਖ ਸੇਵਾਦਾਰ ਸਨ। ਇਸ ਡੇਰੇ ਦੇ ਮੁਖੀ ਬਾਬਾ ਬੀਰ ਸਿੰਘ ਨੂੰ ਅੰਗਰੇਜ਼ਾਂ ਨੇ ਧੋਖੇ ਨਾਲ ਮਾਰ ਦਿੱਤਾ ਸੀ। ਭਾਈ ਮਹਿਰਾਜ ਸਿੰਘ ਦਾ ਮਨੋਬਲ ਉਨ੍ਹਾਂ ਨੂੰ ਬਾਰ-ਬਾਰ ਅੰਗਰੇਜ਼ਾਂ ਵਿਰੁੱਧ ਟੁੰਬਦਾ ਰਹਿੰਦਾ ਸੀ। ਉਹ ਕਿਹਾ ਕਰਦੇ ਸਨ, "ਹੁਣੇ ਇਕ ਹੋਰ ਕੌਮੀ ਜੁੱਧ ਹੋਵੇਗਾ। ਸਭ ਸੱਚੇ ਸਿੱਖਾਂ ਨੂੰ ਨੀਅਤ ਦਿਨ 'ਤੇ ਬਗ਼ਾਵਤ ਕਰ ਦੇਣੀ ਚਾਹੀਦੀ ਹੈ। ਉਹ ਇਸਨੂੰ ਇਕ ਦੈਵੀ ਉਪਦੇਸ਼

ਸਮਝਦਾ ਸੀ, ਇਸ ਲਈ ਇਸਦੀ ਸਫ਼ਲਤਾ ਲਈ ਉਸਨੇ ਆਪਣੀ ਜਾਤੀ ਸੁਤੰਤਰਤਾ, ਸੁੱਖ, ਸ਼ੁਹਰਤ ਤੇ ਆਪਣਾ ਜੀਵਨ ਤੱਕ ਕੁਰਬਾਨ ਕਰ ਦਿੱਤਾ।"[1] ਇਸ ਵੇਲੇ ਭਾਈ ਮਹਿਰਾਜ ਸਿੰਘ ਹੀ ਸਭ ਤੋਂ ਯੋਗ ਵਿਅਕਤੀ ਸੀ ਜੋ ਪੰਜਾਬੀਆਂ ਨੂੰ ਸੁਤੰਤਰਤਾ ਲਈ ਲੜਨ ਵਾਸਤੇ ਪ੍ਰੇਰ ਰਿਹਾ ਸੀ।

ਇਸ ਕਾਰਜ ਲਈ ਭਾਈ ਮਹਿਰਾਜ ਸਿੰਘ ਨੂੰ ਖੁੱਲ੍ਹੇ ਵਿਦਰੋਹ ਰਾਹੀਂ ਲੋਕਾਂ ਨੂੰ ਲਾਮਬੰਦ ਕਰਨਾ ਪੈਣਾ ਸੀ ਤਾਂ ਜੋ ਗੋਰਿਆਂ ਅਤੇ ਡੋਗਰਿਆਂ ਨੂੰ ਪੰਜਾਬ ਵਿਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਨੇ ਭਾਈ ਪ੍ਰੇਮ ਸਿੰਘ ਨਾਲ ਮਿਲ ਕੇ ਵੱਡੇ ਅੰਗਰੇਜ਼ ਅਫ਼ਸਰਾਂ ਅਤੇ ਡੋਗਰਿਆਂ ਨੂੰ ਮਾਰਨ ਦੀ ਯੋਜਨਾ ਬਣਾਈ। ਜਿਸਨੂੰ 'ਪ੍ਰੇਮਾ ਸਾਜ਼ਿਸ' ਨਾਲ ਜਾਣਿਆ ਜਾਂਦਾ ਹੈ।[2] ਪਰ ਇਸ ਸਾਜਿਸ਼ ਦਾ ਪਤਾ ਲੱਗਣ 'ਤੇ ਭਾਈ ਪ੍ਰੇਮੇ ਨੂੰ ਗ੍ਰਿਫ਼ਤਾਰ ਕਰਕੇ ਫ਼ਾਂਸੀ ਦੇ ਦਿੱਤੀ ਗਈ ਅਤੇ ਭਾਈ ਮਹਿਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਗਿਆ। ਆਪ ਨੇ ਬਚ ਨਿਕਲ ਕੇ ਮੂਲਰਾਜ ਅਤੇ ਚਤਰ ਸਿੰਘ ਨੂੰ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਨ ਲਈ ਪ੍ਰੇਰਿਆ। ਉਸ ਸਮੇਂ ਅੰਗਰੇਜ਼ ਸਰਕਾਰ ਅੰਦਰ ਭਾਈ ਸਾਹਿਬ ਦਾ ਖ਼ੌਫ਼ ਪੈਦਾ ਹੋ ਚੁੱਕਾ ਸੀ। ਇਕ ਅੰਗਰੇਜ਼ ਕੈਪਟਨ ਐਬਟ ਅਨੁਸਾਰ, "ਮੈਨੂੰ ਡਰ ਹੈ ਇਸ ਧਾੜਵੀ ਦਾ ਜਿਸ ਨੂੰ ਸਿੱਖ ਫ਼ੌਜ ਅਵਤਾਰ ਬਣਾਉਣ 'ਤੇ ਤੁਲੀ ਹੋਈ ਹੈ ਦਾ ਬਚ ਕੇ ਨਿਕਲ ਜਾਣਾ ਬਾਗ਼ੀਆਂ ਦੇ ਪੱਖ ਨੂੰ ਬਹੁਤ ਤਕੜਾਈ ਦੇਵੇਗਾ।"[3]

ਜਦੋਂ ਬਾਕੀ ਜਰਨੈਲ ਸ਼ੇਰ ਸਿੰਘ, ਚਤਰ ਸਿੰਘ ਨੇ ਹਥਿਆਰ ਸੁੱਟ ਦਿੱਤੇ ਤਾਂ ਭਾਈ ਮਹਿਰਾਜ ਸਿੰਘ ਨੇ ਅੰਗਰੇਜ਼ਾਂ ਨਾਲ ਟੱਕਰ ਲੈਣ ਲਈ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰਕੇ ਉਸਦੇ ਨਾਂ ਹੇਠ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ। ਸੁਤੰਤਰਤਾ ਸੰਗਰਾਮ ਨੂੰ ਜਾਰੀ ਰੱਖਣ ਲਈ ਉਨ੍ਹਾਂ ਨਾਲ ਦਲੀਪ ਸਿੰਘ ਦਾ ਹੋਣਾ ਜ਼ਰੂਰੀ ਸੀ। ਪਰ ਮਹਾਰਾਜਾ ਦਲੀਪ ਸਿੰਘ ਦੀ ਅਗਵਾਕਾਰੀ ਦਾ ਭੇਤ ਖੁੱਲ੍ਹ ਗਿਆ ਅਤੇ ਉਹ ਸਾਧੂ ਦੇ ਭੇਸ ਵਿਚ ਅੰਗਰੇਜ਼ਾਂ ਵਿਰੁੱਧ ਪਿੰਡਾਂ ਵਿਚ ਪ੍ਰਚਾਰ ਕਰਦਾ ਸਿਪਾਹੀਆਂ ਦੇ ਕਾਬੂ ਆ ਗਿਆ। ਸਰ ਹੈਨਰੀ ਲਿਖਦਾ ਹੈ, "ਭਾਈ ਮਹਿਰਾਜ ਸਿੰਘ ਨਾਂ ਦਾ ਇੱਕ ਸਿੱਖ ਇਸ ਵੇਲੇ ਲਾਹੌਰ ਵਿਚ ਸਿੱਖਾਂ ਨੂੰ ਗੁਮਰਾਹ ਕਰ ਰਿਹਾ ਸੀ। ਪੰਜਾਬ ਵਿਚ ਮੂਲ ਰਾਜ ਤੋਂ ਬਾਅਦ ਇਹ ਪਹਿਲਾ ਪੁਰਸ਼ ਸੀ ਜਿਸ ਨੇ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਸਰਦਾਰਾਂ ਵਿਚੋਂ ਇਹ ਆਗੂ ਸੀ ਜਿਸ ਨੇ ਰਾਵਲਪਿੰਡੀ ਵਿਚ ਸਰ ਵਾਲਟਰ ਗਿਲਬਰਟ ਅੱਗੇ ਹਥਿਆਰ ਨਹੀਂ ਸੁੱਟੇ। ਸਾਡੀ ਪੁਲਿਸ ਤਾੜ ਰਹੀ ਸੀ ਕਿ ਉਸ ਦੇ ਛੇ ਵਕੀਲ ਕਈ ਹਫ਼ਤਿਆਂ ਤੋਂ ਦਲੀਪ ਸਿੰਘ ਨੂੰ ਅਗਵਾ

[1] ਆਹਲੂਵਾਲੀਆ, ਐਮ. ਐਲ, ਡ਼ਾ. ਕ੍ਰਿਪਾਲ ਸਿੰਘ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-72

[2] ਉਹੀ, ਪੰਨਾ-70

[3] ਉਹੀ, ਪੰਨਾ-77- *Lahor Political Diaris. ਜਿਲਦ ਚੌਥੀ,* ਪੰਨਾ-18 ਵਿਚੋਂ ਉਧਰਿਤ

ਕਰਨ ਵਾਸਤੇ ਮਹੱਲ ਦੀਆਂ ਕੰਧਾਂ ਦੇ ਨੇੜੇ ਡੇਰੇ ਲਾਈ ਬੈਠੇ ਸਨ।"[4] ਉਸਦੇ ਪ੍ਰਤੀ ਅੰਗਰੇਜ਼ ਸਰਕਾਰ ਦੀ ਨਫ਼ਰਤ ਦਾ ਵੇਰਵਾ ਲਾਰਡ ਡਲਹੌਜ਼ੀ ਦੇ ਇਕ ਪੇਪਰ ਵਿਚ ਵੀ ਮਿਲਦਾ ਹੈ, "ਜੇ ਉਹ ਮੇਰੇ ਹੱਥ ਆ ਗਿਆ ਤਾਂ ਮੈਂ ਉਸ ਨੂੰ ਫ਼ਾਂਸੀ ਲਾ ਦਿਆਂਗਾ।"[5]

ਜਲੰਧਰ ਦੇ ਡਿਪਟੀ ਕਮਿਸ਼ਨਰ ਮਿਸਟਰ ਵੈਨਿਸਟਾਰਟ ਨੇ ਸਰਕਾਰ ਨੂੰ ਸਾਵਧਾਨ ਕਰਦਿਆਂ ਲਿਖਿਆ ਸੀ, "ਜੇ ਮਹਿਰਾਜ ਸਿੰਘ ਬਚ ਕੇ ਨਿਕਲ ਗਿਆ ਤੇ ਮੁੜ ਕੇ ਗ੍ਰਿਫ਼ਤਾਰ ਨਾ ਹੋ ਸਕਿਆ ਤਾਂ ਸਾਰੀ ਸਿੱਖ ਕੌਮ ਇਕਮੁੱਠ ਹੋ ਕੇ ਉਸਦੇ ਮਗਰ ਲਗ ਤੁਰੇਗੀ ਕਿਉਂਕਿ ਲੋਕਾਂ ਨੂੰ ਉਸ 'ਤੇ ਪੁਰਾਤਨ ਪੈਗ਼ੰਬਰਾਂ ਵਾਂਗ ਨਿਸ਼ਚਾ ਹੈ।"[6] ਭਾਈ ਮਹਿਰਾਜ ਸਿੰਘ ਨੇ ਜਲੰਧਰ ਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ 'ਤੇ ਹਮਲਾ ਕਰਨਾ ਨਿਯਤ ਕੀਤਾ ਸੀ। ਇਕ ਮੁਸਲਮਾਨ ਨੇ ਇਸਦੀ ਸੂਹ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਦੇ ਕੇ ਭਾਈ ਮਹਿਰਾਜ ਸਿੰਘ ਨੂੰ 28 ਦਸੰਬਰ 1849 ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਅੰਗਰੇਜ਼ ਇਨ੍ਹਾਂ ਡਰਦੇ ਸਨ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਵੀ ਨਹੀਂ ਰੱਖਣਾ ਚਾਹੁੰਦੇ ਸਨ।

ਭਾਈ ਮਹਿਰਾਜ ਸਿੰਘ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣ ਕੇ ਪੂਰੇ ਪੰਜਾਬ ਵਿਚ ਹਾਹਾਕਾਰ ਮੱਚ ਗਈ। 14 ਜੂਨ 1850 ਨੂੰ ਇਸ ਸੰਤ ਸਿਪਾਹੀ ਨੂੰ ਦੇਸ਼ ਨਿਕਾਲ਼ਾ ਦੇ ਕੇ ਸਿੰਘਾਪੁਰ ਜੇਲ੍ਹ ਭੇਜ ਦਿੱਤਾ ਗਿਆ। ਅੰਤਾਂ ਦੇ ਤਸੀਹੇ ਝੱਲਦਾ ਪੰਜਾਬ ਦਾ ਇਹ ਸੁਤੰਤਰਤਾ ਸੰਗਰਾਮੀ ਦੇਸ਼ ਲਈ ਕੁਰਬਾਨ ਹੋ ਗਿਆ। ਮਹਿਰਾਜ ਸਿੰਘ ਨੇ ਵਿਦੇਸ਼ੀ ਸਾਮਰਾਜ ਵਿਰੁੱਧ ਪੰਜਾਬੀਆਂ ਨੂੰ ਵੰਗਾਰਿਆ। ਉਨ੍ਹਾਂ ਤੋਂ ਬਾਅਦ ਸੁਤੰਤਰਤਾ ਸੰਗਰਾਮ ਬੜੇ ਜ਼ੋਰ ਨਾਲ ਜਾਰੀ ਰਿਹਾ ਤੇ ਕੂਕਾ ਲਹਿਰ ਹੋਂਦ ਵਿਚ ਆਈ।

## 1857 ਦੇ ਵਿਦਰੋਹ ਦਾ ਸੱਚ

ਆਮ ਤੌਰ 'ਤੇ 1857 ਦੇ ਵਿਦਰੋਹ ਨੂੰ ਸੁਤੰਤਰਤਾ ਦਾ ਪਹਿਲਾ ਸੰਗਰਾਮ ਕਿਹਾ ਜਾਂਦਾ ਹੈ ਪਰ ਬਾਗ਼ੀਆਂ ਦਾ ਇਹ ਵਿਦਰੋਹ ਨਿੱਜੀ ਕਾਰਨਾਂ ਕਰਕੇ ਵੀ ਸੀ ਅਤੇ ਦੇਸ਼ ਭਗਤੀ ਦੀ ਭਾਵਨਾ ਤੋਂ ਸੱਖਣਾ ਸੀ। ਪੰਡਤ ਜਵਾਹਰ ਲਾਲ ਨਹਿਰੂ ਲਿਖਦੇ ਹਨ ਕਿ 1857 ਦਾ ਗ਼ਦਰ ਕੇਵਲ ਕੁਝ ਕੁ ਰਜਵਾੜਿਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਨਿੱਜੀ ਭੜਾਸ ਹੀ ਸੀ। ਨਿਕੰਮੇ ਅਤੇ ਅਸੰਗਠਿਤ ਹੋਣ ਤੋਂ ਇਲਾਵਾ ਉਹ ਕਿਸੇ ਨਿੱਗਰ ਅਤੇ ਠੋਸ ਪ੍ਰੋਗਰਾਮ ਜਾਂ ਸਾਂਝੇ ਨਿਸ਼ਾਨੇ ਤੋਂ ਬਿਲਕੁਲ ਸੱਖਣੇ ਸਨ। ਕੁਝ ਕੁ ਰਜਵਾੜਿਆਂ ਦੇ ਹਿਰਦੇ ਵਿਚ ਵਿਦੇਸ਼ੀ

---

[4] ਆਹਲੂਵਾਲੀਆ ਤੇ ਹੋਰ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-79, *Calcutta Review,vol I., XXII, 1854* ਵਿਚੋਂ ਉਧਰਿਤ

[5] ਉਹੀ, ਪੰਨਾ-60- *ਡਲਹੌਜ਼ੀ, ਪੇਪਰਜ਼, ਨੰਬਰ 87, 15 ਦਸੰਬਰ, 1849* ਵਿਚੋਂ (ਉਧਰਿਤ)

[6] ਆਹਲੂਵਾਲੀਆ, ਐਮ. ਐਲ., *ਭਾਈ ਮਹਿਰਾਜ ਸਿੰਘ,* ਭਗਵੰਤ ਸਿੰਘ (ਅਨੁ.), ਪੰਨਾ-61

ਹਾਕਮਾਂ ਵਿਰੁੱਧ ਈਰਖਾ ਦੀ ਭਾਵਨਾ ਨੂੰ ਸੁਤੰਤਰਤਾ ਸੰਗਰਾਮ ਨਹੀਂ ਕਿਹਾ ਜਾ ਸਕਦਾ।[7] ਇਸ ਵੇਲੇ ਹਿੰਦੁਸਤਾਨ ਨੂੰ ਪੂਰਨ ਸੁਤੰਤਰਤਾ ਦੀ ਜ਼ਰੂਰਤ ਸੀ।

ਸਿੱਖਾਂ ਨੇ ਇਸ ਸੰਗਰਾਮ ਵਿਚ ਵਧ ਚੜ ਕੇ ਹਿੱਸਾ ਤਾਂ ਨਾ ਲਿਆ ਕਿਉਂਕਿ ਇਹ ਵਿਦਰੋਹੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾਉਣਾ ਚਾਹੁੰਦੇ ਸਨ। ਸਿੱਖਾਂ ਨੇ ਤਾਂ ਪਹਿਲਾਂ ਹੀ ਬੜੀਆਂ ਸ਼ਹਾਦਤਾਂ ਤੋਂ ਬਾਅਦ ਮੁਗ਼ਲ ਰਾਜ ਦਾ ਅੰਤ ਕੀਤਾ ਸੀ। ਗੋਕਲ ਚੰਦ ਨਾਰੰਗ ਅਨੁਸਾਰ, "ਨੌਵੇਂ ਗੁਰੂ ਸਾਹਿਬ ਜਿਨ੍ਹਾਂ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ, ਦੇ ਨਾਂ 'ਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਇਕ ਚਲਾਕੀ-ਭਰੀ ਅਪੀਲ ਕੀਤੀ ਗਈ ਅਤੇ ਇਹ ਦੱਸਿਆ ਗਿਆ ਕਿ ਉਨ੍ਹਾਂ ਲਈ ਗੁਰੂ ਸਾਹਿਬ ਦੇ ਕਾਤਿਲ ਔਰੰਗਜ਼ੇਬ ਦੇ ਉਤਾਰਧਿਕਾਰੀ ਅਤੇ ਦਿੱਲੀ ਤੋਂ ਬਦਲਾ ਲੈਣ ਦਾ ਇਹ ਉੱਤਮ ਅਵਸਰ ਹੈ।"[8] ਦੂਜੀ ਗੱਲ ਫ਼ਸਾਦ ਕਰਨ ਵਾਲਿਆਂ ਵਿਚ ਜ਼ਿਆਦਾਤਰ ਪੂਰਬੀਏ ਸਿਪਾਹੀ ਸਨ ਜਿਨ੍ਹਾਂ ਨੇ ਕੁਝ ਸਾਲ ਪਹਿਲਾਂ ਗੋਰੀ ਫ਼ੌਜ ਦਾ ਸਾਥ ਦੇ ਕੇ ਮਹਾਰਾਜਾ ਰਣਜੀਤ ਸਿੰਘ ਦੇ ਸੁਤੰਤਰ ਰਾਜ ਨੂੰ ਸਿੱਖਾਂ ਤੋਂ ਖੋਹਣ ਲਈ ਅੰਗਰੇਜ਼ ਸਰਕਾਰ ਦੀ ਪੂਰੀ ਮਦਦ ਕੀਤੀ ਸੀ। ਇਸ ਵਿਦਰੋਹ ਸਮੇਂ ਗੌਰਮਿੰਟ ਨੇ ਸਿੱਖਾਂ ਦੇ ਅੱਖਾਂ ਵਿੱਚ ਘੱਟਾ ਪਾਉਣ ਲਈ ਪੁਜਾਰੀਆਂ ਵੱਲੋਂ ਜਨਰਲ ਨਿਕਲਸਨ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਬਣਾਉਣ ਦਾ ਢੌਂਗ ਵੀ ਰਚਿਆ ਸੀ।

ਇਸ ਗ਼ਦਰ ਦੀ ਵਿਰੋਧਤਾ ਕਰਨ ਵਾਲੀਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਕਪੂਰਥਲਾ ਅਤੇ ਜਾਗੀਰਦਾਰ ਜ਼ਿਆਦਾਤਰ ਆਪਣੇ ਰਾਜਸੀ ਹਿੱਤਾਂ ਕਾਰਨ ਅੰਗਰੇਜ਼ ਸਰਕਾਰ ਦਾ ਸਾਥ ਦੇ ਰਹੇ ਸਨ। ਕੁਝ ਸਿੱਖ ਜੋ ਦੇਸ਼ ਭਗਤੀ ਦੇ ਜਜ਼ਬੇ ਤੋਂ ਸੱਖਣੇ ਸਨ। ਉਹ ਆਪਣੀ ਰੋਜ਼ੀ-ਰੋਟੀ ਲਈ ਅਤੇ ਹਿੰਦੁਸਤਾਨ ਨੂੰ ਲੁੱਟਣ ਲਈ ਫਟਾਫਟ ਗੋਰੀ ਫ਼ੌਜ ਵਿਚ ਭਰਤੀ ਹੋ ਗਏ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖਾਂ ਨੇ ਇਸ ਗ਼ਦਰ ਵਿਚ ਭਾਗ ਨਹੀਂ ਲਿਆ। ਦੇਸ਼ ਭਗਤੀ ਦੇ ਜਜ਼ਬੇ ਵਾਲੇ ਸਿੱਖਾਂ ਨੇ ਗੋਰੀ ਫ਼ੌਜ ਵਿਰੁੱਧ ਇਸ ਗ਼ਦਰ ਵਿਚ ਆਪਣਾ ਯੋਗਦਾਨ ਪਾਇਆ। ਮੁਸਲਮਾਨ ਲਿਖਾਰੀ ਸ਼ਮਸੁਲ ਇਸਲਾਮ ਦੁਆਰਾ ਕੀਤੀ ਲੰਮੀ ਖੋਜ ਤੋਂ ਬਾਅਦ ਅਜਿਹੇ ਤੱਥ ਸਾਹਮਣੇ ਆਏ ਹਨ ਜੋ ਸਾਬਤ ਕਰਦੇ ਹਨ ਕਿ ਜੁਝਾਰੂ ਸਿੱਖਾਂ ਨੇ ਇਸ ਗ਼ਦਰ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਜਦੋਂਕਿ ਉਸ ਵੇਲੇ ਸਿੱਖਾਂ ਦੀ ਕੋਈ ਜਥੇਬੰਦੀ ਨਹੀਂ ਸੀ।

ਸ਼ਮਸੁਲ ਇਸਲਾਮ ਨੇ ਆਪਣੀ ਰਚਨਾ '1857 ਦੇ ਬਾਗੀ ਸਿੱਖ' ਵਿਚ ਸਿੱਖਾਂ ਦੇ ਇਸ ਗ਼ਦਰ ਵਿਚ ਪਾਏ ਯੋਗਦਾਨ ਨੂੰ ਸਪਸ਼ਟ ਕੀਤਾ ਹੈ ਕਿ ਸਿੱਖਾਂ ਨੇ ਵੀ ਇਸ ਸਮੇਂ ਬਗ਼ਾਵਤ ਕੀਤੀ ਸੀ। ਇਸ ਵੇਲੇ ਸਰਕਾਰ

---

[7] *The Discovery Of India,* p. 324-325

[8] *ਸਿੱਖ ਮਤ ਦਾ ਪਰਿਵਰਤਨ,* ਪੰਨਾ-200

ਦੇ ਜਾਸੂਸਾਂ ਵੱਲੋਂ ਭੇਜੇ ਗਏ ਖ਼ਤਾਂ ਤੋਂ ਵੀ ਬਾਗੀ ਸਿੱਖਾਂ ਬਾਰੇ ਜਾਣਕਾਰੀ ਮਿਲਦੀ ਹੈ। 2 ਜੁਲਾਈ 1857 ਨੂੰ ਸਰਕਾਰ ਦੇ ਜਾਸੂਸਾਂ ਜਵਾਹਰ ਸਿੰਘ ਅਤੇ ਅਮਸਰਾਜ ਨੇ ਅੰਗਰੇਜ਼ਾਂ ਨੂੰ ਸੂਚਨਾ ਦਿੱਤੀ:

> ਬਨਾਰਸ ਤੋਂ ਗਦਰ ਵਿਚ ਸ਼ਾਮਲ ਹੋਣ ਲਈ 35 ਸਿੱਖ ਪਹੁੰਚੇ ਹਨ ਅਤੇ ਉਨ੍ਹਾਂ ਨੇ ਕੁਤਬ ਮੀਨਾਰ ਕੋਲ ਡੇਰਾ ਲਾਇਆ ਹੈ। ਹੁਣ ਉਨ੍ਹਾਂ ਨੂੰ ਦਿੱਲੀ ਲਿਆਂਦਾ ਗਿਆ ਹੈ। (ਖ਼ਤ: ਮਿਤੀ 2 ਅਗਸਤ, 1857)
> ਇਕ ਗੁਮਨਾਮ ਜਸੂਸ ਨੇ 16 ਅਗਸਤ 1857 ਨੂੰ ਖ਼ਤ ਲਿਖ ਕੇ ਅੰਗਰੇਜ਼ਾਂ ਨੂੰ ਸੂਚਨਾ ਦਿੱਤੀ ਕਿ: ਅੰਗਰੇਜ਼ੀ ਫ਼ੌਜ ਦੇ 100 ਸਿੱਖ ਸਿਪਾਹੀ ਭੱਜ ਕੇ ਦਿੱਲੀ ਵਿਚ ਬਾਗੀਆਂ ਨਾਲ ਜਾ ਮਿਲੇ ਹਨ। ਪਿਛਲੇ ਕੁਝ ਦਿਨਾਂ ਵਿਚ 200 ਸਿੱਖ ਸਿਪਾਹੀ ਦਿੱਲੀ ਪਹੁੰਚੇ ਹਨ। ਉਨ੍ਹਾਂ ਨੂੰ ਸਬਜ਼ੀ ਮੰਡੀ ਵਿਚ ਠਹਿਰਾਇਆ ਗਿਆ ਅਤੇ ਉਨ੍ਹਾਂ ਦੇ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।(ਖ਼ਤ: ਮਿਤੀ 16 ਅਗਸਤ, 1857)
> ਕਰਨਲ ਬੇਚਰ ਦੇ ਜਸੂਸ ਨੇ 18 ਅਗਸਤ 1857 ਨੂੰ ਸੂਚਨਾ ਦਿੱਤੀ ਕਿ:
> ਅੰਗਰੇਜ਼ ਫ਼ੌਜ ਦੇ ਸਿੱਖ ਸਿਪਾਹੀਆਂ ਦੀ ਦਿੱਲੀ ਦੇ ਬਾਦਸ਼ਾਹ ਨਾਲ ਗੱਲਬਾਤ ਹੈ ਅਤੇ ਇਨ੍ਹਾਂ ਵਿਚੋਂ 125 ਸਿਪਾਹੀ ਘੋੜ ਸਵਾਰ ਅਤੇ 30-40 ਅਫ਼ਗਾਨ ਸਿਪਾਹੀ ਵੀ ਭੱਜ ਕੇ ਬਾਗੀਆਂ ਨਾਲ ਜਾ ਮਿਲੇ ਹਨ।(ਖ਼ਤ: ਮਿਤੀ 18 ਅਗਸਤ 1857)
> 18 ਅਗਸਤ ਨੂੰ ਅੰਗਰੇਜ਼ਾਂ ਨੂੰ ਸੂਚਨਾ ਮਿਲੀ ਕਿ ਬਾਗੀ ਸਿੱਖਾਂ ਦੀ ਇਕ ਟੁਕੜੀ ਪੰਜਾਬ ਵਿਚ ਬਗ਼ਾਵਤ ਲਈ ਭੇਜੀ ਗਈ ਹੈ।(ਖ਼ਤ: ਮਿਤੀ 18 ਅਗਸਤ 1857)[9]
> 27-28 ਮਈ 1857 ਨੂੰ ਕੁਝ ਸਿੱਖਾਂ ਨੇ ਬਾਦਸ਼ਾਹ ਨਾਲ ਗੱਲਬਾਤ ਕਰਕੇ ਫੌਜੀ ਦਲ ਨੂੰ ਤੋੜਨ ਦੀ ਗੱਲ ਕੀਤੀ। 200 ਬਾਗੀ ਸਿੱਖ ਫਿਰੋਜ਼ਪੁਰ ਅਤੇ ਲਾਹੌਰ ਤੋਂ ਦਿੱਲੀ ਪਹੁੰਚੇ ਜਿਨ੍ਹਾਂ ਵਿਚੋਂ ਕਈ ਜ਼ਖ਼ਮੀ ਸਨ। ਉਨ੍ਹਾਂ ਦੱਸਿਆ ਕਿ ਅੰਗਰੇਜ਼ ਫੌਜ ਅਤੇ ਪਟਿਆਲਾ ਦੇ ਮਹਾਰਾਜਾ ਦੇ ਸਿਪਾਹੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।[10] ਜੂਨ 1857 ਨੂੰ ਪਟਿਆਲਾ ਤੋਂ ਖ਼ਬਰ ਆਈ ਕਿ ਅੰਗਰੇਜ਼ਾਂ ਨਾਲ ਹਮਦਰਦੀ ਪ੍ਰਗਟਾਉਣ ਕਰਕੇ ਸਿੱਖਾਂ ਨੇ ਮਹਾਰਾਜੇ ਦਾ ਖੁਲਮਖੁੱਲਾ ਵਿਰੋਧ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਬਾਗੀਆਂ ਨਾਲ ਮਿਲ ਕੇ ਅੰਗਰੇਜ਼ਾਂ ਨਾਲ ਲੜਾਈ ਕੀਤੀ ਹੈ।[11] ਰੋਪੜ ਵਿਖੇ ਦੰਗਾ ਕਰਵਾਉਣ ਕਾਰਨ 5 ਸਿੱਖਾਂ ਨੂੰ ਸਰਦਾਰ ਮੋਹਰ ਸਿੰਘ ਦੇ ਨਾਲ ਮੌਤ ਦੀ ਸਜ਼ਾ ਦਿੱਤੀ ਗਈ।[12]

ਅਬਦੁਲ ਲਤੀਫ਼ ਦਾ ਰੋਜ਼ਨਾਮਚਾ ਇਸ ਤੱਥ ਦਾ ਉਲੇਖ ਕਰਦਾ ਹੈ ਕਿ 11 ਅਗਸਤ 1857 ਨੂੰ 200 ਬਾਗੀ ਸਿੱਖ ਫ਼ੌਜੀ, ਜਿਨ੍ਹਾਂ ਦਾ ਸਬੰਧ ਜੰਮੂ ਦੇ ਰਾਜੇ ਦੀ ਫ਼ੌਜ ਨਾਲ ਸੀ, ਦਿੱਲੀ ਵਿਚ ਮੌਜੂਦ ਬਾਗੀ ਫ਼ੌਜ ਨਾਲ ਆ ਕੇ ਰਲ ਗਏ।[13] ਇਸ ਤੋਂ ਇਲਾਵਾ ਸਮਕਾਲੀ ਲੇਖਕ ਕਨੱਈਆ ਲਾਲ ਦੀ ਰਚਨਾ 'ਤਵਾਰੀਖ਼-ਏ ਪੰਜਾਬ' ਵਿਚ ਵੀ ਕੁਝ ਤੱਥ ਸਾਹਮਣੇ ਆਉਂਦੇ ਹਨ:

> ਫ਼ਿਰੋਜ਼ਪੁਰ ਵਿਚ 14 ਮਈ 1857 ਨੂੰ 45 ਨੰ. ਦੀਆਂ ਪਲਟਨਾਂ ਦੇ ਬਹੁਤ ਸਾਰੇ ਹਿੱਸੇ ਨੇ ਫ਼ਸਾਦ ਕਰ ਦਿੱਤਾ। ਉਨ੍ਹਾਂ ਨੇ ਛਾਉਣੀ ਦੇ ਮਕਾਨ ਆਦਿ ਸਾੜ ਦਿੱਤੇ ਅਤੇ ਸਰਕਾਰੀ ਅਧਿਕਾਰੀਆਂ ਨਾਲ ਧੋਖਾ ਕਰ ਗਏ। ਜਲੰਧਰ ਵਿਚ ਵੀ ਕਾਫ਼ੀ ਫ਼ਸਾਦ ਹੋਏ। ਆਏ ਦਿਨ ਕੋਈ ਨਾ ਕੋਈ ਬੰਗਲਾ ਤੇ ਗਾਰਦ ਸੜ ਜਾਂਦੀ ਸੀ। ਅੰਮ੍ਰਿਤਸਰ ਦੀ 59 ਨੰ. ਪਲਟਣ ਦੇ ਸਿਪਾਹੀਆਂ ਨੂੰ ਕੱਢ ਕੇ ਗੋਰਾ ਪਲਟਨ ਸਥਾਪਿਤ ਕਰ ਦਿੱਤੀ ਅਤੇ

---

[9] "ਸ਼ਮਸੁਲ ਇਸਲਾਮ ਅਨੁਸਾਰ ਇਹ ਖਤ ਜੋ ਉਸ ਵੇਲੇ ਜਾਸੂਸਾਂ ਵੱਲੋਂ ਸਰਕਾਰ ਨੂੰ ਭੇਜੇ ਗਏ ਸਨ ਇੰਡੀਆ ਆਫਿਸ ਲਾਇਬਰੇਰੀ ਬਰਤਾਨੀਆਂ ਵਿਚ ਮੌਜੂਦ ਹਨ", *1857 ਦੇ ਬਾਗੀ ਸਿੱਖ*, ਪਰਮਜੀਤ ਸਿੰਘ ਢੀਂਗਰਾ (ਡਾ.) (ਅਨੁ), ਪੰਨਾ-74-75-87.

[10] ਉਹੀ ਪੰਨਾ-76

[11] ਉਹੀ, ਪੰਨਾ-77

[12] ਉਹੀ, ਪੰਨਾ-81

[13] *1857 ਦਾ ਤਰੀਖੀ ਰੋਜ਼ਨਾਮਚਾ*, ਖਲੀਫ਼ ਅਹਿਮਦ ਨਿਜ਼ਾਮੀ (ਸੰਪਾ.) ਪੰਨਾ-152

ਹਿੰਦੁਸਤਾਨੀ ਸਿਪਾਹੀਆਂ ਤੋਂ ਹਥਿਆਰ ਖੋਹ ਲਏ ਗਏ। ਗੁਰਦਾਸਪੁਰ ਵਿਚ ਵੀ ਬਹੁਤ ਸਾਰੇ ਫ਼ਸਾਦੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ।[14]

31 ਜੁਲਾਈ 1857 ਨੂੰ 26 ਨੰ. ਪੰਜਾਬੀ ਪਲਟਣ ਲਾਹੌਰ ਮੀਆਂਮੀਰ ਛਾਉਣੀ ਵਿਚ ਬਗਾਵਤ ਕਰ ਕੇ ਅੰਮ੍ਰਿਤਸਰ ਵੱਲ ਤੁਰ ਪਈ।[15] ਬਹੁਤ ਸਾਰੇ ਜੁਆਨ ਅਜਨਾਲੇ ਲਾਗੇ ਰਾਵੀ ਦਰਿਆ ਦੇ ਝੱਲ ਵਿਚ ਲੁਕ ਗਏ। ਅਜਨਾਲੇ ਦੇ ਤਹਿਸੀਲਦਾਰ ਨੇ ਅੰਮ੍ਰਿਤਸਰ ਤੋਂ ਅੰਗਰੇਜ਼ ਫ਼ੌਜ ਮੰਗਵਾ ਲਈ ਅਤੇ 150 ਫਸਾਦੀ ਮੁਕਾਬਲਾ ਕਰਦੇ ਮਾਰੇ ਗਏ। 237 ਤੋਪਾਂ ਨਾਲ ਉਡਾ ਦਿੱਤੇ ਗਏ ਤੇ ਫਿਰ ਦਰਿਆ ਵਿਚ ਰੋੜ ਦਿੱਤੇ। 200 ਜਿਊਂਦਿਆਂ ਨੂੰ ਇਕ ਖੂਹ ਵਿਚ ਸੁੱਟ ਕੇ ਖੂਹ ਪੂਰ ਦਿੱਤਾ ਜਿਸ ਨੂੰ 'ਕਾਲਿਆਂ ਵਾਲਾ ਖੂਹ' ਕਰਕੇ ਸੱਦਿਆ ਜਾਂਦਾ ਹੈ। ਇਸ ਸਮੇਂ ਜਿਥੇ ਵੀ ਕਿਸੇ ਨੇ ਸਿਰ ਚੁਕਿਆ ਫ਼ਾਂਸੀ ਚਾੜ੍ਹ ਦਿੱਤੇ ਗਏ। 40 ਬੰਦੇ ਲਾਹੌਰ ਲਿਆ ਕੇ ਤੋਪ ਨਾਲ ਉਡਾ ਦਿੱਤੇ ਗਏ। ਸਿਆਲਕੋਟ ਵਿਚ ਦੋ ਸਿੱਖ ਅਫ਼ਸਰਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ।[16]

ਇਨ੍ਹਾਂ ਸਾਰੇ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਗ਼ਦਰ ਵਿਚ ਦੇਸ਼ਭਗਤੀ ਦੇ ਜਜ਼ਬੇ ਵਾਲੇ ਸਿੱਖ ਵੀ ਭਾਈਵਾਲ ਸਨ।

## ਸਮਾਜ ਸੁਧਾਰਕ ਤੇ ਅਕਾਲੀ ਲਹਿਰਾਂ

### ਨਿਰੰਕਾਰੀ ਲਹਿਰ

ਅੰਗਰੇਜ਼ ਸਰਕਾਰ ਦੀ ਅਜਾਰੇਦਾਰੀ ਨੂੰ ਖ਼ਤਮ ਕਰਨ ਲਈ ਦੇਸ਼ ਦੀ ਸੁਤੰਤਰਤਾ ਲਈ ਬੁੱਧੀਜੀਵੀ ਅਤੇ ਸੂਝਵਾਨ ਸਿੱਖਾਂ ਦੀ ਅਗਵਾਈ ਵਿਚ ਸਮਾਜਿਕ ਅਤੇ ਧਾਰਮਿਕ ਸੁਧਾਰ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਲਹਿਰਾਂ ਦੀ ਮੋਢੀ ਲਹਿਰ 'ਨਿਰੰਕਾਰੀ ਲਹਿਰ' ਸੀ ਜਿਸ ਦਾ ਮੁੱਢ ਬਾਬਾ ਦਿਆਲ ਸਿੰਘ ਨੇ ਬੰਨਿਆ। ਬਾਬਾ ਦਿਆਲ ਸਿੰਘ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਆਈਆਂ ਕੁਰੀਤੀਆਂ ਖਿਲਾਫ਼ ਪ੍ਰਚਾਰ ਕਰਦਾ ਸੀ। ਇਸ ਲਹਿਰ ਦੇ ਆਗੂ ਸਿੱਖ-ਰੀਤੀ ਰਿਵਾਜ਼ਾਂ ਦੀ ਪਾਲਣਾ ਕਰਦੇ ਸਨ।

ਮਾਰਚ ਦੇ ਮਹੀਨੇ ਵਿਚ ਹਿੰਦੂ ਵਿਆਹ ਨਹੀਂ ਕਰਦੇ ਸਨ। ਇਸ ਲਈ ਬਾਬਾ ਦਿਆਲ ਸਿੰਘ ਨੇ ਆਪਣੇ ਵਿਆਹ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਲਾਵਾਂ ਪੜ੍ਹ ਕੇ ਤੇ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ। ਇਸ ਤਰ੍ਹਾਂ ਬਾਬਾ ਦਿਆਲ ਸਿੰਘ ਨਿਰੰਕਾਰੀ ਲਹਿਰ ਦੇ ਮੋਢੀ ਬਣੇ।[17] ਨਿਰੰਕਾਰੀ ਲਹਿਰ ਦਾ ਆਰੰਭ ਹੋਇਆ ਤੇ 1857 ਤੱਕ 40 ਪਿੰਡਾਂ ਵਿਚ ਇਨ੍ਹਾਂ ਨੇ ਸੈਂਟਰ ਬਣਾ ਲਏ ਸਨ। ਉਨ੍ਹਾਂ ਮਗਰੋਂ ਉਨ੍ਹਾਂ ਦੇ ਉਤਰਾ ਅਧਿਕਾਰੀ ਦਰਬਾਰਾ ਸਿੰਘ ਨੇ ਵੀ ਲਾਵਾਂ ਰਾਹੀਂ ਵਿਆਹ ਦਾ ਪ੍ਰਚਾਰ ਕੀਤਾ ਤੇ 12 ਮਾਰਚ 1885 ਨੂੰ ਪਹਿਲਾ ਲਾਵਾਂ ਨਾਲ ਵਿਆਹ ਕਰਵਾਇਆ ਗਿਆ। ਸਿੱਖਾਂ ਲਈ ਇਸ ਲਹਿਰ ਦਾ ਸਭ ਤੋਂ ਵੱਡਾ ਯੋਗਦਾਨ ਲਾਵਾਂ

---

[14] ਕਨੱਈਆ ਲਾਲ, *ਤਾਰੀਖ- ਇ-ਪੰਜਾਬ,* ਪੰਨਾ-379

[15] ਉਹੀ, ਪੰਨਾ-402

[16] ਉਹੀ, ਪੰਨਾ-404

[17] Fauja Singh (Dr.), *Kuka Movement, (An Important Phase in Punjab's role in India,s Struggle for freedom,)* p. 15

ਨਾਲ ਵਿਆਹ ਦਾ ਸੀ। ਨਿਰੰਕਾਰੀ ਲਹਿਰ ਨੇ ਪੋਠੋਹਾਰ ਇਲਾਕੇ ਦੇ ਸਿੱਖਾਂ ਵਿਚ ਵੀ ਜਾਗਰੂਕਤਾ ਫੈਲਾਈ ਭਾਵੇਂ ਇਸਨੇ ਜਨ-ਸਮੂਹ ਨੂੰ ਪ੍ਰਭਾਵਿਤ ਨਾ ਕੀਤਾ ਪਰ ਇਸ ਦੁਆਰਾ ਪੈਦਾ ਕੀਤੀ ਜਾਗ੍ਰਿਤੀ ਨਾਲ ਕੂਕਾ ਲਹਿਰ ਦਾ ਜਨਮ ਹੋਇਆ ਜੋ ਸੁਤੰਤਰਤਾ ਸੰਗਰਾਮ ਵਿਚ ਅਹਿਮ ਸਥਾਨ ਰੱਖਦੀ ਹੈ।

**ਨਾਮਧਾਰੀ (ਕੂਕਾ ਲਹਿਰ) ਦਾ ਸੁਤੰਤਰਤਾ ਸੰਘਰਸ਼ ਨੂੰ ਯੋਗਦਾਨ**

ਨਾਮਧਾਰੀ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਭੈਣੀ (1818-1885) ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਨੌਨਿਹਾਲ ਸਿੰਘ ਦੀ ਸੈਨਾ ਵਿਚ ਸਿਪਾਹੀ ਰਹੇ ਸਨ। ਉਸਨੂੰ ਮਹਾਰਾਜਾ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਤੋਪਖਾਨਾ ਰੈਜਿਮੈਂਟ ਵਿਚ ਲਾਇਆ ਗਿਆ। ਪਹਿਲੇ ਐਂਗਲੋ ਸਿੱਖ ਲੜਾਈ ਤੋਂ ਬਾਅਦ ਅੰਗਰੇਜ਼ ਸਰਕਾਰ ਵੱਲੋਂ ਦੇਸ਼ ਭਗਤੀ ਦੀ ਭਾਵਨਾ ਕਾਰਨ ਉਨ੍ਹਾਂ ਨੂੰ ਡਿਊਟੀ ਤੋਂ ਬਾਹਰ ਕਰ ਦਿੱਤਾ ਗਿਆ ਸੀ।[18] ਇਹ ਸਭ ਗੱਲਾਂ ਗਵਾਹ ਹਨ ਕਿ ਬਾਬਾ ਰਾਮ ਸਿੰਘ ਨਾਮਧਾਰੀ ਦਾ ਪਿਛੋਕੜ ਦੇਸ਼ ਭਗਤ ਪਰਿਵਾਰ ਵਾਲਾ ਹੀ ਸੀ ਤੇ ਉਹ ਅੰਗਰੇਜ਼ ਸਾਮਰਾਜ ਵਿਰੁੱਧ ਵੀ ਹਥਿਆਰਬੰਦ ਲੜਾਈ ਲੜ ਚੁੱਕਾ ਸੀ। ਬਾਬਾ ਬਾਲਕ ਸਿੰਘ ਤੋਂ ਗੁਰ ਮੰਤਰ ਲੈ ਕੇ ਉਸਨੇ ਨਾਮ-ਸਿਮਰਨ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਬਣਾ ਲਿਆ। ਪਰ ਉਸਨੂੰ ਪ੍ਰਤੀਤ ਹੁੰਦਾ ਸੀ ਕਿ ਰਾਜਨੀਤਿਕ ਸੁਤੰਤਰਤਾ ਤੋਂ ਬਿਨ੍ਹਾਂ ਆਤਮਿਕ ਸੁਤੰਤਰਤਾ ਕਾਇਮ ਨਹੀਂ ਰਹਿ ਸਕਦੀ। ਇਸ ਲਈ ਉਨ੍ਹਾਂ ਨੇ ਪੰਜਾਬ ਨੂੰ ਸੁਤੰਤਰ ਕਰਵਾਉਣ ਦਾ ਨਿਸ਼ਚਾ ਮਨ ਵਿਚ ਧਾਰ ਲਿਆ ਸੀ। ਸ਼ਰਧਾਲੂਆਂ ਲਈ ਪਹਿਲੀ ਸ਼ਰਤ ਨਾਮ ਸਿਮਰਨਾ ਸੀ ਜਿਸ ਤੋਂ ਇਸ ਸੰਪਰਦਾ ਦਾ ਨਾਂ ਨਾਮਧਾਰੀ ਪੈ ਗਿਆ। ਬਹੁਤੇ ਨਾਮਧਾਰੀ ਉੱਚੀ-ਉੱਚੀ ਹੇਕ ਨਾਲ ਕੂਕ ਕੇ ਸ਼ਬਦ ਪੜ੍ਹਦੇ ਸਨ, ਇਸ ਲਈ ਆਮ ਲੋਕ ਉਨ੍ਹਾਂ ਨੂੰ ਕੂਕੇ ਕਹਿਣ ਲੱਗ ਪਏ।

ਬਸਤੀਵਾਦੀ ਸਾਮਰਾਜ ਵਿਰੁੱਧ 'ਕੂਕਾ ਲਹਿਰ' ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਸਿੱਖਾਂ ਵਿਚ ਧਾਰਮਿਕ ਅਤੇ ਰਾਜਨੀਤਿਕ ਪੁਨਰ-ਜਾਗ੍ਰਿਤੀ ਦੀ ਬਲਵਾਨ ਸ਼ਕਤੀ ਵਜੋਂ ਉੱਭਰੀ। ਬਾਬਾ ਰਾਮ ਸਿੰਘ ਦੀ ਸਿੱਖਿਆ ਨਾਲ ਜਨ-ਸਮੂਹ ਵਿਸ਼ਾਲ ਰੂਪ ਵਿਚ ਪ੍ਰਭਾਵਿਤ ਹੋਇਆ। ਪਹਿਲਾਂ ਉਨ੍ਹਾਂ ਨੇ ਜਾਤ-ਪਾਤ, ਬੱਚੀ ਨੂੰ ਜਨਮ ਸਮੇਂ ਮਾਰ ਦੇਣਾ, ਬਾਲ ਵਿਆਹ ਆਦਿ ਸਮਾਜਿਕ ਕੁਰੀਤੀਆਂ ਖਿਲਾਫ਼ ਪ੍ਰਚਾਰ ਕੀਤਾ। ਉਨ੍ਹਾਂ ਦੀ ਦੇਸ਼ ਭਗਤੀ ਦੀ ਭਾਵਨਾ ਦਾ ਇਸ ਗੱਲ ਤੋਂ ਵੀ ਪਤਾ ਚਲਦਾ ਹੈ ਕਿ ਸਮਕਾਲੀ ਯੂਰਪੀ ਅਧਿਕਾਰੀਆਂ ਨੇ ਬਾਬਾ ਰਾਮ ਸਿੰਘ ਦੇ ਮਿਸ਼ਨ ਦੀ ਵਧ ਰਹੀ ਲੋਕਪ੍ਰਿਯਤਾ ਨੂੰ ਗੰਭੀਰ ਤੇ ਚਿੰਤਾ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ।[19]

ਬਾਬਾ ਰਾਮ ਸਿੰਘ ਵੱਲੋਂ ਸਾਰੇ ਪੰਜਾਬ ਨੂੰ 22 ਕੇਂਦਰਾਂ ਵਿਚ ਵੰਡ ਕੇ ਹਰ ਸੂਬੇ ਵਿਚ ਪ੍ਰਚਾਰਕ ਨਿਯਤ ਕਰ ਦਿੱਤੇ ਜੋ ਚੰਗੇ ਵਿਦਵਾਨ ਪੁਰਸ਼ ਸਨ। ਇਸ ਤੋਂ ਬਿਨ੍ਹਾਂ ਪੰਜਾਬ ਤੋਂ ਬਾਹਰ ਨੇਪਾਲ, ਹੈਦਰਾਬਾਦ ਦੱਖਣ,

[18] Fauja Singh (Dr.), *Kuka Movement*, p.7

[19] Ibid, p.24-25

ਗਵਾਲੀਅਰ, ਲਖਨਊ ਤੇ ਕਾਬਲ ਕੰਧਾਰ ਵਿਚ ਵੀ ਸੂਬੇ ਨਿਯਤ ਕੀਤੇ ਗਏ। ਇਸ ਨਾਲ ਸਿੱਖੀ ਪ੍ਰਚਾਰ ਵਧਿਆ ਤੇ ਲੋਕਾਂ ਵਿਚ ਜਾਗ੍ਰਿਤੀ ਆਈ। ਪਹਿਲਾਂ ਇਹ ਲਹਿਰ ਲੁਧਿਆਣੇ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ ਤੇ ਸਿਆਲਕੋਟ ਤੱਕ ਹੀ ਫ਼ੈਲੀ ਪਰ ਮਗਰੋਂ ਗੁੱਜਰਾਂਵਾਲਾ, ਫ਼ਿਰੋਜ਼ਪੁਰ ਤੇ ਲਾਹੌਰ ਆਦਿ ਜ਼ਿਲ੍ਹਿਆਂ ਵਿਚ ਵੀ ਪ੍ਰਚਾਰ ਹੋਇਆ। ਕੇਸਾਧਾਰੀ ਸਿੱਖ ਹੀ ਨਹੀਂ ਸਗੋਂ ਸਹਿਜਧਾਰੀ ਸਿੱਖ ਵੀ ਇਸ ਲਹਿਰ ਵਿਚ ਕੁੱਦ ਪਏ। 1857 ਵਿਚ ਇਸ ਲਹਿਰ ਨੇ ਦਸ ਲੱਖ ਤੋਂ ਉਪਰ ਸਿੱਖਾਂ ਨੂੰ ਪ੍ਰਭਾਵਿਤ ਕੀਤਾ। ਐਮ. ਐਲ ਆਹਲੂਵਾਲੀਆ ਅਤੇ ਡਾ. ਕਿਰਪਾਲ ਲਿਖਦੇ ਹਨ, "1850 ਤੋਂ 1857 ਤੱਕ ਦੇ ਸੱਤ ਵਰ੍ਹੇ ਪੰਜਾਬ ਲਈ ਵਿਸ਼ੇਸ਼ ਕਰਕੇ ਆਰਥਿਕ ਤਬਾਹੀ ਦੇ ਸਾਲ ਸਨ। ਇਸ ਕਰਕੇ ਸਮੁੱਚੇ ਭਾਰਤ ਵਿਚ ਗ਼ਦਰ ਦਾ ਆਰੰਭ ਹੋ ਰਿਹਾ ਸੀ। 14 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਬਾਬਾ ਰਾਮ ਸਿੰਘ ਨੇ ਆਪਣੇ ਪਿੰਡ ਭੈਣੀ ਅਰਾਈਆਂ ਵਿਖੇ ਨਾਮਧਾਰੀ ਕੂਕਾ ਲਹਿਰ ਦਾ ਆਰੰਭ ਕੀਤਾ। ਇਸ ਲਹਿਰ ਦੇ ਘੇਰੇ ਵਿਚ ਰਾਜਨੀਤਿਕ ਸੁਤੰਤਰਤਾ ਦੀ ਪ੍ਰਾਪਤੀ ਵੀ ਸ਼ਾਮਲ ਕਰ ਲਈ ਗਈ ਸੀ। ਇਸ ਲਹਿਰ ਦੇ ਆਗੂਆਂ ਨੇ 'ਸੰਤ ਖ਼ਾਲਸਾ' ਦਾ ਰੂਪ ਧਾਰਨਾ ਸੀ। ਇਸ ਵਿਚ ਸਮਾਜਿਕ ਕੁਰੀਤੀਆਂ ਦੇ ਨਾਲ ਸਵਦੇਸ਼ੀ ਵਸਤਾਂ ਦੇ ਬਾਈਕਾਟ ਨੂੰ ਵੀ ਸ਼ਾਮਲ ਕਰ ਲਿਆ ਗਿਆ ਸੀ।"[20]

**ਨਾਮਧਾਰੀ ਲਹਿਰ ਦਾ ਰਾਜਨੀਤਿਕ ਪੱਖ**

ਨਾਮਧਾਰੀ ਲਹਿਰ ਰਾਹੀਂ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਵੱਲੋਂ 'ਅਣਖ ਤੇ ਆਜ਼ਾਦੀ' ਲਈ ਦਿੱਤੀ ਸ਼ਹਾਦਤ ਨੂੰ ਮੂਲ ਆਧਾਰ ਬਣਾ ਕੇ ਲੋਕਾਂ ਵਿਚ ਰਾਜਸੀ ਤੇ ਧਾਰਮਿਕ ਜਾਗ੍ਰਿਤੀ ਲਿਆਂਦੀ ਗਈ। ਗੋਰਿਆਂ ਨੂੰ ਕੱਢ ਕੇ ਸਵੈਰਾਜ ਸਥਾਪਿਤ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ ਗਿਆ। ਬਾਬਾ ਰਾਮ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹੱਤਤਾ ਬਾਰੇ ਦੱਸਦੇ ਸਨ। ਸਾਰੇ ਸੂਬਿਆਂ ਨੂੰ ਗੁਪਤ ਹੁਕਮਨਾਮੇ ਭੇਜੇ ਜਾਂਦੇ ਸਨ। ਰਾਮ ਸਿੰਘ ਨੇ ਆਪਣੇ ਸ਼ਰਧਾਲੂਆਂ ਵਿਚ ਸੁਤੰਤਰਤਾ ਦੀ ਭਾਵਨਾ ਜਗਾਈ ਤੇ ਗੋਰਿਆਂ ਵਿਰੁੱਧ ਹਥਿਆਰਬੰਦ ਲੜਾਈ ਲੜਨ ਲਈ ਤਿਆਰ ਕੀਤਾ।

ਸੂਬਾ ਜਥੇਬੰਦੀ ਨੂੰ ਪੱਕਿਆਂ ਕਰਨ ਲਈ ਪਿੰਡਾਂ ਵਿਚ ਆਪਸੀ ਝਗੜੇ ਨਿਪਟਾਉਣ ਲਈ ਸਾਂਝੇ ਪੁਰਸ਼ਾਂ ਦੀਆਂ ਪੰਚਾਇਤਾਂ ਬਣਵਾਈਆਂ ਗਈਆਂ। ਇਹ ਸੂਬੇ ਧਾਰਮਿਕ ਤੇ ਰਾਜਨੀਤਿਕ ਦੋਵਾਂ ਕਿਸਮਾਂ ਦਾ ਪ੍ਰਚਾਰ ਕਰਦੇ ਸਨ। ਹਰ ਸੂਬੇ ਅਧੀਨ ਦੋ-ਦੋ ਜਥੇਦਾਰ, ਹਰ ਤਹਿਸੀਲ ਵਿਚ ਤੇ ਫਿਰ ਹਰ ਪਿੰਡ ਵਿਚ ਪਿੰਡ ਦੇ ਗ੍ਰੰਥੀ ਨੂੰ ਨਾਮਧਾਰੀ ਆਗੂ ਥਾਪਿਆ ਗਿਆ। ਸੰਗਤ ਤੇ ਪੰਗਤ ਦੀ ਹਰ ਪਿੰਡ ਵਿਚ ਰੀਤ ਚਾਲੂ ਕੀਤੀ ਗਈ।

---

[20] *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ*, ਪੰਨਾ-179-180

**ਵਿਦੇਸ਼ੀ ਚੀਜ਼ਾਂ ਦਾ ਬਾਈਕਾਟ**

ਜਿਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੇ ਸਿੱਖਾਂ ਨੂੰ ਮੁਗ਼ਲ ਸਰਕਾਰ ਦੇ ਅਧਿਕਾਰੀਆਂ ਦੇ ਬਾਈਕਾਟ ਦਾ ਸਿਧਾਂਤ ਦਿੱਤਾ ਉਸੇ ਤਰ੍ਹਾਂ ਹੀ ਬਾਬਾ ਰਾਮ ਸਿੰਘ ਨੇ ਵੀ ਸਰਕਾਰ ਵਿਰੁੱਧ ਨੀਤੀ ਅਪਣਾਈ। ਉਨ੍ਹਾਂ ਨੇ ਰਾਜਸੀ ਸੁਤੰਤਰਤਾ ਲਈ ਸੰਘਰਸ਼ ਦੀ ਆਰੰਭਤਾ ਸਮਾਜਿਕ ਸੁਧਾਰਾਂ ਤੋਂ ਕੀਤੀ। ਉਹ ਜਾਣਦੇ ਸਨ ਜਦੋਂ ਕੋਈ ਕੌਮ ਬਦੇਸ਼ੀ ਹਾਕਮਾਂ ਦੀ ਬੋਲੀ, ਪਹਿਰਾਵੇ ਅਤੇ ਸਭਿਆਚਾਰ ਦੀ ਨਕਲ ਕਰਨਾ ਸ਼ੁਰੂ ਕਰਦੀ ਹੈ ਤਾਂ ਉਹ ਆਪਣਾ ਵਿਰਸਾ ਭੁੱਲ ਜਾਂਦੀ ਹੈ ਤੇ ਗ਼ੁਲਾਮੀ ਪੱਕੀ ਹੋ ਜਾਂਦੀ ਹੈ। ਉਨ੍ਹਾਂ ਦੇ ਸਿਧਾਂਤਾਂ ਵਿਚ ਪੰਜ ਚੀਜ਼ਾਂ ਮੁੱਖ ਸਨ, ਸਰਕਾਰੀ ਨੌਕਰੀ ਦਾ ਬਾਈਕਾਟ, ਸਰਕਾਰੀ ਵਿਦਿਅਕ ਸੰਸਥਾਵਾਂ ਦਾ ਬਾਈਕਾਟ, ਸਰਕਾਰੀ ਅਦਾਲਤਾਂ ਦਾ ਬਾਈਕਾਟ, ਬਦੇਸ਼ੀ ਕੱਪੜੇ ਦਾ ਬਾਈਕਾਟ ਅਤੇ ਰੇਲ-ਡਾਕ ਤਾਰ ਸੇਵਾ ਦਾ ਬਾਈਕਾਟ।[21] ਕੋਈ ਕੂਕਾ ਥਾਣੇ ਨਾ ਜਾਂਦਾ, ਨਾ ਡਾਕ ਵਰਤਦਾ। ਉਨ੍ਹਾਂ ਨੇ ਅੰਦਰਖਾਤੇ ਆਪਣੀ ਡਾਕ ਤੇ ਥਾਣੇ ਨਿਯਤ ਕਰਨ ਦਾ ਪ੍ਰਬੰਧ ਕਰ ਲਿਆ ਸੀ। ਗਿਆਨੀ ਲਾਲ ਸਿੰਘ ਅਨੁਸਾਰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਲਿਖਦੇ ਹਨ, "ਗੁਰੂ ਰਾਮ ਸਿੰਘ ਸੁਤੰਤਰਤਾ ਨੂੰ ਵੀ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਇਸ ਦੀ ਪ੍ਰਾਪਤੀ ਲਈ ਨਾਮਧਾਰੀਆਂ ਦਾ ਸੰਗਠਨ ਬਹੁਤ ਬਲਵਾਨ ਹੋ ਗਿਆ ਸੀ। ਸਾਡੇ ਦੇਸ਼ ਵਿਚ ਗਾਂਧੀ ਨੇ ਨਾ ਮਿਲਵਰਤਨ ਦੀ ਜੋ ਲਹਿਰ ਏਨੇ ਜ਼ੋਰ ਨਾਲ ਚਲਾਈ ਉਹ ਪੰਜਾਹ ਵਰ੍ਹੇ ਪਹਿਲਾਂ ਹੀ ਗੁਰੂ ਰਾਮ ਸਿੰਘ ਨੇ ਪ੍ਰਚੱਲਿਤ ਕਰ ਦਿੱਤੀ ਸੀ।"[22]

ਅਸਲ ਵਿਚ ਧਾਰਮਿਕ ਜਾਗ੍ਰਿਤੀ, ਸਮਾਜ ਸੁਧਾਰ ਤੇ ਸਦਾਚਾਰਕ ਪ੍ਰਚਾਰ ਦੁਆਰਾ ਲੋਕਾਂ ਅੰਦਰ ਸੁਤੰਤਰਤਾ ਦੀ ਭਾਵਨਾ ਪੈਦਾ ਹੋਣੀ ਕੁਦਰਤੀ ਸੀ। 16 ਸਤੰਬਰ, 1867 ਨੂੰ ਅੰਬਾਲੇ ਦੇ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਇਕ ਰਿਪੋਰਟ ਵਿਚ ਲਿਖਿਆ ਸੀ "ਕਿ ਮੇਰਾ ਦ੍ਰਿੜ੍ਹ ਨਿਸ਼ਚਾ ਹੈ ਕਿ ਅਵੇਰੇ ਜਾਂ ਸਵੇਰੇ ਕੂਕਿਆਂ ਦਾ ਉਦੇਸ਼ ਸਰਕਾਰ ਨਾਲ ਲੜਾਈ ਕਰਨਾ ਹੈ। ਇਕ ਜੰਗਜੂ ਕੌਮ ਆਪਣੀ ਮਾਤ-ਭੂਮੀ ਨੂੰ ਸੁਤੰਤਰ ਕਰਨ ਲਈ ਆਪਣੀ ਪੁਰਾਤਨ ਸ਼ਾਨ ਨੂੰ ਸੁਰਜੀਤ ਕਰਨ ਲਈ ਛਟਪਟਾ ਰਹੀ ਹੈ। ਇਹ ਸਾਰਾ ਕੁਝ ਧਾਰਮਿਕ ਪੁਨਰ-ਜਾਗ੍ਰਿਤੀ ਰਾਹੀਂ ਹੋ ਰਿਹਾ ਹੈ।"[23]

ਬਾਬਾ ਜੀ ਜੂਨ 1863 ਨੂੰ ਆਪਣੇ ਜਥੇ ਸਮੇਤ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ 'ਖੋਟੇ' ਗਏ। ਪਿੰਡ ਦੇ ਗੰਢਾ ਸਿੰਘ ਨਾਮੀ ਮੁਖ਼ਬਰ ਨੇ ਥਾਣੇ ਵਿਚ ਰਿਪੋਰਟ ਦਿੱਤੀ, "ਬਾਬਾ ਰਾਮ ਸਿੰਘ ਪੰਜ ਸੌ ਸਾਥੀਆਂ ਸਮੇਤ ਪਿੰਡ

[21] ਬਰਾੜਾ, ਗੁਰਚਰਨ ਸਿੰਘ, *ਭਾਰਤੀ ਆਜ਼ਾਦੀ ਦਾ ਅੰਦੋਲਨ,* ਪੰਨਾ-44

[22] *ਪੰਜਾਬੀ ਵੀਰ ਪਰੰਪਰਾ ਦਾ ਵਿਕਾਸ,* ਪੰਨਾ-164

[23] Fauja Singh (Dr.), *Kuka Movement,* p.59-60

ਡੇਰਾ ਲਾਈ ਬੈਠਾ ਹੈ ਤੇ ਸਰਕਾਰ ਵਿਰੁੱਧ ਪ੍ਰਚਾਰ ਕਰ ਰਿਹਾ ਹੈ। ਉਸਨੇ 'ਸੌ ਸਾਖੀ' ਵਿਚੋਂ ਦੋ ਸਾਖੀਆਂ ਦੀ ਨਕਲ ਲਈ ਜਿਸ ਵਿਚ ਲਿਖਿਆ ਹੋਇਆ ਸੀ, "ਦੇਸ਼ ਵਿਚ ਆਮ ਬਗਾਵਤ ਹੋ ਜਾਏਗੀ ਖ਼ਾਲਸਾ ਰਾਜ ਮੁੜ ਸਥਾਪਿਤ ਹੋਵੇਗਾ।"ਦਲੀਪ ਸਿੰਘ ਆਵੇਗਾ, ਬਿਕ੍ਰਮੀ ਸੰਮਤ 1899 ਹੋਵੇਗਾ। ਪੱਛਮ ਵੱਲੋਂ ਉਠ ਕੇ ਖ਼ਾਲਸਾ ਪੂਰਬ ਉੱਤੇ ਛਾਏਗਾ।"[24] ਬਾਬਾ ਰਾਮ ਸਿੰਘ ਬਾਰੇ ਇਹ ਵੀ ਕਿਹਾ ਗਿਆ ਕਿ ਉਹ ਆਪਣੇ ਸੇਵਕਾਂ ਨੂੰ ਕਹਿੰਦਾ ਹੈ ਕਿ ਛੇਤੀ ਹੀ ਖ਼ਾਲਸਾ ਰਾਜ ਕਾਇਮ ਕਰ ਦੇਣਾ ਹੈ। ਇਸ ਕੰਮ ਲਈ ਸਵਾ ਲੱਖ ਮਨੁੱਖ ਉਸ ਦੇ ਹੁਕਮ ਦੀ ਉਡੀਕ ਕਰ ਰਹੇ ਹਨ। 1863 ਵਿਚ ਹੀ ਅੰਗਰੇਜ਼ ਅਧਿਕਾਰੀਆਂ ਨੇ ਬਾਬਾ ਰਾਮ ਸਿੰਘ ਦੇ ਪ੍ਰਚਾਰ ਨੂੰ ਰਾਜਨੀਤਿਕ ਰੰਗਤ ਦੇਣੀ ਸ਼ੁਰੂ ਕਰ ਦਿੱਤੀ ਸੀ। ਇਸ ਰਿਪੋਰਟ ਦੀ ਪੁੱਛ ਪੜਤਾਲ ਕਰਨ ਤੋਂ ਬਾਅਦ ਬਟਾਲਾ ਦੇ ਅਸਿਸਟੈਂਟ ਕਮਿਸ਼ਨਰ ਕੈਰੀ ਅਲੀ ਨੇ ਸਰਕਾਰ ਨੂੰ ਸੂਚਿਤ ਕੀਤਾ ਕਿ ਬਾਬਾ ਰਾਮ ਸਿੰਘ ਬੜਾ ਖ਼ਤਰਨਾਕ ਆਦਮੀ ਹੈ ਤੇ ਉਸਨੂੰ ਅਵੱਸ਼ ਗ੍ਰਿਫ਼ਤਾਰ ਕਰ ਲੈਣਾ ਚਾਹੀਦਾ ਹੈ।[25] ਬਾਬਾ ਜੀ ਨੂੰ ਭੈਣੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਰਿਹਾਅ ਹੋਣ ਤੋਂ ਬਾਅਦ ਇਨ੍ਹਾਂ ਨੇ ਫਿਰ ਪ੍ਰਚਾਰ ਲਈ ਵਹੀਰਾਂ ਘੱਤ ਦਿੱਤੀਆਂ।

ਜੂਨ 1871 ਨੂੰ ਕੁਝ ਕੂਕਿਆਂ ਨੇ ਅੰਮ੍ਰਿਤਸਰ ਵਿਚ ਚਾਰ ਬੁੱਚੜਾਂ ਦਾ ਕਤਲ ਕਰ ਦਿੱਤਾ ਕਿਉਂਕਿ ਇਹ ਸਰਕਾਰ ਦੀ ਹਮਾਇਤ ਨਾਲ ਪਵਿੱਤਰ ਧਾਰਮਿਕ ਅਸਥਾਨਾਂ ਦੀ ਬੇਅਦਬੀ ਕਰਦੇ ਸਨ।[26] ਇਸ ਕਾਂਢ ਦੇ ਦੋਸ਼ੀ ਚਾਰ ਕੂਕਿਆਂ ਨੇ ਬਾਬਾ ਰਾਮ ਸਿੰਘ ਦੇ ਕਹਿਣ 'ਤੇ ਆਪ ਜੱਜ ਸਾਹਮਣੇ ਪੇਸ਼ ਹੋ ਕੇ ਆਪਣੇ ਇਸ ਅਪਰਾਧ ਦਾ ਇਕਬਾਲ ਕੀਤਾ ਤੇ ਇਨ੍ਹਾਂ ਨੂੰ ਸ਼ਰੇਆਮ ਇਕ ਬੋਹੜ ਨਾਲ ਬੰਨ੍ਹ ਕੇ ਫਾਂਸੀ ਦਿੱਤੀ ਗਈ। ਕੈਦ ਕੀਤੇ ਗਏ ਕੂਕਿਆਂ ਦਾ ਸੁਤੰਤਰਤਾ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਇਹਨਾਂ ਗੱਲਾਂ ਤੋਂ ਵੀ ਸਾਫ਼ ਦਿਖਾਈ ਦਿੰਦਾ ਹੈ ਕਿ ਜਦੋਂ ਇੱਕ ਅੰਗਰੇਜ਼ ਫਿਰੰਗੀ ਹੀਰਾ ਸਿੰਘ ਨੂੰ ਕਹਿੰਦਾ ਹੈ ਕਿ ਤੁਸੀਂ ਕਿਉਂ ਵਿਦਰੋਹ ਪੈਦਾ ਕੀਤਾ ਹੋਇਆ ਹੈ ਤਾਂ ਹੀਰਾ ਸਿੰਘ ਕਹਿੰਦਾ ਹੈ, "ਅਸੀਂ ਤੁਹਾਡਾ ਫ਼ਿਰੰਗੀ ਰਾਜ ਨਹੀਂ ਚਾਹੁੰਦੇ। ਅਸੀਂ ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਅਸੀਂ ਸਿਰ ਦੇਵਾਂਗੇ ਅਤੇ ਲੇਵਾਂਗੇ ਵੀ। ਅਸੀਂ ਉਦੋਂ ਤੱਕ ਆਰਾਮ ਨਹੀਂ ਕਰਾਂਗੇ ਜਦੋਂ ਤੱਕ ਤੁਹਾਨੂੰ ਇਥੋਂ ਤੋਰ ਨਹੀਂ ਦਿੰਦੇ। ਅਸੀਂ ਦੁਬਾਰਾ ਮਰਦੇ ਤੇ ਜੰਮਦੇ ਰਹਾਂਗੇ ਅਤੇ ਤੁਹਾਡੀ ਸ਼ਕਤੀ ਨਸ਼ਟ ਕਰਕੇ ਰਹਾਂਗੇ।"[27]

ਗਿਆਨੀ ਸੂਬਾ ਸਿੰਘ ਫਾਂਸੀ ਦੇ ਤਖ਼ਤੇ ਉਤੇ ਚੜ੍ਹਦਿਆਂ ਲਾਗੇ ਖੜੇ ਅੰਗਰੇਜ਼ ਅਫ਼ਸਰ ਨੂੰ ਸੰਬੋਧਨ ਕਰਕੇ ਕਹਿਣ ਲੱਗਾ, "ਓਏ ਬਿੱਲਿਆ ਸਾਲਿਆ ਮੂੰਹ ਤਾਂ ਸਾਹਮਣੇ ਰੱਖ, ਪਿੱਠ ਕਿਉਂ ਕੀਤੀ ਆ। ਦਸ

---

[24] ਨਈਅਰ, ਗੁਰਚਬਨ ਸਿੰਘ (ਡਾ.) (ਸੰਪਾ.), *ਗੁਰ ਰਤਨ ਮਾਲ (ਸੌ ਸਾਖੀ)*, ਸਾਖੀ ਨੰਬਰ 1, ਪੰਨਾ-25-26

[25] ਆਹਲੂਵਾਲੀਆ ਅਤੇ ਹੋਰ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-184,

[26] Fauja Singh (Dr.), *Kuka Movement,* p.79

[27] Ibid, p.126

ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਫਿਰ ਆਇਆ ਜਾਣ। ਜਵਾਨ ਹੋ ਕੇ ਬਦਲੇ ਲਵਾਂਗਾ।"[28] ਕੂਕਿਆਂ ਲਹਿਰ ਬੁੱਚੜਾਂ ਨੂੰ ਸੋਧਦੀ ਹੋਈ ਮਲੋਟ ਆ ਪਹੁੰਚੀ। ਕੁਝ ਕੂਕੇ ਮਲੋਟ ਵਿਚ ਬਚਨ ਸਿੰਘ ਦੀਆਂ ਘੋੜੀਆਂ ਖੋਲ੍ਹਣ ਲੱਗ ਪਏ ਅਤੇ ਇਥੇ ਵੀ ਦੋ ਕੂਕੇ ਮਾਰੇ ਗਏ।

ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਮਲੇਰਕੋਟਲੇ ਵਿਖੇ ਕੂਕਿਆਂ ਨੇ 15 ਜਨਵਰੀ ਨੂੰ ਸਰਕਾਰੀ ਹਥਿਆਰਖਾਨੇ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਕੋਤਵਾਲ ਅਹਿਮਦ ਖ਼ਾਨ ਮਾਰਿਆ ਗਿਆ। ਦੋਵੇਂ ਪਾਸੇ ਸੱਤ-ਸੱਤ ਵਿਅਕਤੀ ਮਾਰੇ ਗਏ ਅਤੇ ਕਾਫ਼ੀ ਫੱਟੜ ਹੋਏ। ਮਿਸਟਰ ਕਾਵਨ ਨੇ ਸਾਰੇ ਕਾਨੂੰਨਾਂ ਨੂੰ ਛਿੱਕੇ 'ਤੇ ਟੰਗ 50 ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਦਾ ਹੁਕਮ ਜਾਰੀ ਕਰ ਦਿੱਤਾ। ਮਲੇਰਕੋਟਲੇ ਦੇ ਪਰੇਡ ਗਰਾਊਂਡ ਵਿਚ 49 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ।[29] ਕਈ ਕੂਕਿਆਂ ਨੂੰ ਫ਼ਾਂਸੀ ਦਿੱਤੀ ਗਈ। ਕੂਕਿਆਂ ਦੇ ਖਿਲਾਫ਼ ਸਰਕਾਰੀ ਕਾਰਵਾਈ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਬਰਤਾਨਵੀ ਹਕੂਮਤ ਦੇ ਖਿਲਾਫ਼ ਨਫ਼ਰਤ ਪੈਦਾ ਕਰ ਦਿੱਤੀ ਜੋ 20ਵੀਂ ਸਦੀ ਦੇ ਸ਼ੁਰੂ ਵਿਚ ਅਕਾਲੀਆਂ ਦੀ ਧਾਰਮਿਕ ਅਤੇ ਰਾਜਨੀਤਿਕ ਸਰਗਰਮੀਆਂ ਲਈ ਜ਼ਮੀਨ ਤਿਆਰ ਕਰਨ ਵਿਚ ਸਹਾਈ ਹੋਈ।

ਆਪਣੇ ਮਿਸ਼ਨ ਦੀ ਪੂਰਤੀ ਲਈ ਬਾਬਾ ਰਾਮ ਸਿੰਘ ਨੇ ਅਜਿਹੇ ਰਜਵਾੜਿਆਂ ਤੇ ਦੇਸ਼ਾਂ ਨਾਲ ਵੀ ਸੰਪਰਕ ਕਾਇਮ ਕੀਤਾ ਜੋ ਲੋੜ ਪੈਣ 'ਤੇ ਉਸਦੀ ਮਦਦ ਕਰ ਸਕਦੇ ਸਨ। ਲੋਕਾਂ ਅੰਦਰ ਧਾਰਮਿਕ ਪੁਨਰ-ਜਾਗ੍ਰਿਤੀ, ਸਮਾਜ ਸੁਧਾਰ ਤੇ ਸਦਾਚਾਰ ਦੇ ਪ੍ਰਚਾਰ ਨਾਲ ਸੁਤੰਤਰਤਾ ਦੀ ਭਾਵਨਾ ਪੈਦਾ ਹੋਈ। ਸਰਕਾਰ ਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। 18 ਜਨਵਰੀ 1872 ਨੂੰ ਪੁਲਿਸ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਨ ਆਈ ਤਾਂ ਉਨ੍ਹਾਂ ਨੇ ਆਪਣੇ ਛੋਟੇ ਭਰਾ ਬੁੱਧ ਸਿੰਘ ਨੂੰ ਆਖਿਆ, 'ਫ਼ਿਕਰ ਨਾ ਕਰੋ, ਹਰੇਕ ਚੀਜ਼ ਦੀ ਕੀਮਤ ਦੇਣੀ ਪੈਂਦੀ ਹੈ। ਮੈਂ ਉਸ ਚੀਜ਼ ਦੀ ਕੀਮਤ ਦੇਣ ਜਾ ਰਿਹਾ ਹਾਂ ਜਿਸ ਤੋਂ ਬਗ਼ੈਰ ਮੇਰੇ ਦੇਸ਼ ਤੇ ਮੇਰੇ ਪਿਆਰੇ ਪੰਜਾਬ ਨੇ ਹਮੇਸ਼ਾ ਗ਼ੁਲਾਮੀ ਵਿਚ ਜਕੜਿਆ ਰਹਿਣਾ ਸੀ।"[30] ਬਾਬਾ ਰਾਮ ਸਿੰਘ ਦਾ ਇਸ ਸਾਕੇ ਵਿਚ ਕੋਈ ਹੱਥ ਨਹੀਂ ਸੀ ਪਰ ਫਿਰ ਵੀ ਸਰਕਾਰ ਨੇ ਉਨ੍ਹਾਂ ਨਾਲ ਦਸ ਮੁਖੀ ਸੂਬਿਆਂ ਨੂੰ ਫੜ੍ਹ ਕੇ ਜਲਾਵਤਨ ਕਰ

---

[28] ਉਧਰਿਤ, Fauja Singh (Dr.), *Kuka Movement*, p.84

[29] *"ਜਿਸ ਵੇਲੇ ਇਨ੍ਹਾਂ ਕੂਕਿਆਂ ਨੂੰ ਉਡਾਇਆ ਜਾ ਰਿਹਾ ਸੀ ਤਾਂ ਇਕ ਕੂਕਾ ਗਾਰਡ ਵਿਚੋਂ ਨਿਕਲ ਕੇ ਅੰਗਰੇਜ਼ ਅਫ਼ਸਰ ਕਾਵਨ ਨੂੰ ਜਾ ਪਿਆ ਤੇ ਉਸਦੀ ਦਾੜੀ ਫੜ੍ਹ ਉਸਦੀ ਸੰਘੀ ਜਾ ਦੱਬੀ। ਇਹ ਕੂਕਾ ਬੜਾ ਬਲਵਾਨ ਸੀ ਤੇ ਕਾਵਨ ਨੇ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਛੁਡਾਇਆ। ਫਿਰ ਇਹ ਝੁੰਜਲਾ ਕੇ ਕੁਝ ਰਿਆਸਤੀ ਅਫ਼ਸਰਾਂ ਨੂੰ ਜਾ ਪਿਆ ਜਿਨ੍ਹਾਂ ਨੇ ਤਲਵਾਰਾਂ ਨਾਲ ਇਸਦੇ ਟੋਟੇ ਕਰ ਦਿੱਤੇ।"* ਗੰਡਾ ਸਿੰਘ (ਡਾ.) *ਕੂਕਿਆਂ ਦੀ ਵਿਥਿਆ,* ਪੰਨਾ-100-101

[30] Ahluwalia, *Kuka's, The Freedom Fighters Of The Punjab*, p. 33

ਰੰਗੂਨ ਦੀ ਸੈਂਟਰਲ ਜੇਲ੍ਹ ਬਰਮਾ ਭੇਜ ਦਿੱਤਾ। ਫਿਰ 1880 ਨੂੰ ਉਨ੍ਹਾਂ ਮਰਗੋਈ ਜੇਲ ਵਿਚ ਬਦਲ ਦਿੱਤਾ ਤੇ ਇਥੇ ਹੀ ਰਾਮ ਸਿੰਘ 1885 ਵਿਚ ਸ਼ਹੀਦੀ ਪਾ ਗਿਆ।

ਇਸ ਲਹਿਰ ਬਾਰੇ ਗਿਆਨੀ ਲਾਲ ਸਿੰਘ ਲਿਖਦੇ ਹਨ, "ਭਾਵੇਂ ਇਸਦਾ ਕੋਈ ਫ਼ੌਰੀ ਨਤੀਜਾ ਨਾ ਨਿਕਲਿਆ ਪਰ ਬਾਬਾ ਰਾਮ ਸਿੰਘ ਦੇ ਪ੍ਰਚਾਰ ਨਾਲ ਸਿੱਖਾਂ ਵਿਚ ਆਜ਼ਾਦੀ ਤੇ ਦੇਸ਼-ਭਗਤੀ ਦਾ ਜਜ਼ਬਾ ਤੀਬਰਤਾ ਨਾਲ ਉੱਭਰਿਆ ਤੇ ਉਨ੍ਹਾਂ ਦੇ ਦਿਲਾਂ ਵਿਚ ਅੰਗਰੇਜ਼ਾਂ ਦੇ ਵਿਰੁੱਧ ਨਫ਼ਰਤ ਕੁੱਟ-ਕੁੱਟ ਕੇ ਭਰ ਗਈ ਸੀ ਲਗਪਗ ਚਾਲੀ ਸਾਲ ਬਾਅਦ ਅਮਰੀਕਾ ਤੇ ਕੈਨੇਡਾ ਵਿਚ ਪੰਜਾਬੀਆਂ ਨੇ ਦੇਸ਼ ਦੀ ਸੁਤੰਤਰਤਾ ਲਈ ਜੋ ਗ਼ਦਰ ਪਾਰਟੀ ਬਣਾਈ, ਉਸਦੇ ਬਹੁਤੇ ਮੈਂਬਰ 'ਕੂਕਾ ਅੰਦੋਲਨ' ਤੋਂ ਪ੍ਰਭਾਵਿਤ ਹੋ ਕੇ ਇਸ ਲਹਿਰ ਵਿਚ ਸ਼ਾਮਲ ਹੋਏ ਸਨ। "[31] ਕੁਝ ਲੋਕਾਂ ਦਾ ਮੱਤ ਹੈ ਕਿ ਬਾਬਾ ਰਾਮ ਸਿੰਘ ਦਾ ਮਤਿ ਸਿੱਖ ਧਰਮ ਤੋਂ ਵੱਖਰਾ ਹੈ। ਡਾ. ਗੰਡਾ ਸਿੰਘ ਦਲੀਲ ਦਿੰਦੇ ਹਨ, "ਉਨ੍ਹਾਂ ਆਪਣੇ ਆਪ ਨੂੰ ਗੁਰੂ ਜਾਂ ਸੰਤ ਨਹੀਂ ਸੀ ਕਹਿਲਾਇਆ। ਉਨ੍ਹਾਂ ਦਾ ਵਿਚਾਰ ਸੀ ਕਿ ਗੁਰੂ ਗੋਬਿੰਦ ਸਿੰਘ ਵੱਲੋਂ ਪ੍ਰਵਾਣੀਕ ਆਦਿ ਗ੍ਰੰਥ ਹੀ ਕੇਵਲ ਸਤਿ ਹੈ, ਧੁਰ ਕੀ ਬਾਣੀ ਹੈ, ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ। ਹੋਰ ਗੁਰੂ ਬਣਨ ਵਾਲੇ ਸਭ ਬਹਿਰੂਪੀਏ ਹਨ। ਨਵੇਂ ਸਜੇ ਸਿੱਖਾਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਪੜ੍ਹਨ ਦੀ ਆਗਿਆ ਹੈ ਹੋਰ ਗ੍ਰੰਥ ਨਹੀਂ। "[32] ਕੂਕਾ ਲਹਿਰ ਨੇ ਦੇਸ਼ ਵਿਚ ਧਾਰਮਿਕ, ਸਮਾਜਿਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਭਾਰਤੀਆਂ ਵਿਚ ਕੌਮੀ ਏਕਤਾ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਪ੍ਰਬਲ ਬਣਾਉਣ ਲਈ ਸ਼ਲਾਘਾਯੋਗ ਕੰਮ ਕੀਤਾ ਅਤੇ ਦੇਸ਼ ਦੇ ਰਾਸ਼ਟਰੀ ਸੁਤੰਤਰਤਾ ਅੰਦੋਲਨ ਲਈ ਮਜ਼ਬੂਤ ਨੀਂਹ ਤਿਆਰ ਕੀਤੀ। ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅਣਗਿਣਤ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ।[33]

**ਸਿੰਘ ਸਭਾ ਲਹਿਰ**

ਕੂਕਿਆਂ ਦੀ ਲਹਿਰ ਨੂੰ ਦਬਾਉਣ ਤੋਂ ਬਾਅਦ ਅੰਗਰੇਜ਼ਾਂ ਨੇ ਇਸਾਈ ਮੱਤ ਦੇ ਪ੍ਰਚਾਰ ਨਾਲ ਸਿੱਖੀ ਨੂੰ ਢਾਅ ਲਾਉਣ ਦੀ ਕੋਸ਼ਿਸ਼ ਕੀਤੀ ਜਿਸ ਤਹਿਤ ਪਹਿਲਾਂ 1853 ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਧਰਮ ਕਬੂਲ ਕਰਵਾਇਆ ਗਿਆ। 1873 ਵਿਚ ਅੰਮ੍ਰਿਤਸਰ ਸਿੱਖ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਇਸਾਈ ਮੱਤ ਗ੍ਰਹਿਣ ਕਰਨ ਦੀ ਇੱਛਾ ਜ਼ਾਹਿਰ ਕੀਤੀ। ਇਸ ਘਟਨਾਕ੍ਰਮ ਨੇ ਸਿੱਖ ਸਮਾਜ ਦੀਆਂ ਉੱਪਰਲੀਆਂ ਪਰਤਾਂ ਅੰਦਰ ਤਿੱਖਾ ਪ੍ਰਤੀਕਰਮ ਜਗਾਇਆ। ਇਨ੍ਹਾਂ ਖ਼ਤਰਿਆਂ ਦੇ ਉਪਾਅ ਲਈ ਕੁਝ ਪਤਵੰਤੇ ਸਿੱਖਾਂ ਨੇ 1873 ਵਿਚ 'ਸਿੰਘ ਸਭਾ' ਨਾਂ ਦੀ ਸੰਸਥਾ ਦਾ ਮੁੱਢ ਬੰਨਿਆ। ਦੋ ਦਹਾਕਿਆਂ

---

[31] *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)*, ਪੰਨਾ-169

[32] *ਕੂਕਿਆਂ ਦੀ ਵਿਥਿਆ*, ਪੰਨਾ-178

[33] ਬਰਾੜਾ, ਗੁਰਚਰਨ ਸਿੰਘ, *ਭਾਰਤੀ ਆਜ਼ਾਦੀ ਦਾ ਅੰਦੋਲਨ*, ਪੰਨਾ-58

ਅੰਦਰ ਹਰ ਸ਼ਹਿਰ ਅਤੇ ਕਸਬੇ ਅੰਦਰ ਸਿੰਘ ਸਭਾਵਾਂ ਕਾਇਮ ਹੋ ਗਈਆਂ ਤੇ ਇਨ੍ਹਾਂ ਦੀ ਗਿਣਤੀ ਸਵਾ ਸੌ ਦੇ ਕਰੀਬ ਜਾ ਪਹੁੰਚੀ।[34] ਇਸ ਸੰਸਥਾ ਦੇ ਪ੍ਰਚਾਰ ਨਾਲ ਇਹ ਸਿੱਖ ਲਹਿਰ ਬਣ ਗਈ ਜਿਸਨੇ ਲੋਕਾਂ ਨੂੰ ਆਪਣੇ ਸਭਿਆਚਾਰਕ ਵਿਰਸੇ ਤੋਂ ਜਾਣੂ ਕਰਵਾਉਣ ਲਈ ਹੰਭਲਾ ਮਾਰਿਆ। ਸੰਪਰਦਾਇਕਤਾ ਨੂੰ ਖ਼ਤਮ ਕਰਨ ਲਈ ਲੋਕਾਂ ਨੂੰ ਸਿੱਖਿਅਤ ਕਰਨ ਦਾ ਕਾਰਜ ਆਰੰਭ ਹੋਇਆ। ਇਸ ਲਹਿਰ ਨੂੰ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਸਮੇਤ ਉਘੇ ਸਿੱਖ ਵਿਦਵਾਨਾਂ ਦਾ ਸਮਰਥਨ ਹਾਸਲ ਸੀ। ਸਿੰਘ ਸਭਾ ਦੇ ਆਗੂਆਂ ਦੀ ਪ੍ਰਮੁੱਖ ਦੇਣ ਖ਼ਾਲਸਾ ਸਕੂਲਾਂ, ਕਾਲਜਾਂ ਅਤੇ ਵਿੱਦਿਆ ਦੇ ਦੂਜੇ ਕੇਂਦਰਾਂ ਦਾ ਜਾਲ ਵਿਛਾ ਦੇਣਾ ਸੀ। ਇਸ ਲਹਿਰ ਦੌਰਾਨ 1892 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੁਨਿਆਦ ਰੱਖੀ ਗਈ। ਸਿੰਘ ਸਭਾ ਲਹਿਰ ਦੇ ਅਸਰ ਹੇਠ ਖ਼ਾਲਸਾ ਸਕੂਲ ਵੀ ਖੋਲ੍ਹਿਆ ਗਿਆ। ਮਗਰੋਂ 1879 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ ਗਿਆ। ਇਹ ਵਿਦਿਆਰਥੀਆਂ ਅੰਦਰ ਕੌਮੀ ਭਾਵਨਾ ਪੈਦਾ ਕਰਨ ਦਾ ਇਕ ਮਹੱਤਵਪੂਰਨ ਕੇਂਦਰ ਬਣ ਗਿਆ ਸੀ। 20ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਅੰਦਰ ਵਧ ਰਹੀ ਰਾਜਨੀਤਿਕ ਬੇਚੈਨੀ, ਰਾਸ਼ਟਰੀ ਅਖ਼ਬਾਰਾਂ ਅਤੇ ਰਾਸ਼ਟਰਵਾਦ ਦੀਆਂ ਪ੍ਰਫੁੱਲਿਤ ਹੋ ਰਹੀਆਂ ਸ਼ਕਤੀਆਂ ਦੇ ਪ੍ਰਭਾਵ ਨੇ ਜਨਤਾ ਵਿਚ ਜਾਗ੍ਰਿਤੀ ਪੈਦਾ ਕੀਤੀ ਅਤੇ ਆਉਣ ਵਾਲੀ ਅਕਾਲੀ ਜੱਦੋਜਹਿਦ ਲਈ ਜ਼ਮੀਨ ਤਿਆਰ ਕੀਤੀ। ਇਹ ਲਹਿਰ ਇਕ ਪਾਸੇ ਮਹੰਤਾਂ ਅਤੇ ਸਿੱਖ ਧਰਮ-ਅਸਥਾਨਾਂ ਅੰਦਰਲੇ ਸਵਾਰਥੀ ਹਿੱਤਾਂ ਦੇ ਖਿਲਾਫ਼ ਸੀ ਅਤੇ ਦੂਜੇ ਪਾਸੇ ਬਰਤਾਨਵੀ ਸਾਮਰਾਜ ਦੇ ਖਿਲਾਫ਼।[35]

ਸਿੰਘ ਸਭਾ ਲਹਿਰ ਨਾਲ ਸਿੱਖਾਂ ਦੀ ਗਿਣਤੀ ਵਿਚ ਕਈ ਗੁਣਾ ਵਾਧਾ ਹੋਇਆ। ਜਥੇਦਾਰ ਅਰੂੜ ਸਿੰਘ ਨੇ ਦਰਬਾਰ ਸਾਹਿਬ ਵਿਚੋਂ ਹਿੰਦੂ ਦੇਵੀ ਦੇਵਤਿਆਂ ਦੇ ਬੁੱਤ ਕਢਵਾਏ ਕਿਉਂਕਿ ਇਹ ਅੰਗਰੇਜ਼ਾਂ ਦੀ ਚਾਲ ਸੀ ਤਾਂ ਕਿ ਮੂਰਤੀਆਂ ਰਾਹੀਂ ਸਿੱਖਾਂ ਅਤੇ ਹਿੰਦੂਆਂ ਵਿਚ ਫੁੱਟ ਪਾ ਸਕਣ। ਸਿੰਘ ਸਭਾ ਲਹਿਰ ਦੁਆਰਾ ਸਥਾਪਿਤ ਵਿਦਿਅਕ ਸੰਸਥਾਵਾਂ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਦਾ ਕੇਂਦਰ ਬਣ ਗਈਆਂ।

## ਮਹਾਰਾਜਾ ਦਲੀਪ ਸਿੰਘ ਦਾ ਯਤਨ

ਮਹਾਰਾਜਾ ਦਲੀਪ ਸਿੰਘ ਦਾ ਜਨਮ ਮਹਾਰਾਣੀ ਜਿੰਦ ਕੌਰ ਦੀ ਕੁੱਖ ਤੋਂ 6 ਸਤੰਬਰ 1838 ਨੂੰ ਹੋਇਆ। ਅੰਗਰੇਜ਼ ਸਰਕਾਰ ਨੇ ਖ਼ਾਲਸਾ ਰਾਜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਦਲੀਪ ਸਿੰਘ ਨੂੰ ਵਲਾਇਤ ਭੇਜ ਦਿੱਤਾ ਸੀ। ਕੂਕਿਆਂ ਦੇ ਗੁਰੂ ਨੂੰ ਵੀ ਇਹ ਯਕੀਨ ਸੀ ਕਿ ਇਕ ਦਿਨ ਮਹਾਰਾਜਾ ਦਲੀਪ ਸਿੰਘ

[34] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* ਪੰਨਾ-9

[35] ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਪੰਨਾ-25

ਮੁੜ ਖ਼ਾਲਸਾ ਰਾਜ ਕਾਇਮ ਕਰੇਗਾ। ਉਨ੍ਹਾਂ ਨੇ ਆਪਣੀ ਸਾਖੀ ਵਿਚ ਇਹ ਸ਼ਬਦ ਲਿਖੇ, "ਦਲੀਪ ਸਿੰਘ ਆਵੇਗਾ, ਬਿਕ੍ਰਮੀ ਸੰਮਤ 1899 ਹੋਵੇਗਾ। ਪੱਛਮ ਵੱਲੋਂ ਉੱਠ ਕੇ ਖ਼ਾਲਸਾ ਪੂਰਬ ਉੱਤੇ ਛਾਏਗਾ।"[36]

ਮਹਾਰਾਜਾ ਦਲੀਪ ਸਿੰਘ ਜਦੋਂ ਵਲਾਇਤ ਤੋਂ ਵਾਪਸ ਆ ਕੇ ਆਪਣੀ ਮਾਂ ਨੂੰ ਮਿਲਿਆ ਜੋ ਅੱਖਾਂ ਤੋਂ ਅੰਨ੍ਹੀ ਸੀ। ਉਸ ਨੇ ਗਲ਼ ਲੱਗ ਕੇ ਪਿਆਰ ਦਿੱਤਾ। ਪੁੱਤਰ ਨੂੰ ਸਖ਼ਤ ਤਾੜਨਾ ਕਰਦਿਆਂ ਤੁਰੰਤ ਅੰਮ੍ਰਿਤ ਛਕ ਕੇ ਅੰਗਰੇਜ਼ ਸਰਕਾਰ ਵਿਰੁੱਧ ਸੁਤੰਤਰਤਾ ਲਈ ਸੰਘਰਸ਼ ਕਰਨ ਵਾਸਤੇ ਆਖਿਆ। 7 ਫਰਵਰੀ 1886 ਨੂੰ ਪੈਰਿਸ ਤੋਂ ਜਾਰੀ ਹੁਕਮ ਵਿਚ ਮਹਾਰਾਜਾ ਦਲੀਪ ਸਿੰਘ ਨੇ ਪੰਜਾਬ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਮੇਰੇ ਦੇਸ਼ ਵਾਸੀਓ! ਉੱਠੋ, ਹਿੰਮਤ ਕਰੋ। ਅੱਜ, ਤੁਹਾਡਾ ਆਪਣਾ ਮਾਸ ਤੇ ਲਹੂ ਤੁਹਾਨੂੰ ਵੰਗਾਰਦਾ ਹੈ ਕਿ ਆਪਣੇ ਝੁਕੇ ਹੋਏ ਸਿਰ ਉੱਪਰ ਚੁੱਕੋ, ਪਰਮਾਤਮਾ ਦੀ ਮਿਹਰ ਨਾਲ ਆਰੀਆ ਇਕ ਵਾਰ ਫਿਰ ਸੁਤੰਤਰ ਹੋਵੇਗਾ। ਭਾਰਤ ਦੇ ਉੱਭਰਦੇ ਨੌਜਵਾਨ ਆਜ਼ਾਦੀ ਤੇ ਸ੍ਵੈਰਾਜ ਦਾ ਆਨੰਦ ਮਾਣਨਗੇ। ਉਨ੍ਹਾਂ ਨੇ ਹੋਰ ਭਾਰਤ ਦੇ ਰਾਜਿਆਂ ਨੂੰ ਵੀ ਸੁਤੰਤਰਤਾ ਲਹਿਰ ਨੂੰ ਬਲ ਦੇਣ ਲਈ ਗੁਪਤ ਚਿੱਠੀਆਂ ਵੀ ਲਿਖੀਆਂ।[37] ਉਸਨੇ ਰੂਸ ਦੇਸ ਨੂੰ ਵੀ ਭਾਰਤ ਵਾਸੀਆਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ ਤਾਂ ਕਿ ਉਸਦੀ ਮਦਦ ਨਾਲ ਗ਼ੁਲਾਮੀ ਤੋਂ ਛੁਟਕਾਰਾ ਪਾਇਆ ਜਾ ਸਕੇ। ਇਸ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਨੇ ਦੇਸ਼ ਵਾਸੀਆਂ ਨੂੰ ਵੰਗਾਰਿਆ ਕਿ ਉਹ ਉਸਦੇ ਨਾਲ ਮਿਲ ਕੇ ਮਾਤ-ਭੂਮੀ ਨੂੰ ਸੁਤੰਤਰ ਕਰਵਾਉਣ ਦਾ ਜੱਸ ਖੱਟਣ। ਪਰ ਹੁਣ ਉਸਦੇ ਯਤਨ ਕੋਈ ਬਹੁਤਾ ਕਾਰਗਰ ਸਾਬਤ ਨਹੀਂ ਹੋ ਸਕੇ। ਬਲਦੇਵ ਸਿੰਘ ਅਨੁਸਾਰ,"ਦਲੀਪ ਸਿੰਘ ਨੇ ਉੱਨ੍ਹੀਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਬਰਤਾਨਵੀ ਸੱਤਾ ਦੇ ਖਿਲਾਫ਼ ਭਾਰਤੀਆਂ ਨੂੰ ਧਰਮ ਯੁੱਧ ਦੇ ਨਾਂ 'ਤੇ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ ਅਤੇ ਬਰਤਾਨੀਆਂ ਦੇ ਵਿਰੋਧੀ ਦੇਸ਼ਾਂ ਨੂੰ ਉਨ੍ਹਾਂ ਦੀ ਮਦਦ ਲਈ ਬਹੁੜਨ ਦੀ ਅਪੀਲ ਵੀ ਕੀਤੀ। ਇਸ ਤਰ੍ਹਾਂ ਲੋਕਾਂ ਦੇ ਮਨਾਂ ਵਿਚ ਉਸਦੇ ਹੱਕ ਵਿਚ ਇਕ ਹਮਦਰਦੀ ਦੀ ਭਾਵਨਾ ਪੈਦਾ ਹੋਈ।"[38]

### ਚੀਫ਼ ਖ਼ਾਲਸਾ ਦੀਵਾਨ

ਪੰਜਾਬੀਆਂ ਵਿਚ ਸਰਕਾਰ ਵਿਰੁੱਧ ਚੇਤਨਾ ਪੈਦਾ ਕਰਨ ਲਈ ਮੁਹਤਬਰ ਸਿੱਖਾਂ ਦੁਆਰਾ 30 ਅਕਤੂਬਰ 1902 ਦੇ ਦਿਨ 'ਚੀਫ਼ ਖ਼ਾਲਸਾ ਦੀਵਾਨ' ਕਾਇਮ ਕੀਤਾ ਗਿਆ। ਇਸ ਨਾਲ 29 ਸਿੰਘ ਸਭਾਵਾਂ ਜੁੜ ਗਈਆਂ ਸਨ। ਭਾਈ ਅਰਜਨ ਸਿੰਘ ਬਾਗੜੀਆਂ ਇਸ ਦੇ ਪ੍ਰਧਾਨ ਅਤੇ ਸੁੰਦਰ ਸਿੰਘ ਮਜੀਠੀਆ ਸਕੱਤਰ ਬਣੇ। ਇਸ ਦੀਵਾਨ ਨੇ ਕਈ ਵਿਦਿਅਕ ਸਕੂਲ ਅਤੇ ਯਤੀਮਖ਼ਾਨੇ ਖੋਲ੍ਹ ਕੇ ਸਿੱਖਾਂ ਵਿਚ ਜਾਗਰੂਕਤਾ

---

[36] ਨਈਅਰ, *ਗੁਰ ਰਤਨ ਮਾਲ, ਸੌ ਸਾਖੀ,* ਸਾਖੀ ਨੰ. 1, ਪੰਨਾ-25-26

[37] ਆਹਲੂਵਾਲੀਆ ਅਤੇ ਹੋਰ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ-216

[38] Baddan, Baldev Singh (Dr.), *Fighter for freedom, Maharaja Daleep Singh*, p.120

ਪੈਦਾ ਕੀਤੀ। 1906 ਵਿਚ ਚੀਫ ਖ਼ਾਲਸਾ ਦੀਵਾਨ ਨੇ ਮਤਾ ਪਾਸ ਕੀਤਾ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਸੰਗਤਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

**ਪੰਜਾਬ ਦਾ ਕਿਸਾਨ ਅੰਦੋਲਨ**

ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਤਬਾਹ ਕਰਕੇ ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀ ਨੀਤੀ ਅਪਣਾਈ। ਫਰਵਰੀ 1900 ਤੋਂ 1907 ਦਰਮਿਆਨ ਅੰਗਰੇਜ਼ ਸਰਕਾਰ ਨੇ ਕਈ ਕਿਸਾਨ ਵਿਰੋਧੀ ਕਾਨੂੰਨ ਪਾਸ ਕੀਤੇ ਜਿਨ੍ਹਾਂ ਵਿਚ 'ਪੰਜਾਬ ਲੈਂਡ ਐਲੀਨੇਸ਼ਨ ਤੇ ਕਾਲੋਨਾਈਜ਼ੇਸ਼ਨ' ਕਾਨੂੰਨ ਲਾਗੂ ਕਰ ਦਿੱਤੇ। ਇਹਨਾਂ ਕਾਨੂੰਨਾਂ ਰਾਹੀਂ ਜ਼ਮੀਨਾਂ ਵਾਹੁਣ ਵਾਲੇ ਹੁਣ ਜ਼ਮੀਨਾਂ ਦੇ ਮਾਲਕ ਨਹੀਂ ਸਗੋਂ ਕਿਰਾਏਦਾਰ ਭਾਵ ਮੁਜ਼ਾਰੇ ਸਨ। ਇਸ ਨਾਲ ਨਹਿਰੀ ਪਾਣੀ ਦੇ ਰੇਟ ਕਾਫ਼ੀ ਵਧ ਗਏ ਤੇ ਕਿਸਾਨਾਂ ਨੂੰ ਖੇਤਾਂ ਵਿਚੋਂ ਦਰੱਖਤ ਕੱਟਣ ਤੋਂ ਰੋਕ ਦਿੱਤਾ ਗਿਆ। ਇਨ੍ਹਾਂ ਕਾਨੂੰਨਾਂ ਨੇ ਨਹਿਰੀ ਖੇਤਰ ਦੇ ਜ਼ਿਲ੍ਹਿਆਂ ਦੇ ਕਿਸਾਨਾਂ ਦਾ ਗ਼ਲ਼ਾ ਘੁੱਟ ਦਿੱਤਾ। ਕਿਸਾਨਾਂ ਨੇ ਇਸ ਕਾਨੂੰਨ ਨੂੰ 'ਗ਼ੁਲਾਮੀ ਦਾ ਚਾਰਟਰ' ਕਰਾਰ ਦਿੱਤਾ।[39] ਡਾ. ਫੌਜਾ ਸਿੰਘ ਅਨੁਸਾਰ 'ਲੈਂਡ ਐਲੀਨੇਸ਼ਨ ਐਕਟ' ਤਹਿਤ ਪੰਜਾਬ ਸਰਕਾਰ ਨੇ 'ਬਰੀ ਦੁਆਬ ਕੈਨਾਲ ਕਲੋਨੀ' ਵਿਚ ਪਾਣੀ ਦੇ ਰੇਟ ਕਾਫ਼ੀ ਵਧਾ ਦਿੱਤੇ। ਇਸ ਨਾਲ ਕਪਾਹ ਅਤੇ ਗੰਨੇ ਦੀ ਖੇਤੀ 'ਤੇ ਮਾੜਾ ਅਸਰ ਪਿਆ।[40] ਇਸ ਵਿਰੁੱਧ ਹਰ ਪਾਸੇ ਵਿਰੋਧ ਦੇ ਆਸਾਰ ਬਣ ਗਏ ਜਿਸ ਨਾਲ ਰਾਜਨੀਤਿਕ ਤੂਫ਼ਾਨ ਉਠ ਖਲੋਤਾ। ਇਹਨਾਂ ਕਿਸਾਨਾਂ ਵਿਚ 90% ਸਿੱਖ ਸਨ। ਇਸ ਕਾਨੂੰਨ ਵਿਰੁੱਧ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਜ਼ਬਰਦਸਤ ਮੁਜ਼ਾਹਰਾ ਕੀਤਾ। ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ, "ਸ਼ਾਇਦ ਇਹੀ ਮੁਜ਼ਾਹਰਾ ਸੀ ਜਿਸ ਨੇ ਅੰਗਰੇਜ਼ਾਂ ਤੋਂ ਕਿਸਾਨਾਂ ਨੂੰ ਆਜ਼ਾਦ ਹੋਣ ਦੀ ਲਹਿਰ ਦਾ ਮੁੱਢ ਬੰਨਿਆ ਸੀ।"[41]

ਪੰਜਾਬੀਆਂ ਵਿਚ ਰਾਸ਼ਟਰੀ ਭਾਵਨਾ ਅੰਗੜਾਈਆਂ ਲੈ ਰਹੀ ਸੀ ਤੇ ਇਸ ਕਾਨੂੰਨ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਕਿਸਾਨਾਂ ਨੂੰ ਕਾਲੇ ਕਾਨੂੰਨ ਵਿਰੁੱਧ ਆਵਾਜ਼ ਉਠਾਉਣ ਦਾ ਮੌਕਾ ਮਿਲ ਗਿਆ। ਸਾਂਗਲਾ, ਲਾਨਿਪੁਰ, ਗੋਜਰਾ, ਰਾਵਲਪਿੰਡੀ, ਲਾਹੌਰ ਤੇ ਫਿਰੋਜ਼ਪੁਰ ਆਦਿ ਸ਼ਹਿਰਾਂ ਵਿਚ ਸਰਕਾਰ ਵਿਰੋਧੀ ਮੁਜ਼ਾਹਰੇ ਹੋਏ। ਸ਼ਹੀਦ ਭਗਤ ਸਿੰਘ ਦਾ ਚਾਚਾ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ, ਲਾਲਾ ਲਾਜਪਤ ਰਾਇ ਆਦਿ ਨੇ ਸਰਕਾਰ ਵਿਰੋਧੀ ਭਾਸ਼ਣ ਦਿੱਤੇ। ਕਈ ਸ਼ਹਿਰਾਂ ਵਿਚ ਹਿੰਸਕ ਮੁਜ਼ਾਹਰੇ ਵੀ ਹੋਏ। 21 ਅਪ੍ਰੈਲ 1907 ਨੂੰ

---

[39] ਦਿਲਗੀਰ, *ਸਿੱਖ ਤਵਾਰੀਖ,* ਪੰਨਾ-744

[40] *A Brief Account Of The Freedom Movement In The Punjab*, p.14

[41] ਦਿਲਗੀਰ, *ਸਿੱਖ ਤਵਾਰੀਖ,* ਪੰਨਾ-745

ਸਰਕਾਰੀ ਅਫ਼ਸਰਾਂ ਦਾ ਬਾਈਕਾਟ ਕਰਨ ਲਈ ਕਿਹਾ।[42] ਇਨ੍ਹਾਂ ਦਿਨਾਂ ਵਿਚ 'ਝੰਗ ਸਿਆਲ' ਰਸਾਲੇ ਦੇ ਸੰਪਾਦਕ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓ' ਗੀਤ ਲਿਖ ਕੇ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਸਰਕਾਰ ਵਿਰੁੱਧ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ। ਰਾਵਲਪਿੰਡੀ ਵਿਖੇ ਅਜੀਤ ਸਿੰਘ ਨੇ ਕਿਸਾਨਾਂ ਨੂੰ ਵਾਧੂ ਟੈਕਸ ਨਾ ਅਦਾ ਕਰਨ ਦੀ ਅਪੀਲ ਕੀਤੀ ਅਤੇ ਖੇਤੀਬਾੜੀ ਬੰਦ ਕਰਨ ਲਈ ਕਿਹਾ।[43]

ਉਪਰੋਕਤ ਗੀਤ ਬੱਚੇ-ਬੱਚੇ ਦੀ ਜ਼ੁਬਾਨ 'ਤੇ ਸੀ। ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਖ਼ਾਲਸਾ ਕਾਲਜ ਅੰਮ੍ਰਿਤਸਰ ਆਇਆ ਤਾਂ ਵਿਦਿਆਰਥੀਆਂ ਨੇ ਇਸ ਦੇ ਵਿਰੁੱਧ ਮੁਜ਼ਾਹਰਾ ਕੀਤਾ। ਫ਼ਿਰੋਜ਼ਪੁਰ ਦੇ ਇਕ ਜਲਸੇ ਵਿਚ ਸਿੱਖ ਰੈਜਿਮੈਂਟ ਦੇ 300 ਸਿਪਾਹੀਆਂ ਨੇ ਵੀ ਭਾਗ ਲਿਆ। ਇਸ ਜਲਸੇ ਵਿਚ ਸਰਕਾਰ ਦੇ ਵਿਰੁੱਧ ਪ੍ਰਚਾਰ ਕੀਤਾ ਗਿਆ। ਲਾਹੌਰ ਦੇ ਜਲਸੇ ਵਿਚ ਛੇ ਸੌ ਤੋਂ ਉੱਪਰ ਨੰਬਰਦਾਰਾਂ ਨੇ ਭਾਗ ਲਿਆ। 21 ਅਪ੍ਰੈਲ 1907 ਨੂੰ ਰਾਵਲਪਿੰਡੀ ਵਿਚ ਜਲਸੇ ਦੌਰਾਨ ਗੋਰਿਆਂ ਦੇ ਵਿਰੁੱਧ ਭਾਸ਼ਣ ਕਰਦੇ ਹੋਏ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਕਚਹਿਰੀ ਵਿਚ ਪੇਸ਼ ਕੀਤਾ। ਉਥੇ ਕਾਫ਼ੀ ਭੀੜ ਇਕੱਠੀ ਹੋ ਕੇ ਹਿੰਸਾ 'ਤੇ ਉਤਰ ਆਈ ਜਿਸਨੇ ਮੈਜਿਸਟ੍ਰੇਟ ਦੇ ਬੰਗਲੇ ਤੇ ਹੋਰ ਸਰਕਾਰੀ ਜਾਇਦਾਦਾਂ ਦਾ ਕਾਫ਼ੀ ਨੁਕਸਾਨ ਕੀਤਾ। ਕਈ ਯੂਰਪੀ ਅਫ਼ਸਰਾਂ ਦੇ ਘਰ ਵੀ ਨਾ ਛੱਡੇ।[44] ਕਈਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਕਿਸਾਨ ਅੰਦੋਲਨ ਵਿਚ ਜ਼ਿਆਦਾਤਰ ਸਿੱਖ ਹੀ ਸਨ।

ਅਜੀਤ ਸਿੰਘ ਤੇ ਉਸ ਦਾ ਭਰਾ ਕਿਸ਼ਨ ਸਿੰਘ ਕਿਸਾਨ ਅੰਦੋਲਨ ਦੇ ਮੋਹਰੀ ਸਨ। ਇਨ੍ਹਾਂ ਨੇ ਲਾਹੌਰ ਵਿਚ ਇਕ 'ਗੁਪਤ ਸਭਾ' ਬਣਾਈ ਜਿਸਦਾ ਉਦੇਸ਼ ਕਰਾਂਤੀਕਾਰੀ ਵਿਚਾਰਾਂ ਵਾਲਿਆਂ ਨੂੰ ਇਕੱਠਾ ਕਰਨਾ ਸੀ। ਦੋਵਾਂ ਭਰਾਵਾਂ ਨੇ 'ਦੇਸ਼ ਭਗਤ ਸਭਾ' ਵੀ ਕਾਇਮ ਕੀਤੀ ਤੇ ਥਾਂ-ਥਾਂ 'ਤੇ ਜਲਸੇ ਕੀਤੇ। 6 ਅਪ੍ਰੈਲ 1907 ਨੂੰ ਅਜੀਤ ਸਿੰਘ ਨੇ ਲਾਹੌਰ ਦੇ ਬਰਡੈਲਾ ਹਾਲ ਵਿਚ ਸਰਕਾਰ ਖਿਲਾਫ਼ ਰੋਹ ਭਰੀਆਂ ਤਕਰੀਰਾਂ ਕੀਤੀਆਂ ਅਤੇ ਉਸਨੂੰ ਕੁਝ ਸਮਾਂ ਜੇਲ੍ਹ ਵੀ ਕੱਟਣੀ ਪਈ। ਲਾਲਾ ਲਾਜਪਤ ਰਾਇ ਨੇ 22 ਸਤੰਬਰ 1907 ਨੂੰ ਸਰਕਾਰ ਨੂੰ ਜੇਲ੍ਹ ਵਿਚੋਂ ਮੁਆਫ਼ੀਨਾਮਾ ਭੇਜਿਆ ਅਤੇ ਰਿਹਾਈ ਲੈ ਕੇ ਘਰ ਬੈਠ ਗਿਆ। ਪਰ ਅਜੀਤ ਸਿੰਘ ਨੇ ਇਨਕਲਾਬੀ ਗਤੀਵਿਧੀਆਂ ਜਾਰੀ ਰੱਖੀਆਂ। ਹੋਰ ਕ੍ਰਾਂਤੀਕਾਰੀ ਸਭਾਵਾਂ ਕਾਇਮ ਕਰਨ ਲਈ ਜ਼ੋਰ-ਸ਼ੋਰ ਨਾਲ ਕੰਮ ਆਰੰਭ

---

[42] ਦਿਲਗੀਰ, *ਸਿੱਖ ਤਵਾਰੀਖ਼,* ਪੰਨਾ-45

[43] *"At Rawalpindi Ajit Singh made another appeal for non-payment of the enhanced cases and called upon the peasantry to stop cultivation"* Fauja Singh (Dr.), *A Brief Account of the Freedom Movement in the Punjab*, p.15

[44] Fauja Singh (Dr.), *A Brief Account Of The Freedom Movement In The Punjab*, p.16

ਦਿੱਤਾ। ਹਰ ਵੱਡੇ ਸ਼ਹਿਰ ਵਿਚ ਇਹ ਕ੍ਰਾਂਤੀਕਾਰੀ ਸਭਾਵਾਂ ਖੋਲ੍ਹਣ ਲਈ ਉਪਰਾਲਾ ਕੀਤਾ। ਸਿੱਖ ਫ਼ੌਜੀ ਪਲਟਨਾਂ ਵੀ ਸਰਕਾਰ ਦੀ ਇਸ ਕਾਰਵਾਈ ਦੇ ਬਹੁਤ ਖਿਲਾਫ਼ ਹੋ ਗਈਆਂ ਸਨ।

29 ਦਸੰਬਰ 1908 ਨੂੰ ਇੱਕ ਬੰਗਾਲੀ ਨੇਤਾ ਬਿਪਨ ਚੰਦਰ ਪਾਲ ਨੇ ਕੈਕਸਟਨ ਹਾਲ ਲੰਡਨ ਵਿਚ ਬਾਗੀਆਂ ਦੀ ਇਕੱਤਰਤਾ ਦੌਰਾਨ ਕਿਹਾ, "ਪੰਜਾਬ ਅਜੇ ਜਿਊਂਦਾ ਹੈ। ਮੈਂ ਆਪਣੀਆਂ ਅੱਖਾਂ ਨਾਲ ਸਿੱਖਾਂ ਨੂੰ ਹੱਥ ਵਿਚ ਕਿਰਪਾਨ ਫੜ੍ਹੀ ਮਾਤ੍ਰ-ਭੂਮੀ ਤੋਂ ਕੁਰਬਾਨ ਹੁੰਦੇ ਵੇਖ ਰਿਹਾ ਹਾਂ।"[45] ਅਜੀਤ ਸਿੰਘ ਨੇ ਰਿਹਾਈ ਤੋਂ ਪਿੱਛੋਂ ਇਨਕਲਾਬੀਆਂ ਨਾਲ ਮਿਲ ਕੇ ਇਹ ਸਰਗਰਮੀਆਂ ਜਾਰੀ ਰੱਖਦਿਆਂ ਭਾਰਤ ਦੇ ਦੂਜੇ ਪ੍ਰਾਂਤਾਂ ਅਤੇ ਵਿਦੇਸ਼ਾਂ ਦੇ ਇਨਕਲਾਬੀਆਂ ਨਾਲ ਮੇਲ-ਜੋਲ ਕਾਇਮ ਕੀਤਾ। ਕੁਝ ਅਗਾਂਹ ਵਧੂ ਨੌਜਵਾਨਾਂ ਨੂੰ ਜਾਪਾਨ ਤੇ ਅਮਰੀਕਾ ਵਿਚ ਵਿੱਦਿਆ ਲਈ ਅਤੇ ਬੰਬ ਬਣਾਉਣ ਤੇ ਗੁਰੀਲਾ ਯੁੱਧ ਦੀ ਸਿਖਲਾਈ ਲਈ ਭੇਜਿਆ ਗਿਆ ਸੀ। ਅਜੀਤ ਸਿੰਘ ਦੇ ਭਰਾ ਕਿਸ਼ਨ ਸਿੰਘ ਦੇ ਘਰ ਦੀ ਤਲਾਸ਼ੀ ਲਈ ਗਈ ਤਾਂ ਕੁਝ ਇਤਰਾਜ਼ਯੋਗ ਪਦਾਰਥ ਮਿਲੇ ਜਿਸ ਕਾਰਨ ਉਨ੍ਹਾਂ ਨੂੰ ਸਜ਼ਾ ਹੋ ਗਈ। ਅਜੀਤ ਸਿੰਘ ਨੇ ਆਪਣੀ ਆਤਮ ਕਥਾ ਵਿਚ ਲਿਖਿਆ ਹੈ ਕਿ 1907-1911 ਦੇ ਦਰਮਿਆਨ ਦੇਸ਼ ਧਰੋਹੀ ਦੇ ਸਾਰੇ ਕੇਸ ਜਿਨ੍ਹਾਂ ਬਾਰੇ ਕਿਸੇ ਨੇ ਆਪਣਾ ਨਾਂ ਹੋਣ ਤੋਂ ਇਨਕਾਰ ਕਰ ਦਿੱਤਾ ਸੀ, ਮੇਰੇ 'ਤੇ ਪਾ ਦਿੱਤੇ ਗਏ ਅਤੇ ਕਾਲੇ ਪਾਣੀ ਦੀ ਜੇਲ ਭੇਜ ਦਿੱਤਾ।[46] ਇਸ ਲਹਿਰ ਦੇ ਇਕ ਨੌਜਵਾਨ ਮਦਨ ਲਾਲ ਢੀਂਗਰਾ ਨੇ 1909 ਨੂੰ ਲੰਡਨ ਵਿਚ ਇਕ ਇਕੱਤਰਤਾ ਦੌਰਾਨ ਸਰ ਵਿਲੀਅਮ ਵਿੱਲੀ ਨੂੰ ਗੋਲੀ ਮਾਰ ਕੇ ਗੋਰਿਆਂ ਨੂੰ ਭੈਅ ਭੀਤ ਕਰ ਦਿੱਤਾ। ਅਜੀਤ ਸਿੰਘ ਨੇ ਵਿਦੇਸ਼ ਤੋਂ ਆਪਣੇ ਭਤੀਜੇ ਭਗਤ ਸਿੰਘ ਨੂੰ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਦੀ ਪ੍ਰੇਰਣਾ ਦਿੱਤੀ। ਇਸੇ ਤਰ੍ਹਾਂ ਇਸ ਲਹਿਰ ਦੇ ਆਗੂਆਂ ਵੱਲੋਂ ਅੰਬਾਲਾ ਵਿਖੇ ਮਿਸਟਰ ਸਾਈਕਸ ਅਤੇ ਚਾਂਦਨੀ ਚੌਕ ਭਾਰਤ ਦੇ ਵਾਇਸਰਾਇ ਲਾਰਡ ਹਾਰਡਿੰਗ 'ਤੇ ਬੰਬ ਸੁੱਟਿਆ ਪਰ ਇਹ ਦੋਵੇਂ ਬਚ ਗਏ। 1909 ਤੋਂ 1913 ਤੱਕ ਪੰਜਾਬ ਵਿਚ ਕਾਫ਼ੀ ਹਿੰਸਕ ਘਟਨਾਵਾਂ ਹੁੰਦੀਆਂ ਰਹੀਆਂ, ਇਸ ਨਾਲ ਸਰਕਾਰ ਵਿਰੁੱਧ ਬਗਾਵਤ ਦਾ ਤੂਫ਼ਾਨ ਉਠਣ ਲੱਗਾ। ਇਹਨਾਂ ਘਟਨਾਵਾਂ ਵਿਚੋਂ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਸਾਰ ਹੀ ਗ਼ਦਰ ਲਹਿਰ ਦੀ ਸ਼ੁਰੂਆਤ ਹੋਈ।

## ਗ਼ਦਰ ਲਹਿਰ ਤੇ ਸਿੱਖ

1907 ਵਿਚ ਆਰਥਿਕ ਮੰਦਵਾੜੇ ਕਾਰਨ ਅਮਰੀਕੀ ਕਾਮਿਆਂ ਨੇ ਭਾਰਤੀ ਪੰਜਾਬੀਆਂ ਦੀਆਂ ਜਾਇਦਾਦਾਂ ਅਤੇ ਘਰ ਸਾੜ ਦਿੱਤੇ ਤੇ ਉਨ੍ਹਾਂ ਨੂੰ ਨਫ਼ਰਤ ਕਰਨ ਲੱਗੇ। ਅਮਰੀਕਾ ਵਿਚ ਵੱਸਦੇ ਹੋਰ ਵਿਦੇਸ਼ੀਆਂ ਦੇ ਚਿਹਰਿਆਂ 'ਤੇ ਲਾਲੀ ਅਤੇ ਮੁਸਕਰਾਹਟ ਹੁੰਦੀ ਤੇ ਦੂਜੇ ਗ਼ੁਲਾਮ ਭਾਰਤੀਆਂ ਦੇ ਚਿਹਰਿਆਂ 'ਤੇ

---

[45] ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)*, ਪੰਨਾ-171

[46] ਜਗਮੋਹਨ ਸਿੰਘ (ਸੰਪਾ.) ਤੇ ਗੁਰਸ਼ਰਨ ਕੌਰ (ਅਨੁ.), *ਪਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ*, ਪੰਨਾ-49.

ਉਦਾਸੀ ਛਾਈ ਰਹਿੰਦੀ। ਜਿਥੇ ਵੀ ਉਹ ਜਾਂਦੇ ਬੇਇਜ਼ਤੀ ਤੇ ਨਫ਼ਰਤ ਪੱਲੇ ਪੈਂਦੀ। ਹੋਟਲਾਂ ਦੇ ਦਰਵਾਜਜ਼ਿਆਂ 'ਤੇ ਲਿਖਿਆ ਹੁੰਦਾ ਕਿ 'ਹਿੰਦੀਆਂ ਅਤੇ ਕੁੱਤਿਆਂ ਨੂੰ ਅੰਦਰ ਵੜਨ ਦੀ ਆਗਿਆ ਨਹੀਂ'।[47] ਭਾਰਤੀਆਂ ਨੇ ਆਪਣੀ ਗ਼ੁਲਾਮੀ ਨੂੰ ਅਮਰੀਕਾ ਵਿਚ ਵੀ ਅਨੁਭਵ ਕਰ ਲਿਆ ਸੀ। ਇਸ ਸਮੇਂ ਬਹੁਤ ਹੀ ਪੜ੍ਹੇ ਲਿਖੇ ਸਿੱਖ ਪ੍ਰਿੰਸੀਪਲ ਤੇਜਾ ਸਿੰਘ ਸੁਤੰਤਰ ਨੇ ਅਮਰੀਕਾ ਵਿਚ 1907 ਵਿਚ 'ਖ਼ਾਲਸਾ ਦੀਵਾਨ ਸੋਸਾਇਟੀ' ਕਾਇਮ ਕੀਤੀ ਜਿਸਦਾ ਉਦੇਸ਼ ਧਾਰਮਿਕ ਤੇ ਰਾਜਸੀ ਜਾਗਰੂਕਤਾ ਸੀ।

**ਗ਼ਦਰ ਪਾਰਟੀ ਦਾ ਮੁੱਢ**

ਨਵੰਬਰ 1913 ਨੂੰ ਸਾਨਫਰਾਂਸਿਸਕੋ ਵਿਖੇ ਭਾਰਤੀਆਂ ਦੀ ਵੱਡੀ ਇਕੱਤਰਤਾ ਹੋਈ। ਹਿੰਦੁਸਤਾਨੀ ਵਰਕਰਾਂ ਦੇ ਝੰਡੇ ਹੇਠ 'ਗਦਰ ਪਾਰਟੀ' ਕਾਇਮ ਕੀਤੀ ਗਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਅਤੇ ਲਾਲਾ ਹਰਦਿਆਲ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ।[48] 1857 ਦੇ ਗ਼ਦਰ ਦੀ ਯਾਦ ਵਿਚ 'ਗ਼ਦਰ' ਨਾਂ ਦਾ ਪੰਜਾਬੀ, ਉਰਦੂ ਤੇ ਮਰਾਠੀ ਬੋਲੀਆਂ ਵਿਚ ਸਮਾਚਾਰ ਪੱਤਰ ਕੱਢਣ ਦਾ ਸਰਬਸੰਮਤੀ ਨਾਲ ਫ਼ੈਸਲਾ ਹੋਇਆ। ਇਸ ਕਾਰਜਕਾਰਨੀ ਕਮੇਟੀ ਦੀ ਸਹਾਇਤਾ ਲਈ ਇਕ ਹੋਰ ਕਮੇਟੀ ਬਣਾਈ ਗਈ ਜਿਸ ਦੇ ਮੈਂਬਰ ਬਾਬਾ ਅਰੂੜ ਸਿੰਘ, ਬਾਬਾ ਵਸਾਖਾ ਸਿੰਘ ਦਦੇਹਰ, ਕਰਨ ਸਿੰਘ, ਕਰਤਾਰ ਸਿੰਘ ਸਰਾਭਾ, ਪਿਆਰਾ ਸਿੰਘ, ਈਸ਼ਰ ਸਿੰਘ, ਭਾਈ ਜਵਾਲਾ ਸਿੰਘ ਠੱਠੀਆਂ, ਸੰਤੋਖ ਸਿੰਘ, ਊਧਮ ਸਿੰਘ ਕਸੇਲ, ਪਿਆਰਾ ਸਿੰਘ ਲੰਗੇਰੀ, ਗ੍ਰੰਥੀ ਬਲਵੰਤ ਸਿੰਘ, ਪੰਡਿਤ ਜਗਤ ਰਾਮ ਸਨ। ਪਾਰਟੀ ਵਿਚ ਜ਼ਿਆਦਾਤਰ ਸਿੱਖ ਸਨ। ਗ਼ਦਰ' ਨਾਂ ਦਾ ਪਰਚਾ ਸ਼ੁਰੂ ਕਰਕੇ ਵੱਖ-ਵੱਖ ਦੇਸ਼ਾਂ ਵਿਚ ਛਾਪਿਆ ਗਿਆ। ਇਸ ਦੇ ਸਰਗਰਮ ਵਰਕਰਾਂ ਦੀ ਗਿਣਤੀ 10 ਹਜ਼ਾਰ ਸੀ ਜਿਸ ਵਿਚ 90% ਪੰਜਾਬੀ ਅਤੇ 70% ਸਿੱਖ ਸਨ। ਗਿਆਨੀ ਲਾਲ ਸਿੰਘ ਦੱਸਦੇ ਹਨ, "ਵਿਦੇਸ਼ਾਂ ਵਿਚ ਵਸੇ ਭਾਰਤੀਆਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਸਭ ਦੁੱਖਾਂ ਦਾ ਕਾਰਨ ਉਨ੍ਹਾਂ ਦੀ ਗ਼ੁਲਾਮੀ ਹੈ ਅਤੇ ਅੰਗਰੇਜ਼ੀ ਰਾਜ ਦੇ ਖ਼ਾਤਮੇ ਨਾਲ ਹੀ ਇਨ੍ਹਾਂ ਦਾ ਅੰਤ ਹੋ ਸਕਦਾ ਹੈ। ਸੁਤੰਤਰ ਦੇਸ਼ਾਂ ਦੀ ਹਵਾ ਖਾ ਕੇ ਉਨ੍ਹਾਂ ਨੂੰ ਆਜ਼ਾਦੀ ਦੀਆਂ ਬਰਕਤਾਂ ਤੇ ਸੁੱਖਾਂ ਦਾ ਅਹਿਸਾਸ ਹੋ ਗਿਆ ਸੀ। ਸੋ ਉਨ੍ਹਾਂ ਅੰਦਰ ਆਜ਼ਾਦੀ ਤੇ ਦੇਸ਼ ਭਗਤੀ ਦਾ ਸੁੱਤਾ ਹੋਇਆ ਜਜ਼ਬਾ ਜਾਗ ਪਿਆ ਤੇ ਉਨ੍ਹਾਂ ਨੇ ਦੇਸ਼ ਨੂੰ ਸੁਤੰਤਰ ਕਰਵਾਉਣ ਦਾ ਸੰਕਲਪ ਕਰਕੇ 1913 ਵਿਚ ਕੈਨੇਡਾ ਤੇ ਅਮਰੀਕਾ ਵਿਚ 'ਗ਼ਦਰ ਪਾਰਟੀ' ਕਾਇਮ ਕਰ ਲਈ।"[49]

---

[47] ਘੁੰਮਣ, ਬਿਕਰਮ ਸਿੰਘ, *ਗ਼ਦਰੀ ਬਾਬਾ ਵਿਸਾਖਾ ਸਿੰਘ*, ਪੰਨਾ-39

[48] Fauja Singh (Dr.), *A Brief Account Of The Freedom Movement In The Punjab*, p.18

[49] *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)*, ਪੰਨਾ-173

**ਗ਼ਦਰ ਪਾਰਟੀ ਦਾ ਉਦੇਸ਼**

ਅੰਗਰੇਜ਼ਾਂ ਦੀਆਂ ਮਾਰੂ ਨੀਤੀਆਂ ਤੋਂ ਯੂਰਪੀਨ ਦੇਸ਼ਾਂ ਨੂੰ ਜਾਣੂ ਕਰਵਾਉਣਾ। ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਨੂੰ ਮਦਦ ਲਈ ਜਾਗਰੂਕ ਕਰਕੇ ਇਨਕਲਾਬ ਲਈ ਜਜ਼ਬਾ ਪੈਦਾ ਕਰਨਾ। ਭਾਰਤੀਆਂ ਨੂੰ ਧਨ, ਆਦਮੀ ਤੇ ਹੋਰ ਸਮਾਨ ਮੁਹੱਈਆ ਕਰਕੇ ਗੋਰੀ ਸਰਕਾਰ ਨੂੰ ਪਲਟਣਾ ਗ਼ਦਰ ਪਾਰਟੀ ਦੇ ਉਦੇਸ਼ ਸਨ। ਅਗਲਾ ਕਦਮ 'ਗ਼ਦਰ' ਅਖ਼ਬਾਰ ਕਾਇਮ ਕਰਨ ਦਾ ਚੁੱਕਿਆ ਗਿਆ ਤਾਂ ਕਿ ਦੇਸ਼ ਭਗਤੀ ਦੀ ਭਾਵਨਾ ਭਰੀਆਂ ਲਿਖਤਾਂ ਦੁਆਰਾ ਲੋਕਾਂ ਵਿਚ ਸੁਤੰਤਰਤਾ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਜਗਜੀਤ ਸਿੰਘ ਅਨੁਸਾਰ ਇਸ ਅਖ਼ਬਾਰ ਦਾ ਪਹਿਲਾ ਪਰਚਾ 1 ਨਵੰਬਰ 1913 ਨੂੰ ਪ੍ਰਕਾਸ਼ਿਤ ਹੋਇਆ। 'ਗ਼ਦਰ ਅਖ਼ਬਾਰ' ਬਿਨਾ ਕਿਸੇ ਵਲ ਵਲੇਟ ਦੇ ਸਾਫ਼ ਠੁੱਲ੍ਹੇ ਲਫ਼ਜ਼ਾਂ ਵਿਚ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਇਨਕਲਾਬ ਦਾ ਪ੍ਰਚਾਰ ਕਰਦਾ ਸੀ।[50] 'ਪੰਜਾਬੀ ਗ਼ਦਰ' ਦਾ ਸੰਪਾਦਕ ਕਰਤਾਰ ਸਿੰਘ ਸਰਾਭਾ ਕ੍ਰਾਂਤੀਕਾਰੀਆਂ ਨੂੰ ਆਪਣੀਆਂ ਲਿਖਤਾਂ ਰਾਹੀਂ ਸਹਾਇਤਾ ਲਈ ਪ੍ਰੇਰਦਾ ਸੀ। ਇਸ ਪਰਚੇ ਵਿਚ ਕਰਤਾਰ ਸਿੰਘ ਸਰਾਭਾ ਦੀਆਂ ਛਪੀਆਂ ਕਵਿਤਾਵਾਂ ਦੇਸ਼ ਵਾਸੀਆਂ ਅੰਦਰ ਰਾਸ਼ਟ੍ਰੀਅਤਾ ਦੀ ਭਾਵਨਾ ਪੈਦਾ ਕਰਦੀਆਂ ਸਨ:

ਸ਼ੇਰ ਦਾ ਰੂਪ ਧਾਰ ਗੱਜੀਏ ਮੈਦਾਨ ਜੰਗ,
ਕੱਢੀਏ ਬੁਖਾਰ ਮਾਰ, ਬਾਂਦਰਾਂ ਦੀ ਡਾਰ ਨੂੰ।
ਉੱਡ ਜਾਏ ਡਰ ਸਾਡੇ ਦਿਲਾਂ ਉੱਤੋਂ ਜ਼ਾਲਮਾਂ ਦਾ,
ਕੱਢੀਏ ਮਿਆਨ ਵਿਚੋਂ ਤੇਜ ਤਲਵਾਰ ਨੂੰ।
ਲੱਖਾਂ ਹੀ ਪੰਜਾਬਣਾਂ, ਨੂੰ ਕੀਤਾ ਇਨ੍ਹਾਂ ਰੰਡੀਆਂ,
ਖਾ ਲਿਆ ਲੁੱਟ ਕੇ, ਦੇਸ਼ ਇਨ੍ਹਾਂ ਫਰੰਗੀਆਂ।[51]

ਨੌਜੁਆਨਾਂ ਨੂੰ ਸ਼ਹੀਦੀ ਤੇ ਕੁਰਬਾਨੀ ਦੀ ਪ੍ਰੇਰਨਾ ਲਈ 'ਗ਼ਦਰ' ਦੇ ਕਾਲਮਾਂ ਵਿਚ ਹੇਠ ਲਿਖਿਆ ਇਸ਼ਤਿਹਾਰ ਛਪਦਾ ਰਹਿੰਦਾ ਸੀ ਜਿਸਨੇ ਅੰਗਰੇਜ਼ ਹਕੂਮਤ ਵਿਰੁੱਧ ਨਫ਼ਰਤ ਪੈਦਾ ਕਰਨ ਲਈ ਪ੍ਰਭਾਵਸ਼ਾਲੀ ਕੰਮ ਕੀਤਾ। ਲੋੜ ਹੈ-ਹਿੰਦੁਸਤਾਨ ਵਿਚ ਗ਼ਦਰ ਨੂੰ ਜਥੇਬੰਦ ਕਰਨ ਲਈ ਜੋਸ਼ੀਲੇ ਤੇ ਸੂਰਬੀਰ ਜਵਾਨਾਂ ਦੀ:

ਇਵਜ਼ਾਨਾ-ਮੌਤ
ਇਨਾਮ-ਸ਼ਹੀਦੀ
ਪੈਨਸ਼ਨ-ਸੁਤੰਤਰਤਾ
ਮੁਕਾਮ-ਮੈਦਾਨ-ਏ-ਜੰਗ ਹਿੰਦੁਸਤਾਨ।[52]

---

50 *ਗ਼ਦਰ ਪਾਰਟੀ ਲਹਿਰ,* ਪੰਨਾ-80

51 ਉਹੀ, ਪੰਨਾ -83- *ਪਰਚਾ ਗ਼ਦਰ ਦੀ ਗੂੰਜ* ਨੰ. 1 ਪੰਨਾ-22 ਵਿਚੋਂ (ਉਧਰਿਤ)

52 ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)* ਪੰਨਾ-175

ਸਾਰੇ ਭਾਰਤ ਵਿਚ ਗ਼ਦਰ ਕਰਨ ਲਈ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਪ੍ਰਿਥਵੀ ਸਿੰਘ ਆਜ਼ਾਦ, ਕਾਂਸ਼ੀ ਰਾਮ ਆਦਿ ਨੇ ਵੱਖ-ਵੱਖ ਛਾਉਣੀਆਂ ਵਿਚ ਆਪਣੇ-ਆਪਣੇ ਸਬੰਧ ਕਾਇਮ ਕਰ ਲਏ। ਇਨ੍ਹਾਂ ਨੇ ਕਾਨਪੁਰ, ਅਲਾਹਾਬਾਦ, ਜਬਲਪੁਰ, ਲਾਹੌਰ, ਰਾਵਲਪਿੰਡੀ, ਫ਼ਿਰੋਜ਼ਪੁਰ, ਲਖਨਊ, ਫ਼ੈਜ਼ਾਬਾਦ, ਜਿਹਲਮ, ਮੇਰਠ, ਅੰਬਾਲੇ, ਬਨਾਰਸ ਆਦਿ ਦੀਆਂ ਛਾਉਣੀਆਂ ਵਿਚ ਸੈਨਿਕ ਗ਼ਦਰ ਲਈ ਤਿਆਰ ਕੀਤੇ। ਇਸ ਯੋਜਨਾ ਮੁਤਾਬਿਕ ਜਨਵਰੀ 1915 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਪੰਜਾਬ ਦੇ ਸਾਰੇ ਪਾਸੇ ਹਥਿਆਰਬੰਦ ਗ਼ਦਰੀ ਆਪਣੀਆਂ ਤਹਿਸੀਲਾਂ, ਥਾਣਿਆਂ ਅਤੇ ਜ਼ਿਲ੍ਹਿਆਂ ਵਿਚੋਂ ਅੰਗਰੇਜ਼ਾਂ ਨੂੰ ਕਤਲ ਕਰਕੇ ਇਨਕਲਾਬੀ ਸੇਵਾਦਾਰਾਂ ਨੂੰ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹਨਾਂ ਦਾ ਮਿਸ਼ਨ ਸੀ, "ਫ਼ੌਜ ਵਿਚ ਪਹਿਲਾਂ ਹੀ ਤਿਆਰੀ ਹੋ ਚੁੱਕੀ ਹੋਵੇਗੀ। ਇਸ ਤਰ੍ਹਾਂ ਚੁੱਪਚਾਪ ਪੰਜਾਬ 'ਤੇ ਕਬਜ਼ਾ ਹੋ ਜਾਵੇਗਾ। ਉਸ ਵੇਲੇ ਫ਼ੌਜ ਜਰਮਨੀ ਨਾਲ ਜੰਗ ਵਿਚ ਲੱਗੀ ਹੋਈ ਹੋਵੇਗੀ। ਇਹ ਸਾਰੀ ਕਾਰਵਾਈ ਪੰਜਾਬ ਵਿਚ ਇਕ ਹੀ ਦਿਨ ਹੋਵੇਗੀ। ਲੁਧਿਆਣਾ ਜ਼ਿਲ੍ਹੇ ਦਾ ਇੰਚਾਰਜ ਡਾ. ਠਾਕੁਰ ਸਿੰਘ ਇਕਲੋਹਾ ਨੂੰ ਦਿੱਤਾ ਗਿਆ ਸੀ। 31 ਦਸੰਬਰ 1914 ਨੂੰ ਅੰਮ੍ਰਿਤਸਰ ਵਿਖੇ ਗ਼ਦਰੀਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਮੂਲਾ ਸਿੰਘ, ਅਮਰ ਸਿੰਘ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਨਿਧਾਨ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਲਵੰਤ ਸਿੰਘ ਸਠਿਆਲਾ ਆਦਿ ਇਕੱਠੇ ਹੋਏ। ਇਸ ਵਿਚ ਸਰਕਾਰੀ ਖਜ਼ਾਨੇ ਲੁੱਟਣ, ਚੰਦਾ ਇਕੱਠਾ ਕਰਨ, ਫ਼ੌਜਾਂ ਨੂੰ ਪ੍ਰੇਰ ਕੇ ਹਥਿਆਰ ਇਕੱਠੇ ਕਰਨ, ਬੰਬ ਤਿਆਰ ਕਰਨ ਅਤੇ ਡਾਕੇ ਮਾਰਨ ਸਬੰਧੀ ਵਿਚਾਰ ਹੋਈ।[53] ਗ਼ਦਰੀ ਇਨਕਲਾਬੀਆਂ ਦੀਆਂ ਹਿੰਦ ਵਿਚ ਕਾਰਵਾਈਆਂ ਨੂੰ ਛੇ ਹਿੱਸਿਆਂ ਵਿਚ ਵੰਡਿਆ ਗਿਆ। ਜਨਤਾ ਵਿਚ ਪ੍ਰਚਾਰ, ਪੰਜਾਬ ਤੋਂ ਬਾਹਰੋਂ ਸਹਿਯੋਗ ਲੈਣਾ, ਇਨਕਲਾਬੀ ਸਾਹਿਤ ਅਖ਼ਬਾਰ ਆਦਿ ਦੀ ਵਰਤੋਂ, ਹਥਿਆਰ ਇਕੱਠੇ ਕਰਨੇ, ਬੰਬ ਬਣਾਉਣੇ ਅਤੇ ਡਾਕੇ ਮਾਰਨੇ।[54] ਗ਼ਦਰ ਯੋਜਨਾ ਤਹਿਤ ਕਾਂਸ਼ੀ ਰਾਮ ਤੇ ਗਾਂਧਾ ਸਿੰਘ ਨੇ ਫ਼ਿਰੋਜ਼ਪੁਰ ਵਿਖੇ ਇਕ ਥਾਣੇਦਾਰ ਬੁਸ਼ਾਰਤ ਅਲੀ ਖ਼ਾਨ ਅਤੇ ਜ਼ੈਲਦਾਰ ਜੁਆਲਾ ਸਿੰਘ ਨੂੰ ਮਾਰ ਦਿੱਤਾ। ਇਸ ਦੌਰਾਨ ਦੋ ਦੇਸ਼ ਭਗਤ ਸ਼ਹੀਦ ਹੋਏ ਅਤੇ ਕਾਂਸ਼ੀ ਰਾਮ ਤੇ ਗਾਂਧਾ ਸਿੰਘ ਨੂੰ ਫ਼ਾਂਸੀ ਹੋਈ। ਕਰਤਾਰ ਸਿੰਘ ਸਰਾਭਾ ਨੇ ਜੂਨ 1915 ਨੂੰ ਸਾਨ੍ਹੇਵਾਲ ਡਾਕੇ ਵਿਚ ਖੁਸ਼ੀ ਰਾਮ ਨੂੰ ਮਾਰ ਦਿੱਤਾ। 20 ਫਰਵਰੀ ਨੂੰ ਅਰਜਨ ਸਿੰਘ ਖਖਰਾਨ ਨੇ ਹੌਲਦਾਰ ਮਹਿਸੂਮ ਅਲੀ ਸ਼ਾਹ ਨੂੰ ਮਾਰ ਮੁਕਾਇਆ। 24 ਅਪ੍ਰੈਲ 1915 ਨੂੰ ਅੰਗਰੇਜ਼ਾਂ ਦਾ ਪਿੱਠੂ ਚੰਦਾ ਸਿੰਘ ਜ਼ੈਲਦਾਰ ਬੰਤਾ ਸਿੰਘ ਸੰਗੋਵਾਲ ਦੁਆਰਾ ਮਾਰਿਆ ਗਿਆ। 11 ਜੂਨ 1915 ਨੂੰ ਵੱਲਾ ਅੰਮ੍ਰਿਤਸਰ ਵਿਖੇ 42 ਪਲਟਨ ਦੇ

---

[53] ਜਗਜੀਤ ਸਿੰਘ, *ਗ਼ਦਰ ਪਾਰਟੀ ਲਹਿਰ,* ਪੰਨਾ-121

[54] ਉਹੀ, ਪੰਨਾ-125

4 ਨੌਜਵਾਨਾਂ ਨੂੰ ਮਾਰਿਆ ਗਿਆ। 2 ਅਗਸਤ ਨੂੰ ਕਪੂਰ ਸਿੰਘ ਪੱਧਰੀ ਮਾਰ ਦਿੱਤਾ ਗਿਆ। ਇਸ ਤਰ੍ਹਾਂ ਇਸ ਲਹਿਰ ਵਿਚ ਲਗਾਤਾਰ ਬਾਰਾਂ ਕਤਲ ਹੋਏ।

**ਗ਼ਦਰੀਆਂ ਨੂੰ ਸਜ਼ਾਵਾਂ**

18 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਹੁਰਾਂ ਨੂੰ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ। ਇਸ ਦੌਰਾਨ ਬਾਬਾ ਸੋਹਣ ਸਿੰਘ ਭਕਨਾ, ਬਾਬਾ ਨਿਧਾਨ ਸਿੰਘ, ਬਾਬਾ ਰੂੜ ਸਿੰਘ ਚੂੜ੍ਹਚੱਕ, ਬਾਬਾ ਜੁਆਲਾ ਸਿੰਘ ਠੱਠੀਆਂ, ਬਾਬਾ ਵਸਾਖਾ ਸਿੰਘ ਦਦੇਹਰ ਸਮੇਤ 40 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਸਿੱਖਾਂ ਨੂੰ ਫਾਂਸੀ, ਉਮਰ ਕੈਦ, ਕੈਦ ਅਤੇ ਜੁਰਮਾਨੇ ਕੀਤੇ ਗਏ। ਇਸ ਤਰ੍ਹਾਂ ਰਸਾਲਾ ਨੰ. 23 ਦੇ ਸਿੱਖਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਡਗਸ਼ਈ ਦੇ ਕਿਲੇ ਵਿਚ ਗੋਲੀ ਨਾਲ ਉਡਾ ਦਿੱਤਾ ਗਿਆ। 6 ਹੋਰ ਸਿੱਖਾਂ ਨੂੰ ਉਮਰ ਕੈਦ ਹੋਈ। ਇਸੇ ਤਰ੍ਹਾਂ ਫ਼ੈਜ਼ਾਬਾਦ ਵਿਚ ਕਈਆਂ ਦਾ ਕੋਰਟ ਮਾਰਸ਼ਲ ਕਰਕੇ ਫ਼ਾਂਸੀ ਤੇ ਉਮਰ ਕੈਦ ਕੀਤੀ।

ਲਾਹੌਰ ਸਾਜ਼ਿਸ ਕੇਸ ਵਿਚ ਸ਼ੱਕੀਆਂ ਨੂੰ ਜੇਲ਼ ਭੇਜ ਦਿੱਤਾ ਗਿਆ ਜਿਸ ਵਿਚ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। 27 ਨੂੰ ਉਮਰ ਕੈਦ ਦੀ ਸਜ਼ਾ ਅਤੇ ਬਾਕੀ ਗ਼ਦਰੀਆਂ ਨੂੰ ਵੱਖ-ਵੱਖ ਧਾਰਾਵਾਂ ਤਹਿਤ ਸਜ਼ਾਵਾਂ ਦਿੱਤੀਆਂ ਗਈਆਂ ਅਤੇ 42 ਵਿਅਕਤੀ ਰਿਹਾਅ ਕਰ ਦਿੱਤੇ ਗਏ। ਇਸ ਤੋਂ ਇਲਾਵਾ ਹੋਰ ਵੱਖ-ਵੱਖ ਕੇਸਾਂ ਵਿਚ 22 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਅਤੇ 56 ਨੂੰ ਕਾਲੇ ਪਾਣੀ ਭੇਜਿਆ ਗਿਆ।[55] ਇਸੇ ਤਰ੍ਹਾਂ ਬਾਗੀ ਫ਼ੌਜੀਆਂ ਨੂੰ ਕੋਰਟ ਮਾਰਸ਼ਲ ਕਰਕੇ ਜੇਲ੍ਹ ਭੇਜ ਦਿੱਤੇ ਗਏ।

ਹਾਂਗਕਾਂਗ, ਪਨਾਗ ਅਤੇ ਸਿੰਘਾਪੁਰ ਵਿਚ ਭਾਰਤੀ ਗ਼ਦਰੀਆਂ ਨੇ ਆਪਣੇ ਸੈਂਟਰ ਕਾਇਮ ਕੀਤੇ ਹੋਏ ਸਨ। ਤੋਸ਼ਾ ਮਾਰੂ ਸਮੁੰਦਰੀ ਜਹਾਜ਼ 29 ਅਕਤੂਬਰ 1914 ਨੂੰ ਭਾਰਤ ਪੁੱਜਾ ਜਿਸ ਵਿਚ 300 ਯਾਤਰੀ ਸਵਾਰ ਸਨ ਜਿਹੜੇ ਪਹੁੰਚਦੇ ਹੀ ਗ੍ਰਿਫ਼ਤਾਰ ਕਰ ਲਏ ਗਏ। ਫ਼ਿਰੋਜ਼ਪੁਰ ਪੁਲਿਸ ਮੁਕਾਬਲੇ ਵਿਚ 8 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। 22 ਨਵੰਬਰ 1917 ਨੂੰ ਅਮਰੀਕੀ ਅਦਾਲਤ ਵਿਚ ਕੇਸ ਚੱਲਿਆ ਅਤੇ ਮਈ 1918 ਨੂੰ 15 ਭਾਰਤੀਆਂ ਨੂੰ ਸਜ਼ਾਵਾਂ ਹੋਈਆਂ ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਹੀ ਸਨ। 21 ਫਰਵਰੀ ਨੂੰ ਸਿੰਘਾਪੁਰ ਵਿਚ 15 ਨੰਬਰ ਪਲਟਨ ਨੇ ਵਿਦਰੋਹ ਕਰ ਦਿੱਤਾ ਜਿਨ੍ਹਾਂ ਵਿਚ ਅੱਧੇ ਤੋਂ ਜ਼ਿਆਦਾ ਸਿੱਖ ਸਨ। ਇਨ੍ਹਾਂ ਬਾਗੀਆਂ ਨੂੰ ਮੌਤ ਦੀ ਸਜ਼ਾ ਤੇ ਕਈਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਜੋਧ ਸਿੰਘ ਜੋ ਜਰਮਨ ਤੋਂ 90

[55] ਜਗਜੀਤ ਸਿੰਘ, *ਗ਼ਦਰ ਪਾਰਟੀ ਲਹਿਰ,* ਪੰਨਾ-198

ਹਜ਼ਾਰ ਬੰਦੂਕਾਂ ਅਤੇ ਦੋ ਲੱਖ ਪੌਂਡ ਇੰਡੀਆ ਮੰਗਵਾ ਰਿਹਾ ਸੀ ਅਚਾਨਕ ਫੜਿਆ ਗਿਆ ਅਤੇ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ।

**ਗ਼ਦਰ ਲਹਿਰ ਦਾ ਪਿਛੋਕੜ**

ਗ਼ਦਰ ਲਹਿਰ ਦਾ ਮੁੱਢ ਭਾਵੇਂ 1913-14 ਨਾਲ ਜੋੜਿਆ ਜਾਂਦਾ ਹੈ ਪਰ ਇਸ ਦੀਆਂ ਜੰਮਣ ਪੀੜਾਂ ਚਿਰੋਕੋਣੀਆਂ ਪੁਰਾਣੀਆਂ ਹਨ। ਸਿੱਖ ਮਿਸਲ ਕਾਲ ਮਗਰੋਂ ਅੱਧੀ ਸਦੀ ਰਣਜੀਤ ਸਿੰਘ ਦਾ ਸੁਤੰਤਰ ਰਾਜ ਰਿਹਾ ਤੇ ਫਿਰ ਅੰਗਰੇਜ਼ਾਂ ਨੇ ਇਸ ਉਪਰ ਕਬਜ਼ਾ ਕੀਤਾ ਪਰ ਸਿੱਖਾਂ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੀ ਧੁਨ ਉਵੇਂ ਹੀ ਕਾਇਮ ਸੀ, "ਰਾਜ ਕਰੇਗਾ ਖ਼ਾਲਸਾ ਅਤੇ ਆਖਿਰ ਤਖ਼ਤ 'ਤੇ ਬੈਠੇਗੀ ਗੁਰੂ ਦੀ ਫ਼ੌਜ" ਦੇ ਨਾਅਰਿਆਂ ਨੇ ਅੰਗਰੇਜ਼ ਸਰਕਾਰ ਨੂੰ ਪੂਰੀ ਤਰ੍ਹਾਂ ਚੌਕਸ ਕਰ ਦਿੱਤਾ ਸੀ। 1857 ਨੂੰ ਗ਼ਦਰ ਦੀ ਗੋਲਡਨ ਜੁਬਲੀ 'ਤੇ 10 ਮਈ 1907 ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਸਿੱਖਾਂ ਨੇ ਪੈਂਫ਼ਲਿਟ ਛਾਪ ਕੇ ਵੰਡਿਆ ਜਿਸ ਦਾ ਹੈਡਿੰਗ ਸੀ 'ਖ਼ਾਲਸਾ' ਤੇ ਆਖਿਆ ਗਿਆ ਸੀ "ਖ਼ਾਲਸਾ ਜੀ ਅੰਗਰੇਜ਼ ਨੂੰ ਆਪਣੀ ਸਰਜ਼ਮੀਂ ਤੋਂ ਕੱਢਣ ਵਾਸਤੇ ਜੱਦੋਜਹਿਦ ਲਈ ਤਿਆਰ ਰਹੋ ਤੇ ਭਾਈ ਤੇਜਾ ਸਿੰਘ ਮਸਤੂਆਣਾ ਨੇ ਸਿੱਖਾਂ ਨੂੰ ਅੰਗਰੇਜ਼ਾਂ ਵਿਰੁੱਧ ਪੂਰੀ ਤਰ੍ਹਾਂ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ।[56] 1906 ਵਿਚ 10 ਹਜ਼ਾਰ ਸਿੱਖ ਕੈਨੇਡਾ ਵਿਚ ਸਨ। ਸਿੱਖਾਂ ਨਾਲ ਈਰਖਾ ਕਰਕੇ ਗੋਰਿਆਂ ਵੱਲੋਂ ਸਿੱਖਾਂ ਦੀ ਕੈਨੇਡਾ ਐਂਟਰੀ ਬੰਦ ਕਰ ਦਿੱਤੀ ਗਈ ਸੀ। ਕੈਨੇਡਾ ਦੇ ਸਿੱਖਾਂ ਦਾ ਮਸਲਾ ਸਿਰਫ਼ ਮੁਕਾਮੀ ਨਹੀਂ ਸੀ। ਇਸ ਪਿੱਛੇ ਇਕ ਪੂਰੀ ਦੀ ਪੂਰੀ ਅਣਐਲਾਨੀ ਬਾਗ਼ੀਆਨਾ ਖੁਫ਼ੀਆ ਲਹਿਰ ਚਲ ਰਹੀ ਸੀ। ਇਸਦੇ ਆਗੂ ਈਸ਼ਰ ਸਿੰਘ ਸਮੇਤ 500 ਹੋਰ ਸਿੰਘ ਸਨ। ਇਹ ਲਹਿਰ ਸਿੱਖਾਂ ਵੱਲੋਂ ਆਪਣੀ ਗੁਆਚੀ ਖ਼ੁਦਮੁਖ਼ਤਾਰੀ ਹਾਸਲ ਕਰਨ ਦੀ ਖਾਹਿਸ਼ ਦਾ ਨਤੀਜਾ ਸੀ।[57] ਗ਼ਦਰ ਲਹਿਰ ਦਾ ਇਕ ਹੋਰ ਗੁਣ ਇਸ ਦਾ ਧਰਮ ਨਿਰਪੱਖ ਹੋਣਾ ਸੀ। 95 ਪ੍ਰਤੀਸ਼ਤ ਸਿੱਖ ਇਸ ਲਹਿਰ ਵਿਚ ਸ਼ਾਮਲ ਸਨ।[58] ਇਸ ਦੀਆਂ ਕਾਰਵਾਈਆਂ ਦੇ ਸੈਂਟਰ ਗੁਰਦੁਆਰੇ ਸਨ। ਇਸ ਦੇ ਐਕਸ਼ਨ ਤਕਰੀਬਨ ਸਾਰੇ ਹੀ ਪੰਜਾਬ ਵਿਚ ਹੋਏ ਸਨ। ਕੁਝ ਮੁਸਲਮਾਨ ਇਸ ਇਨਕਲਾਬ ਵਿਚ ਸ਼ਾਮਲ ਹੋਏ। ਇਸ ਪਾਰਟੀ ਵਿਚ ਹਿੰਦੂ ਲਾਲਾ ਹਰਦਿਆਲ ਵਰਗਿਆਂ ਨੇ ਸਰਕਾਰ ਤੋਂ ਮੁਆਫ਼ੀ ਮੰਗ ਲਈ ਸੀ ਤੇ ਪਰਮਾਨੰਦ, ਰਾਮਚੰਦ ਵਗੈਰਾ ਸਰਕਾਰ ਨਾਲ ਮਿਲ ਚੁੱਕੇ ਸਨ। ਅੰਗਰੇਜ਼ ਵੀ ਇਸ ਨੂੰ ਸਿਰਫ਼ ਸਿੱਖ ਲਹਿਰ ਹੀ ਮੰਨਦੇ ਸਨ। ਅੰਗਰੇਜ਼ਾਂ ਨੇ ਕੇਸਾਂ ਵਾਲੇ ਸਿੱਖਾਂ ਨੂੰ ਨਜ਼ਰਬੰਦ ਕੀਤਾ ਤੇ ਹਿੰਦੂ ਤੇ ਮੁਸਲਿਮ ਛੱਡ ਦਿੱਤੇ। ਇਸ ਕਰਕੇ ਜਗਤ ਰਾਮ, ਪਰਮਾਨੰਦ, ਪ੍ਰਿਥੀ ਸਿੰਘ ਅਤੇ

---

[56] ਦਿਲਗੀਰ, *ਸਿੱਖ ਤਵਾਰੀਖ਼*, ਪੰਨਾ-751

[57] ਉਹੀ, ਪੰਨਾ-752

[58] ਸਤਿਆ ਐਮ. ਰਾਏ, *ਪੰਜਾਬੀ ਵੀਰ ਪਰੰਪਰਾ(1900-1947)*, ਪੰਨਾ-63

ਹੋਰ ਬਹੁਤ ਸਾਰੇ ਬਚ ਗਏ।[59] ਜੋ ਵਰਕਰ ਕੈਦਾਂ ਕੱਟ ਕੇ ਰਿਹਾਅ ਹੋਏ ਉਹ ਵੀ ਤਕਰੀਬਨ ਸਿੱਖ ਲੀਗ, ਅਕਾਲੀ ਲਹਿਰ, ਸ਼੍ਰੋਮਣੀ ਅਕਾਲੀ ਦਲ ਤੇ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ ਸਨ। ਇਨ੍ਹਾਂ ਵਿਚ ਮੁੱਖ ਸਨ: ਗਦਰ ਪਾਰਟੀ ਦੇ ਡਾ. ਠਾਕਰ ਸਿੰਘ ਇਕਲੋਹਾ, ਵਿਸਾਖਾ ਸਿੰਘ ਦਦੇਹਰ, ਭਾਈ ਰਣਧੀਰ ਸਿੰਘ, ਬਾਬਾ ਗੁਰਦਿੱਤਾ ਸਿੰਘ ਕਾਮਾਗਾਟਾਮਾਰੂ ਤੇ ਭਾਈ ਪਿਆਰਾ ਸਿੰਘ ਲੰਗੇਰੀ ਜੋ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ। ਚਰਨ ਸਿੰਘ ਭੋਰਛੀ ਲਿਖਦੇ ਹਨ, "ਇਸ ਲਹਿਰ ਨੇ ਆਉਣ ਵਾਲੀਆਂ ਇਨਕਲਾਬੀ ਲਹਿਰਾਂ ਨੂੰ ਸੇਧ ਦਿੱਤੀ। ਪੰਜਾਬ ਦੀ ਕਿਸਾਨ ਲਹਿਰ ਨੇ ਸੁਤੰਤਰਤਾ ਦੇ ਮਹਿਲ ਦੀਆਂ ਨੀਂਹਾਂ ਖੋਦੀਆਂ। ਗ਼ਦਰ ਲਹਿਰ ਨੇ ਇਸ ਮਹਿਲ ਦੀਆਂ ਨੀਹਾਂ ਆਪਣੀਆਂ ਹੱਡੀਆਂ ਤੇ ਲਹੂ ਨਾਲ ਭਰੀਆਂ। ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਭਾਰਤੀ ਨੌਜੁਆਨ ਸਭਾ, ਆਜ਼ਾਦ ਹਿੰਦ ਫ਼ੌਜ ਦੀ ਕੁਰਬਾਨੀ ਨੇ ਇਸ ਮਹਿਲ 'ਤੇ ਛੱਤ ਪਾਈ।"[60] ਇਸ ਤਰ੍ਹਾਂ ਗ਼ਦਰ ਲਹਿਰ ਨੇ ਸਿੱਖ ਕੌਮ ਦੇ ਰਾਜਸੀ ਦ੍ਰਿਸ਼ਟੀਕੋਣ ਵਿਚ ਸੁਤੰਤਰਤਾ ਲਈ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਜਿਸ ਨਾਲ ਪਿਛਲੀ ਅੱਧੀ ਸਦੀ ਦੀ ਤਾਬੇਦਾਰੀ ਦੀ ਨੀਤੀ ਖ਼ਤਮ ਹੋਣ ਲੱਗੀ। ਇਸ ਲਹਿਰ ਦੇ ਆਗੂ ਪਿਛਲੇ ਹੋਏ ਸਾਰੇ ਸੰਗਰਾਮਾਂ ਦੇ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਸਨ। ਬਾਬਾ ਸੋਹਨ ਸਿੰਘ ਭਕਨਾ ਤੇ ਹੋਰ ਸਿੱਖਾਂ ਨੇ ਕੂਕਾ ਲਹਿਰ ਤੋਂ ਮਗਰੋਂ ਗ਼ਦਰ ਲਹਿਰ ਵਿਚ ਪ੍ਰਭਾਵਸ਼ਾਲੀ ਕੰਮ ਕੀਤੇ। ਪੰਜਾਬ ਦੀ ਰਾਜਸੀ ਸੁਤੰਤਰਤਾ ਲਈ ਇਸ ਲਹਿਰ ਦਾ ਵੱਡਮੁਲਾ ਯੋਗਦਾਨ ਰਿਹਾ।

### ਕਾਮਾਗਾਟਾਮਾਰੂ ਦਾ ਸਾਕਾ

1914 ਵਿਚ ਕੈਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਜਿਸ ਰਾਹੀਂ ਸਿੱਧੇ ਕੈਨੇਡਾ ਪੁੱਜਣ ਵਾਲੇ ਮੁਸਾਫ਼ਰਾਂ ਨੂੰ ਹੀ ਕੈਨੇਡਾ ਵਿਚ ਉਤਰਨ ਤੇ ਰਹਿਣ ਦੀ ਇਜਾਜ਼ਤ ਹੋਵੇਗੀ। 3 ਜਨਵਰੀ 1914 ਨੂੰ ਗੁਰੂ ਗੋਬਿੰਦ ਦੇ ਜਨਮ ਦਿਨ 'ਤੇ ਭਾਰਤੀ ਵਪਾਰੀ ਬਾਬਾ ਗੁਰਦਿੱਤਾ ਸਿੰਘ ਨੇ ਹਾਂਗਕਾਂਗ ਦੇ ਗੁਰਦੁਆਰੇ ਵਿਚ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਚਾਨਣਾ ਪਾਉਂਦਿਆਂ ਦੱਸਿਆ ਕਿ ਜਿੰਨਾ ਚਿਰ ਭਾਰਤ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨਹੀਂ ਕੱਟੀਆਂ ਜਾਂਦੀਆਂ ਉਨ੍ਹਾ ਚਿਰ ਕੈਨੇਡਾ ਵਿਚ ਦਾਖਲ ਹੋਣ ਦੀਆਂ ਕਾਨੂੰਨੀ ਰੋਕਾਂ ਵੀ ਸਾਡੇ ਗਲ਼ੋਂ ਨਹੀਂ ਲੱਥਣੀਆਂ। ਕੈਨੇਡਾ ਜਾਣ ਵਾਲੇ ਪੰਜਾਬੀ, ਧੋਖ਼ੇਬਾਜ਼ ਏਜੰਟਾਂ ਤੋਂ ਤੰਗ ਆ ਕੇ ਬਾਬਾ ਜੀ ਪਾਸ ਆ ਕੇ ਰੋਏ। ਇਸ ਅੜਚਣ ਨੂੰ ਹੱਲ ਕਰਨ ਲਈ 29 ਮਾਰਚ 1914 ਨੂੰ ਬਾਬਾ ਗੁਰਦਿੱਤਾ ਜੀ ਨੇ ਇਕ ਜਪਾਨੀ ਏਜੰਟ ਰਾਹੀਂ 'ਕਾਮਾਗਾਟਾਮਾਰੂ' ਨਾਂ ਦਾ ਜਹਾਜ਼ ਠੇਕੇ 'ਤੇ ਲੈ ਲਿਆ। ਸ਼ੰਘਾਈ ਅਤੇ ਨਾਗਾਸਾਕੀ ਹੁੰਦਾ ਹੋਇਆ ਇਹ

---

[59] ਬਰਾੜਾ, *ਭਾਰਤੀ ਆਜ਼ਾਦੀ ਦਾ ਅੰਦੋਲਨ*, ਪੰਨਾ-176

[60] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ*, ਪੰਨਾ-82

ਜਹਾਜ਼ 351 ਸਿੱਖ ਅਤੇ 21 ਪੰਜਾਬੀ ਮੁਸਲਮਾਨ ਮੁਸਾਫ਼ਰਾਂ ਸਮੇਤ 23 ਮਈ 1914 ਨੂੰ ਵੈਨਕੂਵਰ ਪੁੱਜਾ।[61] ਕੈਨੇਡਾ ਅਤੇ ਭਾਰਤ ਸਰਕਾਰ ਨੇ ਇਹ ਫ਼ੈਸਲਾ ਕਰ ਲਿਆ ਸੀ ਕਿ ਇਨ੍ਹਾਂ ਸਿੱਖਾਂ ਨੂੰ ਕੈਨੇਡਾ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਦੌਰਾਨ ਜਹਾਜ਼ ਕਈ ਦਿਨ ਬੰਦਰਗਾਹ 'ਤੇ ਰੁਕਿਆ ਰਿਹਾ ਤੇ ਮੁਸਾਫਿਰ ਭੁੱਖ ਪਿਆਸ ਨਾਲ ਤੜਫ਼ ਰਹੇ ਸਨ ਪਰ ਅੰਗਰੇਜ਼ਾਂ ਨੂੰ ਕੋਈ ਤਰਸ ਨਾ ਆਇਆ। 18 ਜੁਲਾਈ ਨੂੰ ਇਕ 'ਸਮੁੰਦਰੀ ਸ਼ੇਰ ਨਾਮੀ ਜੰਗੀ ਜਹਾਜ਼' ਜਿਸ ਵਿਚ ਦੋ ਸੌ ਹਥਿਆਰਬੰਦ ਸਿਪਾਹੀ ਸਨ ਨੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਯਾਤਰੀਆਂ ਨੇ ਲਲਕਾਰ ਕੇ ਜਹਾਜ਼ ਵਿਚ ਪਏ ਕੋਲੇ ਮਾਰ-ਮਾਰ ਕੇ ਹੀ ਅੰਗਰੇਜ਼ ਸੈਨਾ ਨੂੰ ਜ਼ਖਮੀ ਕਰ ਕੇ ਭਜਾ ਦਿੱਤਾ। ਹੁਣ ਕੈਨੇਡਾ ਸਰਕਾਰ ਨੇ ਕਾਮਾਗਾਟਾਮਾਰੂ ਜਹਾਜ਼ 'ਤੇ ਫ਼ੌਜੀ ਹਮਲੇ ਦੇ ਸੰਕੇਤ ਦਿੱਤੇ ਤਾਂ ਉਥੇ ਦੇ ਸਿੱਖਾਂ ਨੇ ਕੈਨੇਡਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਹਾਜ਼ 'ਤੇ ਹਮਲਾ ਹੁੰਦਾ ਹੈ ਤਾਂ ਪੰਜਾਬੀ ਸਿੱਖ ਵੈਨਕੂਵਰ ਸ਼ਹਿਰ ਨੂੰ ਅਗਨ ਭੇਂਟ ਕਰ ਦੇਣਗੇ। ਇਸ ਲਈ ਉਨ੍ਹਾਂ ਨੇ ਇਕ ਗੁਰਦੁਆਰੇ ਵਿਚ ਤੇਲ ਦੇ ਡਰੰਮ ਇਕੱਠੇ ਕਰ ਲਏ। ਸਿੱਖ ਵੀਰਾਂ ਨੇ ਸਰਕਾਰ ਨੂੰ ਇਹ ਸਿਗਨਲ ਦਿੱਤਾ:

ਜਹਾਜ਼ 'ਤੇ ਤੋਪ ਦੇ ਪਹਿਲੇ ਗੋਲੇ ਨਾਲੇ,
ਵੈਨਕੂਵਰ ਸ਼ਹਿਰ ਹੋਵੇਗਾ ਅੱਗ ਹਵਾਲੇ।[62]

ਕੈਨੇਡਾ ਸਰਕਾਰ ਨੇ ਸਿੱਖਾਂ ਦੇ ਜੋਸ਼ ਨੂੰ ਦੇਖ ਕੇ ਸੋਚਿਆ ਕਿ 360 ਮੁਸਾਫਿਰਾਂ (ਜਿਨ੍ਹਾਂ ਵਿਚ 90%ਤੋਂ ਵੱਧ ਸਿੱਖ ਸਨ) ਨੂੰ ਮਾਰਨਾ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ। ਇਹ ਫ਼ੈਸਲਾ ਹੋਇਆ ਕਿ ਇਨ੍ਹਾਂ ਨੂੰ ਵਾਪਸੀ ਦਾ ਰਾਸ਼ਨ ਪਾਣੀ ਦੇ ਕੇ ਵਾਪਸ ਭੇਜ ਦਿੱਤਾ ਜਾਵੇ ਜੋ ਕਿ ਬਾਬਾ ਗੁਰਦਿੱਤਾ ਸਿੰਘ ਜੀ ਦੀ ਮੰਗ ਵੀ ਸੀ। 23 ਜੁਲਾਈ 1914 ਨੂੰ ਇਹ ਜਹਾਜ਼ ਵੈਨਕੂਵਰ ਤੋਂ ਵਾਪਸ ਕਲਕੱਤੇ ਲਈ ਚਲ ਪਿਆ। ਆਖ਼ਰ 6 ਮਹੀਨਿਆਂ ਦੇ ਸਫ਼ਰ ਤੋਂ ਬਾਅਦ 26 ਸਤੰਬਰ 1914 ਨੂੰ ਇਹ ਜਹਾਜ਼ ਕਲਕੱਤਾ ਵਿਖੇ ਬਜਬਜ਼ ਘਾਟ 'ਤੇ ਪੁੱਜਾ। ਗੋਰੀ ਪੁਲਿਸ ਨੇ ਸਾਰੇ ਮੁਸਾਫ਼ਰਾਂ ਨੂੰ ਕਲਕੱਤੇ ਜਾਣ ਦੀ ਥਾਂ ਟ੍ਰੇਨ ਰਾਹੀਂ ਆਪਣੇ-ਆਪਣੇ ਘਰਾਂ ਤੱਕ ਪਹੁੰਚਾਉਣ ਦਾ ਜ਼ਬਰੀ ਹੁਕਮ ਕੀਤਾ। ਬਾਬਾ ਜੀ ਦੀ ਅਗਵਾਈ ਵਿਚ ਮੁਸਾਫ਼ਰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜਹਾਜ਼ ਵਿਚੋਂ ਲੈ ਕੇ ਨਗਰ ਕੀਰਤਨ ਦੇ ਰੂਪ ਵਿਚ ਕਲਕੱਤੇ ਵੱਲ ਤੁਰ ਪਏ।[63] ਪਰ ਕਲਕੱਤੇ ਤੋਂ 13 ਮੀਲ ਦੀ ਦੂਰੀ 'ਤੇ ਜਾਣ ਬਾਅਦ ਹੀ ਗੋਰੀ ਪੁਲਿਸ ਇਸ ਇਕੱਠ ਨੂੰ ਮੋੜ ਕੇ ਦੁਬਾਰਾ ਬਜਬਜ ਘਾਟ 'ਤੇ ਲੈ ਆਈ। 30 ਸਤੰਬਰ, 1914

---

[61] ਜਗਜੀਤ ਸਿੰਘ, *ਗਦਰ ਲਹਿਰ,* ਪੰਨਾ-96

[62] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-93

[63] "*ਡਾ. ਬਲਵੰਤ ਸਿੰਘ ਢਿਲੋਂ ਕਾਮਾਗਾਟਾਮਾਰੂ ਸਬੰਧੀ ਕਰਵਾਈ ਗਏ ਸੈਮੀਨਾਰ ਦੌਰਾਨ ਕਹਿੰਦੇ ਹਨ ਕਿ, "ਜਿਸ ਤਰ੍ਹਾਂ ਸਮੁੰਦਰੀ ਜਹਾਜ਼ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਉਹ ਆਪਣੇ ਆਪ ਵਿਚ ਪਾਣੀ 'ਤੇ ਤੈਰਦਾ ਹੋਇਆ ਦੁਨੀਆ ਵਿਚ ਪਹਿਲਾ ਗੁਰਦੁਆਰਾ ਸੀ।"* Comagatamaru; *Symbol of Struggle of Freedom*, Seminar at (Senate Hall), Punjabi University, Patiala, 18 may, 2015,

ਤੱਕ ਮੁਸਾਫ਼ਰ ਭੁੱਖੇ ਤਿਹਾਏ, 26 ਮੀਲ ਦਾ ਸਫ਼ਰ ਕਰ ਕੇ ਥੱਕ ਚੁੱਕੇ ਸਨ। ਅੰਗਰੇਜ਼ ਸਰਕਾਰ ਨੇ ਮੁਸਾਫਿਰਾਂ ਨੂੰ ਦੁਬਾਰਾ ਜਹਾਜ਼ ਵਿਚ ਚੜ੍ਹਾ ਕੇ ਜਹਾਜ਼ ਡੁਬੋ ਕੇ ਮਾਰਨ ਦੀ ਯੋਜਨਾ ਬਣਾਈ ਪਰ ਮੁਸਾਫ਼ਰ ਸਮਝ ਗਏ। ਇਹ ਹੁਕਮ ਨਾ ਮੰਨਣ ਦੀ ਸੂਰਤ ਵਿਚ ਪੁਲਿਸ ਨੇ ਮੁਸਾਫ਼ਰਾਂ ਨੂੰ ਗੋਲੀਆਂ ਨਾਲ ਉਡਾਉਣ ਦੀ ਧਮਕੀ ਦਿੱਤੀ। ਬਾਬਾ ਗੁਰਦਿੱਤ ਸਿੰਘ ਆਪਣੀ ਲਿਖਤ 'ਜ਼ੁਲਮੀ ਕਥਾ' ਵਿਚ ਦੱਸਦੇ ਹਨ, "ਜਦੋਂ ਅਸੀਂ ਪਾਠ ਦੇ ਅਰਦਾਸੇ ਦਾ ਭੋਗ ਪਾਇਆ ਤਾਂ ਪੁਲਿਸ ਤੇ ਸਿੰਘਾਂ ਨੇ ਕੁਝ ਤਕਰਾਰ ਕੀਤਾ ਤੇ ਪਰ ਪਤਾ ਨਹੀਂ ਲੱਗਾ ਗੱਲ ਕੀ ਸੀ ਪੁਲਿਸ ਦੀ ਤਰਫੋਂ ਪਿਸਤੌਲਾਂ ਦੇ ਫਾਇਰ ਹੋਣੇ ਸ਼ੁਰੂ ਹੋ ਗਏ, ਸੌਣ ਦੀ ਬਰਸਾਤ ਵਾਂਗ ਗੋਲੀਆਂ ਚੱਲੀਆਂ ਤੇ ਮੇਰੇ ਸਾਥੀ ਧੜਾਧੜ ਡਿੱਗਣੇ ਸ਼ੁਰੂ ਹੋ ਗਏ।"[64] ਰਾਤ ਦੇ ਹਨੇਰੇ ਵਿਚ 18 ਮੁਸਾਫ਼ਰ ਮਾਰੇ ਗਏ ਅਤੇ 25 ਜ਼ਖ਼ਮੀ ਹੋ ਗਏ। ਇਹਨਾਂ ਵਿਚ ਜ਼ਿਆਦਾਤਰ ਸਿੱਖ ਸਨ।[65] ਬਾਬਾ ਗੁਰਦਿੱਤ ਅਨੁਸਾਰ ਸਰਕਾਰੀ ਐਲਾਨ ਨਾਲੋਂ ਇਨ੍ਹਾਂ ਦੀ ਗਿਣਤੀ ਕਿਤੇ ਵੱਧ ਸੀ।[66] ਬਾਕੀਆਂ ਨੂੰ ਗ੍ਰਿਫ਼ਤਾਰ ਕਰਕੇ ਕਈ ਤਰ੍ਹਾਂ ਦੇ ਸਖ਼ਤ ਤਸੀਹੇ ਦਿੱਤੇ ਗਏ। ਕਾਮਾਗਾਟਾਮਾਰੂ ਜਹਾਜ਼ ਦਾ ਸਾਕਾ ਸੁਤੰਤਰਤਾ ਅੰਦੋਲਨ ਵਿਚ ਜਿਥੇ ਅੰਗਰੇਜ਼ ਸਾਮਰਾਜ ਦੀ ਜ਼ਾਲਮਾਨਾ ਕਰਤੂਤ ਦਾ ਦ੍ਰਿਸ਼ ਪੇਸ਼ ਕਰਦਾ ਹੈ ਉਥੇ ਸਿੱਖਾਂ ਦੀ ਅਡੋਲਤਾ ਨੂੰ ਵੀ ਉਜਾਗਰ ਕਰਦਾ ਹੈ। ਇਸ ਸਾਕੇ ਨੇ ਪੰਜਾਬ ਤੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਵਿਚ ਰੋਸ ਭਰ ਦਿੱਤਾ। ਇਸ ਨਾਲ ਗ਼ਦਰ ਲਹਿਰ ਨੂੰ ਹੋਰ ਵੀ ਤਾਕਤ ਮਿਲ ਗਈ। ਅਮਰੀਕਾ, ਕੈਨੇਡਾ ਅਤੇ ਸਾਊਥ ਏਸ਼ੀਆ ਵਿਚ ਰਹਿੰਦੇ ਭਾਰਤੀ ਤੁਰੰਤ ਭਾਰਤ ਪੁੱਜੇ ਅਤੇ ਬ੍ਰਿਟਿਸ਼ ਸਰਕਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਕੇ ਸੁਤੰਤਰਤਾ ਦੀ ਭਾਵਨਾ ਪੈਦਾ ਕੀਤੀ। ਉਨ੍ਹਾਂ ਨੇ ਸੁਤੰਤਰਤਾ ਪ੍ਰਾਪਤੀ ਨੂੰ ਆਪਣਾ ਉਦੇਸ਼ ਬਣਾ ਲਿਆ ਸੀ।

**ਕੈਨੇਡਾ ਵਿਚ ਸਿੱਖਾਂ ਦੀ ਸ਼ਹਾਦਤ**

ਕਾਮਾਗਾਟਾਮਾਰੂ ਜਹਾਜ਼ ਦੇ ਵਾਪਸ ਚਲੇ ਜਾਣ ਮਗਰੋਂ ਕੈਨੇਡਾ ਸਰਕਾਰ ਉਥੋਂ ਦੇ ਸਿੱਖਾਂ ਨੂੰ ਸਜ਼ਾ ਦੇਣਾ ਚਾਹੁੰਦੀ ਸੀ। ਇਸ ਲਈ ਇਮੀਗ੍ਰੇਸ਼ਨ ਵਿਭਾਗ ਦੇ ਅਫ਼ਸਰ ਮਿਸਟਰ ਹਾਪਕਿਨਸਨ ਨੇ ਭਾਰਤੀਆਂ ਦੇ ਬੇਲਾ ਸਿੰਘ ਜਿਆਨ ਨੂੰ ਲਾਲਚ ਦੇ ਕੇ ਦੋ-ਦੋ ਧੜੇ ਬਣਵਾ ਦਿੱਤੇ। ਬੇਲਾ ਸਿੰਘ ਸਰਕਾਰੀ ਪਿੱਠੂ ਸੀ ਜਿਸ ਨੇ 4 ਸਤੰਬਰ 1914 ਨੂੰ ਵੈਨਕੂਵਰ ਦੇ ਗੁਰੂ ਘਰ ਵਿਚ ਭਾਈ ਭਾਗ ਸਿੰਘ ਭਿੱਖੀਵਿੰਡ ਪ੍ਰਧਾਨ ਖ਼ਾਲਸਾ ਦੀਵਾਨ ਵੈਨਕੂਵਰ ਤੇ ਬਚਨ ਸਿੰਘ ਪਿੰਡ ਕੁੱਭੜਵਾਲ (ਪਟਿਆਲਾ) ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਹਾਪਕਿਨਸਨ ਨੇ ਬੇਲਾ ਸਿੰਘ ਨੂੰ ਇਹ ਕਹਿ ਕੇ ਬਰੀ ਕਰਾ ਦਿੱਤਾ ਕਿ ਬੇਲਾ ਸਿੰਘ ਨੇ ਆਪਣੀ ਰੱਖਿਆ ਲਈ ਇਹ ਗੋਲੀ

---

[64] ਬਾਬਾ ਗੁਰਦਿੱਤ ਸਿੰਘ, *ਜ਼ੁਲਮੀ ਕਥਾ (ਭਾਗ ਪਹਿਲਾ),* ਪੰਨਾ-136

[65] Fauja Singh (Dr.), *A Brief Account of The Freedom Movement In The Punjab*, p.20

[66] ਬਾਬਾ ਗੁਰਦਿੱਤ ਸਿੰਘ, *ਜ਼ੁਲਮੀ ਕਥਾ (ਭਾਗ ਪਹਿਲਾ),*ਪੰਨਾ-151

ਚਲਾਈ ਸੀ। ਇਸ ਬੇਇਨਸਾਫ਼ੀ ਕਾਰਨ 21 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਨੇ ਅਦਾਲਤ ਵਿਚ ਮਿਸਟਰ ਹਾਪਕਿਨਸਨ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਕਤਲ ਬਦਲੇ ਮੇਵਾ ਸਿੰਘ ਨੂੰ 27 ਜਨਵਰੀ 1915 ਨੂੰ ਫ਼ਾਂਸੀ ਲਾ ਦਿੱਤਾ ਗਿਆ।[67] ਮੇਵਾ ਸਿੰਘ ਦੇ ਗ਼ਦਰ ਪਾਰਟੀ ਨਾਲ ਸਬੰਧਤ ਹੋਣ ਕਾਰਨ ਗ਼ਦਰ ਪਾਰਟੀ ਦੀ ਚੜ ਵੱਜਣ ਲੱਗੀ।

ਭਾਰਤ ਨੂੰ ਸੁਤੰਤਰ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਆਪਣੀ ਮਾਤ ਭੂਮੀ ਪਹੁੰਚਣ ਲੱਗੇ। ਬਹੁਤੇ ਸਿੱਖ ਮੁਸਾਫ਼ਰ ਤਾਂ 'ਡਿਫ਼ੈਂਸ ਐਕਟ ਆਫ਼ ਇੰਡੀਆ' ਤਹਿਤ ਫੜੇ ਗਏ। ਫਿਰ ਵੀ ਬਹੁਤ ਸਾਰੇ ਆਗੂ ਆਪਣੇ ਪਿੰਡ ਪਹੁੰਚ ਗਏ। ਪੰਜਾਬ ਆ ਕੇ ਕਰਤਾਰ ਸਿੰਘ ਸਰਾਭਾ ਨੇ ਭੇਸ ਬਦਲ ਕੇ ਸੈਨਿਕ ਛਾਉਣੀਆਂ ਵਿਚ ਜਾ ਕੇ ਅੰਦਰ ਖਾਤੇ ਫ਼ੌਜੀਆਂ ਨੂੰ ਪ੍ਰੇਰਿਆ। ਗ਼ਦਰੀਆਂ ਵੱਲੋਂ ਗ਼ਦਰ ਦੀ ਸਫ਼ਲਤਾ ਲਈ ਕਈ ਥਾਵਾਂ 'ਤੇ ਡਾਕੇ ਵੀ ਮਾਰੇ ਅਤੇ ਪਿੰਡ ਝਾਬੇ ਵਾਲੇ (ਲੁਧਿਆਣੇ) ਵਿਚ ਬੰਬ ਬਣਾਉਣੇ ਸ਼ੁਰੂ ਕੀਤੇ। ਇਨ੍ਹਾਂ ਗ਼ਦਰੀਆਂ ਵਿਚ ਬਾਬਾ ਨਿਧਾਨ ਸਿੰਘ ਚੁੱਘਾ ਗ਼ਦਰੀ ਆਗੂ ਵੀ ਸੀ। ਇਸ ਗੱਲ ਤੋਂ ਸਪਸ਼ਟ ਹੈ ਭਾਵੇਂ ਸਿੱਖ ਸੰਸਾਰ ਦੇ ਕਿਸੇ ਕੋਨੇ ਵਿਚ ਬੈਠੇ ਸਨ ਪਰ ਉਨ੍ਹਾਂ ਦੇ ਮਨ ਵਿਚ ਸੁਤੰਤਰਤਾ ਦੀ ਪ੍ਰਬਲ ਭਾਵਨਾ ਮੌਜੂਦ ਸੀ। ਇਹ ਭਾਵਨਾ ਸਿੱਖ ਸਿਧਾਂਤ ਸਨ ਜਿਹੜੇ ਸਿੱਖਾਂ ਨੂੰ ਸੁਤੰਤਰਤਾ ਲਈ ਟੁੰਬਦੇ ਸਨ।

### ਜੱਲ੍ਹਿਆਂ ਵਾਲੇ ਬਾਗ ਦਾ ਸਾਕਾ

ਪਹਿਲੀ ਸੰਸਾਰ ਜੰਗ ਵਿਚ ਸਿੱਖ ਅੰਗਰੇਜ਼ੀ ਫ਼ੌਜ ਵੱਲੋਂ ਯੂਰਪ, ਅਫ਼ਰੀਕਾ ਅਤੇ ਪੂਰਵੀ ਏਸ਼ੀਆ ਵਿਚ ਜਰਮਨ ਅਤੇ ਉਸ ਦੇ ਸਾਥੀ ਦੇਸ਼ਾਂ ਦੀਆਂ ਫ਼ੌਜਾਂ ਦੇ ਖਿਲਾਫ਼ ਲੜੇ। ਜੰਗ ਦੇ ਖ਼ਤਮ ਹੋਣ ਤੋਂ ਬਾਅਦ ਸਰਕਾਰ ਨੇ 'ਰੌਲਟ ਐਕਟ' ਮਾਰਸ਼ਲ ਲਾਅ ਕੇ ਪੰਜਾਬੀਆਂ ਨੂੰ ਭੱਦਾ ਇਨਾਮ ਦਿੱਤਾ। ਸੰਸਾਰ ਦੇ ਪਹਿਲੇ ਯੁੱਧ ਦੌਰਾਨ ਅੰਗਰੇਜ਼ ਸਰਕਾਰ ਨੇ ਹਜ਼ਾਰਾਂ ਪੰਜਾਬੀ ਜਵਾਨਾਂ ਨੂੰ ਜਬਰੀ ਫ਼ੌਜ ਵਿਚ ਭਰਤੀ ਕਰ ਲਿਆ ਸੀ। ਇਸ ਭਰਤੀ ਵਿਚ ਪੂਰੇ ਦੇਸ਼ ਦੇ ਮੁਕਾਬਲੇ ਪੰਜਾਬੀ ਸਿੱਖਾਂ ਦੀ ਗਿਣਤੀ ਕਈ ਗੁਣਾ ਜ਼ਿਆਦਾ ਸੀ। ਫ਼ੌਜ ਵਿਚ ਜ਼ਬਰੀ ਭਰਤੀ ਦੌਰਾਨ ਪੰਜਾਬੀਆਂ 'ਤੇ ਗੋਰਿਆਂ ਨੇ ਬਹੁਤ ਅੱਤਿਆਚਾਰ ਕੀਤੇ। ਕੰਡਿਆਲੇ ਛਾਪਿਆਂ ਨਾਲ ਤਸੀਹੇ ਦਿੱਤੇ ਗਏ। ਪਿੰਡਾਂ ਵਿਚੋਂ ਨੌਜਵਾਨਾਂ ਨੂੰ ਔਰਤਾਂ ਸਾਹਮਣੇ ਨੰਗੇ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਸਿਰ ਉਪਰ ਜੁੱਤੀਆਂ ਰੱਖ ਖੜ੍ਹੇ ਕਰ ਦਿੱਤੇ ਜਾਂਦੇ ਸਨ। ਬਿਰਧ ਬੰਦਿਆਂ ਦੇ ਸੂਲ਼ਾਂ ਖੋਭੀਆਂ ਜਾਂਦੀਆਂ ਤੇ ਮਜ਼ਬੂਰ ਕੀਤਾ ਜਾਂਦਾ ਕਿ ਉਹ ਆਪਣੇ ਬੱਚਿਆਂ ਨੂੰ ਫ਼ੌਜ ਵਿਚ ਭਰਤੀ ਕਰਨ। ਸ਼ਾਹਪੁਰ ਜ਼ਿਲ੍ਹੇ ਦਾ ਪਿੰਡ

[67] ਦਿਲਗੀਰ, *ਸਿੱਖ ਤਵਾਰੀਖ,* ਪੰਨਾ-759

(ਹੁਣ ਪਾਕਿਸਤਾਨ) 'ਓਡੀਆਂ' ਇਨ੍ਹਾਂ ਅੱਤਿਆਚਾਰਾਂ ਤੋਂ ਡਰਦਾ ਸਾਰੇ ਦਾ ਸਾਰਾ ਖ਼ਾਲੀ ਹੋ ਗਿਆ ਸੀ। ਗ਼ੁਲਾਮੀ ਸਮੇਂ ਦੇ ਇਹ ਅੱਤਿਆਚਾਰ, *(ਬੰਬੇ ਕਰੌਨੀਕਲ 27-11-1923)* ਵਿਚ ਦਰਜ਼ ਹਨ।[68]

ਜੰਗ ਕਾਰਨ ਦੇਸ਼ ਵਿਚ ਹਰੇਕ ਚੀਜ਼ ਦੇ ਰੇਟ ਵੱਧ ਗਏ ਅਤੇ ਭੁੱਖਮਰੀ ਪੈਦਾ ਹੋ ਗਈ। ਬੰਗਾਲ ਵਿਚ ਕਾਲ ਪੈ ਗਿਆ ਅਤੇ ਲੋਕਾਂ ਨੇ 3500 ਬੋਰੀਆਂ ਕਣਕ ਦੀਆਂ ਦਿਨ ਦਿਹਾੜੇ ਲੁੱਟ ਲਈਆਂ। ਜੰਗ ਵਿਚ ਸਹਾਇਤਾ ਕਰਨ ਬਦਲੇ ਸਰਕਾਰ ਨੇ ਇਨਾਮ ਤਾਂ ਕੀ ਦੇਣਾ ਸੀ ਸਗੋਂ 'ਰੌਲਟ ਐਕਟ' ਨਾਮੀ ਕਾਨੂੰਨ ਲਾਗੂ ਕਰਕੇ ਇਨਕਲਾਬੀ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਕਾਇਮ ਕੀਤੇ ਗਏ। ਇਹ ਕਾਨੂੰਨ ਲੋਕਾਂ ਲਈ ਬਰਦਾਸ਼ਤ ਤੋਂ ਬਾਹਰ ਸਨ। ਇਸ ਨਾਲ ਦੇਸ਼ ਵਿਚ ਤਰਥੱਲੀ ਮੱਚ ਗਈ। 6 ਅਪ੍ਰੈਲ ਨੂੰ ਰੌਲਟ ਐਕਟ ਦੀ ਵਾਪਸੀ ਲਈ ਐਜੀਟੇਸ਼ਨ ਹੋਇਆ। 30 ਮਾਰਚ ਤੋਂ ਲੈ ਕੇ 6 ਅਪ੍ਰੈਲ ਤੱਕ ਰੌਲਟ ਐਕਟ ਦੇ ਖਿਲਾਫ਼ ਸਾਰੇ ਦੇਸ਼ ਵਿਚ ਜਿੰਨੀਆਂ ਹੜਤਾਲਾਂ ਹੋਈਆਂ ਉਨ੍ਹਾਂ ਦਾ ਇਕ ਤਿਹਾਈ ਪੰਜਾਬ ਵਿਚ ਹੋਈਆਂ।[69] 9 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ' ਰੌਲਟ ਐਕਟ' ਵਿਰੁੱਧ ਰੋਸ ਮਾਰਚ ਕੱਢਿਆ ਗਿਆ। ਇਸ ਜਲੂਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸਨ। ਇਸ ਸਮੇਂ ਸਿਪਾਹੀਆਂ ਨੇ ਭੀੜ 'ਤੇ ਗੋਲੀਆਂ ਚਲਾ ਦਿੱਤੀਆਂ ਜਿਸਦੇ ਜਵਾਬ ਵਿਚ ਲੋਕ ਭੜਕ ਗਏ ਅਤੇ ਕਾਫ਼ੀ ਜ਼ਿਆਦਾ ਖ਼ੂਨ ਖ਼ਰਾਬਾ ਹੋਇਆ। ਸਰਕਾਰ ਮੁਤਾਬਕ 20 ਤੋਂ 30 ਬੰਦੇ ਇਸ ਸਮੇਂ ਮਾਰੇ ਗਏ। ਲੋਕਾਂ ਨੇ ਭੜਕ ਕੇ ਪੂਰੇ ਅੰਮ੍ਰਿਤਸਰ ਸ਼ਹਿਰ ਵਿਚ ਤਰਥੱਲੀ ਮਚਾ ਦਿੱਤੀ। ਡਾਕਖਾਨਾ, ਰੇਲਵੇ ਗੋਦਾਮ ਅਤੇ ਬੈਂਕ ਲੁੱਟ ਲਿਆ ਗਿਆ। ਬੈਂਕ ਵਿਚ ਪੰਜ ਗੋਰੇ ਅਫ਼ਸਰ ਮਾਰ ਦਿੱਤੇ। ਅੰਗਰੇਜ਼ ਅਫ਼ਸਰ ਮਾਈਕਲ ਓਡਵਾਇਰ ਨੇ ਇਸ ਸਥਿਤੀ ਨੂੰ ਕਾਬੂ ਕਰਨ ਲਈ ਸਰਕਾਰ ਨੂੰ ਹਥਿਆਰਾਂ ਨਾਲ ਲੈੱਸ ਫ਼ੌਜੀ ਟੁਕੜੀਆਂ ਭੇਜਣ ਲਈ ਕਿਹਾ। 12 ਅਪ੍ਰੈਲ ਨੂੰ ਓਡਵਾਇਰ ਨੇ ਅੰਮ੍ਰਿਤਸਰ ਸ਼ਹਿਰ ਵਿਖੇ ਕਿਸੇ ਵੀ ਤਰ੍ਹਾਂ ਦੇ ਇਕੱਠ ਅਤੇ ਜਲਸਾ ਨਾ ਕਰਨ ਦਾ ਫੁਰਮਾਨ ਸੁਣਵਾ ਦਿੱਤਾ। ਪਰ ਪੰਜਾਬੀ ਸੂਰਮਿਆਂ ਨੇ ਸਰਕਾਰ ਦੀ ਪ੍ਰਵਾਹ ਨਾ ਕਰਦਿਆਂ ਜਲ੍ਹਿਆਂਵਾਲੇ ਬਾਗ ਵਿਚ 13 ਅਪ੍ਰੈਲ 1919 ਨੂੰ ਇਕੱਠ ਕੀਤਾ। ਦਰਬਾਰ ਸਾਹਿਬ ਵਿਸਾਖੀ ਮਨਾਉਣ ਆਏ ਸਿੱਖ ਇਕੱਠੇ ਹੋ ਗਏ। ਸ਼ਾਮ ਚਾਰ ਵਜੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਂਤਮਈ ਢੰਗ ਨਾਲ ਆਪਣੇ ਦੇਸ਼ ਭਗਤ ਆਗੂਆਂ ਦੇ ਵਿਚਾਰ ਸੁਣ ਰਹੇ ਸਨ।

ਜਲਸੇ ਵਿਚ ਸਰਕਾਰ ਦੇ ਵੱਲੋਂ 10 ਅਪ੍ਰੈਲ ਦੇ ਗੋਲੀਕਾਂਡ ਅਤੇ ਰੌਲਟ ਐਕਟ ਕਾਨੂੰਨ ਵਿਰੁੱਧ ਮਤੇ ਪਾਸ ਕੀਤੇ ਗਏ। ਸ਼ਾਮ ਪੰਜ ਕੁ ਵਜੇ ਜਨ. ਡਾਇਰ ਆਪਣੀ ਪਲਟਨ ਲੈ ਕੇ ਬਾਗ ਦੀ ਤੰਗ ਗਲੀ ਰਾਹੀਂ

---

[68] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-98-*ਬੰਬੇ ਕਰੌਨੀਕਲ 27-11-1923* ਵਿਚੋਂ (ਉਧਰਿਤ)

[69] ਦੱਤ, ਵੀ. ਐਨ., *ਜਲ੍ਹਿਆਂ ਵਾਲਾ ਬਾਗ,* ਸੂਬਾ ਸਿੰਘ (ਅਨੁ.), ਪੰਨਾ-45.

ਦਾਖਲ ਹੋਇਆ ਅਤੇ ਨਿਹੱਥੇ ਲੋਕਾਂ 'ਤੇ ਬਿਨਾਂ ਕੋਈ ਵਾਰਨਿੰਗ ਦਿੱਤਿਆਂ ਗੋਲੀਆਂ ਦਾ ਮੀਂਹ ਵਰਾ ਦਿੱਤਾ।[70] ਇਸ ਦੌਰਾਨ ਕਈ ਕੰਧਾਂ 'ਤੇ ਚੜ ਗਏ, ਕਈਆਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਸਰਕਾਰੀ ਅੰਕੜਿਆਂ ਦੇ ਹਵਾਲੇ ਨਾਲ ਵੀ. ਐਨ. ਦੱਤ ਦੱਸਦਾ ਹੈ ਕਿ ਇਸ ਦਿਨ 379 ਬੇਗੁਨਾਹ ਲੋਕਾਂ ਦਾ ਕਤਲ ਕੀਤਾ ਗਿਆ ਅਤੇ 1200 ਤੋਂ ਵੱਧ ਜ਼ਖ਼ਮੀ ਹੋਏ।[71] ਜਦੋਂਕਿ ਮਰਨ ਵਾਲੇ ਲੋਕ ਅਤੇ ਜ਼ਖਮੀਆਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਸੀ। ਸਰਕਾਰ ਦੀ ਇਸ ਕਾਰਵਾਈ ਨਾਲ ਪੰਜਾਬ ਵਿਚ ਦਹਿਸ਼ਤ ਤੇ ਰੋਹ ਦਾ ਮਾਹੌਲ ਪੈਦਾ ਹੋ ਗਿਆ। ਇਸ ਕਤਲਕਾਂਡ ਨੇ ਦੇਸ਼ ਦੇ ਲੋਕਾਂ ਵਿਚ ਸੁਤੰਤਰਤਾ ਪ੍ਰਾਪਤੀ ਲਈ ਹੋਰ ਜਨੂਨ ਪੈਦਾ ਕਰ ਦਿੱਤਾ। ਇਸ ਖ਼ੂਨੀ ਕਾਂਡ ਬਾਰੇ ਕਰਤਾਰ ਸਿੰਘ ਝੱਬਰ ਲਿਖਦੇ ਹਨ ਕਿ ਬਜਬਜ ਘਾਟ 'ਤੇ ਭਾਰਤੀ ਸੂਰਬੀਰਾਂ ਦੀ ਬਲੀ ਤੋਂ ਪਿੱਛੋਂ ਹਿੰਦੁਸਤਾਨ ਦੀ ਆਜ਼ਾਦੀ ਲਈ ਇਹ ਦੂਜੀ ਆਹੂਤੀ ਸੀ ਜੋ ਅੰਮ੍ਰਿਤਸਰ ਵਿਚ ਦਿੱਤੀ ਗਈ।[72] ਜੱਲ੍ਹਿਆਂ ਵਾਲਾ ਬਾਗ ਦੇ ਸਾਕੇ ਨੇ ਸਾਰੇ ਹਿੰਦੁਸਤਾਨ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਲੋਕਾਂ ਦੇ ਅੰਦਰ ਜੋਸ਼ ਤੇ ਗੁੱਸੇ ਦੇ ਭਾਂਬੜ ਬਲ ਉੱਠੇ ਇਥੋਂ ਤੱਕ ਕਿ ਮਹਾਂ ਕਵੀ ਟੈਗੋਰ ਨੇ ਰੋਸ ਵਜੋਂ 'ਸਰ' ਦਾ ਖਿਤਾਬ ਮੋੜ ਦਿੱਤਾ। ਦੇਸ਼ ਭਗਤੀ ਦੀ ਭਾਵਨਾ ਪੈਦਾ ਹੋਣ ਨਾਲ ਲੋਕ ਨਿਡਰ ਤੇ ਦਲੇਰ ਹੋ ਗਏ। ਆਉਣ ਵਾਲੇ ਸਾਲਾਂ ਵਿਚ ਪੰਜਾਬ ਨੇ ਦੇਸ਼ ਦੀ ਸੁਤੰਤਰਤਾ ਲਈ ਵਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। ਇਸ ਕਾਂਡ ਦਾ ਮੋਢੀ ਜ਼ਿੰਮੇਵਾਰ ਗਵਰਨਰ ਮਾਈਕਲ ਉਡਵਾਇਰ ਸੀ ਜਿਸਨੇ ਇਹ ਕਾਨੂੰਨ ਪਾਸ ਕੀਤਾ ਸੀ। ਊਧਮ ਸਿੰਘ (ਸੁਨਾਮ) ਨੇ ਇਹ ਕਤਲੇਆਮ ਆਪਣੀ ਬਾਲ ਉਮਰ ਵਿਚ ਅੱਖੀਂ ਦੇਖਿਆ ਸੀ। ਉਸਨੇ ਉਡਵਾਇਰ ਨੂੰ ਮਾਰਨ ਦਾ ਪ੍ਰਣ ਕਰ ਲਿਆ। ਉਹ 13 ਮਾਰਚ 1940 ਨੂੰ ਉਡਵਾਇਰ ਨੂੰ ਢੂੰਡਦਾ ਲੰਡਨ ਦੇ ਕੈਕਸਟਨ ਹਾਲ ਵਿਚ ਪੁੱਜਿਆ, ਲਗਭਗ ਇੱਕੀ ਸਾਲ ਬਾਅਦ ਉਸਨੇ ਓਡਵਾਇਰ 'ਤੇ ਦੋ ਗੋਲੀਆਂ ਚਲਾ ਕੇ ਜੱਲਿਆਂਵਾਲੇ ਬਾਗ ਦਾ ਬਦਲਾ ਲੈ ਲਿਆ। 31 ਜੁਲਾਈ, 1940 ਨੂੰ ਸਰਦਾਰ ਊਧਮ ਸਿੰਘ ਨੂੰ ਸਜ਼ਾ ਵਜੋਂ ਫ਼ਾਂਸੀ ਦੇ ਦਿੱਤੀ ਗਈ। ਫ਼ਾਂਸੀ ਲੱਗਣ ਵੇਲੇ ਆਪਣੀ ਆਖਰੀ ਇੱਛਾ ਵਿਚ ਵੀ ਉਸਨੇ ਦੇਸ਼ ਦੀ ਸੁਤੰਤਰਤਾ ਮੰਗੀ।[73] ਉਸਨੇ ਅੰਗਰੇਜ਼ਾਂ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਘਟਨਾ ਨੇ ਦੇਸ਼ ਦੇ ਨੌਜਵਾਨਾਂ ਵਿਚ ਸੁਤੰਤਰਤਾ ਪ੍ਰਾਪਤੀ ਲਈ ਹੋਰ ਜਨੂੰਨ ਪੈਦਾ ਕੀਤਾ। ਜੱਲਿਆਂ ਵਾਲਾ ਬਾਗ ਕਾਂਢ ਤੋਂ ਬਾਅਦ ਪੰਜਾਬ ਵਿਚ ਅਗਲੇ 6 ਵਰ੍ਹੇ ਅਕਾਲੀ ਲਹਿਰਾਂ, ਅਕਾਲੀ ਤਹਿਰੀਕ ਦਾ ਗੜ੍ਹ ਬਣੀਆਂ। ਸਿੱਖ ਜਥੇਬੰਦ ਹੋ ਕੇ ਸੁਤੰਤਰਤਾ ਲਈ ਅੰਗਰੇਜ਼ ਸਰਕਾਰ ਨਾਲ ਫ਼ੈਸਲਾਕੁੰਨ ਟੱਕਰ ਲੈਣ ਲਈ ਲਾਮਬੰਦ ਹੋਏ।

---

[70] ਦੱਤ, ਵੀ. ਐਨ., *ਜਲ੍ਹਿਆਂ ਵਾਲਾ ਬਾਗ,* ਸੂਬਾ ਸਿੰਘ (ਅਨੁ.), ਪੰਨਾ-95-96

[71] ਉਹੀ, ਪੰਨਾ-122

[72] ਕਰਤਾਰ ਸਿੰਘ ਝੱਬਰ, *ਅਕਾਲੀ ਮੋਰਚੇ 'ਤੇ ਝੱਬਰ,* ਨਰੈਣ ਸਿੰਘ ਐਮ. ਏ. (ਸੰਪਾ.), ਪੰਨਾ-34

[73] ਗੁਰਚਰਨ ਸਿੰਘ (ਡਾ.), *ਸ਼ਹੀਦ ਊਧਮ ਸਿੰਘ,* ਪੰਨਾ-104

### ਸਿੱਖ ਲੀਗ ਦੀ ਸਥਾਪਤੀ

ਸਰਕਾਰ ਦੀਆਂ ਲੋਕ ਵਿਰੋਧੀ ਕਾਰਵਾਈਆਂ ਕਾਰਨ ਜੁਝਾਰੂ ਸਿੱਖਾਂ ਨੇ ਦਸੰਬਰ 1919 ਵਿਚ ਵੱਡਾ ਇਕੱਠ ਕਰਕੇ ਇਕ ਜਥੇਬੰਦੀ ਕਾਇਮ ਕੀਤੀ ਜਿਸ ਦਾ ਨਾਂ 'ਸਿੱਖ ਲੀਗ' ਰੱਖਿਆ ਗਿਆ। 27 ਦਸੰਬਰ 1919 ਨੂੰ ਸੈਂਟਰਲ ਸਿੱਖ ਲੀਗ ਦਾ ਸਮਾਗਮ ਹੋਇਆ ਜਿਸ ਵਿਚ ਗੱਜਣ ਸਿੰਘ ਨੇ ਸਿੱਖ ਹੱਕਾਂ ਬਾਰੇ ਆਵਾਜ਼ ਉਠਾਈ ਅਤੇ ਕੁਝ ਮਤੇ ਵੀ ਪਾਸ ਕੀਤੇ ਗਏ। ਜਿਵੇਂ ਸਰਕਾਰੀ ਕੈਦੀਆਂ ਨੂੰ ਰਿਹਾਅ ਕਰਨਾ, ਹਿੰਦੁਸਤਾਨ ਨੂੰ ਹੋਰ ਬ੍ਰਿਟਿਸ਼ ਕਾਲੋਨੀਆਂ ਵਰਗੀ ਆਪਣੀ ਸਰਕਾਰ ਦੇਣੀ, ਗੁਰਦੁਆਰਿਆਂ ਤੇ ਪੰਥਕ ਜਗੀਰਾਂ ਦਾ ਪ੍ਰਬੰਧ ਖ਼ਾਲਸਾ ਜੀ ਦੇ ਹੱਕ ਵਿਚ ਕਰਨਾ, ਪੰਜਾਬ ਦਾ ਮੁਆਮਲਾ ਟੈਕਸ ਘੱਟ ਕਰਨਾ, ਨਹਿਰਾਂ ਦਾ ਮਾਮਲਾ ਘਟਾਉਣ ਅਤੇ ਫ਼ੌਜਾਂ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਜ਼ਾਦੀ ਦੀ ਮੰਗ ਕੀਤੀ ਗਈ ਹੈ।[74] 21 ਅਕਤੂਬਰ 1920 ਨੂੰ ਫਿਰ ਸਿੱਖ ਲੀਗ ਦਾ ਇਜਲਾਸ ਹੋਇਆ ਜਿਸ ਵਿਚ ਭਾਈ ਤੇਜਾ ਸਿੰਘ ਮਸਤੂਆਣਾ ਤੇ ਸਰਦੂਲ ਸਿੰਘ ਕਵੀਸ਼ਰ ਦੁਆਰਾ ਮਾਰਸ਼ਲ ਲਾਅ ਲਾਗੂ ਕਰਨ ਅਤੇ ਸਿੱਖਾਂ ਦੇ ਖਿਲਾਫ਼ ਇਸ ਲਹਿਰ ਦੇ ਆਗੂਆਂ 'ਤੇ ਜ਼ੁਲਮ ਕਰਨ ਅਤੇ ਸਿੱਖ ਹੱਕਾਂ ਦੀ ਬੇਪਰਵਾਹੀ ਲਈ ਸਰਕਾਰ ਦੇ ਸਮੁੱਚੇ ਬਾਈਕਾਟ ਦਾ ਐਲਾਨ ਕੀਤਾ ਗਿਆ।[75]

### ਨੌਜਵਾਨ ਭਾਰਤ ਸਭਾ ਅਤੇ ਕਮਿਊਨਿਸਟਾਂ ਦਾ ਰੋਲ

ਗ਼ਦਰੀਆਂ ਨੇ ਦੁਆਬੇ ਦੇ ਪਿੰਡਾਂ ਵਿਚ ਸਰਕਾਰ ਵਿਰੁੱਧ ਪ੍ਰਚਾਰ ਕਰਕੇ ਲੋਕਾਂ ਨੂੰ ਬਗ਼ਾਵਤ ਲਈ ਤਿਆਰ ਕੀਤਾ ਸੀ, ਇਸੇ ਤਰ੍ਹਾਂ ਇਨਕਲਾਬੀ ਨੌਜੁਆਨਾਂ ਨੇ ਸ਼ਹਿਰਾਂ ਦੇ ਪੜ੍ਹੇ-ਲਿਖੇ ਨੌਜੁਆਨਾਂ ਤੇ ਵਿਦਿਆਰਥੀਆਂ ਨੂੰ ਇਨਕਲਾਬ ਵਾਸਤੇ ਤਿਆਰ ਕਰਨ ਲਈ 1926 ਵਿਚ 'ਨੌਜੁਆਨ ਭਾਰਤ ਸਭਾ' ਕਾਇਮ ਕੀਤੀ। ਇਸ ਸਭਾ ਦਾ ਮਨੋਰਥ ਨੌਜੁਆਨਾਂ ਨੂੰ ਫ਼ਿਰਕੇਦਾਰੀ ਛੱਡ ਕੇ ਦੇਸ਼ ਭਗਤੀ ਵੱਲ ਪ੍ਰੇਰਨਾ ਸੀ। ਕਿਸਾਨਾਂ, ਮਜ਼ਦੂਰਾਂ ਤੇ ਪਛੜੇ ਵਰਗ ਨੂੰ ਲਾਮਬੰਦ ਕਰਨਾ ਸੀ ਤਾਂ ਜੋ ਕਿਰਤੀਆਂ ਤੇ ਕਿਸਾਨਾਂ ਦਾ ਪੂਰਨ ਸੁਤੰਤਰ ਲੋਕ ਰਾਜ ਸਥਾਪਿਤ ਹੋ ਸਕੇ।[76]

'ਨੌਜੁਆਨ ਭਾਰਤ ਸਭਾ' ਦਾ ਮੁੱਖ ਆਗੂ ਭਗਤ ਸਿੰਘ ਸੀ ਜਿਸਨੂੰ ਸੁਤੰਤਰਤਾ ਦਾ ਜਜ਼ਬਾ ਤੇ ਦੇਸ਼ ਭਗਤੀ ਵਿਰਸੇ 'ਚੋਂ ਪ੍ਰਾਪਤ ਹੋਈ ਸੀ। ਉਸਦੇ ਚਾਚਾ ਅਜੀਤ ਸਿੰਘ, ਪਿਤਾ ਕ੍ਰਿਸ਼ਨ ਸਿੰਘ ਤੇ ਚਾਚਾ ਸਵਰਨ ਸਿੰਘ ਨੇ 1907 ਦੇ ਕਿਸਾਨ ਅੰਦੋਲਨ ਵਿਚ ਗੋਰੀ ਸਰਕਾਰ ਵਿਰੁੱਧ ਭੜਕਾਊ ਭਾਸ਼ਣਾਂ ਤਹਿਤ ਜੇਲ੍ਹਾਂ ਦੀਆਂ

---

[74] ਦਿਲਗੀਰ, *ਸਿੱਖ ਤਵਾਰੀਖ,* ਪੰਨੇ-767-769

[75] ਉਹੀ, ਪੰਨਾ-772

[76] ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ),* ਪੰਨਾ-215

ਕਾਲ-ਕੋਠੜੀਆਂ ਵਿਚ ਜੀਵਨ ਬਤੀਤ ਕੀਤਾ ਸੀ। ਇਸ ਨੌਜੁਆਨ ਭਾਰਤ ਸਭਾ ਵਿਚ ਸੋਹਣ ਸਿੰਘ ਜੋਸ਼, ਕਿਸ਼ੋਰੀ ਲਾਲ, ਸਰਦੂਲ ਸਿੰਘ ਕਵੀਸ਼ਰ, ਪ੍ਰਿਥੀ ਸਿੰਘ ਆਜ਼ਾਦ, ਤੇਜਾ ਸਿੰਘ ਸੁਤੰਤਰ, ਸ਼ਹੀਦ ਮਹਿਲ ਸਿੰਘ ਛੱਜਲਵਿੱਢੀ ਆਦਿ ਸਰਗਰਮ ਮੈਂਬਰ ਸਨ। ਇਸ ਨੂੰ ਜਥੇਬੰਦ ਕਰਨ ਤੇ ਯੋਜਨਾਵਾਂ ਆਦਿ ਬਣਾਉਣ ਦਾ ਕੰਮ ਭਗਤ ਸਿੰਘ ਦੇ ਹੀ ਜ਼ਿੰਮੇ ਸੀ।

ਅੰਗਰੇਜ਼ ਅਫ਼ਸਰ ਸਾਈਮਨ ਜਦੋਂ ਭਾਰਤ ਆਇਆ ਕਾਂਗਰਸ ਨੇ ਇਸਦੇ ਬਾਈਕਾਟ ਦਾ ਮਤਾ ਪਾਸ ਕੀਤਾ ਸੀ। 30 ਅਕਤੂਬਰ 1928 ਨੂੰ ਇਹ ਕਮਿਸ਼ਨ ਲਾਹੌਰ ਪਹੁੰਚਿਆ ਤਾਂ ਭਾਰਤ ਨੌਜੁਆਨ ਸਭਾ ਨੇ ਇਸ ਵਿਰੁੱਧ ਵਿਖਾਵਾ ਕਰਨ ਦਾ ਜ਼ਿੰਮਾ ਲਿਆ। ਬਾਬਾ ਖੜਕ ਸਿੰਘ ਤੇ ਲਾਲਾ ਲਾਜਪਤ ਰਾਇ ਦੀ ਅਗਵਾਈ ਹੇਠਾਂ ਲੋਕਾਂ ਨੇ ਕਾਲੀਆਂ ਝੰਡੀਆਂ ਨਾਲ ਬੜਾ ਤਕੜਾ ਮੁਜ਼ਾਹਰਾ ਕੀਤਾ। ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਨਿਹੱਥੇ ਤੇ ਨਿਰਦੋਸ਼ ਲੋਕਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਸ਼ੁਰੂ ਕਰ ਦਿੱਤਾ। ਲਾਲਾ ਲਾਜਪਤ ਰਾਇ ਦੀ ਹਿੱਕ 'ਤੇ ਕੁਝ ਚੋਟਾਂ ਆਈਆਂ। ਦਿਲ ਦੇ ਮਰੀਜ਼ ਹੋਣ ਕਰਕੇ ਲਾਲਾ ਜੀ ਚੱਲ ਵਸੇ। ਇਨ੍ਹਾਂ ਦੀ ਮੌਤ ਪਿੱਛੋਂ ਨੌਜੁਆਨ ਸਭਾ ਦੇ ਮੈਂਬਰਾਂ ਨੂੰ ਗੁੱਸਾ ਚੜ੍ਹਿਆ ਤੇ ਭਗਤ ਸਿੰਘ, ਰਾਜ ਗੁਰੂ ਤੇ ਚੰਦਰ ਸ਼ੇਖਰ ਆਜ਼ਾਦ ਨੇ 17 ਦਸੰਬਰ ਨੂੰ ਅੰਗਰੇਜ਼ ਅਫ਼ਸਰ ਏ. ਐਸ. ਪੀ. ਸਕਾਟ ਦੇ ਭੁਲੇਖੇ ਸਾਂਡਰਸ ਨੂੰ ਗੋਲੀ ਮਾਰ ਦਿੱਤੀ।

ਭਗਤ ਸਿੰਘ ਨੇ ਇਨ੍ਹਾਂ ਦਿਨਾਂ ਵਿਚ ਬੰਬ ਬਣਾਉਣ ਤੇ ਚਲਾਉਣ ਦੀ ਵੀ ਸਿੱਖਿਆ ਹਾਸਲ ਕਰ ਲਈ। ਬਾਕੀ ਪ੍ਰਾਂਤਾਂ ਦੇ ਇਨਕਲਾਬੀਆਂ ਨਾਲ ਮਿਲ ਕੇ 'ਹਿੰਦੁਸਤਾਨੀ ਸਮਾਜਵਾਦੀ ਪਰਜਾਤੰਤਰ ਸੈਨਾ' ਨਾਂ ਦੀ ਇਕ ਖਾੜਕੂ ਸੰਸਥਾ ਸਥਾਪਿਤ ਕੀਤੀ। ਭਾਰਤ ਸਰਕਾਰ ਨੇ ਅਸੈਂਬਲੀ ਵਿਚ 'ਜਨਤਕ ਸੁਰੱਖਿਆ 'ਤੇ ਕਿਰਤ ਵਪਾਰ ਝਗੜੇ' ਨਾਂ ਦੇ ਦੋ ਬਿਲ ਪੇਸ਼ ਕੀਤੇ। ਇਨ੍ਹਾਂ ਬਿਲਾਂ ਦੇ ਵਿਰੋਧ ਵਿਚ ਇਨ੍ਹਾਂ ਦੀ ਸੰਸਥਾ ਨੇ ਰੋਸ ਪ੍ਰਗਟ ਕਰਨ ਲਈ ਕੇਂਦਰੀ ਹਾਲ ਦੀ ਅਸੈਂਬਲੀ ਵਿਚ ਬੰਬ ਮਾਰਨ ਦੀ ਵਿਉਂਤ ਬਣਾਈ। ਅੰਗਰੇਜ਼ ਸਰਕਾਰ ਦੀਆਂ ਅੱਖਾਂ ਖੋਲ੍ਹਣ ਲਈ ਇਹ ਕੰਮ ਭਗਤ ਸਿੰਘ ਤੇ ਬੀ. ਕੇ. ਦੱਤ ਨੂੰ ਸੌਂਪਿਆ ਗਿਆ। 8 ਦਸੰਬਰ 1929 ਨੂੰ ਇਸ ਬਿਲ 'ਤੇ ਬਹਿਸ ਚਲ ਰਹੀ ਸੀ। ਖਚਾਖਚ ਭਰੇ ਹਾਲ ਵਿਚ ਦਰਸ਼ਕ ਗੈਲਰੀ ਤੋਂ ਵਾਰੀ-ਵਾਰੀ ਆਵਾਜ਼ ਅਤੇ ਧੂੰਏਂ ਵਾਲੇ ਬੰਬ ਸੁੱਟੇ ਗਏ। ਦੋਵੇਂ ਜਣੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਗ੍ਰਿਫ਼ਤਾਰ ਹੋ ਗਏ।[77] ਬੰਬ ਮਾਰਨ ਮਗਰੋਂ ਜਿਹੜੇ ਇਸ਼ਤਿਹਾਰ ਅੰਦਰ ਸੁੱਟੇ ਗਏ ਸਨ, ਉਨ੍ਹਾਂ 'ਤੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ:

[77] *"ਭਗਤ ਸਿੰਘ ਦੇ ਇਨਕਲਾਬ ਦਾ ਮਤਲਬ ਸਿਰਫ ਵਿਦਰੋਹੀ ਕਾਰਵਾਈ ਜਾਂ ਹਿੰਸਾ ਨਹੀਂ ਸੀ। ਇਸਦਾ ਮੁੱਖ ਮੰਤਵ ਕੌਮੀ ਸੁਤੰਤਰਤਾ ਅਤੇ ਸਾਮਰਾਜਵਾਦ ਦਾ ਖ਼ਾਤਮਾ ਸੀ"* ਐਸ. ਤਰਸੇਮ (ਡਾ.) (ਸੰਪਾ.), *ਭਗਤ ਸਿੰਘ ਸੰਘਰਸ਼ ਅਤੇ ਸ਼ਹਾਦਤ,* ਪੰਨਾ-49

ਬੋਲਿਆਂ ਨੂੰ ਸੁਣਾਉਣ ਲਈ ਉੱਚੀ ਆਵਾਜ਼ ਵਿਚ ਬੋਲਣਾ ਪੈਂਦਾ ਹੈ।[78]

ਭਗਤ ਸਿੰਘ ਤੇ ਦੱਤ ਨੇ ਮੁਕੱਦਮੇ ਸਮੇਂ ਜੋ ਲਿਖਤੀ ਬਿਆਨ ਦਿੱਤਾ, ਉਹ ਉਨ੍ਹਾਂ ਦੀ ਸੂਰਬੀਰਤਾ, ਦਲੇਰੀ ਤੇ ਰਾਜਨੀਤਿਕ ਸੂਝ-ਬੂਝ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਦੇ ਬਿਆਨ ਸਨ, "ਭਾਰਤ ਦੀ ਪਾਰਲੀਮੈਂਟ ਨਿਰਾਰਥਕਤਾ ਤੇ ਖੋਖਲੇਪਣ ਤੇ ਅਖੌਤੀ ਚੁਣੀ ਹੋਈ ਸੰਸਥਾ ਨਿਰਾ ਪਾਖੰਡ ਹੈ, ਇਸ ਦੇ ਪਾਸ ਕੀਤੇ ਗਏ ਮਤੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੇ ਜਾਂਦੇ ਹਨ। ਇਸ ਦੇ ਰੱਦ ਕੀਤੇ ਬਿਲਾਂ ਨੂੰ ਸਰਕਾਰ ਆਪਣੇ ਵਿਸ਼ੇਸ਼ ਅਧਿਕਾਰਾਂ ਨਾਲ ਕਾਨੂੰਨ ਬਣਾ ਕੇ ਲਾਗੂ ਕਰ ਦਿੰਦੀ ਹੈ। ਇਨ੍ਹਾਂ ਦੇ ਠਾਠ-ਬਾਠ ਉਤੇ ਗਰੀਬ ਲੋਕਾਂ ਦੀ ਲਹੂ ਪਸੀਨੇ ਦੀ ਕਮਾਈ ਅਜਾਈਂ ਖ਼ਰਚ ਕੀਤੀ ਜਾ ਰਹੀ ਹੈ।"[79]

ਇਸ ਕਾਰਵਾਈ ਤੋਂ ਮਗਰੋਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ। ਇਸ ਕੇਸ ਵਿਚ ਭਗਤ ਸਿੰਘ ਤੇ ਦੱਤ ਨੂੰ ਉਮਰ ਕੈਦ ਦੀ ਸਜ਼ਾ ਹੋਈ। ਉਧਰ ਇਕ ਹੋਰ ਕ੍ਰਾਂਤੀਕਾਰੀ, ਜੈ ਗੋਪਾਲ ਨੂੰ ਪੁਲਿਸ ਨੇ ਫੜ੍ਹ ਲਿਆ ਜੋ ਵਾਅਦਾ ਮੁਆਫ਼ ਗਵਾਹ ਬਣ ਗਿਆ। ਉਸ ਦੇ ਬਿਆਨਾਂ ਦੇ ਆਧਾਰ 'ਤੇ ਸਾਂਡਰਸ ਦੇ ਕਤਲ ਦੇ ਦੋਸ਼ ਵਿਚ ਇਕ ਹੋਰ ਕੇਸ ਚਲਾ ਕੇ 7 ਅਕਤੂਬਰ 1930 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜ ਗੁਰੂ ਨੂੰ ਫ਼ਾਂਸੀ ਦੀ ਸਜ਼ਾ ਹੋਈ। ਇਨ੍ਹਾਂ ਦੇ ਸਭ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਭਗਤ ਸਿੰਘ ਹੋਰਾਂ ਦੀ ਫ਼ਾਂਸੀ ਦੀ ਸਜ਼ਾ ਸੁਣ ਕੇ ਦੇਸ਼ ਭਰ ਵਿਚ ਸੁਤੰਤਰਤਾ ਸੰਗਰਾਮ ਲਈ ਜੋਸ਼ ਅਤੇ ਉਤਸ਼ਾਹ ਪੈਦਾ ਹੋਇਆ। ਇਨ੍ਹਾਂ ਨੌਜੁਆਨਾਂ ਦੀ ਕੁਰਬਾਨੀ ਸਦਕਾ ਸਾਰੇ ਭਾਰਤ ਵਿਚ ਅੰਗਰੇਜ਼ ਸਰਕਾਰ ਵਿਰੁੱਧ ਘ੍ਰਿਣਾ ਪੈਦਾ ਹੋਈ ਤੇ ਗੁੱਸੇ ਦੇ ਭਾਂਬੜ ਬਲ ਪਏ। ਪੰਜਾਬ ਵਿਚ ਖਾਸ ਕਰ ਸ਼ਾਂਤਮਈ ਜਲੂਸ, ਭੜਕਾਊ ਤੇ ਜੋਸ਼ੀਲੇ ਮੁਜ਼ਾਹਰੇ ਕੀਤੇ ਗਏ। ਭਗਤ ਸਿੰਘ ਦੀ ਸ਼ਹਾਦਤ ਨੇ ਨੌਜੁਆਨਾਂ ਨੂੰ ਦੇਸ਼ ਦੀ ਸੁਤੰਤਰਤਾ ਸੰਗਰਾਮ ਲਈ ਵੱਡੇ ਪੱਧਰ 'ਤੇ ਝੰਜੋੜਿਆ ਕਿਉਂਕਿ ਇਹਨਾਂ ਦੀ ਲਹਿਰ ਕਿਸਾਨਾਂ, ਕਿਰਤੀਆਂ ਤੇ ਆਮ ਲੋਕਾਂ ਦੇ ਹੱਕ ਵਿਚ ਅਤੇ ਅੰਗਰੇਜ਼ੀ ਸਾਮਰਾਜ ਤੇ ਜਾਗੀਰਦਾਰੀ ਦੇ ਖਿਲਾਫ਼ ਮਹੱਤਵਪੂਰਨ ਅੰਦੋਲਨ ਸੀ। ਦੇਸ਼ ਵਿਚ ਚਲ ਰਹੇ ਸੁਤੰਤਰਤਾ ਸੰਗਰਾਮ ਦੌਰਾਨ ਸਮਾਜ ਦੇ ਛੋਟੇ ਵਰਗਾਂ ਦੀ ਅਗਵਾਈ ਕੀਤੀ। ਭਗਤ ਸਿੰਘ ਨੇ ਸੁਤੰਤਰਤਾ ਲਈ ਉੱਤਰੀ ਭਾਰਤ ਦੇ ਨੌਜਵਾਨਾਂ ਵਿਚ ਸੰਘਰਸ਼ ਲਈ ਚੇਤਨਾ ਪੈਦਾ ਕੀਤੀ। ਉਸਦੇ ਮਨ ਵਿਚ ਸਿੱਖੀ ਸਰੂਪ ਧਾਰਨ ਕਰਨ ਦੀ ਵੀ ਪ੍ਰਬਲ ਇੱਛਾ ਰਹੀ। ਸਿਰਦਾਰ ਕਪੂਰ ਸਿੰਘ ਅਨੁਸਾਰ ਭਗਤ ਸਿੰਘ ਨੂੰ ਇਸ ਗੱਲ ਦਾ ਅਫ਼ਸੋਸ ਹੀ ਰਿਹਾ ਕਿ ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਹ ਅੰਮ੍ਰਿਤ ਨਹੀਂ ਛਕ ਸਕਿਆ ਜਿਸਦੀ ਉਸਨੇ ਅੰਤਿਮ ਇੱਛਾ ਕੀਤੀ

---

[78] ਐਸ. ਤਰਸੇਮ (ਡਾ.) (ਸੰਪਾ.), *ਭਗਤ ਸਿੰਘ ਸੰਘਰਸ਼ ਅਤੇ ਸ਼ਹਾਦਤ,* ਪੰਨਾ-48

[79] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-110

ਸੀ।[80] 1920 ਤੋਂ ਬਾਅਦ ਭਾਰਤੀ ਰਾਸ਼ਟਰੀ ਅੰਦੋਲਨ ਵਿਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਆਏ ਪਰ ਇਸ ਅੰਦੋਲਨ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਬਲ ਦਿੱਤਾ।

## ਗੁਰਦੁਆਰਾ ਸੁਧਾਰ ਲਹਿਰ ਬਨਾਮ ਸੁਤੰਤਰਤਾ ਸੰਘਰਸ਼

ਗੁਰਦੁਆਰਾ ਸਿੱਖਾਂ ਦੇ ਧਾਰਮਿਕ, ਸਿਆਸੀ ਅਤੇ ਸਮਾਜਿਕ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਹ ਕੇਵਲ ਪ੍ਰਾਰਥਨਾ ਸਥਾਨ ਹੀ ਨਹੀਂ, ਇਹ ਪਾਠਸ਼ਾਲਾ ਹੈ, ਸਭਾ (ਸੰਗਤ), ਵਿਸ਼ਰਾਮ ਗ੍ਰਹਿ ਅਤੇ ਇਸਤਰੀ ਦੀ ਪੱਤ ਰੱਖਣ ਲਈ ਲੋਹ ਮਈ ਦੁੱਰਗ ਵੀ ਹੈ।[81] ਸਿੱਖ ਸ਼ੁਰੂ ਤੋਂ ਹੀ ਧਾਰਮਿਕ ਸੁਤੰਤਰਤਾ ਦੇ ਅਲੰਬਰਦਾਰ ਸਨ। ਉਹ ਆਪਣੇ ਧਾਰਮਿਕ ਅਕੀਦੇ (ਗੁਰਦੁਆਰਿਆਂ) ਦੀ ਬੇਅਦਬੀ ਨਹੀਂ ਵੇਖ ਸਕਦੇ ਸਨ। ਗੁਰੂ ਸਾਹਿਬਾਨ ਦਾ ਉਪਦੇਸ਼ ਹੈ 'ਗੁਰੂ ਦੁਆਰੈ ਹੋਇ ਸੋਝੀ ਪਾਇਸੀ'।[82] ਇਸੇ ਤਹਿਤ ਗੁਰਦੁਆਰਿਆਂ ਵਿਚ ਸਿੱਖਾਂ ਵੱਲੋਂ ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ। ਜਦੋਂ ਸਰਕਾਰ ਦੀ ਮਦਦ ਨਾਲ ਮਹੰਤਾਂ ਵੱਲੋਂ ਗੁਰਦੁਆਰਿਆਂ ਦੀ ਬੇਅਦਬੀ ਹੋਣ ਲੱਗੀ ਤਾਂ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ। ਗੁਰਦੁਆਰਾ ਸੁਧਾਰ ਲਹਿਰ ਨੇ ਲੋਕਾਂ ਦੇ ਧਾਰਮਿਕ ਉਭਾਰ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਸ਼ਕਤੀਸ਼ਾਲੀ ਹਥਿਆਰ ਬਣਾਉਣ ਅਤੇ ਸਿੱਖ ਭਾਈਚਾਰੇ ਨੂੰ ਭਾਰਤੀ ਰਾਸ਼ਟਰਵਾਦ ਦੀ ਮੁੱਖ ਧਾਰਾ ਵਿਚ ਲਿਆਉਣ ਵਿਚ ਵਡਮੁੱਲਾ ਯੋਗਦਾਨ ਪਾਇਆ। 1920 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਨੂੰ ਵੱਖਰਾ ਹੁਲਾਰਾ ਦਿੱਤਾ। ਗੁਰਦੁਆਰਿਆਂ ਦੀ ਸੁਤੰਤਰਤਾ ਲਈ ਸਿੱਖਾਂ ਵੱਲੋਂ ਕੀਤੇ ਸੰਘਰਸ਼ ਦੀ ਖੋਜ ਵਿਚ ਇਹ ਤੱਥ ਕਾਫ਼ੀ ਮਹੱਤਵਪੂਰਨ ਹਨ ਕਿ ਇਹ ਸੰਘਰਸ਼ ਸਿਰਫ ਗੁਰਦੁਆਰਿਆਂ ਲਈ ਹੀ ਨਹੀਂ ਸਗੋਂ ਦੇਸ਼ ਦੀ ਸੁਤੰਤਰਤਾ ਲਈ ਵੀ ਵੱਡਾ ਸੰਗਰਾਮ ਸਾਬਤ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਧਰਮ ਨੇ ਸੰਸਥਾਗਤ ਰੂਪ ਧਾਰਨ ਕਰ ਲਿਆ ਸੀ। ਸਿੱਖ ਮਿਸਲਦਾਰਾਂ ਵੱਲੋਂ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਗਈ ਅਤੇ ਗੁਰਦੁਆਰਿਆਂ ਦੇ ਨਾਂ ਵੱਡੀਆਂ-ਵੱਡੀਆਂ ਕਰ ਮੁਕਤ ਜਾਗੀਰਾਂ ਲਗਾ ਦਿੱਤੀਆਂ ਗਈਆਂ। 19ਵੀਂ ਸਦੀ ਵਿਚ ਨਹਿਰਾਂ ਦਾ ਜਾਲ ਵਿਛ ਜਾਣ ਮਗਰੋਂ ਜ਼ਮੀਨਾਂ ਦੇ ਰੇਟ ਵਧ ਜਾਣ ਕਾਰਨ ਗੁਰਦੁਆਰਿਆਂ ਵਿਚ ਬੈਠੇ ਮਹੰਤਾਂ ਦਾ ਬਦਚਲਨੀ ਅਤੇ ਭ੍ਰਿਸ਼ਟਾਚਾਰ ਦਾ ਦੌਰ ਸ਼ੁਰੂ ਹੋਇਆ। 1849 ਵਿਚ ਪੰਜਾਬ ਨੂੰ ਬਰਤਾਨਵੀ ਸਲਤਨਤ ਦੇ

---

[80] *ਸਾਚੀ ਸਾਖੀ*, ਪੰਨਾ-52

[81] ਨਾਭਾ, ਗੁਰਸ਼ਬਦ ਰਤਨਾਕਰ ਮਹਾਨ-ਕੋਸ਼, ਪੰਨਾ- 416-17

[82] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ-730

ਵਿਚ ਸ਼ਾਮਲ ਕਰ ਲਏ ਜਾਣ ਤੋਂ ਬਹੁਤ ਸਿੱਖ ਆਗੂ, ਮਹੰਤਾਂ ਦੇ ਰੂਪ ਵਿਚ ਗੁਰਦੁਆਰਿਆਂ 'ਤੇ ਕਾਬਜ਼ ਹੋ ਗਏ।[83] 1921 ਦੇ ਸ਼ੁਰੂ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਚੂਹੜਕਾਣਾ ਨੇ ਗੁਰਦੁਆਰਿਆਂ ਨੂੰ ਭੈੜੇ ਅਨਸਰਾਂ ਤੋਂ ਆਜ਼ਾਦ ਕਰਵਾਉਣ ਲਈ ਮੁਹਿੰਮ ਛੇੜ ਦਿੱਤੀ। ਨਾ-ਮਿਲਵਰਤਣ ਦੇ ਪ੍ਰੋਗਰਾਮ ਦੇ ਅਸਰ ਹੇਠ ਅਕਾਲੀ ਆਗੂਆਂ ਵੱਲੋਂ ਲਾਏ ਜਾਂਦੇ ਧਾਰਮਿਕ ਦੀਵਾਨ, ਸਿੱਖ ਭਾਈਚਾਰੇ ਦੇ ਪੇਂਡੂ ਵਰਗਾਂ ਵਿਚ ਧਾਰਮਿਕ-ਰਾਜਨੀਤਿਕ ਪ੍ਰਚਾਰ ਦਾ ਕੇਂਦਰ ਬਣ ਗਏ। ਇਸ ਅਚਾਨਕ ਆਈ ਤਬਦੀਲੀ ਨੂੰ ਵੇਖ ਕੇ ਸਰਕਾਰੀ ਹਲਕਿਆਂ ਵਿਚ ਘਬਰਾਹਟ ਪੈਦਾ ਹੋਣੀ ਯਕੀਨੀ ਸੀ। ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਜਦੋਂ ਅੰਗਰੇਜ਼ ਸਰਕਾਰ ਪੰਜਾਬ ਵਿਚ ਈਸਾਈਅਤ ਦੇ ਪ੍ਰਚਾਰ ਵਿਚ ਕਾਮਯਾਬ ਨਾ ਹੋ ਸਕੀ ਤਾਂ ਸਿੱਖਾਂ ਦੇ ਧਾਰਮਿਕ ਅਕੀਦੇ ਨੂੰ ਕਮਜ਼ੋਰ ਕਰਨ ਵਾਸਤੇ ਗੁਰਦੁਆਰਿਆਂ ਵਿਚੋਂ ਧਰਮ ਨੂੰ ਗ਼ਾਇਬ ਕਰਨ ਤੇ ਇਸ ਨੂੰ ਬ੍ਰਾਹਮਣੀ ਕਰਮ ਕਾਂਡ ਵਿਚ ਬਦਲ ਕੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਬਣਾਉਣ ਦੀ ਚਾਲ ਚੱਲੀ ਫੇਰ ਸਿੱਖਾਂ ਨੂੰ ਈਸਾਈਅਤ ਵੱਲ ਲਿਜਾਉਣ ਬਾਰੇ ਸੋਚਣ ਲੱਗੀ। ਪਰ ਹੁਣ ਸਿੱਖ ਵਿਦਿਅਕ ਪੱਖੋਂ ਜਾਗਰੂਕ ਹੋ ਚੁੱਕੇ ਸਨ ਤੇ ਸਿੰਘ ਸਭਾ ਲਹਿਰ ਨੇ ਉਨ੍ਹਾਂ ਵਿਚ ਧਾਰਮਿਕ ਪਰਪੱਕਤਾ ਵੀ ਲੈ ਆਂਦੀ ਸੀ। ਇਸ ਸਭਾ ਨੇ 1920-25 ਦੀ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ।[84]

ਗੁਰਦੁਆਰਿਆਂ ਵਿਚ ਆ ਰਹੇ ਨਿਘਾਰ ਕਾਰਨ ਸਿੱਖ ਆਗੂਆਂ ਨੇ ਸਰਕਾਰ ਨੂੰ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਸਿੱਖ ਆਗੂ ਵੀ ਮਿਲੇ। ਦਿਲਗੀਰ ਅਨੁਸਾਰ ਭਾਰਤ ਦੇ ਵਾਇਸਰਾਇ ਤੱਕ ਗੱਲ ਪਹੁੰਚਣ ਤੋਂ ਬਾਅਦ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ. ਈ. ਈਜਰਟਨ ਨੇ ਵਾਇਸਰਾਇ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ, "ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ ਜੋ ਸਰਕਾਰੀ ਕੰਟਰੋਲ ਤੋਂ ਆਜ਼ਾਦ ਹੋਵੇ, ਦੇ ਹੱਕ ਵਿਚ ਦੇਣਾ ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚੱਲਦਾ ਇੰਤਜ਼ਾਮ ਜਾਰੀ ਰਹੇਗਾ।"[85] ਇਸ ਚਿੱਠੀ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਅੰਗਰੇਜ਼ ਸਰਕਾਰ ਗੁਰਦੁਆਰਿਆਂ ਦੇ ਰਾਹੀਂ ਸਿੱਖਾਂ ਦੀ ਵਧਦੀ ਤਾਕਤ ਤੋਂ ਡਰਦੀ ਸੀ ਤੇ ਇਸਨੂੰ ਸੁਤੰਤਰਤਾ ਲਹਿਰ ਲਈ ਭਾਰਤੀਆਂ ਵਾਸਤੇ ਉਪਯੋਗੀ ਹਥਿਆਰ ਮੰਨਦੀ ਸੀ। ਸਰਕਾਰ ਇਹ ਕਦੇ ਵੀ ਨਹੀਂ

---

[83] ਮਹਿੰਦਰ ਸਿੰਘ (ਡਾ.), ਅਕਾਲੀ *ਲਹਿਰ,* ਪੰਨਾ-19

[84] *ਸਿੱਖ ਤਵਾਰੀਖ਼,* ਪੰਨਾ-774

[85] ਉਹੀ, ਪੰਨਾ-781

ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ ਵਿਚ ਚਲਾ ਜਾਵੇ। ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਬਣਨ ਨਾਲ, ਸਿੱਖਾਂ ਵਾਸਤੇ ਇਕ ਪਲੇਟਫ਼ਾਰਮ ਤੇ ਇਕ ਵੱਖਰੀ ਜਮਾਤ ਅਤੇ ਇਕ ਤਾਕਤ ਬਣ ਜਾਣੀ ਸੀ ਜੋ ਕਿ ਸਰਕਾਰ ਦੀਆਂ ਗ਼ੁਲਾਮੀ ਦੀਆਂ ਬੇੜੀਆਂ ਕੱਟਣ ਵਿਚ ਵੀ ਜੁਝਾਰੂ ਭੂਮਿਕਾ ਨਿਭਾਅ ਸਕਦੀ ਸੀ। ਗੁਰਦੁਆਰਿਆਂ ਦੇ ਬਦਤਰ ਹਾਲਾਤ ਦੇਖ ਕੇ 1912 ਵਿਚ ਕਰਤਾਰ ਸਿੰਘ ਝੱਬਰ ਨੇ "ਖ਼ਾਲਸਾ ਦੀਵਾਨ, ਖਰਾ ਸੌਦਾ ਬਾਰ" ਨਾਂ ਦੀ ਜਥੇਬੰਦੀ ਬਣਾ ਕੇ ਗੁਰਦੁਆਰਾ ਸੁਧਾਰ ਦਾ ਮੁੱਢਲਾ ਕੰਮ ਸ਼ੁਰੂ ਕੀਤਾ ਪਰ ਬਾਅਦ ਵਿਚ ਇਸ ਦਾ ਨਾਂ 'ਅਕਾਲੀ ਦਲ ਖਰਾ ਸੌਦਾ ਬਾਰ' ਰੱਖ ਦਿੱਤਾ ਗਿਆ। 1914 ਵਿਚ ਭਾਈ ਮਹਿਤਾਬ ਸਿੰਘ ਬੀਰ ਨੇ 'ਖ਼ਾਲਸਾ ਬਿਰਾਦਰੀ ਕਾਰਜ ਸਾਧਕ ਦਲ' ਜਥਾ ਬਣਾ ਕੇ ਦਲਿਤਾਂ ਵਿਚ ਸਿੱਖੀ ਦੇ ਪ੍ਰਚਾਰ ਦੀ ਮੁਹਿੰਮ ਸ਼ੁਰੂ ਕੀਤੀ। ਮਹਿੰਦਰ ਸਿੰਘ ਦੱਸਦੇ ਹਨ, "ਅਕਾਲੀ ਲਹਿਰ ਸਿੰਘ ਸਭਾ ਦੀ ਉਪਜ ਸੀ। ਸਿੰਘ ਸਭਾ ਲਹਿਰ 1800 ਤੋਂ 1901 ਤੱਕ ਪੂਰੇ-ਜ਼ੋਰਾਂ ਸ਼ੋਰਾਂ ਨਾਲ ਚੱਲੀ। ਇਸ ਤੋਂ ਪਿੱਛੋਂ 1883 ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ, 1885 ਵਿਚ ਖ਼ਾਲਸਾ ਦੀਵਾਨ ਲਾਹੌਰ, 1900 ਵਿਚ ਖ਼ਾਲਸਾ ਦੀਵਾਨ ਭਦੌੜ ਅਤੇ ਹੌਲੀ-ਹੌਲੀ ਸਿੰਘ ਸਭਾ ਲਹਿਰ ਨੇ ਹੀ ਖ਼ਾਲਸਾ ਦੀਵਾਨ ਦਾ ਰੂਪ ਧਾਰ ਲਿਆ। ਅਕਾਲੀ ਲਹਿਰ ਦਾ ਸਭ ਤੋਂ ਮੁਢਲਾ ਕਾਰਜ ਗੁਰਦੁਆਰਿਆਂ ਵਿਚ ਸੁਧਾਰ ਸੀ ਜੋ ਬਾਅਦ ਵਿਚ ਅੰਗਰੇਜ਼ ਸਰਕਾਰ ਵਿਰੁੱਧ ਦੇਸ਼ ਦੇ ਸੁਤੰਤਰਤਾ ਅੰਦੋਲਨ ਲਈ ਇਕ ਪਲੇਟਫ਼ਰਮ ਦੇ ਰੂਪ ਵਿਚ ਕੰਮ ਆਇਆ।"[86]

ਸਿੱਖਾਂ ਨੇ 1918 ਵਿਚ ਰਾਜਨੀਤਿਕ ਜਿੱਤ ਪ੍ਰਾਪਤ ਕੀਤੀ ਜਿਸ ਵਿਚ ਭਾਰਤੀ ਸੰਵਿਧਾਨਿਕ ਸੁਧਾਰਾਂ ਸਬੰਧੀ "ਮੌਂਟੇਗੂ ਚੈਮਸਫੋਰਡ ਰਿਪੋਰਟ" ਵਿਚ ਸਿੱਖਾਂ ਦੀ ਵੱਖਰੀ ਪ੍ਰਤੀਨਿਧਤਾ ਨੂੰ ਸਵੀਕਾਰ ਕਰ ਲਿਆ ਗਿਆ। ਇਸ ਨਾਲ ਇਨ੍ਹਾਂ ਦੀ ਸੁਤੰਤਰ ਰਾਜਨੀਤਿਕ ਹਸਤੀ ਨੂੰ ਪੱਕੀ ਮਾਨਤਾ ਮਿਲ ਗਈ। ਸਵੈਰਾਜ ਵੱਲ ਲਿਜਾਂਦੇ ਸੁਧਾਰਾਂ ਦੀ ਇਸ ਨਿਮਾਣੀ ਪ੍ਰਾਪਤੀ ਨੂੰ ਸਿੱਖਾਂ ਨੇ ਸਮੂਹਿਕ ਤੌਰ 'ਤੇ ਜੀ ਆਇਆਂ ਕਿਹਾ।[87] ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਸੰਘਰਸ਼ ਵਿਚ ਯੋਗਦਾਨ ਪਾਉਣ ਵਾਲੇ ਸਮਕਾਲੀ ਲੇਖਕ ਸੋਹਣ ਸਿੰਘ ਜੋਸ਼, ਤੇਜਾ ਸਿੰਘ, ਕਰਤਾਰ ਸਿੰਘ ਝੱਬਰ ਦੀਆਂ ਰਚਨਾਵਾਂ ਇਸ ਲਹਿਰ ਦਾ ਉਦੇਸ਼ ਸਪੱਸ਼ਟ ਕਰਦੀਆਂ ਹਨ। ਇਸ ਲਹਿਰ ਨੇ ਦੇਸ਼ ਦੀ ਸੁਤੰਤਰਤਾ ਵਿਚ ਅਹਿਮ ਯੋਗਦਾਨ ਪਾਇਆ।

**ਗੁਰਦੁਆਰਾ ਰਕਾਬਗੰਜ ਦੀ ਘਟਨਾ**

1911 ਈ. ਨੂੰ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਕਲਕੱਤਾ ਦੀ ਥਾਂ ਦਿੱਲੀ ਨੂੰ ਬਣਾ ਲਿਆ ਸੀ। 14 ਜਨਵਰੀ 1914 ਦੇ ਦਿਨ ਵਾਇਸਰਾਇ ਦੀ ਕੋਠੀ ਬਣਾਉਣ ਖਾਤਰ ਗੁਰਦੁਆਰਾ ਰਕਾਬਗੰਜ ਦੀ ਇਕ ਕੰਧ

---

[86] *ਅਕਾਲੀ ਲਹਿਰ,* ਪੰਨਾ-118
[87] ਸੰਗਤ ਸਿੰਘ (ਡਾ.), *ਇਤਿਹਾਸ 'ਚ ਸਿੱਖ,* ਪੰਨਾ-169

ਢਾਹ ਦਿੱਤੀ ਗਈ। ਸਿੱਖਾਂ ਵਿਚ ਅੰਗਰੇਜ਼ਾਂ ਵਿਰੁੱਧ ਰੋਸ ਦੀ ਲਹਿਰ ਫੈਲ ਗਈ ਸੀ। ਉਧਰ ਸੰਸਾਰ ਦਾ ਪਹਿਲਾ ਯੁੱਧ ਸ਼ੁਰੂ ਹੋ ਗਿਆ ਸੀ। ਹੁਣ ਲੜਾਈ ਖ਼ਤਮ ਹੋਈ ਨੂੰ ਦੋ ਸਾਲ ਬੀਤ ਗਏ ਸਨ ਪਰ ਕੰਧ ਦੇ ਮਸਲੇ 'ਤੇ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਸਰਦੂਲ ਸਿੰਘ ਕਵੀਸ਼ਰ ਨੇ ਅਖ਼ਬਾਰ ਵਿਚ ਐਲਾਨ ਕੀਤਾ ਕਿ 100 ਸੂਰਬੀਰ ਸਿੰਘਾਂ ਦੀ ਲੋੜ ਹੈ। ਇਹ ਜਥੇ ਦਿੱਲੀ ਗੁਰਦੁਆਰਾ ਸਾਹਿਬ ਦੀ ਕੰਧ ਉਸਾਰਨ ਲਈ ਆਪਣਾ ਸੀਸ ਵੀ ਦੇਣਗੇ। ਇਹ ਐਲਾਨ ਸੁਣ ਕੇ ਮਰਜੀਵੜਿਆਂ ਨੇ ਆਪਣੇ ਨਾਂ ਪੇਸ਼ ਕੀਤੇ। ਜਥੇ ਦੇ ਮੈਂਬਰਾਂ ਨੂੰ 1 ਦਸੰਬਰ 1920 ਨੂੰ ਦਿੱਲੀ ਪੁੱਜਣ ਦਾ ਆਦੇਸ਼ ਦਿੱਤਾ ਗਿਆ, "ਸ਼ਹੀਦੀ ਜਥੇ ਦੇ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਆਉਣ ਦੀਆਂ ਖ਼ਬਰਾਂ ਨੇ ਅੰਗਰੇਜ਼ ਹਾਕਮਾਂ ਦੀ ਹੋਸ਼ ਠਿਕਾਣੇ ਲਿਆਂਦੀ। ਇਸ ਲਈ ਸਰਕਾਰ ਨੇ ਇਹ ਮੋਰਚਾ ਲੱਗਣ ਤੋਂ ਪਹਿਲਾਂ ਹੀ ਕੰਧ ਉਸਾਰ ਦਿੱਤੀ।"[88] ਸ਼ਾਂਤਮਈ ਮੋਰਚੇ ਦੀ ਇਹ ਪਹਿਲੀ ਜਿੱਤ ਸੀ।

**ਗੁਰਦੁਆਰਾ ਚੁਮਾਲਾ ਸਾਹਿਬ**

ਪਹਿਲਾਂ ਗੁਰਦੁਆਰਿਆਂ ਦੇ ਮਹੰਤਾਂ ਦੀ ਚੋਣ ਸਿੱਖ ਸੰਗਤਾਂ ਕਰਦੀਆਂ ਸਨ ਪਰ ਅੰਗਰੇਜ਼ ਸਰਕਾਰ ਨੇ ਆਪਣੇ ਹਿੱਤਾਂ ਲਈ ਸੰਗਤ ਦੇ ਮਹੰਤਾਂ ਨੂੰ ਚੁਣਨ ਦੇ ਅਧਿਕਾਰ ਆਪ ਖੋਹ ਲਏ ਅਤੇ ਗੁਰਦਵਾਰਿਆਂ ਵਿਚ ਮਨਮਾਨੀ ਸ਼ੁਰੂ ਕਰ ਦਿੱਤੀ, "ਅੰਗਰੇਜ਼ ਅਫ਼ਸਰ ਮਹੰਤਾਂ ਦੀਆਂ ਕਮਜ਼ੋਰੀਆਂ ਜਾਣਦੇ ਸਨ ਇਸ ਕਰਕੇ ਉਹ ਇਨ੍ਹਾਂ ਤੋਂ ਚੰਦੇ ਆਦਿ ਮੰਗਦੇ ਸਨ ਅਤੇ ਗੁਰਦੁਆਰਿਆਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਸਨ। ਅੰਗਰੇਜ਼ ਹਾਕਮਾਂ ਦੀ ਪਾਲਿਸੀ ਇਹ ਜਾਪਦੀ ਸੀ, "ਮਹੰਤਾਂ ਦੇ ਐਬਾਂ ਵੱਲ ਨੈਲਸਨ ਵਾਲੀ ਕਾਣੀ ਅੱਖ ਕਰੀ ਰੱਖੋ ਅਤੇ ਗੁਰਦੁਆਰਿਆਂ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਵਰਤੋ। ਇਸ ਤਰ੍ਹਾਂ ਗੁਰਦੁਆਰੇ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਤੇ ਖ਼ੁਸ਼ਾਮਦ ਦਾ ਕੇਂਦਰ ਬਣ ਗਏ। ਇਹਨਾਂ ਵਿਚ ਅੰਗਰੇਜ਼ੀ ਰਾਜ ਦੇ ਸਦੀਵੀ ਰਹਿਣ ਤੇ ਰੱਖਣ ਦੇ ਅਰਦਾਸੇ ਹੁੰਦੇ ਸਨ।"[89] ਇਸੇ ਕਾਰਨ ਲਾਹੌਰ ਵਿਚ ਗੁਰਦੁਆਰਾ ਚੁਮਾਲਾ ਸਾਹਿਬ ਦੇ ਗ੍ਰੰਥੀ ਹਰੀ ਸਿੰਘ ਨੇ ਗੁਰਦੁਆਰੇ ਵਿਚ ਮਨਮਤ ਫੈ਼ਲਾਈ ਹੋਈ ਸੀ। 27 ਸਤੰਬਰ 1920 ਨੂੰ ਖ਼ਾਲਸਾ ਪ੍ਰਚਾਰਕ ਜਥੇ ਦੇ ਮੁਕਾਮੀ ਸਿੱਖਾਂ ਨੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਲੈ ਲਿਆ।

**ਬਾਬੇ ਕੀ ਬੇਰ ਦਾ ਮੋਰਚਾ**

ਅੰਗਰੇਜ਼ ਸਰਕਾਰ ਦੇ ਇਸ਼ਾਰੇ 'ਤੇ ਅਖੌਤੀ ਮਹੰਤਾਂ ਵੱਲੋਂ ਲਗਾਤਾਰ ਗੁਰਦੁਆਰਾ ਸਾਹਿਬ 'ਬਾਬੇ ਕੀ ਬੇਰ' ਦੀ ਬੇਅਦਬੀ ਕੀਤੀ ਜਾ ਰਹੀ ਸੀ। ਸਰਕਾਰ ਮਹੰਤਾਂ ਦੀ ਪਿੱਠ ਪਿੱਛੇ ਸੀ। ਗੁਰਦੁਆਰਿਆਂ ਵਿਚ ਸਿੱਖ ਮਰਿਆਦਾ ਤੋਂ ਉਲਟ ਮਾੜੇ ਕੰਮ ਹੋਣ ਲੱਗ ਪਏ ਸਨ। ਸੋਹਣ ਸਿੰਘ ਜੋਸ਼ ਦੱਸਦੇ ਹਨ:

---

[88] ਜੋਸ਼, ਸੋਹਣ ਸਿੰਘ, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-28

[89] ਉਹੀ, ਪੰਨਾ-28

ਅੰਗਰੇਜ਼ ਮਹੰਤਾਂ ਦਾ ਸਾਥ ਇਸ ਕਰਕੇ ਦਿੰਦੇ ਸਨ ਕਿਉਂਕਿ ਗੁਰਦੁਆਰਿਆਂ ਦੀ ਸਰਕਾਰੀ ਵਰਤੋਂ ਨੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਭ ਪਹੁੰਚਾਏ ਸਨ, ਅੰਗਰੇਜ਼ ਹਾਕਮਾਂ ਦੇ ਜ਼ੁਲਮਾਂ ਤੇ ਕਤਲਾਂ 'ਤੇ ਪਰਦੇ ਪਾਏ ਸਨ ਅਤੇ ਸਿੱਖਾਂ ਨੂੰ ਵਫ਼ਾਦਾਰ ਤੇ ਗ਼ੁਲਾਮ ਬਣਾਈ ਰੱਖਣ ਤੇ ਹੋਰ ਕੌਮਾਂ ਨੂੰ ਗ਼ੁਲਾਮ ਬਣਾਉਣ ਵਿਚ ਸਹਾਇਤਾ ਕੀਤੀ। ਇਹ ਕਹਿਣਾ ਦੁਰਸਤ ਨਹੀਂ ਕਿ ਅਸਲ ਵਿਚ ਇਹ ਝਗੜਾ ਸਰਕਾਰ ਤੇ ਸਿੱਖਾਂ ਦਾ ਨਹੀਂ ਸੀ, ਸਿੱਖਾਂ ਤੇ ਮਹੰਤਾਂ ਦਾ ਸੀ। ਗੁਰਦੁਆਰੇ ਦੇ ਮਹੰਤ ਤਾਂ ਸਿੱਖ ਕੌਮ ਤੋਂ ਆਕੀ ਹੋ ਕੇ ਸਰਕਾਰੀ ਅਫ਼ਸਰਾਂ ਦੀ ਮਦਦ ਕਰਦੇ ਸਨ ਤੇ ਪੰਥ ਨੂੰ ਜਵਾਬ ਦੇਈਂ ਬੈਠੇ ਸਨ। ਇਸ ਕਰਕੇ ਸਿੱਖਾਂ ਦੀ ਇਹ ਟੱਕਰ ਸਿੱਧੀ ਸਰਕਾਰ ਨਾਲ ਸੀ ਕਿਉਂਕਿ ਸਰਕਾਰ ਨੂੰ ਪਤਾ ਸੀ ਗੁਰਦੁਆਰਿਆਂ ਦੀ ਆਜ਼ਾਦੀ ਨਾਲ ਸਿੱਖਾਂ ਨੂੰ ਵੀ ਆਜ਼ਾਦੀ ਲੈਣ ਲਈ ਇਕ ਪਲੇਟਫ਼ਾਰਮ ਮਿਲਣ ਦੇ ਅਸਾਰ ਬਣਦੇ ਸਨ ਕਿਉਂਕਿ ਗੁਰਦੁਆਰਿਆਂ ਦੀਆਂ ਜਾਇਦਾਦਾਂ ਸਰਕਾਰ ਦੇ ਹਿੱਤਾਂ ਲਈ ਖ਼ਤਰਨਾਕ ਸਾਬਤ ਹੋ ਸਕਦੀਆਂ ਸਨ।[90]

ਇਸ ਤਰ੍ਹਾਂ ਮਹੰਤ ਅੰਗਰੇਜ਼ਾਂ ਦੀ ਕੂਟਨੀਤੀ ਤੇ ਰਾਜਨੀਤੀ ਦਾ ਹਿੱਸਾ ਸਨ। ਇਸੇ ਕਰਕੇ ਸਰਕਾਰ ਨੇ ਕੁਝ ਮਹੰਤਾਂ ਨੂੰ ਆਪਣੇ ਹੱਥ ਵਿਚ ਲੈ ਕੇ ਅਕਾਲੀਆਂ ਨਾਲ ਸਮਝੌਤੇ ਨਾ ਹੋਣ ਦਿੱਤੇ। ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੇ ਇਕ ਵਿਸ਼ਈ ਤੇ ਪਤਿਤ ਗੰਡਾ ਸਿੰਘ ਨਾਮੀ ਵਿਅਕਤੀ ਨੂੰ ਬਾਬੇ ਕੀ ਬੇਰ ਦੇ ਗੁਰਦੁਆਰੇ ਦਾ ਸਰਬਰਾਹ ਬਣਾ ਦਿੱਤਾ। ਇਲਾਕੇ ਦੇ ਸਿੱਖਾਂ ਨੇ ਇਸ ਦੀਆਂ ਕਰਤੂਤਾਂ ਵੇਖ ਗੁਰਦੁਆਰੇ ਵਿਚ ਹਰ ਰੋਜ਼ ਇਸ ਦੀ ਬਰਤਰਫ਼ੀ ਲਈ ਦੀਵਾਨ ਲਾਉਣੇ ਸ਼ੁਰੂ ਕਰ ਦਿੱਤੇ। ਸਿੱਖਾਂ ਨੇ ਇਸਨੂੰ ਹਟਾਉਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਿਆ। 21 ਸਤੰਬਰ 1911 ਨੂੰ ਮੋਚੀ ਦਰਵਾਜ਼ਾ ਲਾਹੌਰ ਵਿਚ ਸਿੱਖਾਂ ਦਾ ਇਕੱਠ ਹੋਇਆ ਇਸ ਵਿਚ ਪ੍ਰੇਮ ਸਿੰਘ ਸੋਢੀ ਤੇ ਸਰਦੂਲ ਸਿੰਘ ਕਵੀਸ਼ਰ ਨੇ ਮਹੰਤ ਗੰਡਾ ਸਿੰਘ ਖਿਲਾਫ਼ ਮਤਾ ਪਾਸ ਕਰ ਦਿੱਤਾ। ਗੰਡਾ ਸਿੰਘ ਨੇ ਭਾੜੇ ਦੇ ਟੱਟੂਆਂ ਨਾਲ ਸਿੱਖਾਂ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਭੁੱਚਰ ਦੇ ਜਥੇ ਨੇ ਲੰਗਰ ਦੇ ਸਟੋਰ ਦੇ ਤਿੰਨ ਜੰਦਰੇ ਤੋੜ ਕੇ ਲੰਗਰ 'ਤੇ ਕਬਜ਼ਾ ਕਰ ਲਿਆ।[91] ਇਸ ਸਮੇਂ ਸਰਕਾਰ ਨੇ ਦਫ਼ਾ 107 ਤਹਿਤ ਪੰਜ ਮੁੱਖ ਸਿੱਖਾਂ ਦੇ ਵਾਰੰਟ ਜਾਰੀ ਕਰ ਦਿੱਤੇ। ਸੰਗਤਾਂ ਨੇ ਜਲੂਸ ਦੀ ਸ਼ਕਲ ਵਿਚ ਪੰਜਾਂ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਤੇ ਉਸੇ ਰਾਤ ਸਿੱਖਾਂ ਨੇ ਆਪਣਾ ਸੰਘਰਸ਼ ਜਾਰੀ ਰੱਖਦਿਆਂ ਸ਼ਾਂਤਮਈ ਜਲਸਾ ਕਰਕੇ ਸਰਕਾਰ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਤੇ ਨਾਲ ਹੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ।

ਤੇਜਾ ਸਿੰਘ ਅਨੁਸਾਰ 5 ਅਕਤੂਬਰ ਨੂੰ ਖ਼ਾਲਸਾ ਵੱਡੀ ਗਿਣਤੀ ਵਿਚ ਇਕੱਠਾ ਹੋਇਆ ਅਤੇ ਵੱਡਾ ਦੀਵਾਨ ਕੀਤਾ ਗਿਆ ਜਿਸ ਵਿਚ ਗੁਰਦੁਆਰੇ ਦੇ ਪ੍ਰਬੰਧ ਲਈ 30 ਮੈਂਬਰਾਂ ਦੀ ਕਮੇਟੀ ਤਿਆਰ ਕੀਤੀ ਗਈ। ਅਗਲੇ ਦਿਨ ਡਵੀਜ਼ਨਲ ਕਮਿਸ਼ਨਰ ਮਿ. ਕਿੰਗ ਸਿਆਲਕੋਟ ਪਹੁੰਚਿਆ ਅਤੇ ਸਿੱਖਾਂ ਦੇ ਨੌਂ ਮੈਂਬਰੀ ਡੈਪੂਟੇਸ਼ਨ

---

[90] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-28

[91] ਨਰੈਣ ਸਿੰਘ ਐਮ ਏ, *ਅਕਾਲੀ ਮੋਰਚੇ ਤੇ ਝੱਬਰ,* ਪੰਨਾ-61

ਨੂੰ ਮਿਲਿਆ ਅਤੇ ਕਿਹਾ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗੀ ਅਤੇ ਸਿੱਖ ਆਪਣੀ ਖੁਸ਼ੀ ਨਾਲ ਗੁਰਦੁਆਰੇ ਦਾ ਪ੍ਰਬੰਧ ਸੰਭਾਲਣ ਲਈ ਸੁਤੰਤਰ ਹਨ।[92]

20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਿੱਖਾਂ ਵਿਚ ਵੱਡੀ ਧਾਰਮਿਕ ਅਤੇ ਰਾਜਨੀਤਿਕ ਜਾਗ੍ਰਿਤੀ ਆਈ ਅਤੇ ਸਿੱਖ ਭਾਈਚਾਰੇ ਦੇ ਇਕ ਹਿੱਸੇ ਵਿਚ ਸੁਧਾਰ ਦਾ ਜਜ਼ਬਾ ਜਾਗਿਆ, ਇਸਨੂੰ ਸਰਕਾਰੀ ਹਲਕਿਆਂ ਵਿਚ 'ਨਵ-ਸਿੱਖ ਜਾਂ ਤੱਤ ਖ਼ਾਲਸਾ' ਆਖਿਆ ਜਾਂਦਾ ਸੀ। 1905 ਵਿਚ ਖ਼ਾਲਸਾ ਐਡਵੋਕੇਟ, ਖ਼ਾਲਸਾ ਸਮਾਚਾਰ, ਖ਼ਾਲਸਾ ਸੇਵਕ ਆਦਿ ਅਖ਼ਬਾਰਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਕੁਝ ਹੋਰ ਮਹੱਤਵਪੂਰਨ ਸਿੱਖ ਧਰਮ-ਅਸਥਾਨਾਂ ਦੇ ਪ੍ਰਬੰਧ ਬਾਰੇ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਸਿੱਖ ਕੌਮ ਨੂੰ ਜਗਾਇਆ ਕਿ ਗੁਰਦੁਆਰੇ ਸਿੱਖ ਭਾਈਚਾਰੇ ਦੀ ਮਲਕੀਅਤ ਹਨ ਪੁਜਾਰੀਆਂ ਦੀ ਨਹੀਂ। ਗੁਰਦੁਆਰਾ ਸੁਧਾਰ ਲਹਿਰ (ਅਕਾਲੀ ਲਹਿਰ) ਦੇਸ਼ ਵਿਚ ਵਿਆਪਕ ਜਾਗ੍ਰਿਤੀ ਅਤੇ ਵਧ ਰਹੀ ਰਾਜਸੀ ਚੇਤਨਤਾ ਦੀ ਉਪਜ ਸੀ।[93]

## ਸਰਕਾਰੀ ਪ੍ਰਬੰਧ ਤੋਂ ਦਰਬਾਰ ਸਾਹਿਬ ਦੀ ਸੁਤੰਤਰਤਾ

ਦਰਬਾਰ ਸਾਹਿਬ ਸ਼ੁਰੂ ਤੋਂ ਹੀ ਸਿੱਖਾਂ ਦਾ ਧਾਰਮਿਕ ਅਕੀਦਾ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸਰਬਰਾਹ ਇਕ ਸਰਕਾਰੀ ਝੋਲੀ ਚੁੱਕ ਅਰੂੜ ਸਿੰਘ ਸੀ। ਗੁਰਦੁਆਰੇ ਵਿਚ ਪੁਜਾਰੀਆਂ ਵੱਲੋਂ ਲੁੱਟ ਮਚਾਈ ਹੋਈ ਸੀ। ਸੰਗਤਾਂ ਪੁਜਾਰੀਆਂ ਦੀਆਂ ਕਰਤੂਤਾਂ ਬਾਰੇ ਜਦੋਂ ਸਰਬਰਾਹ ਪਾਸ ਸ਼ਿਕਾਇਤਾਂ ਕਰਦੀਆਂ ਤਾਂ ਉਹ ਕੋਈ ਪਰਵਾਹ ਨਹੀਂ ਕਰਦਾ ਸੀ। ਗੁਰਦੁਆਰਾ ਸਾਹਿਬ ਵਿਚ ਕੜਾਹਿ ਪ੍ਰਸ਼ਾਦ ਦੀ ਬੇਅਦਬੀ ਕੀਤੀ ਜਾਂਦੀ ਸੀ, "ਯਾਤਰੀਆਂ ਵੱਲੋਂ ਚੜ੍ਹਾਇਆ ਗਿਆ ਕੜਾਹ ਪ੍ਰਸ਼ਾਦ ਜੋ ਕਿ ਸੰਗਤਾਂ ਲਈ ਗੁਰੂ ਦਾ ਪ੍ਰਸ਼ਾਦ ਵਜੋਂ ਵਰਤਾਇਆ ਜਾਣਾ ਸੀ, ਪਰ ਇਹ ਪ੍ਰਸ਼ਾਦ ਮੈਜਿਸਟ੍ਰੇਟ ਦੇ ਘਰ ਲੈ ਜਾਇਆ ਜਾਂਦਾ ਅਤੇ ਹੋਰ ਪੁਲਿਸ ਅਫ਼ਸਰਾਂ ਦੇ ਘੋੜਿਆਂ ਅੱਗੇ ਸੁੱਟਿਆ ਜਾਂਦਾ ਸੀ।"[94]

---

[92] *According to Teja Singh, "On 5 Oct. the Khalsa gathered is large Numbers and a big diwan a commeeitte of Thirteen members was elected for the management and control of Gurdwaras. Next day Mr. King the Divisional commissioner, came to sialkot and Summoning a deputation of nine leading Sikhs told them that the Govt. did not want to interfere in religious affairs of the Sikhs and the Sikhs were at liberty to manage the affairs of their Gurdwaras they pleased."* Teja Singh, *Gurdwara Reform Movement and Sikh Awakening*, p.92

[93] Teja Singh, *Gurdwara Reform Movement and Sikh Awakening*, p. 123

[94] *"The Karah Parasad or the sacred food offered by pilgrims for distribution in congregation was taken away to the house of magistrates and police officers, or was thrown away before horses"* Ibid, p.96

ਇਨ੍ਹਾਂ ਦਿਨਾਂ ਵਿਚ 12 ਅਕਤੂਬਰ 1920 ਨੂੰ ਖ਼ਾਲਸਾ ਬਰਾਦਰੀ ਵੱਲੋਂ ਜੱਲ੍ਹਿਆਂ ਵਾਲੇ ਬਾਗ ਵਿਚ ਇਕ ਦੀਵਾਨ ਸਜਾਇਆ ਗਿਆ। ਇਸ ਵਿਚ ਖ਼ਾਲਸਾ ਕਾਲਜ ਦੇ ਪ੍ਰੋ. ਬਾਬਾ ਹਰਕ੍ਰਿਸ਼ਨ ਸਿੰਘ ਤੇ ਤੇਜਾ ਸਿੰਘ, ਨਿਰੰਜਨ ਸਿੰਘ ਤੇ ਹੋਰ ਸਿੱਖ ਸ਼ਾਮਲ ਹੋਏ। ਇਸ ਮਹੀਨੇ ਵਿਚ ਕੁਝ ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾਇਆ ਗਿਆ। ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਗੜਗੱਜ ਅਕਾਲੀ ਦੀਵਾਨ ਤਰਨਤਾਰਨ ਤੇ ਖ਼ਾਲਸਾ ਬਰਾਦਰੀ ਦਲ ਸਿੰਘ ਨੇ ਉਸ ਸਮੇਂ ਪ੍ਰਸ਼ਾਦ ਦੀ ਦੇਗ਼ ਤਿਆਰ ਕੀਤੀ। ਸਾਰੇ ਸਿੰਘ ਭਾਈ ਮਹਿਤਾਬ ਸਿੰਘ, ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ ਆਦਿ ਦੀ ਅਗਵਾਈ ਹੇਠ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਚੱਲ ਪਏ। ਉਸ ਸਮੇਂ ਲੋਕ ਮਜ਼੍ਹਬੀ ਸਿੱਖਾਂ ਹੱਥੋਂ ਕੜਾਹ ਪ੍ਰਸ਼ਾਦ ਦੀ ਦੇਗ਼ ਨਹੀਂ ਲੈਂਦੇ ਸਨ ਪਰ ਜਦੋਂ ਨਾਲ ਦੇ ਸਿੰਘਾਂ ਨੇ ਜ਼ੋਰ ਪਾਇਆ ਤੇ ਇਸ ਸਮੇਂ ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਭੁੱਚਰ ਨੇ ਮਹੰਤਾਂ ਨੂੰ ਕਿਹਾ ਕਿ ਸਾਧ ਸੰਗਤ ਦਾ ਹੁਕਮ ਮੰਨੋ ਅਤੇ ਜੇਕਰ ਪੰਥ ਦਾ ਹੁਕਮ ਨਹੀਂ ਮੰਨਦੇ ਤਾਂ ਤੁਹਾਨੂੰ ਅਸੀਂ ਧੱਕੇ ਮਾਰ ਕੇ ਬਾਹਰ ਕੱਢ ਦੇਵਾਂਗੇ। ਦੋਵਾਂ ਨੇ ਪ੍ਰਸ਼ਾਦ ਵਰਤਾਉਣ ਦੀ ਗੱਲ ਆਖੀ ਅਤੇ ਹੱਥਾਂ ਵਿਚ ਟਕੂਏ ਫੜ ਕੇ ਪੰਜ ਜੈਕਾਰੇ ਛੱਡੇ। ਸਾਰਾ ਦਰਬਾਰ ਸਾਹਿਬ ਗੂੰਜ ਉਠਿਆ ਤੇ ਵਾਯੂਮੰਡਲ ਹੀ ਬਦਲ ਗਿਆ। ਪੁਜਾਰੀਆਂ ਨੇ ਅਰਦਾਸ ਕਰ ਕੇ ਦੇਗ਼ ਵਰਤਾ ਦਿੱਤੀ। ਉਹ ਆਪ ਡਰਦੇ ਮਾਰੇ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਨੂੰ ਸੁੰਞੇ ਛੱਡ ਕੇ ਕਿਧਰੇ ਦੌੜ ਗਏ।[95] ਇਹ ਆਗੂ ਬੜੀ ਸਿਆਣਪ ਤੇ ਦਲੇਰੀ ਨਾਲ ਅੱਗੇ ਵਧੇ ਅਤੇ ਧਰਮ ਅਸਥਾਨਾਂ ਦਾ ਪ੍ਰਬੰਧ ਸਾਂਭ ਲਿਆ। ਪੁਜਾਰੀਆਂ ਦੀ ਥਾਂ ਆਪਣੇ ਸੇਵਾਦਾਰ ਲਾ ਦਿੱਤੇ। 12 ਅਕਤੂਬਰ 1920 ਨੂੰ ਦਰਬਾਰ ਸਾਹਿਬ ਦਾ ਕਬਜ਼ਾ ਲੈ ਲਿਆ ਗਿਆ। ਚਰਨ ਸਿੰਘ ਭੋਰਛੀ ਅਨੁਸਾਰ, ਬੱਸ ਇਹੋ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਸੀ ਜਿਸ ਨੇ ਅੱਗੇ ਚੱਲ ਕੇ ਦੇਸ਼ ਦੀ ਸੁਤੰਤਰਤਾ ਅੰਦੋਲਨ ਲਈ ਬੜੀਆਂ ਅਦੁੱਤੀ ਕੁਰਬਾਨੀਆਂ ਦਿੱਤੀਆਂ ਤੇ ਹਰ ਥਾਂ ਖ਼ਾਲਸੇ ਦੀ ਚੜ੍ਹਦੀਕਲਾ ਦਾ ਡੰਕਾ ਵਜਾਇਆ।[96]

## ਸੁਤੰਤਰ ਸਿੱਖ ਜਥੇਬੰਦੀਆਂ ਦੀ ਸਥਾਪਤੀ

ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ੇ ਨਾਲ ਤੇ ਅਕਾਲੀ ਜਥਿਆਂ ਦੇ ਵਜੂਦ ਵਿਚ ਆਉਣ ਕਰਕੇ ਕੇਂਦਰੀ ਜਥੇਬੰਦੀਆਂ ਕਾਇਮ ਕਰਨ ਦੇ ਹਾਲਾਤ ਪੈਦਾ ਹੋ ਗਏ। ਸਰਕਾਰ ਵੱਲੋਂ ਗੁਰਦੁਆਰਿਆਂ ਅੰਦਰ ਦਖ਼ਲਅੰਦਾਜ਼ੀ ਰੋਕਣ ਲਈ ਜਥੇਬੰਦੀ ਦੀ ਜ਼ਰੂਰਤ ਸੀ। ਪੰਥ ਦੀ ਪ੍ਰਤੀਨਿਧ ਕਮੇਟੀ ਚੁਣਨ ਲਈ ਅਕਾਲ ਤਖ਼ਤ ਦੇ ਜਥੇਦਾਰ ਨੇ 15 ਨਵੰਬਰ 1920 ਨੂੰ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਸੱਦਿਆ। ਦੋ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਇਕ ਸਾਜ਼ਿਸ਼ ਤਹਿਤ ਪਟਿਆਲਾ ਦੇ ਮਹਾਰਾਜਾ ਭੁਪਿੰਦਰ

---

[95] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-43

[96] *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-118

ਸਿੰਘ ਨਾਲ ਸਲਾਹ ਕਰਕੇ 36 ਸੁਧਾਰਵਾਦੀ ਸਿੱਖ ਮੈਂਬਰਾਂ ਦੀ ਕਮੇਟੀ ਬਣਾ ਦਿੱਤੀ ਜਿਸਨੂੰ ਹੋਰ ਮੈਂਬਰ ਸ਼ਾਮਲ ਕਰ ਲੈਣ ਦਾ ਅਧਿਕਾਰ ਸੀ। 15-16 ਨਵੰਬਰ 1920 ਨੂੰ ਸਰਬੱਤ ਖ਼ਾਲਸਾ ਹੋਇਆ ਜਿਸ ਵਿਚ ਗੁਰਮਤਾ ਕਰਕੇ ਗੁਰਦੁਆਰਿਆਂ ਦੇ ਪ੍ਰਬੰਧ ਲਈ 175 ਮੈਂਬਰਾਂ ਦੀ ਇਕ ਕਮੇਟੀ ਗ਼ੈਰ ਆਇਨੀ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਨਾਂ ਹੇਠ ਬਣਾਈ ਗਈ। ਅੰਗਰੇਜ਼ਾਂ ਦੀ ਕੂਟਨੀਤੀ ਨੂੰ ਮਾਤ ਦੇਣ ਲਈ ਸਰਕਾਰ ਵੱਲੋਂ 36 ਨਾਮਜ਼ਦ ਕੀਤੇ ਮੈਂਬਰ ਵੀ ਸ਼ਾਮਲ ਕਰ ਲਏ ਗਏ ਅਤੇ ਸੁੰਦਰ ਸਿੰਘ ਮਜੀਠਾ ਨੂੰ ਇਸ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ।[97]

ਅਕਾਲੀ ਆਗੂ ਕਾਂਗਰਸ ਪਾਰਟੀ ਦਾ ਪ੍ਰੋਗਰਾਮ ਸਿੱਖ ਜਨ ਸਮੂਹ ਤੱਕ ਲੈ ਕੇ ਗਏ। ਇਹ ਮੁੱਖ ਰੂਪ ਵਿਚ ਅਕਾਲੀ ਆਗੂਆਂ ਉੱਤੇ ਰਾਸ਼ਟਰਵਾਦੀ ਪ੍ਰਭਾਵ ਦਾ ਹੀ ਫਲ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਾਂਤਮਈ ਨਾ-ਮਿਲਵਰਤਣ ਨੂੰ ਇਕ ਹਥਿਆਰ ਵਜੋਂ ਅਪਣਾ ਸਕੀ। ਉਹ ਪੰਜਾਬ ਵਿਚ ਸ਼ਕਤੀਸ਼ਾਲੀ ਨੌਕਰਸ਼ਾਹੀ ਨਾਲ ਲੜੀ ਅਤੇ ਗੁਰਦੁਆਰਾ ਸੁਧਾਰ ਦੇ ਆਪਣੇ ਪਹਿਲੇ ਪ੍ਰੋਗਰਾਮ ਦੇ ਘੇਰੇ ਨੂੰ ਵਿਸ਼ਾਲ ਬਣਾ ਸਕੀ। 'ਨਾ-ਮਿਲਵਰਤਣ ਤੇ ਸ਼ਾਂਤਮਈ ਵਿਰੋਧ ਦੇ ਪੱਖ ਵਿਚ ਇਕ ਰਸਮੀ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 11 ਮਈ 1921 ਨੂੰ ਪਾਸ ਕੀਤਾ ਸੀ। ਇਸ ਬੈਠਕ ਵਿਚ ਸ਼ਰਾਬ ਤੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਅਤੇ ਕਾਨੂੰਨ ਦੀਆਂ ਅਦਾਲਤਾਂ ਦੀ ਥਾਂ ਪੰਚਾਇਤਾਂ ਵਿਚ ਜਾਣ ਦੇ ਮਤੇ ਪਾਸ ਕੀਤੇ ਗਏ ਸਨ। ਇਨ੍ਹਾਂ ਦਿਨਾਂ ਵਿਚ ਹੀ ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਖ਼ਰਚ 'ਤੇ ਅੰਗਰੇਜ਼ੀ ਵਿਚ ਇਕ ਕਿਤਾਬਚਾ ਛਪਵਾਇਆ ਜਿਸ ਵਿਚ ਇਹ ਵਕਾਲਤ ਕੀਤੀ ਗਈ ਕਿ ਸਾਰੇ ਸੁਧਾਰਾਂ ਦਾ ਮੰਤਵ ਗੁਰਦੁਆਰਿਆਂ ਅਤੇ ਦੇਸ਼ ਦੀ ਸੁਤੰਤਰਤਾ ਹੈ।[98]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਥੋੜ੍ਹਾ ਚਿਰ ਬਾਅਦ ਹੀ ਪੰਥਕ ਆਗੂਆਂ ਵਿਚ ਇਕਜੁੱਟਤਾ ਪੈਦਾ ਕਰਨ ਲਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੱਥ ਵਟਾਉਣ ਤੇ ਪ੍ਰਚਾਰ ਲਈ 14 ਦਸੰਬਰ 1921 ਈ. ਨੂੰ ਸ੍ਰੀ ਅੰਮ੍ਰਿਤਸਰ ਦੇ ਸਥਾਨ 'ਤੇ ਇੱਕ ਕੇਂਦਰੀ ਜਥੇਬੰਦੀ 'ਸ਼੍ਰੋਮਣੀ ਅਕਾਲੀ ਦਲ' ਦੀ ਸਥਾਪਨਾ ਕੀਤੀ ਗਈ।[99] ਸੁਰਮੁੱਖ ਸਿੰਘ ਝਬਾਲ ਨੂੰ ਇਸਦਾ ਪ੍ਰਧਾਨ ਚੁਣ ਲਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਵੀ ਗੁਰਮਤਿ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਗ੍ਰੰਥ ਸਾਹਿਬ ਵਿਚ ਸਾਕਾਰ ਹੈ ਜਿਸ ਨੂੰ ਅਕਾਲੀ ਗੁਰੂ ਰੂਪ ਜਾਣਦੇ ਹਨ। ਇਹ ਉਨ੍ਹਾਂ ਦੇ

---

[97] ਅਸ਼ੋਕ ਸਮਸ਼ੇਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਪੰਨਾ-41

[98] ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਪੰਨਾ-118 120,

[99] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-43

ਵਿਸ਼ਵਾਸ ਕਦਰਾਂ-ਕੀਮਤਾਂ, ਰਵੱਈਏ ਅਤੇ ਪ੍ਰੇਰਨਾ ਦਾ ਸੋਮਾ ਹੈ। ਗ੍ਰੰਥ ਸਾਹਿਬ ਅਕਾਲੀਆਂ ਲਈ ਸਿਰਫ 'ਧੁਰ ਕੀ ਬਾਣੀ' ਨਹੀਂ ਬਲਕਿ ਖ਼ੁਦ ਗੁਰੂ ਰੂਪ ਹੈ। ਪੰਥ ਵੀ ਸਿੱਖਾਂ ਲਈ ਗੁਰੂ ਰੂਪ ਮੰਨਿਆ ਜਾਣ ਲੱਗਾ। ਗੁਰੂ ਪੰਥ ਦਾ ਸਿਧਾਂਤ ਅਸੂਲਨ ਜਮਹੂਰੀ ਤੇ ਬਰਾਬਰੀ ਵਾਲਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤ ਸਿੱਖ ਵਿਚਾਰਧਾਰਾ ਦੇ ਅਨੁਕੂਲ ਹਨ। ਜੇ. ਐਸ ਗਰੇਵਾਲ ਦੁਆਰਾ ਵਰਣਿਤ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤ ਅਤੇ ਮਨੋਰਥ ਦਾ ਵੇਰਵਾ ਇਸ ਤਰ੍ਹਾਂ ਹੈ:

(ੳ) ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦਾ ਇਕੋ ਇਕ ਪ੍ਰਗਟਾਓ ਹੈ ਤੇ ਪੰਥ ਦੀ ਪ੍ਰਤੀਨਿਧਤਾ ਕਰਨ ਲਈ ਪੂਰਾ ਅਧਿਕਾਰ ਰੱਖਦਾ ਹੈ। ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸੰਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਪਰਮ-ਤੱਤ ਨਾਲ ਸਬੰਧਾਂ 'ਤੇ ਰੱਖੀ ਗਈ ਹੈ।

(ਅ) ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਤ੍ਰੀ ਉਪਦੇਸ਼ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦੀਆਂ ਲੀਹਾਂ ਉਤੇ ਆਧਾਰਿਤ ਹੈ।

(ੲ) ਗੁਰਮਤਿ ਤੇ ਰਹਿਤ ਮਰਿਆਦਾ ਦਾ ਪ੍ਰਚਾਰ ਅਤੇ ਨਾਸਤਕਤਾ ਤੇ ਮਨਮਤ ਦਾ ਪ੍ਰਹਾਰ। ਵਾਹਿਗੁਰੂ ਦੀ ਵਾਹਦ ਹਸਤੀ ਦਾ ਪ੍ਰਚਾਰ ਕਰਨਾ, ਗੁਰਮਤਿ ਸਿੱਖ ਫਲਸਫ਼ਾ, ਰਹਿਤ ਮਰਿਆਦਾ ਦਾ ਪ੍ਰਚਾਰ ਕਰਨਾ।

(ਸ) ਸਿੰਘਾਂ ਵਿਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼-ਕਾਲ ਘੜਨਾ ਜਿਸ ਵਿਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਓ ਪੂਰਨ ਤੌਰ 'ਤੇ ਮੂਰਤੀਮਾਨ ਤੇ ਪ੍ਰਜ੍ਵਲਿਤ ਹੋ ਸਕੇ।

(ਹ) ਕੰਗਾਲੀ ਅਤੇ ਭੁੱਖ ਨੰਗ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਅਸਮਾਨਤਾ ਅਤੇ ਲੁੱਟ-ਖਸੁੱਟ ਵਿਰੁੱਧ ਸੰਘਰਸ਼ ਕਰਨਾ। ਸਿੰਘਾਂ ਵਿਚ ਦਸਵੰਧ ਦਾ ਰਿਵਾਜ ਮੁੜ ਸੁਰਜੀਤ ਕਰਨਾ।

(ਕ) ਗੁਰਮਤਿ ਆਸ਼ੇ ਅਨੁਸਾਰ ਛੂਤ-ਛਾਤ, ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

(ਖ) ਕੌਮ ਨੂੰ ਨੈਤਿਕਤਾ ਦੇ ਰਾਹ ਤੋਰਨ ਲਈ ਕੌਮੀ ਉਤਸ਼ਾਹ ਪੈਦਾ ਕਰਨਾ। ਕੌਮੀ ਅਤੇ ਵਿਦਿਅਕ ਜਾਗਰੂਕਤਾ ਲਈ ਵਿਦਿਅਕ ਸੰਸਥਾਵਾਂ ਖੋਲ੍ਹਣਾ ਅਤੇ ਗੁਰਦੁਆਰਾ ਪ੍ਰਬੰਧ ਨੂੰ ਬਿਹਤਰ ਬਣਾਉਣਾ।

ਇਸਦੇ ਨਾਲ ਹੀ ਅਕਾਲੀ ਦਲ ਦਾ ਪੰਥਕ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ਮਨ ਅੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ਖ਼ਾਲਸਾ ਜੀ ਦੇ ਬੋਲ ਬਾਲੇ ਹੈ। ਖ਼ਾਲਸਾ ਜੀ ਦੇ ਇਸ ਜਨਮ ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।[100]

ਸ਼੍ਰੋਮਣੀ ਅਕਾਲੀ ਦਲ ਨੇ ਵੀ ਸ਼੍ਰੋਮਣੀ ਕਮੇਟੀ ਦੇ ਨਾਲ ਗੁਰਦੁਆਰਿਆਂ ਦੇ ਸੁਧਾਰ ਦੇ ਨਾਲ-ਨਾਲ ਦੇਸ਼ ਦੀ ਰਾਜਸੀ ਸੁਤੰਤਰਤਾ ਲਈ ਜਦੋਜਹਿਦ ਵਿੱਢ ਦਿੱਤੀ। ਗੁਰਦੁਆਰਾ ਸੁਧਾਰ ਲਹਿਰ ਵੱਲੋਂ ਦੇਸ਼ ਦੀ ਸੁਤੰਤਰਤਾ ਦੇ ਸੰਘਰਸ਼ ਨੂੰ ਮਿਲੇ ਬਲ ਬਾਰੇ ਜੇ. ਐਸ. ਗਰੇਵਾਲ ਲਿਖਦੇ ਹਨ, "1920-21 ਵਿਚ ਅਕਾਲੀਆਂ

---

[100] *ਅਕਾਲੀਆਂ ਦੇ 75 ਸਾਲ,* ਪੰਨਾ-187-189

ਦਾ ਉਥਾਨ ਸਿੱਖ ਗੁਰਦੁਆਰਿਆਂ ਦੇ ਸੁਧਾਰ ਦੇ ਉਦੇਸ਼ ਵਿਚੋਂ ਹੋਇਆ। ਗੁਰਦੁਆਰੇ ਹਮੇਸ਼ਾ ਹੀ ਸਿੱਖ ਧਾਰਮਿਕ ਤੇ ਸਮਾਜਿਕ ਜ਼ਿੰਦਗੀ ਦਾ ਧੁਰਾ ਰਹੇ ਸਨ ਪਰੰਤੂ ਹੁਣ ਅਸਿੱਧੇ ਪ੍ਰਭਾਵਸ਼ਾਲੀ ਰੂਪ ਵਿਚ ਬ੍ਰਿਟਿਸ਼ ਗ਼ਲਬੇ ਅਧੀਨ ਸਨ। ਇਹੀ ਕਾਰਨ ਸੀ ਕਿ ਅਕਾਲੀਆਂ ਨੂੰ ਗੁਰਦੁਆਰਿਆਂ ਦੀ ਸੁਤੰਤਰਤਾ ਵਿਚ ਦੇਸ਼ ਦੀ ਸੁਤੰਤਰਤਾ ਦਿਸਣ ਲੱਗੀ। ਅਕਾਲੀ ਦਲ ਬਣਨ ਦੇ ਨਾਲ ਹੀ ਗੁਰਦੁਆਰਿਆਂ ਦੇ ਸੁਧਾਰ ਲਈ ਯਤਨ ਸਿੱਧੇ ਪਰ ਅਹਿੰਸਕ ਕਾਰਜ ਦੇ ਰੂਪ ਵਿਚ ਪ੍ਰਚੰਡ ਹੋ ਗਏ।"[101] ਗੁਰਦੁਆਰੇ ਵਿਚ ਸਿੱਖ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਵਿਚ ਹਾਜ਼ਰ ਸਮਝਦੇ ਹਨ। ਗੁਰਦੁਆਰੇ ਸਿੱਖ ਵਿਚਾਰਧਾਰਾ ਅਤੇ ਬਰਾਬਰੀ ਦੇ ਵਿਚਾਰ ਦਾ ਧੁਰਾ ਸਨ। ਸਿੱਖ ਵਿਚਾਰਧਾਰਾ ਦੇ ਸੰਦਰਭ ਵਿਚ ਗੁਰਦੁਆਰਿਆਂ ਤੇ ਪੰਥ ਪ੍ਰਤੀ ਆਸਥਾ ਨੇ ਸਿੱਖਾਂ ਵਿਚ ਸਵੈ-ਨਿਰਭਰਤਾ ਅਤੇ ਸੁਤੰਤਰਤਾ ਦਾ ਜਜ਼ਬਾ ਪੈਦਾ ਕੀਤਾ।

**ਗੁਰਦੁਆਰਾ ਤਰਨਤਾਰਨ ਦਾ ਕਬਜ਼ਾ**

ਮਹੰਤਾਂ ਨੇ ਗੁਰਦੁਆਰਾ ਤਰਨਤਾਰਨ ਦੇ ਹਾਲਾਤ ਵੀ ਮਾੜੇ ਕੀਤੇ ਹੋਏ ਸਨ। 26 ਜਨਵਰੀ 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ ਦੌਰਾਨ ਤਰਨਤਾਰਨ ਤੋਂ ਆਏ ਹੋਏ ਸਿੰਘਾਂ ਵਿਚੋਂ ਇਕ ਸਿੰਘ ਨੇ ਤਰਨਤਾਰਨ ਦੇ ਪੁਜਾਰੀਆਂ ਦੇ ਅੱਤਿਆਚਾਰ ਬਿਆਨ ਕੀਤੇ:

> ਦੋ ਨਿਹੰਗ ਸਿੰਘਾਂ ਨੂੰ ਗੁਰੂ ਕੇ ਸ਼ਬਦ ਪੜ੍ਹਨ ਤੋਂ ਕੁੱਟ ਪਈ। ਸ਼ਹਿਰ ਦੇ ਇਕ ਪਤਵੰਤੇ ਸੱਜਣ ਦੀ ਨੌਜੁਆਨ ਲੜਕੀ ਨੂੰ ਇਕ ਮੁਸ਼ਟੰਡੇ ਪੁਜਾਰੀ ਨੇ ਗੁਰਦੁਆਰੇ ਦੇ ਅੰਦਰ ਹੀ ਛੇੜ-ਛਾੜ ਕੀਤੀ। ਭਾਈ ਸੰਤ ਸਿੰਘ ਸਕੱਤਰ, ਸਿੰਘ ਸਭਾ ਦੇ ਬੱਚੇ ਨੂੰ ਇਸ਼ਨਾਨ ਕਰਨ ਗਿਆ ਗੱਲ ਨਾਲ ਪੱਥਰ ਬੰਨ੍ਹ ਕੇ ਸਰੋਵਰ ਵਿਚ ਡੁਬੋ ਕੇ ਮਾਰ ਦਿੱਤਾ। ਪੁਜਾਰੀ ਹਜਾਮਤਾਂ ਕਰਾਉਂਦੇ, ਤਮਾਕੂ ਪੀਂਦੇ, ਕੁੱਠਾ ਖਾਂਦੇ ਹਨ। ਗੁਰੂ ਕੀ ਗੋਲਕ ਲੈ ਜਾਂਦੇ ਅਤੇ ਆਰੀਆ ਸਮਾਜ ਦੇ ਮੈਂਬਰ ਬਣੇ ਹੋਏ ਹਨ ਬਲਕਿ ਸਮਾਜ ਦਾ ਸਕੱਤਰ ਭੀ ਗੁਰਦੁਆਰਾ ਤਰਨਤਾਰਨ ਦਾ ਇਕ ਪੁਜਾਰੀ ਹੀ ਹੈ ਜਿਵੇਂ ਕਸੂਰ ਵਿਚ ਇੱਕ ਬ੍ਰਾਹਮਣ ਨੇ ਬ੍ਰਾਹਮਣੀ ਨੂੰ ਖੁਹਾ ਕੇ ਏਥੇ ਅਕਾਲ ਤਖ਼ਤ ਸਾਹਿਬ ਪੁਕਾਰ ਕੀਤੀ ਸੀ, ਅਸੀਂ ਭੀ ਇਸੇ ਤਰ੍ਹਾਂ ਦੁਖੀ ਹਾਂ। ਸਾਡੀ ਪੁਕਾਰ ਪੰਥ ਸੁਣੇ ਤੇ ਤਰਨਤਾਰਨ ਦੇ ਗੁਰਦੁਆਰੇ ਦਾ ਪ੍ਰਬੰਧ ਲੁੱਚਿਆਂ ਤੇ ਗੁਰੂ-ਨਿੰਦਕਾਂ ਤੋਂ ਛੁਡਾ ਕੇ ਪੰਥ ਆਪ ਕਰੇ।[102]

ਇਨ੍ਹਾਂ ਪੁਜਾਰੀਆਂ ਨੂੰ ਸਰਕਾਰੀ ਅਫ਼ਸਰਾਂ ਦੀ ਪੂਰੀ ਸ਼ਹਿ ਪ੍ਰਾਪਤ ਸੀ। ਅਕਾਲੀਆਂ ਨੂੰ ਇਥੋਂ ਦੇ ਹਾਲਾਤ ਪਤਾ ਲੱਗੇ ਤਾਂ ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਭੁੱਚਰ ਨੇ ਜੁਝਾਰੂ ਸਿੰਘਾਂ ਦਾ ਜਥਾ ਲੈ ਕੇ ਇਥੋਂ ਦਾ ਕਬਜ਼ਾ ਲੈ ਲਿਆ। ਇਸ ਸਮੇਂ ਹਜ਼ਾਰਾ ਸਿੰਘ ਅਤੇ ਹੁਕਮ ਸਿੰਘ ਸ਼ਹੀਦ ਹੋ ਗਏ ਅਤੇ 17 ਸਿੰਘ ਫੱਟੜ ਹੋਏ। ਇਸ ਸਮੇਂ ਇਹ ਪੁਜਾਰੀ ਅੰਗਰੇਜ਼ ਅਫ਼ਸਰ ਮਿ. ਕਿੰਗ ਕਮਿਸ਼ਨਰ ਕੋਲ ਵੀ ਮਦਦ ਲਈ ਗਏ ਸਨ।[103]

---

[101] ਗਰੇਵਾਲ, *ਅਕਾਲੀਆਂ ਦੇ 75 ਸਾਲ,* ਪੰਨਾ-2-3

[102] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਪੰਨਾ- 105-6

[103] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-56

ਮਹੰਤਾਂ ਦਾ ਤਾਂ ਇਹ ਹਾਲ ਸੀ ਕਿ ਉਹ ਆਪਣੇ ਆਪ ਨੂੰ ਗੁਰਦੁਆਰਿਆਂ ਦੇ ਮਾਲਕ (ਟਰੱਸਟੀ) ਸਮਝਦੇ ਸਨ। ਇਸਦੀ ਗਵਾਹੀ ਇਕ ਮਹੰਤ ਵੱਲੋਂ ਅਦਾਲਤ ਵਿਚ ਦਿੱਤੇ ਗਏ ਬਿਆਨ ਤੋਂ ਮਿਲਦੀ ਹੈ। ਮਹੰਤ ਨੇ ਅਦਾਲਤ ਵਿਚ ਕਿਹਾ, "ਮੈਂ ਸ੍ਰੀ ਮਹੰਤ ਹਾਂ। ਮੇਰੇ ਨਾਲ ਸਬੰਧਤ 300 ਗੁਰਦੁਆਰੇ ਹਨ। ਮੇਰੇ ਸ੍ਰੀ ਮਹੰਤ ਹੋਣ ਦਾ ਸਬੂਤ ਇਹ ਹੈ ਕਿ ਮੈਨੂੰ ਸਰਕਾਰ ਵੱਲੋਂ ਭੰਗ ਦੀਆਂ ਦੋ ਬੋਰੀਆਂ ਵੀ ਮੁਆਫ਼ ਹਨ ਜੋ ਮੈਂ ਸਬੰਧਤ ਗੁਰਦੁਆਰਿਆਂ ਵਿਚ ਘੋਟ ਕੇ ਪੀਣ ਵਾਸਤੇ ਭੇਜਦਾ ਹਾਂ।"[104] ਇਸ ਤੋਂ ਸਾਫ਼ ਜ਼ਾਹਿਰ ਸੀ ਕਿ ਮਹੰਤ ਇਹ ਕਾਰਨਾਮੇ ਸਰਕਾਰੀ ਸ਼ਹਿ 'ਤੇ ਕਰ ਰਹੇ ਸਨ। ਮਹੰਤਾਂ ਦੀ ਅਗਵਾਈ ਹੇਠ ਗੁਰਦੁਆਰਿਆਂ 'ਤੇ ਸਰਕਾਰ ਦਾ ਕਬਜ਼ਾ ਸੀ।

ਸੁਤੰਤਰਤਾ ਦੇ ਇਸ ਸੰਘਰਸ਼ ਵਿਚ ਕੁੱਝ ਸਿੱਖ ਪੱਖੀ ਅਖ਼ਬਾਰਾਂ ਤੇ ਰਸਾਲਿਆਂ ਦਾ ਯੋਗਦਾਨ ਵੀ ਸ਼ਲਾਘਾਯੋਗ ਸੀ। 1 ਮਈ 1920 ਦੇ ਦਿਨ ਮਾਸਟਰ ਸੁੰਦਰ ਸਿੰਘ, ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ, ਗਿਆਨੀ ਹੀਰਾ ਸਿੰਘ ਦਰਦ ਤੇ ਉਨ੍ਹਾਂ ਦੇ ਸਾਥੀ ਲਾਹੌਰ ਵਿਚ ਇਕੱਠੇ ਹੋਏ ਅਤੇ "ਰੋਜ਼ਾਨਾ ਅਕਾਲੀ" ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ। ਇਸ ਨਾਲ ਦੂਰ ਦੁਰਾਡੇ ਬੈਠੇ ਸਿੱਖ ਆਗੂ ਅਤੇ ਵਰਕਰ ਇਕ ਦੂਜੇ ਨਾਲ ਜੁੜ ਗਏ। ਜਿਹੜੇ ਲੋਕ ਇਸ ਰਾਹੀਂ ਇਕ ਦੂਜੇ ਨਾਲ ਜੁੜੇ ਉਨ੍ਹਾਂ ਨੂੰ ਵੀ 'ਅਕਾਲੀ' ਆਖਿਆ ਜਾਣ ਲੱਗਾ। ਇਸ ਮਾਹੌਲ ਵਿਚ ਇਕ ਅਣ ਐਲਾਨੀ 'ਅਕਾਲੀ ਲਹਿਰ' ਚਲ ਪਈ। ਇਸ ਨਾਲ ਅੰਗਰੇਜ਼ ਸਰਕਾਰ ਵਿਰੁੱਧ ਅਕਾਲੀਆਂ ਨੂੰ ਆਪਣੇ ਵਿਚਾਰ ਲੋਕਾਂ ਵਿਚ ਰੱਖਣ ਦਾ ਵਧੀਆ ਸਮਾਂ ਮਿਲ ਗਿਆ ਅਤੇ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਇਸਨੇ ਨਿਰਣਾਇਕ ਭੂਮਿਕਾ ਨਿਭਾਈ।[105] ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਰੂੜ ਸਿੰਘ ਨੇ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਵਿਖੇ ਸਿਰਪਾਓ ਦੇ ਦਿੱਤਾ ਤਾਂ ਅਕਾਲੀ ਅਖ਼ਬਾਰ ਦੇ ਵਿਰੋਧ ਦੁਆਰਾ ਪਤਾ ਲੱਗਣ 'ਤੇ ਸਿੱਖਾਂ ਵਿਚ ਉਸ ਪ੍ਰਤੀ ਰੋਸ ਪੈਦਾ ਹੋ ਗਿਆ। 24 ਅਗਸਤ 1920 ਨੂੰ ਅਰੂੜ ਸਿੰਘ ਵਿਰੁੱਧ ਸਿੱਖਾਂ ਨੇ ਇਕੱਠੇ ਹੋ ਕੇ ਜਲੂਸ ਕੱਢਣ ਦਾ ਫ਼ੈਸਲਾ ਕੀਤਾ ਪਰ ਉਸਨੇ ਡਰਦੇ ਅਸਤੀਫ਼ਾ ਦੇਣਾ ਪ੍ਰਵਾਨ ਕਰ ਲਿਆ। ਇਸ ਨਾਲ ਸਿੱਖਾਂ ਦਾ ਹੌਸਲਾ ਤੇ ਹਿੰਮਤ ਵਧੀ ਅਤੇ ਅਕਾਲੀ ਅਖ਼ਬਾਰ ਨੇ ਸਿੱਖ ਸ਼ਕਤੀ ਨੂੰ ਸੰਯੁਕਤ ਕਰਨ ਵਿਚ ਨਿਰਨਾਇਕ ਭੂਮਿਕਾ ਨਿਭਾਈ।

**ਸਾਕਾ ਨਨਕਾਣਾ ਸਾਹਿਬ**

ਗੁਰਦੁਆਰਾ ਸੁਧਾਰ ਲਹਿਰ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਅੰਗਰੇਜ਼ਾਂ ਦੀ ਅੱਖ ਹਮੇਸ਼ਾ ਗੁਰਦੁਆਰਿਆਂ ਦੇ ਪ੍ਰਬੰਧਾਂ 'ਤੇ ਰਹੀ। ਅੰਗਰੇਜ਼ਾਂ ਦਾ ਵਿਚਾਰ ਸੀ ਕਿ

---

[104] ਦਿਲਗੀਰ, *ਸਿੱਖ ਤਵਾਰੀਖ਼,* ਪੰਨਾ-770

[105] ਉਹੀ, ਪੰਨਾ-778

ਗੁਰਦੁਆਰਿਆਂ ਨੂੰ ਸਿੱਖ ਜਾਗ੍ਰਿਤ ਕੇਂਦਰ ਬਣਨ ਨਾ ਦਿੱਤਾ ਜਾਵੇ। ਗੁਰਦੁਆਰਿਆਂ ਦੀ ਬੇਅਦਬੀ ਦੀ ਇਹ ਹਾਲਤ ਹਾਕਮਾਂ ਦੀ ਰਾਜ-ਮਜ਼ਬੂਤੀ ਦੀ ਨੀਤੀ ਨੂੰ ਸਫ਼ਲ ਕਰਨ ਵਿਚ ਸਹਾਈ ਹੁੰਦੀ ਸੀ।

ਨਨਕਾਣਾ ਸਾਹਿਬ ਦਾ ਸਾਕਾ ਸੁਤੰਤਰਤਾ ਸੰਗਰਾਮ ਵਿਚ ਸਿੱਖਾਂ ਨੂੰ ਸ਼ਾਮਲ ਕਰਨ ਲਈ ਵਿਸ਼ੇਸ਼ ਸਥਾਨ ਰੱਖਦਾ ਹੈ ਜਿਸ ਨੇ ਅੰਗਰੇਜ਼ ਸਰਕਾਰ ਤੇ ਮਹੰਤ ਪ੍ਰਥਾ ਵਿਰੁੱਧ ਸੰਘਰਸ਼ ਦੀ ਨਵੀਂ ਚਿਣਗ ਪੈਦਾ ਕੀਤੀ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ ਵਾਂਗ ਇਸ 'ਤੇ ਵੀ ਪਿੱਠੂ, ਜੀ ਹਜ਼ੂਰ ਮਹੰਤਾਂ ਰਾਹੀਂ ਅੰਗਰੇਜ਼ ਹਾਕਮਾਂ ਦਾ ਕਬਜ਼ਾ ਸੀ। ਲੈਫ਼. ਗਵਰਨਰ ਜਾਂ ਉਸਦੇ ਨੁਮਾਇੰਦੇ ਦੀ ਮਨਜ਼ੂਰੀ ਲਏ ਬਗੈਰ ਕੋਈ ਆਦਮੀ ਮਹੰਤ ਨਹੀਂ ਸੀ ਬਣ ਸਕਦਾ। ਮਹੰਤਾਂ ਕਾਰਨ ਨਨਕਾਣਾ ਸਾਹਿਬ ਧਰਮ ਅਸਥਾਨ ਨਹੀਂ ਰਿਹਾ ਸੀ। ਇਹ ਗੁੰਡਿਆਂ, ਬਦਮਾਸ਼ਾਂ ਅਤੇ ਪੋਸਤੀਆਂ ਦੀ ਪਰਵਰਿਸ਼ ਦਾ ਸਥਾਨ ਬਣ ਚੁੱਕਾ ਸੀ। ਜਦੋਂ ਸ੍ਰੀ ਨਨਕਾਣਾ ਸਾਹਿਬ ਦੇ ਪੁਜਾਰੀ ਮਹੰਤ ਨਰਾਇਣ ਦਾਸ ਦੀਆਂ ਕਰਤੂਤਾਂ ਦੀਆਂ ਖ਼ਬਰਾਂ ਸ਼੍ਰੋਮਣੀ ਕਮੇਟੀ ਨੂੰ ਪੁੱਜਣ ਲੱਗੀਆਂ ਤਾਂ 1 ਅਕਤੂਬਰ 1920 ਨੂੰ ਲਛਮਣ ਸਿੰਘ ਘਾਰੋਵਾਲੀ ਨੇ ਆਪਣੇ ਪਿੰਡ ਇਕ ਦੀਵਾਨ ਸਜਾ ਕੇ ਮਹੰਤ ਨੂੰ ਆਪਣਾ ਸੁਧਾਰ ਕਰਨ ਲਈ ਆਦੇਸ਼ ਦਿੱਤਾ ਕਿਉਂਕਿ ਉਸ ਨੇ ਆਪਣੇ ਦਰ 'ਤੇ ਵੇਸਵਾ ਦਾ ਨਾਚ ਕਰਾਇਆ ਤੇ ਜੜ੍ਹਾਂ ਵਾਲੇ ਪਿੰਡ ਦੀਆਂ ਛੇ ਸਿੰਘਣੀਆਂ ਦੀ ਬੇਪਤੀ ਕੀਤੀ ਸੀ।[106] ਉਸਨੇ ਆਪਣੇ ਆਪ ਨੂੰ ਸੁਧਾਰਨ ਦੀ ਥਾਂ ਆਪਣੇ ਪਾਸ ਗੁੰਡੇ ਬਦਮਾਸ਼ ਤੇ ਪਠਾਣ ਰਾਖੀ ਲਈ ਰੱਖ ਲਏ। ਨਾਲ ਹੀ ਹਥਿਆਰ ਇਕੱਤਰ ਕਰਨੇ ਸ਼ੁਰੂ ਕਰ ਦਿੱਤੇ। ਇਸ ਖਿਆਲ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਨੇ 24 ਜਨਵਰੀ 1921 ਨੂੰ ਮਤਾ ਪਾਸ ਕੀਤਾ ਕਿ 4, 5, 6 ਮਾਰਚ ਨੂੰ ਨਨਕਾਣੇ ਸਾਹਿਬ ਦੀਵਾਨ ਕੀਤਾ ਜਾਵੇ। ਸਾਰਾ ਪੰਥ ਇਕੱਠਾ ਹੋ ਕੇ ਮਹੰਤ ਨੂੰ ਕਹੇਗਾ ਤਾਂ ਸ਼ਾਇਦ ਉਹ ਸੁਧਰ ਜਾਏ ਪਰ ਮਹੰਤ ਨੇ ਇਸ ਇਕੱਠ ਨੂੰ ਗੁੱਠੇ ਲਾਉਣ ਲਈ ਹੋਰ ਜ਼ਿਆਦਾ ਤਿਆਰੀ ਸ਼ੁਰੂ ਕਰ ਦਿੱਤੀ।

ਮਹੰਤ ਦੀਆਂ ਕਰਤੂਤਾਂ ਇਸ ਕਦਰ ਵੱਧ ਚੁੱਕੀਆਂ ਸਨ ਕਿ ਇੱਕ ਵਾਰ ਸਿੰਧੀ ਸਿੱਖ ਜੋ ਰਿਟਾਇਰ ਸੈਸ਼ਨ ਜੱਜ ਸੀ, ਆਪਣੇ ਪਰਿਵਾਰ ਸਮੇਤ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਨਨਕਾਣਾ ਸਾਹਿਬ ਆਇਆ। ਉਹ ਰਾਤ ਨੂੰ ਸਰਾਂ ਵਿਚ ਟਿਕਿਆ ਹੋਇਆ ਸੀ। ਉਹਨਾਂ ਦੀ ਲੜਕੀ ਜਿਸਦੀ ਉਮਰ 13 ਸਾਲ ਦੀ ਸੀ, ਦੀਵੇ ਵਿਚ ਤੇਲ ਪਾਉਣ ਗਈ ਤਾਂ ਸਾਧ ਦੇ ਚੇਲੇ ਉਸ ਨੂੰ ਚੁੱਕ ਕੇ ਲੈ ਗਏ। ਉਸ ਦਾ ਸਤ ਭੰਗ ਕਰਕੇ ਅਗਲੇ ਦਿਨ ਮਾਪਿਆਂ ਦੀ ਹਵਾਲੇ ਕੀਤੀ ਗਈ।[107] ਇਹੋ ਜਿਹੀਆਂ ਕਈ ਹੋਰ ਵੀ ਘਟਨਾਵਾਂ ਵਾਪਰੀਆਂ ਪਰ ਸਰਕਾਰ ਨੇ ਕਿਸੇ ਵੀ ਸ਼ਿਕਾਇਤ 'ਤੇ ਮਹੰਤਾਂ ਦੇ ਖਿਲਾਫ਼ ਕੋਈ ਕਾਰਵਾਈ ਨਾ ਕੀਤੀ। ਜਦੋਂ ਇਨ੍ਹਾਂ ਘਟਨਾਵਾਂ ਦਾ ਪਤਾ

---

[106] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਪੰਨੇ-104-106

[107] ਉਹੀ, ਪੰਨਾ-127

ਲਾਗੇ ਦੇ ਸਿੱਖਾਂ ਨੂੰ ਲੱਗਾ ਤਾਂ ਉਨ੍ਹਾਂ ਨੇ ਇਸਦਾ ਵਿਰੋਧ ਕੀਤਾ। ਇਹ ਗੁਰਦੁਆਰਾ ਆਜ਼ਾਦ ਕਰਾਉਣ ਲਈ ਸਿੱਖਾਂ ਵਿਚ ਜੋਸ਼ ਠਾਠਾਂ ਮਾਰਨ ਲੱਗਾ। ਇਸ ਦਾ ਪਤਾ ਜਥੇਦਾਰ ਕਰਤਾਰ ਸਿੰਘ ਝੱਬਰ ਰਾਹੀਂ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਦਿੱਤਾ ਗਿਆ ਤੇ ਉਥੇ ਇਕ ਇਕੱਤਰਤਾ ਵਿਚ ਨਨਕਾਣਾ ਸਾਹਿਬ ਵਿਖੇ 4, 5 ਮਾਰਚ 1921 ਨੂੰ ਇਕੱਤਰ ਹੋਣ ਦਾ ਮਤਾ ਕੀਤਾ। ਇਸ ਕੰਮ ਲਈ ਤੇਜਾ ਸਿੰਘ ਸਮੁੰਦਰੀ, ਬੂਟਾ ਸਿੰਘ ਵਕੀਲ ਸ਼ੇਖਪੁਰ ਵਾਲੇ ਤੇ ਕਰਤਾਰ ਸਿੰਘ ਝੱਬਰ ਨੇ ਮਹੰਤ ਦੇ ਅੱਤਿਆਚਾਰ ਨੂੰ ਖ਼ਤਮ ਕਰਨ ਲਈ ਸਿੰਘਾਂ ਨੂੰ ਇਕੱਤਰ ਕਰਨਾ ਸ਼ੁਰੂ ਕੀਤਾ। 20 ਫਰਵਰੀ 1921 ਨੂੰ ਸਿੱਖਾਂ ਨੇ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨ ਦਾ ਮਨ ਬਣਾਇਆ। ਕਰਤਾਰ ਸਿੰਘ ਝੱਬਰ ਵੱਲੋਂ ਮਿਲੇ ਸੁਨੇਹੇ ਅਨੁਸਾਰ ਜਥੇਦਾਰ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਨੂੰ ਜਥੇ ਲੈ ਕੇ ਭੇਜਣ ਦਾ ਹੁਕਮ ਦਿੱਤਾ ਗਿਆ। ਕਰਤਾਰ ਸਿੰਘ ਝੱਬਰ ਨੂੰ ਖ਼ਤਰਾ ਮਹਿਸੂਸ ਹੋਇਆ ਤਾਂ ਉਨ੍ਹਾਂ ਕੁਝ ਬੰਦੇ ਭੇਜ ਕੇ ਜਥੇ ਨੂੰ ਰੁਕਣ ਲਈ ਕਿਹਾ ਪਰ ਭਾਈ ਟਹਿਲ ਸਿੰਘ ਜੀ ਬੋਲੇ ਖ਼ਾਲਸਾ ਜੀ ਅੱਜ ਗੁਰੂ ਹਰਿ ਰਾਇ ਸਾਹਿਬ ਦਾ ਜਨਮ ਦਿਹਾੜਾ ਹੈ, ਚਲੋ ਗੁਰਦੁਆਰੇ ਦੇ ਦਰਸ਼ਨ ਕਰ ਚੱਲੀਏ। ਅਸੀਂ ਕਿਹੜਾ ਕੋਈ ਹਥਿਆਰ ਲੈ ਕੇ ਜਾਣਾ ਹੈ, ਸ਼ਾਂਤਮਈ ਰਹਿ ਕੇ ਮੱਥਾ ਟੇਕ ਕੇ ਵਾਪਸ ਆ ਜਾਵਾਂਗੇ।[108]

ਜਥੇਦਾਰ ਕਰਤਾਰ ਸਿੰਘ ਝੱਬਰ ਦੇ ਅਨੁਸਾਰ ਮਹੰਤ ਨੇ ਚੋਟੀ ਦੇ ਅਕਾਲੀ ਆਗੂਆਂ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਅਤੇ ਇਸ ਮਕਸਦ ਲਈ ਉਹ ਮਾਝੇ ਦੇ ਗੁੰਡਿਆਂ ਨੂੰ ਡੇਢ ਲੱਖ ਰੁਪਿਆ ਦੇਣ ਵਾਸਤੇ ਸਹਿਮਤ ਹੋ ਗਿਆ। ਉਸ ਨੇ 6 ਮਾਰਚ ਨੂੰ 12 ਬਦਮਾਸ਼ ਨਨਕਾਣੇ ਲੈ ਜਾਣੇ ਸਨ।[109] ਜਥੇਦਾਰ ਲਛਮਣ ਸਿੰਘ ਆਪਣੇ ਜਥੇ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਚਲੇ ਗਏ। ਇਸ ਸਮੇਂ ਮਹੰਤ ਨੇ ਕੋਈ ਤਿੰਨ ਸੌ ਦੇ ਕਰੀਬ ਛਵੀਆਂ, ਲਾਠੀਆਂ ਤੇ ਗੰਡਾਸਿਆਂ ਵਾਲਾ ਬੰਦਾ ਇਕੱਠਾ ਕੀਤਾ ਹੋਇਆ ਸੀ। ਸਿੱਖ ਸ਼ਾਂਤਮਈ ਗੁਰਦੁਆਰਾ ਸਾਹਿਬ ਵਿਚ ਬੈਠੇ ਪਾਠ ਸੁਣ ਰਹੇ ਸਨ ਕਿ ਮਹੰਤ ਦੇ ਗੁੰਡਿਆਂ ਨੇ ਅੰਦਰੋਂ ਕੁੰਡੇ ਲਗਾ ਕੇ ਗੋਲੀਆਂ ਦਾ ਮੀਂਹ ਵਰਾ ਦਿੱਤਾ, ਕਿਰਪਾਨਾਂ ਅਤੇ ਗੰਡਾਸਿਆਂ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ।[110] ਸਿੱਖਾਂ ਨੇ 'ਤੇਰਾ ਕੀਆ ਮੀਠਾ ਲਾਗੈ' ਕਹਿ ਕੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦੀਆਂ ਪਾਈਆਂ। ਸ਼ਾਮ ਸਮੇਂ ਕੱਟੇ ਵੱਢੇ ਸਿੱਖਾਂ ਨੂੰ ਜਿਨ੍ਹਾਂ ਵਿਚ ਅਜੇ ਕੁਝ ਜਿੰਦਾਂ ਵੀ ਸਨ, ਇਕੱਠਾ ਕਰਕੇ ਤੇਲ ਪਾ ਕੇ ਸਾੜ ਦਿੱਤਾ ਗਿਆ। ਸਾਰਾ ਅਹਾਤਾ ਲਹੂ ਨਾਲ ਭਰ ਚੁੱਕਾ ਸੀ। ਮਹੰਤ ਅਕਾਲੀਆਂ ਦਾ

---

108 ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-65

109 ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਪੰਨੇ-105-106

110 Teja Singh, *Gurdwara Reform Movement and Sikh Awakening,* p 65,

ਬੀਜ ਨਾਸ਼ ਕਰਨਾ ਚਾਹੁੰਦਾ ਸੀ। ਤੇਜਾ ਸਿੰਘ ਅਨੁਸਾਰ 130 ਸਿੱਖ ਇਸ ਥਾਂ ਸ਼ਹੀਦ ਹੋਏ।[111] ਇਹ ਖ਼ਬਰ ਸੁਣਦਿਆਂ ਹੀ ਸਾਰੇ ਸਿੱਖ ਜਗਤ ਵਿਚ ਹਾਹਾਕਾਰ ਮਚ ਗਈ। ਸਰਕਾਰ ਨੇ ਭੈਅ-ਭੀਤ ਹੁੰਦਿਆਂ ਸਾਰੇ ਪਾਸੇ ਨਾਕਾਬੰਦੀ ਕਰ ਦਿੱਤੀ। ਲਾਹੌਰ ਡਵੀਜ਼ਨ ਦਾ ਕਮਿਸ਼ਨਰ 200 ਬੰਦੇ ਲੈ ਕੇ ਘਟਨਾ ਵਾਲੀ ਥਾਂ 'ਤੇ ਪੁੱਜਾ। ਉਸ ਨੇ ਮਹੰਤ ਨੂੰ ਬਚਾਉਣ ਖ਼ਾਤਰ 26 ਪਠਾਣਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ ਪਰ ਬਹੁਤ ਸਾਰੇ ਕਾਤਲ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਲੋਕਾਂ ਦੀਆ ਭਾਵਨਾਵਾਂ ਨੂੰ ਕਾਬੂ ਕਰਨ ਲਈ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਈ. ਮੈਕਲਾਗਨ ਆਪਣੀ ਕਾਰਜਕਾਰੀ ਕੌਂਸਲ ਸਮੇਤ ਫ਼ੌਰਨ ਨਨਕਾਣਾ ਸਾਹਿਬ ਪੁੱਜਿਆ। ਗੁਰਦੁਆਰਾ ਜਨਮ ਅਸਥਾਨ 'ਤੇ ਫ਼ੌਜ ਦਾ ਪਹਿਰਾ ਲਗਾ ਦਿੱਤਾ ਗਿਆ।[112] 21 ਫਰਵਰੀ ਨੂੰ ਜਥੇਦਾਰ ਕਰਤਾਰ ਸਿੰਘ ਝੱਬਰ 2200 ਸਿੱਖ ਲੈ ਕੇ ਨਨਕਾਣੇ ਪੁੱਜਾ। ਡਿਪਟੀ ਕਮਿਸ਼ਨਰ ਕਰੀ ਦੇ ਹੁਕਮ 'ਤੇ ਅੰਗਰੇਜ਼ ਅਫ਼ਸਰ ਨੇ ਜਥੇਦਾਰ ਝੱਬਰ ਨੂੰ ਕਿਹਾ ਕਿ ਅੱਗੇ ਨਾ ਜਾਓ ਗੋਲੀ ਚਲ ਜਾਏਗੀ। ਝੱਬਰ ਨੇ ਜਵਾਬ ਦਿੱਤਾ ਗੋਲੀ ਚਲਦੀ ਹੈ ਤਾਂ ਚਲਾਉਣ। 'ਸਿੰਘਾਂ ਦਾ ਫ਼ੈਸਲਾ ਹੈ ਕਿ ਗੁਰਦੁਆਰੇ ਦੇ ਅੰਦਰ ਜਾ ਕੇ ਮੱਥਾ ਟੇਕਣਾ ਹੈ, ਤੁਹਾਡਾ ਹੁਣ ਗੁਰਦੁਆਰੇ 'ਤੇ ਕਬਜ਼ਾ ਕਰਨ ਦਾ ਕੋਈ ਹੱਕ ਨਹੀਂ ਹੈ।'[113]

ਸਰਕਾਰੀ ਅਫ਼ਸਰਾਂ ਨੂੰ ਸਿੱਖਾਂ ਦੇ ਅੱਗੇ ਹਥਿਆਰ ਸੁੱਟਣ ਤੋਂ ਬਗੈਰ ਕੋਈ ਚਾਰਾ ਨਹੀਂ ਸੀ। ਇਸ ਤਰ੍ਹਾਂ ਚਾਬੀਆਂ ਸਿੰਘਾਂ ਦੇ ਹਵਾਲੇ ਕਰ ਦਿੱਤੀਆਂ ਅਤੇ ਗੁਰਦੁਆਰਾ ਸਾਹਿਬ 'ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਇਸ ਸਾਕੇ ਪਿੱਛੋਂ ਅਕਾਲੀ ਦਲ ਦਾ ਰੋਸ ਅੰਗਰੇਜ਼ਾਂ ਦੇ ਵਿਰੁੱਧ ਹੋਰ ਵੱਧ ਗਿਆ। ਆਮ ਲੋਕਾਂ ਵਿਚ ਵੀ ਇਸ ਗੱਲ ਦੇ ਸ਼ੰਕੇ ਪੈਦਾ ਹੋਏ ਕਿ ਮਹੰਤਾਂ ਪਿੱਛੇ ਸਥਾਨਕ ਅਧਿਕਾਰੀਆਂ ਦਾ ਹੱਥ ਜ਼ਰੂਰ ਸੀ। ਇਸ ਸਾਕੇ ਨਾਲ ਅਕਾਲੀ ਲਹਿਰ ਨੇ ਗੁਰਦੁਆਰੇ ਆਜ਼ਾਦ ਕਰਾਉਣ ਦੇ ਨਾਲ-ਨਾਲ ਦੇਸ਼ ਨੂੰ ਵੀ ਸੁਤੰਤਰ ਕਰਾਉਣ ਦੀ ਪ੍ਰਤਿੱਗਿਆ ਕਰ ਲਈ। ਇਸ ਤਰ੍ਹਾਂ ਇਸ ਸਾਕੇ ਮਗਰੋਂ ਸਿੱਖਾਂ ਨੇ ਗੁਰਦੁਆਰਿਆਂ ਦੀ ਸੁਤੰਤਰਤਾ ਦੇ ਨਾਲ ਕੌਮੀ ਸੁਤੰਤਰਤਾ ਨੂੰ ਵੀ ਆਪਣਾ ਫਰਜ਼ ਸਮਝ ਲਿਆ। ਹੁਣ ਸਾਰੇ ਸਿੱਖ ਗੁਰਦੁਆਰਿਆਂ ਤੇ ਦੇਸ਼ ਦੀ ਸੁਤੰਤਰਤਾ ਦਾ ਰਾਹ ਅਪਣਾਉਣ ਲੱਗ ਪਏ।[114] 3 ਮਾਰਚ, 1921 ਨੂੰ ਨਨਕਾਣੇ ਵਿਚ ਇਕ ਬਹੁਤ ਵੱਡਾ ਸ਼ਹੀਦੀ ਦੀਵਾਨ ਸਜਿਆ ਜਿਸ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਆਖਿਆ ਕਿ ਇਸ ਘਟਨਾ ਨੇ ਸਿੱਖਾਂ ਨੂੰ ਉਨ੍ਹਾਂ ਦੀ ਨੀਂਦ ਤੋਂ ਜਗਾ ਦਿੱਤਾ ਹੈ। ਇਸ ਸ਼ਹੀਦੀ ਦੀਵਾਨ ਵਿਚ ਮਹਾਤਮਾ ਗਾਂਧੀ ਨਨਕਾਣਾ ਸਾਹਿਬ ਪਹੁੰਚਿਆ ਅਤੇ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਬਿਆਨ ਕੀਤਾ, "ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ

---

[111] Teja Singh, *Gurdwara Reform Movement and Sikh Awakening,* p.156

[112] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-82

[113] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਪੰਨਾ-121

[114] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-79

ਇਸ ਵਾਰਦਾਤ ਵਿਚ ਸਾਮਰਾਜੀ ਹਕੂਮਤ ਦਾ ਵੀ ਹੱਥ ਹੈ। ਹਰ ਚੀਜ਼ ਡਾਇਰਸ਼ਾਹੀ ਦੇ ਦੂਜੇ ਐਡੀਸ਼ਨ ਵੱਲ ਸੰਕੇਤ ਕਰਦੀ ਹੈ, ਜੱਲਿਆਂ ਵਾਲੇ ਬਾਗ ਦੇ ਵਹਿਸ਼ੀਪੁਣੇ ਨਾਲੋਂ ਵੀ ਵਧੇਰੇ ਵਹਿਸ਼ੀਆਨਾ ਅਤੇ ਵਧੇਰੇ ਸ਼ੈਤਾਨੀ ਭਰਿਆ ਕਾਂਡ ਹੈ। ਇਹ ਸ਼ਹੀਦੀ ਭਾਰਤ ਮਾਤਾ ਨੂੰ ਸਮਰਪਿਤ ਹੋਣੀ ਚਾਹੀਦੀ ਹੈ। ਖ਼ਾਲਸਾ ਆਜ਼ਾਦ ਭਾਰਤ ਅੰਦਰ ਹੀ ਆਜ਼ਾਦੀ ਮਾਣ ਸਕਦਾ ਹੈ।"[115] ਝੱਬਰ ਅਨੁਸਾਰ ਗਾਂਧੀ ਨੇ ਕਿਹਾ ਸੀ ਕਿ ਹਿੰਦੁਸਤਾਨ ਦੀ ਆਜ਼ਾਦੀ ਤਾਂ ਖ਼ਾਲਸਾ ਜੀ ਦੇ ਹੱਥ ਵਿਚ ਹੈ, ਨਨਕਾਣੇ ਦੇ ਸ਼ਹੀਦਾਂ ਦੇ ਇਸ ਮੁਕੱਦਮੇ ਵਿਚ ਅੰਗਰੇਜ਼ ਦੇ ਨਾਲ ਨਾ-ਮਿਲਵਰਤਣ ਕਰਨਾ ਚਾਹੀਦਾ ਹੈ।[116] ਗਾਂਧੀ ਨੇ ਅਕਾਲੀ ਲਹਿਰ ਨੂੰ ਬਸਤੀਵਾਦ ਦੇ ਵਿਰੁੱਧ ਰਾਸ਼ਟਰੀ ਲਹਿਰ ਨਾਲ ਮਿਲਾ ਦੇਣ ਦਾ ਪ੍ਰਸਤਾਵ ਰੱਖਿਆ। ਉਸਨੇ ਸਿੱਖਾਂ ਨੂੰ ਕਿਹਾ ਕਿ ਉਹ ਸਰਕਾਰ ਦਾ ਬਾਈਕਾਟ ਕਰਨ ਅਤੇ ਗੁਰਦੁਆਰਾ ਸੁਧਾਰ ਲਹਿਰ ਨੂੰ ਆਜ਼ਾਦੀ ਮਿਲਣ ਤੱਕ ਮੁਅੱਤਲ ਕਰ ਦੇਣ। ਇਹ ਉਸ ਵੇਲੇ ਵਾਜਬ ਨਹੀਂ ਸੀ।

ਅਜਮੇਰ ਸਿੰਘ ਲਿਖਦੇ ਹਨ, "ਗਾਂਧੀ ਨੇ ਇਸ ਪੰਥਕ ਉਭਾਰ ਦੀਆਂ ਸਭ ਲੁਪਤ ਸੰਭਾਵਨਾਵਾਂ ਦਾ ਕਿਆਫ਼ਾ ਲਾ ਲਿਆ ਹੋਇਆ ਸੀ। ਉਸਨੇ ਇਹ ਗੱਲ ਤਾੜ ਲਈ ਸੀ ਕਿ ਸਿੱਖ ਪੰਥ ਅੰਦਰ ਜਾਗੀ ਇਹ ਚੇਤਨਾ ਗੁਰਧਾਮਾਂ ਦੀ ਆਜ਼ਾਦੀ ਤੱਕ ਹੀ ਸੀਮਤ ਜਾਂ ਸੰਤੁਸ਼ਟ ਹੋ ਕੇ ਰਹਿ ਜਾਣ ਵਾਲੀ ਨਹੀਂ। ਸਿੱਖ ਕੌਮ ਅੰਦਰ ਗੁਰਧਾਮਾਂ ਦੀ ਆਜ਼ਾਦੀ ਲਈ ਜਾਗੇ ਇਸ ਜੋਸ਼ੋ-ਖਰੋਸ਼ ਦਾ ਮੰਤਕੀ ਨਤੀਜਾ, ਉਸ ਅੰਦਰ ਆਜ਼ਾਦ ਸਿੱਖ ਰਾਜ ਲਈ ਸੁਸਤਾਈਆਂ ਰੀਝਾਂ ਦੇ ਮੁੜ ਕਾਰਜਸ਼ੀਲ ਹੋਣ ਵਿਚ ਨਿਕਲੇਗਾ। ਇਸੇ ਤਹਿਤ ਉਸਨੇ 1921 ਦੇ ਅਹਿਮਦਾਬਾਦ ਸੈਸ਼ਨ ਵਿਚ ਸਿੱਖਾਂ ਦੀ ਭਰਵੀਂ ਸ਼ਮੂਲੀਅਤ ਦੇਖ ਕੇ ਕਿਹਾ, "ਹੁਣ ਹਰ ਜਗ੍ਹਾ ਸਿੱਖ ਭਾਈਚਾਰਾ ਕੌਮੀ ਲਹਿਰਾਂ ਵਿਚ ਵਧ ਚੜ੍ਹ ਕੇ ਅੱਗੇ ਆ ਰਿਹਾ ਹੈ।"[117] ਸ਼ਪਸਟ ਹੈ ਕਿ ਗਾਂਧੀ ਨੇ ਸਿੱਖਾਂ ਅੰਦਰ ਸੁਤੰਤਰਤਾ ਦੀ ਭਾਵਨਾ ਨੂੰ ਭਾਂਪ ਲਿਆ ਸੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸਰਦੂਲ ਸਿੰਘ ਕਵੀਸ਼ਰ ਨੇ ਅਕਾਲੀ ਦਲ ਵਾਸਤੇ ਮਸਲੇ ਦਾ ਸਿਧਾਂਤੀਕਰਨ ਕਰਦਿਆਂ ਲਿਖਿਆ, "ਸਿੱਖ ਨੂੰ ਇਸ ਗੱਲ ਦਾ ਪਤਾ ਹੈ ਕਿ ਜੇ ਉਸ ਦਾ ਧਰਮ ਸੁਰੱਖਿਅਤ ਹੈ ਤਾਂ ਉਹ ਜ਼ਰੂਰ ਹੀ ਆਪਣੇ ਦੇਸ਼ ਦੀ ਗੁਆਚੀ ਹੋਈ ਸੁਤੰਤਰਤਾ ਮੁੜ ਪ੍ਰਾਪਤ ਕਰ ਲਵੇਗਾ ਪਰ ਜੇ ਉਸ ਦਾ ਧਰਮ ਸੁਰੱਖਿਅਤ ਨਹੀਂ ਤਾਂ ਉਸਦਾ ਦੇਸ਼ ਭਾਵੇਂ ਸੁਤੰਤਰ ਹੋ ਵੀ ਜਾਵੇ ਤਾਂ ਵੀ ਇਸ ਗੱਲ ਦੀ ਕੋਈ ਜ਼ਾਮਨੀ ਨਹੀਂ ਹੈ ਕਿ ਉਹ ਦੇਸ਼ ਦੀ ਸੁਤੰਤਰਤਾ ਕਾਇਮ ਰੱਖ ਸਕੇਗਾ। ਉਸਦੀ

---

[115] *The Collected Works of Mahatma Gandhi,* Vol.XIX, pp. 397-98

[116] *ਅਕਾਲੀ ਮੋਰਚੇ ਤੇ ਝੱਬਰ,* ਪੰਨਾ-146

[117] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* ਪੰਨਾ-60

ਧਰਮ ਦੀ ਸੁਤੰਤਰਤਾ ਹੀ ਦੇਸ਼ ਦੀ ਸੁਤੰਤਰਤਾ ਵਾਸਤੇ ਸਭ ਤੋਂ ਉੱਤਮ ਸੁਰੱਖਿਆ ਸਾਧਨ ਹੈ।"[118] ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਚੂਹੜਕਾਣਾ ਦੀ ਅਗਵਾਈ ਵਿਚ ਗੁਰਦੁਆਰਾ ਸੁਧਾਰ ਲਹਿਰ ਨੇ ਤੇਜ਼ੀ ਫੜ੍ਹ ਲਈ। ਜਲਦ ਹੀ ਅਕਾਲੀਆਂ ਨੇ ਦੋ ਕੁ ਦਰਜਨ ਹੋਰ ਗੁਰਦੁਆਰਿਆਂ ਦਾ ਮਹੰਤਾਂ ਤੋਂ ਕਬਜ਼ਾ ਲੈ ਲਿਆ। ਉਨ੍ਹਾਂ ਨੇ ਆਪਣੇ ਆਪ ਚਾਬੀਆਂ ਇਨ੍ਹਾਂ ਆਗੂਆਂ ਦੇ ਹਵਾਲੇ ਕਰ ਦਿੱਤੀਆਂ। 11 ਮਈ 1921 ਨੂੰ ਅਕਾਲ ਤਖ਼ਤ 'ਤੇ ਹੋਈ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਸਰਕਾਰ ਖਿਲਾਫ਼ ਸੱਤਿਆਗ੍ਰਹਿ ਕੀਤਾ ਜਾਵੇ ਅਤੇ ਸ਼ਰਾਬ ਦਾ ਬਾਈਕਾਟ, ਸਵਦੇਸ਼ੀ ਦਾ ਪ੍ਰਚਾਰ ਅਤੇ ਪੰਚਾਇਤਾਂ ਕਾਇਮ ਕਰਕੇ ਸਰਕਾਰ ਨਾਲ ਨਾ-ਮਿਲਵਰਤਣ ਕੀਤਾ ਜਾਵੇ। ਮਾਸਟਰ ਤਾਰਾ ਸਿੰਘ ਨੇ ਅਕਾਲ ਤਖ਼ਤ ਦੇ ਨਮਿਤ ਹੁਕਮ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਬਦਲ ਕੇ ਸਵਦੇਸ਼ੀ ਕੱਪੜੇ ਦੇ ਰੁਮਾਲੇ ਵਰਤੇ ਜਾਣ ਅਤੇ ਕੜਾਹ ਪ੍ਰਸ਼ਾਦਿ ਲਈ ਵੀ ਵਿਦੇਸ਼ੀ ਖੰਡ ਨਾ ਵਰਤੀ ਜਾਵੇ।

**ਆਜ਼ਾਦੀ ਦੀ ਪਹਿਲੀ ਜਿੱਤ**

1921 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬਾਬਾ ਖੜਕ ਸਿੰਘ ਕਮੇਟੀ ਦੇ ਨਵੇਂ ਪ੍ਰਧਾਨ ਬਣੇ ਜੋ ਕਿ ਰਾਸ਼ਟਰਵਾਦੀ ਵਿਚਾਰਧਾਰਾ ਦੇ ਧਾਰਨੀ ਸਨ। ਇਸੇ ਸਾਲ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਦੇ ਪ੍ਰਸ਼ਨ 'ਤੇ ਸ਼੍ਰੋਮਣੀ ਕਮੇਟੀ ਦੀ ਸਰਕਾਰ ਨਾਲ ਟੱਕਰ ਸ਼ੁਰੂ ਹੋ ਗਈ। ਸਰਕਾਰ ਵੱਲੋਂ ਨਿਯਤ ਕੀਤਾ ਗਿਆ ਸਰਬਰਾਹ ਸੁੰਦਰ ਸਿੰਘ ਰਾਮਗੜ੍ਹੀਆ ਸ਼੍ਰੋਮਣੀ ਕਮੇਟੀ ਦਾ ਸਕੱਤਰ ਸੀ। ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਉਸ ਪਾਸ ਰਹਿੰਦੀਆਂ ਸਨ। ਕਮੇਟੀ ਨੇ ਇਹ ਫ਼ੈਸਲਾ ਕੀਤਾ ਕਿ ਚਾਬੀਆਂ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਦਿੱਤੀਆਂ ਜਾਣ। ਸਰਕਾਰ ਨੇ ਚਾਲ ਖੇਡ ਕੇ ਇਕ ਵੱਖਰੀ 36 ਮੈਂਬਰਾਂ ਦੇ ਕਮੇਟੀ ਬਣਾ ਦਿੱਤੀ ਜੋ ਅਗਲੇ ਦਿਨ ਹੀ ਨਵੇਂ 175 ਮੈਂਬਰ ਵਿਚ ਸ਼ਾਮਲ ਕਰ ਲਏ ਗਏ। ਸਿੱਖ ਕੌਮ ਵਿਚ ਇਸ ਕਮੇਟੀ ਨੂੰ ਕੋਈ ਮਾਨਤਾ ਨਹੀਂ ਸੀ। ਅਜੇ ਵੀ ਤੋਸ਼ੇਖ਼ਾਨੇ 'ਤੇ ਅਸਿੱਧੇ ਰੂਪ ਵਿਚ ਸਰਕਾਰ ਦਾ ਕਬਜ਼ਾ ਸੀ। ਕੁੰਜੀਆਂ ਬਾਰੇ ਸਰਕਾਰ ਨੂੰ ਡਰ ਸੀ ਕਿ ਗਰਮ ਖਿਆਲੀ ਦਰਬਾਰ ਸਾਹਿਬ ਦੇ ਖਜ਼ਾਨੇ ਨੂੰ ਰਾਜਸੀ ਤਹਿਰੀਕ ਉੱਤੇ ਖਰਚ ਕਰਨ ਲਈ ਵਰਤ ਸਕਦੇ ਹਨ।[119] 11 ਨਵੰਬਰ ਵਾਲੇ ਦਿਨ ਅਕਾਲ ਤਖ਼ਤ 'ਤੇ ਹੋਈ ਇਕ ਬੈਠਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਫ਼ੈਸਲਾ ਕੀਤਾ ਕਿ ਨਵੇਂ ਥਾਪੇ ਗਏ ਸਰਬਰਾਹ, ਆਨਰੇਰੀ ਕੈਪਟਨ ਬਹਾਦਰ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਮਾਮਲਿਆਂ ਵਿਚ ਕਿਸੇ ਵੀ ਤਰ੍ਹਾਂ ਦਾ ਦਖ਼ਲ ਦੇਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਅਮਰ ਸਿੰਘ

---

[118] Sardul Singh Kavisher, *The Akali Movement 1944,* Ganda Singh(Dr.) (Ed.), p.141

[119] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-110.

ਝਬਾਲ, ਮਾਸਟਰ ਤਾਰਾ ਸਿੰਘ, ਜਸਵੰਤ ਸਿੰਘ, ਡਾ. ਗੁਰਬਖਸ਼ ਸਿੰਘ, ਭਾਈ ਤਾਰਾ ਸਿੰਘ ਅਤੇ ਭਾਈ ਕਰਤਾਰ ਸਿੰਘ ਨੂੰ ਸੀਖਾਂ ਪਿੱਛੇ ਡੱਕ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਸਰਕਾਰ ਵੱਲੋਂ ਵਰਜਿਤ ਕੁੰਜੀਆਂ ਦੇ ਮਾਮਲੇ 'ਤੇ ਵਿਚਾਰਾਂ ਕੀਤੀਆਂ ਸਨ।[120] ਅਕਾਲੀਆਂ ਨੇ 26 ਨਵੰਬਰ 1921 ਨੂੰ ਅਜਨਾਲਾ ਵਿਖੇ ਜਲਸਾ ਕੀਤਾ ਪਰ ਸਰਕਾਰ ਨੇ ਇਸ ਨੂੰ ਕੁਚਲਣ ਲਈ ਮੌਕੇ 'ਤੇ ਹੀ ਭਾਸ਼ਣ ਕਰਨ ਵਾਲਿਆਂ ਤੇਜਾ ਸਿੰਘ ਸਮੁੰਦਰੀ, ਗੁਰਮੁਖ ਸਿੰਘ ਝਬਾਲ, ਦਾਨ ਸਿੰਘ ਆਦਿ ਪੰਜ ਮੁਖੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਜਦ ਇਸ ਗ੍ਰਿਫ਼ਤਾਰੀ ਦੀ ਖ਼ਬਰ ਸ਼੍ਰੋਮਣੀ ਕਮੇਟੀ ਨੂੰ ਮਿਲੀ ਤਾਂ ਸਭ ਉੱਘੇ ਮੈਂਬਰ ਉਸੇ ਵੇਲੇ ਅਜਨਾਲੇ ਪੁੱਜੇ ਤੇ ਸਰਕਾਰ ਦੀ ਇਸ ਕਾਰਵਾਈ ਵਿਰੁੱਧ ਬੋਲਣ ਲੱਗੇ। ਡੀ. ਸੀ. ਨੇ ਇਸ ਵਿਦਰੋਹੀ ਕਾਨੂੰਨ ਅਧੀਨ ਸਭ ਉੱਘੇ ਨੇਤਾ ਬਾਬਾ ਖੜਕ ਸਿੰਘ ਪ੍ਰਧਾਨ, ਮਹਿਤਾਬ ਸਿੰਘ ਸਕੱਤਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਭਾਗ ਸਿੰਘ ਵਕੀਲ ਆਦਿ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਸਿੱਖਾਂ ਦੇ 193 ਆਗੂ ਜੇਲ੍ਹਾਂ ਵਿਚ ਭੇਜ ਦਿੱਤੇ ਗਏ।

ਕੁੰਜੀਆਂ ਪ੍ਰਾਪਤ ਕਰਨ ਲਈ ਸਿੱਖਾਂ ਵਿਚ ਬਹੁਤ ਜੋਸ਼ ਸੀ। ਸਰਕਾਰ ਵਿਰੁੱਧ ਹਰ ਪਾਸੇ ਰੋਸ ਦੀ ਲਹਿਰ ਦੌੜਨ ਲੱਗੀ। ਸਰਕਾਰ ਨੇ ਅਕਾਲੀ ਨੇਤਾਵਾਂ ਵਿਰੁੱਧ ਅਦਾਲਤ ਵਿਚ ਕੇਸ ਚਲਾ ਦਿੱਤਾ ਪਰ ਅਕਾਲੀਆਂ ਨੇ ਅਦਾਲਤਾਂ ਦਾ ਬਾਈਕਾਟ ਕਰ ਦਿੱਤਾ ਤੇ ਅਦਾਲਤ ਨੇ ਇਨ੍ਹਾਂ ਨੂੰ ਛੇ-ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਤੇ ਇਕ-ਇਕ ਹਜ਼ਾਰ ਰੁਪਏ ਜ਼ੁਰਮਾਨਾ ਕੀਤਾ। ਸਿੱਖਾਂ ਵਿਚ ਸਰਕਾਰ ਵਿਰੁੱਧ ਰੋਸ ਵਧਦਾ ਗਿਆ। ਜਿਸ ਸਾਹਮਣੇ ਝੁਕਦਿਆਂ ਸਰਕਾਰ ਨੇ 17 ਜਨਵਰੀ 1922 ਨੂੰ ਸਾਰੇ ਅਕਾਲੀ ਆਗੂ ਰਿਹਾਅ ਕਰ ਦਿੱਤੇ ਅਤੇ ਦਰਬਾਰ ਸਾਹਿਬ ਦੀਆਂ ਚਾਬੀਆਂ ਬਾਬਾ ਖੜਕ ਸਿੰਘ ਨੂੰ ਸੌਂਪ ਦਿੱਤੀਆਂ।[121] ਇਸ ਤਰ੍ਹਾਂ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਕਮੇਟੀ ਸਾਹਮਣੇ ਆਪਣੇ ਗੋਡੇ ਟੇਕ ਦਿੱਤੇ। ਇਸ ਸਮੇਂ ਮਹਾਤਮਾ ਗਾਂਧੀ ਨੇ ਸਰਕਾਰ ਦੀ ਹਾਰ ਨੂੰ ਰਾਸ਼ਟਰਵਾਦੀ ਸ਼ਕਤੀਆਂ ਦੀ ਇਕ ਫ਼ੈਸਲਾਕੁਨ ਫ਼ਤਹਿ ਕਰਾਰ ਦਿੰਦਿਆਂ ਸਰਦਾਰ ਖੜਕ ਸਿੰਘ ਨੂੰ ਤਾਰ ਭੇਜੀ ਜਿਸ ਵਿਚ ਲਿਖਿਆ ਸੀ:

ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ। ਵਧਾਈਆਂ ਹੋਣ।(ਐਮ. ਕੇ. ਗਾਂਧੀ)[122]

ਅਕਾਲੀਆਂ ਦਾ ਅੰਦੋਲਨ ਰਾਸ਼ਟਰੀ ਅੰਦੋਲਨ ਦਾ ਅੰਗ ਬਣ ਚੁੱਕਿਆ ਸੀ। 1922 ਤੋਂ ਬਾਅਦ ਦੇਸ਼ ਵਿਚ ਸਭ ਤੋਂ ਵੱਡੀ ਸਾਮਰਾਜ ਵਿਰੋਧੀ ਲਹਿਰ ਕੇਵਲ ਅਕਾਲੀ ਅੰਦੋਲਨ ਸੀ। 11 ਫਰਵਰੀ 1922 ਨੂੰ ਗਾਂਧੀ ਨੇ ਨਾਮਿਲਵਰਤਣ ਅੰਦੋਲਨ ਵਾਪਸ ਲੈ ਲਿਆ ਸੀ ਜਿਸ ਨਾਲ ਸਰਕਾਰੀ ਅਫ਼ਸਰਾਂ ਦੇ ਹੌਸਲੇ ਵਧ ਚੁੱਕੇ ਸਨ।

---

**120** ਅਕਾਲੀ ਤੇ ਪ੍ਰਦੇਸੀ, (2 ਦਸੰਬਰ 1921), ਪੰਨਾ-6, ਕਾਲਮ 5

121 ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-133

122 ਉਹੀ, ਪੰਨਾ-133

ਇਸ ਤਰ੍ਹਾਂ ਸਰਕਾਰ ਨੇ ਅਕਾਲੀਆਂ ਪ੍ਰਤੀ ਦਮਨਕਾਰੀ ਨੀਤੀ ਅਪਨਾਉਣੀ ਸ਼ੁਰੂ ਕਰ ਦਿੱਤੀ। ਕਈ ਸਿੱਖਾਂ ਨੂੰ ਛੋਟੇ-ਛੋਟੇ ਇਲਜ਼ਾਮ ਲਾ ਕੇ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸਰਕਾਰ ਸਿੱਖਾਂ ਪਾਸੋਂ ਹਾਰ ਕੇ ਆਪਣੀ ਸ਼ਾਖ ਗੁਆ ਚੁੱਕੀ ਸੀ ਤੇ ਅਕਾਲੀਆਂ ਦੇ ਹੌਂਸਲੇ ਬੁਲੰਦ ਸਨ। ਸਰਕਾਰ ਨੇ ਅਕਾਲੀ ਅੰਦੋਲਨ ਨੂੰ ਕੁਚਲਣ ਦਾ ਨਿਸ਼ਚਾ ਕੀਤਾ ਤਾਂ 20 ਮਾਰਚ 1922 ਨੂੰ ਸਭ ਥਾਂਈਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਹੋਣ ਲੱਗੀਆਂ। ਬਾਬਾ ਖੜਕ ਸਿੰਘ ਨੂੰ ਹਥਿਆਰ ਰੱਖਣ ਦੇ ਝੂਠੇ ਕੇਸ ਵਿਚ ਫਸਾ ਕੇ ਇਕ ਸਾਲ ਅੰਦਰ ਰੱਖਿਆ ਗਿਆ ਅਤੇ ਸਰਕਾਰ ਵਿਰੋਧੀ ਭਾਸ਼ਣ ਦੇਣ ਬਦਲੇ ਤਿੰਨ ਸਾਲ ਦੀ ਸਖ਼ਤ ਕੈਦ ਹੋਈ। ਇਹ ਸਖ਼ਤੀ ਵੇਖ ਕੇ ਸਰਕਾਰ ਦੇ ਵਫ਼ਾਦਾਰ ਵਰਗ ਨੇ ਵੀ ਬਗ਼ਾਵਤ ਕਰ ਦਿੱਤੀ। ਸੈਂਕੜੇ ਜ਼ੈਲਦਾਰਾਂ, ਸਫ਼ੈਦਪੋਸ਼ਾਂ ਤੇ ਨੰਬਰਦਾਰਾਂ ਨੇ ਸਰਕਾਰ ਵਿਰੁੱਧ ਰੋਸ ਵਜੋਂ ਤਿਆਗ ਪੱਤਰ ਦੇ ਦਿੱਤਾ, ਹਜ਼ਾਰਾ ਸਿੰਘ ਸਮੇਤ ਕਈ ਪੈਨਸ਼ਨੀਏ ਫ਼ੌਜੀ ਆਪਣੀਆਂ ਪੈਨਸ਼ਨਾਂ ਤੇ ਇਨਾਮ ਵਜੋਂ ਮਿਲੇ ਮੁਰੱਬੇ ਦੀ ਜ਼ਮੀਨ ਦੀ ਜ਼ਬਤੀ ਦਾ ਭੈਅ ਭੁਲਾ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ।[123]

ਨਨਕਾਣੇ ਦੇ ਸਾਕੇ ਮਗਰੋਂ ਸਰਕਾਰ ਦੀ ਦਮਨ ਨੀਤੀ, ਸੂਬੇ ਦੇ 18 ਜ਼ਿਲ੍ਹਿਆਂ ਵਿਚ ਦੇਸ਼-ਧ੍ਰੋਹੀ ਜਲਸਾ ਕਾਨੂੰਨ ਲਾਗੂ ਕਰਨਾ, ਅਕਾਲੀ ਲਹਿਰ ਦੇ ਹਿਮਾਇਤੀਆਂ ਤੇ ਹਮਦਰਦਾਂ ਦੀਆਂ ਵਿਆਪਕ ਗ੍ਰਿਫ਼ਤਾਰੀਆਂ ਅਤੇ ਨੌਕਰਸ਼ਾਹੀ ਵੱਲੋਂ ਮਹੰਤਾਂ ਦਾ ਖੁੱਲਾ ਸਮਰਥਨ, ਇਹਨਾਂ ਗੱਲਾਂ ਨੇ ਨਵੇਂ ਆਗੂਆਂ ਨੂੰ ਰਾਸ਼ਟਰਵਾਦੀ ਸ਼ਕਤੀਆਂ ਦਾ ਸਰਗਰਮ ਸਮਰਥਨ ਹਾਸਲ ਕਰ ਕੇ ਅਧਿਕਾਰੀਆਂ ਵਿਰੁੱਧ ਆਪਣੇ ਸੰਗਰਾਮ ਦੇ ਆਧਾਰ ਨੂੰ ਚੌੜਾ ਕਰਨ ਲਈ ਪ੍ਰੇਰਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਜੀਆਂ ਰਾਸ਼ਟਰਵਾਦੀ ਜਥੇਬੰਦੀਆਂ, ਇੰਡੀਅਨ ਨੈਸ਼ਨਲ ਕਾਂਗਰਸ, ਖ਼ਿਲਾਫਤ ਪਾਰਟੀ ਅਤੇ ਕੇਂਦਰੀ ਸਿੱਖ ਲੀਗ ਵਿਚ ਸਰਗਰਮ ਤਾਲਮੇਲ ਪੈਦਾ ਹੋ ਗਿਆ। ਕਾਂਗਰਸ ਨੇ ਅਕਾਲੀ ਲਹਿਰ ਦੀ ਹਿਮਾਇਤ ਵਿਚ ਰਸਮੀ ਮਤੇ ਪਾਸ ਕਰਨ ਦੇ ਨਾਲ-ਨਾਲ ਉਹਨਾਂ ਦੀ ਪ੍ਰਚਾਰ ਮਸ਼ੀਨਰੀ ਜਥੇਬੰਦ ਕਰਨ ਵਿਚ ਸਹਾਇਤਾ ਦੇਣ ਵਾਸਤੇ ਕਾਂਗਰਸੀ ਆਗੂ ਤੇ ਵਲੰਟੀਅਰ ਭੇਜ ਕੇ ਅਕਾਲੀਆਂ ਦੀ ਸਰਗਰਮ ਮਦਦ ਕੀਤੀ। ਖਿਲਾਫ਼ਤ ਕਾਨਫਰੰਸ, ਮੁਸਲਿਮ ਲੀਗ ਅਤੇ ਕੇਂਦਰੀ ਸਿੱਖ ਲੀਗ ਨੇ ਵੀ ਅਕਾਲੀਆਂ ਦੇ ਉਦੇਸ਼ ਦੀ ਹਮਦਰਦੀ ਤੇ ਹਿਮਾਇਤ ਵਿਚ ਮਤੇ ਪਾਸ ਕੀਤੇ।[124] ਇਸ ਵਕਤ ਸੁਤੰਤਰਤਾ ਸੰਗਰਾਮੀ ਸਿੱਖਾਂ ਨੇ ਕੌਮੀ ਸੁਤੰਤਰਤਾ ਨੂੰ ਗੁਰਦੁਆਰਿਆਂ ਦੀ ਸੁਤੰਤਰਤਾ ਨਾਲ ਜੋੜ

[123] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-134

[124] ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਪੰਨਾ-121

ਦਿੱਤਾ ਕਿਉਂਕਿ ਇਹ ਦੋਵੇਂ ਇੱਕੋ ਦੁਸ਼ਮਣ ਅੰਗਰੇਜ਼ ਰਾਜ ਦੇ ਖਿਲਾਫ਼ ਲੜੀ ਜਾ ਰਹੇ ਸਨ।[125] ਇਹ ਸਭ ਦੇਸ਼ ਦੇ ਸੁਤੰਤਰਤਾ ਸੰਗਰਾਮ ਨੂੰ ਬਲ ਪ੍ਰਦਾਨ ਕਰਨ ਵਿਚ ਸਹਾਈ ਹੋਇਆ।

1919 ਤੋਂ 1926 ਤੱਕ ਸਿੱਖਾਂ ਦੀ ਸਿਆਸੀ ਨੁਮਾਇੰਦਗੀ ਸੈਂਟਰਲ ਸਿੱਖ ਲੀਗ ਕਰ ਰਹੀ ਸੀ। ਸੈਂਟਰਲ ਸਿੱਖ ਲੀਗ ਦਾ ਜਨਮ ਦਸੰਬਰ 1919 ਵਿਚ ਹੋਇਆ ਸੀ। ਜੂਨ 1926 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆ ਚੋਣਾਂ ਮਗਰੋਂ 2 ਅਕਤੂਬਰ ਦੇ ਦਿਨ ਨਵੀਂ ਕਮੇਟੀ ਦਾ ਬਕਾਇਦਾ ਇਜਲਾਸ ਹੋਇਆ ਤੇ ਇਸ ਵਿਚ ਬਾਬਾ ਖੜਕ ਸਿੰਘ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਬਣੇ। ਇੰਝ ਸੈਂਟਰਲ ਸਿੱਖ ਲੀਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਇੱਕ ਧੜੇ ਕੋਲ ਆ ਗਈ।

**ਮੋਰਚਾ ਗੁਰੂ ਕਾ ਬਾਗ: ਸਿੱਖਾਂ ਦੇ ਸਬਰ ਦਾ ਪ੍ਰਤੀਕ**

ਗੁਰੂ ਕੇ ਬਾਗ ਦੇ ਮਹੰਤ ਸੁੰਦਰ ਦਾਸ ਨੇ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਗੁਰਦੁਆਰਾ ਤਾਂ ਗਿਆਰਾਂ ਮੈਂਬਰੀ ਕਮੇਟੀ ਨੂੰ ਸੌਂਪ ਦਿੱਤਾ ਪਰ ਨਾਲ ਲੱਗਦੀ ਜ਼ਮੀਨ ਜਿਸ ਵਿਚ ਰੁੱਖਾਂ ਦਾ ਜਖ਼ੀਰਾ ਸੀ, ਦਾ ਕਬਜ਼ਾ ਨਾ ਦਿੱਤਾ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਮਹੰਤ ਨੂੰ ਕਮੇਟੀ ਤੋਂ ਬਾਗੀ ਹੋ ਜਾਣ ਦੀ ਹੱਲਾਸ਼ੇਰੀ ਦੇ ਦਿੱਤੀ। ਸਰਕਾਰ ਨੇ ਚਾਬੀਆਂ ਦੇ ਮੋਰਚੇ ਵਿਚ ਅਕਾਲੀਆਂ ਦੀ ਜਿੱਤ ਨਾਲ ਖੁੱਸੇ ਆਪਣੇ ਵੱਕਾਰ ਨੂੰ ਬਹਾਲ ਕਰਨ ਲਈ ਇਹ ਨੀਤੀ ਅਖ਼ਤਿਆਰ ਕੀਤੀ ਸੀ। 10 ਅਗਸਤ 1923 ਨੂੰ ਪੰਜ ਆਦਮੀ ਗੁਰਦੁਆਰਾ ਸਾਹਿਬ ਲੰਗਰ ਲਈ ਬਾਗ ਵਿਚ ਬਾਲਣ ਲੈਣ ਲਈ ਗਏ ਤਾਂ ਮਹੰਤ ਨੇ ਸਰਕਾਰ ਨਾਲ ਮਿਲ ਕੇ ਪੰਜਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਛੇ-ਛੇ ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰਵਾ ਦਿੱਤਾ।[126] ਜਿਹੜਾ ਵੀ ਲੱਕੜਾਂ ਲੈਣ ਜਾਂਦਾ ਪੁਲਿਸ ਉਸਨੂੰ ਕੁੱਟਦੀ ਤੇ ਗ੍ਰਿਫ਼ਤਾਰ ਕਰਕੇ ਲੈ ਜਾਂਦੀ।

25 ਅਗਸਤ 1923 ਤੱਕ 210 ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। 26 ਅਗਸਤ ਨੂੰ ਪੁਲਸ ਨੇ ਗ੍ਰਿਫ਼ਤਾਰੀ ਲਈ ਆਏ 100 ਅਕਾਲੀਆਂ ਨੂੰ ਡਾਂਗਾਂ, ਬੰਦੂਕਾਂ ਦੇ ਬੱਟਾਂ ਨਾਲ ਕੁੱਟ-ਕੁੱਟ ਕੇ ਭੋਂਇ 'ਤੇ ਵਿਛਾ ਦਿੱਤਾ। ਇਸੇ ਦਿਨ ਪੁਲਸ ਨੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚੋਂ ਹੀ ਮਹਿਤਾਬ ਸਿੰਘ ਪ੍ਰਧਾਨ, ਮਾਸਟਰ ਤਾਰਾ ਸਿੰਘ, ਭਗਤ ਜਸਵੰਤ ਸਿੰਘ ਸਕੱਤਰ ਤੇ ਗੁਰਮੁੱਖ ਸਿੰਘ ਝਬਾਲ ਅੱਠ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕਾਰਵਾਈ ਨਾਲ ਸਿੱਖਾਂ ਵਿਚ ਰੋਹ ਵਧ ਗਿਆ। ਸੂਬੇਦਾਰ ਅਮਰ ਸਿੰਘ ਦੀ ਅਗਵਾਈ ਵਿਚ 100 ਅਕਾਲੀਆਂ ਦਾ ਇਕ ਹੋਰ ਜਥਾ ਗ੍ਰਿਫ਼ਤਾਰੀਆਂ ਦੇਣ ਲਈ ਤੁਰ ਪਿਆ। ਪੁਲਸ ਨੇ ਉਨ੍ਹਾਂ ਨੂੰ ਕੁੱਟ-ਕੁੱਟ ਕੇ ਬੇਹੋਸ਼ ਕਰ ਦਿੱਤਾ। ਇਸ ਮੋਰਚੇ ਦੀ ਧਾਕ ਸਾਰੇ ਸੰਸਾਰ ਵਿਚ ਪੈ ਗਈ ਕਿਉਂਕਿ ਇਸ ਦੌਰਾਨ ਜਥੇਦਾਰ

---

[125] ਜੋਸ਼, *ਅਕਾਲੀ ਮੋਰਚਿਆਂ ਦਾ ਇਤਹਾਸ,* ਪੰਨਾ-111

[126] Teja Singh, *Gurdwara Reform Movement and Sikh Awakening,* p.264-65

ਪ੍ਰਿਥੀਪਾਲ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਪੂਰੇ ਸ਼ਾਂਤਮਈ ਅਕਾਲੀ ਜਥਿਆਂ ਉੱਤੇ ਤਾਕਤ ਦੀ ਦਿਨੋਂ ਦਿਨ ਵਰਤੋਂ ਦਾ ਪੰਜਾਬ ਵਿਚ ਅਤੇ ਬਾਹਰ ਵੀ ਆਮ ਜਨਤਾ ਉੱਤੇ ਪ੍ਰਭਾਵ ਪਿਆ। ਸ਼੍ਰੋਮਣੀ ਕਮੇਟੀ ਨੇ ਸੁਤੰਤਰ ਸੋਚ ਰੱਖਣ ਵਾਲੇ ਲੋਕਾਂ, ਪੱਤਰਕਾਰਾਂ ਅਤੇ ਕੌਮੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਕੇ ਬਾਗ ਵਿਚ ਚੱਲ ਰਹੇ ਸ਼ਾਂਤਮਈ ਰੂਹਾਨੀ ਸੰਘਰਸ਼ ਨੂੰ ਆ ਕੇ ਦੇਖਣ।"[127] ਇਸ ਸਮੇਂ ਸਰਕਾਰ ਦੀ ਇਸ ਕਾਰਵਾਈ ਦੀ ਸਿੱਖਾਂ ਦੇ ਨਾਲ-ਨਾਲ ਹਿੰਦੂ ਆਗੂ ਪੰਡਿਤ ਮਦਨ ਮੋਹਨ ਮਾਲਵੀਆ, ਮੁਸਲਮਾਨ ਹਕੀਮ ਅਜਮਲ ਖਾਨ ਅਤੇ ਈਸਾਈ ਸੀ. ਐਫ. ਐਂਡਰਿਊਜ ਨੇ ਵੀ ਨਿੰਦਾ ਕੀਤੀ।

ਅੰਗਰੇਜ਼ ਪਾਦਰੀ ਸੀ. ਐਫ. ਐਂਡਰਿਊਜ਼ 12 ਸਤੰਬਰ ਨੂੰ ਗੁਰੂ ਕੇ ਬਾਗ ਪਹੁੰਚਿਆ ਅਤੇ ਆਪਣੀਆਂ ਅੱਖਾਂ ਨਾਲ ਮਾਰ ਕੁੱਟ ਪੈਂਦੀ ਦੇਖੀ। ਉਸਨੇ ਇਹ ਜ਼ੁਲਮ ਵੇਖ ਕੇ ਇਸ ਬਾਰੇ ਲਾਟ ਸਾਹਿਬ ਨੂੰ ਕਿਹਾ। ਅਖ਼ਬਾਰਾਂ ਵਿਚ ਦੋ ਲੇਖ ਵੀ ਲਿਖੇ, "ਇਹ ਨਜ਼ਾਰਾ ਸੀ ਜਿਹੜਾ ਮੈਂ ਫਿਰ ਕਦੇ ਨਹੀਂ ਵੇਖਣਾ ਚਾਹਵਾਂਗਾ। ਕਾਲੀਆਂ ਪੱਗਾਂ ਵਾਲੇ ਚਾਰ ਅਕਾਲੀ ਸਿੱਖਾਂ ਨੂੰ ਇਕ ਦਰਜਨ ਪੁਲਿਸ ਅਤੇ ਅੰਗਰੇਜ਼ ਅਫ਼ਸਰ ਨੇ ਪਿੱਤਲਾਂ ਦੀ ਸੰਮ ਵਾਲੀ ਲਾਠੀ ਦੇ ਸਿਰੇ ਪੂਰੇ ਜ਼ੋਰ ਨਾਲ ਵਰਸਾਏ ਅਤੇ ਉਹ ਅਡੋਲ ਖੜੇ ਸਨ। ਬਾਕੀ ਦੇ ਸਿੱਖ ਵੀ ਬੜੀ ਛੇਤੀ ਹੀ ਡਾਂਗਾਂ ਮਾਰ-ਮਾਰ ਕੇ ਜ਼ਮੀਨ 'ਤੇ ਵਿਛਾ ਦਿੱਤੇ ਗਏ। ਇਸ ਤੋਂ ਅੱਗੋਂ ਵੀ ਬਹੁਤ ਤਸ਼ੱਦਦ ਹੋਇਆ ਮੈਂ ਇਹ ਸਾਰਾ ਹਾਲ ਇਕ ਅਫ਼ਸਰ ਨੂੰ ਅਗਲੇ ਦਿਨ ਦੱਸ ਦਿੱਤਾ।"[128] ਇਨ੍ਹਾਂ ਖ਼ਬਰਾਂ ਨਾਲ ਸਰਕਾਰ ਦੇ ਵਿਰੁੱਧ ਘ੍ਰਿਣਾ ਦਾ ਤੂਫ਼ਾਨ ਖੜ੍ਹਾ ਹੋ ਗਿਆ। ਆਪਣੀ ਬਦਨਾਮੀ ਦੇ ਡਰੋਂ, ਸਿੱਖ ਫ਼ੌਜੀਆਂ ਵਿਚ ਵਧ ਰਹੀ ਬੇਚੈਨੀ ਨੂੰ ਭਾਂਪਦਿਆਂ ਸਿੱਖਾਂ ਦੇ ਸਿਦਕ ਅੱਗੇ ਝੁਕ ਕੇ ਸਰਕਾਰ ਨੇ 13 ਸਤੰਬਰ ਨੂੰ ਇਹ ਤਸ਼ਦਦ ਬੰਦ ਕਰ ਦਿੱਤਾ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ।

ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦੀਆਂ ਦੀ ਗਿਣਤੀ ਛੇ ਹਜ਼ਾਰ ਦੇ ਲਗਭਗ ਹੋ ਗਈ ਸੀ। ਜੇਲ੍ਹਾਂ ਵਿਚ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਕੱਚੀਆਂ ਰੋਟੀਆਂ ਵਿਚ ਕਿਰਕ ਤੇ ਕੱਚੀਆਂ ਦਾਲਾਂ। ਬਾਣ ਬਟਾਉਣੇ, ਕੋਹਲੂ ਖੂਹ ਗੇੜਨ ਦੀ ਸਜ਼ਾ ਆਮ ਦਿੱਤੀ ਜਾਂਦੀ ਸੀ। ਚਰਖਾ ਕੱਤਣ ਦੀਆਂ ਮੁਸ਼ੱਕਤਾਂ, ਲੱਤਾਂ ਤੋਂ ਫੜ ਕੇ ਗੰਦੇ ਪਾਣੀ ਦੇ ਟੋਏ ਵਿਚ ਸੁੱਟਿਆ ਜਾਂਦਾ ਸੀ। ਜੋ ਲੋਕ ਅਜਿਹਾ ਨਾ ਕਰਦੇ, ਉਨ੍ਹਾਂ ਦੇ ਹੱਥਾਂ 'ਤੇ ਬੈਂਤ ਮਾਰੇ ਜਾਂਦੇ ਸਨ। ਸੂਬੇਦਾਰ ਮੇਜਰ ਅਮਰ ਸਿੰਘ ਜੀ ਇਕ ਸੌ ਪੈਨਸ਼ਨੀਏ ਦੇ ਜਥੇ ਨਾਲ ਗ੍ਰਿਫ਼ਤਾਰੀਆਂ ਦੇਣ ਲਈ ਪੁੱਜੇ। ਇਸ ਜਥੇ ਦੇ 26 ਫ਼ੌਜੀਆਂ ਨੂੰ ਦੋ-ਦੋ ਮਹੀਨੇ ਦੀ ਸਜ਼ਾ ਤੇ ਬਾਕੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਤੇ ਜੁਰਮਾਨਾ ਹੋਇਆ। ਅਕਾਲੀਆਂ ਲਈ ਜੇਲ੍ਹਾਂ ਵਿਚ ਥਾਂ ਨਹੀਂ ਬਚੀ ਸੀ। ਇਸ ਗੱਲ ਦਾ ਵੇਰਵਾ ਇੱਕ ਸਰਕਾਰੀ

---

[127] ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਪੰਨਾ-111

[128] Ruchi Ram Sahni, *Struggle For Reform Sikh Shrines*, Ganda Singh (Ed.), p. 176-183

ਰਿਪੋਰਟ ਵਿਚੋਂ ਵੀ ਮਿਲਦਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਕੇਵਲ 900 ਕੈਦੀ ਹੀ ਹੋਰ ਸਮਾ ਸਕਦੇ ਹਨ ਜਦੋਂਕਿ ਗ੍ਰਿਫ਼ਤਾਰ ਹੋਏ ਅਕਾਲੀਆਂ ਦੀ ਗਿਣਤੀ 8000 ਹਜ਼ਾਰ ਤੱਕ ਪੁੱਜ ਚੁੱਕੀ ਸੀ।[129] ਮਹਿੰਦਰ ਸਿੰਘ ਦੱਸਦੇ ਹਨ ਕਿ ਇਸ ਲਹਿਰ ਵਿਚ 1500 ਤੋਂ ਵੱਧ ਅਕਾਲੀ ਜ਼ਖਮੀ ਹੋਏ ਅਤੇ 5000 ਹਜ਼ਾਰ ਤੋਂ ਵੱਧ ਜੇਲ੍ਹੀਂ ਗਏ। ਇਸ ਮੋਰਚੇ ਵਿਚ ਅਕਾਲੀਆਂ ਦੀ ਜਿੱਤ ਮਗਰੋਂ ਸਰਕਾਰ ਨੇ ਰਹਿੰਦੀ ਖੂੰਹਦੀ ਸ਼ਾਖ਼ ਵੀ ਗੁਆ ਲਈ ਸੀ।[130] ਜਦੋਂ ਪੈਨਸ਼ਨੀਆਂ ਦਾ ਜਥਾ ਗ੍ਰਿਫ਼ਤਾਰੀਆਂ ਦੇਣ ਲੱਗਾ ਤਾਂ ਸਰਕਾਰ ਨੇ 16 ਨਵੰਬਰ 1922 ਨੂੰ ਸਰ ਗੰਗਾ ਰਾਮ ਨੂੰ ਇਹ ਜ਼ਮੀਨ ਗੁਰੂ ਕੇ ਬਾਗ ਦੇ ਮਹੰਤ ਪਾਸੋਂ ਇਕ ਸਾਲ ਦੇ 2000 ਰੁਪਏ ਠੇਕੇ 'ਤੇ ਲੈਣ ਲਈ ਅੰਦਰ ਖਾਤੇ ਯੋਜਨਾ ਬਣਾ ਲਈ। ਇਸ ਜ਼ਮੀਨ ਦਾ ਪਟਾ ਲਿਖਾ ਲਿਆ ਗਿਆ। ਸਰ ਗੰਗਾ ਰਾਮ ਨੇ 16 ਨਵੰਬਰ 1922 ਨੂੰ ਮੈਜਿਸਟ੍ਰੇਟ ਦੇ ਅਰਜ਼ੀ ਦੇ ਦਿੱਤੀ ਕਿ ਉਸ ਨੂੰ ਪੁਲਿਸ ਦੀ ਲੋੜ ਨਹੀਂ ਸੀ। ਅਕਾਲੀਆਂ ਨੂੰ ਲੱਕੜ ਕੱਟਣ ਦੀ ਆਗਿਆ ਦੇ ਦਿੱਤੀ ਗਈ।[131] ਇਸ ਤਰ੍ਹਾਂ ਨਾਲ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ। ਅਕਾਲੀਆਂ ਦੇ ਸਿਰੜ 'ਤੇ ਇਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ, "ਮੈਂ ਜੇਲ੍ਹ ਵਿਚ ਸਾਂ ਜਦ ਗੁਰੂ ਕੇ ਬਾਗ ਦਾ ਮੋਰਚਾ ਬਹਾਦਰੀ ਨਾਲ ਲੜਿਆ ਤੇ ਜਿੱਤਿਆ ਗਿਆ। ਮੈਂ ਅਕਾਲੀਆਂ ਦੀ ਕੁਰਬਾਨੀ ਉਤੇ ਹੱਕਾ ਬੱਕਾ ਰਹਿ ਗਿਆ ਸਾਂ।"[132]

ਬਾਬਾ ਖੜਕ ਸਿੰਘ ਦੇ ਜੁਲਾਈ 1921 ਵਿਚ ਨਵੀਂ ਚੁਣੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਅਤੇ ਗਰਮ-ਖਿਆਲੀਆਂ ਤੇ ਨਾ-ਮਿਲਵਰਤਨੀਆਂ 'ਤੇ ਆਧਾਰਿਤ ਨਵੀਂ ਕਾਰਜਕਾਰੀ ਕਮੇਟੀ ਬਣ ਜਾਣ ਨਾਲ ਪੰਜਾਬ ਵਿਚ ਨਾ-ਮਿਲਵਤਰਨ ਲਹਿਰ ਮਜ਼ਬੂਤ ਹੋ ਗਈ ਸੀ। ਗੁਰੂ ਕੇ ਬਾਗ ਮੋਰਚੇ ਰਾਹੀਂ ਰਾਸ਼ਟਰਵਾਦ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਕਰਨ ਵਿਚ ਅਕਾਲੀਆਂ ਦੀ ਦੇਣ ਬਾਰੇ ਅਕਾਲੀਆਂ ਦੇ ਹਮਦਰਦ ਅਖ਼ਬਾਰ 'ਅਕਾਲੀ ਤੇ ਪ੍ਰਦੇਸੀ' ਨੇ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਲਿਖਿਆ, "ਅਕਾਲੀਆਂ ਨੇ ਹਿੰਦੁਸਤਾਨੀਆਂ ਨੂੰ ਦਿਖਾ ਦਿੱਤਾ ਹੈ ਕਿ ਕਿਵੇਂ ਸ਼ਾਂਤਮਈ ਸਤਿਆਗ੍ਰਹਿ ਦੁਆਰਾ ਅਤਿਅੰਤ ਘੁਮੰਡੀ, ਦਮਨਕਾਰੀ, ਚਲਾਕ ਤੇ ਮੱਕਾਰ ਨੌਕਰਸ਼ਾਹੀ ਦੇ ਗੋਡੇ ਲਵਾਏ ਜਾ ਸਕਦੇ ਹਨ। ਗੁਰੂ ਕਾ ਬਾਗ ਵਿਖੇ ਕੁਰਬਾਨੀਆਂ ਦੇ ਕੇ ਉਹਨਾਂ ਨੇ ਨੌਕਰਸ਼ਾਹੀ ਦੇ ਵੱਕਾਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ ਅਤੇ ਹਿੰਦੁਸਤਾਨ ਦੀ ਸ਼ਾਨ ਵਧਾਈ ਹੈ।"[133]

---

[129] Sahni, *Struggle For Reform Sikh Shrines*, Ganda Singh (Ed.), p. 176-183

[130] ਮਹਿੰਦਰ ਸਿੰਘ (ਡਾ.) *ਅਕਾਲੀ ਲਹਿਰ,* ਪੰਨਾ 82

[131] Teja Singh, *Gurdwara Reform Movement and Sikh Awakening*, p.291

[132] *ਜਵਾਹਰ ਲਾਲ ਨਹਿਰੂ ਅਤੇ ਪੰਜਾਬ,* ਪੰਨਾ-15

[133] ਅਕਾਲੀ ਤੇ ਪ੍ਰਦੇਸੀ, (25 ਦਸੰਬਰ 1921), ਪੰਨਾ-5, ਕਾਲਮ 2

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖਾਂ ਨੇ ਆਪਣੇ ਅਨੁਸ਼ਾਸਨ ਅਤੇ ਸਵੈ-ਕਾਬੂ ਨਾਲ ਸਾਬਤ ਕਰ ਦਿੱਤਾ ਸੀ ਕਿ ਜਿੰਨੇ ਬਹਾਦਰ ਅਤੇ ਅਨੁਸ਼ਾਸਿਤ ਉਹ ਜੰਗ ਦੇ ਮੈਦਾਨ ਵਿਚ ਹੋ ਸਕਦੇ ਹਨ, ਉੱਨੇ ਹੀ ਸ਼ਾਂਤ, ਅਡੋਲ ਅਤੇ ਅਹਿੰਸਕ ਰਾਜਨੀਤਿਕ ਘੋਲ ਸਮੇਂ ਵੀ ਰਹਿ ਸਕਦੇ ਹਨ। ਗੁਰਦੁਆਰਿਆਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਣ ਨਾਲ ਹਰ ਸਾਲ ਦੱਸ ਲੱਖ ਰੁਪਏ ਦੀ ਆਮਦਨ ਹੋਣ ਲੱਗ ਪਈ। ਇਸ ਨਾਲ ਗ੍ਰੰਥੀਆਂ ਅਤੇ ਸੇਵਾਦਾਰਾਂ ਦੀਆਂ ਤਨਖ਼ਾਹਾਂ ਵੀ ਦਿੱਤੀਆਂ ਜਾਂਦੀਆਂ ਅਤੇ ਕਮੇਟੀ ਦਾ ਆਪਣਾ ਪ੍ਰਬੰਧ ਵੀ ਚੱਲਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ "ਸਰਕਾਰ ਦੇ ਵਿਚ ਇਕ ਹੋਰ ਸਰਕਾਰ ਬਣ ਗਈ। ਇਸ 'ਤੇ ਕਬਜ਼ਾ ਸਿੱਖ ਰਾਜਨੀਤੀ ਦਾ ਕੇਂਦਰ-ਬਿੰਦੂ ਬਣ ਗਿਆ।"[134]

**ਸਾਕਾ ਪੰਜਾ ਸਾਹਿਬ**

ਗੁਰੂ ਕੇ ਬਾਗ ਦੇ ਮੋਰਚੇ ਵੇਲੇ ਕੈਦੀਆਂ ਨੂੰ ਰੇਲ ਗੱਡੀਆਂ ਰਾਹੀਂ ਅੰਮ੍ਰਿਤਸਰ ਤੋਂ ਕੈਮਲਪੁਰ ਲਿਜਾਇਆ ਜਾਂਦਾ ਸੀ। ਹਰ ਪਾਸੇ ਕੈਦੀਆਂ ਦਾ ਸਵਾਗਤ ਹੁੰਦਾ। ਭਾਈ ਪਰਤਾਪ ਸਿੰਘ ਨੇ ਸੰਗਤ ਨੂੰ ਗੱਡੀ ਵਿਚਲੇ ਕੈਦੀਆਂ ਦੀ ਲੰਗਰ ਨਾਲ ਸੇਵਾ ਕਰਨ ਲਈ ਪ੍ਰੇਰਿਆ। 300 ਦੇ ਕਰੀਬ ਸੰਗਤਾਂ ਨੇ ਕੈਦੀਆਂ ਲਈ ਲੰਗਰ ਦੀ ਸੇਵਾ ਦਾ ਪ੍ਰਬੰਧ ਕੀਤਾ। ਸਰਕਾਰ ਨੇ ਧੋਖੇ ਨਾਲ ਇਸ ਥਾਂ 'ਤੇ ਗੱਡੀ ਨਾ ਰੋਕਣ ਦਾ ਫ਼ੈਸਲਾ ਕੀਤਾ ਪਰ ਸੰਗਤ, ਲੰਗਰ ਛਕਾਉਣ ਲਈ ਦ੍ਰਿੜ੍ਹ ਸੀ। ਜਥੇਦਾਰ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਦੀ ਅਗਵਾਈ ਵਿਚ ਸੰਗਤ ਰੇਲਵੇ ਲਾਈਨ 'ਤੇ ਬੈਠ ਗਈ ਅਤੇ ਫ਼ੈਸਲਾ ਕੀਤਾ ਕਿ ਗੱਡੀ ਹਰ ਕੁਰਬਾਨੀ ਦੇ ਕੇ ਰੋਕੀ ਜਾਵੇ।[135] ਡਰਾਈਵਰ ਨੇ ਸੰਗਤਾਂ ਨੂੰ ਉਠਾਉਣ ਲਈ ਬਹੁਤ ਹਾਰਨ ਵਜਾਏ ਪਰ ਸੰਗਤ ਨਾ ਉੱਠੀ ਤੇ ਡਰਾਈਵਰ ਨੇ ਤੇਜ਼ ਰਫ਼ਤਾਰ ਗੱਡੀ ਸੰਗਤਾਂ ਦੇ ਉਪਰੋਂ ਲੰਘਾ ਦਿੱਤੀ। ਭਾਈ ਪਰਤਾਪ ਸਿੰਘ ਤੇ ਕਰਮ ਸਿੰਘ ਇੰਜਣ ਦੇ ਪਹੀਆਂ ਹੇਠ ਆ ਕੇ ਕੁਚਲੇ ਗਏ।[136] ਕਈਆਂ ਦੀਆਂ ਲੱਤਾਂ ਬਾਂਹਾਂ ਕੱਟੀਆਂ ਗਈਆਂ। ਕਈਆਂ ਨੂੰ ਇੰਜਣ ਦੇ ਛੱਜੇ ਨੇ ਦੂਰ ਸੁੱਟ ਦਿੱਤਾ। ਡਰਾਈਵਰ ਨੂੰ ਗੱਡੀ ਰੋਕਣੀ ਪਈ। ਬੁਰੀ ਤਰ੍ਹਾਂ ਜ਼ਖਮੀ ਸੰਗਤਾਂ ਨੇ ਕੈਦੀਆਂ ਨੂੰ ਲੰਗਰ ਛਕਾਇਆ, ਇਹ ਕੌਤਕ ਦੇਖ ਕੇ ਕੈਦੀਆਂ ਦੀਆਂ ਅੱਖਾਂ ਵਿਚੋਂ ਹੰਝੂ ਆ ਗਏ। ਜਿਸ ਤਰ੍ਹਾਂ ਅਕਾਲੀ ਆਗੂਆਂ ਨੇ ਗੁਰਦਵਾਰਿਆਂ ਦੇ ਸੁਧਾਰ ਦੇ ਨਾਲ-ਨਾਲ ਰਾਸ਼ਟਰੀ ਸੁਤੰਤਰਤਾ ਲਈ ਅੰਗਰੇਜ਼ ਸਰਕਾਰ ਦੇ ਜ਼ੁਲਮ ਸਹੇ ਉਸਨੇ ਸਾਰੇ ਦੇਸ਼ ਵਾਸੀਆਂ ਨੂੰ ਸੁਤੰਤਰਤਾ ਸੰਗਰਾਮ ਲਈ ਝੰਜੋੜ ਕੇ ਰੱਖ ਦਿੱਤਾ ਸੀ। ਜੇ. ਐਸ. ਗਰੇਵਾਲ ਅਨੁਸਾਰ:

---

[134] ਖੁਸ਼ਵੰਤ ਸਿੰਘ (ਡਾ.), *ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ (ਅਨੁ.), ਪੰਨਾ-215

[135] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-231

[136] ਖੁਸ਼ਵੰਤ ਸਿੰਘ (ਡਾ.), *ਸਿੱਖ ਹਿਸਟਰੀ,* ਪਿਆਰਾ ਸਿੰਘ ਪਿਆਰਾ(ਅਨੁ.),ਪੰਨਾ-345

ਅਕਾਲੀ ਦਲ ਦੀ ਅਗਵਾਈ ਤੇ ਰਹਿਨੁਮਾਈ ਹੇਠ ਅਕਾਲੀਆਂ ਨੇ ਬ੍ਰਿਟਿਸ਼ ਸਰਕਾਰ ਖਿਲਾਫ਼ ਪੰਜਾਬ ਦੀ ਸਭ ਤੋਂ ਵੱਡੀ ਲੋਕ ਲਹਿਰ ਸ਼ੁਰੂ ਕੀਤੀ। ਤਿੰਨਾਂ ਸਾਲਾਂ ਦੇ ਅੰਦਰ ਉਨ੍ਹਾਂ ਸਾਬਤ ਕਰ ਦਿੱਤਾ ਕਿ ਸ਼ਾਂਤਮਈ ਅੰਦੋਲਨ ਦੁਆਰਾ ਕਿਵੇਂ ਹਿੰਦੁਸਤਾਨ ਦੇ ਬ੍ਰਿਟਿਸ਼ ਹਾਕਮਾਂ ਉਤੇ ਇਖ਼ਲਾਕੀ ਜਿੱਤ ਹਾਸਲ ਕੀਤੀ ਜਾ ਸਕਦੀ ਸੀ। ਉਨ੍ਹਾਂ ਨੇ ਆਜ਼ਾਦੀ ਦਾ ਰਾਹ ਇਕ ਐਸੇ ਢੰਗ ਨਾਲ ਵਿਖਾਇਆ ਜਿਸਦਾ ਬਾਕੀ ਦੇਸ਼ ਵਾਸੀਆਂ ਉਤੇ ਡੂੰਘਾ ਪ੍ਰਭਾਵ ਪਿਆ ਅਤੇ ਉਨ੍ਹਾਂ ਨੂੰ ਸਵੈਰਾਜ ਲਈ ਕੁਰਬਾਨੀ ਦੇਣ ਲਈ ਪ੍ਰੇਰਿਆ। ਅਕਾਲੀਆਂ ਨੂੰ ਸਿਰਫ਼ ਇਕ ਅਰਧ ਸੈਨਿਕ ਦਲ ਸਮਝਣਾ ਅਤੇ ਇਹ ਮੰਨਣਾ ਕਿ ਉਨ੍ਹਾਂ ਨੂੰ ਗੁਰਦਵਾਰਿਆਂ ਨੂੰ ਕਾਬੂ ਕਰਨ ਲਈ ਉਚੇਰੀ ਸਿਖਲਾਈ ਦਿੱਤੀ ਗਈ ਸੀ ਤੇ ਜਿੱਦੀ ਮਹੰਤਾਂ ਨੂੰ ਕੱਢਣ ਦੀ ਵੀ। ਇਹ ਅਕਾਲੀ ਲਹਿਰ ਨੂੰ ਅਫ਼ਸੋਸਨਾਕ ਤੰਗ ਨਜ਼ਰੀ ਨਾਲ ਵੇਖਣ ਵਾਲੀ ਗੱਲ ਹੋਵੇਗੀ।[137]

ਇਤਿਹਾਸਕਾਰਾਂ ਦੀਆਂ ਇਹ ਧਾਰਨਾਵਾਂ ਇਸ ਗੱਲ ਦੀਆਂ ਗਵਾਹ ਹਨ ਕਿ ਅਕਾਲੀ ਲਹਿਰ ਸਿਰਫ਼ ਗੁਰਦੁਆਰਾ ਸੁਧਾਰ ਲਹਿਰ ਨਹੀਂ ਸਗੋਂ ਰਾਸ਼ਟਰੀ ਸੁਤੰਤਰਤਾ ਦੀ ਲੜਾਈ ਵੀ ਸੀ। ਗੁਰੂ ਕਾ ਬਾਗ ਦਾ ਮੋਰਚਾ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਪਿੱਛੋਂ ਵਿਦੇਸ਼ੀ ਸਾਮਰਾਜ ਸਰਕਾਰ ਵਿਰੁੱਧ ਇਹ ਪਹਿਲਾ ਜਨਤਕ ਆਧਾਰ ਵਾਲਾ ਅਹਿੰਸਕ ਅੰਦੋਲਨ ਸੀ ਜਿਸ ਵਿਚ ਸਾਢੇ ਪੰਜ ਹਜ਼ਾਰ ਤੋਂ ਵੱਧ ਅਕਾਲੀਆਂ ਨੇ ਗ੍ਰਿਫ਼ਤਾਰੀ ਦਿੱਤੀ। ਇਸ ਅੰਦੋਲਨ ਦੌਰਾਨ ਸ਼ਾਂਤਮਈ ਲੋਕਾਂ ਉੱਪਰ ਘੋੜਸਵਾਰ ਸੈਨਿਕਾਂ ਵੱਲੋਂ ਜ਼ੁਲਮ ਦੀ ਮਿਸਾਲ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਹੋਰ ਕਿਧਰੇ ਨਹੀਂ ਮਿਲਦੀ। ਗੁਰਦੇਵ ਸਿੰਘ ਦਿਉਲ ਲਿਖਦੇ ਹਨ ਕਿ ਘੋਰ ਵਹਿਸ਼ੀ ਤਸ਼ੱਦਦ ਦੇ ਸਨਮੁਖ ਉਚ ਇਖਲਾਕੀ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰਦਿਆਂ ਅਕਾਲੀ ਵਲੰਟੀਅਰ ਗੁਰੂ ਕਾ ਬਾਗ ਮੋਰਚੇ ਦੀ ਅਗਨ-ਪ੍ਰੀਖਿਆ ਵਿਚੋਂ ਸਫ਼ਲ ਹੋਏ ਜਿਸ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਉਰਦੂ ਸ਼ਾਇਰ ਅਤੇ ਵੰਦੇ ਮਾਤ੍ਰਮ ਲਾਹੌਰ ਦੇ ਸੰਪਾਦਕ ਲਾਲਾ ਮੇਲਾ ਰਾਮ ਨੇ ਅਕਾਲੀ ਸੱਤਿਆਗ੍ਰਹੀਆਂ ਦੀ ਕੁਰਬਾਨੀ ਦੀ ਸ਼ਲਾਘਾ ਕਰਦਿਆਂ ਇਹ ਨਜ਼ਮ ਲਿਖੀ:

"ਤਿਰੀ ਕੁਰਬਾਨੀ ਕੀ ਧੂਮ ਹੈ ਆਜ ਇਕ ਜ਼ਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਤੂ ਅਕਾਲੀ ਹੈ।
ਤੇਰਾ ਜਿਸਮੇ ਮੁੱਦਸ ਪੈਕਰ ਈਸਾਰ ਬੇਪਾਇਆ,
ਤੇਰਾ ਕਲਬ ਹੈ ਮੁਨੱਵਰ ਫਖਰ ਕੇ ਜ਼ਜ਼ਬਾਤ ਆਲੀ ਹੈ।
ਬੜੀ ਤਾਰੀਫ ਕੇ ਕਾਬਲ ਤੇਰੀ ਹਿੰਮਤ ਓ ਜੁਰੱਅਤ,
ਜਦੋਜਹਿਦ ਆਜ਼ਾਦੀ ਮੇਂ ਤੂ ਨੇ ਜਾਨ ਡਾਲੀ ਹੈ।
ਕੀਆਂ ਜਿੰਦਾ ਤੂ ਨੇ ਰਵਾਇਆ ਤੇ ਗੁਜਸ਼ਤਾ ਕੋ,
ਸਿਤਮਗਰੋਂ ਸੇ ਤੂ ਨੇ ਕੌਮ ਕੀ ਇੱਜ਼ਤ ਬਚਾ ਲੀ ਹੈ।
ਜ਼ਾਲਮੋਂ ਕੀ ਲਾਠੀਆਂ ਤੂ ਨੇ ਸਹੀ ਸੀਨਾਏ ਪਰ ਹੋਕਰ,
ਲੁਘਫ ਇਸ ਪੈ ਕਿ ਲਬ ਪਹਿ ਸ਼ਕਾਇਤ ਹੈ ਨਾ ਗਾਲੀ ਹੈ।"[138]

---

[137] *ਅਕਾਲੀਆਂ ਦੇ 75 ਸਾਲ,* ਪੰਨਾ-29

[138] ਗੁਰਦੇਵ ਸਿੰਘ ਸਿੱਧੂ, (ਸੰਪਾਦਕ), *ਰੋਜ਼ਨਾਮਚਾ ਮੋਰਚਾ ਗੁਰੂ ਕਾ ਬਾਗ,* ਪੰਨਾ-144.

ਸੋਹਨ ਸਿੰਘ ਜੋਸ਼ ਗੁਰਦੁਆਰਿਆਂ ਦੀ ਆਜ਼ਾਦੀ ਦੇ ਮਸਲੇ 'ਤੇ ਸਿੱਖਾਂ ਦੇ ਅੰਗਰੇਜ਼ਾਂ ਨਾਲ ਵਿਰੋਧ ਦਾ ਕਾਰਨ ਦੱਸਦੇ ਹਨ, "ਅਸਲ ਗੱਲ ਇਹ ਹੈ ਕਿ ਨੌਕਰਸ਼ਾਹੀ ਨੇ ਗੁਰਦੁਆਰੇ ਆਪਣੇ ਰਾਜਸੀ ਮਤਲਬਾਂ ਵਾਸਤੇ ਵਰਤੇ ਹਨ ਤੇ ਆਪਣੀ ਨੀਅਤ ਅਨੁਸਾਰ ਉਨ੍ਹਾਂ ਨੂੰ ਸ਼ੱਕ ਹੈ ਕਿ ਸਿੱਖ ਵੀ ਇਹਨਾਂ ਨੂੰ ਰਾਜਸੀ ਮਤਲਬ ਲਈ ਵਰਤਣਗੇ। ਇਸ ਲਈ ਨੌਕਰਸ਼ਾਹੀ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਹਟਾਉਣਾ ਓਨਾ ਹੀ ਔਖਾ ਹੋਇਆ ਜਿੰਨਾ ਹਿੰਦੁਸਤਾਨ ਉੱਤੇ ਰਾਜ ਹਟਾਉਣਾ।"[139]

## ਅਕਾਲੀ ਲਹਿਰ ਬਨਾਮ ਰਾਸ਼ਟਰੀ ਸੁਤੰਤਰਤਾ ਅੰਦੋਲਨ

ਅਕਾਲੀ ਆਗੂਆਂ ਨੇ ਦੇਸ਼ ਵਿਚ ਰਾਸ਼ਟਰਵਾਦ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਣ ਨੂੰ ਪਹਿਲ ਦਿੱਤੀ ਅਤੇ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਸਿੱਖ ਭਾਈਚਾਰੇ ਵੱਲੋਂ ਅੱਗੇ ਵਧ ਕੇ ਯੋਗਦਾਨ ਪਾਇਆ ਗਿਆ। ਇਹਨਾਂ ਆਗੂਆਂ ਨੇ ਗੁਰਦੁਆਰਾ ਸੁਧਾਰ ਮੂਲ ਪ੍ਰੋਗਰਾਮ ਦਾ ਰੁਖ ਬਦਲਦਿਆਂ ਇਸਨੂੰ ਨਾ-ਮਿਲਵਰਤਣ ਲਹਿਰ ਅਤੇ ਦੇਸ਼ ਦੀ ਆਜ਼ਾਦੀ ਸੰਗਰਾਮ ਦੇ ਵਡੇਰੇ ਪ੍ਰੋਗਰਾਮ ਨਾਲ ਜੋੜਿਆ। ਅਕਾਲੀਆਂ ਨੂੰ ਪੰਜਾਬ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਸੁਤੰਤਰਤਾ ਸੰਗਰਾਮ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਦੇਸ਼ ਦੀਆਂ ਦੂਜੀਆਂ ਰਾਸ਼ਟਰਵਾਦੀ ਸ਼ਕਤੀਆਂ ਦੀ ਸਰਗਰਮ ਹਮਦਰਦੀ ਤੇ ਹਿਮਾਇਤ ਪ੍ਰਾਪਤ ਹੋਈ। ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ 1939 ਤੱਕ ਸਿੱਖਾਂ ਦੇ ਦੋਵੇਂ ਧੜੇ ਗੁਰਦੁਆਰਾ ਸੁਧਾਰ ਲਹਿਰ ਨੂੰ ਸੁਤੰਤਰਤਾ ਦੇ ਵਡੇਰੇ ਪ੍ਰੋਗਰਾਮ ਵਿਚ ਸ਼ਾਮਲ ਕਰਨ ਲਈ ਹਮੇਸ਼ਾ ਡਟੇ ਰਹੇ। ਨਾ-ਮਿਲਵਰਤਣ ਲਹਿਰ ਰਾਹੀਂ ਸਿੱਖ ਆਗੂ ਸਿੱਧੇ ਤੌਰ 'ਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋ ਚੁੱਕੇ ਸਨ। ਇਸ ਨਾਲ ਕਾਂਗਰਸ ਵੀ ਸਿੱਖ ਜਨ-ਸਮੂਹ ਨੂੰ ਨਾਲ ਲੈ ਕੇ ਪੰਜਾਬ ਦੀ ਧਰਤੀ ਉਤੇ ਵਡੇਰੇ ਹਲਕਿਆਂ ਨੂੰ ਪ੍ਰਭਾਵਿਤ ਕਰਨ ਵਿਚ ਕਾਮਯਾਬ ਹੋ ਗਈ। ਇਹ ਗੱਲ ਕਾਂਗਰਸ ਦੇ ਮਨ ਵਿਚ ਵੀ ਬੈਠ ਚੁੱਕੀ ਸੀ ਕਿ ਜੇਕਰ ਅਕਾਲੀ ਸ਼ਾਂਤਮਈ ਵਿਰੋਧ ਰਾਹੀਂ ਸੰਘਰਸ਼ ਕਰਦੇ ਹਨ ਤਾਂ ਇਸ ਨਾਲ ਦੇਸ਼ ਵਿਚ ਰਾਸ਼ਟਰਵਾਦ ਦੀਆਂ ਸ਼ਕਤੀਆਂ ਨੂੰ ਵੱਡਾ ਉਤਸ਼ਾਹ ਮਿਲੇਗਾ। ਅਕਾਲੀ ਤੇ ਕਾਂਗਰਸ ਦੇ ਇਸ ਗਠਜੋੜ ਨੇ ਅੰਗਰੇਜ਼ ਹਕੂਮਤ ਲਈ ਚਿੰਤਾ ਪੈਦਾ ਕਰ ਦਿੱਤੀ ਸੀ।

ਕਾਂਗਰਸ ਦੇ ਆਗੂਆਂ ਨੇ ਅਕਾਲੀਆਂ ਨੂੰ ਸਰਕਾਰ ਦੇ ਖ਼ਿਲਾਫ਼ ਅਹਿੰਸਕ ਸੰਘਰਸ਼ 'ਚ ਇਖਲਾਕੀ ਸਮਰਥਨ ਦੇਣ ਲਈ ਰਸਮੀ ਮਤੇ ਪਾਸ ਕੀਤੇ। ਕਾਂਗਰਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਉੱਤੇ ਸਰਕਾਰੀ ਹਮਲਿਆਂ ਨੂੰ ਸਾਰੇ ਹਿੰਦੁਸਤਾਨੀਆਂ ਦੇ ਸੁਤੰਤਰ ਸੰਗਠਨ ਬਣਾਉਣ ਦੇ

---

[139] *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ 114

ਅਧਿਕਾਰ ਅਤੇ ਆਜ਼ਾਦੀ ਲਹਿਰਾਂ ਉੱਤੇ ਸੱਟ ਆਖਿਆ। ਗੁਰਦੁਆਰਿਆਂ ਦੀ ਆਜ਼ਾਦੀ ਦਾ ਅਕਾਲੀ ਸੰਗਰਾਮ ਮਹਾਨ ਅਤੇ ਵਿਸ਼ਾਲ ਸੰਗਰਾਮ ਸੀ। ਇਹ ਕਾਂਗਰਸ ਦੇ ਆਜ਼ਾਦੀ ਸੰਗਰਾਮ ਨੂੰ ਵੀ ਮਾਤ ਪਾ ਗਿਆ। ਸਖਤੀ, ਮਾਰ ਕੁਟਾਈ, ਜੇਲ-ਤਸ਼ੱਦਦ, ਮੌਤ-ਗਿਣਤੀ ਵਗੈਰਾ ਨੂੰ ਵੇਖਿਆ ਜਾਵੇ ਤਾਂ ਕਾਂਗਰਸ ਛੋਟੇ ਜਿਹੇ ਇਲਾਕਿਆਂ ਦਾ ਮੁਕਾਬਲਾ ਨਹੀਂ ਕਰ ਸਕਦੀ।[140] ਅਕਾਲੀ ਲਹਿਰ ਨੇ ਗੁਰਦੁਆਰਿਆਂ ਅਤੇ ਦੇਸ਼ ਦੀ ਸੁਤੰਤਰਤਾ ਨੂੰ ਉਭਾਰਿਆ ਅਤੇ ਇਸਦੇ ਮਹੱਤਵਪੂਰਨ ਨਤੀਜੇ ਸਾਹਮਣੇ ਆਏ। ਸੋਹਣ ਸਿੰਘ ਜੋਸ਼ ਅਨੁਸਾਰ:

> (ੳ) ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ, ਗੁਰਦੁਆਰਾ ਤਹਿਰੀਕ ਅੰਗਰੇਜ਼ ਰਾਜ ਦੇ ਖਿਲਾਫ਼ ਹਿੰਦੁਸਤਾਨ ਭਰ ਵਿਚ ਸਭ ਤੋਂ ਵੱਡੀ ਤਹਿਰੀਕ ਸੀ। ਸ਼ਾਂਤਮਈ ਸਤਿਆਗ੍ਰਹਿ ਦੁਆਰਾ ਇਸਨੇ ਉਹ ਸਭ ਤੋਂ ਵੱਡੀ ਫ਼ਤਹਿ ਹਾਸਲ ਕੀਤੀ--- ਪੰਜਾਬ ਰਾਜ ਦੇ ਅੰਦਰ ਇਕ ਛੋਟਾ (ਧਾਰਮਿਕ) ਸੁਤੰਤਰ ਰਾਜ ਪ੍ਰਾਪਤ ਕਰ ਲਿਆ-- ਇਹ ਫਤਹਿ ਸਿੱਖਾਂ ਨੇ ਸਰਕਾਰ ਦੇ ਕਾਨੂੰਨ ਤੋੜ ਕੇ ਸ਼ਾਂਤਮਈ ਟਾਕਰਾ ਕਰਕੇ ਅਤੇ ਨਵਾਂ ਕਾਨੂੰਨ ਬਣਾ ਕੇ ਪ੍ਰਾਪਤ ਕੀਤੀ ਸੀ।
>
> (ਅ) ਗੁਰਦੁਆਰਾ ਤਹਿਰੀਕ ਨੂੰ ਹਿੰਦੂ ਮੁਸਲਮਾਨ ਅਤੇ ਵੱਖ-ਵੱਖ ਫਿਰਕਿਆਂ ਨੇ ਸਰਕਾਰ ਦੀ ਫੁੱਟ ਪਾਊ ਨੀਤੀ ਨੂੰ ਲਾਂਭੇ ਕਰਦਿਆਂ ਹਿਮਾਇਤ ਦਿੱਤੀ ਕਿਉਂਕਿ ਇਸਨੇ ਅੰਗਰੇਜ਼ ਰਾਜ ਦੀ ਪਕੜ ਉੱਤੇ ਸੱਟਾਂ ਮਾਰ ਕੇ ਲੋਕਾਂ ਵਿਚ ਇਸਦਾ ਵੱਕਾਰ ਅਤੇ ਸਤਿਕਾਰ ਗੁਆ ਕੇ ਕੌਮੀ ਆਜ਼ਾਦੀ ਦੀ ਤਹਿਰੀਕ ਨੂੰ ਨਵੀਆਂ ਲੀਹਾਂ ਉਲੀਕ ਕੇ ਮਜ਼ਬੂਤ ਕੀਤਾ।
>
> (ੲ) ਇਸ ਤਹਿਰੀਕ ਨੇ ਰੁਕਾਵਟਾਂ ਦੇ ਬਾਵਜੂਦ ਮਹਾਤਮਾ ਗਾਂਧੀ ਦੇ ਸ਼ਾਂਤਮਈ ਸੱਤਿਅਗ੍ਰਹਿ ਨੂੰ ਅਮਲੀ ਜਾਮਾ ਪਹਿਨਾਇਆ।
>
> (ਸ) ਇਸ ਸਮੇਂ ਅਕਾਲੀ ਆਗੂਆਂ ਨੇ ਜ਼ੁਲਮ ਸਹਿ ਕੇ ਇਹ ਸਿੱਖਿਆ ਪ੍ਰਾਪਤ ਕਰ ਲਈ ਸੀ ਕਿ ਵਿਦੇਸ਼ੀ ਹਕੂਮਤ ਦੇ ਅਧੀਨ ਰਹਿਣਾ ਭੈੜੇ ਤੋਂ ਵੀ ਭੈੜਾ ਪਾਪ ਹੈ।
>
> (ਹ) ਇਸ ਲਹਿਰ ਨੇ ਕੌਮਾਂਤਰੀ ਹੈਸੀਅਤ ਅਖ਼ਤਿਆਰ ਕੀਤੀ ਤੇ ਸਾਰੇ ਦੇਸ਼ਾਂ ਵਿਚ ਭਾਰਤ ਦੀ ਸੁਤੰਤਰਤਾ ਦੀ ਮੰਗ ਉਠੀ।[141]

ਗੁਰਦੁਆਰਾ ਸੁਧਾਰ ਲਹਿਰ ਸਿੱਖ ਰਾਜਨੀਤਿਕ ਵਿਚਾਰਧਾਰਾ ਦਾ ਵਿਹਾਰਕ ਰੂਪ ਸੀ। ਗੁਰਦੁਆਰੇ ਸਿੱਖਾਂ ਦਾ ਧਾਰਮਿਕ ਅਕੀਦਾ ਅਤੇ ਚੜ੍ਹਦੀਕਲਾ ਦਾ ਕੇਂਦਰ ਹਨ। ਗੁਰਦੁਆਰਿਆਂ ਦੀ ਸੁਤੰਤਰਤਾ ਦੀ ਗੱਲ ਦੇਸ਼ ਦੀ ਸੁਤੰਤਰਤਾ ਨਾਲ ਜੁੜਨਾ 'ਧਰਮ ਬਿਨਾ ਨਾ ਰਾਜ ਚਲੈ ਹੈਂ 'ਰਾਜ ਬਿਨਾ ਸਭ ਦਲੇ ਮਲੈ ਹੈਂ' ਦਾ ਸਿੱਖ ਸਿਧਾਂਤ ਹੈ। ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਰਾਜ ਨੂੰ ਧਰਮ ਦੇ ਅਧੀਨ ਦਰਸਾਇਆ ਹੈ ਅਤੇ ਧਰਮ ਦੀ ਰੱਖਿਆ ਅਤੇ ਸੁਤੰਤਰਤਾ ਲਈ ਰਾਜਸੀ ਸ਼ਕਤੀ ਦੀ ਪ੍ਰਾਪਤੀ ਨੂੰ ਜ਼ਰੂਰੀ ਆਖਿਆ ਹੈ। ਅਜਿਹਾ ਕਰਕੇ ਸਿੱਖ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਸਿਧਾਂਤ ਨੂੰ ਵਿਹਾਰਕ ਰੂਪ ਦੇ ਰਹੇ ਸਨ, "ਗੁਰਦੁਆਰਾ ਤਹਿਰੀਕ ਵਿਚ ਉਠੇ ਮਸਲੇ ਏਕਾ ਏਕੀ ਹੀ ਨਹੀਂ ਸਨ ਉਠ ਖਲੋਤੇ। ਸੁੱਕੇ ਅੰਬਰੋਂ ਬਿੱਜ ਕਦੀ ਨਹੀਂ ਡਿੱਗਦੀ, ਇਸਦੇ

---

[140] *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-41

[141] ਉਹੀ, ਪੰਨਾ-472-473

ਪਿੱਛੇ ਸੰਘਣੀ ਬਦਲਵਾਈ ਹੋਣੀ ਚਾਹੀਦੀ ਹੈ। ਇਹਨਾਂ ਮਸਲਿਆਂ ਦੇ ਪਿੱਛੇ ਲੰਮਾ ਚੌੜਾ ਇਤਿਹਾਸ ਹੈ। ਇਸ ਤਹਿਰੀਕ ਨੇ ਨਾ ਸਿਰਫ ਕੁਰਬਾਨੀਆਂ ਤੇ ਬੇਗ਼ਰਜ਼ੀ ਦੇ ਪਿਛਲੇ ਸਿੱਖ ਇਤਿਹਾਸ ਨੂੰ ਦੁਹਰਾਇਆ ਤੇ ਹੋਰ ਚਮਕਾਇਆ ਸਗੋਂ ਦੇਸ਼ ਭਗਤਾਂ ਦੀਆਂ ਨਜ਼ਰਾਂ ਵਿਚ ਸਿੱਖਾਂ ਦੀ ਸ਼ਾਖ਼ ਨੂੰ ਵੀ ਮਜ਼ਬੂਤ ਕੀਤਾ। ਇਹ ਤਹਿਰੀਕ ਸ਼ੁਰੂ ਤੋਂ ਹੀ ਅੰਗਰੇਜ਼ ਸਾਮਰਾਜ ਦੀ ਦੁਸ਼ਮਣ ਸੀ।"[142]

## ਜੈਤੋ ਦਾ ਮੋਰਚਾ ਅਤੇ ਅੰਗਰੇਜ਼ ਸਰਕਾਰ

ਮਹਾਰਾਜਾ ਰਿਪੁਦਮਨ ਸਿੰਘ ਨਾਭਾ ਸੁਤੰਤਰ ਵਿਚਾਰਾਂ ਦਾ ਮਾਲਕ ਸੀ ਅਤੇ ਸਰਕਾਰ ਦੇ ਇਸ਼ਾਰਿਆਂ ਅਨੁਸਾਰ ਨਹੀਂ ਚਲਦਾ ਸੀ। ਉਸਨੇ 1912 ਵਿਚ ਗੱਦੀ 'ਤੇ ਬੈਠਦਿਆਂ ਕਈ ਸ਼ਲਾਘਾਯੋਗ ਕੰਮ ਕੀਤੇ। ਇਸਦੀ ਰਿਆਸਤ ਵਿਚ ਸਿੱਖਾਂ ਨੂੰ ਕਾਲੀ ਪੱਗ ਬੰਨ੍ਹਣ ਦੀ ਅਤੇ ਕਿਰਪਾਨ ਧਾਰਨ ਕਰਨ ਦੀ ਸੁਤੰਤਰਤਾ ਸੀ। ਅਕਾਲੀ ਲਹਿਰ ਦਾ ਹਾਮੀ ਹੋਣ ਦੇ ਨਾਲ-ਨਾਲ ਉਹ ਧਨ ਨਾਲ ਇਸ ਅੰਦੋਲਨ ਦੀ ਮਦਦ ਕਰਦਾ ਰਹਿੰਦਾ ਸੀ। ਸਰਕਾਰ ਨੇ ਨਾਭਾ ਅਤੇ ਪਟਿਆਲਾ ਰਿਆਸਤ ਵਿਚਾਲੇ ਝਗੜੇ ਵਿਚ ਮਹਾਰਾਜਾ ਨਾਭਾ ਨੂੰ 9 ਜੁਲਾਈ 1923 ਨੂੰ ਗੱਦੀ ਤੋਂ ਲਾਹ ਕੇ ਪ੍ਰਬੰਧ ਆਪਣੇ ਪ੍ਰਬੰਧਕ ਮਿਸਟਰ ਵਿਲਸਨ ਦੇ ਸਪੁਰਦ ਕਰ ਦਿੱਤਾ ਤੇ ਰਾਜਾ ਦੇਹਰਾਦੂਨ ਨਜ਼ਰਬੰਦ ਕਰ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਨੇ ਮਹਾਰਾਜਾ ਨੂੰ ਮੁੜ ਤਖ਼ਤ ਉਪਰ ਬਿਠਾਉਣ ਲਈ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ।

ਇਸ ਸਮੇਂ ਅਕਾਲੀ ਤੇ ਪ੍ਰਦੇਸ਼ੀ ਅਖ਼ਬਾਰ ਨੇ ਲਿਖਿਆ ਸਰਕਾਰ ਨੇ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹ ਕੇ ਬੇਇਨਸਾਫ਼ੀ ਕੀਤੀ ਹੈ। ਮਹਾਰਾਜਾ ਸੁਤੰਤਰ ਰਾਜਾ ਸੀ ਜਿਸ ਤਰ੍ਹਾਂ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਮੁਕੱਦਮਾ ਨਹੀਂ ਚਲ ਸਕਦਾ। ਸਰਕਾਰ, ਨਾਭੇ ਵਿਰੁੱਧ ਮੁਕੱਦਮਾ ਨਹੀਂ ਚਲਾ ਕਦੀ। ਮਹਾਰਾਜਾ ਨਾਭਾ ਚੰਗਾ ਸਿੱਖ ਸੀ। ਰਾਜਨੀਤਿਕ ਮਤਭੇਦਾਂ ਕਾਰਨ ਉਸਨੂੰ ਗੱਦੀਓਂ ਲਾਹਿਆ ਗਿਆ ਹੈ।[143] ਸਰਕਾਰ ਦੇ ਇਸ ਧੱਕੇ ਵਿਰੁੱਧ ਪੰਥ ਵਿਚ ਰੋਸ ਦੀ ਲਹਿਰ ਉਤਪੰਨ ਹੋ ਗਈ। 9 ਸਤੰਬਰ ਨੂੰ ਦਿੱਲੀ ਦੇ ਵੱਡੇ ਬਾਜ਼ਾਰਾਂ ਤੇ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਨੰਗੇ ਪੈਰੀਂ ਰੋਸ ਮਾਰਚ ਕਰਨਾ ਮਿਥਿਆ ਗਿਆ। ਸਿੱਟੇ ਵਜੋਂ ਸਿੱਖਾਂ ਨੂੰ ਕੁੱਟਿਆ ਗਿਆ ਤੇ ਗ੍ਰਿਫ਼ਤਾਰ ਕੀਤਾ ਗਿਆ। ਸੱਤਾਂ ਮਹੀਨਿਆਂ ਦੇ ਅੰਦਰ-ਅੰਦਰ ਘੱਟੋ-ਘੱਟ ਪੰਜ ਹਜ਼ਾਰ ਅਕਾਲੀ ਯਾਤਰੂਆਂ ਨਾਲ ਇਹ ਕੁਝ ਵਾਪਰਿਆ।[144] ਇਸੇ ਕੜੀ ਤਹਿਤ ਜੈਤੋ ਵਿਖੇ ਦੀਵਾਨ ਸਜਾਇਆ ਗਿਆ ਜਿਸ ਵਿਚ ਸਰਕਾਰ ਦੀ ਨਿਖੇਧੀ ਕੀਤੀ ਗਈ। ਮਹਾਰਾਜਾ ਦੇ ਨਾਲ ਨਿਆਂਪੂਰਕ ਵਰਤਾਓ ਹੋਵੇ ਤੇ ਉਸਦੀ ਗੱਦੀ ਦੀ

---

[142] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-15

[143] ਅਕਾਲੀ ਤੇ ਪ੍ਰਦੇਸੀ, (11 ਜੁਲਾਈ 1923), ਐਡੀਟੋਰੀਅਲ, ਪੰਨਾ-4,

[144] Sahni, *The Struggle For Sikh Shrines*, p. 223

ਪ੍ਰਾਪਤੀ ਵਾਸਤੇ ਪਰਮਾਤਮਾ ਅੱਗੇ ਅਰਦਾਸ ਕਰਕੇ ਅਖੰਡ ਪਾਠ ਆਰੰਭ ਕਰ ਦਿੱਤਾ ਗਿਆ। ਪੁਲਸ ਨੇ ਇਥੋਂ ਦੇ ਗ੍ਰੰਥੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੀਵਾਨ ਵਿਚੋਂ ਸੰਗਤਾਂ ਨੂੰ ਦੌੜਨ ਲਈ ਕਿਹਾ। ਅੰਗਰੇਜ਼ ਅਧਿਕਾਰੀ ਵਿਲਸਨ ਨੇ ਜਲਸੇ ਅਤੇ ਜਲੂਸਾਂ 'ਤੇ ਪਾਬੰਦੀ ਲਗਾ ਦਿੱਤੀ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਲਈ ਮੋਰਚੇ ਨੂੰ ਤੇਜ਼ ਕਰਨ ਦਾ ਰਾਹ ਸਾਫ਼ ਹੋ ਗਿਆ। 19 ਸਤੰਬਰ 1923 ਨੂੰ ਸ਼੍ਰੋਮਣੀ ਕਮੇਟੀ ਨੇ ਅਖੰਡ ਪਾਠ ਵਿਚ ਵਿਘਨ ਪਾਉਣ ਕਰਕੇ ਸਰਕਾਰ ਵਿਰੋਧੀ ਮਤਾ ਪਾਸ ਕੀਤਾ ਅਤੇ ਪੂਜਾ ਪਾਠ ਦੇ ਆਜ਼ਾਦੀ ਦੇ ਸਿੱਖਾਂ ਦੇ ਅਧਿਕਾਰ ਨੂੰ ਹਰ ਕੀਮਤ 'ਤੇ ਬਹਾਲ ਕਰਨ ਦੇ ਇਰਾਦੇ ਦਾ ਐਲਾਨ ਕੀਤਾ ਗਿਆ। ਇਸ ਮਤੇ ਵਿਚ ਇਹ ਵੀ ਕਿਹਾ ਗਿਆ ਕਿ ਕਮੇਟੀ ਹਰੇਕ ਸਥਿਤੀ ਵਿਚ ਅਹਿੰਸਾ ਦੀ ਤੈਅ ਕੀਤੀ ਪਾਲਿਸੀ 'ਤੇ ਅਮਲ ਕਰੇਗੀ ਤੇ ਸ਼ਾਂਤਮਈ ਤੇ ਜਾਇਜ਼ ਵਸੀਲਿਆਂ ਦੁਆਰਾ ਉਦੋਂ ਤੱਕ ਇਹ ਸੰਗਰਾਮ ਜਾਰੀ ਰੱਖੇਗੀ ਜਦੋਂ ਤੱਕ ਪੂਰਨ ਧਾਰਮਿਕ ਸੁਤੰਤਰਤਾ ਪ੍ਰਾਪਤ ਨਹੀਂ ਹੋ ਜਾਂਦੀ। ਇਸ ਲਈ ਸ਼੍ਰੋਮਣੀ ਕਮੇਟੀ ਨੇ 14 ਸਤੰਬਰ 1923 ਤੋਂ ਹਰ ਰੋਜ਼ ਅਕਾਲ ਤਖ਼ਤ ਤੋਂ ਗੁਰਦੁਆਰਾ ਗੰਗਸਰ ਜੈਤੋ ਜਥੇ ਭੇਜਣੇ ਸ਼ੁਰੂ ਕਰ ਦਿੱਤੇ। 21 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਿਆਨ ਆਇਆ ਕਿ ਉਿੰਨਾ ਚਿਰ ਸੰਗਰਾਮ ਜਾਰੀ ਰਹੇਗਾ ਜਦੋਂ ਤੱਕ ਪੂਰਨ ਧਾਰਮਿਕ ਸੁਤੰਤਰਤਾ ਬਹਾਲ ਨਹੀਂ ਹੋ ਜਾਂਦੀ।[145] ਇਸ ਕਾਰਨ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਸਾਰੇ 60 ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ 'ਤੇ 'ਸ਼ਾਹ ਸਮਰਾਟ' ਵਿਰੁੱਧ ਬਗਾਵਤ ਕਰਨ ਦਾ ਇਲਜ਼ਾਮ ਲਗਾਇਆ ਗਿਆ। ਅਕਾਲੀਆਂ ਨੇ 25-25 ਜਥੇ ਜੈਤੋ ਭੇਜ ਕੇ ਮੋਰਚੇ ਲਗਾਉਣੇ ਸ਼ੁਰੂ ਕਰ ਦਿੱਤੇ। ਜਨਵਰੀ 1924 ਤੱਕ 5000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਅੰਗਰੇਜ਼ ਸਰਕਾਰ ਨੇ ਬੁਖਲਾ ਕੇ ਸਾਰੇ ਅਕਾਲੀ ਮੁਖੀਆਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਪਰ ਮੋਰਚਾ ਲਗਾਤਾਰ ਜਾਰੀ ਰਿਹਾ। ਕਮੇਟੀ ਦੇ ਮੁਖੀਆਂ ਨੂੰ ਦੋ-ਦੋ ਸਾਲ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

26 ਫਰਵਰੀ ਨੂੰ ਅਕਾਲੀਆਂ ਦਾ ਇਕ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚਿਆ। ਨਾਭਾ ਰਿਆਸਤ ਦੇ ਪ੍ਰਬੰਧਕ ਮਿਸਟਰ ਵਿਲਸਨ ਜਾਨਸਟਨ ਨੇ ਅਕਾਲੀਆਂ ਦੇ ਜਲੂਸ ਨੂੰ ਰੋਕਣ ਲਈ ਅੱਗੇ ਗੱਡੀਆਂ ਦੀ ਕਤਾਰ ਲਾ ਕੇ ਰਾਹ ਬੰਦ ਕਰ ਦਿੱਤਾ। ਇਸ ਸਮੇਂ ਪੁਲਸ ਨੇ ਜਥੇ 'ਤੇ ਗੋਲੀਆਂ ਚਲਾ ਦਿੱਤੀਆਂ। ਸਰਕਾਰੀ ਅੰਕੜਿਆਂ ਅਨੁਸਾਰ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ 20 ਸੀ। ਜ਼ਖ਼ਮੀਆਂ ਦੀ ਗਿਣਤੀ 30 ਕੁ ਦੱਸੀ ਹੈ ਪਰ ਸ਼੍ਰੋਮਣੀ ਕਮੇਟੀ ਦੇ ਐਲਾਨ ਵਿਚੋਂ ਦੱਸਿਆ ਗਿਆ ਸੀ ਕਿ 300 ਤੋਂ ਵੱਧ ਲੋਕ ਘਟਨਾ ਗ੍ਰਸਤ

[145] ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-280

ਹੋਏ ਜਿਨ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ 70 ਤੋਂ 150 ਸੀ।[146] ਝੱਬਰ ਮਰਨ ਵਾਲਿਆਂ ਦੀ ਗਿਣਤੀ ਲਗਭਗ 100 ਅਤੇ ਜ਼ਖ਼ਮੀਆਂ ਦੀ 200 ਦੱਸਦਾ ਹੈ।[147] ਜੋ ਸਹੀ ਜਾਪਦੀ ਹੈ।

ਇਸ ਵੇਲੇ ਕਾਂਗਰਸ ਵੀ ਅਕਾਲੀਆਂ ਬਾਰੇ ਆਪਣੇ ਖ਼ਿਆਲ ਬਦਲਣ ਲਈ ਮਜ਼ਬੂਰ ਹੋ ਗਈ। ਡਾ. ਸੈਫੂਦੀਨ ਕਿਚਲੂ ਨੇ ਅਕਾਲੀ ਸੰਗਰਾਮ ਨੂੰ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਬਿਆਨ ਕੀਤਾ। ਡਾ. ਸੈਫੂਦੀਨ ਕੀਚਲੂ, ਪ੍ਰਿੰਸੀਪਲ ਏ. ਟੀ. ਗਿਡਵਾਨੀ 21 ਫਰਵਰੀ ਨੂੰ ਜਥੇ ਦੇ ਨਾਭਾ ਵਿਚ ਦਾਖ਼ਲ ਹੋਣ ਵੇਲੇ ਨਾਲ ਸਨ, ਨੇ ਦੱਸਿਆ ਕਿ ਜਥਾ ਪੂਰੇ ਅਨੁਸ਼ਾਸਨ ਵਿਚ ਅਤੇ ਸ਼ਾਂਤੀ ਨਾਲ ਜਾ ਰਿਹਾ ਸੀ। ਕਿਸੇ ਪਾਸ ਕੋਈ ਹਥਿਆਰ ਨਹੀਂ ਸੀ। ਦੁਪਹਿਰ ਵੇਲੇ ਇਸ ਉੱਤੇ ਗੋਲੀ ਚਲਾਈ ਗਈ ਜਿਸ ਨਾਲ 150 ਦੇ ਲਗਭਗ ਸਿੰਘ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।[148] ਜ਼ੋਸ਼ ਅਨੁਸਾਰ ਇਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ, ਗਿਡਵਾਨੀ, ਸਤਨਾਮ ਸਿੰਘ ਅਤੇ ਦਰਬਾਰਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ ਵਿਚ ਸੁੱਟ ਦਿੱਤਾ ਗਿਆ ਸੀ।[149] ਪੰਡਿਤ ਨਹਿਰੂ ਦਾ ਬਿਆਨ ਸੀ:

> "ਮੈਂ ਬੜਾ ਖ਼ੁਸ਼ ਹਾਂ ਕਿ ਮੇਰੇ ਉੱਤੇ ਉਸ ਮਨੋਰਥ ਲਈ ਮੁਕੱਦਮਾ ਚਲਾਇਆ ਗਿਆ ਜਿਹੜਾ ਸਿੱਖਾਂ ਨੇ ਅਪਣਾਇਆ ਹੋਇਆ ਹੈ, ਮੈਂ ਚਾਹੁੰਦਾ ਸੀ ਕਿ ਮੈਨੂੰ ਕੋਈ ਮੌਕਾ ਮਿਲੇ ਮੈਂ ਕਿਸੇ ਕਿਸਮ ਦੀ ਸੇਵਾ ਕਰਕੇ ਉਹਨਾਂ ਦੀ ਡੂੰਘੀ ਪ੍ਰਸ਼ੰਸ਼ਾ ਦਰਸਾ ਸਕਾਂ। ਹੁਣ ਉਹ ਮੌਕਾ ਮੈਨੂੰ ਮਿਲ ਗਿਆ ਹੈ ਅਤੇ ਮੈਂ ਦਿਲੋਂ ਚਾਹਵਾਨ ਹਾਂ ਕਿ ਮੈਂ ਉਨ੍ਹਾਂ ਦੀ ਉੱਚੀ ਰਿਵਾਇਤ ਤੇ ਸ਼ਾਨਦਾਰ ਹੌਸਲੇ ਦੀ ਤੱਕੜੀ 'ਤੇ ਪੂਰਾ ਉਤਰ ਸਕਾਂ।(ਸਤਿ ਸ੍ਰੀ ਅਕਾਲ)।[150]

ਇਸ ਸਮੇਂ ਭਾਈ ਚਤਰ ਸਿੰਘ ਰੋਡਿਆਂ ਵਾਲੀ ਜਥੇ ਦੀ ਅਗਵਾਈ ਕਰ ਰਿਹਾ ਸੀ। 24 ਫਰਵਰੀ 1924 ਤੱਕ 17 ਪੰਜ-ਪੰਜ ਸੌ ਦੇ ਜਥੇ ਗ੍ਰਿਫ਼ਤਾਰੀ ਲਈ ਜੈਤੋ ਪੁੱਜ ਚੁੱਕੇ ਸਨ। ਧਾਰਮਿਕ ਸੁਤੰਤਰਤਾ ਲਈ ਸ਼ੁਰੂ ਹੋਇਆ ਇਹ ਅੰਦੋਲਨ ਰਾਜਸੀ ਸੁਤੰਤਰਤਾ ਦੀ ਪ੍ਰਾਪਤੀ ਲਈ ਪੰਜਾਬ ਵਿਚੋਂ ਨਿਕਲ ਕੇ ਪ੍ਰਦੇਸ਼ਾਂ ਵਿਚ ਪੁੱਜ ਗਿਆ। ਇਸ ਤਰ੍ਹਾਂ ਸਿੱਖਾਂ ਦੀਆਂ ਅਥਾਹ ਕੋਸ਼ਿਸ਼ਾਂ ਸਦਕਾ ਸਰਕਾਰ ਨੇ 9 ਜੁਲਾਈ 1925 ਨੂੰ ਇਕ ਬਿਲ ਪਾਸ ਕਰ ਦਿੱਤਾ। ਜਿਸ ਵਿਚ ਗੁਰਦੁਆਰਾ ਸਾਹਿਬ ਦੇ ਮਹੰਤਾਂ ਨੂੰ ਗੁਰਦੁਆਰਿਆਂ ਅਤੇ ਉਨ੍ਹਾਂ ਦੀ ਜਾਇਦਾਦ ਦਾ ਮਾਲਕ ਨਹੀਂ ਸਗੋਂ ਟਰੱਸਟੀ ਦਰਸਾਇਆ ਗਿਆ। ਸਿੱਖ ਗੁਰਦੁਆਰਾ ਤੇ ਧਰਮ ਅਸਥਾਨਾਂ ਬਾਰੇ ਬਿਲ ਪਾਸ ਹੋਣ (ਗੁਰਦੁਆਰਾ ਐਕਟ) ਬਣਨ ਕਰਕੇ ਜੈਤੋ ਤੇ ਦੂਜੇ ਮਸਲੇ ਆਪਣੇ ਆਪ ਹੀ ਨਜਿੱਠੇ ਗਏ ਅਤੇ ਇਸ ਤਰ੍ਹਾਂ ਜਥੇ ਭੇਜਣੇ ਬੰਦ ਕਰ ਦਿੱਤੇ ਗਏ। ਸਪਸ਼ਟ ਹੈ ਕਿ ਸਰਕਾਰ ਮਹਾਰਾਜਾ ਨਾਭਾ ਦੀ ਸੁਤੰਤਰ ਹਸਤੀ

---

146 *ਅਕਾਲੀ ਤੇ ਪ੍ਰਦੇਸੀ,* (9 ਮਾਰਚ 1924), ਪੰਨਾ-2, ਕਾਲਮ 3

147 ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਪੰਨਾ-160

148 ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਪੰਨਾ-44

149 ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-273

150 *ਜਵਾਹਰ ਲਾਲ ਨਹਿਰੂ ਅਤੇ ਪੰਜਾਬ,* ਪੰਨਾ-15

ਨੂੰ ਬਰਦਾਸ਼ਤ ਨਹੀਂ ਕਰ ਸਕੀ। ਇਸੇ ਕਰਕੇ ਉਸ ਨੂੰ ਗੱਦੀਓਂ ਲਾਹਿਆ ਗਿਆ। ਜੇ. ਐਸ. ਗਰੇਵਾਲ ਦੱਸਦੇ ਹਨ, "ਗੁਰਦੁਆਰਾ ਗੁਰੂ ਕੇ ਬਾਗ ਵਿਖੇ ਜਾਣ ਬੁੱਝ ਕੇ ਖੜ੍ਹੇ ਕੀਤੇ ਗਏ ਮਸਲੇ ਵਿਚ ਅਕਾਲੀਆਂ ਨੇ ਆਪਣੇ ਸ਼ਾਂਤੀਪੂਰਵਕ ਮੋਰਚੇ ਵਿਚ ਇਖ਼ਲਾਕੀ ਜੰਗ ਵਿਚ ਇਕ ਨਵਾਂ ਰਿਕਾਰਡ ਬਣਾਇਆ। ਵੱਡੀਆਂ ਕੁਰਬਾਨੀਆਂ ਤੋਂ ਬਾਅਦ ਜੋ ਉਨ੍ਹਾਂ ਨੂੰ ਜਿੱਤ ਨਸੀਬ ਹੋਈ, ਉਸ ਸਮੇਂ ਦੇ ਸੁਤੰਤਰਤਾ ਸੰਗਰਾਮੀਆਂ ਨੇ ਦੇਸ਼ ਭਰ ਵਿਚ ਉਸਦੀ ਸ਼ਲਾਘਾ ਕੀਤੀ ਅਤੇ ਇਸੇ ਤਰ੍ਹਾਂ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੇ ਨਿੱਜੀ ਪੱਧਰ 'ਤੇ ਅਕਾਲੀਆਂ ਦਾ ਸਾਥ ਦਿੰਦਿਆਂ ਬ੍ਰਿਟਿਸ਼ ਹਾਕਮਾਂ ਪ੍ਰਤੀ ਆਪਣੀ ਸੁਤੰਤਰਤਾ ਦੀ ਭਾਵਨਾ ਦਾ ਪ੍ਰਗਟਾਅ ਕੀਤਾ ਸੀ।"[151]

ਇਸ ਅੰਦੋਲਨ ਵਿਚ ਸਾਰੇ ਸਿੱਖਾਂ ਨੇ ਭਾਗ ਲਿਆ। ਅਕਾਲੀ ਲਹਿਰ ਨੇ ਸਿੱਖਾਂ ਵਿਚ ਧਰਮ ਦੇ ਨਾਂ 'ਤੇ ਏਕਤਾ ਪੈਦਾ ਕਰ ਦਿੱਤੀ। ਇਹ ਅੰਦੋਲਨ ਰਾਸ਼ਟਰੀ ਅੰਦੋਲਨ ਬਣ ਚੁੱਕਾ ਸੀ। ਅਕਾਲੀਆਂ ਨੇ ਧਾਰਮਿਕ ਮਸਲਿਆਂ ਤੋਂ ਇਲਾਵਾ ਸਿੱਖਾਂ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਵਿਚਾਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਹਨਾਂ ਅੰਦੋਲਨਾਂ ਨੇ ਰਾਸ਼ਟਰੀ ਸੁਤੰਤਰਤਾ ਲਹਿਰ ਨੂੰ ਭਰਵਾਂ ਹੁੰਗਾਰਾ ਦਿੱਤਾ। 1925 ਵਿਚ ਗੁਰਦੁਆਰਾ ਐਕਟ ਬਣਨ ਨਾਲ ਅਕਾਲੀ ਆਗੂ ਖ਼ੁਦ ਵੀ ਜਮਹੂਰੀਅਤ ਤੇ ਸਥਾਨਕ ਸੁਤੰਤਰਤਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਰਹੇ ਸਨ। ਉਸ ਸਮੇਂ ਦੇ ਅਕਾਲੀ ਆਗੂਆਂ ਦੇ ਜੀਵਨ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਧਾਰਮਿਕ ਸਰੋਕਾਰ ਕਿਵੇਂ ਰਾਜਸੀ ਸਰੋਕਾਰਾਂ ਨਾਲ ਘੁਲੇ ਮਿਲੇ ਸਨ। ਇਸ ਸਮੇਂ ਦੀ ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ 'ਮੀਰੀ ਪੀਰੀ' ਦੀ ਝਲਕ ਦਿਖਾਈ ਦਿੰਦੀ ਹੈ। ਜੇ. ਐਸ. ਗਰੇਵਾਲ ਅਨੁਸਾਰ:

> ਉਸ ਸਮੇਂ ਦੇ ਇਕ ਆਗੂ ਨੇ ਕਿਹਾ ਸੀ ਕਿ ਸਿੱਖ ਆਪਣੇ ਦੇਸ਼ ਨੂੰ ਪਿਆਰ ਕਰਦੇ ਹਨ, ਪਰ ਉਹ ਆਪਣੇ ਧਰਮ ਨੂੰ ਵੀ ਬਰਾਬਰ ਦੀ ਸ਼ਰਧਾ ਨਾਲ ਪਿਆਰ ਕਰਦੇ ਹਨ, ਸਿੱਖ ਲਈ ਰਾਜਨੀਤੀ ਅਤੇ ਧਰਮ ਇਕ ਹਨ, ਸਿੱਖ ਧਰਮ ਦੀ ਆਜ਼ਾਦੀ ਦਾ ਵੀ ਇੱਛੁਕ ਹੈ ਅਤੇ ਦੇਸ਼ ਦੀ ਆਜ਼ਾਦੀ ਦਾ ਵੀ ਕਿਉਂਕਿ ਉਹ ਜਾਣਦਾ ਹੈ ਕਿ ਉਸਨੂੰ ਇਕ ਦੂਜੀ ਬਿਨਾਂ ਨਹੀਂ ਮਿਲ ਸਕਦੀ। ਇਸ ਵਿਚਾਰ ਨਾਲ ਅਕਾਲੀ ਲਹਿਰ ਨੂੰ ਕੌਮੀ ਲਹਿਰ ਦੀ ਸ਼ਾਖ਼ ਸਮਝਿਆ ਗਿਆ। ਅਕਾਲੀਆਂ ਨੂੰ ਸਰਕਾਰ ਨਾਲ ਇਕ ਲੰਮੀ ਅਤੇ ਲਗਾਤਾਰ ਲੜਾਈ ਲੜਨੀ ਹੀ ਪੈਣੀ ਸੀ, ਉਨ੍ਹਾਂ ਦਾ ਆਦਰਸ਼ ਸਵੈਰਾਜ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਭਾਰਤ ਦੀ ਸੁਤੰਤਰਤਾ ਦੀ ਲੜਾਈ ਦੇ ਸਾਰੇ ਸਮੇਂ ਦੌਰਾਨ ਉਨ੍ਹਾਂ ਦੇ ਦੇਸ਼ ਅਤੇ ਪੰਥ ਲਈ ਦੋਹਰੇ ਸੰਸਕਾਰ ਨੇ ਉਨ੍ਹਾਂ ਨੂੰ ਨਾ ਸਿਰਫ਼ ਭਾਰਤ ਨੂੰ ਆਜ਼ਾਦ ਕਰਾਉਣ ਲਈ, ਬਲਕਿ ਆਜ਼ਾਦ ਭਾਰਤ ਵਿਚ ਸਿੱਖਾਂ ਦੇ ਸਥਾਨ ਬਾਰੇ ਸੋਚਣ ਲਈ ਵੀ ਪ੍ਰੇਰਿਆ।[152]

### ਬੱਬਰ ਅਕਾਲੀ ਲਹਿਰ

ਸਿੱਖ ਵਿਚਾਰਧਾਰਾ ਅਤੇ ਇਤਿਹਾਸ ਵਿਚ ਸ਼ਾਂਤਮਈ ਅਤੇ ਹਥਿਆਰਬੰਦ ਸੰਘਰਸ਼ ਦਾ ਸੁਮੇਲ ਹੈ। ਗੁਰੂ ਅਰਜਨ ਦੇਵ ਜੀ ਨੇ ਸ਼ਾਂਤਚਿਤ ਰਹਿੰਦਿਆਂ ਮਨੁੱਖੀ ਹੱਕਾਂ ਲਈ ਤਸੀਹੇ ਝੱਲੇ ਅਤੇ ਸ਼ਹਾਦਤ ਦਿੱਤੀ।

---

[151] *ਅਕਾਲੀਆਂ ਦੇ 75 ਸਾਲ,* ਪੰਨਾ-4

[152] ਗਰੇਵਾਲ, *ਅਕਾਲੀਆਂ ਦੇ 75 ਸਾਲ,* ਪੰਨਾ-70

ਉਸੇ ਤਰਜ਼ 'ਤੇ ਇਕ ਪਾਸੇ ਸ਼ਾਂਤਮਈ ਅਕਾਲੀ, ਗੁਰੂ ਕੇ ਬਾਗ ਅਤੇ ਪੰਜਾ ਸਾਹਿਬ ਵਿਚ ਤਸੀਹੇ ਝੱਲਦੇ ਰਹੇ ਅਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੇ ਕਿਰਪਾਨ ਦੇ ਸਿਧਾਂਤ ਨੂੰ ਅਪਣਾਉਂਦਿਆਂ ਹਥਿਆਰਬੰਦ ਬੱਬਰ ਅਕਾਲੀਆਂ ਦਾ ਜਨਮ ਹੋਇਆ। ਪੰਜਾਬ ਦੀ ਬੱਬਰ ਅਕਾਲੀ ਲਹਿਰ ਨੇ ਅੰਗਰੇਜ਼ੀ ਸਾਮਰਾਜ ਨੂੰ ਚਕਨਾਚੂਰ ਕਰਨ ਲਈ ਅਹਿਮ ਰੋਲ ਅਦਾ ਕੀਤਾ ਭਾਵੇਂ ਇਸ ਲਹਿਰ ਨੇ ਪੰਜਾਬ ਦੇ ਇਕ ਸੀਮਤ ਇਲਾਕੇ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਨੂੰ ਹੀ ਆਪਣੀ ਵਲਗਣ ਵਿਚ ਲਿਆ ਸੀ। ਪਰ ਇਸ ਨੇ ਸੂਰਬੀਰਤਾ ਦੇ ਉਹ ਕਾਰਨਾਮੇ ਦਿਖਾਏ ਜਿਹੜੇ ਸੁਤੰਤਰਤਾ-ਸੰਗਰਾਮ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਣ-ਯੋਗ ਹਨ। ਇਸ ਲਹਿਰ ਦੇ ਮੋਢੀ ਕਿਸ਼ਨ ਸਿੰਘ ਗੜਗੱਜ ਸਿੱਖ ਰੈਜਿਮੈਂਟ ਵਿਚ ਹਵਾਲਦਾਰ ਸਨ। ਉਹ ਗੁਰੂ ਕੇ ਬਾਗ਼ ਦੇ ਮੋਰਚੇ ਤੇ ਨਨਕਾਣਾ ਸਾਹਿਬ ਦੇ ਸਾਕੇ ਤੋਂ ਐਨੇ ਨਿਰਾਸ਼ ਹੋਏ ਕਿ ਫ਼ੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਲਈ ਮੈਦਾਨ ਵਿਚ ਕੁੱਦ ਪਏ।

ਬੱਬਰ ਅਕਾਲੀ ਲਹਿਰ 1915 ਦੀ ਗ਼ਦਰ ਇਨਕਲਾਬੀ ਲਹਿਰ ਦੀ ਨਵ ਸੁਰਜੀਤੀ ਸੀ। ਬੱਬਰਾਂ ਵਿਚੋਂ ਬਹੁਤੇ ਵਿਦੇਸ਼ਾਂ ਵਿਚੋਂ ਮੁੜੇ ਹੋਏ ਸਿੱਖ ਸਨ। ਨਨਕਾਣਾ ਸਾਹਿਬ ਅਤੇ ਤਰਨਤਾਰਨ ਦੇ ਸਾਕੇ ਤੋਂ ਬਾਅਦ ਅਕਾਲੀ ਦਲ ਵਿਚ ਇਕ ਗਰਮ ਧੜਾ ਕਾਇਮ ਹੋਇਆ ਜਿਨ੍ਹਾਂ ਦੇ ਮੁਖੀ ਭਾਈ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਚੂਹੜਕਾਣਾ, ਮਾਸਟਰ ਮੋਤਾ ਸਿੰਘ, ਭਾਈ ਵਤਨ ਸਿੰਘ ਕਾਹਰੀ, ਭਾਈ ਨੰਦਾ ਸਿੰਘ ਘੜਿਆਲ, ਕਰਮ ਸਿੰਘ ਦੌਲਤਪੁਰ ਤੇ ਕਿਸ਼ਨ ਸਿੰਘ ਗੜਗੱਜ ਪਿੰਡ ਵੜਿੰਗ ਜਲੰਧਰ, ਭਾਈ ਸੁੰਦਰ ਸਿੰਘ ਮਖਸੂਸਪੁਰੀ, ਦਲੀਪ ਸਿੰਘ ਗੋਸਲ, ਕਰਮ ਸਿੰਘ ਝੜਿੰਗ ਸਨ ਜੋ ਕਿ ਸ਼ਾਂਤਮਈ ਸੰਘਰਸ਼ ਨੂੰ ਚੰਗਾ ਨਹੀਂ ਸਮਝਦੇ ਸਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜ਼ੁਲਮ ਦੀ ਅਤਿ ਵਿਰੁੱਧ ਕਿਰਪਾਨ ਚੁੱਕਣ ਦੇ ਸਿਧਾਂਤ ਨੂੰ ਵਿਹਾਰਕ ਰੂਪ ਦਿੱਤਾ। ਅੰਮ੍ਰਿਤਸਰ ਵਿਖੇ 4 ਅਪ੍ਰੈਲ 1921 ਨੂੰ ਕਿਸ਼ਨ ਸਿੰਘ ਗੜਗੱਜ ਦੇ ਕਮਰੇ ਵਿਚ ਨਨਕਾਣਾ ਸਾਹਿਬ ਸਾਕੇ ਦੇ ਦੋਸ਼ੀਆਂ ਨੂੰ ਖ਼ਤਮ ਕਰਨ ਦੀ ਸਲਾਹ ਕੀਤੀ ਗਈ। ਇਸ ਤਹਿਤ ਬੱਬਰਾਂ ਨੇ ਸਲਾਹ ਕਰਕੇ ਦੋ ਫ਼ੌਜੀ ਭਗੌੜਿਆਂ ਬੇਲਾ ਸਿੰਘ ਤੇ ਗੰਡਾ ਸਿੰਘ ਨੂੰ ਲਾਹੌਰ ਦੇ ਅੰਗਰੇਜ਼ ਅਫ਼ਸਰ ਜੇ. ਡਬਲਿਊ. ਬੋਇਰਿਵੰਗ ਨੂੰ ਮਾਰਨ ਲਈ ਭੇਜਿਆ। ਪਰ ਯੋਜਨਾ ਲੀਕ ਹੋਣ ਕਾਰਨ ਇਹ ਬੰਦੇ ਫੜੇ ਗਏ। ਇਨ੍ਹਾਂ ਦੀਆਂ ਕਾਰਵਾਈਆਂ ਦੇਖ ਕੇ ਸਰਕਾਰ ਵੱਲੋਂ ਸੁੰਦਰ ਸਿੰਘ, ਕਰਮ ਸਿੰਘ, ਦਲੀਪ ਸਿੰਘ ਗੋਸਲ, ਕਿਸ਼ਨ ਸਿੰਘ ਦੇ ਵਾਰੰਟ ਕੱਢ ਦਿੱਤੇ ਗਏ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਅੰਗਰੇਜ਼ ਅਫ਼ਸਰ ਬੀ. ਟੀ. ਵੱਲੋਂ ਸਿੱਖਾਂ 'ਤੇ ਕੀਤੇ ਗਏ ਅੱਤਿਆਚਾਰਾਂ ਕਰਕੇ ਬੱਬਰ ਅਕਾਲੀ ਲਹਿਰ ਦਾ ਜਨਮ ਹੋਇਆ। ਗਿਆਨੀ ਹਰਭਜਨ ਸਿੰਘ ਲਿਖਦੇ ਹਨ:

ਬੀ. ਟੀ. ਕੀਤੀ ਅੱਤ ਜੇ ਗੁਰੂ ਕੇ ਬਾਗ ਚੜ੍ਹ ਕੇ।
ਬੱਬਰ ਅਕਾਲੀ ਜਨਮਿਆ ਵੇਖੇ ਖੜ੍ਹ-ਖੜ੍ਹ ਕੇ।[153]

ਬੱਬਰ ਅਕਾਲੀ ਆਗੂ ਗ਼ਦਰੀ ਆਗੂਆਂ ਵਾਂਗ ਸਿੱਖ ਰੈਜਿਮੈਂਟ ਨੂੰ ਦੇਸ਼ ਪ੍ਰਤੀ ਪਿਆਰ ਜਗਾ ਕੇ ਸਰਕਾਰ ਵਿਰੁੱਧ ਅੰਦੋਲਨ ਲਈ ਵੀ ਪ੍ਰੇਰਦੇ ਰਹੇ। ਗ਼ਦਰੀ ਆਗੂ ਬੱਬਰ ਅਕਾਲੀ ਲਹਿਰ ਦਾ ਧੁਰਾ ਸਨ। ਇਸ ਤਰ੍ਹਾਂ ਬੱਬਰ ਅਕਾਲੀ ਲਹਿਰ ਦਾ ਪਹਿਲਾ ਪੜਾਅ ਗੁਰਦੁਆਰਿਆਂ ਦੀ ਸੁਤੰਤਰਤਾ ਸੀ। ਇਸ ਤੋਂ ਅਗਲਾ ਪੜਾਅ ਕੌਮੀ ਏਕਤਾ ਤੇ ਦੇਸ਼ ਦੀ ਸੁਤੰਤਰਤਾ ਸੀ ਪਰ ਜਦੋਂ ਇਨ੍ਹਾਂ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਵਿਚ ਕੌਮ ਧ੍ਰੋਹੀਆਂ ਨੇ ਰੁਕਾਵਟਾਂ ਪਾਉਣੀਆਂ ਆਰੰਭੀਆਂ ਤਾਂ ਬੱਬਰ ਅਕਾਲੀ ਇਨ੍ਹਾਂ ਸਰਕਾਰੀ ਮੁਖ਼ਬਰਾਂ ਨੂੰ ਸੋਧਣ ਲੱਗ ਗਏ। ਅਗਸਤ 1922 ਨੂੰ ਇਕੱਤਰਤਾ ਕਰਕੇ ਅਕਾਲੀਆਂ ਨੇ ਇਕ ਕਮੇਟੀ ਬਣਾਈ। ਉਸਦੇ ਮੈਂਬਰ ਸਨ, ਕਿਸ਼ਨ ਸਿੰਘ ਗੜਗੱਜ, ਸਕੱਤਰ ਦਲੀਪ ਸਿੰਘ ਗੋਸਲ, ਖਜ਼ਾਨਚੀ ਸੰਤਾ ਸਿੰਘ, ਮੈਂਬਰ ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝੀਂਗੜ ਅਤੇ ਉਦੈ ਸਿੰਘ। ਇਨ੍ਹਾਂ ਨੇ ਅਖ਼ਬਾਰ ਕੱਢੇ, ਹਥਿਆਰ ਇਕੱਠੇ ਕੀਤੇ ਅਤੇ ਪੈਸੇ ਦਾ ਪ੍ਰਬੰਧ ਕੀਤਾ। ਕਰਮ ਸਿੰਘ ਦੌਲਤਪੁਰ ਨੇ ਅਗਸਤ ਦੇ ਤੀਜੇ ਹਫ਼ਤੇ "ਬੱਬਰ ਅਕਾਲੀ ਦੁਆਬਾ" ਨਾਂ ਹੇਠ ਅਖ਼ਬਾਰ ਕੱਢੀ ਜਿਸ ਵਿਚ ਸਰਕਾਰ ਦੀ ਲੁੱਟ-ਖਸੁੱਟ, ਕਾਂਗਰਸ ਤੇ ਅਕਾਲੀਆਂ ਦੀ ਨਿਖੇਧੀ, ਗੋਰਿਆਂ ਦੇ ਜ਼ੁਲਮ ਦਾ ਪਾਜ ਉਘਾੜਿਆ ਗਿਆ।[154] ਕਿਸ਼ਨ ਸਿੰਘ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਤੰਬਰ 1922 ਨੂੰ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਉਥੇ ਹੁੰਦੇ ਅੱਤਿਆਚਾਰ ਬਾਰੇ ਇੱਕ ਉਚੇਚਾ ਪੱਤਰ ਲਿਖਣ ਬਾਰੇ ਵੀ ਵੇਰਵਾ ਮਿਲਦਾ ਹੈ :

> ਕਿਉਂ ਐਵੇਂ ਹੀ ਗੁਰੂ ਕੇ ਬਾਗ ਵਿਚ ਸਿੱਖਾਂ ਦੇ ਹੱਡ ਕੁਟਵਾਉਂਦੇ ਹੋ ਅਤੇ ਲੋਕਾਂ ਨੂੰ ਬੇਲੋੜੀਆਂ ਕੁਰਬਾਨੀਆਂ ਦੇਣ ਲਈ ਮਜ਼ਬੂਰ ਕਰ ਰਹੇ ਹੋ ? ਜੇਕਰ ਗੁਰਦੁਆਰਿਆਂ ਅਤੇ ਦੇਸ਼ ਦੀ ਪੂਰਨ ਆਜ਼ਾਦੀ ਚਾਹੀਦੀ ਹੈ ਤਾਂ ਇਸ ਦਾ ਮੁਕਾਬਲਾ ਕਰਨ ਲਈ ਸ੍ਰੀ ਸਾਹਿਬ ਉਠਾਉਣੀ ਪਵੇਗੀ। ਜੇ ਤੁਸੀਂ ਇਹ ਰਸਤਾ ਫੜੋ ਤਾਂ ਮੈਂ ਸੈਂਕੜੇ ਜਥੇ ਲੈ ਕੇ ਅੰਮ੍ਰਿਤਸਰ ਪੁੱਜ ਸਕਦਾ ਹਾਂ।[155]

ਕੌਮ ਤੇ ਦੇਸ਼ ਦੇ ਗ਼ੱਦਾਰਾਂ ਦੇ ਮਨ ਵਿਚ ਬੱਬਰਾਂ ਦੀ ਦਹਿਸ਼ਤ ਨੂੰ ਇਕ ਘਟਨਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਜਦੋਂ ਬੱਬਰਾਂ ਨੇ ਗ਼ੱਦਾਰਾਂ ਨੂੰ ਸੋਧਣਾ ਸ਼ੁਰੂ ਕੀਤਾ ਤਾਂ ਸਰਕਾਰ ਦੇ ਪਿੱਠੂ ਜ਼ੈਲਦਾਰ ਨਰੈਣ ਸਿੰਘ ਮਾਹਿਲਪੁਰ ਦੇ ਮਨ ਵਿਚ ਬੱਬਰਾਂ ਦੀ ਇੰਨੀ ਦਹਿਸ਼ਤ ਪੈਦਾ ਹੋ ਗਈ ਸੀ ਕਿ ਉਸਨੂੰ ਰਾਤ ਨੂੰ ਨੀਂਦ ਮੁਸ਼ਕਿਲ ਨਾਲ ਆਉਂਦੀ ਸੀ। ਇਕ ਰਾਤ ਉਸ ਨੇ ਲੰਮੇ ਪਏ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਆ ਗਏ! ਬੱਬਰ ਆ ਗਏ! ਲੋਕੋ ਮੈਨੂੰ ਛਡਾਓ! ਹਾਏ ਓਏ ਮਾਰ ਸੁੱਟਿਆ! ਹਾਏ ਮੈਨੂੰ ਵੱਢ ਸੁੱਟਿਆ! ਉਸਦੇ ਘਰ

---

[153] ਜੁਮਿੰਡਾ, ਹਰਭਜਨ ਸਿੰਘ, *ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੱਜੀਆਂ ਯਾਦਾਂ ਅਤੇ ਸਵੈ ਜੀਵਨੀ (1895-1982),* ਪੰਨਾ-85

[154] ਬੱਬਰ, ਸੁੰਦਰ ਸਿੰਘ, *ਇਤਿਹਾਸ ਬੱਬਰ ਅਕਾਲੀ ਲਹਿਰ,* ਪੰਨਾ-78

[155] ਉਹੀ, ਪੰਨਾ-79

ਵਾਲੇ ਇਹ ਸੁਣ ਕੇ ਉਸ ਪਾਸ ਗਏ ਤਾਂ ਉਸ ਦੇ ਪ੍ਰਾਣ ਨਿਕਲ ਚੁੱਕੇ ਸਨ।"[156] ਜਿਹੜੇ ਸ਼ਾਹੂਕਾਰ ਗਰੀਬਾਂ ਨੂੰ ਲੁੱਟਦੇ ਸਨ, ਬੱਬਰਾਂ ਨੇ ਉਨ੍ਹਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਸੀ। 31 ਅਗਸਤ 1923 ਨੂੰ ਕਰਮ ਸਿੰਘ ਦੌਲਤਪੁਰ ਆਪਣੇ ਤਿੰਨ ਸਾਥੀਆਂ ਸਮੇਤ ਬਬੇਲੀ ਪਿੰਡ ਪਹੁੰਚੇ। ਇਨ੍ਹਾਂ ਦੇ ਇਕ ਸਾਥੀ ਨੇ ਹਥਿਆਰ ਨਕਾਰਾ ਕਰ ਦਿੱਤੇ ਅਤੇ ਮੁਖ਼ਬਰੀ ਕਰਕੇ ਇਨ੍ਹਾਂ ਨੂੰ ਪਿੰਡ ਵਿਚ ਘੇਰਾ ਪਵਾ ਦਿੱਤਾ। ਬੱਬਰਾਂ ਨੇ ਬਿਨ੍ਹਾਂ ਹਥਿਆਰਾਂ ਤੋਂ ਵੀ ਪੁਲਿਸ ਨੂੰ ਡਰਾ ਦਿੱਤਾ ਪਰ ਅੰਗਰੇਜ਼ ਅਫ਼ਸਰ ਜਾਣਦੇ ਸਨ ਕਿ ਇਨ੍ਹਾਂ ਦੇ ਹਥਿਆਰ ਨਕਾਰਾ ਹੋ ਚੁੱਕੇ ਹਨ। ਇਸ ਲਈ ਉਨ੍ਹਾਂ ਨੇ ਇਨ੍ਹਾਂ ਬੱਬਰਾਂ 'ਤੇ ਹਮਲਾ ਕਰ ਦਿੱਤਾ। ਬੱਬਰਾਂ ਨੇ ਬਚਾਅ ਲਈ ਛੱਪੜ ਦੇ ਵਿਚ ਛਾਲਾਂ ਮਾਰ ਦਿੱਤੀਆਂ। ਪੁਲਸ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤੇ। ਇਨ੍ਹਾਂ ਦੀ ਕੁਰਬਾਨੀ 'ਤੇ ਸੁੰਦਰ ਸਿੰਘ ਬੱਬਰ ਲਿਖਦਾ ਹੈ:

ਧੰਨ ਹਨ ਇਹ ਬੱਬਰ ਸ਼ਹੀਦ।
ਜਿਨ੍ਹਾਂ ਨੇ ਆਪਣੇ ਪ੍ਰਾਣਾਂ ਨੂੰ ਸਿਰ ਦੇ ਕੇ ਨਿਭਾਇਆ,
ਸ਼ਹੀਦੀਆਂ ਪ੍ਰਾਪਤ ਕਰਕੇ ਅਮਰ ਹੋ ਗਏ।
ਲਾਹਨਤ ਹੈ ਅਨੂਪ ਸਿੰਘ ਗੱਦਾਰ ਨੂੰ
ਜਿਹੜਾ ਜਿਊਂਦਾ ਹੀ ਮਰ ਗਿਆ,
ਸਦਾ ਲਈ ਮਰ ਗਿਆ।[157]

ਬੱਬਰ ਆਪਣੇ ਪ੍ਰਣ ਅਤੇ ਵਚਨਾਂ ਦੇ ਪੱਕੇ ਸਨ। ਇਸ ਗੱਲ ਦੀ ਪੁਸ਼ਟੀ ਧੰਨਾ ਸਿੰਘ ਦੀ ਸ਼ਹਾਦਤ ਕਰਦੀ ਹੈ। ਉਸ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ ਜਿਉਂਦੇ ਜੀਅ ਅੰਗਰੇਜ਼ ਸਰਕਾਰ ਦੇ ਹੱਥ ਨਹੀਂ ਆਵੇਗਾ। ਅੰਗਰੇਜ਼ਾਂ ਦਾ ਪਿੱਠੂ ਕਰਮ ਸਿੰਘ ਉਸਦਾ ਵਿਸ਼ਵਾਸ ਜਿੱਤਣ ਵਿਚ ਸਫ਼ਲ ਹੋ ਗਿਆ ਅਤੇ ਉਸਨੂੰ ਆਪਣੇ ਘਰ ਬੁਲਾ ਕੇ ਪੁਲਿਸ ਦੇ ਹੱਥੋਂ ਗ੍ਰਿਫ਼ਤਾਰ ਕਰਵਾ ਦਿੱਤਾ। ਪੁਲਸ ਨੇ ਧੰਨਾ ਸਿੰਘ ਨੂੰ ਸੁੱਤੇ ਪਏ ਨੂੰ ਬੁਰੀ ਤਰ੍ਹਾਂ ਜਕੜ ਲਿਆ। ਅੰਗਰੇਜ਼ ਅਫ਼ਸਰ ਹੌਰਟਨ ਕਹਿਣ ਲੱਗਾ ਕਿ ਤੂੰ ਕਿਹਾ ਸੀ ਕਿ 'ਮੈਨੂੰ ਕੋਈ ਜਿੰਦਾ ਨਹੀਂ ਪਕੜ ਸਕਦਾ' ਜਿਉਂ ਹੀ ਹੌਰਟਨ ਉਸ ਦੀਆਂ ਅੱਖਾਂ 'ਤੇ ਰੁਮਾਲ ਬੰਨ੍ਹਣ ਲੱਗਾ ਤਾਂ ਉਸ ਨੇ ਝਟਕਾ ਮਾਰ ਕੇ ਸਿਪਾਹੀਆਂ ਨੂੰ ਹੇਠਾਂ ਸੁੱਟ ਦਿੱਤਾ ਅਤੇ ਆਪਣੀ ਬਾਂਹ ਜੇਬ ਵਿਚ ਪਏ ਬੰਬ 'ਤੇ ਮਾਰ ਦਿੱਤੀ। ਬੱਬਰ ਦਾ ਸੱਜਾ ਪਾਸਾ ਬਿਲਕੁਲ ਉਡ ਗਿਆ ਪਰ ਇਸ ਵਿਚ ਹੌਰਟਨ ਸਮੇਤ ਨੌਂ ਅੰਗਰੇਜ਼ ਪੁਲਸੀਏ ਮਾਰੇ ਗਏ।[158] ਧੰਨਾ ਸਿੰਘ ਆਪਣਾ ਪ੍ਰਣ ਆਪਣੇ ਸੁਆਸਾਂ ਸੰਗ ਨਿਭਾਉਂਦਿਆਂ ਨੌਂ ਅੰਗਰੇਜ਼ ਅਧਿਕਾਰੀਆਂ ਨੂੰ ਨਾਲ ਲੈ ਕੇ ਮਰਿਆ। ਇਸ ਨਾਲ ਬੱਬਰਾਂ ਦੀ ਇੰਨੀ ਧਾਕ ਬਣ ਗਈ ਕਿ ਇਨ੍ਹਾਂ ਨੂੰ ਜਿਉਂਦੇ ਫ਼ੜਨ ਦਾ ਕੋਈ ਹੌਸਲਾ ਨਹੀਂ

---

[156] ਬੱਬਰ, *ਇਤਿਹਾਸ ਬੱਬਰ ਅਕਾਲੀ ਲਹਿਰ,* ਪੰਨਾ-89

[157] ਉਹੀ, ਪੰਨਾ-130

[158] ਉਹੀ, ਪੰਨਾ-136

ਸੀ ਕਰਦਾ। ਮੁੰਡੇਰ ਪਿੰਡ ਦੇ ਜਗਤ ਸਿੰਘ ਨੇ ਬੱਬਰਾਂ ਦਾ ਹਮਦਰਦ ਬਣ ਕੇ ਉਨ੍ਹਾਂ ਨੂੰ ਪੁਲਿਸ ਹੱਥੋਂ ਫੜਵਾਉਣ ਲਈ ਗੱਦਾਰੀ ਕੀਤੀ। ਉਸ ਨੇ ਆਪਣੇ ਘਰ ਬੁਲਾ ਕੇ ਬੱਬਰਾਂ ਨੂੰ ਪੁਲਸ ਵੱਲੋਂ ਘੇਰਾ ਪਵਾ ਦਿੱਤਾ। 12 ਦਸੰਬਰ 1923 ਨੂੰ ਬੰਤਾ ਸਿੰਘ ਅਤੇ ਜੁਆਲਾ ਸਿੰਘ ਸਮੇਤ ਵਰਿਆਮ ਸਿੰਘ ਨੂੰ ਚੁਬਾਰੇ ਵਿਚ ਪੁਲਿਸ ਨੇ ਅੱਗ ਲਾ ਦਿੱਤੀ। ਇਸ ਸਮੇਂ ਬੱਬਰ ਪੁਲਸ ਨਾਲ ਮੁਕਾਬਲੇ ਕਰਦੇ ਹੋਏ ਸ਼ਹੀਦ ਹੋ ਗਏ।[159]

ਪੁਲਿਸ ਨੇ ਬਾਬੂ ਬੰਤਾ ਸਿੰਘ ਦੀ ਕੁੱਟਮਾਰ ਕਰ ਕੇ ਬੱਬਰਾਂ ਦੇ ਟਿਕਾਣੇ ਪਤਾ ਕਰ ਲਏ। ਬੱਬਰਾਂ ਨੂੰ ਫੜ੍ਹ ਕੇ ਲੁੱਟਮਾਰ, ਬਗਾਵਤ ਤੇ ਕਤਲ ਦੇ ਦੋਸ਼ ਲਗਾਏ ਗਏ। ਇੱਕ ਮੁਕੱਦਮੇ ਵਿਚ 62 ਦੋਸ਼ੀ ਸਨ। ਇਸ ਕੇਸ ਦੀ ਪਹਿਲੀ ਪੇਸ਼ੀ 15-8-1924 ਨੂੰ ਪਈ। ਇਕ ਹੋਰ ਕੇਸ ਵਿਚ 36 ਦੋਸ਼ੀਆਂ ਦਾ ਚਲਾਨ 29-1-1924 ਨੂੰ ਪੇਸ਼ ਹੋਇਆ। ਇਨ੍ਹਾਂ ਵਿਚੋਂ ਪੰਜ ਵਾਅਦਾ ਮੁਆਫ਼ ਗਵਾਹ ਬਣ ਗਏ। 5 ਨੂੰ ਫ਼ਾਂਸੀ, 34 ਬਰੀ, 49 ਨੂੰ ਵੱਖ-ਵੱਖ ਸਜ਼ਾਵਾਂ ਹੋਈਆਂ। ਇਕ ਹੋਰ ਕੇਸ ਵਿਚ 19 ਜਨਵਰੀ 1926 ਨੂੰ 6 ਨੂੰ ਫ਼ਾਂਸੀ ਹੋ ਗਈ। 42 ਨੂੰ ਵੱਖ-ਵੱਖ ਸਜ਼ਾਵਾਂ, 40 ਬਰੀ ਕਰ ਦਿੱਤੇ ਗਏ।[160] 27 ਫਰਵਰੀ 1926 ਨੂੰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਦਲੀਪ ਸਿੰਘ ਧਾਮੀਆਂ, ਧਰਮ ਸਿੰਘ ਹਯਾਤਪੁਰ, ਕਰਮ ਸਿੰਘ ਮਾਣਕੇ, ਨੰਦ ਸਿੰਘ ਘੜਿਆਲ ਨੂੰ ਮੌਤ ਦੀ ਸਜ਼ਾ ਹੋਈ। ਜਥੇਦਾਰ ਕਿਸ਼ਨ ਸਿੰਘ ਫ਼ਾਂਸੀ ਲੱਗਣ ਵਾਲੀ ਰਾਤ ਆਪਣੀ ਕਾਲ ਕੋਠੜੀ ਵਿਚ ਇਵੇਂ ਬੋਲੇ ਕਿ ਸਾਡੇ ਧੰਨ ਭਾਗ ਹਨ ਕਿ ਸਾਨੂੰ ਦੇਸ਼ ਦੀ ਸੁਤੰਤਰਤਾ ਦੇ ਇਨਕਲਾਬ ਵਿਚ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਦੇਸ਼ ਦੇ ਗ਼ੱਦਾਰਾਂ ਨੇ ਬੱਬਰਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਸੁਤੰਤਰਤਾ ਲਈ ਹੁੰਦੇ ਹਥਿਆਰਬੰਦ ਖ਼ੂਨੀ ਸੰਘਰਸ਼ ਦਾ ਅੰਤ ਕਰਨ ਵਿਚ ਕੋਈ ਕਸਰ ਨਾ ਛੱਡੀ ਗਈ। ਮਹਾਰਾਜਾ ਰਣਜੀਤ ਸਿੰਘ ਦਾ ਵੀ ਸੁਤੰਤਰ ਸਿੱਖ ਰਾਜ ਗੱਦਾਰਾਂ ਦੀ ਭੇਂਟ ਚੜ੍ਹਿਆ ਸੀ ਇਸੇ ਤਰ੍ਹਾਂ ਇਹ ਲਹਿਰ ਵੀ ਗੱਦਾਰਾਂ ਦੀ ਭੇਟ ਚੜ੍ਹ ਗਈ। ਦੇਸ਼ ਦੀ ਸੁਤੰਤਰਤਾ ਅੰਦੋਲਨ ਲਈ ਇਹ ਲਹਿਰ ਇਕ ਮੀਲ ਪੱਥਰ ਸਾਬਤ ਹੋਈ।

ਬੱਬਰ ਅਕਾਲੀ ਲਹਿਰ ਦੀ ਦੇਸ਼ ਭਗਤੀ, ਆਪਾ-ਵਾਰਨ ਦੀ ਸ਼ਕਤੀ ਤੇ ਸਰਕਾਰ-ਦੇ ਪਿੱਠੂਆਂ ਤੇ ਝੋਲੀ ਚੁੱਕਾਂ ਨੂੰ ਵੰਗਾਰਨ ਦੀ ਸ਼ਕਤੀ, ਅੱਜ ਤੱਕ ਜੁਝਾਰੂ ਲਹਿਰਾਂ ਦਾ ਆਦਰਸ਼ ਬਣੀ ਹੋਈ ਹੈ। ਬੱਬਰ ਅਕਾਲੀ ਲਹਿਰ ਦੇ ਕਾਰਨਾਮਿਆਂ ਤੋਂ ਡਰ ਕੇ ਹੀ ਸਰਕਾਰ ਨੇ ਗੁਰੂ ਕੇ ਬਾਗ ਵੇਲੇ ਅਕਾਲੀ ਆਗੂਆਂ ਨੂੰ ਰਿਹਾਅ ਕਰ ਦਿੱਤਾ ਤੇ ਗੁਰਦੁਆਰਾ ਐਕਟ ਪ੍ਰਾਪਤ ਕਰਨ ਵਿਚ ਸਫ਼ਲਤਾ ਮਿਲੀ। ਸਾਰੀਆਂ ਕ੍ਰਾਂਤੀਕਾਰੀ ਲਹਿਰਾਂ ਨੇ ਇਸਦਾ ਪ੍ਰਭਾਵ ਕਬੂਲਿਆ। ਭਗਤ ਸਿੰਘ ਵੀ ਇਸੇ ਲਹਿਰ ਦੀ ਉਪਜ ਸੀ। ਭਗਤ ਸਿੰਘ ਨੇ 15 ਮਾਰਚ 1926 ਨੂੰ ਪਰਤਾਪ ਅਖ਼ਬਾਰ, ਕਾਨਪੁਰ ਵਿਚ ਇਕ ਲੇਖ "ਲਹੂ ਕੇ ਛੀਟੇ" ਲਿਖ ਕੇ ਬੱਬਰਾਂ ਦੀ

---

[159] ਬੱਬਰ, *ਇਤਿਹਾਸ ਬੱਬਰ ਅਕਾਲੀ ਲਹਿਰ,* ਪੰਨਾ-140

[160] ਉਹੀ, ਪੰਨਾ-171 ਤੋਂ 178

ਸ਼ਹਾਦਤ ਨੂੰ ਸਿਰ ਨਿਵਾਇਆ। ਇਸ ਤਰ੍ਹਾਂ ਸਿੱਖ ਰਾਜਨੀਤਿਕ ਵਿਚਾਰਧਾਰਾ ਦਾ ਪ੍ਰਭਾਵ ਬੱਬਰ ਅਕਾਲੀ ਲਹਿਰ, ਸੁਤੰਤਰਤਾ ਸੰਗਰਾਮ ਤੇ ਪੰਜਾਬੀ ਜੀਵਨ 'ਤੇ ਸਪਸ਼ਟ ਦਿਖਾਈ ਦੇਂਦਾ ਹੈ। ਬੱਬਰ ਅਕਾਲੀ ਲਹਿਰ ਜੁਰਅਤ, ਅਣਖ ਤੇ ਪੰਜਾਬੀ ਸੂਰਮਗਤੀ ਤੇ ਬਲੀਦਾਨ ਦਾ ਅਦੁੱਤੀ ਕਾਂਡ ਹੈ।

**ਬੱਬਰ ਅਕਾਲੀ ਲਹਿਰ ਦਾ ਸੁਤੰਤਰਤਾ ਲਈ ਯੋਗਦਾਨ**

ਬੱਬਰ ਅਕਾਲੀ ਲਹਿਰ ਦੇਸ਼ ਦੇ ਸੁਤੰਤਰਤਾ ਅੰਦੋਲਨ ਲਈ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਸੀ। ਇਸ ਲਹਿਰ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਵਿਹਾਰਕਤਾ ਪ੍ਰਦਾਨ ਕੀਤੀ। ਇਸ ਲਹਿਰ ਦਾ ਜਨਮ ਉਦੋਂ ਹੋਇਆ ਜਦੋਂ ਗੁਰਦੁਆਰਿਆਂ ਦੇ ਸੁਧਾਰ ਲਈ ਸ਼ਾਂਤਮਈ ਅਕਾਲੀ ਸੰਗਰਾਮ ਇਕ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਸੀ। ਪੰਜਾਬੀਆਂ ਦੀ ਜੁਝਾਰੂ ਆਤਮਾ ਜਿਹੜੀ ਗ਼ਦਰ ਲਹਿਰ ਦੇ ਦਮਨ ਪਿੱਛੋਂ ਸੁੱਤੀ ਪਈ ਸੀ ਉਸ ਸਮੇਂ ਮੁੜ ਜਾਗ ਉੱਠੀ। ਅਕਾਲੀ ਸੁਧਾਰਕਾਂ ਦੇ ਗਰਮ-ਖ਼ਿਆਲ ਹਲਕੇ ਨੇ ਸ਼ਾਂਤਮਈ ਰਹਿ ਕੇ ਤਸੀਹੇ ਸਹਿਣ ਦੀ ਗਾਂਧੀਵਾਦੀ ਵਿਚਾਰਧਾਰਾ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਵੱਖ-ਵੱਖ ਜੁਝਾਰੂ ਦਲਾਂ ਵਿਚ ਜਥੇਬੰਦ ਕੀਤਾ। ਇਹ ਪਹਿਲਾਂ ਚੱਕਰਵਰਤੀ ਦਲਾਂ ਵਜੋਂ ਪ੍ਰਸਿੱਧ ਹੋਏ ਤੇ ਬਾਅਦ ਵਿਚ ਬੱਬਰ ਅਕਾਲੀ ਜਥਿਆਂ ਵਜੋਂ ਜਾਣੇ ਜਾਣ ਲੱਗੇ।[161] ਜਦੋਂ ਅਕਾਲੀ ਲਹਿਰ ਮਜ਼ਬੂਤ ਤੇ ਹਰਮਨ ਪਿਆਰੀ ਹੋ ਗਈ ਤਾਂ ਪੰਜਾਬ ਸਰਕਾਰ ਇਸ ਲਹਿਰ ਨੂੰ ਕੁਚਲਣ ਲਈ ਮਹੰਤਾਂ ਦੀ ਹਿਮਾਇਤ ਕਰਨ ਲੱਗ ਪਈ ਜਿਸ ਕਾਰਨ ਨਨਕਾਣਾ ਸਾਹਿਬ, ਤਰਨਤਾਰਨ ਤੇ ਗੁਰੂ ਕੇ ਬਾਗ ਦੇ ਮਹੰਤਾਂ ਨੇ ਗੱਲਬਾਤ ਕਰਨ ਦਾ ਵਤੀਰਾ ਛੱਡ ਦਿੱਤਾ ਅਤੇ ਪੁਰਜੋਸ਼ ਸੁਧਾਰਕਾਂ ਨੂੰ ਖ਼ਤਮ ਕਰਨ ਦੀਆਂ ਜ਼ੋਰਦਾਰ ਤਿਆਰੀਆਂ ਆਰੰਭ ਦਿੱਤੀਆਂ।

ਬੱਬਰ ਲਹਿਰ ਦੇ ਆਗੂਆਂ ਦੁਆਰਾ ਕਈ ਜੁੱਟ ਤਿਆਰ ਕਰਕੇ ਬੱਬਰ ਅਕਾਲੀ ਜਥੇ ਰੱਖਣ ਦਾ ਫ਼ੈਸਲਾ ਵੀ ਕੀਤਾ ਗਿਆ। ਇਹਨਾਂ ਨੇ ਅਕਾਲੀਆਂ ਨੂੰ ਵੀ ਸ਼ਾਂਤਮਈ ਮੱਤ ਤਿਆਗ ਕੇ ਬਗਾਵਤ ਕਰਨ, ਵਿਦੇਸ਼ੀਆਂ ਨੂੰ ਕਤਲ ਕਰਨ ਅਤੇ ਆਜ਼ਾਦ ਸਰਕਾਰ ਕਾਇਮ ਕਰਨ ਦਾ ਸੱਦਾ ਦਿੱਤਾ। ਬੱਬਰਾਂ ਨੇ ਦੁਵਰਕੀ ਵਿਚ ਵੀ ਫ਼ੌਜੀਆਂ ਨੂੰ ਆਪਣੇ ਯੂਰਪੀ ਅਫ਼ਸਰਾਂ ਨੂੰ ਕਤਲ ਕਰਨ ਲਈ ਉਕਸਾਇਆ ਸੀ।[162] ਅਕਾਲੀ ਲਹਿਰ ਵਿਚ ਕੁਝ ਆਗੂ ਅਜਿਹੇ ਸਨ ਜੋ ਬਰਤਾਨਵੀ ਸਾਮਰਾਜੀ ਨੀਤੀਆਂ ਅਤੇ ਲੋਕ ਲਹਿਰਾਂ ਨੂੰ ਕੁਚਲਣ ਲਈ ਉਹਨਾਂ ਦੇ ਕਦਮਾਂ ਤੋਂ ਬਹੁਤ ਦੁਖੀ ਵਿਚ ਸਨ। ਉਹ ਕਾਂਗਰਸੀ ਆਗੂਆਂ ਅਤੇ ਗਾਂਧੀ ਦੇ ਨਾ-ਮਿਲਵਰਤਨ ਦੇ ਹਥਿਆਰ ਤੋਂ ਵੀ ਖੁਸ਼ ਨਹੀਂ ਸਨ। ਸ਼ਾਂਤਮਈ ਸੰਘਰਸ਼ ਅਤੇ ਗਾਂਧੀਵਾਦੀ ਹਥਿਆਰ ਨੂੰ ਗ਼ੈਰ ਅਮਲੀ ਜਾਣ ਕੇ ਰੱਦ ਕਰਦਿਆਂ ਇਹਨਾਂ ਉਤਸ਼ਾਹੀਆਂ ਨੇ ਵੱਖਰੀ ਜੁਝਾਰੂ ਲਹਿਰ ਜਥੇਬੰਦ ਕਰਨ ਲਈ ਭਾਰੂ

---

161 ਬੱਬਰ, *ਬੱਬਰ ਅਕਾਲੀ ਲਹਿਰ,* ਪੰਨਾ-83

162 ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਪੰਨਾ-120

ਅਕਾਲੀ ਆਗੂਆਂ ਨਾਲੋਂ ਨਾਤਾ ਤੋੜ ਲੈਣ ਦਾ ਫ਼ੈਸਲਾ ਕਰ ਲਿਆ। ਬੱਬਰਾਂ ਦੀਆਂ ਯੋਜਨਾਵਾਂ ਦੇਖ ਕੇ ਅਕਾਲੀਆਂ ਨੇ ਭਾਵੇਂ ਸਿੱਖਾਂ ਨੂੰ ਇਹਨਾਂ ਨਾਲੋ ਨਾਤਾ ਤੋੜ ਲੈਣ ਦਾ ਹੁਕਮ ਕੀਤਾ ਪਰ ਬੱਬਰਾਂ ਨੇ ਕਤਲਾਂ ਰਾਹੀਂ ਸੁਧਾਰ ਦਾ ਆਪਣਾ ਪ੍ਰੋਗਰਾਮ ਜਾਰੀ ਰੱਖਿਆ। ਬੱਬਰ ਆਗੂਆਂ ਨੇ ਪੇਂਡੂ ਜਨ ਸਮੂਹ ਨੂੰ ਜਾਗ੍ਰਿਤ ਕਰਨ ਅਤੇ ਬੱਬਰਾਂ ਦੇ ਉਦੇਸ਼ ਲਈ ਹਮਦਰਦੀ ਹਾਸਲ ਕਰਨਾ ਜ਼ਰੂਰੀ ਸਮਝਿਆ। ਇਸੇ ਹੀ ਆਸ਼ੇ ਨਾਲ ਉਨ੍ਹਾਂ ਨਵੰਬਰ 1921 ਵਿਚ ਜਥਾ ਸੰਗਠਿਤ ਕੀਤਾ ਜੋ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿਚ ਗਿਆ ਅਤੇ ਲੋਕਾਂ ਨੂੰ ਬਰਤਾਨਵੀ ਸਰਕਾਰ ਦੇ ਖਿਲਾਫ਼ ਉਤੇਜਿਤ ਕੀਤਾ। ਇਹ ਵੀ ਵਿਉਂਤਿਆ ਗਿਆ ਕਿ ਨੌਕਰਸ਼ਾਹੀ ਦੇ ਹਮਾਇਤੀਆਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਜਾਏ। ਇਸੇ ਤਹਿਤ ਜੀਂਦ ਰਿਆਸਤ ਵਿਚ ਲੱਗੇ ਇਕ ਮੇਲੇ ਵਿਚ ਕਿਸ਼ਨ ਸਿੰਘ ਮਸਤਾਨਾ ਨੇ ਗੁਰੂ ਗੋਬਿੰਦ ਸਿੰਘ ਦੇ ਜ਼ਫ਼ਰਨਾਮੇ ਦਾ ਹਵਾਲਾ ਦੇਂਦਿਆਂ ਇਹ ਐਲਾਨ ਕੀਤਾ ਕਿ ਜਦੋਂ ਸ਼ਾਂਤਮਈ ਸਾਧਨਾ ਨਾਲ ਉਦੇਸ਼ ਦੀ ਪੂਰਤੀ ਨਾ ਹੋਵੇ ਤਾਂ ਹਥਿਆਰ ਚੁੱਕਣਾ ਜਾਇਜ਼ ਹੈ। ਇਸੇ ਦੀਵਾਨ ਵਿਚ ਕਰਮ ਸਿੰਘ ਬੱਬਰ ਨੇ ਪੰਜਾਬੀਆਂ ਦੀ ਜੁਝਾਰੂ ਬਿਰਤੀ ਲਈ ਹੇਠ ਲਿਖੀ ਕਵਿਤਾ ਪੜ੍ਹੀ:

ਖੰਡਾ ਪਕੜੋ ਸ਼ੇਰੋ ਆਖੇ ਬੱਬਰ ਵੰਗਾਰ।
ਖੰਡਾ ਪਕੜ ਸ੍ਹਾਣ 'ਤੇ ਲਾਓ, ਤੇਜ਼ ਕਰੋ ਦੋਧਾਰ।
ਬਿਨ ਖੰਡੇ ਨਾ ਮਿਲੇ ਆਜ਼ਾਦੀ ਕਹਿੰਦਾ ਬੱਬਰ ਵੰਗਾਰ।[163]

ਬੱਬਰਾਂ ਨੇ ਪੰਜਾਬ ਵਿਚ ਨੌਕਰਸ਼ਾਹੀ ਤੇ ਇਸਦੇ ਹਿਮਾਇਤੀਆਂ ਵਿਚ ਖ਼ੌਫ਼ ਪੈਦਾ ਕਰਕੇ ਅਕਾਲੀ ਆਗੂਆਂ ਦੀ ਸੌਦਾ ਕਰਨ ਦੀ ਤਾਕਤ ਵਧਾਈ ਅਤੇ ਇਸ ਨੇ ਸਰਕਾਰ ਨੂੰ ਉਹਨਾਂ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਕੀਤਾ। ਬੱਬਰਾਂ ਨੇ ਨਨਕਾਣੇ ਦੇ ਸਾਕੇ ਲਈ ਜ਼ਿੰਮੇਵਾਰ ਲੋਕਾਂ ਨੂੰ ਕਤਲ ਕਰਨ ਦੀ ਯੋਜਨਾ ਦਾ ਐਲਾਨ ਕਰਕੇ ਅਤੇ ਸੂਬੇ ਦੇ ਅਧਿਕਾਰੀਆਂ ਦੀ ਮਦਦ ਕਰਨ ਵਾਲੇ ਕੁਝ ਵਫ਼ਾਦਾਰ ਬੰਦਿਆਂ ਦਾ ਕਤਲ ਕਰਕੇ ਪਿੰਡਾਂ ਦੇ ਸਵਾਰਥੀ ਹਿਤਾਂ ਵੱਲੋਂ ਅਕਾਲੀ ਲਹਿਰ ਦੇ ਵਿਰੋਧ ਨੂੰ ਕਮਜ਼ੋਰ ਕਰਨ ਵਿਚ ਹਿੱਸਾ ਪਾਇਆ। ਇਸ ਤਰ੍ਹਾਂ ਬੱਬਰ ਅਕਾਲੀ ਲਹਿਰ ਨੇ ਸਿੱਖ ਰਾਜਨੀਤਿਕ ਵਿਚਾਰਧਾਰਾ ਨੂੰ ਵਿਹਾਰਕਤਾ ਪ੍ਰਦਾਨ ਕੀਤੀ ਅਤੇ ਦੇਸ਼ ਦੇ ਸੁਤੰਤਰਤਾ ਅੰਦੋਲਨ ਦੌਰਾਨ ਵੀਹਵੀਂ ਸਦੀ ਵਿਚ ਹਥਿਆਰਬੰਦ ਸੰਘਰਸ਼ ਦਾ ਬਿਗਲ ਵੱਜਿਆ। ਸੁਤੰਤਰਤਾ ਦੇ ਇਸ ਸੰਘਰਸ਼ ਦੌਰਾਨ 20 ਜਨਵਰੀ 1935 ਨੂੰ ਸੇਵਾ ਸਿੰਘ ਠੀਕਰੀਵਾਲਾ ਨੇ ਮਹਾਰਾਜਾ ਭੁਪਿੰਦਰ ਸਿੰਘ ਦੀ ਜੇਲ੍ਹ ਵਿਚ 9 ਮਹੀਨਿਆਂ ਦੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦੀ ਪਾਈ। ਉਨ੍ਹਾਂ ਦੇ ਬਲੀਦਾਨ ਦੀ ਮਿਸਾਲ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਮਿਲਣੀ ਮੁਸ਼ਕਿਲ ਹੈ। ਉਸਨੇ ਪੰਜਾਬ ਅਤੇ ਹਰਿਆਣਾ ਦੀਆਂ ਰਿਆਸਤਾਂ ਵਿਚ ਕੌਮੀ ਜਾਗ੍ਰਿਤੀ ਪੈਦਾ ਕੀਤੀ ਅਤੇ ਸੈਂਕੜੇ ਨੌਜਵਾਨਾਂ ਨੂੰ ਸੁਤੰਤਰਤਾ ਦੇ ਘੋਲ ਵਿਚ ਕੁੱਦਣ

[163] ਬੱਬਰ, *ਬੱਬਰ ਅਕਾਲੀ ਲਹਿਰ*, ਪੰਨਾ-88

ਅਤੇ ਕੁਰਬਾਨ ਹੋਣ ਲਈ ਪ੍ਰੇਰਿਤ ਕੀਤਾ। ਅਕਾਲੀ ਲਹਿਰ ਦੌਰਾਨ ਵੀ ਸਿੱਖ ਉਸੇ ਮਾਨਸਿਕਤਾ ਵਿਚ ਸਨ ਜਿਸ ਤਰ੍ਹਾਂ ਉਨ੍ਹਾਂ ਨੇ ਮੁਗ਼ਲ ਅਤੇ ਅਫ਼ਗਾਨ ਰਾਜ ਦੀਆਂ ਜੜ੍ਹਾਂ ਪੁੱਟ ਕੇ ਸੁਤੰਤਰਤਾ ਹਾਸਲ ਕੀਤੀ ਸੀ। ਇਸ ਸਮੇਂ ਵੀ ਸਿੱਖਾਂ ਨੇ ਸਿਰੜ ਨਿਭਾਇਆ। ਸਿੱਖਾਂ ਨੂੰ ਸੰਘਰਸ਼ ਅਤੇ ਸ਼ਹਾਦਤਾਂ ਵਿਰਸੇ ਵਿਚ ਹੀ ਮਿਲੀਆਂ ਸਨ ਇਵੇਂ ਹੀ ਅਕਾਲੀ ਸ਼ਬਦ ਵੀ ਇਨ੍ਹਾਂ ਲਈ ਕੋਈ ਨਵਾਂ ਨਹੀਂ ਸੀ। ਜੇ. ਐਸ. ਗਰੇਵਾਲ ਅਨੁਸਾਰ:

> 'ਅਕਾਲੀ' ਸ਼ਬਦ ਦੀਆਂ ਜੜਾਂ ਸਿੱਖ ਧਰਮ ਸ਼ਾਸਤਰ ਤੇ ਸਿੱਖ ਇਤਿਹਾਸ ਵਿਚ ਹਨ। ਇਸ ਸ਼ਬਦ ਨਾਲ ਗੁਰੂ ਨਾਨਕ ਸਾਹਿਬ ਦੇ ਸਿੱਖ ਦਾ ਖ਼ਿਆਲ ਉੱਭਰਨ ਲੱਗਦਾ ਹੈ। ਗੁਰੂ ਨਾਨਕ ਦੇ ਸਿੱਖ ਦਾ ਪਰਮਾਤਮਾ 'ਅਕਾਲ' ਅਰਥਾਤ ਸਮੇਂ ਦੀ ਸੀਮਾ ਤੋਂ ਪਾਰ ਸੀ। 'ਅਕਾਲੀ' ਸ਼ਬਦ ਨਾਲ ਗੁਰੂ ਗੋਬਿੰਦ ਸਿੰਘ ਦੇ ਸੂਰਬੀਰ ਸਿੰਘਾਂ ਦੀ ਯਾਦ ਆ ਜਾਂਦੀ ਹੈ ਜਿਨ੍ਹਾਂ ਨੇ ਅਠ੍ਹਾਰਵੀਂ ਸਦੀ ਦੇ ਪੰਜਾਬ ਵਿਚ ਸੁਤੰਤਰ ਰਾਜ ਕਾਇਮ ਕੀਤਾ।[164]

ਡਾ. ਰਤਨ ਸਿੰਘ ਜੱਗੀ ਅਨੁਸਾਰ ਅਕਾਲੀ ਉਨ੍ਹਾਂ ਸਿੱਖਾਂ ਨੂੰ ਕਿਹਾ ਜਾਣ ਲੱਗਿਆ ਜੋ ਮੌਤ ਤੋਂ ਨਿਡਰ, ਮਾਇਆ ਤੋਂ ਨਿਰਲੇਪ ਅਤੇ ਧਰਮ ਦੀ ਮਰਯਾਦਾ ਦੀ ਰੱਖਿਆ ਲਈ ਸ਼ਹੀਦੀ ਪਾਉਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਇਸ ਪ੍ਰਕਾਰ ਦੇ ਆਤਮ-ਉਤਸਰਗੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ 'ਅਕਾਲੀ' ਕਿਹਾ ਜਾਣ ਲੱਗਾ।[165]

## ਅਕਾਲੀ ਅਖ਼ਬਾਰ

ਪੰਜਾਬੀ ਲਿਖਤਾਂ ਵਿਚੋਂ ਵੀ ਅਕਾਲੀ ਅਖ਼ਬਾਰ ਨੇ ਸਿੱਖ ਰਾਜਸੀ ਵਿਚਾਰਧਾਰਾ ਦੀ ਪਹਿਰੇਦਾਰੀ ਕੀਤੀ। ਅਕਾਲੀ ਅਖ਼ਬਾਰ ਨੇ ਸਿੱਖਾਂ ਨੂੰ ਜਗਾਉਣ ਅਤੇ ਗੁਰਦੁਆਰਾ ਸੁਧਾਰ ਅਤੇ ਦੇਸ਼ ਦੀ ਸੁਤੰਤਰਤਾ ਵਿਚ ਕਾਫ਼ੀ ਯੋਗਦਾਨ ਪਾਇਆ। ਇਸ ਅਖ਼ਬਾਰ ਦੀਆਂ ਲਿਖਤਾਂ ਅਤੇ ਖ਼ਬਰਾਂ ਦੁਆਰਾ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਬੈਠੇ ਸਿੱਖਾਂ ਨੂੰ ਅੰਗਰੇਜ਼ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀਆਂ ਰਾਜਸੀ ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਰਹਿੰਦੀ ਸੀ। ਇਸ ਤਰ੍ਹਾਂ ਲੋਕ ਜਾਗਰੂਕ ਹੋ ਕੇ ਅਕਾਲੀ ਲਹਿਰ ਨਾਲ ਜੁੜਦੇ ਗਏ। ਜੋਸ਼ ਅਨੁਸਾਰ ਅਕਾਲੀ ਅਖ਼ਬਾਰ ਨੇ ਸਿੱਖਾਂ ਲਈ ਹੇਠ ਲਿਖੇ ਪ੍ਰੋਗਰਾਮ ਉਲੀਕੇ:

(ੳ) ਗੁਰਦੁਆਰਿਆਂ ਨੂੰ ਸਿੱਖਾਂ ਦੇ ਜਮਹੂਰੀ ਪ੍ਰਬੰਧ ਥੱਲੇ ਲਿਆਉਣਾ।
(ਅ) ਖਾਲਸਾ ਕਾਲਜ ਨੂੰ ਸਰਕਾਰੀ ਪ੍ਰਬੰਧ ਦੇ ਕੰਟਰੋਲ ਤੋਂ ਮੁਕਤ ਕਰਕੇ ਸਿੱਖਾਂ ਦੀ ਜਮਹੂਰੀਅਤ ਅਧੀਨ ਲਿਆਉਣਾ।
(ੲ) ਸਿੱਖ ਜਨਤਾ ਵਿਚ ਕੌਮੀ ਜਾਗ੍ਰਿਤੀ ਪੈਦਾ ਕਰਕੇ ਦੇਸ਼ ਦੀ ਸੁਤੰਤਰਤਾ ਲਈ ਉਤਸ਼ਾਹਿਤ ਕਰਨਾ।
(ਸ) ਪੰਚਾਇਤੀ ਅਸੂਲਾਂ ਮੁਤਾਬਿਕ ਸਿੱਖਾਂ ਦੀ ਪ੍ਰਤਿਨਿਧ ਜਥੇਬੰਦੀ ਬਣਾਉਣੀ।[166]

---

[164] ਅਕਾਲੀਆਂ ਦੇ 75 ਸਾਲ, ਪੰਨਾ- 13

[165] *ਸਿੱਖ ਪੰਥ ਵਿਸ਼ਵ-ਕੋਸ਼ (ਭਾਗ-ਪਹਿਲਾ)*, ਪੰਨਾ-33

[166] *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ-23.

ਸਤਿਆ. ਐਮ. ਰਾਏ ਅਨੁਸਾਰ ਅਕਾਲੀ ਅੰਦੋਲਨ ਲਗਭਗ ਚਾਰ ਸਾਲ ਚੱਲਿਆ। ਇਸ ਦੀਆਂ ਕੁਰਬਾਨੀਆਂ ਬੇ-ਮਿਸਾਲ ਹਨ। 30,000 ਹਜ਼ਾਰ ਗ੍ਰਿਫ਼ਤਾਰੀਆਂ ਹੋਈਆਂ, 4,000 ਮਾਰੇ ਗਏ ਅਤੇ 2,000 ਜ਼ਖ਼ਮੀ ਹੋਏ। ਹਿੱਸਾ ਲੈਣ ਵਾਲਿਆਂ ਨੂੰ 15 ਲੱਖ ਰੁਪਏ ਦੇ ਜੁਰਮਾਨੇ ਕੀਤੇ ਗਏ। ਇਸ ਦਾ ਨਤੀਜਾ ਸਿੱਖਾਂ ਦੇ ਫ਼ੌਜ ਦੀਆਂ ਨੌਕਰੀਆਂ ਵਿਚ ਹਿੱਸੇ ਦਾ ਘਟਾਉਣਾ ਵੀ ਨਿਕਲਿਆ ਜੋ 1914 ਵਿਚ 20% ਸੀ ਅਤੇ 1930 ਵਿਚ 13% ਰਹਿ ਗਿਆ, ਇਸ ਦੇ ਮੁਕਾਬਲੇ ਪੰਜਾਬੀ ਮੁਸਲਮਾਨਾਂ ਅਤੇ ਪਠਾਣਾਂ ਦੀ ਗਿਣਤੀ 1914 ਵਿਚ 26% ਤੋਂ ਵੱਧ ਕੇ 1930 ਵਿਚ 34% ਹੋ ਗਈ।[167]

## ਆਜ਼ਾਦ ਹਿੰਦ ਫ਼ੌਜ ਅਤੇ ਸੁਤੰਤਰਤਾ

ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਵਿਚ ਫ਼ੌਜੀ ਸਿਪਾਹੀਆਂ ਦੇ ਯੋਗਦਾਨ ਨੂੰ ਵੀ ਅਣਗੌਲਿਆ ਨਹੀਂ ਜਾ ਸਕਦਾ। ਦੂਜੇ ਵਿਸ਼ਵ ਯੁੱਧ ਸਮੇਂ 1939 ਤੋਂ 1945 ਸਮੇਂ 'ਆਜ਼ਾਦ ਹਿੰਦ ਫ਼ੌਜ' ਦੀ ਸਥਾਪਨਾ ਭਾਰਤ ਦੀ ਸੁਤੰਤਰਤਾ ਸੰਘਰਸ਼ ਦੇ ਇਤਿਹਾਸ ਦਾ ਮਹੱਤਵਪੂਰਨ ਤੇ ਨਿਰਣਾਜਨਕ ਕਾਂਡ ਹੈ। ਭਾਰਤੀ ਫ਼ੌਜ ਦੀ ਇਸ ਕਾਰਗੁਜ਼ਾਰੀ ਤੋਂ ਫ਼ਿਰੰਗੀ ਸਰਕਾਰ ਨੂੰ ਇਹ ਚਾਨਣਾ ਹੋ ਗਿਆ ਸੀ ਕਿ ਉਹ ਕਿਸੇ ਸਮੇਂ ਵੀ ਵਿਦਰੋਹ ਕਰ ਸਕਦੀਆਂ ਹਨ ਕਿਉਂਕਿ ਭਾਰਤੀ ਫ਼ੌਜਾਂ ਵਿਚ ਜਾਗਰੂਕਤਾ ਨਾਲ ਸਰਕਾਰ ਵਿਰੁੱਧ ਗ਼ੈਰ ਵਫ਼ਾਦਾਰੀ ਤੇ ਬਗਾਵਤ ਦੇ ਭਾਵ ਉਤਪੰਨ ਹੋ ਗਏ ਸਨ। ਅੰਗਰੇਜ਼ਾਂ ਦੀ ਜਪਾਨ ਨਾਲ ਲੜਾਈ ਸਮੇਂ ਹਿੰਦੁਸਤਾਨੀਆਂ ਨੂੰ ਜਪਾਨੀ ਸਿਪਾਹੀ ਮੇਹਣੇ ਮਾਰਦੇ ਸਨ। ਹਿੰਦੀ ਪਸ਼ੂ ਹਨ ਜੋ ਆਪ ਤਾਂ ਗ਼ੁਲਾਮ ਹਨ ਸਗੋਂ ਪੰਦਰਾਂ ਦਮੜਿਆਂ ਦੀ ਖਾਤਰ ਦੂਜੇ ਮੁਲਕਾਂ ਤੇ ਕੌਮਾਂ ਨੂੰ ਵੀ ਗ਼ੁਲਾਮ ਬਣਾ ਕੇ ਫ਼ਿਰੰਗੀਆਂ ਦੇ ਹਵਾਲੇ ਕਰ ਰਹੇ ਹਨ। ਅੰਗਰੇਜ਼ ਆਪਣੀ ਗੋਰੀ ਫ਼ੌਜ ਪਿੱਛੇ ਰੱਖ ਕੇ ਹਿੰਦੁਸਤਾਨੀਆਂ ਨੂੰ ਮੂਹਰੇ ਝੋਕ ਦਿੰਦੇ ਸਨ। ਇਨ੍ਹਾਂ ਗੱਲਾਂ ਨੇ ਹਿੰਦੀਆਂ ਦੇ ਦਿਲਾਂ 'ਤੇ ਬੜੀ ਭਾਰੀ ਸੱਟ ਮਾਰੀ। ਇਸ ਲਈ 14 ਪੰਜਾਬ ਰੈਜਿਮੈਂਟ ਦੇ ਕੈਪਟਨ ਮੋਹਨ ਸਿੰਘ ਤੇ ਕੈਪਟਨ ਮੁਹੰਮਦ ਅਕਰਮ ਨੇ ਹਥਿਆਰ ਸੁੱਟ ਕੇ ਜਪਾਨੀਆਂ ਨਾਲ ਸਮਝੌਤਾ ਕਰ ਲਿਆ। ਇਸ ਸਮਝੌਤੇ ਦੇ ਮੋਢੀ ਗਿਆਨੀ ਪ੍ਰੀਤਮ ਸਿੰਘ ਗਿੱਲ ਸਨ। ਭਾਰਤੀਆਂ ਫ਼ੌਜੀਆਂ ਨੂੰ ਬਰਤਾਨਵੀ ਸ਼ਾਸਨ ਵਿਰੁੱਧ ਸੰਗਠਿਤ ਕਰਨ ਲਈ 15 ਫਰਵਰੀ 1942 ਵਿਚ ਜਨਰਲ ਮੋਹਨ ਸਿੰਘ ਦੇ ਉੱਦਮ ਅਤੇ ਸਿਆਣਪ ਨਾਲ ਸਿੰਘਾਪੁਰ ਵਿਚ 'ਆਜ਼ਾਦ ਹਿੰਦ ਫੌਜ' ਦੀ ਸਥਾਪਨਾ ਕੀਤੀ ਗਈ। ਇਸਦੀ ਸਥਾਪਨਾ ਨਾਲ ਸੁਤੰਤਰਤਾ ਪ੍ਰਾਪਤੀ ਦੀ ਰਫ਼ਤਾਰ ਤੇਜ਼ ਹੋ ਗਈ ਕਿਉਂਕਿ ਅੰਗਰੇਜ਼ ਸਰਕਾਰ ਨੇ ਅਨੁਭਵ ਕਰ ਲਿਆ ਸੀ ਕਿ ਹੁਣ ਜ਼ਿਆਦਾ ਸਮੇਂ ਲਈ ਭਾਰਤ 'ਤੇ ਹਕੂਮਤ ਕਰਨਾ ਸੰਭਵ ਨਹੀਂ।[168] ਹਰ ਇਕ ਦੇਸ਼ ਭਗਤ ਆਪਣੇ ਦੇਸ਼ ਨੂੰ ਸੁਤੰਤਰ ਕਰਵਾਉਣ ਲਈ

---

[167] *ਪੰਜਾਬੀ ਵੀਰ ਪਰੰਪਰਾ (1900-1947),* ਦਲੀਪ ਸਿੰਘ ਉਪਲ(ਅਨੁ.) ਪੰਨਾ-127

[168] ਜੱਗੀ, *ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)*, ਪੰਨਾ-107

ਤਿਆਰ ਹੋ ਗਿਆ। ਇਸ ਸਮੇਂ ਜਨ. ਮੋਹਣ ਸਿੰਘ, ਗੁਰਬਖਸ਼ ਸਿੰਘ ਢਿੱਲੋਂ ਅਤੇ ਹੋਰ ਦੇਸੀ ਜਰਨੈਲਾਂ ਵੱਲੋਂ ਆਸਾਮ ਅਤੇ ਬਰਮਾ ਦੀਆਂ ਪਹਾੜੀਆਂ ਵਿਚ ਹਿੰਦੁਸਤਾਨੀਆਂ ਨੂੰ ਇਕੱਤਰ ਕੀਤਾ ਗਿਆ।

ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਬਣਾਈ ਜਾ ਰਹੀ ਫ਼ੌਜ ਦਾ ਨਾਂ ਰੱਖਣ ਲਈ ਗੱਲਬਾਤ ਕੀਤੀ ਗਈ। ਪਹਿਲਾਂ *Indian Army Of Liberation* ਦਾ ਨਾਂ ਤਜਵੀਜ਼ ਕੀਤਾ ਗਿਆ।[169] ਜਨਵਰੀ 1942 ਦੇ ਮੱਧ ਵਿਚ ਕੈਪਟਨ ਮੋਹਣ ਸਿੰਘ ਨੇ ਕੁਲਾਂਲਪੁਰ ਵਿਚ ਇਕੱਠੇ ਹੋਏ ਹਿੰਦੁਸਤਾਨੀ ਫ਼ੌਜੀਆਂ ਨੂੰ ਆਜ਼ਾਦ ਹਿੰਦ ਫ਼ੌਜ ਬਣਾਉਣ ਦੀ ਤਜਵੀਜ਼ ਸਮਝਾਈ।[170] ਇਸ ਤਰ੍ਹਾਂ ਆਜ਼ਾਦੀ ਦੀ ਲੜਾਈ ਲਈ ਮਲਾਇਆ ਵਿਚ ਬਕਾਇਦਾ ਤੇ ਅਮਲੀ ਕਦਮ ਚੁੱਕਿਆ ਗਿਆ। ਆਜ਼ਾਦ ਹਿੰਦ ਫ਼ੌਜ ਬਣਾ ਕੇ ਉਸਦੇ ਕਮਾਂਡਰ ਚੀਫ਼ ਕੈਪਟਨ ਮੋਹਣ ਸਿੰਘ ਨੂੰ ਜਨਰਲ ਦਾ ਰੈਂਕ ਦੇਣ ਦਾ ਫ਼ੈਸਲਾ ਹੋਇਆ।[171]

ਕੈਪਟਨ ਮੋਹਣ ਸਿੰਘ, ਰਾਜ ਬਿਹਾਰੀ ਬੋਸ ਤੇ ਉਨ੍ਹਾਂ ਦੇ ਸਾਥੀਆਂ ਨੇ ਜਾਪਾਨ ਸਰਕਾਰ ਨਾਲ ਫ਼ੈਸਲਾ ਕੀਤਾ ਜਿਸ ਤਹਿਤ ਜਾਪਾਨ ਸਰਕਾਰ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਹਿੰਦੁਸਤਾਨੀ ਦੇਸ਼ ਭਗਤਾਂ ਦੀ ਹਥਿਆਰਾਂ, ਫ਼ੌਜਾਂ ਆਦਿਕ ਨਾਲ ਸਹਾਇਤਾ ਕਰਨੀ ਪ੍ਰਵਾਨ ਕਰ ਲਈ। ਇਸ ਫ਼ੈਸਲੇ ਅਨੁਸਾਰ ਜੂਨ 1942 ਵਿਚ ਜਪਾਨ, ਮਲਾਇਆ, ਥਾਈਲੈਂਡ, ਫਿਲੀਪਾਈਨ, ਇੰਡੋਨੇਸ਼ੀਆ ਤੇ ਬਰਮਾ ਦੇ ਹਿੰਦੁਸਤਾਨੀਆਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਬੈਂਕਾਕ ਵਿਚ ਹੋਇਆ। ਇਸ ਸਮੇਂ ਆਜ਼ਾਦੀ ਅੰਦੋਲਨ ਨੂੰ ਚਲਾਉਣ ਲਈ ਇਕ ਕੌਂਸਲ ਆਫ਼ ਐਕਸ਼ਨ ਬਣਾਈ ਗਈ ਜਿਸ ਵਿਚ ਮੋਹਣ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ।[172]

ਜਨਰਲ ਮੋਹਣ ਸਿੰਘ ਲਿਖਦੇ ਹਨ, "14 ਦਸੰਬਰ 1941 ਦੀ ਰਾਤ ਨੂੰ ਹੀ ਅਸੀਂ ਦੂਸਰੇ ਪਾਸੇ ਰਲਣ ਦਾ ਹੌਸਲਾ ਕਰ ਲਿਆ ਸੀ। 31 ਦਸੰਬਰ 1941 ਨੂੰ ਜਾਪਾਨ ਦੇ ਇਕ ਫ਼ੌਜੀ ਜਨਰਲ ਨੇ ਹੁਕਮ ਜਾਰੀ ਕੀਤਾ ਕਿ ਜਿਤਨੇ ਵੀ ਹਿੰਦੁਸਤਾਨੀ ਕੈਦੀ ਜਪਾਨੀਆਂ ਦੇ ਕਬਜ਼ੇ ਵਿਚ ਹਨ, ਉਹ ਮੋਹਣ ਸਿੰਘ ਦੇ ਹਵਾਲੇ ਕਰ ਦਿੱਤੇ ਜਾਣ। ਇਸ ਨਾਲ ਸਾਡਾ ਕੰਮ ਹੋਰ ਵੀ ਆਸਾਨ ਹੋ ਗਿਆ। ਜਨਰਲ ਮੋਹਣ ਸਿੰਘ ਅਨੁਸਾਰ ਹਿੰਦੁਸਤਾਨੀ ਸਿਪਾਹੀ ਮਹਿਸੂਸ ਕਰਨ ਲੱਗ ਪਏ ਸਨ ਕਿ ਮੈਂ ਦੇਸ਼ ਦਾ ਨੁਮਾਇੰਦਾ ਹਾਂ ਅਤੇ ਉਸ ਦੀ ਸ਼ਾਨ ਅਤੇ ਅਣਖ ਨੂੰ ਬਰਕਰਾਰ ਰੱਖਣਾ ਮੇਰਾ ਕਰਤੱਵ ਹੈ।"[173] ਜੂਨ 1942 ਵਿਚ ਜਾਪਾਨ ਆਜ਼ਾਦ ਹਿੰਦ ਫ਼ੌਜ ਨੂੰ ਬਰਮਾ ਦੇ ਮੁਹਾਜ਼ 'ਤੇ ਝੋਕਣਾ ਚਾਹੁੰਦਾ ਸੀ ਪਰ ਜਨਰਲ ਮੋਹਣ ਸਿੰਘ ਇਸ ਗੱਲ ਨਾਲ ਸਹਿਮਤ ਨਹੀਂ ਸਨ। ਉਸਨੂੰ ਡਰ

---

[169] ਸੈਣੀ, *ਆਜ਼ਾਦ ਹਿੰਦ ਫ਼ੌਜ ਦਾ ਇਤਿਹਾਸ,* ਪੰਨਾ-7

[170] ਉਹੀ, ਪੰਨਾ-8

[171] ਉਹੀ, ਪੰਨਾ-12

**172** ਉਹੀ, ਪੰਨਾ-12

[173] ਜਨ. ਮੋਹਣ ਸਿੰਘ, *.ਫ਼ੌਜੀਆਂ ਦੀ ਆਜ਼ਾਦੀ ਨੂੰ ਦੇਣ,* ਪੰਨਾ-80.

ਸੀ ਕਿ ਅੰਗਰੇਜ਼ਾਂ ਨੂੰ ਕੱਢ ਕੇ ਕਿਤੇ ਜਪਾਨੀਆਂ ਦੀ ਗ਼ੁਲਾਮੀ ਦੀ ਪੰਜਾਲੀ ਸਿਰ ਨਾ ਪੈ ਜਾਵੇ। ਇਸ ਸ਼ਰਤ ਨੂੰ ਨਾ ਮੰਨਣ ਕਰਕੇ ਮੋਹਣ ਸਿੰਘ ਨੂੰ ਜਾਪਾਨ ਸਰਕਾਰ ਨੇ ਕੈਦ ਕਰ ਲਿਆ। ਰਾਸ ਬਿਹਾਰੀ ਬੋਸ ਨੇ ਹਿੰਦ ਸਿਪਾਹੀਆਂ ਦੀ ਕਮਾਂਡ ਸੰਭਾਲੀ। ਇਸ ਪਿੱਛੋਂ 5 ਜੁਲਾਈ 1943 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸਿੰਘਾਪੁਰ ਵਿਖੇ ਆਈ. ਐਨ. ਈ. ਦੇ ਪਰੇਡ ਦੀ ਸਲਾਮੀ ਲੈਂਦਿਆਂ ਸਿਪਾਹੀਆਂ ਨੂੰ ਸੰਬੋਧਨ ਕੀਤਾ:

> ਮੈਂ ਸਾਰੇ ਸੰਸਾਰ ਦੇ ਰੂਬਰੂ ਇਹ ਐਲਾਨ ਕਰਦਾ ਹਾਂ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਾਲੀ ਫ਼ੌਜ ਵਜੂਦ ਵਿਚ ਆ ਗਈ ਹੈ। ਇਹ ਫ਼ੌਜ ਨਾ ਕੇਵਲ ਭਾਰਤ ਦੇ ਗਲ਼ੇ ਦੀ ਗ਼ੁਲਾਮੀ ਦਾ ਜੂਲ਼ਾ ਲਾਹੇਗੀ ਸਗੋਂ ਆਜ਼ਾਦੀ ਮਗਰੋਂ ਭਾਰਤ ਦੀ ਰੱਖਿਆ ਲਈ ਕੌਮੀ ਫ਼ੌਜ ਦੀ ਨੀਂਹ ਬਣੇਗੀ।[174]

ਆਜ਼ਾਦ ਹਿੰਦ ਫ਼ੌਜ ਦੀ ਦੇਖਾ-ਦੇਖੀ ਉਤਸ਼ਾਹਿਤ ਹੋ ਕੇ ਜਨਵਰੀ 1946 ਵਿਚ ਕਰਾਚੀ, ਲਾਹੌਰ ਤੇ ਦਿੱਲੀ ਬੰਬਈ ਵਿਚ ਵਾਯੂ ਸੈਨਾ ਦੇ 5260 ਕਰਮਚਾਰੀਆਂ ਨੇ ਹੜਤਾਲ ਕਰ ਦਿੱਤੀ। 19 ਫਰਵਰੀ 1946 ਨੂੰ ਜਲ ਸੈਨਾ ਦੇ 5000 ਮੁਲਾਜ਼ਮਾਂ ਨੇ ਵੀ ਆਜ਼ਾਦ ਹਿੰਦ ਫ਼ੌਜਾਂ ਦੇ ਬਿੱਲੇ ਲਾ ਲਏ। ਕੁਝ ਫ਼ੌਜੀਆਂ ਨੇ ਅੰਗਰੇਜ਼ ਅਫ਼ਸਰਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਦਰੋਹੀਆਂ ਵਿਚ ਜ਼ਿਆਦਾਤਰ ਸਿੱਖ ਸਨ। 1914 ਵਿਚ ਸਿੰਘਾਪੁਰ ਵਿਖੇ ਪਲਟਨ ਨੰਬਰ 5 ਦੀ ਪਿਆਦਾ ਸੈਨਾ ਦੇ ਸਿਪਾਹੀਆਂ ਦੁਆਰਾ ਗ਼ਦਰੀਆਂ ਦੇ ਪ੍ਰਭਾਵ ਹੇਠ ਛੇ ਗੋਰੇ ਅਫ਼ਸਰ ਤੇ 26 ਸਿਪਾਹੀ ਮਾਰ ਦਿੱਤੇ। ਪਲਟਨ ਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ 41 ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। 125 ਸਿਪਾਹੀਆਂ ਨੂੰ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ। ਕੁਝ ਸਿਪਾਹੀ ਨੱਸਣ ਵਿਚ ਵੀ ਸਫ਼ਲ ਹੋਏ। ਇਹ ਸਾਰੀ ਫ਼ੌਜ ਸਿੱਖਾਂ ਤੇ ਮੁਸਲਮਾਨਾਂ ਦੀ ਸੀ।[175]

ਇਸ ਬਗਾਵਤ ਤੋਂ ਡਰ ਕੇ ਬਰਤਾਨੀਆ ਸਰਕਾਰ ਭਾਰਤ ਦੀ ਸੁਤੰਤਰਤਾ ਦਾ ਕਾਨੂੰਨ ਪਾਸ ਕਰਨ ਦਾ ਵਿਚਾਰ ਕਰਨ ਲੱਗੀ, ਉਸ ਵੇਲੇ ਦੇ ਪ੍ਰਧਾਨ ਮੰਤਰੀ ਮਿਸਟਰ ਐਟਲੀ ਨੇ ਬਰਤਾਨੀਆ ਦੀ ਲੋਕ ਸਭਾ ਵਿਚ ਸਪਸ਼ਟ ਸ਼ਬਦਾਂ ਵਿਚ ਆਖਿਆ ਸੀ, "ਬਰਤਾਨੀਆ ਭਾਰਤੀਆਂ ਨੂੰ ਆਜ਼ਾਦੀ ਦੇ ਰਿਹਾ ਹੈ ਕਿਉਂਕਿ ਭਾਰਤੀ ਫ਼ੌਜ ਹੁਣ ਬਰਤਾਨੀਆਂ ਦੀ ਵਫ਼ਾਦਾਰ ਨਹੀਂ ਰਹੀ, ਭਾਰਤ ਨੂੰ ਆਪਣੇ ਅਧੀਨ ਰੱਖਣ ਲਈ ਬਰਤਾਨੀਆ ਇੰਨੀ ਭਾਰੀ ਫ਼ੌਜ ਭਾਰਤ ਵਿਚ ਨਹੀਂ ਰੱਖ ਸਕਦਾ।"[176] ਬੈਂਕਾਕ ਆ ਕੇ ਬਾਬਾ ਅਮਰ ਸਿੰਘ ਜਿਸ ਨੇ 22 ਸਾਲ ਜੇਲ੍ਹ ਵਿਚ ਸੁਭਾਸ਼ ਚੰਦਰ ਬੋਸ ਨਾਲ ਬਿਤਾਏ ਸਨ, ਭਾਈ ਤਾਰਾ ਸਿੰਘ, ਭਾਈ ਸਾਧੂ ਸਿੰਘ, ਚੰਦਾ ਸਿੰਘ ਆਦਿ ਪੁਰਾਣੇ ਕ੍ਰਾਂਤੀਕਾਰੀਆਂ ਨਾਲ ਮੇਲ ਕਰਕੇ ਉਤਸ਼ਾਹ ਪ੍ਰਾਪਤ ਕੀਤਾ। ਪ੍ਰੀਤਮ ਸਿੰਘ ਗਿੱਲ ਜਿਸਦੇ ਹਿਰਦੇ

---

[174] ਜਨ. ਮੋਹਣ ਸਿੰਘ, *ਫ਼ੌਜੀਆਂ ਦੀ ਆਜ਼ਾਦੀ ਨੂੰ ਦੇਣ*, ਪੰਨਾ-248

[175] ਲਾਲ ਸਿੰਘ ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ)*, ਪੰਨਾ-221

[176] ਬਰਾੜਾ, *ਭਾਰਤੀ ਆਜ਼ਾਦੀ ਦਾ ਅੰਦੋਲਨ*, ਪੰਨਾ-219

ਵਿਚ ਸੁਤੰਤਰਤਾ ਪ੍ਰਾਪਤੀ ਤੇ ਦੇਸ਼ ਭਗਤੀ ਦੀ ਚਿਣਗ ਫੁੱਟ ਚੁੱਕੀ ਸੀ ਨੇ ਬਜ਼ੁਰਗ ਕ੍ਰਾਂਤੀਕਾਰੀਆਂ ਨੂੰ ਨਾਲ ਲੈ ਕੇ "ਭਾਰਤੀ ਸੁਤੰਤਰਤਾ ਲੀਗ" ਦੀ ਸਥਾਪਨਾ ਕੀਤੀ ਸੀ। ਇਥੇ ਸੱਠ ਹਜ਼ਾਰ ਭਾਰਤੀ ਫ਼ੌਜੀ ਸਥਿਤ ਸਨ।[177]

ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਲਈ ਗਿਆਨੀ ਪ੍ਰੀਤਮ ਸਿੰਘ, ਕੈਪਟਨ ਮੋਹਣ ਸਿੰਘ, ਸਾਧੂ ਸਿੰਘ ਨੇ ਸਰਕਾਰੀ ਫ਼ੌਜ ਵਿਚ ਫ਼ੌਜੀਆਂ ਨੂੰ ਸਹੁੰਆਂ ਖਵਾ ਕੇ ਆਜ਼ਾਦ ਹਿੰਦੂ ਫ਼ੌਜ ਦਾ ਮੁੱਢ ਬੰਨਿਆ। 16 ਜਨਵਰੀ 1942 ਤੱਕ ਭਾਰਤੀ ਕੈਦੀਆਂ ਦੀ ਗਿਣਤੀ ਪੰਜ ਹਜ਼ਾਰ ਤੱਕ ਪੁੱਜ ਗਈ ਜਿਨ੍ਹਾਂ ਵਿਚੋਂ ਚਾਰ ਹਜ਼ਾਰ ਆਜ਼ਾਦ ਹਿੰਦ ਫ਼ੌਜ ਵਿਚ ਰਲ ਗਏ। ਗਿਆਨੀ ਪ੍ਰੀਤਮ ਸਿੰਘ ਸੂਰਬੀਰ ਯੋਧਿਆਂ ਨੂੰ ਅੰਗਰੇਜ਼ ਸਰਕਾਰ ਵਿਰੁੱਧ ਉਕਸਾਉਂਦੇ ਰਹਿੰਦੇ ਸਨ ਕਿ ਉਹ ਆਜ਼ਾਦ ਹਿੰਦ ਫ਼ੌਜ ਵਿਚ ਰਲ ਕੇ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟ ਸੁੱਟਣ।" ਜਨਰਲ ਮੋਹਨ ਸਿੰਘ ਨੇ ਕਿਹਾ ਕਿ ਆਪਣੇ ਦੇਸ਼ ਦੀ ਸੁਤੰਤਰਤਾ ਲਈ ਅਸੀਂ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਹੈ, ਹੁਣ ਅੰਗਰੇਜ਼ ਹਰ ਪਾਸੇ ਹਾਰ ਚੁੱਕੇ ਹਨ। ਕੈਪਟਨ ਮੋਹਣ ਸਿੰਘ ਤੇ ਗਿਆਨੀ ਪ੍ਰੀਤਮ ਸਿੰਘ ਨੇ ਕਈ ਕ੍ਰਾਂਤੀਕਾਰੀਆਂ ਨੂੰ ਨਾਲ ਲੈ ਕੇ 16 ਹਜ਼ਾਰ ਜੰਗੀ ਕੈਦੀਆਂ ਨੂੰ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਕਰ ਲਿਆ। ਇਨ੍ਹਾਂ ਵਿਚ ਬਹੁਤੇ ਪੰਜਾਬੀ ਸਨ ਅਤੇ 75% ਤੋਂ ਵੱਧ ਸਿੱਖ ਸਨ।[178]

ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਉੱਤੇ ਸਰਕਾਰ ਵੱਲੋਂ ਮੁਕੱਦਮੇ ਚਲਾਏ ਗਏ ਜਿਸ ਕਾਰਨ ਸਾਰੇ ਦੇਸ਼ ਵਿਚ ਗੁੱਸੇ ਦੀ ਅੱਗ ਭੜਕ ਉੱਠੀ ਤੇ ਸਭ ਸ਼ਹਿਰਾਂ ਵਿਚ ਤਕੜੇ ਭੜਕਾਊ ਮੁਜ਼ਾਹਰੇ ਹੋਏ। ਭਾਵੇਂ ਕਿ ਕੋਰਟ ਮਾਰਸ਼ਲ ਨੇ ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਨੂੰ ਉਮਰ-ਕੈਦ ਦੀ ਸਜ਼ਾ ਦੇ ਦਿੱਤੀ। ਪਰ ਜਨਤਾ ਗ਼ੁਸੇ ਦੀ ਲਹਿਰ ਵੇਖ ਕੇ ਜਨਰਲ ਮੋਹਣ ਸਿੰਘ ਸਮੇਤ ਆਜ਼ਾਦ ਹਿੰਦ ਫ਼ੌਜ ਦੇ ਸਭ ਅਫ਼ਸਰਾਂ ਤੇ ਸਿਪਾਹੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਪਰ ਉਨ੍ਹਾਂ ਦੀਆਂ ਬਕਾਇਆ ਤਨਖ਼ਾਹਾਂ ਤੇ ਪੈਨਸ਼ਨਾਂ ਜ਼ਬਤ ਕਰ ਲਈਆਂ ਗਈਆਂ।[179] ਸਤਿਆ. ਐਮ. ਰਾਏ ਲਿਖਦੇ ਹਨ, "ਆਮ ਤੌਰ 'ਤੇ ਆਜ਼ਾਦ ਹਿੰਦ ਫ਼ੌਜ ਨੂੰ ਸੁਭਾਸ਼ ਚੰਦਰ ਬੋਸ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਇਸ ਦੀ ਸਫਲਤਾ ਪਿੱਛੇ ਉਨ੍ਹਾਂ ਦੇ ਖਾੜਕੂ ਵਿਅਕਤੀਤਵ ਦਾ ਹੱਥ ਸੀ ਪਰ ਆਜ਼ਾਦ ਹਿੰਦ ਫ਼ੌਜ ਦੀ ਲਹਿਰ ਦੇ ਅਸਲੀ ਰੂਹੇ-ਰਵਾਂ ਜਨਰਲ ਮੋਹਣ ਸਿੰਘ ਅਤੇ ਸਰਦਾਰ ਨਿਰੰਜਣ ਸਿੰਘ ਹੀ ਸਨ। ਇਸ ਤਰ੍ਹਾਂ ਆਜ਼ਾਦ ਹਿੰਦ ਫ਼ੌਜ ਦੇ ਦੋਵੇਂ ਪੜਾਅ ਇਕ ਦੂਸਰੇ

[177] ਲਾਲ ਸਿੰਘ ਗਿਆਨੀ, *ਪੰਜਾਬੀ ਬੀਰ ਪਰੰਪਰਾ ਦਾ ਵਿਕਾਸ,* 221

[178] ਜਨ. ਮੋਹਣ ਸਿੰਘ, *ਫ਼ੌਜੀਆਂ ਦੀ ਆਜ਼ਾਦੀ ਨੂੰ ਦੇਣ,* ਪੰਨਾ-259

[179] ਉਹੀ, ਪੰਨਾ-226

ਦੇ ਪੂਰਕ ਹਨ। ਪਹਿਲੇ ਤੋਂ ਬਿਨਾਂ ਦੂਸਰਾ ਸੰਭਵ ਨਹੀਂ ਸੀ ਹੋਣਾ ਅਤੇ ਦੂਸਰੇ ਤੋਂ ਬਿਨਾਂ ਪਹਿਲੇ ਦੀ ਕੋਈ ਮਹੱਤਤਾ ਨਹੀਂ ਸੀ ਰਹਿ ਜਾਣੀ।"[180]

ਆਜ਼ਾਦ ਹਿੰਦ ਫ਼ੌਜ ਬਣ ਜਾਣ ਨਾਲ ਜਲ, ਹਵਾਈ ਸੈਨਾ ਤੇ ਪੁਲਸ ਵੀ ਵਿਦਰੋਹ 'ਤੇ ਉਤਰ ਆਈ। ਇਸ ਕਾਰਨ ਅੰਗਰੇਜ਼ ਇਹ ਸੋਚਣ ਲੱਗ ਪਏ ਕਿ ਭਾਰਤੀਆਂ ਦੀ ਸੈਨਿਕ ਸ਼ਕਤੀ ਦੁਆਰਾ ਹੁਣ ਜ਼ਿਆਦਾ ਦੇਰ ਰਾਜ ਨਹੀਂ ਕਰ ਸਕਦੇ। ਉਨ੍ਹਾਂ ਦਾ ਮਨੋਬਲ ਕਮਜ਼ੋਰ ਹੋ ਗਿਆ ਤੇ ਉਹ ਭਾਰਤ ਨੂੰ ਛੱਡਣ ਲਈ ਮਜ਼ਬੂਰ ਹੋ ਗਏ। ਇਸ ਲਈ ਕੂਕਾ ਅੰਦੋਲਨ, 1914 ਦੀ ਗ਼ਦਰ ਲਹਿਰ, ਜੱਲ੍ਹਿਆਂ ਵਾਲੇ ਬਾਗ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਨੌਜੁਆਨ ਭਾਰਤ ਸਭਾ, ਕਮਿਊਨਿਸਟ ਲਹਿਰ ਅਤੇ ਸੈਨਿਕ ਵਿਦਰੋਹ ਜਿਸ ਵਿਚ 80% ਸਿੱਖਾਂ ਨੇ ਭਾਗ ਲਿਆ ਸੀ। ਲੱਖਾਂ ਹੀ ਨੌਜੁਆਨਾਂ ਨੇ ਘਰਾਂ ਦੀਆਂ ਤਬਾਹੀਆਂ ਤੇ ਜਾਇਦਾਦਾਂ ਜ਼ਬਤ ਕਰਵਾਈਆਂ, ਕਾਲੇ ਪਾਣੀ ਦੇ ਤਸੀਹੇ ਤੇ ਕਸ਼ਟ ਝੱਲੇ ਪਰ ਇਸ ਖੋਜ ਦੌਰਾਨ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਸੁਤੰਤਰਤਾ ਤੋਂ ਪਹਿਲਾਂ ਅਤੇ ਬਾਅਦ ਜੋ ਦੁੱਖ ਸਿੱਖਾਂ ਨੇ ਝੱਲੇ, ਇਸ ਦੁਖਾਂਤ ਦੀ ਉਦਾਹਰਨ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਸ਼ਹੀਦ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਕੁੰਦਨ ਸਿੰਘ ਸੇਖੋਂ ਦੀ ਕਵਿਤਾ ਦੇ ਹਵਾਲੇ ਨਾਲ ਚਰਨ ਸਿੰਘ ਭੋਰਛੀ ਸੁਤੰਤਰਤਾ ਲਈ ਕੀਤੇ ਸੰਘਰਸ਼ ਦੀ ਤਸਵੀਰ ਪੇਸ਼ ਕਰਦੇ ਹਨ:

"ਸੇਵਾ ਦੇਸ਼ ਦੀ ਜਿੰਦੜੀਏ ਕਰਨੀ ਬੜੀ ਔਖੀ,
ਗੱਲਾਂ ਕਰਨੀਆਂ ਬੜੀਆਂ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਧਰਿਆ,
ਉਨ੍ਹਾਂ ਲੱਖਾਂ ਮੁਸੀਬਤਾਂ ਝੱਲੀਆਂ ਨੇ।
ਮਾਂ ਭਾਰਤ ਦੀ ਖੇਤੀ ਸੁੱਕ ਰਹੀ ਸੀ,
ਪਾਣੀ ਲਾਉਣ ਲਈ ਚੋਈ ਸੀ ਰੱਤ ਯਾਰੋ,
"ਸੇਖੋਂ" ਖੂਨ ਕੌਮ ਦੇ ਬੂਟੇ ਨੂੰ ਪਾ ਕੇ,
ਰੱਖ ਲਈ ਸੱਚੇ ਸ਼ਹੀਦਾਂ ਨੇ ਪੱਤ ਯਾਰੋ।"[181]

ਉੱਨੀਵੀਂ ਅਤੇ ਵੀਹਵੀਂ ਦਾ ਸਿੱਖ ਸੰਘਰਸ਼ ਅੰਗਰੇਜ਼ ਸਾਮਰਾਜ ਦੀ ਨੀਤੀ ਦੁਆਲੇ ਘੁੰਮਦਾ ਹੈ। ਨਾਮਧਾਰੀਆਂ ਵੱਲੋਂ ਅੰਗਰੇਜ਼ ਹਕੂਮਤ ਨੂੰ ਸਖ਼ਤ ਚੁਨੌਤੀ ਦਿੱਤੀ ਗਈ। ਵੀਹਵੀਂ ਸਦੀ ਦਾ ਸੰਘਰਸ਼ ਜ਼ਿਆਦਾਤਰ ਅਕਾਲੀਆਂ ਦੇ ਸੰਘਰਸ਼ ਦਾ ਪ੍ਰਤੀਕ ਹੈ। ਇਸ ਸਮੇਂ ਦੇ ਅਕਾਲੀਆਂ ਵਿਚ ਗੁਰੂ ਚੇਤਨਾ ਸਪਸ਼ਟ ਦਿਖਾਈ ਦਿੰਦੀ ਹੈ। ਗੁਰੂ ਕੇ ਬਾਗ, ਜੈਤੋ ਦੇ ਮੋਰਚਿਆਂ ਵਿਚ ਅਤੇ ਬੱਬਰ ਅਕਾਲੀ ਲਹਿਰ ਦੇ ਵਿਚ ਮੀਰੀ ਪੀਰੀ ਦਾ ਪ੍ਰਗਟਾਵਾ ਹੁੰਦਾ ਹੈ। ਇਸ ਸਮੇਂ ਵੀ ਸੁਤੰਤਰਤਾ ਦੀ ਲੜਾਈ ਦਾ ਮੁੱਢ ਵੀ ਗੁਰਦੁਆਰਿਆਂ ਦੀ ਸੁਤੰਤਰਤਾ ਤੋਂ ਬੱਝਦਾ ਹੈ। ਆਜ਼ਾਦ ਹਿੰਦ ਫ਼ੌਜ ਵਿਚ ਵੀ ਸਿੱਖਾਂ ਨੇ ਮੋਹਰੀ ਰੋਲ ਅਦਾ ਕੀਤਾ।

---

[180] *ਪੰਜਾਬੀ ਵੀਰ ਪਰੰਪਰਾ(1900-1947)*, ਪੰਨਾ-141

[181] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ*, ਪੰਨਾ-186

## ਅਧਿਆਇ ਪੰਜਵਾਂ

## ਦੇਸ਼ ਦੀ ਸੁਤੰਤਰਤਾ, ਵੰਡ ਅਤੇ ਸਿੱਖ ਹਿੱਤ

ਸਿੱਖਾਂ ਦੇ ਅੰਤਰ-ਮਨ ਅੰਦਰ ਸੁਤੰਤਰਤਾ ਦੀ ਇੱਛਾ ਨੇ ਗੁਰੂ ਸਾਹਿਬਾਨ ਵੇਲੇ ਤੋਂ ਹੀ ਜਗ੍ਹਾ ਬਣਾ ਲਈ ਸੀ। ਗੁਰਮਤਿ ਵਿਚਾਰਧਾਰਾ ਦੀ ਤਾਕਤ ਨੇ ਸਿੱਖ ਕੌਮ ਨੂੰ ਪੰਜਾਬ ਵਿਚ ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਖਰਾ ਤੇ ਵਿਲੱਖਣ ਰੋਲ ਨਿਭਾਉਣ ਦੇ ਸਮਰੱਥ ਬਣਾਇਆ। 1849 ਵਿਚ ਸੁਤੰਤਰ ਸਿੱਖ ਰਾਜ ਦੇ ਖੁੱਸ ਜਾਣ ਨਾਲ ਸੁਤੰਤਰਤਾ ਦੀ ਇੱਛਾ ਖ਼ਤਮ ਨਹੀਂ ਸੀ ਹੋਈ ਸਗੋਂ ਇਹ ਤੜਪ ਬਣ ਕੇ ਸਿੱਖ ਕੌਮ ਦੀ ਅੰਤਰ-ਆਤਮਾ ਦੇ ਅੰਦਰ ਪ੍ਰਵੇਸ਼ ਕਰ ਗਈ ਸੀ। ਆਪਣੇ ਰਾਜ ਦੀ ਤਾਂਘ ਸਿੱਖਾਂ ਨੂੰ ਬਰਤਾਨਵੀ ਹਾਕਮਾਂ ਵਿਰੁੱਧ ਵਾਰ-ਵਾਰ ਸੰਘਰਸ਼ ਲਈ ਪ੍ਰੇਰਦੀ ਸੀ। ਕੁਰਬਾਨੀਆਂ ਦੇ ਲਿਹਾਜ਼ ਨਾਲ ਸਿੱਖਾਂ ਦਾ ਹੋਰ ਕੌਮਾਂ ਤੋਂ ਅੱਗੇ ਹੋਣਾ ਸਿੱਖ ਪੰਥ ਅੰਦਰ ਜਾਗੀ ਕੌਮੀ ਚੇਤਨਾ ਹੀ ਸੀ ਜੋ ਗੁਰੂ ਸਾਹਿਬਾਨ ਦੇ ਸਿਧਾਂਤ ਨਾਲ ਸਿੱਖਾਂ ਦੇ ਧੁਰ ਅੰਦਰ ਸੀ। ਇਸ ਚੇਤਨਾ ਨੇ ਹੀ ਸੁਤੰਤਰਤਾ ਦੀ ਜੱਦੋਜਹਿਦ ਨੂੰ ਜਾਰੀ ਰੱਖਿਆ।

ਸਿੱਖਾਂ ਨੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਆਪਣੀ ਆਬਾਦੀ ਦੇ ਅਨੁਪਾਤ ਨਾਲੋਂ ਕਈ ਗੁਣਾਂ ਵੱਧ ਕੁਰਬਾਨੀਆਂ ਕੀਤੀਆਂ। ਫ਼ਾਂਸੀ ਦਿੱਤੇ ਗਏ, ਉਮਰ ਕੈਦ ਲਈ ਕਾਲੇ ਪਾਣੀ ਭੇਜੇ ਗਏ, ਜੇਲ੍ਹਾਂ ਵਿਚ ਕੈਦ ਕੀਤੇ ਗਏ ਅਤੇ ਜੁਰਮਾਨਿਆਂ ਦੀ ਸਜ਼ਾ ਪਾਉਣ ਵਾਲੇ ਲੋਕਾਂ ਵਿਚ ਸਿੱਖਾਂ ਦੀ ਗਿਣਤੀ ਕਿਤੇ ਵੱਧ ਸੀ।[1] 1925 ਵਿਚ ਗੁਰਦੁਆਰਾ ਕਾਨੂੰਨ ਬਣਨ ਪਿੱਛੋਂ ਬੁਰੀ ਤਰ੍ਹਾਂ ਵੰਡੇ ਗਏ ਸਿੱਖਾਂ ਨੇ ਲਹਿਰ ਦੇ ਦੌਰਾਨ ਹੋਈਆਂ ਗ਼ਲਤੀਆਂ ਅਤੇ ਹੋਰ ਹਾਲਾਤਾਂ ਦਾ ਜਾਇਜ਼ਾ ਨਾ ਲਿਆ ਕਿ ਉਨ੍ਹਾਂ ਦੇ ਵਿਰੁੱਧ ਕਿਹੜੀਆਂ ਤਾਕਤਾਂ ਖਲੋਤੀਆਂ ਹਨ। ਇਹ ਤਾਕਤਾਂ ਸਨ ਸਿੱਖ ਵਿਰੋਧੀ ਕੇਂਦਰੀ ਹਿੰਦੂ ਅਤੇ ਮੁਸਲਮਾਨ ਆਗੂ ਤੇ ਅੰਗਰੇਜ਼ ਸਰਕਾਰ। ਸੁਤੰਤਰ ਰਾਜ ਦੀ ਪ੍ਰਾਪਤੀ ਲਈ ਸਿੱਖਾਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠਾ ਹੋ ਕੇ ਸੁਤੰਤਰ ਰਾਹ ਉਲੀਕਣਾ ਚਾਹੀਦਾ ਸੀ।[2] ਇਸ ਸਮੇਂ ਸਿੱਖਾਂ ਦਾ ਮੁੱਖ ਮਕਸਦ ਸੁਤੰਤਰਤਾ ਦੇ ਨਾਲ ਦੇਸ਼ ਦੀ ਹੋ ਰਹੀ ਵੰਡ ਰੋਕਣ ਦਾ ਸੀ। ਪਰ ਜੇਕਰ ਵੰਡ ਹੁੰਦੀ ਹੈ ਤਾਂ ਉਨ੍ਹਾਂ ਆਪਣੇ ਭਵਿੱਖ ਲਈ ਵੱਖਰੇ ਰਾਜ ਦੀ ਮੰਗ ਕੀਤੀ ਜਿਥੇ ਸਭ ਫਿਰਕਿਆਂ ਦੇ ਲੋਕ ਇਕੱਠੇ ਰਹਿਣ ਤੇ ਸਿੱਖ ਹਿੱਤਾਂ ਨੂੰ ਅਣਗੌਲਿਆਂ ਨਾ ਕੀਤਾ ਜਾ ਸਕੇ। ਦੇਸ਼ ਦੀ ਵੰਡ ਅਤੇ

---

[1] *"ਸੁਤੰਤਰਤਾ ਦੇ ਸੰਘਰਸ਼ ਦੌਰਾਨ 121 ਫ਼ਾਂਸੀ ਚਾੜ੍ਹੇ ਗਏ ਲੋਕਾਂ ਵਿਚੋਂ 73 ਸਿੱਖ ਅਤੇ ਕਾਲੇ ਪਾਣੀ-ਉਮਰ ਕੈਦ ਲਈ ਭੇਜੇ ਗਏ 2664 ਲੋਕਾਂ ਵਿਚੋਂ 2147 ਸਿੱਖ, ਜੱਲਿਆਂ ਵਾਲੇ ਗੋਲੀ-ਕਾਂਡ ਵਿਚ ਜਨਰਲ ਡਾਇਰ ਦੀਆਂ ਗੋਲੀਆਂ ਨਾਲ ਭੁੰਨੇ ਗਏ 1302 ਮਰਦਾਂ ਤੀਵੀਆਂ ਅਤੇ ਬੱਚਿਆਂ ਵਿਚੋਂ 799 ਸਿੱਖ।"* ਸੰਗਤ ਸਿੰਘ (ਡਾ.), *ਇਤਿਹਾਸ 'ਚ ਸਿੱਖ,* ਪੰਨਾ-197

[2] ਉਹੀ, ਪੰਨਾ-205

ਵੱਖ-ਵੱਖ ਫਿਰਕਿਆਂ ਦੇ ਮਸਲਿਆਂ ਦੇ ਹੱਲ ਲਈ ਸਰਕਾਰ ਅਤੇ ਰਾਜਸੀ ਪਾਰਟੀਆਂ ਵੱਲੋਂ ਕਈ ਮਿਸ਼ਨ ਜਾਂ ਕਮੇਟੀਆਂ ਕਾਇਮ ਕੀਤੀਆਂ ਗਈਆਂ ਪਰ ਕੋਈ ਵੀ ਕਾਰਗਰ ਸਾਬਤ ਨਾ ਹੋ ਸਕੀ।

**ਸਾਈਮਨ ਕਮਿਸ਼ਨ ਦਾ ਸਿੱਖਾਂ ਵੱਲੋਂ ਵਿਰੋਧ**

ਇਸ ਸੰਘਰਸ਼ ਦੌਰਾਨ ਸਿੱਖਾਂ ਨੇ ਹਰ ਸਮੇਂ ਕਾਂਗਰਸ ਅਤੇ ਅੰਗਰੇਜ਼ ਸਰਕਾਰ ਦਾ ਵਿਰੋਧ ਕੀਤਾ ਜਦੋਂ ਉਹ ਸਿੱਖ ਹਿੱਤਾਂ ਨੂੰ ਅਣਦੇਖਿਆ ਕਰਦੇ ਸਨ। ਮਾਰਚ 1927 ਵਿਚ ਲਾਰਡ ਇਰਵਿਨ ਨੇ ਸਾਈਮਨ ਨਾਂ ਦੇ ਅਧਿਕਾਰੀ ਅਧੀਨ 'ਕਮਿਸ਼ਨ' ਕਾਇਮ ਕਰਨ ਦਾ ਐਲਾਨ ਕਰ ਦਿੱਤਾ। ਇਸ ਕਮਿਸ਼ਨ ਨੇ ਭਾਰਤ ਦੇ ਲੋਕਾਂ ਨੂੰ ਸਿਆਸੀ ਰਿਆਇਤਾਂ ਅਤੇ ਸਹੂਲਤਾਂ ਦੇਣ ਬਾਰੇ ਸਿਫ਼ਾਰਸ਼ਾਂ ਕਰਨੀਆਂ ਸਨ ਤੇ ਇਸ ਦੇ ਨਾਲ ਹੀ ਆਉਣ ਵਾਲੇ ਸਿਆਸੀ ਨਿਜ਼ਾਮ ਵਿਚ ਵੱਖ-ਵੱਖ ਧਰਮਾਂ/ ਕੌਮਾਂ ਦੀ ਨੁਮਾਇੰਦਗੀ ਦਾ ਫ਼ੈਸਲਾ ਵੀ ਕਰਨਾ ਸੀ। ਫਰਵਰੀ 1928 ਦੇ ਦਿਨ ਸਾਈਮਨ ਕਮਿਸ਼ਨ ਮੁੰਬਈ ਪੁੱਜਾ। 10 ਫਰਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਲਾਹੌਰ ਵਿਚ ਸਾਈਮਨ ਕਮਿਸ਼ਨ ਦੇ ਖਿਲਾਫ਼ ਜਲੂਸ ਕੱਢਿਆ। ਇਸ ਜਲੂਸ ਵਿਚ 30 ਹਜ਼ਾਰ ਦੇ ਕਰੀਬ ਲੋਕ ਸ਼ਾਮਲ ਹੋਏ। ਇਨ੍ਹਾਂ ਵਿਚ ਤਕਰੀਬਨ ਵੀਹ ਹਜ਼ਾਰ ਅਕਾਲੀ ਵਰਕਰ ਸਨ। ਇਸ ਮੌਕੇ 'ਤੇ ਬਾਬਾ ਖੜਕ ਸਿੰਘ, ਅਮਰ ਸਿੰਘ ਝਬਾਲ, ਸਰਦੂਲ ਸਿੰਘ ਕਵੀਸ਼ਰ ਆਦਿ ਨੇ ਤਕਰੀਰਾਂ ਕੀਤੀਆਂ। ਇਸ ਰੋਸ ਜਲੂਸ ਨੂੰ ਖਿੰਡਾਉਣ ਵਾਸਤੇ ਪੁਲਿਸ ਨੇ ਲਾਠੀਚਾਰਜ ਵੀ ਕੀਤਾ।[3]

30 ਅਕਤੂਬਰ 1928 ਦੇ ਦਿਨ ਫਿਰ ਲਾਹੌਰ ਰੇਲਵੇ ਸਟੇਸ਼ਨ 'ਤੇ ਤਕਰੀਬਨ 7000 ਹਜ਼ਾਰ ਦੇ ਹਜੂਮ ਨੇ 'ਸਾਈਮਨ ਕਮਿਸ਼ਨ ਗੋ ਬੈਕ' ਦੇ ਨਾਅਰੇ ਲਗਾਏ। ਇਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਮਾਸਟਰ ਤਾਰਾ ਸਿੰਘ, ਅਮਰ ਸਿੰਘ ਝਬਾਲ, ਮੰਗਲ ਸਿੰਘ, ਸਰਦੂਲ ਸਿੰਘ ਕਵੀਸ਼ਰ, ਸੋਹਨ ਸਿੰਘ ਜੋਸ਼ ਆਦਿ ਆਗੂਆਂ ਨੇ ਸਾਈਮਨ ਕਮਿਸ਼ਨ ਦਾ ਡਟ ਕੇ ਵਿਰੋਧ ਕੀਤਾ।[4] ਇਸ ਕਾਰਨ ਸਾਈਮਨ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਮਈ 1930 ਨੂੰ ਸੈਂਟਰਲ ਸਿੱਖ ਐਸੋਸੀਏਸ਼ਨ ਵੱਲੋਂ ਦਿੱਤੀਆਂ ਦਲੀਲਾਂ ਸਹੀ ਮੰਨਦਿਆਂ ਸਿੱਖਾਂ ਦੇ ਹੱਕਾਂ ਦਾ ਖ਼ਾਸ ਖ਼ਿਆਲ ਰੱਖਣ ਦੀ ਸਿਫਾਰਿਸ਼ ਕੀਤੀ। ਉਸਨੇ ਸਿੱਖਾਂ ਨਾਲ ਬਹੁਤ ਹਮਦਰਦੀ ਜਤਾਈ ਪਰ ਕੋਈ ਲਿਖ਼ਤੀ ਇਕਰਾਰਨਾਮਾ ਨਾ ਹੋਣ ਕਰਕੇ ਸਿੱਖਾਂ ਨੂੰ ਠੋਸ ਰੂਪ ਵਿਚ ਕੁਝ ਵੀ ਨਾ ਦਿੱਤਾ ਗਿਆ। ਸਿੱਖ ਪ੍ਰਤੀਨਿਧਤਾ ਲਗਭਗ ਉਸੇ ਤਰ੍ਹਾਂ ਰਹੀ, ਜਿਸ ਤਰ੍ਹਾਂ ਪਹਿਲਾਂ ਸੀ।

ਬਾਬਾ ਖੜਕ ਸਿੰਘ ਨੇ ਦੇਸ਼ ਦੇ ਝੰਡੇ ਵਿਚ ਸਿੱਖਾਂ ਦਾ ਕੇਸਰੀ ਰੰਗ ਸ਼ਾਮਲ ਕਰਨ ਦੀ ਮੰਗ ਕੀਤੀ। ਕਾਂਗਰਸ ਸਿੱਖਾਂ ਨੂੰ ਵੱਖਰੀ ਕੌਮ ਨਹੀਂ ਮੰਨਦੀ ਸੀ ਇਸ ਲਈ ਟਾਲ ਮਟੋਲ ਦਾ ਰਾਹ ਅਪਣਾਉਂਦੀ ਰਹੀ ਤਾਂ

---

[3] *ਅਕਾਲੀ ਤੇ ਪ੍ਰਦੇਸੀ,* (11 ਫਰਵਰੀ 1928), ਪੰਨਾ-5, ਕਾਲਮ 7.

[4] ਉਹੀ, (1 ਨਵੰਬਰ 1928), ਪੰਨਾ-4, ਕਾਲਮ 6.

ਬਾਬਾ ਖੜਕ ਸਿੰਘ ਨੇ ਨਹਿਰੂ ਰਿਪੋਰਟ, ਜਿਸ ਵਿਚ ਸਿੱਖਾਂ ਲਈ ਸੀਟਾਂ ਦੇ ਰਾਖਵੇਂਕਰਨ ਨੂੰ ਕੋਈ ਥਾਂ ਨਹੀਂ ਸੀ, ਦੀ ਮੁਖ਼ਾਲਫ਼ਤ ਕਰਦਿਆਂ ਦਸੰਬਰ 1929 ਨੂੰ ਲਾਹੌਰ ਵਿਖੇ ਹੋਣ ਵਾਲੇ ਕਾਂਗਰਸ ਦੇ ਸੈਸ਼ਨ ਦੇ ਬਾਈਕਾਟ ਦੀ ਗੱਲ ਕੀਤੀ।[5] ਪਰ ਮਾਸਟਰ ਤਾਰਾ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਾਂਗਰਸ ਦਾ ਸਾਥ ਦੇਣ ਦੀ ਅਪੀਲ ਕੀਤੀ ਅਤੇ ਕਿਹਾ, "ਜੇ ਤੁਸੀਂ ਕਾਂਗਰਸ ਦਾ ਸਾਥ ਦੇਣ ਦੀ ਥਾਂ ਇਸਦਾ ਬਾਈਕਾਟ ਕਰਕੇ ਸੁਤੰਤਰਤਾ ਦੀ ਲੜਾਈ ਵਿਚ ਮੂਹਰਲੀਆਂ ਸਫ਼ਾਂ ਵਿਚ ਖੜ੍ਹੇ ਹੋਵੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਪਰ ਜੇ ਤੁਸੀਂ ਕਾਂਗਰਸ ਦਾ ਬਾਈਕਾਟ ਕਰ ਕੇ ਪਿਛਲੀਆਂ ਪੰਗਤੀਆਂ ਵਿਚ ਖੜ੍ਹੇ ਹੋਵੋਗੇ ਤਾਂ ਇਹ ਸਿੱਖ ਕੌਮ ਲਈ ਸ਼ਰਮ ਵਾਲੀ ਗੱਲ ਹੋਵੇਗੀ।"[6] ਮਾਸਟਰ ਤਾਰਾ ਸਿੰਘ ਕਾਂਗਰਸ ਦੇ ਵਿਚ ਰਹਿੰਦਿਆਂ ਹੀ ਸਿੱਖ ਹੱਕਾਂ ਲਈ ਲੜਨਾ ਚਾਹੁੰਦਾ ਸੀ ਪਰ ਉਸਦਾ ਵਿਰੋਧ ਕਰਦਿਆਂ ਅਮਰ ਸਿੰਘ ਸ਼ੇਰੇ ਪੰਜਾਬ ਕਹਿੰਦਾ ਰਿਹਾ ਕਿ ਕਾਂਗਰਸ ਦਾ ਤਦ ਤੱਕ ਬਾਈਕਾਟ ਕੀਤਾ ਜਾਵੇ ਜਦੋਂ ਤੱਕ ਉਹ ਸਿੱਖਾਂ ਦੇ ਮਸਲਿਆਂ ਦਾ ਤਸੱਲੀਬਖ਼ਸ਼ ਹੱਲ ਪੇਸ਼ ਨਹੀਂ ਕਰਦੇ।[7] ਕਈ ਵਿਚਾਰਕਾਂ ਨੇ ਸਿੱਖ ਆਗੂਆਂ ਦੀ ਇਸ ਸੋਚ 'ਤੇ ਕਿੰਤੂ ਕੀਤਾ ਹੈ ਪਰ ਅਜਮੇਰ ਸਿੰਘ ਲਿਖਦੇ ਹਨ, ਜੇਕਰ ਸਿੱਖ ਆਗੂਆਂ ਦੀ ਸਮੁੱਚੀ ਜੀਵਨ-ਕਮਾਈ 'ਤੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ ਸਹਿਜੇ ਹੀ ਇਸ ਨਿਰਨੇ 'ਤੇ ਅੱਪੜਿਆ ਜਾ ਸਕਦਾ ਹੈ ਕਿ ਮੂਲ ਕਿਰਦਾਰ, ਜਜ਼ਬੇ ਤੇ ਪ੍ਰਤੀਬੱਧਤਾ ਪੱਖੋਂ ਉਨ੍ਹਾਂ ਵਿਚ ਕੋਈ ਵੱਡੀ ਕਾਣ ਨਹੀਂ ਸੀ। ਉਨ੍ਹਾਂ ਦੀ ਬੁੱਧੀ ਤੇ ਲਿਆਕਤ ਬਾਰੇ ਤਾਂ ਲੱਖ ਕਿੰਤੂ-ਪ੍ਰੰਤੂ ਹੋ ਸਕਦੇ ਹਨ ਪਰ ਉਨ੍ਹਾਂ ਦੇ ਇਮਾਨ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।[8] ਸੰਗਤ ਸਿੰਘ ਲਿਖਦੇ ਹਨ ਕਿ ਮਾਸਟਰ ਤਾਰਾ ਸਿੰਘ ਵਰਗੇ ਸਿੱਖ ਆਗੂ ਜਿਨ੍ਹਾਂ ਕੋਲ ਕਾਨੂੰਨੀ ਸਿਖਲਾਈ ਜਾਂ ਵਿਸ਼ਲੇਸ਼ਣ ਬੁੱਧੀ ਦੀ ਘਾਟ ਸੀ। ਕਾਂਗਰਸ ਦੇ ਲਾਰਿਆਂ ਨਾਲ ਪਸੀਜੇ ਜਾਂਦੇ ਰਹੇ ਪਰ ਅੰਤ ਵਿਚ ਆਜ਼ਾਦੀ ਮਿਲਣ ਉਪਰੰਤ ਮਾਸਟਰ ਤਾਰਾ ਸਿੰਘ, ਗਾਂਧੀ ਅਤੇ ਉਸਦੇ ਸਾਥੀਆਂ ਬਾਰੇ ਸੁਤੰਤਰਤਾ ਸੰਗਰਾਮ ਸਮੇਂ ਬਣਾਏ ਵਿਚਾਰਾਂ ਲਈ ਬਹੁਤ ਪਛਤਾਇਆ।[9]

## ਨਹਿਰੂ ਰਿਪੋਰਟ ਅਤੇ ਸਿੱਖ

ਅਗਸਤ 1928 ਵਿਚ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦੁਆਰਾ ਦੇਸ਼ ਦੇ ਮਸਲੇ ਦੇ ਹੱਲ ਲਈ ਇਕ ਰਿਪੋਰਟ ਤਿਆਰ ਕੀਤੀ ਜਿਸਤੋਂ ਬਾਅਦ ਮੁਸਲਿਮ ਲੀਗ ਨੇ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਤਾਂ ਗਾਂਧੀ ਦੀਆਂ ਸਾਰੀਆਂ ਕੋਸ਼ਿਸ਼ਾਂ ਸਿੱਖਾਂ ਨੂੰ ਆਪਣੇ ਵੱਲ ਕਰ ਲੈਣ ਉੱਤੇ ਕੇਂਦਰਿਤ ਰਹੀਆਂ। ਇਸ

---

[5] Tuteja, Kundan lal, *Sikh Politics, 1920-40,* p. 147

[6] Gulati, Kailash Chander, *Akali,s Past and Present,* p.47

[7] ਸੰਗਤ ਸਿੰਘ, ਇਤਿਹਾਸ *ਚ' ਸਿੱਖ,* ਪੰਨਾ-208

[8] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* ਪੰਨਾ-69

[9] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-209

ਰਿਪੋਰਟ ਵਿਚ ਵੀ ਸਿੱਖ ਹਿੱਤਾਂ ਨੂੰ ਅਣਗੌਲਿਆ ਗਿਆ ਸੀ। ਸਿੱਖ ਆਗੂ ਹਰਨਾਮ ਸਿੰਘ ਨੇ ਨਹਿਰੂ ਰਿਪੋਰਟ 'ਤੇ ਪ੍ਰਤੀਕ੍ਰਮ ਕਰਦਿਆਂ ਕਿਹਾ ਸੀ ਕਿ ਨਹਿਰੂ ਰਿਪੋਰਟ ਦੀ ਦੇਸ਼ ਨੂੰ ਹਿੰਦੂ-ਭਾਰਤ ਅਤੇ ਮੁਸਲਿਮ ਭਾਰਤ ਵਿਚ ਵੰਡ ਦੇਣ ਦੀ ਤਜਵੀਜ਼ ਸਿੱਖਾਂ ਨੂੰ ਪ੍ਰਵਾਨ ਨਹੀਂ ਅਤੇ ਬਾਬਾ ਖੜਕ ਸਿੰਘ ਨੇ ਨਹਿਰੂ ਕਮੇਟੀ ਵੱਲੋਂ ਭਾਰਤ ਲਈ ਪੂਰਨ ਸਵੈਰਾਜ ਦੀ ਥਾਂ ਡੋਮੀਨੀਅਨ (ਬਸਤੀਵਾਦੀ) ਰਾਜ ਮੰਗਣ ਬਾਰੇ ਇਤਰਾਜ਼ ਕੀਤਾ ਕਿਉਂਕਿ ਉਹ ਪੂਰਨ ਸਵਰਾਜ ਦੇ ਹੱਕ ਵਿਚ ਸਨ।[10] ਬਸਤੀਵਾਦੀ ਰਾਜ ਦੀ ਥਾਂ ਪੂਰਨ ਸਵਰਾਜ ਮੰਗਣਾ ਲਈ ਸੰਘਰਸ਼ ਕਰਨਾ ਬਾਬਾ ਖੜਕ ਸਿੰਘ ਦਾ ਬਹੁਤ ਉਸਾਰੂ ਕਦਮ ਸੀ। ਫਰਵਰੀ 1929 ਵਿਚ ਕਰਾਚੀ ਵਿਖੇ ਸਿੱਖਾਂ ਦੀ ਇਕ ਮੀਟਿੰਗ ਵਿਚ ਬੋਲਦਿਆਂ ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਸਲਾਹ ਦਿੱਤੀ ਕਿ ਉਹ ਧੀਰਜ ਰੱਖਣ ਅਤੇ ਕਾਂਗਰਸ ਉੱਤੇ ਭਰੋਸਾ ਰੱਖਣ।[11] ਜਦੋਂ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਸਿੱਖ ਹਿੱਤਾਂ ਨੂੰ ਅਣਗੌਲਿਆਂ ਕੀਤਾ ਜਾਣ ਲੱਗਾ ਤਾਂ ਪਾਰਲੀਮੈਂਟ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਾਹਮਣੇ ਸਿਰਦਾਰ ਕਪੂਰ ਸਿੰਘ ਮੈਂਬਰ ਪਾਰਲੀਮੈਂਟ ਨੇ ਕਾਫ਼ੀ ਸ਼ਿਕਵੇ ਕੀਤੇ ਅਤੇ ਕਾਂਗਰਸ ਨੂੰ ਉਸਦੇ ਵਾਅਦੇ ਯਾਦ ਕਰਵਾਏ ਜੋ ਉਨ੍ਹਾਂ ਦੀ ਪੁਸਤਕ 'ਸਾਚੀ ਸਾਖੀ' ਵਿਚ ਸਾਖੀਆਂ ਦੇ ਰੂਪ ਵਿਚ ਦਰਜ਼ ਹਨ। ਸਿਰਦਾਰ ਕਪੂਰ ਸਿੰਘ ਅਨੁਸਾਰ 1929 ਨੂੰ ਲਾਹੌਰ ਵਿਖੇ ਸਿੱਖਾਂ ਨੇ ਬਾਬਾ ਖੜਕ ਸਿੰਘ ਦੀ ਸਰਪ੍ਰਸਤੀ ਵਿਚ ਪੰਜ ਲੱਖ ਨਰ-ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ, ਜਿਸ ਬਾਬਤ ਲੰਡਨ ਟਾਈਮਜ਼ ਅਖ਼ਬਾਰ ਨੇ ਲਿਖਿਆ:

> "ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ"

ਉਸ ਤੋਂ ਦੂਜੇ ਦਿਨ ਹੀ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ ਅਤੇ ਜਵਾਹਰ ਲਾਲ ਨਹਿਰੂ ਬਾਬਾ ਖੜਕ ਸਿੰਘ ਦੇ ਨਿਵਾਸ ਅਸਥਾਨ ਦੋਬੁਰਜੀ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਹੋ ਜਾਏਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਵੇਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਕਬੂਲ ਨਹੀਂ ਹੋਵੇਗਾ।[12]

ਮਹਾਤਮਾਂ ਗਾਂਧੀ ਅਤੇ ਨਹਿਰੂ ਵੱਲੋਂ ਦਿੱਤੇ ਥਾਪੜਿਆਂ ਅਤੇ ਇਕਰਾਰਨਾਮਿਆਂ ਕਾਰਨ ਸਿੱਖ ਆਗੂ ਕਾਂਗਰਸੀ ਆਗੂਆਂ 'ਤੇ ਅੰਨ੍ਹਾ ਵਿਸ਼ਵਾਸ ਕਰਨ ਲੱਗ ਪਏ ਸਨ। ਅਜਮੇਰ ਸਿੰਘ ਲਿਖਦੇ ਹਨ, "ਲੱਖ ਢੂੰਡਣ 'ਤੇ ਵੀ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਜਿਸ ਵਿਚੋਂ ਸਿੱਖ ਲੀਡਰਸ਼ਿਪ ਵੱਲੋਂ ਕਾਂਗਰਸੀ ਆਗੂਆਂ ਨਾਲ ਸਾਂਝ ਤੇ ਨੇੜਤਾ ਬਣਾਉਣ ਲੱਗਿਆਂ ਅਜਿਹੀ ਸਾਵਧਾਨੀ ਦੀ ਝਲਕ ਮਿਲਦੀ ਹੋਵੇ। ਕੌਮ ਦੀ ਹੋਣੀ ਨੂੰ ਪ੍ਰਭਾਵਿਤ

---

[10] Tuteja, *Sikh Politics, 1920-40*, p. 146-147

[11] *Collected Works Of Mahatma Gandhi, vol.38,* p 546

[12] *ਸਾਚੀ ਸਾਖੀ,* ਪੰਨਾ-164

ਕਰਨ ਵਾਲੇ ਅਜਿਹੇ ਅਤੀ ਅਹਿਮ ਮਾਮਲਿਆਂ ਵਿਚ ਇਸ ਤਰ੍ਹਾਂ ਦੀ 'ਮਸੂਮੀਅਤ' ਦੀ ਇਤਿਹਾਸ ਅੰਦਰ ਸ਼ਾਇਦ ਹੀ ਕੋਈ ਹੋਰ ਮਿਸਾਲ ਮਿਲਦੀ ਹੋਵੇ।"[13] ਇਸ ਤੋਂ ਸਪਸ਼ਟ ਹੰਦਾ ਹੈ ਕਿ ਕਾਂਗਰਸੀ ਆਗੂਆਂ ਨੇ ਸਿੱਖਾਂ ਆਗੂਆਂ ਨੂੰ ਭਰਮਾ ਲਿਆ ਸੀ।

## ਸਿਵਲ ਨਾ ਫ਼ੁਰਮਾਨੀ ਲਹਿਰ ਦਾ ਸਮਰਥਨ

31 ਦਸੰਬਰ 1929 ਦੇ ਦਿਨ ਕਾਂਗਰਸ ਵੱਲੋਂ ਲਾਹੌਰ ਵਿਚ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਅਤੇ ਕਾਂਗਰਸ ਨੇ ਇਸ ਨਿਸ਼ਾਨੇ ਨੂੰ ਹਾਸਲ ਕਰਨ ਵਾਸਤੇ ਐਜੀਟੇਸ਼ਨ ਕਰਨ ਦੇ ਅਖ਼ਤਿਆਰ ਮਹਾਤਮਾ ਗਾਂਧੀ ਨੂੰ ਦੇ ਦਿੱਤੇ। ਗਾਂਧੀ ਨੇ ਸਿਵਲ ਨਾ ਫ਼ੁਰਮਾਨੀ ਲਹਿਰ ਚਲਾਉਣ ਦਾ ਐਲਾਨ ਕੀਤਾ। ਇਸ ਦਾ ਮੁੱਖ ਮੁੱਦਾ ਲੂਣ ਤੋਂ ਸਰਕਾਰੀ ਟੈਕਸ ਦਾ ਖਾਤਮਾ ਅਤੇ ਸ਼ਰਾਬਬੰਦੀ ਲਾਗੂ ਕਰਨਾ ਸੀ। ਇਸ ਕਾਰਜ ਲਈ 14 ਅਪ੍ਰੈਲ 1930 ਨੂੰ ਲਾਹੌਰ ਵਿਖੇ ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ ਤੇ ਲਾਲਾ ਛਬੀਲ ਦਾਸ ਦੀ ਅਗਵਾਈ ਵਿਚ ਜੰਗੀ ਕੌਂਸਲ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਕੌਂਸਲ ਨੇ ਅੰਗਰੇਜ਼ ਹਕੂਮਤ ਵਿਰੁੱਧ ਸਿਵਲ ਨਾ-ਫ਼ੁਰਮਾਨੀ ਲਹਿਰ ਜ਼ੋਰ-ਸ਼ੋਰ ਨਾਲ ਚਲਾਉਣ ਦੀ ਵਕਾਲਤ ਕੀਤੀ। ਮਾਸਟਰ ਤਾਰਾ ਸਿੰਘ ਨੇ ਕਾਂਗਰਸ ਨੂੰ 5000 ਹਜ਼ਾਰ ਅਕਾਲੀ ਵਰਕਰਾਂ ਦੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਵੀ ਕੀਤੀ।[14] ਬਾਬਾ ਖੜਕ ਸਿੰਘ ਨੇ ਇਸ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਆਜ਼ਾਦ ਭਾਰਤ ਦੇ ਝੰਡੇ ਵਿਚ ਸਿੱਖਾਂ ਦਾ ਕੇਸਰੀ ਰੰਗ ਸ਼ਾਮਲ ਕਰਨ 'ਤੇ ਅੜੇ ਹੋਏ ਸਨ ਜੋ ਕਾਂਗਰਸ ਨੇ ਅਜੇ ਤੱਕ ਪ੍ਰਵਾਨ ਨਹੀਂ ਕੀਤਾ ਸੀ।[15] ਸੈਂਟਰਲ ਸਿੱਖ ਲੀਗ ਨੇ ਵੀ ਇਸ ਅੰਦੋਲਨ ਦੀ ਹਮਾਇਤ ਕੀਤੀ।

ਸਿਵਲ ਨਾ ਫ਼ੁਰਮਾਨੀ ਮੋਰਚੇ ਦੌਰਾਨ ਹੀ ਪਿਸ਼ਾਵਰ ਵਿਖੇ ਸਰਕਾਰ ਵੱਲੋਂ ਕਰਵਾਈ ਗਈ ਫਾਇਰਿੰਗ ਵਿਚ ਮਰੇ ਬੇਕਸੂਰ ਲੋਕਾਂ ਦੇ ਹੱਕ ਵਿਚ ਮਾਸਟਰ ਤਾਰਾ ਸਿੰਘ ਸਰਕਾਰ ਦਾ ਵਿਰੋਧ ਕਰਨ ਲਈ ਅਕਾਲੀਆਂ ਦਾ ਜਥਾ ਲੈ ਕੇ ਜਲਸੇ ਦੀ ਸ਼ਕਲ ਵਿਚ ਪੇਸ਼ਾਵਰ ਗਏ ਤਾਂ ਉਨ੍ਹਾਂ ਨੂੰ ਲਾਹੌਰ ਵਿਖੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬਾਕੀ ਦਾ ਜਥਾ ਪਿਸ਼ਾਵਰ ਪਹੁੰਚ ਗਿਆ ਜਿਥੇ ਪੁਲਿਸ ਨੇ ਇਸ ਜਥੇ 'ਤੇ ਉਦੋਂ ਤੱਕ ਲਾਠੀਆਂ ਵਰਾਈਆਂ ਜਦੋਂ ਤੱਕ ਸਾਰੇ ਬੰਦੇ ਬੇਹੋਸ਼ ਨਾ ਹੋ ਗਏ। ਇਸੇ ਅੰਦੋਲਨ ਦੌਰਾਨ ਬੰਬਈ ਵਿਚ ਕਾਂਗਰਸ ਦੇ 'ਲੂਣ ਦੇ ਮੋਰਚੇ' ਸਮੇਂ ਪੁਲਸ ਲਾਠੀਚਾਰਜ ਕਰਕੇ ਵਿਖਾਵਾਕਾਰੀਆਂ ਨੂੰ ਭਜਾ ਦਿੰਦੀ ਸੀ। ਅਖ਼ੀਰ ਕਾਂਗਰਸ ਨੇ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਸਿੱਖਾਂ ਦਾ ਇਕ ਜਥਾ ਬੰਬਈ ਭੇਜਿਆ ਜਾਵੇ। ਅਕਾਲੀ ਦਲ ਨੇ ਜਥੇਦਾਰ

---

[13] *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* ਪੰਨਾ-64

[14] *ਅਕਾਲੀ ਤੇ ਪ੍ਰਦੇਸੀ,* (15 ਅਪ੍ਰੈਲ 1930), ਪੰਨਾ-5, ਕਾਲਮ 7.

[15] Gulati, *Akali,s Past and Present,* p.55

ਪ੍ਰਤਾਪ ਸਿੰਘ ਦੀ ਅਗਵਾਈ ਵਿਚ ਇਕ ਜਥਾ ਬੰਬਈ ਭੇਜਿਆ। ਜਦੋਂ ਇਸ ਜਥੇ ਨੇ ਲੂਣ ਦੇ ਮੋਰਚੇ ਵਿਚ ਹਿੱਸਾ ਲਿਆ। ਪੁਲਸ ਡਾਂਗਾਂ ਮਾਰ-ਮਾਰ ਦੇ ਹਫ਼ ਗਈ ਪਰ ਇਕ ਵੀ ਸਿੱਖ ਉੱਥੋਂ ਭੱਜ ਕੇ ਨਾ ਗਿਆ।[16] ਇਸ ਤਰ੍ਹਾਂ ਸਿੱਖ ਦੇਸ਼ ਦੇ ਸੁੰਤਤਰਤਾ ਸੰਗਰਾਮ ਵਿਚ ਹਰ ਥਾਂ ਹੌਂਸਲੇ ਨਾਲ ਡਟੇ ਰਹੇ। ਸਿਵਲ ਨਾ ਫ਼ੁਰਮਾਨੀ ਅੰਦੋਲਨ ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

**ਗੁਰਦੁਆਰਾ ਸੀਸ ਗੰਜ ਦੀ ਘਟਨਾ**

ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਪੁਲਸ ਵੱਲੋਂ ਫਾਇਰਿੰਗ ਦੀ ਘਟਨਾ ਨੇ ਸਿਵਲ ਨਾ ਫ਼ੁਰਮਾਨੀ ਅੰਦੋਲਨ ਨੂੰ ਵੱਖਰਾ ਮੋੜ ਦਿੱਤਾ। 6 ਮਈ 1930 ਨੂੰ ਕੁਝ ਕਾਂਗਰਸੀ ਵਰਕਰਾਂ ਨੇ ਗੁਰਦੁਆਰਾ ਸੀਸ ਗੰਜ ਵਿਚ ਦਾਖ਼ਲ ਹੋ ਕੇ ਪੁਲਿਸ ਉੱਤੇ ਇੱਟਾਂ ਰੋੜੇ ਸੁੱਟੇ ਤਾਂ ਪੁਲਸ ਨੇ ਜਵਾਬ ਵਿਚ ਗੋਲੀ ਚਲਾਈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਗੋਲੀਆਂ ਲੱਗੀਆਂ। ਇਸ ਘਟਨਾ ਨਾਲ ਸਿੱਖਾਂ ਵਿਚ ਰੋਸ ਫੈਲ ਗਿਆ। ਇਸ ਕਾਰਨ ਬਹੁਤ ਸਾਰੇ ਗਰਮ ਖ਼ਿਆਲੀ ਸਿੱਖ ਇਸ ਲਹਿਰ ਵਿਚ ਆ ਰਲੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੁਲਿਸ ਵੱਲੋਂ ਗੋਲੀ ਚਲਾਉਣ ਵਿਰੁੱਧ ਰੋਸ ਪ੍ਰਗਟ ਕਰਨ ਲਈ ਵਿਦੇਸ਼ੀ ਕੱਪੜੇ ਦੀਆਂ ਦੁਕਾਨਾਂ ਦਾ ਬਾਈਕਾਟ ਕਰਨ ਅਤੇ ਇਹਨਾਂ ਦੁਕਾਨਾਂ ਸਾਹਮਣੇ ਧਰਨੇ ਦੇਣ ਦੀ ਇਕ ਮੁਹਿੰਮ ਚਲਾਈ।[17] ਸੀਸਗੰਜ ਦੇ ਮੋਰਚੇ ਨੇ ਗਾਂਧੀ ਦੀ ਸਿਵਲ ਨਾ ਫ਼ੁਰਮਾਨੀ ਲਹਿਰ ਨੂੰ ਵੀ ਬਲ ਬਖ਼ਸ਼ਿਆ। ਇਸ ਦੌਰਾਨ 12 ਨਵੰਬਰ 1930 ਨੂੰ ਲੰਡਨ ਵਿਖੇ ਦੂਜੀ ਗੋਲਮੇਜ਼ ਕਾਨਫ਼ਰੰਸ ਹੋਈ ਜਿਸ ਵਿਚ ਸਿੱਖਾਂ ਦੇ ਪ੍ਰਤੀਨਿਧ ਦੇ ਰੂਪ ਵਿਚ ਉੱਜਲ ਸਿੰਘ ਅਤੇ ਸਪੂਰਨ ਸਿੰਘ ਨੇ ਇਸ ਕਮੇਟੀ ਸਾਹਮਣੇ ਸਿੱਖ ਮੰਗਾਂ ਪ੍ਰਤੀ ਮੈਮੋਰੰਡਮ ਪੇਸ਼ ਕੀਤਾ। ਇਸ ਵਿਚ ਸਿੱਖਾਂ ਵੱਲੋਂ 30% ਰਾਖਵਾਂਕਰਨ ਦੀ ਮੰਗ ਕੀਤੀ ਗਈ ਪਰ ਮੁਸਲਿਮ ਲੀਗ ਨੇ ਇਸਦੀ ਡਟ ਕੇ ਵਿਰੋਧਤਾ ਕੀਤੀ।[18] 1932 ਵਿਚ ਸਰਕਾਰ ਨੇ ਕਮਿਊਨਲ ਐਵਾਰਡ ਜਾਰੀ ਕਰ ਦਿੱਤਾ ਜਿਸ ਵਿਚ ਮੁਸਲਮਾਨਾਂ ਨੂੰ 51% ਤੋਂ ਵੱਧ ਪ੍ਰਤੀਨਿਧਤਾ ਦਿੱਤੀ ਗਈ ਸੀ ਅਤੇ ਸਿੱਖਾਂ ਨੂੰ 19%। ਸਿੱਖਾਂ ਨੇ ਕਮਿਊਨਲ ਐਵਾਰਡ ਅਤੇ ਪੰਜਾਬ ਵਿਚੋਂ ਮੁਸਲਿਮ ਮਨੌਰਿਟੀ ਘਟਾਉਣ ਲਈ ਵਿਦਰੋਹ ਕੀਤਾ।[19] ਪਰ ਕਮਿਊਨਲ ਐਵਾਰਡ ਦੀ ਕਾਂਗਰਸ ਨੇ ਹਮਾਇਤ ਕੀਤੀ ਜਿਸ ਕਾਰਨ ਸਿੱਖਾਂ ਵਿਚ ਭਾਰੀ ਨਿਰਾਸ਼ਾ ਹੋਈ।[20] ਸਿਰਦਾਰ ਕਪੂਰ ਸਿੰਘ ਸਾਚੀ ਸਾਖੀ ਵਿਚ ਦੱਸਦੇ ਹਨ,

---

[16] Jaswant Singh, *Master Tara Singh,* p. 117

[17] Tuteja, *Sikh Politics, 1920-40,* p.150

[18] Ibid, p.152

[19] *The Tribune,* (6 June, 1932,), p. 2, co.

[20] Tuteja, *Sikh Politics, 1920-40,* p.162

"1932 ਵਿਚ ਜਦੋਂ ਲੰਦਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸਨ। ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ, ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਆਪਣਾ ਸਬੰਧ ਪੱਕੇ ਪੈਰੀਂ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨੀ ਠੋਸ ਸ਼ਕਤੀ ਦੇ ਦੇਣਗੇ ਜਿਸ ਦੁਆਰਾ ਆਜ਼ਾਦੀ ਤੋਂ ਬਾਅਦ ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ। ਪਰ ਸਿੱਖ ਲੀਡਰਾਂ ਨੇ ਇਹ ਪੇਸ਼ਕਸ਼ ਫੌਰਨ ਨਾ-ਮਨਜ਼ੂਰ ਕਰ ਦਿੱਤੀ।"[21]

## ਫ਼ਿਰਕੂ ਫ਼ੈਸਲਾ ਅਤੇ ਸਿੱਖ ਹਿੱਤ

ਕੌਮੀਅਤ ਦੇ ਆਧਾਰ 'ਤੇ ਸੀਟਾਂ ਦੀ ਵੰਡ ਲਈ 17 ਅਗਸਤ 1932 ਨੂੰ 'ਫ਼ਿਰਕੂ ਫ਼ੈਸਲਾ' ਹੋਇਆ। ਜਿਸ ਤਹਿਤ ਹਿੰਦੂ, ਮੁਸਲਮਾਨ ਅਤੇ ਸਿੱਖਾਂ ਲਈ ਕੌਮੀਅਤ ਦੇ ਆਧਾਰ 'ਤੇ ਚੋਣਾਂ ਲਈ ਰਾਖਵਾਂਕਰਨ ਕੀਤਾ ਗਿਆ।[22] ਇਸ ਫ਼ੈਸਲੇ ਵਿਰੁੱਧ ਸਿੱਖਾਂ ਵਿਚਾਲੇ ਤਿੱਖੀ ਨੁਕਤਾਚੀਨੀ ਹੋਈ। ਸਰਕਾਰ ਦੇ ਫ਼ਿਰਕੂ ਫ਼ੈਸਲੇ ਦੇ ਖਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਜਲਾਸ ਹੋਇਆ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ, ਸੈਂਟਰਲ ਸਿੱਖ ਲੀਗ, ਚੀਫ਼ ਖ਼ਾਲਸਾ ਦੀਵਾਨ, ਸੈਂਟਰਲ ਅਕਾਲੀ ਦਲ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ। ਇਸ ਫ਼ਿਰਕੂ ਫ਼ੈਸਲੇ ਨੂੰ ਮੁਲਕ ਦੀ ਆਜ਼ਾਦੀ ਦੇ ਮੁੱਢਲੇ ਅਸੂਲਾਂ ਅਤੇ ਸਿੱਖਾਂ ਦੇ ਰਾਜਸੀ ਤੇ ਧਾਰਮਿਕ ਜੀਵਨ ਉੱਤੇ ਸੱਟ ਆਖਿਆ ਗਿਆ। ਸਮੂਹ ਕੌਂਸਲ ਮੈਂਬਰਾਂ ਅਤੇ ਵਜ਼ੀਰਾਂ ਪਾਸੋਂ ਪ੍ਰੋਟੈਸਟ ਦੇ ਤੌਰ 'ਤੇ ਅਸਤੀਫ਼ਿਆਂ ਦੀ ਮੰਗ ਕੀਤੀ ਗਈ ਅਤੇ ਜੋ ਮੈਂਬਰ ਪੰਥਕ ਫ਼ੈਸਲੇ ਦੀ ਪ੍ਰਵਾਹ ਨਾ ਕਰਨ ਉਨ੍ਹਾਂ ਨੂੰ ਸਮੂਹ ਪੰਥਕ ਸੁਸਾਇਟੀਆਂ ਵਿਚੋਂ ਖਾਰਜ ਕਰਨ ਬਾਰੇ ਫ਼ੈਸਲਾ ਕੀਤਾ ਗਿਆ। 20 ਅਗਸਤ 1932 ਦੇ ਦਿਨ ਕੌਂਸਲ ਆਫ਼ ਐਕਸ਼ਨ ਦੀ ਮੀਟਿੰਗ ਲਾਹੌਰ ਵਿਖੇ ਹੋਈ। ਇਸ ਵਿਚ ਇਹ ਮਤੇ ਪਾਸ ਕੀਤੇ ਗਏ:

"(1) ਸਿੱਖ ਕਮਿਊਨਲ ਐਵਾਰਡ ਨੂੰ ਰੱਦ ਕਰਦੇ ਹਨ।(2) ਗੁਰਦੁਆਰਾ ਚੋਣਾਂ ਜੋ 1933 ਵਿਚ ਹੋਣੀਆਂ ਹਨ, ਬਾਰੇ ਫ਼ੈਸਲਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਚੋਣਾਂ ਵਿਚ ਮੁਕਾਬਲਾ ਨਾ ਹੋਵੇ ਤੇ ਸੀਟਾਂ ਪਹਿਲਾਂ ਜਿੱਤੀ ਪਾਰਟੀ ਨੂੰ ਦੇ ਦਿੱਤੀਆਂ ਜਾਣ। (3) ਝਗੜੇ ਵਾਲੀਆਂ ਸੀਟਾਂ ਵਾਸਤੇ ਭਾਗ ਸਿੰਘ ਵਕੀਲ ਨੂੰ ਸਾਲਸ ਮੰਨਿਆ ਗਿਆ। (4) 17 ਸਤੰਬਰ ਨੂੰ ਫ਼ਿਰਕੂ ਫ਼ੈਸਲੇ ਦੇ ਵਿਰੋਧ ਦੇ ਦਿਨ ਵਜੋਂ ਮਨਾਇਆ ਜਾਵੇ।(5) 25 ਸਤੰਬਰ ਨੂੰ 'ਗੁਰੂ ਖ਼ਾਲਸਾ ਦਰਬਾਰ' ਬਣਾ ਕੇ ਫ਼ਿਰਕੂ ਫ਼ੈਸਲੇ ਦੇ ਖਿਲਾਫ਼ ਜੱਦੋਜਹਿਦ ਕੀਤੀ ਜਾਵੇ। (6) ਅਕਾਲੀ ਸ਼ਹੀਦੀ ਫ਼ੌਜ ਨੂੰ ਸ਼੍ਰੋਮਣੀ ਅਕਾਲੀ ਦਲ ਹੀ ਭਰਤੀ ਕਰੇ। ਇਹ ਅਕਾਲੀ ਦਲ ਦਾ ਇਕ ਵਿੰਗ ਹੋਵੇ।"[23]

ਡਾ. ਦਿਲਗੀਰ ਲਿਖਦੇ ਹਨ, "ਸਿੱਖਾਂ ਨੂੰ ਫ਼ਿਰਕੂ ਫ਼ੈਸਲੇ ਦਾ ਸਵਾਲ ਛੱਡ ਕੇ ਪੰਜਾਬ ਦੀ ਵੰਡ ਦੀ ਗੱਲ 1932 ਵਿਚ ਹੀ ਕਰ ਲੈਣੀ ਚਾਹੀਦੀ ਸੀ ਤੇ ਇਸ ਵਾਸਤੇ ਸੰਜੀਦਾ ਜੱਦੋਜਹਿਦ ਕਰਨੀ ਚਾਹੀਦੀ ਸੀ। ਇਹ ਵੰਡ ਸਿੰਧ ਤੋਂ ਜਿਹਲਮ ਤੱਕ, ਦੂਜਾ ਜਿਹਲਮ ਤੋਂ ਜਮੁਨਾ ਤੱਕ ਤੇ ਤੀਜਾ ਜਮਨਾ ਤੋਂ ਪਾਰ ਗੁੜਗਾਉਂ ਅਤੇ ਹੋਰ

---

[21] ਸਿਰਦਾਰ ਕਪੂਰ ਸਿੰਘ, *ਸਾਚੀ ਸਾਖੀ,* ਪੰਨਾ-172

[22] ਦਿਲਗੀਰ, *ਸਿੱਖ ਤਵਾਰੀਖ਼,* ਪੰਨਾ-957

[23] ਉਹੀ, ਪੰਨਾ-959

ਹਰਿਆਣੇ ਦੇ ਇਲਾਕਿਆਂ ਤੱਕ ਹੋਣੀ ਸੀ। ਇਹ ਤਿੰਨੇ ਸੂਬੇ, ਹਿੰਦੂ ਸਿੱਖ ਤੇ ਮੁਸਲਮਾਨਾਂ ਤਿੰਨਾਂ ਕੌਮਾਂ ਦੇ ਬਣ ਸਕਦੇ ਸਨ। ਬਾਅਦ ਵਿਚ ਇਹ ਪੂਰਬੀ ਸਿੱਖਸਤਾਨ ਬਣ ਸਕਦਾ ਸੀ।"[24]

## ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਸਿੱਖ

ਮਹਾਤਮਾ ਗਾਂਧੀ ਨੂੰ ਸਿੱਖਾਂ ਦੀ ਤਾਕਤ ਦਾ ਅਹਿਸਾਸ ਸੀ ਇਸ ਲਈ ਉਹ ਉਨ੍ਹਾਂ ਨੂੰ ਭਰਮਾਉਣ ਲਈ ਯਤਨਸ਼ੀਲ ਸੀ। ਗੁਰਦੁਆਰਾ ਸੀਸ ਗੰਜ ਦੇ ਸੰਘਰਸ਼ ਦੌਰਾਨ ਗਾਂਧੀ ਨੇ ਕਿਹਾ:

> "ਸੱਚਾਈ ਅਤੇ ਅਹਿੰਸਾ ਵਿਚ ਧੋਖੇ ਅਤੇ ਝੂਠ ਲਈ ਕੋਈ ਥਾਂ ਨਹੀਂ।.. ਸਰੀਰਕ ਜੰਗ ਵਿਚ ਚਲਾਕੀ ਅਤੇ ਧੋਖੇ ਨੂੰ ਥਾਂ ਹੈ ਪਰ ਅਹਿੰਸਾ, ਸੱਚਾਈ ਅਤੇ ਨਿਆਂ ਦੇ ਸਿਵਾ ਹੋਰ ਸਾਰੇ ਹਥਿਆਰਾਂ ਦੀ ਮਨਾਹੀ ਕਰਦੀ ਹੈ। ਮੈਂ ਨਿਰਸੰਕੋਚ ਹੋ ਕੇ ਕਹਾਂਗਾ ਕਿ ਕਾਂਗਰਸ ਦਾ ਅਹਿੰਸਾ ਸਿਧਾਂਤ ਇਸ ਦੇ ਭਰੋਸੇਯੋਗ ਹੋਣ ਦੀ ਸਭ ਤੋਂ ਵੱਧ ਯਕੀਨੀ ਜ਼ਾਮਨੀ ਹੈ ਅਤੇ ਸਾਡੇ ਸਿੱਖ ਮਿੱਤਰਾਂ ਨੂੰ ਦਿਲ ਵਿਚੋਂ ਇਹ ਗੱਲ ਕੱਢ ਦੇਣੀ ਚਾਹੀਦੀ ਹੈ ਕਿ ਕਾਂਗਰਸ ਉਹਨਾਂ ਨੂੰ ਕਦੇ ਧੋਖਾ ਦੇਵੇਗੀ ਕਿਉਂਕਿ ਜਿਸ ਪਲ ਵੀ ਇਸਨੇ ਧੋਖਾ ਕੀਤਾ, ਕਾਂਗਰਸ ਨਾ ਕੇਵਲ ਆਪਣੇ ਵਿਨਾਸ਼ ਹੀ ਸਗੋਂ ਸਾਰੇ ਦੇਸ਼ ਦੇ ਵਿਨਾਸ਼ ਉੱਤੇ ਵੀ ਮੋਹਰ ਲਾਵੇਗੀ। ਇਸ ਤੋਂ ਵੱਧ, ਸਿੱਖ ਬਹਾਦਰ ਲੋਕ ਹਨ ਅਤੇ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਨੌਬਤ ਆਉਣ 'ਤੇ ਹਥਿਆਰ ਚੁੱਕ ਕੇ ਆਪਣੇ ਹੱਕਾਂ ਦੀ ਰੱਖਿਆ ਕਿਸ ਤਰ੍ਹਾਂ ਕਰਨੀ ਹੈ। ਉਸਨੇ ਕਿਹਾ, "ਤੁਸੀਂ ਭਰੋਸਾ ਕਿਉਂ ਨਹੀਂ ਕਰਦੇ? ਜੇ ਕਾਂਗਰਸ ਪਿੱਛੋਂ ਫ਼ਰੇਬ ਕਰਨਾ ਚਾਹੇ ਤਾਂ ਤੁਸੀਂ ਯਕੀਨਨ ਇਸ ਨਾਲ ਸਿੱਝ ਸਕਦੇ ਹੋ ਕਿਉਂਕਿ ਤੁਹਾਡੇ ਪਾਸ ਤਲਵਾਰ ਹੈ। ਮੈਂ ਤੁਹਾਨੂੰ ਜਾਚਨਾ ਕਰਦਾ ਹਾਂ ਕਿ ਮੇਰੇ ਕਹੇ ਨੂੰ ਪ੍ਰਵਾਨ ਕਰੋ। ਇਹ ਸਬੰਧ ਜੋ ਮੈਨੂੰ ਤੇ ਕਾਂਗਰਸ ਨੂੰ ਤੁਹਾਡੇ ਨਾਲ ਬੰਨ੍ਹਦਾ ਹੈ, ਪਰਮਾਤਮਾ ਇਸ ਦਾ ਸਾਖੀ ਹੋਵੇ"।[25]

ਇਸੇ ਕਾਂਗਰਸ ਪਾਰਟੀ ਦੀ ਸਰਕਾਰ ਵੱਲੋਂ 1947 ਦੀ ਆਜ਼ਾਦੀ ਤੋਂ ਬਾਅਦ 1984 ਤੱਕ ਆਪਣੇ ਹੱਕਾਂ ਲਈ ਹਥਿਆਰ ਚੁੱਕਣ ਵਾਲੇ ਸਿੱਖਾਂ ਦਾ ਦੇਸ਼ ਦੀ ਫ਼ੌਜੀ ਤਾਕਤ ਨਾਲ ਕਤਲੇਆਮ ਕੀਤਾ ਗਿਆ।

ਜਵਾਹਰ ਲਾਲ ਨਹਿਰੂ ਨੇ 12 ਦਸੰਬਰ 1939 ਨੂੰ ਮਾਸਟਰ ਤਾਰਾ ਸਿੰਘ ਨੂੰ ਭਰੋਸਾ ਦਿਵਾਇਆ ਕਿ ਸਿੱਖਾਂ ਦੇ ਹੱਕ ਅੱਖੋਂ ਓਹਲੇ ਨਹੀਂ ਕੀਤੇ ਜਾਣਗੇ ਜਦੋਂਕਿ ਸ਼ੁਰੂ ਵਿਚ ਕਾਂਗਰਸ ਵੱਲੋਂ ਸਿੱਖਾਂ ਨੂੰ ਸਰਕਾਰ ਵਿਰੋਧੀ ਮਸਲਿਆਂ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਸੀ।[26] ਨਹਿਰੂ ਨੇ ਫਿਰ ਸਿੱਖਾਂ ਨੂੰ ਕਾਂਗਰਸ ਨਾਲ ਜੋੜਨ ਲਈ 6 ਜੁਲਾਈ 1946 ਨੂੰ ਕਲਕੱਤਾ ਵਿਖੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਕਿਹਾ, "ਪੰਜਾਬ ਦੇ ਬਹਾਦਰ ਸਿੱਖ ਖ਼ਾਸ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ ਵਿਚ ਕੋਈ ਗ਼ਲਤ ਗੱਲ ਨਹੀਂ ਜਾਪਦੀ

[24] ਦਿਲਗੀਰ, *ਸਿੱਖ ਤਵਾਰੀਖ,* ਪੰਨਾ-993

[25] ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ,* ਪੰਨਾ- 173

[26] Tuteja, *Sikh Politics, 1920-40*, p.192

ਕਿ ਉੱਤਰ ਵਿਚ ਇਕ ਇਲਾਕਾ ਅਤੇ ਇਕ ਰਾਜ-ਪ੍ਰਬੰਧ ਕਾਇਮ ਕੀਤਾ ਜਾਵੇ ਜਿਥੇ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਗਰਮਾਵੇ।"[27]

## ਕਿਰਪਾਨ ਦੀ ਆਜ਼ਾਦੀ ਲਈ ਸੰਘਰਸ਼

ਲਾਹੌਰ ਵਿਖੇ ਸ਼ਹੀਦਗੰਜ ਗੁਰਦੁਆਰਾ ਸਾਹਿਬ ਵਿਚ ਸਿੱਖ ਮੁਸਲਮਾਨਾਂ ਦੇ ਫ਼ਸਾਦ ਦੌਰਾਨ ਜਦੋਂ ਸਰਕਾਰ ਨੇ ਸਿੱਖਾਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਤਾਂ 'ਸ਼੍ਰੋਮਣੀ ਕਮੇਟੀ' ਅਤੇ 'ਅਕਾਲੀ ਦਲ' ਨੇ ਸਰਕਾਰ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ ਜਿਸ ਅੱਗੇ ਝੁਕਦਿਆਂ ਸਰਕਾਰ ਨੇ 25 ਸਤੰਬਰ 1935 ਨੂੰ ਕਿਰਪਾਨ ਪਹਿਨਣ ਤੋਂ ਪਾਬੰਦੀ ਹਟਾ ਦਿੱਤੀ। ਅਪ੍ਰੈਲ 1937 ਵਿਚ ਅਕਾਲੀਆਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਕਾਂਗਰਸ ਦੇ ਸਮਰਥਨ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੂੰ ਮੁਸਲਿਮ ਗ਼ਲਬੇ ਤੋਂ ਸੁਤੰਤਰਤਾ ਮਿਲਣ ਦੀ ਆਸ ਸੀ। ਨਵੀਂ ਸਿਕੰਦਰ ਹਯਾਤ ਦੀ ਵਜ਼ਾਰਤ ਸਿੱਖ ਹਿੱਤਾਂ ਨੂੰ ਹਾਨੀ ਪਹੁੰਚਾ ਸਕਦੀ ਸੀ। ਪਰ ਮਹਾਤਮਾ ਗਾਂਧੀ ਵੀ ਸਿੱਖਾਂ ਦੇ ਕਿਰਪਾਨ ਪਹਿਨਣ ਦੇ ਵਿਰੁੱਧ ਸੀ। ਅਪ੍ਰੈਲ 1940 ਵਿਚ ਦੇਸ਼ ਦੀ ਫ਼ੌਜ ਵਿਚ ਸਿੱਖਾਂ ਦੀ ਵੱਧ ਭਰਤੀ ਸਬੰਧੀ ਮਾਸਟਰ ਤਾਰਾ ਸਿੰਘ ਦੇ ਵਿਚਾਰ 'ਤੇ ਕਿੰਤੂ ਕਰਦਿਆਂ ਗਾਂਧੀ ਨੇ ਕਿਹਾ ਸੀ ਕਿ ਤੁਹਾਡੇ ਤੇ ਸਾਡੇ ਵਿਚ ਕੁਝ ਸਾਂਝਾ ਨਹੀਂ। ਤੁਸੀਂ ਕਿਰਪਾਨ ਵਿਚ ਵਿਸ਼ਵਾਸ ਕਰਦੇ ਹੋ, ਕਾਂਗਰਸ ਨਹੀਂ।[28] ਅਕਾਲੀ ਕਾਂਗਰਸ ਨਾਲ ਆਪਣੀ ਕਿਸਮਤ ਇਸ ਲਈ ਜੋੜਦੇ ਸਨ ਕਿ ਕਾਂਗਰਸ ਸਮੁੱਚੇ ਦੇਸ਼ ਲਈ ਆਜ਼ਾਦੀ ਦਾ ਸਾਧਨ ਬਣੇਗੀ ਅਤੇ ਆਪਣਾ ਸਿੱਕਾ ਜਮਾਉਣ ਤੋਂ ਬਾਅਦ ਉਨ੍ਹਾਂ ਨੂੰ ਇਨਸਾਫ਼ ਦਿਵਾਏਗੀ। ਗਾਂਧੀ ਦੇ ਵਿਚਾਰਾਂ ਤੋਂ ਨਰਾਜ਼ ਹੋ ਕੇ ਮਾਸਟਰ ਤਾਰਾ ਸਿੰਘ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਕਾਂਗਰਸ ਸ਼ੁਰੂ ਤੋਂ ਹੀ ਅਹਿੰਸਾ ਦਾ ਰਾਗ ਅਲਾਪ ਰਹੀ ਸੀ, ਜਿਸ ਕਾਰਨ ਕਈ ਵਾਰ ਸੁਤੰਤਰਤਾ ਅੰਦੋਲਨ ਨੂੰ ਢਾਹ ਵੀ ਲਗਦੀ। 31 ਦਸੰਬਰ 1940 ਨੂੰ ਅਕਾਲੀ ਕਾਨਫ਼ਰੰਸ ਵਿਚ ਫ਼ਤਹਿਗੜ੍ਹ ਸਾਹਿਬ ਵਿਖੇ ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ ਆਦਿ ਨੇ ਕਾਂਗਰਸ ਦੇ ਰੋਲ ਦੀ ਨਿੰਦਾ ਕਰਦਿਆਂ ਕਿਹਾ, "ਅਹਿੰਸਾ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ, ਸਿੱਖ ਗੁਰੂਆਂ ਨੇ ਕਈ ਵਾਰ ਆਪਣੇ ਹੱਕ, ਸੱਚਾਈ ਲਈ ਤੇ ਜ਼ਾਲਮ ਨਾਲ ਲੜਨ ਵਾਸਤੇ ਹਿੰਸਾ ਦੀ ਵਰਤੋਂ ਕੀਤੀ ਹੈ।"[29] ਭਾਰਤ ਦੇ ਉੱਤਰ ਪੂਰਬੀ ਖਿੱਤੇ ਵਿਚ ਸੁਤੰਤਰ ਰਾਜ ਕਾਇਮ ਕੀਤੇ ਜਾਣ ਦੀ ਸੰਭਾਵਨਾ ਦਾ ਭਾਵ ਸੀ ਕਿ ਸਿੱਖਾਂ ਦੀ ਮੁਸਲਿਮ ਗ਼ਲਬੇ ਅਧੀਨ ਪੱਕੀ ਗ਼ੁਲਾਮੀ। ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਜੇਕਰ ਮੁਸਲਿਮ ਲੀਗ ਨੇ ਆਪਣਾ ਰਾਜ ਸਥਾਪਿਤ ਕਰਨ ਦੀ

---

[27] ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ,* ਪੰਨਾ-165

[28] *The Tribune,* (14 April, 1940,), p. 3, co.2

[29] Ibid, (1 January, 1941,), p. 4, co.5

ਜ਼ਿੱਦ ਕੀਤੀ ਤਾਂ ਉਨ੍ਹਾਂ ਨੂੰ ਸਿੱਖਾਂ ਦੇ ਖ਼ੂਨ ਦਾ ਦਰਿਆ ਪਾਰ ਕਰਨਾ ਪਵੇਗਾ। ਸਿੱਖਾਂ ਦਾ ਵੱਡਾ ਇਕੱਠ ਹੋਇਆ ਅਤੇ ਪੰਜਾਬ ਦੀ ਵੰਡ ਰੋਕਣ ਲਈ ਕੋਈ ਵੀ ਕੀਮਤ ਅਦਾ ਕਰਨ ਦਾ ਫ਼ੈਸਲਾ ਕੀਤਾ ਗਿਆ।[30] 13 ਅਪ੍ਰੈਲ 1940 ਨੂੰ ਕੁਝ ਪ੍ਰਮੁੱਖ ਸਿੱਖ ਆਗੂਆਂ ਅਤੇ ਅਖ਼ਬਾਰਾਂ ਨੇ ਪਾਕਿਸਤਾਨ ਦੀ ਮੰਗ ਦੇ ਵਿਰੁੱਧ ਅਕਾਲੀ ਆਗੂਆਂ ਨੂੰ ਖ਼ਾਲਿਸਤਾਨ ਦੀ ਮੰਗ ਕਰਨ ਦਾ ਸੁਝਾਅ ਪੇਸ਼ ਕੀਤਾ। ਪਰ ਅਕਾਲੀ ਆਗੂ ਅਤੇ ਚੀਫ਼ ਖ਼ਾਲਸਾ ਦੀਵਾਨ ਇਸ ਬਾਰੇ ਕੋਈ ਪ੍ਰੋਗਰਾਮ ਨਾ ਉਲੀਕ ਸਕੇ।[31]

## ਸੁਤੰਤਰਤਾ ਅੰਦੋਲਨ ਨੂੰ ਢਾਹ

ਜਦੋਂ ਅੰਗਰੇਜ਼ ਸਰਕਾਰ ਅਤੇ ਕਾਂਗਰਸੀ ਆਗੂਆਂ ਨੇ ਦੇਖ ਲਿਆ ਕਿ ਸਿੱਖਾਂ ਦੀ ਸ਼ਕਤੀ ਵਧਦੀ ਜਾ ਰਹੀ ਹੈ ਤਾਂ ਉਨ੍ਹਾਂ ਸਿੱਖਾਂ ਵਿਚ ਫੁੱਟ ਪਾਉਣ ਦੀ ਨੀਤੀ ਅਪਣਾਈ। ਜਿਸ ਸਮੇਂ ਬਾਬਾ ਖੜਕ ਸਿੰਘ ਵੱਲੋਂ ਰਾਸ਼ਟਰੀ ਝੰਡੇ ਵਿਚ ਸਿੱਖਾਂ ਦਾ ਕੇਸਰੀ ਰੰਗ ਸ਼ਾਮਲ ਕਰਨ ਲਈ ਦਬਾਅ ਬਣਾ ਕੇ ਕਾਂਗਰਸ ਦੇ ਬਾਈਕਾਟ ਦੀ ਗੱਲ ਕੀਤੀ ਜਾ ਰਹੀ ਸੀ ਤਾਂ ਗਾਂਧੀ ਨੇ ਗੁਰਦੁਆਰਾ ਸੀਸ ਗੰਜ ਵਿਖੇ ਕਿਹਾ ਕਿ ਝੰਡੇ ਸਬੰਧੀ ਵਿਵਾਦ ਉਹੀ ਲੋਕ ਕਰ ਰਹੇ ਹਨ ਜੋ ਰਾਸ਼ਟਰੀ ਲਹਿਰ ਤੋਂ ਪਰ੍ਹੇ ਸਨ, ਉਹ ਚਾਹੁੰਦਾ ਸੀ ਕਿ ਸਿੱਖ ਕਾਂਗਰਸ ਉਤੇ ਭਰੋਸਾ ਰੱਖਣ। ਗਾਂਧੀ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਨਹੀਂ ਸੀ ਸਮਝਦਾ ਇਸੇ ਕਾਰਨ ਉਹ ਇਨ੍ਹਾਂ ਦਾ ਰੰਗ ਰਾਸ਼ਟਰੀ ਝੰਡੇ ਵਿਚ ਸ਼ਾਮਲ ਕਰਨ ਤੋਂ ਟਾਲ਼ਾ ਵੱਟ ਰਿਹਾ ਸੀ। ਪਰ ਬਾਬਾ ਖੜਕ ਸਿੰਘ ਇਸ ਮੰਗ 'ਤੇ ਦ੍ਰਿੜ ਸਨ, ਇਹਨਾਂ ਕਾਰਨਾਂ ਕਰਕੇ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਵਿੱਚ ਵੀ ਵਿਚਾਰਧਾਰਕ ਤ੍ਰੇੜਾਂ ਪੈਦਾ ਹੋ ਗਈਆਂ ਤੇ ਇਹ ਦੂਰੀਆਂ ਵਧਦੀਆਂ ਗਈਆਂ ਜਿਨ੍ਹਾਂ ਨੇ ਅਕਾਲੀ ਜੱਦੋਜਹਿਦ 'ਤੇ ਮਾੜਾ ਪ੍ਰਭਾਵ ਪਾਇਆ। ਇਸ ਫੁੱਟ ਦੌਰਾਨ ਇਕ ਧੜੇ ਨੇ ਜਿਨ੍ਹਾਂ ਵਿਚ ਕਰਤਾਰ ਸਿੰਘ ਝੱਬਰ ਵੀ ਸ਼ਾਮਲ ਸੀ ਨੇ ਬਾਬਾ ਖੜਕ ਸਿੰਘ ਨੂੰ 'ਪੰਥ ਦਾ ਡਿਕਟੇਟਰ' ਮੰਨ ਲਿਆ। ਸਿੱਖ ਆਗੂਆਂ ਦੀ ਫੁੱਟ ਦਾ ਖ਼ਮਿਆਜ਼ਾ ਕੌਮ ਨੂੰ ਭੁਗਤਣਾ ਪਿਆ। ਸੰਗਤ ਸਿੰਘ ਲਿਖਦੇ ਹਨ ਕਿ ਇਸ ਫੁੱਟ ਕਾਰਨ ਹੀ ਸਿੱਖ ਕੌਮ ਸੁਤੰਤਰਤਾ ਦੀ ਜੱਦੋਜਹਿਦ ਵਿਚ ਆਪਣਾ ਹਿੱਸਾ ਪ੍ਰਾਪਤ ਕਰਨ ਤੋਂ ਅਵੇਸਲੀ ਰਹਿ ਗਈ। ਇਸ ਨਾਲ ਭਾਈਚਾਰਕ ਸਾਂਝ ਨਾ ਹੋਣ ਅਤੇ ਗ਼ੈਰਇਤਬਾਰੀ ਕਾਰਨ ਕੌਮ ਦੀ ਤਾਕਤ ਖ਼ਤਮ ਹੋਈ। ਜਿਸ ਨੇ ਸਿੱਖ ਕੌਮ ਨੂੰ ਪਹਿਲਾਂ ਵਾਂਗ ਮੋਰਚਾਬੰਦੀ ਕਰਨ ਦੀ ਸਥਿਤੀ ਤੋਂ ਦੂਰ ਕਰ ਦਿੱਤਾ।[32]

---

[30] Tuteja, *Sikh Politics, 1920-40*, p.193

[31] *V S Bhatia, A Sikh Resident of Ludhiana, gave a Scheme of Khalistan, Similarly, The Khalsa Sewak, a Sikh Newspaper, wrote that there should be a separate Sikh state from Yamuna to jamrod, The Tribune,* (14 April, 1940,), p. 2, co.3

[32] *ਇਤਿਹਾਸ 'ਚ ਸਿੱਖ,* ਪੰਨਾ-219

ਡਾ. ਗੁਲਾਟੀ ਅਨੁਸਾਰ 1937 ਦੇ ਦਰਮਿਆਨ ਸਿੱਖਾਂ ਵਾਸਤੇ ਬਹੁਤ ਜ਼ਰੂਰੀ ਹੋ ਗਿਆ ਸੀ ਕਿ ਉਹ ਆਪਣੀ ਸੁਤੰਤਰ ਹਸਤੀ ਦਾ ਦਾਅਵਾ ਕਰਦੇ ਅਤੇ ਚੌਥੀ ਬਾਹੀ ਬਣ ਕੇ ਹਿੰਦੂ, ਮੁਸਲਿਮ ਤੇ ਅੰਗਰੇਜ਼ ਤਿਕੋਣੇ ਸਬੰਧ ਨੂੰ ਚੌਧਾਮੀ ਸਬੰਧ ਵਿਚ ਬਦਲਦੇ ਅਤੇ ਇਸ ਤਰ੍ਹਾਂ ਕਰਦਿਆਂ ਆਪਣੇ ਹਿੱਤਾਂ ਦੀ ਰਖਵਾਲੀ ਕਰਨ ਵਾਸਤੇ ਮੁਸਲਮਾਨਾਂ ਅਤੇ ਅੰਗਰੇਜ਼ਾਂ ਨਾਲ ਸੌਦੇਬਾਜ਼ੀ ਕਰਦੇ। ਪਰ ਸਿੱਖ ਪੰਥ ਦੇ ਮੋਹਰੀ, ਜਿਨ੍ਹਾਂ ਦੇ ਆਗੂ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਬਾਬਾ ਖੜਕ ਸਿੰਘ ਤੇ ਕੇਂਦਰੀ ਅਕਾਲੀ ਦਲ ਕੋਲ 1930 ਵਿਆਂ ਪਿੱਛੋਂ ਕੋਈ ਸੁਤੰਤਰ ਰਾਜਨੀਤਿਕ ਪ੍ਰੋਗਰਾਮ ਨਹੀਂ ਸੀ। ਉਹਨਾਂ ਨੇ ਕੇਵਲ ਤਾਰਾ ਸਿੰਘ ਵਿਰੁੱਧ ਕਾਰਵਾਈ ਉੱਤੇ ਹੀ ਧਿਆਨ ਕੇਂਦਰਿਤ ਕੀਤਾ ਹੋਇਆ ਸੀ।[33]

## ਕ੍ਰਿਪਸ ਯੋਜਨਾ ਅਤੇ ਸਿੱਖ ਮੰਗਾਂ

23 ਮਾਰਚ 1942 ਨੂੰ ਸਰ ਸਟੈਫੋਰਡ ਕ੍ਰਿਪਸ ਦੀ ਅਗਵਾਈ ਵਿਚ ਇਕ ਸਰਕਾਰੀ ਨੁਮਾਇੰਦਾ ਦਿੱਲੀ ਪਹੁੰਚਿਆ ਤਾਂ ਕਿ ਭਾਰਤ ਦੇ ਵਰਤਮਾਨ ਢਾਂਚੇ ਅਤੇ ਭਵਿੱਖ ਬਾਰੇ ਭਾਰਤੀ ਨੇਤਾਵਾਂ ਨਾਲ ਕੋਈ ਸਮਝੌਤਾ ਕੀਤਾ ਜਾ ਸਕੇ।[34] ਇਸ ਸਮੇਂ ਅਕਾਲੀ ਦਲ ਦੇ ਨੁਮਾਇੰਦੇ ਦੇ ਰੂਪ ਵਿਚ ਵਜ਼ੀਰ-ਬਲਦੇਵ ਸਿੰਘ ਨੂੰ ਸਰ ਕ੍ਰਿਪਸ ਨਾਲ ਸਿੱਖ ਮੰਗਾਂ ਬਾਰੇ ਗੱਲਬਾਤ ਦੀ ਜ਼ਿੰਮੇਵਾਰੀ ਸੌਂਪੀ ਗਈ। ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ, ਉੱਜਲ ਸਿੰਘ ਅਤੇ ਸਰ ਜੋਗਿੰਦਰ ਸਿੰਘ 'ਤੇ ਆਧਾਰਿਤ ਇਕ ਸਿੱਖ ਡੈਲੀਗੇਸ਼ਨ ਵੀ ਸਰ ਕ੍ਰਿਪਸ ਨੂੰ ਮਿਲਿਆ ਅਤੇ ਉਸਨੂੰ ਇਕ ਮੈਮੋਰੰਡਮ ਵੀ ਦਿੱਤਾ ਜਿਹੜਾ ਸਿੱਖ ਹਿੱਤਾਂ ਨੂੰ ਸਪਸ਼ਟ ਕਰਦਾ ਸੀ। ਇਸ ਸਬੰਧੀ ਕ੍ਰਿਪਸ ਨੇ 27 ਮਾਰਚ 1942 ਦੇ ਆਪਣੇ ਇਕ ਨੋਟ ਵਿਚ ਲਿਖਿਆ ਸੀ ਕਿ ਸਿੱਖਾਂ ਨੇ ਆਪਣੇ ਮੈਮੋਰੰਡਮ ਵਿਚ ਘੱਟ ਗਿਣਤੀ ਹੋਣ ਕਰਕੇ ਜਿੱਥੇ ਹਿਫ਼ਾਜ਼ਤ ਲਈ ਲਿਖਿਆ ਸੀ ਉਥੇ ਹੀ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਪ੍ਰਾਂਤਕ ਸ਼ਕਤੀ ਨੂੰ ਅਜਿਹੇ ਢੰਗ ਨਾਲ ਵੰਡਣ ਦੀ ਗੱਲ ਕੀਤੀ ਸੀ ਜਿਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਿੱਖ ਸੰਤੁਲਨ ਰੱਖਣ ਵਾਲੀ ਇਕ ਸ਼ਕਤੀ ਦੇ ਰੂਪ ਵਿਚ ਉੱਭਰ ਸਕਣ।[35] ਕਾਂਗਰਸ ਨੂੰ ਸਿੱਖ ਹਿੱਤਾਂ ਦਾ ਕੋਈ ਖ਼ਿਆਲ ਨਹੀਂ ਸੀ। ਗਾਂਧੀ ਦੇ ਭਾਰਤ ਛੱਡੋ ਅੰਦੋਲਨ ਸਮੇਂ ਊਧਮ ਸਿੰਘ ਨਾਗੋਕੇ ਅਤੇ ਈਸ਼ਰ ਸਿੰਘ ਮਝੈਲ ਵਾਲੀ ਅਕਾਲੀਆਂ ਦੀ ਜਥੇਬੰਦੀ ਕਾਂਗਰਸ ਵੱਲ ਹੋ ਗਈ ਅਤੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਜਦੋਂ ਪਾਕਿਸਤਾਨ ਦੀ ਮੁਸਲਿਮ ਲੀਗ ਦੀ ਮੰਗ ਸਿਰੇ ਚੜ੍ਹਦੀ ਦਿਖਾਈ ਦਿੱਤੀ ਤਾਂ ਅਕਾਲੀ ਆਗੂਆਂ ਨੇ ਵੀ ਆਪਣੀ 'ਸੁਤੰਤਰ ਸਟੇਟ' ਦੀ ਮੰਗ ਕੀਤੀ। ਮਾਸਟਰ ਤਾਰਾ ਸਿੰਘ ਨੇ ਆਪਣੀ ਸਵੈ ਜੀਵਨੀ

---

33 *Alkali's Past and Present,* p.69-70

34 *The Tribune,* (24 March 1942), p. 3, co.7

35 Nicholas, Mansergh (Ed.), *The Transfer of power 1942-71,* vol. I, p.496

ਵਿਚ ਲਿਖਿਆ ਹੈ ਕਿ ਉਸਨੇ ਅਤੇ ਗਿਆਨੀ ਕਰਤਾਰ ਸਿੰਘ ਨੇ ਅਕਤੂਬਰ 1942 ਵਿਚ ਜਿਨਾਹ, ਹਿੰਦੂ ਮਹਾਂਸਭਾ ਅਤੇ ਹੋਰ ਲੀਡਰਾਂ ਵਿਚਕਾਰ ਗੱਲਬਾਤ ਦੇ ਅਸਫ਼ਲ ਰਹਿ ਜਾਣ ਪਿੱਛੋਂ ਸਮਝ ਲਿਆ ਸੀ ਕਿ ਪਾਕਿਸਤਾਨ ਤਾਂ ਬਣ ਕੇ ਹੀ ਰਹਿਣਾ ਹੈ, ਸੋ ਸਿੱਖ ਹਿੱਤਾਂ ਦੀ ਰਾਖੀ ਲਈ ਦੋਵਾਂ ਨੇ ਸੀ. ਰਾਜ ਗੋਪਾਲਾਚਾਰੀਆ ਨਾਲ ਸਲਾਹ ਕਰਕੇ 'ਆਜ਼ਾਦ ਪੰਜਾਬ' ਦੀ ਵਿਉਂਤ ਬਣਾਈ।[36] ਆਜ਼ਾਦ ਪੰਜਾਬ ਦੀ ਮੰਗ ਅਕਾਲੀਆਂ ਦੀ ਸਭ ਤੋਂ ਦਰੁੱਸਤ ਜਾਪਦੀ ਸੀ।

## ਆਜ਼ਾਦ ਪੰਜਾਬ ਦਾ ਨਾਅਰਾ ਬਨਾਮ ਸੁਤੰਤਰ ਸਟੇਟ

7 ਜੂਨ 1943 ਨੂੰ ਅਕਾਲੀ ਦਲ ਨੇ 'ਆਜ਼ਾਦ ਪੰਜਾਬ' ਦਾ ਮਤਾ ਪਾਸ ਕਰ ਦਿੱਤਾ। ਦਸੰਬਰ 1943 ਵਿਚ 'ਆਜ਼ਾਦ ਪੰਜਾਬ' ਨਾਂ ਦਾ ਮੈਨੀਫੈਸਟੋ ਜਾਰੀ ਹੋਇਆ ਜਿਸ ਨਾਲ ਪੰਜਾਬ ਦੀ ਨਵੇਂ ਸਿਰੇ ਤੋਂ ਹੱਦਬੰਦੀ ਦੀ ਮੰਗ ਕੀਤੀ ਗਈ।[37] ਇਹ ਸਕੀਮ ਹੀ ਸਿੱਖਾਂ ਦਾ ਕਿਸੇ ਹੋਰ ਇਕੱਲੇ ਫਿਰਕੇ ਦੇ ਗ਼ਲਬੇ ਤੋਂ ਬਚਾਅ ਕਰ ਸਕਦੀ ਸੀ। ਆਜ਼ਾਦ ਪੰਜਾਬ ਕਿਸੇ ਵੀ ਹਾਲਤ ਵਿਚ ਪਾਕਿਸਤਾਨ ਦੇ ਸਿਧਾਂਤ ਵਾਂਗ ਖ਼ਾਲਿਸਤਾਨ ਨਹੀਂ ਸੀ। ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਅਸੀਂ ਨਾ ਹਿੰਦੂ ਰਾਜ ਅਤੇ ਨਾ ਸਿੱਖ ਰਾਜ ਚਾਹੁੰਦੇ ਹਾਂ। ਸਾਡੀ ਖ਼ਾਹਿਸ਼ ਸਿਰਫ ਇਹ ਸੀ ਕਿ ਸਾਰੇ ਫ਼ਿਰਕਿਆਂ ਦਾ ਸਾਂਝਾ ਰਾਜ ਹੋਵੇ ਜਿਸ ਵਿਚ ਸਾਰੇ ਦੇਸ਼ ਵਾਸੀਆਂ ਦੇ ਹਿੱਤ ਸੁਰੱਖਿਅਤ ਹੋਣ ਅਤੇ ਧਾਰਮਿਕ ਸੁਤੰਤਰਤਾ ਦੀ ਜ਼ਮਾਨਤ ਹੋਵੇ।[38] ਇਸ ਯੋਜਨਾ ਅਨੁਸਾਰ ਮੁਸਲਮਾਨਾਂ ਦੀ ਭਾਰੀ ਬਹੁਗਿਣਤੀ ਵਾਲੇ ਇਲਾਕਿਆਂ ਨੂੰ ਵੱਖਰਾ ਕਰਕੇ ਨਵੇਂ ਪੰਜਾਬ ਦੀ ਸਥਾਪਨਾ ਕਰਨਾ ਸੀ ਅਤੇ ਇਹ ਵੀ ਕਿਹਾ ਗਿਆ ਕਿ ਇਸ ਨਵੇਂ ਰਾਜ ਵਿਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਗਿਣਤੀ ਲਗਭਗ ਬਰਾਬਰ ਹੋਵੇਗੀ। ਇਹ ਸਿੱਖਾਂ ਲਈ ਇਕ ਹੋਮਲੈਂਡ ਹੀ ਸੀ।[39] ਅਕਾਲੀ ਆਗੂ ਮੰਗਲ ਸਿੰਘ ਐਮ. ਐਲ. ਏ. ਕੇਂਦਰੀ ਨੇ ਇਕ ਹੋਰ ਮਤੇ ਰਾਹੀਂ ਮੰਗ ਕੀਤੀ ਕਿ ਇੱਕ ਅਜਿਹੀ ਸਥਿਤੀ ਪੈਦਾ ਕੀਤੀ ਜਾਵੇ ਜਿਸ ਵਿਚ ਸਿੱਖ ਨਾ ਤਾਂ ਮੁਸਲਿਮ ਬਹੁਗਿਣਤੀ ਦੇ ਗ਼ਲਬੇ ਹੇਠ ਅਤੇ ਨਾ ਹੀ ਹਿੰਦੂਆਂ ਦੇ ਗ਼ਲਬੇ ਹੇਠ ਰਹਿਣ। ਇਸ ਦੀ ਸੋਧ ਕਰਕੇ ਇਕ ਮੰਗ ਪੇਸ਼ ਕੀਤੀ ਗਈ ਕਿ ਇਕ ਸੁਤੰਤਰ ਸਿੱਖ ਰਾਜ ਬਣਾਇਆ ਜਾਵੇ ਜਿਸ ਦੀ ਯੋਜਨਾ ਮਾਸਟਰ ਤਾਰਾ ਸਿੰਘ ਵੱਲੋਂ ਕਾਇਮ ਕੀਤੀ ਜਾਣ ਵਾਲੀ ਇਕ ਕਮੇਟੀ ਤਿਆਰ ਕਰੇ। ਆਜ਼ਾਦ ਪੰਜਾਬ ਦੀ ਮੰਗ ਨੂੰ ਹਿੰਦੂ

---

[36] ਗੁਰਮੀਤ ਸਿੰਘ, *ਫੇਲੂਅਰਜ਼ ਆਫ਼ ਅਕਾਲੀ ਲੀਡਰਸ਼ਿਪ,* ਪੰਨਾ-61- Jaswant Singh, *Autobiography of Master Tara singh,* ਵਿਚੋਂ (ਉਧਰਿਤ)

[37] ਦਿਲਗੀਰ, *ਸਿੱਖ ਤਵਾਰੀਖ,* ਪੰਨਾ-1018

[38] ਗਰੇਵਾਲ, *ਅਕਾਲੀਆਂ ਦੇ 75 ਸਾਲ,* ਪੰਨਾ-99

[39] ਕਿਰਪਾਲ ਸਿੰਘ (ਡਾ.), *ਪੰਜਾਬ ਦਾ ਬਟਵਾਰਾ,* ਪੰਨਾ-10

ਵਸੋਂ ਦਾ ਪੂਰਾ ਸਹਿਯੋਗ ਸੀ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਹ ਸਕੀਮ ਸਿੱਖਾਂ ਨੂੰ ਮੁਸਲਮਾਨਾਂ ਦੇ ਦਾਬੇ ਤੋਂ ਬਚਾਉਣ ਲਈ ਸੋਚੀ ਗਈ ਹੈ।[40]

ਮਾਸਟਰ ਤਾਰਾ ਸਿੰਘ ਨੇ ਵੀ ਕਿਹਾ ਕਿ ਸਿੱਖ ਹਿੰਦੂਆਂ ਜਾਂ ਮੁਸਲਮਾਨਾਂ ਦੀ ਸਦੀਵੀ ਗ਼ੁਲਾਮੀ ਤੋਂ ਬਚਣਾ ਚਾਹੁੰਦੇ ਹਨ। ਸਿੱਖ ਰਾਜਸੀ ਸ਼ਕਤੀ ਚਾਹੁੰਦੇ ਹਨ। ਸਿੱਖ ਇਕ ਕੌਮ ਹਨ ਅਤੇ ਉਹ ਆਪਣੇ ਦੇਸ਼ ਵਿਚ ਇੱਜ਼ਤਦਾਰ ਲੋਕਾਂ ਵਾਂਗ ਰਹਿਣਾ ਚਾਹੁੰਦੇ ਹਨ ਅਤੇ ਜੇ ਵੰਡ ਹੋਣੀ ਹੀ ਹੈ ਤਾਂ ਉਨ੍ਹਾਂ ਨੂੰ ਪਾਕਿਸਤਾਨ ਅਤੇ ਹਿੰਦੁਸਤਾਨ ਦਾ ਗ਼ੁਲਾਮ ਨਾ ਬਣਾਇਆ ਜਾਵੇ। ਇਹ ਬਿਆਨ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਅਕਾਲੀਆਂ ਨੇ ਆਖ਼ਰੀ ਸਮਿਆਂ ਵਿਚ ਦਲੇਰ ਗੱਲਾਂ ਤਾਂ ਜ਼ਰੂਰ ਕੀਤੀਆਂ ਪਰ ਕਾਰਵਾਈ ਲਈ ਕੋਈ ਜਥੇਬੰਧਕ ਸੰਘਰਸ਼ ਨਾ ਹੋ ਸਕਿਆ। ਅਗਸਤ 1944 ਵਿਚ ਸਰਬ ਪਾਰਟੀ ਸਿੱਖ ਕਾਨਫ਼ਰੰਸ ਵਿਚ ਸਿੱਖ ਮੁੱਦਿਆਂ ਨੂੰ ਸੂਤਰਬੱਧ ਕੀਤਾ ਗਿਆ ਸੀ ਅਤੇ ਇਹ ਗੱਲ ਜ਼ੋਰ ਦੇ ਕੇ ਕਹੀ ਗਈ ਕਿ ਸਿੱਖ ਹਿੰਦੂਆਂ ਅਤੇ ਮੁਸਲਮਾਨਾਂ ਦੀ ਗ਼ੁਲਾਮੀ ਪ੍ਰਵਾਨ ਨਹੀਂ ਕਰਨਗੇ। ਉਹ ਧਰਮ ਦੇ ਆਧਾਰ 'ਤੇ ਭਾਰਤ ਦੀ ਵੰਡ ਦੀ ਸੂਰਤ ਵਿਚ ਇੱਕ ਵੱਖਰੇ ਸਿੱਖ ਰਾਜ ਨੂੰ ਤਰਜੀਹ ਦੇਣਗੇ। ਤਾਰਾ ਸਿੰਘ ਨੂੰ ਇਕ ਕਮੇਟੀ ਕਾਇਮ ਕਰਨ ਦਾ ਅਧਿਕਾਰ ਸੌਂਪਿਆ ਗਿਆ ਜਿਸ ਨੇ ਇਸ ਤਜ਼ਵੀਜ ਦੀ ਵਿਉਂਤ ਬਣਾਉਣੀ ਸੀ। ਪ੍ਰੀਤਮ ਸਿੰਘ ਗੋਜਰਾਂ ਨੇ 14 ਅਕਤੂਬਰ ਨੂੰ ਦਿੱਤੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਸੀ, 'ਸਿੱਖ ਪਾਕਿਸਤਾਨ ਦੀ ਸਥਾਪਨਾ ਦੇ ਵਿਰੁੱਧ ਹਨ ਅਤੇ ਉਹ ਭਾਰਤ ਦੀ ਵੰਡ ਨੂੰ ਨਹੀਂ ਸਹਾਰ ਸਕਦੇ ਪਰ ਜੇ ਭਾਰਤ ਦੀ ਵੰਡ ਕਰਨੀ ਹੀ ਹੈ ਅਤੇ ਇਸਦੇ ਟੁਕੜੇ-ਟੁਕੜੇ ਹੋਣੇ ਹੀ ਹਨ ਤਾਂ ਸਿੱਖਾਂ ਨੂੰ ਉਹਨਾਂ ਦੇ ਕਬਜ਼ੇ ਹੇਠਲੀ ਜ਼ਮੀਨ ਅਤੇ ਉਹਨਾਂ ਦੀ ਰਾਜਨੀਤਿਕ ਮਹੱਤਤਾ ਦੇ ਆਧਾਰ 'ਤੇ ਵੱਖਰਾ ਦੇਸ਼ ਦਿੱਤਾ ਜਾਵੇ।[41] ਤਾਰਾ ਸਿੰਘ ਨੇ ਸਾਰੇ ਮੋਰਚਿਆਂ ਉੱਤੇ ਸੰਘਰਸ਼ ਜਾਰੀ ਰੱਖਦਿਆਂ ਕਿਹਾ, "ਸਿੱਖ ਅੰਗਰੇਜ਼ਾਂ ਦੀਆਂ ਵਧੀਕੀਆਂ ਸਹਾਰਨ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਨੇ ਸੁਤੰਤਰਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਤਾਂ ਉਹ ਗਾਂਧੀ ਅਤੇ ਜਿਨਾਹ ਜਿਹੇ ਜਾਬਰਾਂ ਦੀਆਂ ਕਾਰਵਾਈਆਂ ਨੂੰ ਸਹਾਰਨ ਲਈ ਵੀ ਤਿਆਰ ਨਹੀਂ ਕਿਉਂਕਿ ਇਹ ਭਾਰਤ ਦੀ ਵੰਡ ਕਰਕੇ ਹਿੰਦੂ ਅਤੇ ਮੁਸਲਿਮ ਬਹੁਗਿਣਤੀਆਂ ਨੂੰ ਸਿੱਖਾਂ 'ਤੇ ਠੋਸਣਾ ਚਾਹੁੰਦੇ ਹਨ।[42]

---

[40] *The Tribune,* (23 July 1943), p. 3, co.8

[41] ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਪੰਨਾ-235

[42] ਉਹੀ, ਪੰਨਾ-235

### ਰਾਜਾ ਜੀ ਫ਼ਾਰਮੂਲਾ ਅਤੇ ਸਿੱਖ ਹਿੱਤ

1944 ਵਿਚ ਸੀ. ਰਾਜ ਗੋਪਾਲਾਚਾਰੀਆ ਨੇ ਦੇਸ਼ ਦੀ ਵੰਡ ਸਬੰਧੀ ਇਕ ਪਲਾਨ ਤਿਆਰ ਕੀਤਾ ਜਿਸਨੂੰ 'ਰਾਜਾ ਜੀ ਫ਼ਾਰਮੂਲਾ' ਦੇ ਨਾਂ ਨਾਲ ਜਾਣਿਆ ਗਿਆ। 16 ਜੁਲਾਈ 1944 ਨੂੰ ਰਾਜਾ ਜੀ ਦਾ ਫ਼ਾਰਮੂਲਾ ਪਬਲਿਸ਼ ਹੋਇਆ ਜਿਸ ਵਿਚ ਪਾਕਿਸਤਾਨ ਬਣਨ ਦੀ ਗੱਲ ਸੀ ਪਰ ਸਿੱਖਾਂ ਬਾਰੇ ਇਸ ਵਿੱਚ ਕੁਝ ਵੀ ਨਹੀਂ ਸੀ। ਇਸਦੀ ਹਰ ਪਾਸੇ ਮੁਖ਼ਾਲਫ਼ਤ ਹੋਈ, ਅਕਾਲੀਆਂ ਨੇ ਇਸ ਫ਼ਾਰਮੂਲੇ ਖਿਲਾਫ਼ 25 ਜੁਲਾਈ ਨੂੰ ਵਿਦਰੋਹ ਕੀਤਾ।[43] ਅਕਾਲੀ ਦਲ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਤਿੰਨ ਸਤੰਬਰ ਦੇ ਦਿਨ ਨੂੰ ਰੋਸ ਦਿਵਸ ਵਜੋਂ ਮਨਾਇਆ ਜਾਵੇ ਕਿਉਂਕਿ ਰਾਜਾ ਜੀ ਫਾਰਮੂਲੇ ਵਿਚ ਕਾਂਗਰਸ ਤੇ ਮੁਸਲਿਮ ਲੀਗ ਨੇ ਸਿੱਖ ਕੌਮ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ। ਸਰ ਸੋਭਾ ਸਿੰਘ ਨੇ ਮੰਗ ਕੀਤੀ ਕਿ ਅੰਗਰੇਜ਼ਾਂ ਨੇ ਸਿੱਖਾਂ ਤੋਂ ਪੰਜਾਬ ਲਿਆ ਸੀ। ਇਸ ਲਈ ਇਹ ਸਿੱਖਾਂ ਨੂੰ ਹੀ ਵਾਪਸ ਕੀਤਾ ਜਾਵੇ।[44]

20 ਅਗਸਤ, 1944 ਨੂੰ ਅੰਮ੍ਰਿਤਸਰ ਵਿਚ ਸਾਰੀਆਂ ਸਿੱਖ ਪਾਰਟੀਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਹੁਣ ਸਿੱਖਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਗਾਂਧੀ ਵੱਲ ਵੇਖਣਾ ਛੱਡ ਦੇਣਾ ਚਾਹੀਦਾ ਹੈ। 15 ਅਕਤੂਬਰ 1944 ਨੂੰ ਲਾਹੌਰ ਵਿਖੇ ਸਰਬ ਪਾਰਟੀ ਸਿੱਖ ਕਾਨਫ਼ਰੰਸ ਹੋਈ ਜਿਸ ਵਿਚ ਰਾਜਾ ਜੀ ਫ਼ਾਰਮੂਲੇ ਨੂੰ 'ਗੁਨਾਹ' ਕਹਿ ਕੇ ਰੱਦ ਕਰ ਦਿੱਤਾ ਗਿਆ। ਅਕਾਲੀ ਆਗੂਆਂ ਨੇ ਕਿਹਾ, 'ਸਿੱਖ ਕਿਸੇ ਤਰ੍ਹਾਂ ਦੇ ਵੀ ਸਮਝੌਤੇ ਲਈ ਤਿਆਰ ਹਨ ਉਹ ਕਿਸੇ ਹਾਲਤ ਵਿਚ ਭਾਰਤ ਦੀ ਵੰਡ ਜਾਂ ਪਾਕਿਸਤਾਨ ਦੀ ਸਥਾਪਨਾ ਨੂੰ ਨਹੀਂ ਸਹਾਰਨਗੇ। ਮਾਸਟਰ ਤਾਰਾ ਸਿੰਘ ਨੇ ਮੰਗ ਕੀਤੀ ਕਿ ਜੇਕਰ ਬਰਤਾਨਵੀ ਸਰਕਾਰ ਹੱਦਬੰਦੀ ਦੁਬਾਰਾ ਕਰਨ ਦੀ ਮੰਗ ਪ੍ਰਵਾਨ ਨਹੀਂ ਕਰ ਸਕਦੀ ਤਾਂ ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਯੋਗ ਕਦਮ ਚੁੱਕੇ ਜਾਣ।[45]

25 ਨਵੰਬਰ 1944 ਨੂੰ ਜੰਡਿਆਲਾ ਵਿਖੇ ਹੋਈ ਅਕਾਲੀ ਜੁਬਲੀ ਕਾਨਫ਼ਰੰਸ ਸਮੇਂ ਈਸ਼ਰ ਸਿੰਘ ਮਝੈਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ, "ਸ਼੍ਰੋਮਣੀ ਅਕਾਲੀ ਦਲ ਕਾਂਗਰਸ ਦਾ ਸਾਥ ਦੇਣਾ ਜਾਰੀ ਰੱਖੇਗਾ। ਉਸਨੇ ਰਾਜ ਗੋਪਾਲਾਚਾਰੀਆ ਦੇ ਫ਼ਾਰਮੂਲੇ ਨੂੰ ਕਾਂਗਰਸ ਵਿਚ ਛਾਈ ਨਿਰਾਸ਼ਾ ਦਾ ਲੱਛਣ ਦੱਸਿਆ,

[43] *The Tribune,* (26 July 1944), p. 2, co.4

[44] *ਰੋਜ਼ਾਨਾ ਅਕਾਲੀ, (1 ਸਤੰਬਰ 1944)*, ਪੰਨਾ- 4, ਕਾਲਮ 7

[45] Master Tara Singh,s Statement *"Azad Punjab scheme*, *The Tribune,* (16 October 1944), p. 5, co.7

ਜਿਸ ਫ਼ਾਰਮੂਲੇ ਨੂੰ ਕਾਂਗਰਸ ਨੇ ਗਾਂਧੀ ਦੇ ਪ੍ਰਭਾਵ ਅਧੀਨ ਪ੍ਰਵਾਨ ਕੀਤਾ ਹੋਵੇਗਾ। ਉਸਨੇ ਐਲਾਨ ਕੀਤਾ, "ਸਾਡਾ ਆਦਰਸ਼ ਸੁਤੰਤਰ ਭਾਰਤ ਹੈ, ਜਿਥੇ ਦੂਜੀਆਂ ਕੌਮਾਂ ਵਾਂਗੂ ਸਿੱਖ ਵੀ ਸੁਤੰਤਰਤਾ ਮਹਿਸੂਸ ਕਰਨ।"[46]

ਅਪ੍ਰੈਲ 1945 ਨੂੰ ਤੇਜ ਬਹਾਦਰ ਸਪਰੂ ਦੀ ਅਗਵਾਈ ਵਿਚ ਪੰਜਾਬ, ਬੰਗਾਲ ਅਤੇ ਹੋਰ ਇਲਾਕਿਆਂ ਦੇ ਫ਼ਿਰਕੂ ਮਸਲੇ ਦੇ ਹੱਲ ਲਈ 'ਸਪਰੂ ਕਮੇਟੀ' ਕਮੇਟੀ ਕਾਇਮ ਹੋਈ। ਇਸ ਕਮੇਟੀ ਨੂੰ ਦਿੱਤੇ ਮੈਮੋਰੰਡਮ ਵਿਚ ਸਿੱਖ ਆਗੂਆਂ ਨੇ ਵੱਖਰੇ ਸਿੱਖ ਰਾਜ ਦੀ ਸਥਾਪਨਾ ਦੀ ਮੰਗ ਕੀਤੀ ਜਿਸ ਵਿਚ ਸਿੱਖਾਂ ਦੀ ਬਹੁਗਿਣਤੀ ਹੋਵੇ ਅਤੇ ਉਨ੍ਹਾਂ ਦੇ ਮਹੱਤਵਪੂਰਨ ਧਾਰਮਿਕ ਅਸਥਾਨ ਹੋਣ।[47] ਸਿੱਖਾਂ ਵੱਲੋਂ ਕਿਰਪਾਨ ਦੀ ਆਜ਼ਾਦੀ, ਮਾਂ ਬੋਲੀ ਵਿਚ ਸਿੱਖਿਆ, ਇਲਾਕੇ ਦੀ ਬੋਲੀ ਦੀ ਸਰਕਾਰੀ ਦਫ਼ਤਰਾਂ ਵਿਚ ਵਰਤੋਂ ਦੀ ਮੰਗ ਵੀ ਕੀਤੀ ਗਈ ਪਰ ਸਪਰੂ ਕਮੇਟੀ ਇਸ ਬਾਰੇ ਕਿਸੇ ਵੀ ਫਿਰਕੇ ਨੂੰ ਸੰਤੁਸ਼ਟ ਨਾ ਕਰ ਸਕੀ।

**ਸ਼ਿਮਲਾ ਕਾਨਫ਼ਰੰਸ ਅਤੇ ਸਿੱਖ ਮਸਲੇ**

ਜੂਨ 1945 ਨੂੰ ਬਰਤਾਨਵੀ ਸਰਕਾਰ ਨੇ ਭਾਰਤੀਆਂ ਨੂੰ ਵਧੇਰੇ ਅਧਿਕਾਰ ਦੇਣ ਲਈ ਨਵੀਂ ਪੇਸ਼ਕਸ਼ ਰੱਖੀ। ਇਸ ਤਹਿਤ ਲਾਰਡ ਵੇਵਲ ਨੇ ਆਪਣੀ ਸਕੀਮ ਨੂੰ ਅਮਲ ਵਿਚ ਲਿਆਉਣ ਲਈ ਭਾਰਤ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਗਵਰਨਰਾਂ ਦੀ ਸ਼ਿਮਲਾ ਵਿਚ ਕਾਨਫ਼ਰੰਸ ਕੀਤੀ। ਇਨ੍ਹਾਂ ਆਗੂਆਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸਨ। ਮਾਸਟਰ ਤਾਰਾ ਸਿੰਘ ਨੇ ਕਾਂਗਰਸ ਤੋਂ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਇਸ ਵਿਚ ਸਿੱਖਾਂ ਨੂੰ ਵੱਖਰੇ ਤੌਰ 'ਤੇ ਸੱਦਿਆ ਗਿਆ ਤੇ ਨੁਮਾਇੰਦਗੀ ਲਈ ਅਕਾਲੀ ਦਲ ਤੋਂ ਮੰਗ ਕੀਤੀ ਗਈ। ਜਿਨਾਹ ਦੀ ਪਾਕਿਸਤਾਨ ਦੀ ਜ਼ਿੱਦ ਕਾਰਨ ਇਹ ਮੀਟਿੰਗ ਸਫ਼ਲ ਨਾ ਹੋ ਸਕੀ। ਇਸ ਸਮੇਂ ਤਾਰਾ ਸਿੰਘ ਨੇ ਕਿਹਾ ਕਿ ਛੋਟੇ ਜਿਹੇ ਸਵਾਲ 'ਤੇ ਵੱਡੇ ਆਦਮੀਆਂ ਦੀ ਨਾਕਾਮਯਾਬੀ ਹੈ ਤੇ ਇਸ ਨਾਲ ਨਿਰਾਸ਼ਤਾ ਤੇ ਨਮੋਸ਼ੀ ਦੀ ਲਹਿਰ ਫੈਲਣ ਲੱਗੀ ਹੈ।[48] ਮਾਸਟਰ ਤਾਰਾ ਸਿੰਘ ਨੇ 15 ਜੁਲਾਈ 1945 ਨੂੰ ਨਿਰਾਸ਼ ਹੋ ਕੇ ਬਿਆਨ ਦਿੱਤਾ ਕਿ ਜੇ ਜਿਨਾਹ ਪਾਕਿਸਤਾਨ ਚਾਹੁੰਦਾ ਹੈ ਤਾਂ ਉਸਨੂੰ ਪੰਜਾਬ ਵਿਚ ਸਿੱਖਾਂ ਵਾਸਤੇ ਖ਼ਾਲਿਸਤਾਨ ਦੇਣ ਦੀ ਮੰਗ ਵੀ ਮੰਨਣੀ ਪਵੇਗੀ। ਇਸ ਦੌਰਾਨ ਮਾਸਟਰ ਤਾਰਾ ਸਿੰਘ ਨੇ ਵੀ ਖ਼ਾਲਿਸਤਾਨ ਦੀ ਮੰਗ ਨਾਲੋਂ ਪਾਕਿਸਤਾਨ ਦੀ ਵਿਰੋਧਤਾ ਕੀਤੀ। ਸ਼ਿਮਲਾ ਕਾਨਫਰੰਸ ਵਿਚ ਤਾਰਾ ਸਿੰਘ ਨੇ ਕਾਂਗਰਸ ਤੋਂ ਆਪਣੀ ਸੁਤੰਤਰਤਾ ਦਾ ਐਲਾਨ ਕੀਤਾ ਅਤੇ ਅਕਾਲੀਆਂ ਨੂੰ ਤੀਜੀ ਧਿਰ ਮੰਨਣ 'ਤੇ ਖੁਸ਼ੀ ਜ਼ਾਹਿਰ ਕੀਤੀ ਪਰ ਇਸ ਤੋਂ ਉਹ ਕੁਝ ਨਾ ਖੱਟ ਸਕਿਆ। ਮਾਸਟਰ ਤਾਰਾ ਸਿੰਘ 'ਪੰਥ ਆਜ਼ਾਦ ਦੇਸ਼

---

[46] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-235

[47] ਸਤਿਆ ਐਮ ਰਾਏ, *ਪੰਜਾਬੀ ਵੀਰ ਪਰੰਪਰਾ (1900-1947),* ਪੰਨਾ-144

[48] ਦਿਲਗੀਰ, *ਸਿੱਖ ਤਵਾਰੀਖ,* ਪੰਨਾ-1034

ਆਜ਼ਾਦ' ਦੇ ਨਾਅਰੇ ਹੇਠ ਚੋਣਾਂ ਲੜਨ ਦਾ ਇੱਛੁਕ ਸੀ ਅਤੇ ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ "ਪੰਜਾਬ ਵਿਚ ਸਿੱਖ ਕਿਸੇ ਇਕ ਕੌਮ ਦੇ ਰਾਜ ਅਧੀਨ ਨਹੀਂ ਹੋਣੇ ਚਾਹੀਦੇ।"[49] ਇਸ ਸਮੇਂ ਅਕਾਲੀਆਂ ਨੇ ਆਪਣੇ ਮਤਿਆਂ ਵਿਚ ਕਿਹਾ, 'ਸਿੱਖ ਦੇਸ਼ ਵਿਚ ਉਨ੍ਹਾਂ ਧਿਰਾਂ ਨੂੰ ਹਾਰਦਿਕ ਅਤੇ ਪੂਰਨ ਮਿਲਵਤਰਣ ਦੇਣਗੇ ਜੋ ਸਾਡੀ ਪਿਆਰੀ ਮਾਤਰ ਭੂਮੀ ਦੀ ਸੁਤੰਤਰਤਾ, ਏਕਤਾ, ਅਖੰਡਤਾ ਵਿਚ ਬਰਾਬਰ ਦੇ ਭਾਈਵਾਲ ਸਮਝ ਕੇ ਵਰਤਾਓ ਕਰਨ। ਸਿੱਖ ਹਿੱਤਾਂ ਬਾਰੇ ਇਸ ਵਿਚ ਕੋਈ ਗੱਲਬਾਤ ਨਾ ਹੋਈ। ਇਹ ਵੀ ਫ਼ੈਸਲਾ ਹੋਇਆ ਕਿ ਅਕਾਲੀ ਦਲ ਪੰਥਕ ਟਿਕਟ 'ਤੇ ਲੜਨਗੇ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਕਾਂਗਰਸ ਦੀ ਡਟ ਕੇ ਹਿਮਾਇਤ ਕਰਨਗੇ।[50]

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸਟੇਟ ਦੀ ਮੰਗ

10 ਮਾਰਚ 1946 ਨੂੰ ਸ਼੍ਰੋਮਣੀ ਕਮੇਟੀ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਕੀਤੀ।[51] 21 ਮਾਰਚ ਨੂੰ ਅਸੈਂਬਲੀ ਚੈਂਬਰ ਲਾਹੌਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ ਦੀ ਹਾਜ਼ਰੀ ਵਿਚ ਸਿੱਖ ਸਟੇਟ ਦਾ ਮਤਾ ਪਾਸ ਕੀਤਾ ਗਿਆ। 20 ਮਾਰਚ ਨੂੰ ਰਾਵਲਪਿੰਡੀ ਵਿਚ ਸਿੱਖ ਨੈਸ਼ਨਲਿਸਟਾਂ ਨੇ ਮੀਟਿੰਗ ਕਰਕੇ ਸਿੱਖ ਸਟੇਟ ਦੇ ਖਿਲਾਫ਼ ਮਤਾ ਪਾਸ ਕੀਤਾ। 1 ਅਪ੍ਰੈਲ 1946 ਨੂੰ ਸੈਂਟਰਲ ਅਕਾਲੀ ਦਲ ਦੀ ਮੀਟਿੰਗ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਦੀ ਵੰਡ ਬਰਦਾਸ਼ਤ ਨਹੀਂ ਕਰਾਂਗੇ, ਜੇ ਭਾਰਤ ਦੀ ਵੰਡ ਕਰਨੀ ਹੈ ਤਾਂ ਪੰਜਾਬ ਸਿੱਖਾਂ ਨੂੰ ਦਿੱਤਾ ਜਾਵੇ, ਪੰਜਾਬ ਸਿੱਖਾਂ ਦਾ ਹੋਮਲੈਂਡ ਹੈ।[52]

## ਕੈਬਨਿਟ ਮਿਸ਼ਨ ਅਤੇ ਸਿੱਖ ਆਗੂ

ਫਰਵਰੀ 1946 ਨੂੰ ਬਰਤਾਨੀਆ ਸਰਕਾਰ ਨੇ ਭਾਰਤ ਦੇ ਮਸਲੇ ਦੇ ਹੱਲ ਵਾਸਤੇ ਕੈਬਨਿਟ ਮਿਸ਼ਨ ਦੀ ਸਥਾਪਨਾ ਕੀਤੀ ਤਾਂ ਕਿ ਭਾਰਤ ਵਿਚ ਜਾ ਕੇ ਪਾਕਿਸਤਾਨ ਬਾਰੇ ਭਾਰਤੀ ਨੇਤਾਵਾਂ ਦੇ ਦ੍ਰਿਸ਼ਟੀਕੋਣ ਨੂੰ ਜਾਣਿਆ ਜਾ ਸਕੇ। 5 ਅਪ੍ਰੈਲ 1946 ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਹਰਨਾਮ ਸਿੰਘ ਨੇ ਬਰਤਾਨਵੀ ਪ੍ਰਤੀਨਿਧੀ ਮੰਡਲ ਨਾਲ ਮੁਲਾਕਾਤ ਕੀਤੀ ਅਤੇ ਪਾਕਿਸਤਾਨ ਦੀ ਸਥਾਪਨਾ ਦੀ ਵਿਰੋਧਤਾ ਕੀਤੀ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਉਹ ਸੰਯੁਕਤ ਭਾਰਤ ਦੇ ਪੱਖ ਵਿਚ ਹੈ ਪਰੰਤੂ ਉਸਨੇ ਇਹ ਵੀ ਸਪਸ਼ਟ

---

[49] *The Tribune,* (16 July 1945), p. 5, co.3

[50] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-240

[51] *The Tribune,* (11 march 1946), p. 6, co.7

[52] Ibid, (2 April 1946), p. 3, co.6

ਕੀਤਾ ਕਿ ਜੇ ਪਾਕਿਸਤਾਨ ਬਣਦਾ ਹੈ ਤਾਂ ਸਿੱਖ ਅਜਿਹੇ ਰਾਜ ਦੀ ਸਥਾਪਤੀ ਵੀ ਚਾਹੁਣਗੇ ਜਿਹੜਾ ਆਪਣੀ ਇੱਛਾ ਅਨੁਸਾਰ ਭਾਰਤ ਜਾਂ ਪਾਕਿਸਤਾਨ ਵਿਚੋਂ ਕਿਸੇ ਨਾਲ ਵੀ ਸੰਘ ਬਣਾ ਸਕਦਾ ਹੋਵੇ। ਪਰ ਸਿੱਖ ਆਗੂ ਆਪਣੀ ਮੰਗ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਾ ਕਰ ਸਕੇ। ਦੂਜਾ ਪੰਜਾਬ ਦੇ ਕਿਸੇ ਵੀ ਇਲਾਕੇ ਵਿਚ ਸਿੱਖ ਬਹੁਗਿਣਤੀ ਵਿਚ ਨਹੀਂ ਸਨ।[53] ਇਸ ਲਈ ਕੈਬਨਿਟ ਮਿਸ਼ਨ ਦੇ ਆਗੂਆਂ ਨੇ ਅਕਾਲੀਆਂ ਦੀ ਵੱਖਰੀ ਸਟੇਟ ਦੀ ਮੰਗ ਠੁਕਰਾ ਦਿੱਤੀ। ਉਨ੍ਹਾਂ ਨੂੰ ਭਾਰਤ ਜਾਂ ਪਾਕਿਸਤਾਨ ਕਿਸੇ ਇਕ ਨਾਲ ਆਪਣੀ ਕਿਸਮਤ ਜੋੜਨ ਬਾਰੇ ਕਿਹਾ ਗਿਆ।[54] ਮਾਸਟਰ ਤਾਰਾ ਸਿੰਘ ਸੰਯੁਕਤ ਭਾਰਤ ਵਿਚ ਸਾਰੀਆਂ ਕੌਮਾਂ ਦੀ ਰਲੀ-ਮਿਲੀ ਸਰਕਾਰ ਦੇ ਹੱਕ ਵਿਚ ਸਨ ਅਤੇ ਇੱਕ ਵੱਖਰੇ ਸਿੱਖ ਰਾਜ, ਜਿਸਨੂੰ ਹਿੰਦੁਸਤਾਨ ਜਾਂ ਪਾਕਿਸਤਾਨ ਨਾਲ ਸੰਗਠਿਤ ਹੋ ਜਾਣ ਦਾ ਹੱਕ ਹੋਵੇ ਦੇ ਪੱਖ ਵਿਚ ਸਨ। ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਸਿੱਖ ਸੰਯੁਕਤ ਭਾਰਤ ਜਾਂ ਪਾਕਿਸਤਾਨ ਵਿਚ ਅਸੁਰੱਖਿਅਤ ਮਹਿਸੂਸ ਕਰਨਗੇ ਅਤੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਆਪਣਾ ਪ੍ਰਾਂਤ ਹੋਵੇ। ਕੈਬਨਿਟ ਮਿਸ਼ਨ ਬਾਰੇ ਸਿਰਦਾਰ ਕਪੂਰ ਸਿੰਘ ਚੌਥੀ ਸਾਖੀ ਵਿਚ ਦੱਸਦੇ ਹਨ:

> 1946 ਵਿਚ, ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨ੍ਹਾਂ ਨੇ ਸਰਕਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵੱਲੋਂ ਇਹ ਸੁਨੇਹਾ ਦਿੱਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ, ਉਨ੍ਹਾਂ ਸ਼ੁਭ ਇੱਛਾ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸ਼ਚਿਤ ਕਰਨ ਲਈ ਤਿਆਰ ਹੈ ਜਿਸ ਵਿਚ ਕਿ ਉਹ, ਜਿਥੇ ਤੱਕ ਸਿੱਖ ਹੋਮਲੈਂਡ, ਸਿੱਖਾਂ ਦੀ ਮਾਤ ਭੂਮੀ।, ਅਥਵਾ ਸਿੱਖਸਤਾਨ ਦਾ ਸਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉਥੇ ਹਿੰਦੁਸਤਾਨ ਦੀ ਤਕਸੀਮ ਹੋਣ ਪਿੱਛੋਂ , ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ. ਬਲਦੇਵ ਸਿੰਘ ਨੇ ਝਟਪਟ ਇਹ ਸਾਰੀ ਗੱਲ ਬਾਤ ਨਹਿਰੂ ਜੀ ਨੂੰ ਆ ਦੱਸੀ ਤੇ ਉਨ੍ਹਾਂ ਦੀ ਸਲਾਹ ਨਾਲ, ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ। ਜੇ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ ਤਾਂ ਇਹ ਕਾਂਗਰਸ(ਪੰਡਿਤ ਜਵਾਹਰ ਲਾਲ ਨਹਿਰੂ) ਦੁਆਰਾ ਸੰਨ 1946 ਦੀ ਕਲਕੱਤੇ ਵਿਚ ਕੀਤੀ ਪੇਸ਼ਕਸ਼ ਨਾਲੋਂ ਵੀ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿਚ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸਨ।"[55]

ਡਾ. ਗੋਪਾਲ ਸਿੰਘ ਅਨੁਸਾਰ, "ਇਹ ਦੁੱਖ ਵਾਲੀ ਗੱਲ ਹੈ ਕਿ ਅਜਿਹੀ ਪੇਸ਼ਕਸ਼ (ਉਨ੍ਹਾਂ ਹਾਲਾਤਾਂ ਵਿਚ ਜੋ ਸਭ ਤੋਂ ਚੰਗੀ ਪੇਸ਼ਕਸ਼ ਸੀ ਅਤੇ ਜਿਸਦੇ ਲਈ ਪਿੱਛੋਂ ਸਿੱਖਾਂ ਨੂੰ 20 ਸਾਲ ਸੰਘਰਸ਼ ਕਰਨਾ ਪਿਆ ਸੀ) ਨੂੰ ਬਿਨਾਂ ਇਸ ਦੀਆਂ ਸੰਭਾਵਨਾਵਾਂ ਨੂੰ ਵਿਚਾਰਿਆਂ ਠੁਕਰਾ ਦਿੱਤੀ ਗਈ।"[56]

---

[53] *The Transfer of Power*, vol, XII, p. 138

[54] *The Tribune,* (April 1946), p. 4, co.5

[55] *ਸਾਚੀ ਸਾਖੀ,* ਪੰਨਾ-173.

[56] Gopal Singh(Dr.), *A History of Sikh People,* 1469-1988, p. 704

ਸੁਤੰਤਰਤਾ ਦੇ ਇਸ ਸੰਘਰਸ਼ ਦੌਰਾਨ ਪਟਿਆਲਾ ਰਿਆਸਤ ਦਾ ਰੋਲ ਪਿਛਲੱਗੂਆਂ ਵਾਲਾ ਹੀ ਰਿਹਾ ਹੈ। ਅਪ੍ਰੈਲ 1947 ਨੂੰ ਜਿਨਾਹ ਨੇ ਅੰਗਰੇਜ਼ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਮਹਾਰਾਜਾ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ਼ ਸਥਾਪਿਤ ਕਰਕੇ ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤੱਕ ਦੇ ਇਲਾਕੇ ਵਿਚ ਮਿਲਾ ਦਿੱਤੇ ਜਾਣ ਦੀ ਗੱਲ ਕੀਤੀ। ਇਹੋ ਦੇਸ਼ ਸਿੱਖਸਤਾਨ ਬਣਾ ਦਿੱਤਾ ਜਾਵੇ ਅਤੇ ਫਿਰ ਪਾਕਿਸਤਾਨ ਨਾਲ ਸੰਧੀ ਕਰਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਪਰ ਇਸ ਮਾਮਲੇ ਦੀ ਰਿਪੋਰਟ ਮਹਾਰਾਜਾ ਪਟਿਆਲਾ ਨੇ ਕਾਂਗਰਸ ਦੇ ਪ੍ਰਮੁੱਖ ਲੀਡਰਾਂ ਨੂੰ ਦੇ ਦਿੱਤੀ ਜਿਸ ਕਾਰਨ ਇਹ ਪ੍ਰਪੋਜ਼ਲ ਵੀ ਖ਼ਤਮ ਹੋ ਗਿਆ।[57] ਇਲਾਕਿਆਂ ਦੀ ਵੰਡ ਸਬੰਧੀ ਸਰਬ ਪਾਰਟੀ ਸਿੱਖ ਕਾਨਫ਼ਰੰਸ 9 ਜੂਨ 1946 ਨੂੰ ਅੰਮ੍ਰਿਤਸਰ ਵਿਚ ਹੋਈ ਜਿਸ ਵਿਚ ਅਕਾਲੀਆਂ, ਰਾਮਗੜ੍ਹੀਆ ਸਿੱਖਾਂ, ਨਾਮਧਾਰੀਆਂ, ਨਿਰਮਲ ਮਹਾਂਮੰਡਲ, ਨਿਹੰਗ ਸਿੰਘਾਂ, ਚੀਫ਼ ਖ਼ਾਲਸਾ ਦੀਵਾਨ, ਸਰਬ ਭਾਰਤੀ ਸਿੱਖ ਨੌਜਵਾਨ ਲੀਗ, ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਕਈ ਸਿੰਘ ਸਭਾਵਾਂ ਦੇ ਅੱਠ ਸੌ ਪ੍ਰਤੀਨਿਧ ਸ਼ਾਮਲ ਹੋਏ। ਤਾਰਾ ਸਿੰਘ ਨੇ ਪ੍ਰਤੀਨਿਧ ਪੰਥਕ ਬੋਰਡ ਕਾਇਮ ਕੀਤਾ ਅਤੇ ਕਾਰਵਾਈ ਕੌਂਸਲ ਸੰਗਠਿਤ ਕੀਤੀ ਜਿਸਦੀ ਅਗਵਾਈ ਆਜ਼ਾਦ ਹਿੰਦ ਫ਼ੌਜ ਦੇ ਕਰਨਲ ਨਿਰੰਜਨ ਸਿੰਘ ਗਿੱਲ ਨੂੰ ਸੌਂਪੀ ਗਈ। ਗਿੱਲ ਅਤੇ ਤਾਰਾ ਸਿੰਘ ਵੀ ਸਿੱਖ ਰਾਜ ਦੀ ਮੰਗ ਨੂੰ ਕੋਈ ਵਿਉਂਤਬੰਦੀ ਨਹੀਂ ਦੇ ਸਕੇ।

ਭਾਰਤ ਦੀ ਅਖੰਡਤਾ ਕਾਇਮ ਰੱਖਣ ਦੀ ਆਖ਼ਰੀ ਕੋਸ਼ਿਸ਼ ਵਜੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਐਟਲੀ ਨੇ ਕਾਂਗਰਸ ਅਤੇ ਮੁਸਲਿਮ ਲੀਗ ਦੇ ਦੋ-ਦੋ ਪ੍ਰਤੀਨਿਧਾਂ ਨੂੰ ਅਤੇ ਸਿੱਖਾਂ ਦੇ ਇਕ ਪ੍ਰਤੀਨਿਧ ਨੂੰ ਲੰਡਨ ਬੁਲਾਇਆ। ਫਲਸਰੂਪ, ਜਵਾਹਰ ਲਾਲ ਨਹਿਰੂ ਕਾਂਗਰਸ ਦੇ ਪ੍ਰਤੀਨਿਧ ਵਜੋਂ, ਜਿਨਾਹ ਅਤੇ ਲਿਆਕਤ ਅਲੀ ਖ਼ਾਨ ਮੁਸਲਿਮ ਲੀਗ ਦੇ ਪ੍ਰਤੀਨਿਧ ਵਜੋਂ ਅਤੇ ਬਲਦੇਵ ਸਿੰਘ ਸਿੱਖਾਂ ਦੇ ਪ੍ਰਤੀਨਿਧ ਵਜੋਂ 3 ਅਤੇ 6 ਦਸੰਬਰ 1946 ਨੂੰ ਲੰਡਨ ਵਿਚ ਇਕੱਠੇ ਹੋਏ। ਬਰਤਾਨਵੀ ਸਰਕਾਰ ਵੱਲੋਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਕੈਬਨਿਟ ਮਿਸ਼ਨ ਯੋਜਨਾ ਸਬੰਧੀ ਕਾਂਗਰਸ ਅਤੇ ਲੀਗ ਵਿਚਲੇ ਮਤਭੇਦਾਂ ਨੂੰ ਖ਼ਤਮ ਕੀਤਾ ਜਾਵੇ। ਪਰ ਐਟਲੀ ਦੀ ਇਹ ਕੋਸ਼ਿਸ਼ ਅਸਫ਼ਲ ਰਹੀ।[58] ਸਿਰਦਾਰ ਕਪੂਰ ਸਿੰਘ ਦੇ ਕਥਨ ਅਨੁਸਾਰ:

> "12 ਮਈ 1947 ਨੂੰ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਕੋਲ ਲੰਡਨ ਗਏ। ਇਸ ਥਾਂ 'ਤੇ ਬਲਦੇਵ ਸਿੰਘ ਜਿਨਾਹ ਨੂੰ ਕਈ ਵਾਰ ਮਿਲਿਆ ਪਰ ਖੁਲ ਕੇ ਗੱਲਬਾਤ ਨਾ ਕੀਤੀ। ਚਰਚਿਲ ਨੇ ਬਲਦੇਵ ਸਿੰਘ ਨੂੰ ਗੁਪਤ ਸੁਨੇਹਾ ਭੇਜਿਆ, "ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦਵਾਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਾਲੀ ਪਾ ਸਕਣ। ਪਰ ਬਲਦੇਵ ਸਿੰਘ, ਜੋ ਅਲਪ ਬੁੱਧੀ ਦਾ ਮਾਲਕ ਸੀ ਨੇ ਇਹ

---

[57] ਕੂਪਰ ਸਿੰਘ ਸਿਰਦਾਰ, *ਸਾਚੀ ਸਾਖੀ,* ਪੰਨਾ-166

[58] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-251

ਪ੍ਰਸਤਾਵ ਨਹਿਰੂ ਨੂੰ ਦੱਸ ਦਿੱਤਾ ਅਤੇ ਨਹਿਰੂ ਨੇ ਉਸੇ ਦਿਨ ਉਸ ਤੋਂ ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ ਇਹ ਬਿਆਨ ਦਿੱਤਾ ਕਿ: ਸਿੱਖਾਂ ਨੇ ਆਪਣੇ ਆਪ ਨੂੰ ਕਾਂਗਰਸ ਨਾਲ ਜੋੜ ਦਿੱਤਾ ਹੋਇਆ ਹੈ ਅਤੇ ਉਹ ਅੰਗਰੇਜ਼ਾਂ ਕੋਲੋਂ ਕੁਝ ਨਹੀਂ ਲੋਚਦੇ। ਸਵਾਏ ਇਸ ਗੱਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰ ਹਿੰਦੁਸਤਾਨ ਨੂੰ ਛੱਡ ਕੇ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਹਨ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ।"[59]

ਬਲਦੇਵ ਸਿੰਘ ਦੇ ਇਸ ਬਿਆਨ ਨਾਲ ਸਿੱਖਾਂ ਵਿਚ ਭਾਰੀ ਰੋਸ ਪੈਦਾ ਹੋਇਆ। 21 ਫ਼ਰਵਰੀ 1947 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਇਕ ਹਿੰਦੂ-ਸਿੱਖ ਸੂਬਾ ਬਣਾਉਣ ਦੀ ਗੱਲ ਕੀਤੀ। ਤਾਰਾ ਸਿੰਘ ਨੇ ਕਿਹਾ ਕਿ "ਖ਼ਾਨਾਜੰਗੀ" ਛਿੜਨ ਦਾ ਡਰ ਹੈ, "ਅਸੀਂ ਕਿਸੇ ਵੀ ਹਾਲਤ ਵਿਚ ਮੁਸਲਮਾਨਾਂ 'ਤੇ ਭਰੋਸਾ ਨਹੀਂ ਕਰ ਸਕਦੇ।"[60] ਤਾਰਾ ਸਿੰਘ ਇਸ ਵੇਲੇ ਡਰਿਆ ਹੋਇਆ ਸੀ ਅਤੇ ਕੇਂਦਰੀ ਆਗੂਆਂ ਨੇ ਆਪਣੇ ਹਿੱਤਾਂ ਵਾਸਤੇ ਇਸ ਤੋਂ ਨਜਾਇਜ਼ ਲਾਭ ਉਠਾਇਆ।

## ਖ਼ਾਲਿਸਤਾਨ ਦੀ ਮੰਗ ਦਾ ਅੰਤ

ਗਵਰਨਰ ਪੰਜਾਬ ਨੇ ਆਮ ਚੋਣਾਂ ਵਿਚ ਜਿੱਤਣ ਕਾਰਨ 3 ਮਾਰਚ 1947 ਨੂੰ ਮੁਸਲਿਮ ਲੀਗ ਨੂੰ ਪੰਜਾਬ ਵਿਚ ਵਜ਼ਾਰਤ ਬਣਾਉਣ ਦਾ ਸੱਦਾ ਭੇਜਿਆ ਕਿਉਂਕਿ ਸਭ ਤੋਂ ਵੱਡੀ ਪਾਰਟੀ ਮੁਸਲਿਮ ਲੀਗ ਸੀ। ਇਸਦਾ ਕਾਂਗਰਸ ਤੇ ਅਕਾਲੀਆਂ ਨੇ ਵਿਰੋਧ ਕੀਤਾ। ਇਸੇ ਦਿਨ ਅਸੈਂਬਲੀ ਚੈਂਬਰ ਲਾਹੌਰ ਵਿਖੇ ਕਾਂਗਰਸ ਦੀ ਮੀਟਿੰਗ ਹੋ ਰਹੀ ਸੀ ਤਾਂ ਬਾਹਰ ਮੁਸਲਮਾਨਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ 'ਲੈ ਕੇ ਰਹਾਂਗੇ ਪਾਕਿਸਤਾਨ'। ਮਾਸਟਰ ਤਾਰਾ ਸਿੰਘ ਨੇ ਗੁੱਸੇ ਵਿਚ ਬਾਹਰ ਆ ਕੇ ਕਿਰਪਾਨ ਮਿਆਨ ਵਿਚੋਂ ਕੱਢ ਕੇ ਕਿਹਾ, "ਕਾਟ ਕੇ ਦੇਂਗੇ ਆਪਣੀ ਜਾਨ ਮਗਰ ਨਾ ਦੇਂਗੇ ਪਾਕਿਸਤਾਨ।" ਇਸ ਸਮੇਂ ਪੁਲਸ ਨੇ ਮਸਾਂ ਭੀੜ ਤੋਂ ਮਾਸਟਰ ਤਾਰਾ ਸਿੰਘ ਦਾ ਬਚਾਅ ਕੀਤਾ।[61] ਡਾ. ਜੀ. ਡੀ ਖੋਸਲਾ ਦੱਸਦੇ ਹਨ, "ਇਸੇ ਸ਼ਾਮ ਨੂੰ ਲਾਹੌਰ ਵਿਖੇ ਬਹੁਤ ਵੱਡਾ ਜਲਸਾ ਹੋਇਆ ਇਸ ਵਿਚ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੇ ਜੋਸ਼ ਭਰੀਆਂ ਤਕਰੀਰਾਂ ਕਰਦਿਆਂ ਲੋਕਾਂ ਨੂੰ ਸ਼ਹੀਦੀਆਂ ਦੇਣ ਵਾਸਤੇ ਤਿਆਰ ਰਹਿਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਆਜ਼ਾਦੀ ਵਾਸਤੇ ਅਸੀਂ ਮੁਸਲਿਮ ਲੀਗ ਨੂੰ ਖ਼ਤਮ ਕਰ ਦਿਆਂਗੇ। ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਲਾਹੌਰ ਕਿਲੇ 'ਤੇ ਕਿਸੇ ਵਕਤ ਨੀਲਾ ਨਿਸ਼ਾਨ ਝੂਲਦਾ ਸੀ ਤੇ ਹੁਣ ਵੀ ਝੂਲੇਗਾ ਅਸੀਂ ਲੀਗ ਦੀ ਸਰਕਾਰ ਪੰਜਾਬ ਵਿਚ ਨਹੀਂ ਬਣਨ

[59] ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ,* ਪੰਨਾ-174

[60] ਸੰਗਤ, *ਇਤਿਹਾਸ 'ਚ ਸਿੱਖ,* ਪੰਨਾ 254

[61] *ਰੋਜ਼ਾਨਾ ਅਕਾਲੀ,* (4 ਮਾਰਚ 1947), ਪੰਨਾ- 5, ਕਾਲਮ 2

ਦਿਆਂਗੇ।"[62] 4 ਮਾਰਚ 1947 ਨੂੰ ਸਿੱਖ ਤੇ ਹਿੰਦੂ ਵਿਦਿਆਰਥੀਆਂ ਨੇ ਇੱਕ ਵੱਡਾ ਜਲਸਾ ਲਾਹੌਰ ਵਿਖੇ ਕੀਤਾ ਜਿਸ ਵਿਚ ਲੀਗ ਵਜ਼ਾਰਤ ਦੀ ਮੁਖ਼ਾਲਫ਼ਤ ਕੀਤੀ ਗਈ। ਇਸ ਜਲੂਸ 'ਤੇ ਪੁਲਸ ਨੇ ਗੋਲੀ ਚਲਾਈ ਤੇ ਮੁਸਲਮਾਨਾਂ ਨੇ ਪਥਰਾਓ ਕੀਤਾ। ਇਸ ਨਾਲ 13 ਜਣੇ ਮਰੇ ਅਤੇ 103 ਜ਼ਖ਼ਮੀ ਹੋਏ।[63] ਇਸਤੋਂ ਬਾਅਦ ਲਗਾਤਾਰ ਵੱਖ-ਵੱਖ ਥਾਵਾਂ 'ਤੇ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਕੇਂਦਰੀ ਅਤੇ ਪੱਛਮੀ ਪੰਜਾਬ ਵਿਚ ਵਹਿਸ਼ੀਆਨਾ ਫ਼ਿਰਕੂ ਫ਼ਸਾਦ ਛਿੜ ਪਏ। ਬਲਾਤਕਾਰ, ਲੁੱਟ-ਮਾਰ, ਕਤਲਾਂ ਅਤੇ ਸਾੜ ਫੂਕ ਦੀਆਂ ਵਾਰਦਾਤਾਂ ਹੋਈਆਂ। ਕਈ ਸ਼ਹਿਰਾਂ ਵਿਚ ਕਰਫ਼ਿਊ ਲੱਗ ਗਿਆ। ਘੱਟ ਗਿਣਤੀ ਇਲਾਕਿਆਂ ਵਿਚ ਸਿੱਖਾਂ 'ਤੇ ਮੁਸਲਮਾਨਾਂ ਵੱਲੋਂ ਹਮਲੇ ਕੀਤੇ ਗਏ ਅਤੇ ਲੋਕ ਘਰਾਂ ਤੋਂ ਉਜਾੜ ਦਿੱਤੇ। 18 ਅਪ੍ਰੈਲ ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਬਲਦੇਵ ਸਿੰਘ ਨੇ ਵਾਇਸਰਾਏ ਨੂੰ ਮਿਲ ਕੇ ਮੰਗ ਕੀਤੀ ਕਿ ਪੰਜਾਬ ਦੀ ਵੰਡ ਕਰਕੇ ਫ਼ਿਰਕੂ ਫ਼ਸਾਦ ਰੋਕਿਆ ਜਾਵੇ।

24 ਮਾਰਚ 1947 ਨੂੰ ਦੇਸ਼ ਦੀ ਵੰਡ ਲਈ ਲਾਰਡ ਮਾਊਂਬੈਂਟਨ ਦੀ ਅਗਵਾਈ ਵਿਚ ਇਕ ਮਿਸ਼ਨ ਕਾਇਮ ਕੀਤਾ ਗਿਆ। ਇਸਨੇ ਪੰਜਾਬ ਅਤੇ ਬੰਗਾਲ ਵੰਡ ਦੀ ਯੋਜਨਾ ਤਿਆਰ ਕਰਨੀ ਸੀ। ਪੰਜਾਬ ਦੀ ਵੰਡ ਦੀ ਯੋਜਨਾ ਵਿਚ ਵੀ ਸਿੱਖਾਂ ਨਾਲ ਬਹੁਤ ਇਨਸਾਫ਼ ਨਾ ਹੋ ਸਕਿਆ ਅਤੇ ਉਨ੍ਹਾਂ ਦੀ ਤਕਰੀਬਨ 20 ਲੱਖ ਦੀ ਆਬਾਦੀ ਪਾਕਿਸਤਾਨ ਵਾਲੇ ਪੰਜਾਬ ਵਿਚ ਰਹਿ ਗਈ ਜਿਸਦੀ ਤਬਦੀਲੀ ਭਾਰਤ ਵਿਚ ਹੋਣੀ ਸੀ ਪਰ ਇਸਨੂੰ ਕਿਸੇ ਯੋਜਨਾਬੱਧ ਢੰਗ ਨਾਲ ਨਾ ਕੀਤਾ ਗਿਆ। ਆਬਾਦੀ ਦੀ ਇਸ ਤਬਦੀਲੀ ਦੌਰਾਨ ਜੋ ਕਤਲੇਆਮ ਹੋਇਆ ਉਹ ਸਿੱਖ ਤਵਾਰੀਖ਼ ਵਿਚ ਨਾ ਭੁਲਾਇਆ ਜਾਣਾ ਵਾਲਾ ਕਾਂਡ ਹੈ।

13 ਅਪ੍ਰੈਲ 1947 ਨੂੰ ਵਿਸਾਖੀ ਸਮੇਂ ਸਿੱਖ ਆਗੂ ਅਕਾਲ ਤਖ਼ਤ 'ਤੇ ਇਕੱਠੇ ਹੋਏ ਤੇ 'ਸ਼ਹੀਦੀ ਦਲ' ਸਾਜ਼ ਕੇ ਥਾਂ-ਥਾਂ ਕੌਮੀ ਰੱਖਿਆ ਦਾ ਪ੍ਰੋਗਰਾਮ ਬਣਾਇਆ। ਜੇਕਰ ਸਿੱਖ ਆਪਣੇ ਹਿੱਤ ਮੁਸਲਿਮ ਲੀਗ ਨਾਲ ਜੋੜ ਲੈਂਦੇ ਤਾਂ ਦੇਸ਼ ਦੀ ਵੰਡ ਦੀ ਹੱਦ ਪਾਣੀਪਤ ਦੇ ਨੇੜੇ ਪੁੱਜ ਜਾਣੀ ਸੀ ਅਤੇ ਇਸੇ ਸੰਭਾਵਨਾ ਨੂੰ ਮੁੱਖ ਰੱਖ ਕੇ ਅਪ੍ਰੈਲ 1947 ਵਿਚ ਇਕ ਵੱਖਰੇ ਸੂਬੇ ਜਿਸ ਵਿਚ ਉੱਤਰ ਪ੍ਰਦੇਸ਼ ਦੀ ਸਾਰੀ ਮੇਰਠ ਡਵੀਜ਼ਨ ਜਾਂ ਇਸਦਾ ਕੁਝ ਭਾਗ ਅਤੇ ਅੰਬਾਲਾ ਡਵੀਜ਼ਨ ਦੇ ਬਹੁਤੇ ਹਿੱਸੇ ਸ਼ਾਮਲ ਸਨ, ਦੀ ਮੰਗ ਉੱਠ ਖੜੀ ਹੋਈ ਸੀ। ਗਿਆਨੀ ਕਰਤਾਰ ਸਿੰਘ ਨੇ ਜਿਨਾਹ ਨਾਲ ਗੰਭੀਰ ਵਿਚਾਰ ਵਟਾਂਦਰਾ ਕਰਨ ਪਿੱਛੋਂ ਸਰ ਆਰ ਜੈਨਕਿਨਜ਼ ਨੂੰ ਦੱਸਿਆ ਕਿ ਸਿੱਖ, ਹਿੰਦੂ ਜੱਟਾਂ ਨੂੰ ਰੋਹਤਕ, ਗੁੜਗਾਉਂ ਅਤੇ ਅੱਧੇ ਕਰਨਾਲ ਅਤੇ ਹਿਸਾਰ ਦੇ ਜ਼ਿਲ੍ਹੇ ਦੇਣ ਲਈ ਮੰਗ

[62] ਸਰਹੱਦੀ, ਕਰਤਾਰ ਸਿੰਘ, *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ*, *ਪੰਨਾ-121*- Khosla, Gopal Dass, *Seter Reckoning,* ਵਿਚੋਂ (ਉਧਰਿਤ)

[63] *ਰੋਜ਼ਾਨਾ ਅਕਾਲੀ,* (5 ਮਾਰਚ 1947), ਪੰਨਾ 3, ਕਾਲਮ 4.

ਕਰਦੇ ਹਨ, ਅੰਬਾਲਾ ਵਿਚ ਸਿੱਖ ਅਤੇ ਮੁਸਲਮਾਨ ਬਹੁਗਿਣਤੀ ਵਿਚ ਹਨ।[64] ਤਾਰਾ ਸਿੰਘ ਨੇ ਗਿਆਨੀ ਕਰਤਾਰ ਸਿੰਘ ਨੂੰ ਕੇਂਦਰੀ ਕਾਂਗਰਸੀ ਆਗੂਆਂ ਨੂੰ ਮਾਤ ਦੇਣ ਤੋਂ ਰੋਕ ਦਿੱਤਾ ਸੀ, ਜੱਟ ਸੂਬੇ ਦੀ ਮੰਗ ਢਿੱਲੀ ਪੈ ਗਈ। ਸਿੱਖਾਂ ਵੱਲੋਂ ਆਪਣੀ ਸਾਂਝ ਭਾਰਤ ਨਾਲ ਪਾਉਣ ਸਦਕਾ ਵਰਤਮਾਨ ਪੰਜਾਬ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੇ ਕੁਝ ਭਾਗ ਭਾਰਤ ਦਾ ਅੰਗ ਬਣ ਗਏ ਸਨ। ਜੇ ਇਹ ਨਾ ਹੁੰਦਾ ਤਾਂ ਸਰਹੱਦ ਪਾਣੀਪਤ ਦੇ ਕਿਤੇ ਨੇੜੇ ਹੋਣੀ ਸੀ ਕਿਉਂਕਿ ਅਖੰਡ ਭਾਰਤ ਵਿਚ ਹਿੰਦੂ ਕੇਵਲ ਗੁੜਗਾਉਂ ਅਤੇ ਰੋਹਤਕ ਜ਼ਿਲ੍ਹਿਆਂ ਵਿਚ ਅਤੇ ਕਰਨਾਲ ਤੇ ਹਿਸਾਰ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿਚ ਹੀ ਬਹੁ ਗਿਣਤੀ ਵਿਚ ਸਨ।[65] ਭਾਰਤ 15 ਅਗਸਤ 1947 ਨੂੰ ਦੋ ਦੇਸ਼ਾਂ ਵਿਚ ਵੰਡ ਦਿੱਤਾ ਗਿਆ। ਭਾਰਤ ਵਾਸੀ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਪਿੱਛੋਂ ਸੁਤੰਤਰ ਰੂਪ ਵਿਚ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ ਸਨ ਪਰ ਸਿੱਖ ਇਸ ਸੁਤੰਤਰਤਾ ਤੋਂ ਉਪਜੇ ਕਤਲੇਆਮ ਦਾ ਸੰਤਾਪ ਭੋਗ ਰਹੇ ਸਨ।

ਉਕਤ ਦਾ ਸਾਰ ਤੱਤ ਇਹ ਹੈ ਕਿ ਲੰਮੀ ਜੱਦੋਜਹਿਦ ਤੋਂ ਬਾਅਦ ਵੀ ਸਿੱਖਾਂ ਨੂੰ ਜੋ ਸੁਤੰਤਰਤਾ ਹਾਸਲ ਹੋਈ ਉਹ ਉਨ੍ਹਾਂ ਲਈ ਬਹੁਤ ਲਾਹੇਵੰਦ ਜਾਂ ਸਾਰਥਿਕ ਨਹੀਂ ਸੀ। ਇਸ ਵਿਚ ਜੋ ਨੁਕਸਾਨ ਸਿੱਖ ਕੌਮ ਦਾ ਹੋਇਆ ਦੁਨੀਆ ਦੀ ਤਵਾਰੀਖ਼ ਵਿਚ ਕੀਤੇ ਨਹੀਂ ਮਿਲਦਾ। ਸਿੱਖਾਂ ਵੱਲੋਂ ਆਪਣਾ ਰਾਜ ਹਾਸਲ ਨਾ ਕਰ ਸਕਣ ਕਰਕੇ ਲੱਖਾਂ ਲੋਕਾਂ ਦਾ ਕਤਲੇਆਮ, ਕਰੋੜਾਂ ਅਰਬਾਂ ਦੀ ਜਾਇਦਾਦ ਦਾ ਨੁਕਸਾਨ, ਲੱਖਾਂ ਲੋਕਾਂ ਦੇ ਬੇਘਰ ਹੋਣਾ, ਅਗਵਾ, ਜ਼ਬਰ-ਜ਼ਿਨਾਹ ਆਦਿ ਹੋਏ। ਅੰਗਰੇਜ਼ਾਂ ਦੀ ਬੇਵਫ਼ਾਈ ਤੇ ਸਿੱਖਾਂ ਬਾਰੇ ਲਾਪਰਵਾਹੀ, ਮੁਸਲਮਾਨਾਂ ਦੀ ਨਫ਼ਰਤ ਅਤੇ ਖ਼ੁਦਗ਼ਰਜ਼ੀ, ਕਾਂਗਰਸ ਵੱਲੋਂ ਸਿੱਖ ਹਿੱਤਾਂ ਦੀ ਅਣਦੇਖੀ, ਸਿੱਖ ਆਗੂਆਂ ਦੀ ਸੋਚ, ਕਾਹਲਾਪਣ, ਡਾਵਾਂਡੋਲ ਮਨ ਤੇ ਸ਼ਖ਼ਸੀਅਤਾਂ ਦੇ ਟਕਰਾਅ ਕਾਰਨ ਸਿੱਖ ਆਪਣਾ ਰਾਜ ਲੈਣ ਤੋਂ ਅਵੇਸਲੇ ਰਹਿ ਗਏ।

ਆਖਰੀ ਸਮਿਆਂ ਵਿਚ ਸਵਰਨ ਸਿੰਘ ਅਤੇ ਭੀਮ ਸੈਨ ਸੱਚਰ ਨੇ 21 ਅਪ੍ਰੈਲ ਨੂੰ ਪੰਜਾਬ ਨੂੰ ਦੋ ਜਾਂ ਤਿੰਨ ਖ਼ੁਦਮੁਖ਼ਤਿਆਰ ਸੂਬਿਆਂ ਵਿਚ ਵੰਡ ਦੇਣ ਦੀ ਮੰਗ ਕੀਤੀ।[66] ਸਿੱਖ ਲੀਡਰਾਂ ਨੂੰ ਚਾਹੀਦਾ ਸੀ ਕਿ ਹੋਰ ਕੁਝ ਨਹੀਂ ਤਾਂ ਪੰਜਾਬ ਦੀ ਤਿੰਨ ਪਾਸੜ ਵੰਡ ਬਾਰੇ ਪੱਕੇ ਫ਼ੈਸਲੇ ਨਾਲ ਅੱਗੇ ਆਉਂਦੇ।[67] ਪੈਡਰਲ ਮੂਨ ਜਿਸਨੇ ਵਿਚੋਲਗੀ ਦਾ ਪ੍ਰਮੁੱਖ ਕੰਮ ਕੀਤਾ। ਉਸਦਾ ਖ਼ਿਆਲ ਸੀ ਕਿ ਸਿੱਖਾਂ ਲਈ ਅਲੱਗ ਹੋਣ ਦਾ ਅਧਿਕਾਰ ਪ੍ਰਾਪਤ

---

[64] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-183

[65] Seervai, H.M., *Partition of India,* p.148

[66] Durga Dass (Ed.), *Sardar Patel's Correspondence,* 1971*, p.74*

[67] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਪੰਨਾ-157

ਕਰਨਾ ਅਸੰਭਵ ਨਹੀਂ ਸੀ।[68] ਲੋੜ ਗੰਭੀਰਤਾ ਨਾਲ ਗੱਲਬਾਤ ਕਰਨ ਦੀ ਸੀ। ਇਸਦੇ ਪਿੱਛੇ ਸਿੱਖਾਂ ਦੀ ਅਗਿਆਨਤਾ ਤੇ ਘੱਟ ਪੜ੍ਹੇ ਲਿਖੇ ਹੋਣਾ ਵੀ ਸੀ। ਸੰਗਤ ਸਿੰਘ ਲਿਖਦਾ ਹੈ:

> ਸਿੱਖ ਅੰਤਰ ਰਾਸ਼ਟਰੀ ਮਾਮਲਿਆਂ ਜਾਂ ਸੰਸਾਰ ਦੀ ਰਾਜਨੀਤੀ ਦੇ ਗਿਆਨ ਤੋਂ ਵਿਹੂਣੇ ਸਨ। ਇਸ ਲਈ ਉਹ 'ਖ਼ੁਦਮੁਖ਼ਤਿਆਰ ਪ੍ਰਾਂਤਾਂ' ਜਿਨ੍ਹਾਂ ਵਿੱਚੋਂ ਕੁਝ ਸੰਯੁਕਤ ਰਾਸ਼ਟਰ ਜਥੇਬੰਦੀ ਦੇ ਵੀ ਮੈਂਬਰ ਸਨ, ਦੇ ਰੂਸੀ ਮਾਡਲ ਨੂੰ ਵਿਚਾਰ ਹੀ ਨਾ ਸਕੇ। ਤਾਰਾ ਸਿੰਘ ਨੇ ਪਿੱਛੋਂ ਖ਼ੁਦ ਵੀ ਮੰਨਿਆ, "ਸਾਡਾ ਸਿੱਖ ਰਾਜ ਦੀ ਮੰਗ ਲਈ ਜ਼ੋਰ ਨਾ ਲਾਉਣ ਦਾ ਇਕ ਕਾਰਨ ਇਤਿਹਾਸ ਅਤੇ ਸੰਸਾਰ ਦੀ ਪਾਲਿਟਿਕਸ ਸਬੰਧੀ ਸਾਡੀ ਅਗਿਆਨਤਾ ਸੀ। ਸਾਡੇ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਉਹ ਭਾਈਚਾਰਾ ਵੀ ਆਪਣਾ ਰਾਜ ਕਾਇਮ ਕਰ ਸਕਦਾ ਹੈ ਜੋ ਸਬੰਧਤ ਇਲਾਕੇ ਵਿਚ ਭਾਵੇਂ ਘੱਟਗਿਣਤੀ ਵਿਚ ਹੋਵੇ। ਯਹੂਦੀਆਂ ਦਾ ਰਾਜ 'ਇਸਰਾਈਲ' ਨਵੀਂ ਉਦਾਹਰਣ ਹੈ। ਮੈਨੂੰ ਇਸ ਬਾਰੇ ਉਦੋਂ 1949 ਵਿਚ ਪਤਾ ਲੱਗਿਆ ਜਦੋਂ ਅਲਮੋੜਾ ਜੇਲ ਵਿਚ ਸੀ ਮੈਨੂੰ ਕਿਸੇ ਨੇ ਦੱਸਿਆ ਕਿ ਰੂਸੀ ਅਖ਼ਬਾਰ ਪਰਾਵਦਾ ਨੇ ਇਕ ਵਾਰ ਟਿੱਪਣੀ ਕੀਤੀ ਸੀ ਕਿ ਸੰਸਾਰ ਵਿਚ ਦੋ ਭਾਈਚਾਰੇ ਹਨ ਜਿਨ੍ਹਾਂ ਵਿਚ ਕੌਮ ਬਣਨ ਦੇ ਸਾਰੇ ਗੁਣ ਹਨ ਪਰ ਉਨ੍ਹਾਂ ਦੀ ਆਪਣੀ ਕੋਈ ਮਾਤ-ਭੂਮੀ ਨਹੀਂ ਹੈ। ਇਹ ਭਾਈਚਾਰੇ ਹਨ ਯਹੂਦੀ ਅਤੇ ਸਿੱਖ। ਯਹੂਦੀਆਂ ਨੂੰ ਆਪਣੀ ਮਾਤ ਭੂਮੀ ਮਿਲ ਗਈ ਹੈ ਪਰ ਸਿੱਖਾਂ ਦੀ ਹੁਣ ਤੱਕ ਕੋਈ ਮਾਤ ਭੂਮੀ ਨਹੀਂ। ਜਦ ਇਸਰਾਈਲ ਹੋਂਦ ਵਿਚ ਆਇਆ ਤਾਂ ਉਥੇ ਮੁਸਲਮਾਨ ਵੱਸੋਂ 6 ਲੱਖ ਤੇ ਈਸਾਈ 86 ਹਜ਼ਾਰ ਸੀ ਜਦੋਂ ਕਿ ਯਹੂਦੀ ਕੇਵਲ 46 ਹਜ਼ਾਰ ਸਨ। ਪਰ ਕੁਝ ਕੁ ਵਰ੍ਹਿਆਂ ਵਿਚ ਯਹੂਦੀਆਂ ਦੀ ਵੱਸੋਂ ਸੱਠ ਲੱਖ ਹੋ ਗਈ ਕਿਉਂਕਿ ਦੂਜੇ ਦੇਸ਼ਾਂ ਤੋਂ ਆ ਕੇ ਯਹੂਦੀ ਉਥੇ ਵੱਸੇ। ਅਜਿਹੀ ਅਗਿਆਨਤਾ ਨਾ ਹੁੰਦੀ ਤਾਂ ਅਸੀਂ, ਹੋ ਸਕਦਾ ਸਿੱਖ ਰਾਜ ਲੈ ਲੈਂਦੇ।[69]

ਅਜਮੇਰ ਸਿੰਘ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਸਿੱਖ ਕੌਮ ਨੂੰ ਵੀ ਯਹੂਦੀਆਂ ਵਾਲੀ ਪਹੁੰਚ ਅਪਣਾ ਕੇ ਸਮੱਸਿਆ ਦਾ ਹੱਲ ਲੱਭਣਾ ਚਾਹੀਦਾ ਸੀ। ਇਸ ਸਮੇਂ ਆਪਣੀ ਸੁਤੰਤਰਤਾ ਨੂੰ ਬਣਾਈ ਰੱਖਣ ਲਈ ਪੰਜਾਬ ਦੀ ਮੁੜ ਹੱਦਬੰਦੀ ਕਰਕੇ ਇਸ ਦੇ ਕੇਂਦਰੀ ਭਾਗ ਅੰਦਰ ਸਿੱਖਾਂ ਨੂੰ ਆਪਣੀ ਹੋਣੀ ਆਪ ਘੜਨ ਦਾ ਅਧਿਕਾਰ ਮੁਹੱਈਆ ਕੀਤਾ ਜਾਂਦਾ। ਜੇਕਰ ਸਾਈਮਨ ਕਮਿਸ਼ਨ ਦੀ ਸਥਾਪਨਾ ਤੇ 'ਨਹਿਰੂ ਰਿਪੋਰਟ' ਵੇਲੇ ਤੋਂ ਹੀ ਪੰਜਾਬ ਦੀ ਹੱਦਬੰਦੀ ਅਤੇ ਸਿੱਖ ਤੇ ਮੁਸਲਿਮ ਵਸੋਂ ਦੇ ਅਮਨ ਪੂਰਵਕ ਤੇ ਵਿਉਂਤਬੱਧ ਤਬਾਦਲੇ ਦੀ ਪੋਜੀਸ਼ਨ ਰੱਖੀ ਹੁੰਦੀ ਅਤੇ ਦ੍ਰਿੜਤਾ ਨਾਲ ਪੈਰਵੀ ਕੀਤੀ ਜਾਂਦੀ ਤਾਂ ਇਹ ਮੰਗ ਸਿੱਖਾਂ ਦੀ ਤਰਕਸੰਗਤ ਤੇ ਵਜ਼ਨਦਾਰ ਹੋ ਸਕਦੀ ਸੀ ਜੋ ਅੰਗਰੇਜ਼ਾਂ ਨੂੰ ਮੰਨਣੀ ਪੈਣੀ ਸੀ।[70] ਦੇਸ਼ ਦੀ ਵੰਡ ਹੋਣ ਨਾਲ ਭਿਆਨਕ ਮਾਰੂ ਨਤੀਜੇ ਸਾਹਮਣੇ ਆਉਣ ਵਾਲੇ ਸਨ ਜਿਨ੍ਹਾਂ ਨੂੰ ਦੇਸ਼ ਦੇ ਆਗੂ ਸਮਝ ਨਹੀਂ ਸਕੇ। ਦੇਸ਼ ਦੀ ਵੰਡ ਲਈ ਹਿੰਦੁਸਤਾਨੀ ਲੀਡਰਾਂ ਦੀ ਮਾਨਸਿਕਤਾ ਬਾਰੇ ਲਾਰਡ ਮਾਊਂਟਬੈਟਨ ਨੇ ਲਿਆਕਤ ਅਲੀ ਖਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਿੰਦੁਸਤਾਨੀ ਲੀਡਰ ਪਾਗ਼ਲ ਹੋ ਚੁੱਕੇ ਹਨ ਕਿ ਉਹ ਉਸ ਦੇ ਕਹੇ ਆਤਮਘਾਤ ਕਰਨ ਲਈ ਵੀ ਤਿਆਰ ਹਨ। ਪਾਕਿਸਤਾਨ ਦੀ ਸਥਾਪਨਾ ਦੀ ਮੰਗ ਮੰਨਣਾ ਪੰਜਾਬ, ਦੇਸ਼ ਦੀ ਵੰਡ ਕਰਨਾ ਦੇਸ਼ ਨੂੰ ਅੰਨੇ ਖੂਹ ਵਿੱਚ ਸੁੱਟਣ ਵਾਲੀ ਗੱਲ ਸੀ।[71] ਦੇਸ਼ ਦੀ ਵੰਡ ਸਮੇਂ ਪੰਜਾਬ ਵਾਸੀਆਂ ਵੱਲੋਂ ਇਲਾਕਾ ਬਦਲੀ ਕਾਰਨ ਜੋ ਫ਼ਸਾਦ ਹੋਏ, ਉਹਨਾਂ ਨਾਲ ਪੰਜਾਬ ਦੀ ਆਬਾਦੀ ਪੱਖੋਂ ਨਕਸ਼ਾ ਬਦਲ ਗਿਆ। ਜੋ ਗੱਲ ਉੱਭਰ ਕੇ

---

[68] Penderal Moon, *Divide And Quite*, p.86

[69] ਗੁਰਮੀਤ ਸਿੰਘ, *ਫੇਲੂਅਰਜ਼ ਆਫ਼ ਅਕਾਲੀ ਲੀਡਰਸ਼ਿਪ,* ਨੋਟ, 97, ਪੰਨਾ-64-65-Jaswant Singh, *Autobiography of Master Tara singh,* ਵਿਚੋਂ (ਉਧਰਿਤ)

[70] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ,* ਪੰਨਾ-82-83

[71] Hodson, H.V, *The great divide*, *(Britain-India-Pakistan),* p 242

ਸਾਹਮਣੇ ਆਈ ਉਹ ਸੀ ਕਾਂਗਰਸੀ ਆਗੂਆਂ ਦਾ ਫ਼ੈਸਲਾ ਕਿ ਸਿੱਖਾਂ ਨਾਲ ਸੁਤੰਤਰ ਭਾਰਤ ਵਿਚ ਬਰਾਬਰੀ ਵਾਲਾ ਸਲੂਕ ਨਹੀਂ ਕਰਨਾ।

ਡਾ. ਦਿਲਗੀਰ ਅਨੁਸਾਰ 1920 ਵਿਚ ਸ਼੍ਰੋਮਣੀ ਅਕਾਲੀ ਦਲ ਕਾਇਮ ਹੋਣ ਨਾਲ ਅਕਾਲੀਆਂ ਦੀ ਗੁਰਦੁਆਰਾ ਸੁਧਾਰ ਲਹਿਰ ਨਾਲ ਭਾਵੇਂ ਸਿੱਖ ਰਾਜਸੀ ਵਿਚਾਰਧਾਰਾ ਨੂੰ ਮੁੜ ਬਲ ਮਿਲ ਗਿਆ ਸੀ ਅਤੇ ਸਿੱਖ ਦੇਸ਼ ਦੀ ਸੁਤੰਤਰਤਾ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲੱਗੇ। ਇਸ ਸਮੇਂ ਦੌਰਾਨ ਅਕਾਲੀ ਆਗੂਆਂ ਵੱਲੋਂ ਵੱਖਰੇ ਸੁਤੰਤਰ ਰਾਜ ਦੀ ਮੰਗ ਲਈ ਮੋਰਚਾਬੰਦੀ ਕਰਨ ਦੀ ਥਾਂ ਕਾਂਗਰਸ ਪਾਰਟੀ ਦੇ ਆਗੂਆਂ ਦੀਆਂ ਗੱਲਾਂ ਵਿਚ ਆ ਕੇ ਕਾਂਗਰਸ ਦਾ ਸਾਥ ਦਿੰਦੇ ਹੀ ਨਜ਼ਰ ਆਏ। ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਵਾਂਗ ਅਕਾਲੀਆਂ ਵੱਲੋਂ ਆਪਣੇ ਰਾਜ ਦੀ ਮੰਗ ਲਈ ਮੋਰਚਾਬੰਦੀ ਦੀ ਲੋੜ ਸੀ ਜੋ ਨਾ ਹੋ ਸਕੀ। ਕਿਸੇ ਵੀ ਸਰਕਾਰੀ ਮਿਸ਼ਨ, ਕਾਨਫ਼ਰੰਸ ਜਾਂ ਮੀਟਿੰਗ ਵਿਚ ਕਾਂਗਰਸ ਨੇ ਸਿੱਖ ਮੰਗਾਂ ਦਾ ਕੋਈ ਖ਼ਿਆਲ ਨਾ ਰੱਖਿਆ ਸਗੋਂ ਸਿੱਖ ਆਗੂਆਂ ਨੂੰ ਲਾਰਿਆਂ ਵਿਚ ਲਗਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹੇ ਅਤੇ ਸਿੱਖ ਹਿੱਤਾਂ ਨੂੰ ਅਣਗੌਲਿਆ ਕੀਤਾ ਗਿਆ ਜਿਹਨਾਂ ਨੇ ਸੁਤੰਤਰਤਾ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ। ਸਤਿਆ ਐਮ ਰਾਏ ਲਿਖਦੇ ਹਨ, "ਅਸਲ ਵਿਚ ਪੰਜਾਬੀ ਸੁਤੰਤਰਤਾ ਅਤੇ ਆਜ਼ਾਦੀ ਲਈ ਜੋਸ਼ ਵਿਚ ਕਿਸੇ ਨਾਲੋਂ ਵੀ ਪਿੱਛੇ ਨਹੀਂ ਸੀ। ਇਥੇ ਦੇ ਲੋਕਾਂ ਦਾ ਇਨਕਲਾਬੀ ਅਤੇ ਅਤਿਵਾਦੀ ਕਾਰਵਾਈਆਂ ਵੱਲ ਝੁਕਾਅ ਹੋਣਾ ਇਸ ਧਰਤੀ ਦੇ ਬਹਾਦਰ ਸਿੱਖਾਂ ਦੇ ਵਿਰੁੱਧ ਨਹੀਂ ਜਾਂਦਾ ਜਿਨ੍ਹਾਂ ਨੇ ਆਪਣੇ ਦੇਸ਼ ਦੀ ਬੰਦਖ਼ਲਾਸੀ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।[72]

ਪ੍ਰਸਿੱਧ ਜਰਨਲਿਸਟ ਨਾਨਕ ਚੰਦ ਨਾਜ਼ ਲਿਖਦਾ ਹੈ:

> "ਦੇਸ਼ ਭਗਤ ਹੋਣ ਦੇ ਨਾਤੇ ਸਾਨੂੰ ਸਾਰਿਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਬਟਵਾਰੇ ਵੇਲੇ ਨੁਕਸਾਨ ਦਾ ਬਹੁਤ ਵੱਡਾ ਹਿੱਸਾ ਸਿੱਖ ਕੌਮ ਨੂੰ ਹੀ ਬਰਦਾਸ਼ਤ ਕਰਨਾ ਪਿਆ। ਸੁਤੰਤਰਤਾ ਸੰਗਰਾਮ ਦੇ ਦੌਰਾਨ ਇਸ ਮਹਾਂਦੀਪ ਵਿਚ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਅਤੇ ਸਭ ਤੋਂ ਵੱਧ ਕਸ਼ਟਾਂ ਦਾ ਸ਼ਿਕਾਰ ਸਿੱਖ ਕੌਮ ਨੂੰ ਹੋਣਾ ਪਿਆ। ਇਸ ਦਾ ਬਹੁਤ ਵੱਡਾ ਭਾਗ ਬਿਲਕੁਲ ਉੱਜੜ ਗਿਆ। ਇਸ ਦੀ ਆਰਥਿਕਤਾ ਅਤੇ ਮਹਾਨ ਵਿਰਸੇ ਵਿਚ ਉਥਲ-ਪੁਥਲ ਆ ਗਿਆ। ਇਸ ਛੋਟੀ ਜਿਹੀ ਪਰ ਮਹਾਨ ਕੌਮ ਦਾ 40% ਭਾਗ ਕਿਸੇ ਨਾ ਕਿਸੇ ਸ਼ਕਲ ਵਿਚ ਉਜੜ-ਪੁਜੜ ਗਿਆ। ਇਸਨੂੰ ਬੰਜਰ ਜ਼ਮੀਨਾਂ ਨਸੀਬ ਹੋਈਆਂ। ਆਪਣੇ ਘਰ-ਬਾਰ, ਜ਼ਮੀਨਾਂ ਅਤੇ ਪਵਿੱਤਰ ਗੁਰਦੁਆਰੇ ਜੋ ਅਥਾਹ ਸ਼ਹਾਦਤਾਂ ਦੇ ਕੇ ਆਜ਼ਾਦ ਕਰਵਾਏ ਸਨ ਵੀ ਪਾਕਿਸਤਾਨ ਵਿਚ ਰਹਿ ਗਏ।"[73]

---

[72] *ਪੰਜਾਬੀ ਵੀਰ ਪਰੰਪਰਾ (1900-1947),* ਪੰਨਾ-156

[73] ਭੋਰਛੀ, *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ,* ਪੰਨਾ-321-*ਪ੍ਰਭਾਤ,* (11 ਅਕਤੂਬਰ 1948), ਐਡੀਟੋਰੀਅਲ, ਪੰਨਾ-4 ਵਿਚੋਂ ਉਧਰਿਤ

ਸੁਤੰਤਰਤਾ ਮਗਰੋਂ ਦੇਸ਼ ਦੇ ਲੀਡਰਾਂ ਨੇ ਸਿੱਖਾਂ ਨੂੰ 'ਜਰਾਇਮ ਪੇਸ਼ਾ' ਕੌਮ ਕਰਾਰ ਦੇ ਦਿੱਤਾ। ਇਹ ਲੁੱਟਾਂ-ਖੋਹਾਂ ਕਰਨ ਵਾਲੀ ਸੂਚੀ ਸੀ। ਸਿੱਖ ਕੌਮ ਨੇ ਭਾਰਤ ਦੀ ਸੁਤੰਤਰਤਾ ਲਈ ਜੋ ਰੋਲ ਨਿਭਾਇਆ ਹੈ ਇਸ ਸ਼ਾਨਦਾਰ, ਗੌਰਵਮਈ ਯੋਗਦਾਨ ਦਾ ਭਾਰਤ ਦੀ ਸੁਤੰਤਰਤਾ ਦੇ ਇਤਿਹਾਸ ਵਿਚ ਬਹੁਤਾ ਜ਼ਿਕਰ ਨਹੀਂ। ਗਾਂਧੀ ਦੀ 'ਮਾਈ ਐਕਸਪੀਰੀਐਂਸ ਵਿਦ ਟਰੁੱਥ' ਕਿਤਾਬ ਵਿਚ ਬਾਬਾ ਰਾਮ ਸਿੰਘ ਭੈਣੀ ਦਾ ਵੀ ਜ਼ਿਕਰ ਨਹੀਂ ਕੀਤਾ ਹੈ ਜਦੋਂਕਿ ਨਾ ਮਿਲਵਰਤਨ ਤੇ ਸਵਦੇਸ਼ੀ ਚੀਜ਼ਾਂ ਦੀ ਵਰਤੋਂ ਦਾ ਪ੍ਰੋਗਰਾਮ ਨਾਮਧਾਰੀਆਂ ਪਾਸੋਂ ਹਾਸਲ ਕੀਤਾ ਸੀ। ਸੁਤੰਤਰਤਾ ਮਗਰੋਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਕੋਈ ਮੁੱਲ ਨਹੀਂ ਪਾਇਆ ਗਿਆ ਜਦੋਂ ਕਿ ਸਿੱਖਾਂ ਦਾ ਯੋਗਦਾਨ ਇਸ ਖੇਤਰ ਵਿਚ ਸਭ ਤੋਂ ਵੱਧ ਸੀ। ਡਾ. ਰਤਨ ਸਿੰਘ ਜੱਗੀ ਅਨੁਸਾਰ:

> "ਸੁਤੰਤਰਤਾ ਦੇ ਮੌਕੇ 'ਤੇ ਪੰਜਾਬ ਦੀ ਵੰਡ ਵਿਚ ਸਭ ਤੋਂ ਜ਼ਿਆਦਾ ਮਾਲੀ ਅਤੇ ਜਾਨੀ ਨੁਕਸਾਨ ਸਿੱਖਾਂ ਦਾ ਹੋਇਆ। ਸੰਨ 1947 ਈ. ਤੋਂ ਪਹਿਲਾਂ ਪੰਜਾਬ ਦੇ ਮਾਲੀਏ ਦੀ 40 ਫ਼ੀਸਦੀ ਅਦਾਇਗੀ ਸਿੱਖ ਕਰਦੇ ਸਨ। ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਵਿਚ 80 ਫ਼ੀਸਦੀ ਹਿੱਸਾ ਸਿੱਖਾਂ ਦਾ ਹੈ। ਇਕ ਅੰਦਾਜ਼ੇ ਅਨੁਸਾਰ ਕੁੱਲ 126 ਵਿਅਕਤੀਆਂ ਨੂੰ ਸਜਾਏ ਮੌਤ ਦਿੱਤੀ ਗਈ ਸੀ, ਜਿਨ੍ਹਾਂ ਵਿਚੋਂ 93 ਸਿੱਖ ਸਨ। ਜਨ ਸੰਖਿਆ ਦੇ ਅਨੁਪਾਤ ਨਾਲੋਂ ਕਈ ਗੁਣਾਂ ਵੱਧ ਸਿੱਖਾਂ ਨੇ ਸੁਤੰਤਰਤਾ ਲਈ ਕੁਰਬਾਨੀਆਂ ਦਿੱਤੀਆਂ ਅਤੇ ਮਾਲੀ ਨੁਕਸਾਨ ਉਠਾਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੁਤੰਤਰਤਾ ਦੀ ਜਗਾਈ ਜੋਤਿ ਨੂੰ ਸਿੱਖਾਂ ਨੇ ਸਦਾ ਜਗਾਈ ਰੱਖਿਆ।"[74]

ਇਸ ਤਰ੍ਹਾਂ ਅਕਾਲੀ ਦਲ ਦਾ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਸੁਤੰਤਰ ਕਰਵਾਉਣ ਲਈ ਸ਼ੁਰੂ ਹੋਇਆ ਸੰਘਰਸ਼ ਦੇਸ਼ ਦੀ ਸੁਤੰਤਰਤਾ ਦੀ ਲਹਿਰ ਵਿਚ ਤਬਦੀਲ ਹੋ ਗਿਆ ਸੀ। ਅਕਾਲੀਆਂ ਦੇ ਸਿਦਕ ਅਤੇ ਦ੍ਰਿੜ ਸੰਕਲਪ ਦਾ ਲੋਹਾ ਅੰਗਰੇਜ਼ ਹਕੂਮਤ ਵੀ ਮੰਨਦੀ ਸੀ। ਕਾਂਗਰਸ ਪਾਰਟੀ ਨੂੰ ਵੀ ਸਿੱਖਾਂ ਤੋਂ ਕਈ ਵਾਰ ਮਦਦ ਲੈਣੀ ਪੈਂਦੀ ਸੀ। ਸਿੱਖ ਦਲੇਰ ਕੌਮ ਹਨ ਜਿਸ ਤੋਂ ਅੰਗਰੇਜ਼ ਹਕੂਮਤ ਡਰਦੀ ਸੀ। ਕਾਂਗਰਸ ਸਿੱਖਾਂ ਦੀ ਸੁਤੰਤਰ ਹੋਂਦ ਦੇ ਵੀ ਖਿਲਾਫ਼ ਸੀ। ਅਕਾਲੀ ਆਗੂ ਸ਼ੁਰੂ ਤੋਂ ਹੀ ਦੇਸ਼ ਦੀ ਏਕਤਾ ਤੇ ਸੁਤੰਤਰਤਾ ਦੀ ਗੱਲ 'ਤੇ ਡਟੇ ਹੋਏ ਸਨ ਪਰ ਜਦੋਂ ਮੁਸਲਿਮ ਲੀਗ ਦੀ ਜਿੱਦ ਕਾਰਨ ਪਾਕਿਸਤਾਨ ਦੀ ਮੰਗ ਸਿਰੇ ਚੜ੍ਹਦੀ ਦਿਖਾਈ ਦਿੱਤੀ ਤਾਂ ਇਨ੍ਹਾਂ ਨੇ 'ਆਜ਼ਾਦ ਪੰਜਾਬ' ਦੀ ਵਿਉਂਤ ਤਿਆਰ ਕੀਤੀ। ਜਿਸ ਵਿਚ ਸਿੱਖ, ਹਿੰਦੂ, ਮੁਸਲਮਾਨ ਸਭ ਨੂੰ ਰਹਿਣ ਦੀ ਆਗਿਆ ਹੋਵੇ। ਸਭ ਦੇ ਹਿੱਤ ਸੁਰੱਖਿਅਤ ਹੋਣ, ਇਹ ਸਭ ਦਾ ਸਾਂਝਾ ਰਾਜ ਹੋਵੇ ਜੋ ਗੁਰਮਤਿ ਦੇ 'ਸਭੇ ਸਾਂਝੀਵਾਲ ਸਦਾਇਨ' ਦੇ ਸੰਕਲਪ ਦੀ ਤਰਜਮਾਨੀ ਕਰਦਾ ਹੋਵੇ। ਨਾ ਹੀ ਇਹ ਮੰਗ ਮੰਨੀ ਗਈ ਅਤੇ ਸੁਤੰਤਰਤਾ ਮਗਰੋਂ ਸਿੱਖ ਹਿੱਤਾਂ ਨੂੰ ਅਣਗੌਲਿਆਂ ਕੀਤਾ ਗਿਆ।

[74] *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ-280*

## ਨਿਸ਼ਕਰਸ਼

ਸਿੱਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚ ਸੁਤੰਤਰਤਾ ਦਾ ਸਿਧਾਂਤ ਧਰਮ, ਸਮਾਨਤਾ ਅਤੇ ਨੈਤਿਕਤਾ ਦੇ ਸਿਧਾਂਤ 'ਤੇ ਆਧਾਰਿਤ ਹੈ। ਸਿੱਖ ਵਿਚਾਰਧਾਰਾ ਅਨੁਸਾਰ ਧਰਮ ਤੇ ਰਾਜ ਦੋਵੇਂ ਮਨੁੱਖ ਨਾਲ ਸਬੰਧਿਤ ਸੰਸਥਾਵਾਂ ਹਨ। ਧਰਮ ਅਤੇ ਰਾਜ ਦੀ ਉਤਪਤੀ ਮਨੁੱਖ ਨੂੰ ਅਧਿਆਤਮਕ ਅਤੇ ਰਾਜਸੀ ਤੌਰ 'ਤੇ ਸੁਤੰਤਰ ਕਰਨ ਲਈ ਹੋਈ ਹੈ। ਇਸ ਕਾਰਜ ਲਈ ਨੈਤਿਕਤਾ, ਗੁਣ, ਮਨੁੱਖੀ ਕਦਰਾਂ-ਕੀਮਤਾਂ, ਸਮਾਨਤਾ ਅਤੇ ਲੋੜ ਅਨੁਸਾਰ ਸ਼ਸਤ੍ਰ ਦੇ ਪ੍ਰਯੋਗ ਨੂੰ ਜ਼ਰੂਰੀ ਦਰਸਾਇਆ ਗਿਆ ਹੈ। ਜਿਸ ਰਾਜ ਵਿਚ ਮਨੁੱਖੀ ਹਿੱਤਾਂ ਦੀ ਉਲੰਘਣਾ ਹੋ ਰਹੀ ਹੈ, ਸਮਾਜਿਕ ਅਸਮਾਨਤਾ ਹੈ, ਉਸ ਰਾਜ ਨੂੰ ਵਿਹਾਰਕ ਰੂਪ ਵਿਚ ਅਧਰਮੀ ਅਤੇ ਗ਼ੁਲਾਮ ਰਾਜ ਕਿਹਾ ਜਾ ਸਕਦਾ ਹੈ। ਧਰਮ ਅਤੇ ਰਾਜ ਵਿਚਕਾਰ ਬੁਨਿਆਦੀ ਸਾਂਝ ਇਹ ਹੈ ਕਿ ਇਹ ਵਿਅਕਤੀ ਦੀ ਅਧਿਆਤਮਿਕ ਮੁਕਤੀ ਅਤੇ ਸੁਤੰਤਰਤਾ ਦੇ ਮੁੱਦਈ ਹਨ।

ਗੁਰੂ ਨਾਨਕ ਸਾਹਿਬ ਨੇ ਭਾਵੇਂ ਮਨੁੱਖਤਾ ਨੂੰ ਅਧਿਆਤਮਕ ਤੌਰ 'ਤੇ ਸੁਤੰਤਰ ਹੋਣ ਦੀ ਪਰੇਰਨਾ ਦਿੱਤੀ ਪਰ ਸਿੱਖ ਧਰਮ ਗ੍ਰੰਥਾਂ ਅਤੇ ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਦੀ ਪੜਚੋਲ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਸਮਕਾਲੀ ਗ਼ੁਲਾਮੀ ਦੀ ਵਿਵਸਥਾ ਵਿਰੁੱਧ ਦੇਸ਼ ਵਾਸੀਆਂ ਨੂੰ ਸੰਘਰਸ਼ ਦੇ ਰਾਹ ਪਾਉਣ ਦੇ ਵਿਚਾਰ ਵੀ ਪੇਸ਼ ਕੀਤੇ ਅਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਮਰਨ ਦਾ ਸਿਧਾਂਤ ਵੀ ਦਿੱਤਾ। ਗੁਰੂ ਸਾਹਿਬ ਸਮੇਂ ਲੋਕ ਸਮਾਜਿਕ ਅਤੇ ਰਾਜਸੀ ਗ਼ੁਲਾਮੀ ਦੇ ਸ਼ਿਕਾਰ ਸਨ। ਹਿੰਦੁਸਤਾਨੀਆਂ ਨੂੰ ਸੁਤੰਤਰਤਾ ਲਈ ਜਾਗਰੂਕ ਕਰਨ ਵਾਲੀ ਬ੍ਰਾਹਮਣ ਸ਼੍ਰੇਣੀ ਨੇ ਲੋਕਾਂ ਉੱਪਰ ਜਾਤਪਾਤ ਤੇ ਊਚ-ਨੀਚ ਦਾ ਤਾਣਾ ਪਾ ਕੇ ਵੱਖਰੀ ਕਿਸਮ ਦੀ ਗ਼ੁਲਾਮੀ ਦਾ ਨਮੂਨਾ ਘੜ ਲਿਆ ਸੀ। ਭਾਰਤ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਗ਼ੁਲਾਮ ਸਮਾਜ ਵਿਚ ਗੁਰੂ ਨਾਨਕ ਸਾਹਿਬ ਨੇ ਅਜਿਹੀ ਕੌਮ ਨੂੰ ਜਨਮ ਦਿੱਤਾ ਜਿਸਨੇ ਭਾਰਤੀ ਸਮਾਜ ਦੀ ਹਰ ਖੇਤਰ ਵਿਚ ਗ਼ੁਲਾਮੀ ਅਤੇ ਜ਼ੁਲਮ ਦਾ ਅੰਤ ਕਰਕੇ ਸੁਤੰਤਰਤਾ ਦੀ ਜੋਤ ਜਗਾਈ। ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਤੇ ਵਿਹਾਰਕ ਜੀਵਨ ਤੋਂ ਮਨੁੱਖੀ ਸੁਤੰਤਰਤਾ ਲਈ ਕੀਤੇ ਸੰਘਰਸ਼ ਦੀ ਗਵਾਹੀ ਮਿਲਦੀ ਹੈ।

ਮੁਸਲਮਾਨਾਂ ਵਿਚ 'ਜਹਾਦ' ਸ਼ਬਦ ਜਿਸਦਾ ਦੁਰਉਪਯੋਗ ਕਰਕੇ ਮੁਸਲਿਮ ਬਾਦਸ਼ਾਹ ਦੂਜੇ ਦੇਸ਼ਾਂ ਨੂੰ ਗ਼ੁਲਾਮ ਬਣਾਉਂਦੇ ਰਹੇ ਹਨ ਇਹ ਸ਼ਬਦ ਅਸਲ ਵਿਚ ਬਦੀ ਅਤੇ ਅਧਰਮ ਵਿਰੁੱਧ ਸੰਘਰਸ਼ ਦਾ ਪ੍ਰਤੀਕ ਹੈ। ਮੁਸਲਮਾਨ 'ਜਹਾਦ' ਦੇ ਅਸਲ ਸੰਕਲਪ ਨੂੰ ਅਮਲੀ ਜਾਮਾ ਨਾ ਪਹਿਨਾ ਸਕੇ। ਗੁਰੂ ਵਿਚਾਰਧਾਰਾ ਨੇ ਧਰਮ ਦੇ ਅਸਲ ਉਦੇਸ਼ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਜੋ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਮਾਨਵੀ ਸੁਤੰਤਰਤਾ ਹੈ। ਗੁਰੂ ਸਾਹਿਬ ਦੇ ਸਿਧਾਂਤ ਵਿਚ ਰਾਜ ਨੂੰ ਧਰਮ ਨਾਲ ਜੋੜਿਆ ਹੈ ਤਾਂ ਕਿ ਉਸ ਵਿਚੋਂ ਸਮਾਨਤਾ

ਅਤੇ ਨੈਤਿਕਤਾ ਦਾ ਭਾਵ ਗ਼ਾਇਬ ਨਾ ਹੋ ਸਕੇ। ਸਿੱਖ ਰਾਜ ਵਿਚ ਵਿਅਕਤੀ ਦੀ ਸੁਤੰਤਰਤਾ ਅਤੇ ਰਾਜ ਦੇ ਅਧਿਕਾਰਾਂ ਵਿਚ ਸਮਨਵੈ ਸਥਾਪਿਤ ਕੀਤਾ ਗਿਆ।

ਧਾਰਮਿਕ ਸੁਤੰਤਰਤਾ ਦੀ ਸਵੀਕ੍ਰਿਤੀ ਦੀ ਸਭ ਤੋਂ ਵੱਡੀ ਮਿਸਾਲ ਸਿੱਖ ਵਿਚਾਰਧਾਰਾ ਹੈ, ਜਿਸਨੇ ਇਕ ਅਜਿਹੇ ਸੁਤੰਤਰ ਰਾਜ ਦੀ ਕਲਪਨਾ ਕੀਤੀ ਜਿਸ ਵਿਚ ਕਿਸੇ ਨਾਲ ਧਾਰਮਿਕ ਵਿਤਕਰਾ ਨਾ ਹੋਵੇ। ਮੁਗ਼ਲ ਸ਼ਾਸਕ ਗ਼ੈਰ ਮੁਸਲਮਾਨਾਂ ਦਾ ਜਬਰੀ ਧਰਮ ਤਬਦੀਲ ਕਰਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਧਾਰਮਿਕ ਸੁਤੰਤਰਤਾ ਲਈ ਦਿੱਤੀ ਸ਼ਹਾਦਤ ਤੋਂ ਬਾਅਦ ਸਿੱਖ ਪੰਥ ਧਾਰਮਿਕ ਸੁਤੰਤਰਤਾ ਦਾ ਪੈਰੋਕਾਰ ਸਾਬਤ ਹੁੰਦਾ ਹੈ। ਸਿੱਖਾਂ ਦੀ ਸੁਤੰਤਰਤਾ ਦਾ ਅਸਲ ਮੁੱਢ ਧਾਰਮਿਕ ਸੁਤੰਤਰਤਾ ਤੋਂ ਹੀ ਬੱਝਦਾ ਹੈ। ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਪੰਜ ਸੌ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਦੀ ਖੁੱਲ ਹੋਣਾ, ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੇ ਸੁਤੰਤਰ ਰਾਜ ਵਿਚ ਕਿਸੇ ਦਾ ਜਬਰੀ ਧਰਮ ਤਬਦੀਲ ਨਾ ਕੀਤਾ ਜਾਣਾ ਅਤੇ ਅੰਗਰੇਜ਼ ਸਾਮਰਾਜ ਸਮੇਂ ਸਿੱਖਾਂ ਦਾ ਗੁਰਦੁਆਰਿਆਂ ਦੀ ਸੁਤੰਤਰਤਾ ਲਈ ਡਟ ਕੇ ਖਲੋਣ ਦੀਆਂ ਉਦਾਹਰਨਾਂ ਇਸ ਦੀਆਂ ਪ੍ਰਤੱਖ ਪ੍ਰਮਾਣ ਹਨ। ਅੱਜ ਵੀ ਸਿੱਖ ਪੰਥ ਦੀਆਂ ਜਥੇਬੰਦੀਆਂ ਧਾਰਮਿਕ ਸੁਤੰਤਰਤਾ ਦੇ ਹੱਕ ਵਿਚ ਆਵਾਜ਼ ਉਠਾਉਂਦੀਆਂ ਰਹਿੰਦੀਆਂ ਹਨ। ਸ਼ਖ਼ਸੀ ਗੁਰੂ ਦੀ ਸਮਾਪਤੀ ਤੋਂ ਬਾਅਦ ਸਿੱਖਾਂ ਵੱਲੋਂ ਗੁਰੂ ਸਿਧਾਂਤ ਨੂੰ ਵਿਹਾਰਕਤਾ ਪ੍ਰਦਾਨ ਕਰਦਿਆਂ ਸੁਤੰਤਰਤਾ ਦੀ ਪ੍ਰਾਪਤੀ ਦੀ ਗੱਲ ਵੀ ਸਾਹਮਣੇ ਆਉਂਦੀ ਹੈ। ਭਾਵ ਗੁਰੂ ਭਾਵੇਂ ਤੁਹਾਡੇ ਵਿਚ ਸ਼ਖ਼ਸੀ ਤੌਰ 'ਤੇ ਮੌਜੂਦ ਨਹੀਂ ਪਰ ਗੁਰਮਤਿ ਦੇ ਸਿਧਾਂਤ 'ਤੇ ਪਹਿਰਾ ਦੇ ਕੇ ਵੀ ਅਸੀਂ ਸੁਚੱਜਾ ਅਧਿਆਤਮਕ ਜੀਵਨ ਅਤੇ ਸੁਤੰਤਰਤਾ ਦੀ ਪ੍ਰਾਪਤ ਕਰ ਸਕਦੇ ਹਾਂ।

ਅੰਗਰੇਜ਼ ਸਾਸ਼ਨ ਵਿਰੁੱਧ ਅਕਾਲੀਆਂ ਦਾ ਸੰਘਰਸ਼ ਵੀ ਸਿੱਖ ਸਿਧਾਂਤ ਦੀ ਵਿਹਾਰਕਤਾ ਨੂੰ ਪ੍ਰਗਟ ਕਰਦਾ ਹੈ ਜੋ ਦੇਸ਼ ਦੀ ਸੁਤੰਤਰਤਾ ਦੀ ਅਹਿਮ ਕੜੀ ਹੈ। 1857 ਦੇ ਵਿਦਰੋਹ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਵੀ ਸਬੂਤ ਮਿਲਦੇ ਹਨ। ਸੁਤੰਤਰਤਾ ਦੇ ਸੰਘਰਸ਼ ਵਿਚ ਵੀ 'ਗੁਰੂ ਕੇ ਬਾਗ਼ ਮੋਰਚੇ', 'ਜੈਤੋ ਦੇ ਮੋਰਚੇ' ਅਤੇ ਬੱਬਰ ਅਕਾਲੀ ਲਹਿਰ ਸਮੇਂ ਮੀਰੀ-ਪੀਰੀ ਦਾ ਪ੍ਰਗਟਾਵਾ ਹੁੰਦਾ ਹੈ। ਇਸ ਸਮੇਂ ਦੇ ਸਿੱਖ ਅਕਾਲੀ ਆਗੂਆਂ ਵਿਚ ਗੁਰੂ ਸਿਧਾਂਤ ਅਤੇ ਚੇਤਨਾ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਹੈ। ਭਾਵੇਂ ਕਿ ਸਿੱਖਾਂ ਵੱਲੋਂ ਵੱਖਰੇ ਰਾਜ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਗੁਰੂ ਪਰੰਪਰਾ ਦੁਆਰਾ ਵਿਕਲਪਿਤ ਸੁਤੰਤਰ ਰਾਜ ਦੀ ਕੋਈ ਖੇਤਰੀ ਹੱਦਬੰਦੀ ਨਹੀਂ। ਗੁਰਮਤਿ *'ਸਭੇ ਸਾਝੀਵਾਲ ਸਦਾਇਨ, ਤੂ ਕਿਸੈ ਨ ਦਿਸੈ ਬਾਹਰਾ ਜੀਉ'* ਦਾ ਸੰਕਲਪ ਪੇਸ਼ ਕਰਦੀ ਹੈ। ਸਿੱਖ ਰਾਜ ਵਿਚ ਹਰ ਜਾਤ, ਧਰਮ ਤੇ ਫ਼ਿਰਕੇ ਦੇ ਬੰਦੇ ਨੂੰ ਨਾਗਰਿਕਤਾ ਅਤੇ ਸੁਤੰਤਰਤਾ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਵਿਚਾਰਧਾਰਾ ਹਰ ਵਿਅਕਤੀ ਦੀ ਸੁਤੰਤਰਤਾ ਦੀ ਮੁੱਦਈ ਹੈ। ਨੈਤਿਕਤਾ ਅਤੇ

ਸਮਾਨਤਾ ਗੁਰੂ ਸਾਹਿਬਾਨ ਦੇ ਅਹਿਮ ਸਿਧਾਂਤ ਹਨ ਜਦੋਂ ਵੀ ਕਿਸੇ ਸਿੱਖ ਆਗੂ ਵੱਲੋਂ ਨੈਤਿਕ ਕਦਰਾਂ-ਕੀਮਤਾਂ ਦਾ ਤਿਆਗ ਕੀਤਾ ਗਿਆ ਤਾਂ ਉਸਦੀ ਰਾਜ ਸੱਤਾ ਆਪਣੀ ਸੁਤੰਤਰਤਾ ਗੁਆ ਕੇ ਗ਼ੁਲਾਮੀ ਦੇ ਜੂਲੇ ਵਿਚ ਜਾ ਫਸੀ।

ਸਿੱਖਮਤ ਵਿਚ ਸੁਤੰਤਰਤਾ ਦਾ ਸਿਧਾਂਤ ਹੋਰ ਧਰਮਾਂ ਤੋਂ ਨਿਵੇਕਲਾ ਹੈ। ਕੁਝ ਪੱਛਮੀ ਚਿੰਤਕਾਂ ਵੱਲੋਂ ਸਮਾਜ ਅਤੇ ਰਾਜ ਦੀ ਉੱਨਤੀ ਲਈ ਦਾਸ ਅਤੇ ਮਾਲਕ ਦਾ ਸਿਧਾਂਤ ਵੀ ਪੇਸ਼ ਕੀਤਾ ਗਿਆ ਅਤੇ ਵਿਸ਼ੇਸ਼ ਵਿਅਕਤੀਆਂ ਨੂੰ ਹੀ ਨਾਗਰਿਕਤਾ ਦਾ ਅਧਿਕਾਰ ਦਿੱਤਾ ਗਿਆ ਹੈ। ਹਿੰਦੂ ਸੰਸਕ੍ਰਿਤੀ ਵਿਚ ਵੀ ਵਰਨ ਆਸ਼ਰਮ ਰਾਹੀਂ ਸਮਾਨਤਾ ਦੀ ਘਾਟ ਹੈ। ਪਰ ਗੁਰਮਤਿ ਵਿਚ ਸਮਾਨਤਾ ਨੂੰ ਸੁਤੰਤਰਤਾ ਲਈ ਸਭ ਤੋਂ ਵੱਧ ਜ਼ਰੂਰੀ ਮੰਨਿਆ ਗਿਆ ਹੈ। ਗੁਰਮਤਿ ਵਿਚ ਦਾਸ ਅਤੇ ਗ਼ੁਲਾਮ ਦਾ ਕੋਈ ਸਿਧਾਂਤ ਨਹੀਂ। ਖ਼ਾਲਸੇ ਵਿਚ ਬ੍ਰਾਹਮਣ ਦੀ ਬੁੱਧੀ, ਖੱਤਰੀ ਦੀ ਬਹਾਦਰੀ, ਵੈਸ਼ ਦੀ ਮਿਹਨਤ ਅਤੇ ਸ਼ੂਦਰ ਦੀ ਸੇਵਾ ਭਾਵ ਦੁਆਰਾ ਚਾਰੇ ਵਰਨਾਂ ਦੀ ਸ਼ਮੂਲੀਅਤ ਦੱਸੀ ਗਈ ਹੈ। ਸਿੱਖਮਤ ਵਿਚ ਸੁਤੰਤਰਤਾ ਦਾ ਸਿਧਾਂਤ ਭਾਈ ਕਾਨ੍ਹ ਸਿੰਘ ਨਾਭਾ ਦੇ ਸੁਤੰਤਰਤਾ ਦੇ ਅਰਥ 'ਉੱਤਮ ਵਿਕਾਸ' ਦੀ ਤਰਜਮਾਨੀ ਕਰਦਾ ਹੈ। ਰਾਜ ਤੋਂ ਬਿਨਾਂ ਸੁਤੰਤਰਤਾ ਦੀ ਹੋਂਦ ਕੇਵਲ ਇਕ ਕਲਪਨਾ ਹੈ। 'ਸਰਬੱਤ ਦਾ ਭਲਾ' ਗੁਰਮਤਿ ਅਨੁਸਾਰ ਸੁਤੰਤਰਤਾ ਦਾ ਸਭ ਤੋਂ ਵਧੀਆ ਸਿਧਾਂਤ ਹੈ। ਤੁਲਨਾਤਮਿਕ ਅਧਿਐਨ ਰਾਹੀਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਸਿੱਖ ਧਰਮ ਵਿਚ ਹੋਰਨਾਂ ਦੇ ਮੁਕਾਬਲੇ ਸੁਤੰਤਰਤਾ ਦਾ ਸਿਧਾਂਤ ਜ਼ਿਆਦਾ ਵਿਆਪਕ ਹੈ। ਸੁਤੰਤਰਤਾ ਦਾ ਇਹ ਸਿਧਾਂਤ ਅਸਲ ਵਿਚ ਮਨੁੱਖੀ ਜੀਵਨ ਦੇ ਉੱਤਮ ਵਿਕਾਸ ਵੱਲ ਕੇਂਦਰਿਤ ਹੈ।

ਗੁਰਮਤਿ ਦਾ ਸੁਤੰਤਰਤਾ ਦਾ ਸਿਧਾਂਤ ਵਿਸ਼ਵ-ਵਿਆਪੀ ਵੀ ਹੈ। ਇਹ ਕਿਸੇ ਇਕ ਖ਼ਿੱਤੇ ਦੀ ਸੁਤੰਤਰਤਾ ਦੀ ਗੱਲ ਨਹੀਂ ਕਰਦਾ। ਗੁਰਮਤਿ ਅਨੁਸਾਰ ਸੁਤੰਤਰ ਰਾਜ ਉਹ ਹੈ ਜਿੱਥੇ ਕਿਸੇ ਨਾਲ ਕੋਈ ਭੇਦਭਾਵ ਨਾ ਹੋਵੇ। ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣ ਦਾ ਸਿਧਾਂਤ ਲਾਗੂ ਹੋਵੇ। ਰਾਜ ਦੇ ਕਾਨੂੰਨ ਲੋਕ ਕਲਿਆਣ ਲਈ ਹੋਣ। ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਰਾਜ ਦਾ ਫਰਜ਼ ਹੋਵੇ ਅਤੇ ਧਾਰਮਿਕ ਵਿਸ਼ਵਾਸ ਦੀ ਸਵੀਕ੍ਰਿਤੀ ਦੀ ਸੁਤੰਤਰਤਾ ਹੋਵੇ। ਇਹਨਾਂ ਤੱਥਾਂ ਰਾਹੀਂ ਹੀ ਸਿੱਖਮਤ ਦਾ ਸੁਤੰਤਰਤਾ ਦਾ ਸਿਧਾਂਤ ਅਸਲ ਰੂਪ ਵਿਚ ਵਿਹਾਰਕ ਹੋ ਸਕਦਾ ਹੈ। ਸੁਤੰਤਰ ਸਿੱਖ ਰਾਜ ਦੀ ਉਸਾਰੀ ਲਈ ਧਰਮ, ਨੈਤਿਕਤਾ ਅਤੇ ਸਮਾਨਤਾ ਜ਼ਰੂਰੀ ਹੈ। ਇਸ ਨਾਲ ਹੀ ਸੁਤੰਤਰਤਾ ਦੇ ਸਿਧਾਂਤ ਨੂੰ ਮੂਰਤੀਮਾਨ ਕੀਤਾ ਜਾ ਸਕਦਾ ਹੈ ਅਤੇ ਜਿਨ੍ਹਾਂ ਦੇ ਸਹਾਰੇ ਸੁਤੰਤਰ ਰਾਜ ਦਾ ਸਰੂਪ ਕਾਇਮ ਕੀਤਾ ਜਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਦਾ ਖ਼ਾਲਸਾ ਸੁਤੰਤਰ ਨਿਆਂਸ਼ੀਲ ਤੇ ਕਲਿਆਣਕਾਰੀ ਰਾਜ ਦਾ ਥੰਮ੍ਹ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਸੁਤੰਤਰਤਾ ਦਾ ਜਿਹੜਾ ਸੰਕਲਪ ਮੂਰਤੀਮਾਨ ਕੀਤਾ ਗਿਆ ਹੈ, ਉਹ ਬੜਾ ਆਦਰਸ਼ਕ ਹੈ, ਅਮਲੀ ਪੱਧਰ 'ਤੇ ਬੜਾ ਸਾਰਥਿਕ ਤੇ ਯਥਾਰਥਕ ਵੀ ਹੈ। ਇਸ ਸੰਕਲਪ 'ਤੇ ਆਧਾਰਿਤ ਜ਼ਿੰਦਗੀ ਜਾਂ ਦੇਸ਼ ਨੂੰ ਹੀ ਸਹੀ ਅਰਥਾਂ ਵਿਚ ਸੁਤੰਤਰ ਅਤੇ ਖ਼ੁਸ਼ਹਾਲ ਆਖਿਆ ਜਾ ਸਕਦਾ ਹੈ। ਸੁਤੰਤਰਤਾ ਨਾਲ ਹੀ ਵਿਕਾਸ ਅਤੇ ਖ਼ੁਸ਼ਹਾਲੀ ਦਾ ਸਬੰਧ ਹੈ। ਗੁਰੂ ਪਰੰਪਰਾ ਦੇ ਸਿਧਾਂਤ-ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਆਜ਼ਾਦੀ ਤੇ ਖ਼ੁਸ਼ਹਾਲੀ ਦੇ ਸੋਮੇ ਹਨ। ਸੁਤੰਤਰਤਾ ਉਸ ਥਾਂ ਹੈ ਜਿੱਥੇ ਸਭ ਕਿਰਤ ਕਰਨ, ਵੱਡੇ-ਛੋਟੇ ਅਮੀਰ-ਗ਼ਰੀਬ ਸੁਹਿਰਦ ਭਾਈਵਾਲ ਹੋਣ, ਪਰਉਪਕਾਰ ਦੀ ਭਾਵਨਾ ਹੋਵੇ, ਦੂਸਰੇ ਲਈ ਮਰ-ਮਿਟਣ ਦਾ ਸਾਹਸ ਹੋਵੇ, ਅਣਖ ਤੇ ਇੱਜ਼ਤ ਹੋਵੇ, ਗੁਣ ਅਤੇ ਯੋਗਤਾ ਨੂੰ ਤਰਜੀਹ ਹੋਵੇ। ਜਦੋਂ ਸਾਰੇ ਗੁਰਮਤਿ ਅਨੁਸਾਰੀ ਜ਼ਿੰਦਗੀ ਨਿਰਮਾਣ ਕੇ ਵਿਚਰਨਗੇ, ਏਕਤਾ, ਸਚਿਆਰਤਾ, ਨਿਰਵੈਰ, ਨਿਰਭਉ, ਨਿਮਰਤਾ ਨੂੰ ਅਪਣਾਉਣਗੇ ਤਾਂ ਹੀ ਪੂਰਨ ਤੌਰ 'ਤੇ ਸੁਤੰਤਰਤਾ ਕਾਇਮ ਹੋਵੇਗੀ। ਗੁਰਮਤਿ ਅਨੁਸਾਰ ਸੁਤੰਤਰਤਾ ਦਾ ਸੰਕਲਪ ਇੱਜ਼ਤ ਤੇ ਅਣਖ ਦੀ ਸੁਤੰਤਰ ਜ਼ਿੰਦਗੀ ਨੂੰ ਪਿਆਰ ਕਰਨਾ ਹੈ। ਇਸ ਨਾਲ ਆਮ ਲੋਕ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਕਾਇਮ ਕਰਕੇ, ਨਿੱਤ ਮਿਲ-ਬੈਠਣ ਲੱਗੇ। ਸੁਤੰਤਰਤਾ ਵਿਰੋਧੀ ਮੁਗ਼ਲ ਅਤੇ ਅੰਗਰੇਜ਼-ਹਕੂਮਤ ਵਿਰੁੱਧ, ਬੜੇ ਸਾਹਸ ਨਾਲ, ਸਮਾਜਿਕ-ਖੇਤਰ ਵਿਚ ਵਿਚਰਨ ਲੱਗ ਪਏ ਸਨ। ਭਾਰਤੀ ਸੁਤੰਤਰਤਾ ਇਨ੍ਹਾਂ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਦਾ ਹੀ ਸਿੱਟਾ ਹੈ। ਜੇ ਸੰਗਤ ਅਤੇ ਪੰਗਤ ਦੀਆਂ ਇਹ ਸੁਤੰਤਰ-ਬੈਠਕਾਂ ਨਾ ਹੁੰਦੀਆਂ, ਇਹਨਾਂ ਬੈਠਕਾਂ ਵਿਚ ਬਹਿ-ਖਲੋ ਕੇ, ਸਾਂਝੀ-ਸੋਚਣੀ ਵਾਸਤੇ ਪੰਜਾਬੀਆਂ ਤੇ ਭਾਰਤੀਆਂ ਨੂੰ ਨਾ ਉਭਾਰਿਆ ਜਾਂਦਾ ਤਾਂ ਅਜੋਕੇ ਪੰਜਾਬ ਤੇ ਭਾਰਤੀ ਸਮਾਜ ਦਾ ਮੁਹਾਂਦਰਾ ਅੱਜ ਵਰਗਾ ਆਜ਼ਾਦ ਨਾ ਹੁੰਦਾ। ਦੇਸ਼ ਭਰ ਵਿਚ ਸਭ ਤੋਂ ਵੱਧ ਸੁਤੰਤਰਤਾ ਦੀ ਸਪਿਰਿਟ ਸਿੱਖਾਂ ਵਿਚ ਰਹੀ ਹੈ। ਮੁਗ਼ਲ ਸਾਮਰਾਜ ਅਤੇ ਅੰਗਰੇਜ਼ ਸਾਮਰਾਜ ਵਿਰੁੱਧ ਸਿੱਖਾਂ ਦੁਆਰਾ ਸੁਤੰਤਰਤਾ ਲਈ ਕੀਤੇ ਗਏ ਸੰਘਰਸ਼ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਪੰਜਾਬ ਦਾ ਇਤਿਹਾਸ ਸਪਸ਼ਟ ਤਸਵੀਰ ਪੇਸ਼ ਕਰਦਾ ਹੈ।

ਭਾਵੇਂ ਕਿ ਖ਼ਾਲਸਾ ਕਿਸੇ ਖੇਤਰੀ ਹੱਦਬੰਦੀ ਉੱਪਰ ਰਾਜ ਕਾਇਮ ਕਰਨ ਦੀ ਇੱਛਾ ਪ੍ਰਗਟ ਕਰ ਸਕਦਾ ਹੈ ਅਤੇ ਉਸ ਉੱਪਰ ਰਾਜ ਕਾਇਮ ਵੀ ਕਰ ਸਕਦਾ ਹੈ, ਪਰ ਖ਼ਾਲਸਾ ਪੰਥ ਉਸ ਰਾਜ ਦੀ ਹੱਦਬੰਦੀ ਤੱਕ ਸੀਮਤ ਹੋ ਕੇ ਨਹੀਂ ਰਹਿ ਸਕਦਾ। ਗੁਰੂ ਵਿਚਾਰਧਾਰਾ ਅਨੁਸਾਰ ਖ਼ਾਲਸਾ ਰਾਜ ਖੇਤਰੀ ਹੱਦਬੰਦੀ ਦਾ ਪਾਬੰਦ ਨਹੀਂ ਕਿਉਂਕਿ ਖ਼ਾਲਸਾ ਪੰਥ ਦੀਆਂ ਪ੍ਰਮੁੱਖ ਸੰਸਥਾਵਾਂ, ਖ਼ਾਲਸਾ ਪੰਥ, ਅਕਾਲ ਤਖ਼ਤ, ਗੁਰਮਤਾ ਸਮੁੱਚੇ ਪੰਥ ਦੀ ਅਗਵਾਈ ਕਰਦੀਆਂ ਹਨ ਭਾਵੇਂ ਸਿੱਖ ਕਿਸੇ ਵੀ ਖੇਤਰ ਵਿਚ ਵੱਸਦੇ ਹੋਣ। ਇਸ ਲਈ ਸੁਤੰਤਰਤਾ ਦਾ ਅਸਲ ਸਿੱਟਾ ਤਾਂ ਇਹ ਹੈ ਇਕ ਧਰਮ ਨਿਰਪੱਖ ਰਾਜ ਵਿਚ ਸਾਰਿਆਂ ਦੇ ਹਿਤ ਸੁਰੱਖਿਅਤ

ਹੋਣ। ਸਭ ਲਈ ਧਾਰਮਿਕ, ਰਾਜਸੀ ਅਤੇ ਸਮਾਜਿਕ ਖੇਤਰ ਵਿਚ ਸੁਤੰਤਰਤਾ ਹੋਵੇ ਕਿਸੇ ਨਾਲ ਕੋਈ ਜਾਤਪਾਤ ਜਾਂ ਧਰਮ ਦੇ ਆਧਾਰ 'ਤੇ ਵਿਤਕਰਾ ਨਾ ਹੋਵੇ।

ਗੁਰਮਤਿ ਅਨੁਸਾਰ ਸੁਤੰਤਰਤਾ ਵਿਹਾਰ ਵਿਚ ਤਦ ਹੀ ਹੋ ਸਕਦੀ ਹੈ ਜਦੋਂ ਮਨੁੱਖ ਪਦਾਰਥ ਵਸਤੂਆਂ ਦੀ ਲਾਲਸਾ ਤੋਂ ਮੁਕਤ ਹੋ ਕੇ ਅਧਿਆਤਮਿਕ ਕੀਮਤਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰੇਗਾ। ਅਜਿਹਾ ਕਰਨ ਨਾਲ ਮਨੁੱਖ ਦੇ ਅੰਤਰਗਤ ਦੁਨਿਆਵੀ ਲਾਲਸਾਵਾਂ ਖ਼ਤਮ ਹੋ ਜਾਣਗੀਆਂ ਤੇ ਉਹ ਸੰਸਾਰ ਵਿਚ ਇਸ ਤਰ੍ਹਾਂ ਵਿਚਰਦਾ ਹੈ ਕਿ ਉਸਨੂੰ ਹਰ ਇਕ ਦੇ ਹਿਤ ਵਿਚ 'ਸਰਬੱਤ ਦਾ ਭਲਾ' ਅਤੇ ਸੁਤੰਤਰਤਾ ਨਜ਼ਰ ਪੈਂਦੀ ਹੈ। ਗੁਰਮਤਿ ਦੇ ਸਮਾਨਤਾ ਅਤੇ ਸੁਤੰਤਰਤਾ ਦੇ ਸਿਧਾਂਤ ਨੂੰ ਭਾਰਤ ਦੇ ਸੰਵਿਧਾਨ ਨੇ ਵੀ ਅਪਣਾਇਆ ਹੈ, ਭਾਵੇਂ ਕੋਈ ਵੀ ਰਾਜਸੀ, ਪ੍ਰਸ਼ਾਸਨਿਕ ਅਤੇ ਅਧਿਆਪਨ ਦੀ ਪਦਵੀ ਹੋਵੇ ਕਿਸੇ ਨਾਲ ਜਾਤ ਜਾਂ ਧਰਮ ਦੇ ਆਧਾਰ 'ਤੇ ਅੱਜ ਕੋਈ ਵਿਤਕਰਾ ਨਹੀਂ ਜਦੋਂਕਿ ਗੁਰੂ ਕਾਲ ਤੋਂ ਪਹਿਲਾਂ ਇਹ ਪ੍ਰਚੱਲਿਤ ਸੀ। ਸਿੱਖਮਤ ਦੇ 'ਸਰਬੱਤ ਦੇ ਭਲੇ' ਦੇ ਸਿਧਾਂਤ ਵਿਚੋਂ ਸੁਤੰਤਰਤਾ ਦਾ ਸੰਕਲਪ ਸਾਹਮਣੇ ਆਇਆ ਹੈ। ਸਿੱਖਮਤ ਵਿਚ ਰਾਜਸੀ ਸੱਤਾ ਦੀ ਵਰਤੋਂ 'ਸਰਬੱਤ ਦੇ ਭਲੇ' ਲਈ ਕੀਤੀ ਗਈ ਹੈ। ਜੋ ਸਰਕਾਰ ਲੋਕਾਂ ਨੂੰ ਅਮਲੀ ਤੌਰ 'ਤੇ ਨਿਆਂ ਨਹੀਂ ਦੇ ਸਕਦੀ ਉਹ ਕਲਿਆਣਕਾਰੀ ਨਹੀਂ ਹੋ ਸਕਦੀ। ਇਸ ਗੱਲ ਦਾ ਧਿਆਨ ਰੱਖ ਕੇ ਗੁਰੂ ਸਾਹਿਬਾਨ ਨੇ ਮਾਨਵੀ ਕਦਰਾਂ-ਕੀਮਤਾਂ ਤੇ ਸੁਤੰਤਰਤਾ ਦੀ ਬਹਾਲੀ ਲਈ ਆਪਣੇ ਸਮੇਂ ਦੇ ਤਾਨਾਸ਼ਾਹੀ ਰਾਜ ਨੂੰ ਵੰਗਾਰਿਆ ਸੀ। ਜਿਸ ਰਾਜ ਵਿਚ ਜ਼ਿਆਦਾਤਰ ਲੋਕ ਗ਼ੁਲਾਮੀ ਦਾ ਜੀਵਨ ਬਸਰ ਕਰ ਰਹੇ ਸਨ। ਸਿੱਖ ਧਰਮ ਦੀ ਸਥਾਪਤੀ ਹੀ ਮਨੁੱਖੀ ਸੁਤੰਤਰਤਾ ਨੂੰ ਕਾਇਮ ਕਰਨ ਲਈ ਹੋਈ ਹੈ। ਸਪਸ਼ਟ ਹੈ ਕਿ ਸਿੱਖ ਲਹਿਰ ਅਧਿਆਤਮਿਕ ਮੁਕਤੀ ਦੇ ਨਾਲ ਰਾਜਸੀ ਸੁਤੰਤਰਤਾ ਦੀ ਅਲੰਬਰਦਾਰ ਹੈ।

ਸਿੱਖ ਰਾਜਨੀਤਿਕ ਵਿਚਾਰਧਾਰਾ ਅਤੇ ਸਿੱਖ ਸੰਘਰਸ਼ ਤੋਂ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਗੁਰੂ ਸਾਹਿਬਾਨ ਦਾ ਮੰਤਵ ਕੇਵਲ ਧਰਮ ਸਥਾਪਿਤ ਕਰਨ ਦਾ ਹੀ ਨਹੀਂ ਸੀ ਸਗੋਂ ਦੇਸ਼ ਨੂੰ ਸੈਂਕੜੇ ਸਾਲ ਪੁਰਾਣੀ ਮੁਗ਼ਲ ਸਾਮਰਾਜ ਦੀ ਗ਼ੁਲਾਮੀ ਤੋਂ ਸੁਤੰਤਰ ਕਰਵਾਉਣ ਦਾ ਵੀ ਸੀ ਅਤੇ ਇਸਦੇ ਨਾਲ ਹੀ ਹਿੰਦੂ ਸਮਾਜ ਨੂੰ ਜਾਤੀਪਾਤੀ ਸਿਸਟਮ ਅਤੇ ਧਾਰਮਿਕ ਕਰਮਕਾਂਡ ਤੋਂ ਵੀ ਮੁਕਤ ਕਰਵਾਉਣ ਦਾ ਸੀ ਜੋ ਉਸ ਸਮੇਂ ਫੁੱਟ ਕਾਰਨ ਗ਼ੁਲਾਮੀ ਦਾ ਕਾਰਨ ਬਣ ਰਹੇ ਸਨ। ਬੁੱਧ ਅਤੇ ਜੈਨ ਧਰਮ ਦਾ ਰਾਜਸੀ ਸ਼ਕਤੀ ਅਤੇ ਸੁਤੰਤਰਤਾ ਲਈ ਸੰਘਰਸ਼ ਨਾ ਕਰਨਾ ਹੀ ਇਸਦੇ ਅਲੋਪ ਹੋਣ ਦਾ ਕਾਰਨ ਬਣੇ ਸਨ। ਦੇਸ਼ ਦੇ ਸੁਤੰਤਰਤਾ ਸੰਘਰਸ਼ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਅਣਗੌਲਿਆ ਕੀਤਾ ਗਿਆ ਹੈ। ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਜੇਕਰ ਕਾਂਗਰਸ ਨੇ ਸਿੱਖਾਂ ਨੂੰ ਕੁਝ ਵਾਅਦਿਆਂ ਨਾਲ ਭਾਰਤ ਨਾਲ ਆਪਣੇ ਹਿਤ ਜੋੜਨ ਦਾ ਵਚਨ ਦਿੱਤਾ ਸੀ ਤਾਂ ਦੇਸ਼ ਦੇ

ਪ੍ਰਮੁੱਖ ਆਗੂਆਂ ਨੂੰ ਸੁਤੰਤਰਤਾ ਉਪਰੰਤ ਸਿੱਖ ਹਿੱਤਾਂ ਦਾ ਖ਼ਿਆਲ ਰੱਖਣਾ ਜ਼ਰੂਰੀ ਸੀ ਕਿਉਂਕਿ ਜੇਕਰ ਸੁਤੰਤਰ ਭਾਰਤ ਵਿਚ ਸਿੱਖ ਅਸਲ ਸੁਤੰਤਰਤਾ ਮਹਿਸੂਸ ਕਰਦੇ ਤਾਂ ਸ਼ਾਇਦ ਸਿੱਖਾਂ ਨੂੰ ਮੁੜ ਇਸ ਸੰਘਰਸ਼ ਦੇ ਰਾਹ ਪੈਣ ਦੀ ਜ਼ਰੂਰਤ ਨਾ ਹੁੰਦੀ ਅਤੇ ਨਾ ਹੀ ਪੰਜਾਬ ਦੀ ਧਰਤੀ 'ਤੇ ਮੁੜ ਕਤਲੋ ਗਾਰਦ ਹੁੰਦੀ। ਇਸ ਲਈ ਦੇਸ਼ ਦੇ ਆਗੂਆਂ ਨੂੰ ਇਕ ਧਰਮ ਨਿਰਪੱਖ ਰਾਜ ਦਾ ਸਬੂਤ ਦਿੰਦਿਆਂ ਸਾਰਿਆਂ ਦੇ ਹਿੱਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਸਿੱਖ ਸਿਧਾਂਤ ਦੀ ਵਿਹਾਰਕਤਾ ਦੇ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਸਿੱਖ ਸਿਧਾਂਤ ਨੂੰ ਨਿੱਜੀ ਮੁਫਾਦਾਂ ਲਈ ਤਿਲਾਂਜਲੀ ਦਿੱਤੀ ਜਾਣ ਲੱਗੀ ਹੈ। ਰਾਜਸੀ ਆਗੂ ਆਪਣੇ ਵੋਟ ਬੈਂਕ ਲਈ ਸਿੱਖ ਸਿਧਾਂਤਾਂ ਦੀ ਬਲੀ ਚਾੜ ਦਿੰਦੇ ਹਨ। ਇਸ ਵਿਚ ਗੁਣ ਅਤੇ ਯੋਗਤਾ ਦੀ ਥਾਂ ਚਾਪਲੂਸੀ ਅਤੇ ਸ਼ੁਹਰਤ ਦਾ ਦੌਰ ਵਧਦਾ ਜਾ ਰਿਹਾ ਹੈ। ਸਿੱਖ ਸਿਧਾਂਤ ਦੀ ਤਰਜਮਾਨੀ ਕਰਨ ਲਈ ਦੋ ਅਹਿਮ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਨਾ ਕੀਤੀ ਗਈ ਸੀ ਤਾਂ ਕਿ ਸਿੱਖਾਂ ਦੀ ਯੋਗ ਅਗਵਾਈ ਅਤੇ ਸਿੱਖ ਸਿਧਾਂਤ ਨੂੰ ਵਿਹਾਰਕਤਾ ਪ੍ਰਦਾਨ ਹੋਵੇ। ਅੱਜ ਨਿੱਜਵਾਦ ਨੂੰ ਇਸ ਕਦਰ ਪਹਿਲ ਦਿੱਤੀ ਜਾਂਦੀ ਹੈ ਜਿਸ ਨਾਲ ਯੋਗ ਅਤੇ ਗੁਣਵਾਨ ਵਿਅਕਤੀ ਨੂੰ ਦਰਕਿਨਾਰ ਕਰਕੇ ਉਸਦੀ ਸੁਤੰਤਰਤਾ ਖੋਹ ਲਈ ਜਾਂਦੀ ਹੈ। ਸਿੱਖਾਂ ਦੀ ਸਰਵਉੱਚ ਅਦਾਲਤ ਅਕਾਲ ਤਖ਼ਤ ਸਾਹਿਬ ਮੰਨੀ ਜਾਂਦੀ ਸੀ ਜਿਸਦੇ ਹੁਕਮ ਨੂੰ ਸਿੱਖ ਕੌਮ ਗੁਰੂ ਦੇ ਹੁਕਮ ਦੀ ਤਰ੍ਹਾਂ ਮੰਨਦੀ ਹੈ ਨੂੰ ਸਿਆਸੀ ਆਗੂਆਂ ਦੇ ਅਧੀਨ ਕਰ ਦਿੱਤਾ ਗਿਆ। ਸਿੱਖ ਪੰਥ ਵਿਚ ਸਮਾਨਤਾ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਗਿਰਾਵਟ ਵਧਦੀ ਨਜ਼ਰ ਆ ਰਹੀ ਹੈ ਅਤੇ ਸੁਤੰਤਰਤਾ ਦੇ ਸਿਧਾਂਤ ਨੂੰ ਪੂਰਨ ਅਮਲੀ ਰੂਪ ਨਹੀਂ ਦਿੱਤਾ ਜਾ ਰਿਹਾ। ਬੰਦਾ ਸਿੰਘ ਬਹਾਦਰ ਜਾਂ ਰਣਜੀਤ ਸਿੰਘ ਦਾ ਰਾਜ ਭਾਵੇਂ ਸੁਤੰਤਰ ਅਤੇ ਸੁਚੱਜਾ ਰਾਜ ਪ੍ਰਬੰਧ ਸੀ ਪਰ ਜਦੋਂ ਇਨ੍ਹਾਂ ਰਾਜਾਂ ਵਿਚ ਨੈਤਿਕ ਕਦਰਾਂ-ਕੀਮਤਾਂ ਵਿਚ ਗਿਰਾਵਟ ਆਈ ਤਾਂ ਇਨ੍ਹਾਂ ਦੀ ਸੁਤੰਤਰਤਾ ਨੂੰ ਭਾਰੀ ਸੱਟ ਲੱਗੀ। ਸੋ ਅੱਜ ਦੀ ਸਿੱਖ ਲੀਡਰਸ਼ਿਪ ਨੂੰ ਇਹਨਾਂ ਇਤਿਹਾਸਕ ਤੱਥਾਂ ਦੀ ਪੜਚੋਲ ਕਰਕੇ ਸਿੱਖ ਧਰਮ ਦੇ ਸਿਧਾਂਤਾਂ ਦੀ ਸਹੀ ਤਰਜਮਾਨੀ ਕਰਨੀ ਚਾਹੀਦੀ ਹੈ ਤਾਂ ਕਿ ਸਿੱਖ ਧਰਮ ਤੇ ਸੁਤੰਤਰਤਾ ਦੇ ਸਿਧਾਂਤ ਨੂੰ ਵਿਹਾਰਕਤਾ ਪ੍ਰਦਾਨ ਕੀਤੀ ਜਾ ਸਕੇ।

ਭਾਰਤੀ ਅਤੇ ਵਿਸ਼ਵ-ਸੰਦਰਭ ਵਿਚ ਸੁਤੰਤਰਤਾ ਦੇ ਵਿਵਹਾਰਕ ਸਰੋਕਾਰਾਂ ਦੀ ਜੇਕਰ ਗੱਲ ਕਰੀਏ ਤਾਂ ਪਿਛਲੇ ਤਕਰੀਬਨ 70 ਸਾਲ ਤੋਂ ਅਸੀਂ 'ਸੁਤੰਤਰਤਾ' ਦੇ ਉਸਾਰੂ, ਮਨੁੱਖ-ਪੱਖੀ ਅਤੇ ਸ਼ਾਂਤ-ਸੁਭਾਵੀ ਪ੍ਰਕ੍ਰਿਆ ਨੂੰ ਰਾਜਨੀਤਿਕ ਖੁਲ੍ਹਦਿਲੀ ਦਾ ਮਿੱਠਾ ਫ਼ਲ ਕਹਿ ਸਕਦੇ ਹਾਂ। ਸਵੈ-ਸ਼ਾਸਨ ਜਿਸ ਵਿਚ ਨੀਤੀ-ਘਾੜਕ

ਵਿਧਿ-ਵਿਧਾਨ ਅਤੇ ਸ੍ਵ-ਤੰਤ੍ਰ ਸੰਮਲਿਤ ਹੋਣ, ਇਨ੍ਹਾਂ ਸਬੰਧੀ ਪੂਰਨ ਸ੍ਵਰਾਜ ਪ੍ਰਾਪਤ ਹੋ ਜਾਣਾ ਹੀ ਭਾਰਤੀ ਵਿਰਾਸਤ-ਸੰਸਕ੍ਰਿਤੀ, ਇਤਿਹਾਸ-ਰਾਜਨੀਤੀ ਅਤੇ ਸਮਾਜ-ਜਾਗ੍ਰਿਤੀ ਦਾ ਸੈਂਕੜੇ ਸਾਲਾਂ ਦਾ ਸੁਪਨਾ ਸੀ ਜੋ 1947-52 ਵਿਚ ਪੂਰਾ ਹੋਇਆ। ਭਾਰਤ ਇਕ *'ਸਭੇ ਸਾਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਓ'* (ਸਰਵ-ਧਰਮ-ਸੰਭਾਵ) ਵਾਲੀ ਆਜ਼ਾਦੀ ਦਾ ਇੱਛਕ ਰਿਹਾ ਹੈ। ਗੁਰੂ-ਪੀਰਾਂ ਦੇ ਦੇਸ਼ ਦੀ ਇਸ ਧਰਤੀ ਉਪਰ ਪੰਜ-ਆਬਾਂ (ਪੰਜ-ਬਾਣੀਆਂ) ਦੀ ਧਰਤੀ ਨੇ 'ਸਪਤਸਿੰਧੂ' ਦੇ ਸਮੇਂ ਤੋਂ ਬਹੁਤ ਵੱਡਾ ਰੋਲ ਨਿਭਾਇਆ। ਇਸ ਰੋਲ ਦਾ ਸੁਨਹਿਰੀ ਕਾਲ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਹੁਣ ਤੱਕ ਦੇ ਇਤਿਹਾਸ-ਰਾਜਨੀਤਿਕ-ਸਮਾਜ-ਸਭਿਆਚਾਰਕ ਪ੍ਰਸੰਗ-ਪਾਸਾਰ ਦੌਰਾਨ ਆਪਣੇ ਸਿਖਰ ਉਪਰ ਪੁੱਜਾ ਹੈ। ਸੰਸਾਰ ਪੱਧਰ ਉੱਪਰ ਇਨਸਾਨ ਆਪਣੀ ਰਾਜਨੀਤਿਕ ਸੁਤੰਤਰਤਾ ਨੂੰ ਵੱਖੋ-ਵੱਖਰੇ ਪ੍ਰਸੰਗ ਭਾਵ ਸਮਾਜਵਾਦ, ਸਾਮਰਾਜਵਾਦ, ਲੋਕਤੰਤ੍ਰਵਾਦ, ਫ਼ੌਜੀ-ਰਾਜ, ਗੜਬੜੀ, ਖ਼ੂਨ-ਖਰਾਬਾ ਆਦਿ ਅਨੁਸਾਰ ਆਪਣੀ ਸਮੁੱਚੀ ਆਜ਼ਾਦੀ-ਗ਼ੁਲਾਮੀ-ਬਰਬਾਦੀ ਆਦਿ ਦਾ ਸ਼ਿਕਾਰ ਹੋ ਕੇ ਕਿਧਰੇ ਨਾ ਕਿਧਰੇ ਇਸ ਮਨ-ਮਰਜ਼ੀ ਜਾਂ ਮਜਬੂਰੀ ਨੂੰ ਆਪਣੀ ਸੁਤੰਤਰਤਾ ਵੀ ਦੱਸ ਰਿਹਾ ਹੈ, ਜਿਸ ਤਰ੍ਹਾਂ ਕਿ ਆਈ. ਐਸ. ਆਈ. ਜਿਹੀਆਂ ਹੋਰ ਜਹਾਦੀ ਜਥੇਬੰਦੀਆਂ ਸਿਆਸਤ ਨੂੰ ਗ਼ਲਤ ਰੰਗਤ ਦੇ ਕੇ ਮਨੁੱਖੀ ਕਤਲੇਆਮ ਨੂੰ ਆਪਣੀ ਸੁਤੰਤਰਤਾ ਮੰਨੀ ਬੈਠੀਆਂ ਹਨ।

# ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ ਮੈਂ **"ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਸਿਧਾਂਤ ਤੇ ਵਿਹਾਰ"** ਵਿਸ਼ੇ 'ਤੇ ਪੀਐਚ. ਡੀ. ਦੀ ਡਿਗਰੀ ਦੀ ਪੂਰਤੀ ਹਿੱਤ ਖੋਜ ਕਾਰਜ ਕੀਤਾ ਹੈ। ਇਹ ਮੌਲਿਕ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸਨੂੰ ਪਹਿਲਾਂ ਇਸ ਜਾਂ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਕਿਸੇ ਵੀ ਡਿਗਰੀ ਜਾਂ ਡਿਪਲੋਮਾ ਲਈ ਪੇਸ਼ ਨਹੀਂ ਕੀਤਾ ਗਿਆ।

**ਖੋਜਾਰਥੀ**

ਅਜੀਤਪਾਲ ਸਿੰਘ

ਅਜੀਤਪਾਲ ਸਿੰਘ

**ਪ੍ਰਤਿ ਹਸਤਾਖਰ**

ਡਾ. ਸੁਰਿੰਦਰ ਕੌਰ ਧਾਲੀਵਾਲ

ਡਾ. ਸੁਰਿੰਦਰ ਕੌਰ ਧਾਲੀਵਾਲ
ਐਸੋਸੀਏਟ ਪ੍ਰੋਫ਼ੈਸਰ
ਸਰਕਾਰੀ ਰਣਬੀਰ ਕਾਲਜ, ਸੰਗਰੂਰ।

# ਭੂਮਿਕਾ

ਖੋਜ-ਪ੍ਰਬੰਧ ਦੇ, ਵਿਚਾਰ ਅਧੀਨ, ਵਿਸ਼ੇ-ਵਸਤੂ ਬਾਰੇ ਸਵਿਸਥਾਰ ਰੂਪ ਵਿਚ ਘੋਖ-ਪੜਤਾਲਣ ਦਾ ਕਾਰਜ ਅਕਾਦਮਿਕ ਦ੍ਰਿਸ਼ਟੀ ਅਤੇ ਖੋਜ-ਮਾਧਿਅਮ ਦੀ ਗਿਆਨ-ਵਿਗਿਆਨਕ ਵਿਧੀ ਅਨੁਸਾਰ ਤੱਤ-ਤੱਥ ਦਾ ਨਿਰਣਾਇਕ ਸਮਾਧਾਨ ਪੇਸ਼ ਕਰ ਸਕਣਾ, ਅਜੋਕੇ ਚੇਤੰਨ ਖੋਜ-ਜਗਿਆਸਾ ਦਾ ਗਹਿਣਾ ਹੈ। ਅਕਾਦਮਿਕ ਤੌਰ ਉੱਪਰ ਸਾਡੇ ਵਿਦਿਅਕ ਸਤੱਰ ਦੇ, ਅਧਿਆਪਨ-ਅਧਿਐਨ ਵਾਲੇ, ਪਲੜੇ ਵਿਚ ਬਹੁਤ ਹੀ ਉੱਚਪਾਏ ਦੀ ਦੁਰਲੱਭ ਸਮੱਗਰੀ ਸੰਸਾਰ-ਚਿੰਤਨ ਨੂੰ ਦਿੱਤੀ ਜਾ ਰਹੀ ਹੈ। ਇਹੋ ਹੀ ਕਾਰਨ ਹੈ ਕਿ ਅਧਿਐਨ-ਅਧਿਆਪਨ-ਖੋਜ ਨੂੰ ਸਮਰਪਿਤ ਸਾਡੀ ਨੌਜਵਾਨ ਪੀੜ੍ਹੀ, ਅਤੇ ਸਾਡੀਆਂ ਵਿਦਿਅਕ ਸੰਸਥਾਵਾਂ, ਸਾਡੇ ਤੋਂ ਉਮੀਦ ਰੱਖਦੀਆਂ ਹਨ ਕਿ ਅਸੀਂ ਅਨਮੋਲ-ਅਨੁਪਮ ਅਤੇ ਨਵੇਕਲੀ (absolutely Unique) ਗਿਆਨ-ਸਮੱਗਰੀ ਨਾਲ ਆਪਣੇ ਭਵਿੱਖ ਦਾ ਗਿਆਨ-ਭੰਡਾਰ ਵੱਧ ਤੋਂ ਵੱਧ ਅਮੀਰ ਬਣਾਈਏ। ਸਾਡੀ ਖੋਜ ਦਾ ਵਿਸ਼ਾ ਸਮਾਜਿਕ ਜੀਵਨ ਦੇ ਅਹਿਮ ਪੱਖ ਭਾਵ 'ਸੁਤੰਤਰਤਾ' ਦੇ ਰਾਜਨੀਤਿਕ ਸੰਕਲਪ ਅਤੇ ਇਸ ਦੀ ਪ੍ਰਾਪਤੀ ਦੇ ਵਿਵਹਾਰਕ ਨਤੀਜਿਆਂ ਨਾਲ ਜੁੜਿਆ ਹੋਇਆ ਹੈ।

ਸੁਤੰਤਰਤਾ ਦਾ ਸੰਕਲਪ ਮਨੁੱਖੀ ਜੀਵਨ ਦਾ ਅਤਿ ਮਹੱਤਵਪੂਰਨ ਵਿਸ਼ਾ ਹੈ। ਸੁਤੰਤਰਤਾ ਤੋਂ ਬਿਨ੍ਹਾਂ ਮਨੁੱਖ ਦਾ ਸਰਵਪੱਖੀ ਵਿਕਾਸ ਅਸੰਭਵ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ 'ਉੱਤਮ ਵਿਕਾਸ' ਦਾ ਨਾਂ ਦਿੱਤਾ ਹੈ। ਫ਼ਰਾਂਸ ਦਾ ਵਿਚਾਰਕ ਜੀਨ ਜੈਕ ਰੂਸੋ ਲਿਖਦਾ ਹੈ *"Man is born free and he is everywhere in chains"* ਮਨੁੱਖ ਧਰਤੀ 'ਤੇ ਸੁਤੰਤਰ ਪੈਦਾ ਹੋਇਆ ਹੈ ਪਰ ਉਹ ਹਰ ਪਾਸੇ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ। ਇਹ ਗ਼ੁਲਾਮੀ ਦੀਆਂ ਜ਼ੰਜੀਰਾਂ ਹਨ। ਰੱਬ ਨੇ ਇਸ ਧਰਤੀ 'ਤੇ ਮਨੁੱਖ ਨੂੰ ਸੁਤੰਤਰ ਭੇਜਿਆ ਹੈ ਪਰ ਸਮਾਜ ਵਿਚ ਆ ਕੇ ਉਹ ਵੱਖ-ਵੱਖ ਤਰ੍ਹਾਂ ਦੇ ਬੰਧਨਾਂ ਵਿਚ ਫਸ ਕੇ ਗ਼ੁਲਾਮੀ ਦਾ ਜੀਵਨ ਜਿਊਂਣ ਲੱਗ ਪੈਂਦਾ ਹੈ। ਮਨੁੱਖ ਦੀਆਂ ਲਾਲਸਾਵਾਂ ਅਤੇ ਇਕ ਦੂਜੇ ਤੋਂ ਅੱਗੇ ਵਧਣ ਦੀ ਚਾਹ ਨੇ ਮਨੁੱਖੀ ਸੁਤੰਤਰਤਾ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਭਾਰੀ ਸੱਟ ਮਾਰੀ ਹੈ। ਭਾਰਤ ਵਿਚ ਮੱਧਕਾਲ 'ਚ ਗ਼ੁਲਾਮੀ ਦੀ ਪ੍ਰਥਾ ਨੇ ਮਨੁੱਖ 'ਤੇ ਇਸ ਕਦਰ ਘੇਰਾ ਪਾ ਲਿਆ ਸੀ ਕਿ ਉਹ ਅਧਿਆਤਮਕ, ਸਮਾਜਿਕ ਤੇ ਰਾਜਸੀ ਹਰ ਖੇਤਰ ਵਿਚ ਗ਼ੁਲਾਮ ਹੋ ਗਿਆ ਸੀ। ਇਹ ਦਸ਼ਾ ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਵੀ ਪੂਰੀ ਤਰਾਂ ਪ੍ਰਚੱਲਿਤ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਉਸ ਸਮੇਂ ਦੀ ਰਾਜਸੀ ਸਥਿਤੀ, ਸਮਾਨਤਾ ਅਤੇ ਸੁਤੰਤਰਤਾ ਦਾ ਸੰਕਲਪ ਵੀ ਸਾਹਮਣੇ ਆਇਆ ਹੈ। ਮਨੁੱਖੀ ਕਦਰਾਂ-ਕੀਮਤਾਂ ਅਤੇ ਅਧਿਕਾਰਾਂ ਦੀ ਬਹਾਲੀ ਲਈ ਗੁਰੂ ਨਾਨਕ ਦੇਵ ਜੀ ਨੇ ਜੋ ਬੀੜਾ ਚੁੱਕਿਆ, ਉਹ ਸੁਤੰਤਰਤਾ ਦੀ ਪ੍ਰਾਪਤੀ ਲਈ ਇਕ ਇਨਕਲਾਬੀ

ਲਹਿਰ ਦਾ ਰੂਪ ਧਾਰਨ ਕਰ ਗਿਆ। ਲੋਕ ਕਲਿਆਣ ਦੀ ਜੋ ਲਹਿਰ ਪਦਾਰਥਕ ਨੀਂਹਾਂ 'ਤੇ ਪੱਛਮ ਵਿਚ ਉਸਾਰੀ ਗਈ ਗੁਰੂ ਨਾਨਕ ਦੇਵ ਜੀ ਨੇ ਉਸਨੂੰ ਪਦਾਰਥਕ ਅਤੇ ਅਧਿਆਤਮਿਕ ਕੀਮਤਾਂ ਦਾ ਸੁਮੇਲ ਕਰਕੇ ਮਨੁੱਖੀ ਸੁਤੰਤਰਤਾ ਦਾ ਸੰਕਲਪ ਦਿੱਤਾ। ਉਸ ਸਮੇਂ ਦੇ ਮੁਗ਼ਲ ਰਾਜਿਆਂ ਵੱਲੋਂ 'ਜਹਾਦ' ਦੇ ਨਾਂ 'ਤੇ ਆਪਣੇ ਰਾਜਾਂ ਦੀਆਂ ਹੱਦਾਂ ਵਧਾਉਣ ਹਿਤ ਹਿੰਦੂਆਂ ਦੀ ਲੁੱਟਮਾਰ ਕਰਕੇ ਹਰ ਖੇਤਰ ਵਿਚ ਸੁਤੰਤਰਤਾ ਖੋਹ ਲਈ। ਹਿੰਦੁਸਤਾਨੀਆਂ ਨੂੰ ਜਾਗਰੂਕ ਕਰਨ ਵਾਲੀ ਬ੍ਰਾਹਮਣ ਸ਼੍ਰੇਣੀ ਨੇ ਜਾਤਪਾਤ ਤੇ ਉਚ-ਨੀਚ ਦਾ ਤਾਣਾ ਪਾ ਕੇ ਵੱਖਰੀ ਕਿਸਮ ਦੀ ਗ਼ੁਲਾਮੀ ਦਾ ਨਮੂਨਾ ਘੜ ਲਿਆ ਸੀ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਮਨੁੱਖ ਦੀ ਅਣਖ ਨੂੰ ਟੁੰਬਿਆ, ਸਦੀਆਂ ਤੋਂ ਸੁੱਤੀ ਗ਼ੈਰਤ ਨੂੰ ਪੁਨਰ ਸੁਰਜੀਤ ਕਰਨ ਲਈ ਮਨੁੱਖ ਵਿਚ ਭਰਮ ਦੂਰ ਕਰਕੇ ਮੌਤ ਦਾ ਖ਼ੌਫ਼ ਖ਼ਤਮ ਕੀਤਾ। ਇਸ ਕਾਰਜ ਨੂੰ ਗੁਰੂ ਪਰੰਪਰਾ ਨੇ ਸੰਪੂਰਨ ਕਰਨ ਵਿਚ ਪੂਰਾ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਨੇ 1699 ਈ. ਵਿਚ ਖ਼ਾਲਸੇ ਦੀ ਸਾਜਣਾ ਕਰਕੇ ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਵਿਹਾਰਕਤਾ ਪ੍ਰਦਾਨ ਕੀਤੀ।

ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਤੇ ਜੀਵਨ ਮਨੋਰਥ ਮਨੁੱਖ ਦੀ ਸੁਤੰਤਰ ਹੋਂਦ ਨੂੰ ਕਾਇਮ ਕਰਨਾ ਸੀ ਭਾਵੇਂ ਕਿ ਉਹ ਕਿਸੇ ਵੀ ਖੇਤਰ ਵਿਚ ਹੋਵੇ ਅਤੇ ਉਸ ਦੀ ਪ੍ਰਾਪਤੀ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ? ਸੁਤੰਤਰਤਾ ਦੀ ਪੂਰਨ ਪ੍ਰਾਪਤੀ ਲਈ ਸੁਤੰਤਰ ਖ਼ਾਲਸਾ ਰਾਜ ਦਾ ਸੰਕਲਪ ਦਿੱਤਾ ਗਿਆ। ਖ਼ਾਲਸਾ ਰਾਜ ਉਹ ਰਾਜ ਹੈ ਜਿੱਥੇ ਹਰ ਇਕ ਵਿਅਕਤੀ ਮਾਨਵ ਹਿਤ ਲਈ ਵਿਚਰਦਾ ਹੋਇਆ, 'ਸਰਬੱਤ ਦੇ ਭਲੇ' ਅਤੇ ਸੁਤੰਤਰਤਾ ਦੀ ਕਾਮਨਾ ਕਰਦਾ ਹੈ। ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ 'ਸਰਬੱਤ ਦੇ ਭਲੇ ਦੇ ਸੰਕਲਪ' ਰਾਹੀਂ ਹਰ ਵਰਗ ਅਤੇ ਹਰ ਖੇਤਰ ਵਿਚ ਸੁਤੰਤਰਤਾ ਦੀ ਗੱਲ ਕੀਤੀ ਗਈ। ਗੁਰੂ ਸਾਹਿਬਾਨ ਤੋਂ ਬਾਅਦ ਸੁਤੰਤਰਤਾ ਦੀ ਪ੍ਰਾਪਤੀ ਲਈ 1799 ਤੱਕ ਸਿੱਖ ਸਿਧਾਂਤਾਂ 'ਤੇ ਪਹਿਰਾ ਦਿੱਤਾ ਜਾਂਦਾ ਰਿਹਾ। 19ਵੀਂ ਸਦੀ ਤੱਕ ਸੁਤੰਤਰਤਾ ਸੰਗਰਾਮੀ ਅਕਾਲੀਆਂ ਵਿਚ ਨੈਤਿਕ-ਕਦਰਾਂ ਕੀਮਤਾਂ ਬਰਕਰਾਰ ਰਹੀਆਂ। ਇਸ ਖੋਜ ਕਾਰਜ ਦਾ ਮੁੱਖ ਆਧਾਰ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਪ੍ਰਾਚੀਨ ਪੰਥ ਪ੍ਰਕਾਸ਼, ਤਵਾਰੀਖ਼ ਗੁਰੂ ਖ਼ਾਲਸਾ ਆਦਿ ਵੱਖ-ਵੱਖ ਭਾਸ਼ਾਵਾਂ ਦੀਆਂ ਰਾਜਨੀਤਿਕ ਅਤੇ ਇਤਿਹਾਸਕ ਪੁਸਤਕਾਂ ਵੀ ਹਨ।

ਸਿੱਖ ਧਰਮ ਨਾਲ ਸਬੰਧਿਤ ਰਾਜਨੀਤੀ ਦਾ ਵਿਦਿਆਰਥੀ ਹੋਣ ਕਰਕੇ ਮੇਰੇ ਮਨ ਵਿਚ ਜਗਿਆਸਾ ਸੀ ਕਿ ਮੈਂ ਸਿੱਖ ਰਾਜਨੀਤੀ ਵਿਚ ਸੁਤੰਤਰਤਾ ਦੇ ਅਹਿਮ ਪੱਖ ਨੂੰ ਪਾਠਕਾਂ ਸਾਹਮਣੇ ਪੇਸ਼ ਕਰਾਂ। ਗੁਰੂ ਸਾਹਿਬਾਨ ਦੀ ਵਿਚਾਰਧਾਰਾ, ਸਿੱਖ ਸਿਧਾਂਤ ਅਤੇ ਇਸ ਦੀ ਵਿਹਾਰਕਤਾ ਦਾ ਆਧਾਰ ਮਨੁੱਖ ਦੀ ਸੁਤੰਤਰ ਹੋਂਦ ਨੂੰ ਕਾਇਮ ਕਰਨਾ ਹੀ ਸੀ। ਇਸ ਕਾਰਜ ਦੀ ਪੂਰਤੀ ਲਈ ਪੱਛਮੀ ਅਤੇ ਭਾਰਤੀ ਵਿਦਵਾਨਾਂ ਦੇ ਸੰਕਲਪਾਂ ਰਾਹੀਂ ਤੁਲਨਾਤਮਿਕ ਅਧਿਐਨ ਦੁਆਰਾ ਸਿੱਖਮਤ ਦੀ ਵਿਲੱਖਣਤਾ ਨੂੰ ਸਪਸ਼ਟ ਕੀਤਾ ਹੈ ਭਾਵੇਂ ਕਿ

ਮਨੁੱਖੀ ਸੁਤੰਤਰਤਾ ਦਾ ਸੰਕਲਪ ਪੱਛਮੀ ਅਤੇ ਭਾਰਤੀ ਵਿਚਾਰਧਾਰਾ ਵਿਚ ਮੁੱਢ ਤੋਂ ਹੀ ਮੌਜੂਦ ਸੀ ਪਰ ਇਸ ਸਿਧਾਂਤ ਵਿਚ ਕੁਝ ਊਣਤਾਈਆਂ ਅਤੇ ਵਿਹਾਰਕਤਾ ਦੀ ਘਾਟ ਮਹਿਸੂਸ ਹੁੰਦੀ ਹੈ। ਇਸੇ ਕਾਰਨ ਹੀ ਹਿੰਦੁਸਤਾਨ ਵਿਚ ਹਰੇਕ ਪੱਧਰ 'ਤੇ ਗ਼ੁਲਾਮੀ ਦਾ ਪਸਾਰ ਹੋਇਆ। ਇਨ੍ਹਾਂ ਸਭ ਤੱਥਾਂ ਦੀ ਘੋਖ ਕਰਕੇ ਸੁਤੰਤਰਤਾ ਦੇ ਸਿੱਖਮਤ ਰਾਹੀਂ ਸੰਕਲਪ ਨੂੰ ਸਪਸ਼ਟ ਕੀਤਾ ਗਿਆ ਹੈ। ਸਿੱਖ ਧਰਮ ਗ੍ਰੰਥਾਂ, ਰਾਜਨੀਤਿਕ ਅਤੇ ਇਤਿਹਾਸਕ ਪੁਸਤਕਾਂ ਵਿਚੋਂ ਸੁਤੰਤਰਤਾ ਨਾਲ ਸਬੰਧਤ ਤੱਥਾਂ ਨੂੰ ਉਜਾਗਰ ਕਰਨਾ, ਅਤੇ ਅਜੋਕੀ ਸਿੱਖ ਲੀਡਰਸ਼ਿਪ ਦਾ ਧਿਆਨ ਗੁਰਮਤਿ ਦੇ ਸਿਧਾਂਤ ਵੱਲ ਕੇਂਦਰਿਤ ਕਰਨਾ ਵੀ ਇਸਦੇ ਉਦੇਸ਼ ਵਿਚ ਸ਼ਾਮਲ ਹੈ।

ਸਿੱਖ ਰਾਜਨੀਤੀ ਅਤੇ ਇਤਿਹਾਸ ਨੂੰ ਅਨੇਕਾਂ ਵਿਦਵਾਨਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਅਤੇ ਪਹੁੰਚਾਂ ਦੁਆਰਾ ਖੋਜ ਅਤੇ ਅਧਿਐਨ ਦਾ ਵਿਸ਼ਾ ਬਣਾਇਆ ਹੈ ਪਰ ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਵੱਖਰੇ-ਵੱਖਰੇ ਪੱਖਾਂ ਨੂੰ ਜਾਣਨ ਸਬੰਧੀ ਅਧਿਐਨ ਦਾ ਅਭਾਵ ਹੈ। ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਸਿਧਾਂਤ ਅਤੇ ਵਿਹਾਰਕ ਪੱਖ ਨਾਲ ਸਬੰਧਿਤ ਅਜੇ ਤੱਕ ਕੋਈ ਯੋਗ ਖੋਜ ਪ੍ਰਬੰਧ ਸਾਹਮਣੇ ਨਹੀਂ ਆਉਂਦਾ। ਖੋਜ ਕਾਰਜ ਨਿਰੋਲ ਹੈ। ਇਸ ਵਿਚ ਅਜਿਹਾ ਹਵਾਲਾ ਨਹੀਂ ਦਿੱਤਾ ਗਿਆ ਜਿਸ ਤੋਂ ਪਾਖੰਡ ਅਤੇ ਕਰਾਮਾਤ ਦੀ ਗੱਲ ਸਾਬਤ ਹੁੰਦੀ ਹੋਵੇ। ਗੁਰੂ ਸਾਹਿਬਾਨ ਦੀ ਭਾਵਨਾ ਅਤੇ ਸਿਰੜ ਦਾ ਜ਼ਿਕਰ ਕੀਤਾ ਗਿਆ ਹੈ ਜੋ ਉਨ੍ਹਾਂ ਮਨੁੱਖਤਾ, ਦੇਸ਼ ਦੀ ਭਲਾਈ ਅਤੇ ਸੁਤੰਤਰਤਾ ਲਈ ਅਪਣਾਇਆ। ਪ੍ਰਾਚੀਨ ਅਤੇ ਮੱਧਕਾਲੀਨ ਭਾਰਤੀ ਗ੍ਰੰਥਾਂ ਅਤੇ ਇਤਿਹਾਸਕ ਪੁਸਤਕਾਂ ਵਿਚ ਸੁਤੰਤਰਤਾ ਸ਼ਬਦ ਉਪਲਬਧ ਨਹੀਂ ਹੈ। ਪ੍ਰਾਚੀਨ ਪੁਸਤਕਾਂ ਵਿਚ ਇਸਦੇ ਸਮਾਨਅਰਥਕ ਸ਼ਬਦ ਮੁਕਤੀ, ਬੰਧਨ ਰਹਿਤ, ਬੰਦ-ਖ਼ਲਾਸੀ ਅਤੇ ਆਜ਼ਾਦੀ ਮਿਲਦੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਭਾਰਤ ਵਿਚ ਸੁਤੰਤਰਤਾ ਤੇ ਆਜ਼ਾਦੀ ਲਈ (freedom) ਸ਼ਬਦ ਹੀ ਜ਼ਿਆਦਾ ਉਪਯੋਗੀ ਸਾਬਤ ਹੋਇਆ ਹੈ। ਇਸ ਖੋਜ-ਪ੍ਰਬੰਧ ਨੂੰ ਨਿਮਨ ਲਿਖਤ ਅਧਿਆਵਾਂ ਵਿਚ ਵੰਡਿਆ ਹੈ:

ਪ੍ਰਥਮ ਅਧਿਆਇ 'ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਅਰਥ, ਸਰੂਪ ਅਤੇ ਸਰਵੇਖਣ' ਸਿਰਲੇਖ ਅਧੀਨ ਰੱਖਿਆ ਹੈ ਜਿਸਦੇ ਅੰਤਰਗਤ ਵਿਭਿੰਨ ਦ੍ਰਿਸ਼ਟੀਕੋਣ ਤੋਂ ਸੁਤੰਤਰਤਾ ਦਾ ਅਧਿਐਨ ਕੀਤਾ ਹੈ। ਇਸ ਵਿਚ ਪੱਛਮੀ, ਭਾਰਤੀ ਅਤੇ ਇਸਲਾਮਿਕ ਵਿਚਾਰਧਾਰਾ ਦੇ ਅੰਤਰਗਤ ਵੱਖੋ-ਵੱਖਰੇ ਧਰਮਾਂ ਦੀ ਰਾਜਸੀ ਫ਼ਿਲਾਸਫ਼ੀ ਅਨੁਸਾਰ ਸੁਤੰਤਰਤਾ ਦੀ ਵਿਆਖਿਆ ਕੀਤੀ ਹੈ। ਇਸ ਵਿਚ ਸੁਤੰਤਰਤਾ ਦਾ ਅਰਥ, ਸਰੂਪ ਅਤੇ ਵਿਕਾਸ ਦੀ ਗੱਲ ਕਰਦਿਆਂ ਪੱਛਮੀ ਅਤੇ ਭਾਰਤੀ ਧਾਰਨਾਵਾਂ 'ਤੇ ਆਧਾਰਿਤ ਸਿੱਟਿਆਂ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਨੂੰ ਚਾਰ ਉਪ ਭਾਗਾਂ ਵਿਚ ਵੰਡਿਆ ਹੈ। ਪੱਛਮੀ ਦ੍ਰਿਸ਼ਟੀਕੋਣ, ਇਸਲਾਮਿਕ ਦ੍ਰਿਸ਼ਟੀਕੋਣ, ਹਿੰਦੂ ਅਤੇ ਸਿੱਖ ਦ੍ਰਿਸ਼ਟੀਕੋਣ ਵਿਚ ਸੁਤੰਤਰਤਾ ਨਾਲ ਜੁੜੇ

ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਿੱਖ ਧਰਮ ਵਿਚ ਹੋਰਨਾਂ ਦੇ ਮੁਕਾਬਲੇ ਸੁਤੰਤਰਤਾ ਦਾ ਸਿਧਾਂਤ ਜ਼ਿਆਦਾ ਵਿਆਪਕ ਹੈ।

'ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਆਰੰਭ ਅਤੇ ਵਿਕਾਸ' ਨਾਮਕ ਦੂਜੇ ਅਧਿਆਇ ਵਿਚ ਗੁਰੂ ਸਾਹਿਬਾਨ ਸਮੇਂ ਦੀ ਰਾਜਸੀ ਸਥਿਤੀ ਅਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ, ਸਿਧਾਂਤ ਅਤੇ ਅਮਲੀ ਜੀਵਨ ਦੇ ਵੱਖੋ-ਵੱਖਰੇ ਪੱਖਾਂ 'ਤੇ ਚਾਨਣਾ ਪਾਉਂਦੇ ਹੋਏ ਸਿੱਖਮਤ ਵਿਚ ਸੁਤੰਤਰਤਾ ਦੇ ਆਰੰਭ ਅਤੇ ਵਿਕਾਸ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਗੁਰਮਤਿ ਵਿਚਾਰਧਾਰਾ ਵਿਚ ਸੁਤੰਤਰਤਾ ਦੇ ਪੱਖ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚਾਰਧਾਰਾ ਅਤੇ ਸਿਧਾਂਤ ਦੁਆਰਾ ਸਿੱਖ ਨੂੰ ਜਨ ਕਲਿਆਣ ਅਤੇ ਮਨੁੱਖੀ ਹੱਕਾਂ ਲਈ ਸੰਘਰਸ਼ਸ਼ੀਲ ਅਤੇ ਸੁਤੰਤਰਤਾ ਹਿਤ ਪੇਸ਼ ਕੀਤਾ ਗਿਆ ਹੈ। ਇਸ ਵਿਚ ਗੁਰੂ ਸਾਹਿਬਾਨ ਦੁਆਰਾ ਸੁਤੰਤਰਤਾ ਦੀ ਪ੍ਰਾਪਤੀ ਲਈ ਪਾਏ ਮਹੱਤਵਪੂਰਨ ਯੋਗਦਾਨ ਨੂੰ ਵਿਸਥਾਰ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦਾ ਮਨੋਰਥ ਮਨੁੱਖ ਦੀ ਸੁਤੰਤਰ ਹੋਂਦ ਨੂੰ ਕਾਇਮ ਰੱਖਣਾ ਸੀ।

ਤੀਸਰੇ ਅਧਿਆਇ 'ਸੁਤੰਤਰ ਸਿੱਖ ਰਾਜ ਲਈ ਜੱਦੋਜਹਿਦ ਅਤੇ ਸਥਾਪਤੀ' ਵਿਚ ਸ਼ਖ਼ਸੀ ਗੁਰੂ ਦੀ ਹੋਂਦ ਸਮਾਪਤ ਹੋਣ ਤੋਂ ਬਾਅਦ ਖ਼ਾਲਸੇ ਵੱਲੋਂ ਗੁਰੂ ਸਿਧਾਂਤ ਦੀ ਵਿਹਾਰਕਤਾ ਨੂੰ ਪ੍ਰਗਟਾਇਆ ਗਿਆ ਹੈ। ਗੁਰੂ ਸਾਹਿਬਾਨ ਨੇ ਜੋ ਸਿਧਾਂਤ ਦਿੱਤੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਿੱਖਾਂ ਵੱਲੋਂ ਸੁਤੰਤਰ ਰਾਜ ਦੀ ਪ੍ਰਾਪਤੀ ਲਈ ਦਿੱਤੀਆਂ ਕੁਰਬਾਨੀਆਂ ਦਾ ਵਰਣਨ ਕੀਤਾ ਗਿਆ ਹੈ। ਜਿਸ ਵਿਚ ਸ਼ਹਾਦਤ ਦੇ ਸੰਕਲਪ, ਨੈਤਿਕਤਾ, ਸਵੱਛ ਆਚਰਨ, ਰਾਖੀ ਪ੍ਰਬੰਧ, ਸਿਰੜ ਦੀ ਅਡੋਲਤਾ ਅਤੇ ਧਾਰਮਿਕ ਸੁਤੰਤਰਤਾ ਦੀ ਝਲਕ ਸਪਸ਼ਟ ਦਿਖਾਈ ਦਿੰਦਾ ਹੈ। ਸਿੱਖ ਮਿਸਲਾਂ ਦੀ ਜੱਦੋਜਹਿਦ, ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਸਿਧਾਂਤ ਅਤੇ ਸੁਤੰਤਰਤਾ ਦਾ ਜ਼ਿਕਰ ਵੀ ਕੀਤਾ ਗਿਆ ਹੈ। ਜਦੋਂ ਵੀ ਰਾਜ ਨੈਤਿਕ ਕਦਰਾਂ-ਕੀਮਤਾਂ ਤੋਂ ਡਿੱਗਿਆ ਤਾਂ ਉਸ ਰਾਜ ਦੇ ਨਾਇਕ ਆਪਣੀ ਸੁਤੰਤਰਤਾ ਗੁਆ ਕੇ ਮੁੜ ਗ਼ੁਲਾਮੀ ਦੇ ਜੂਲ਼ੇ ਵਿਚ ਜਾ ਫਸੇ। ਸਿਧਾਂਤ ਦੀ ਵਿਹਾਰਕਤਾ ਨੂੰ ਸਪਸ਼ਟ ਕਰਨ ਲਈ ਇਸ ਵਿਚ ਇਤਿਹਾਸਕ ਲਿਖਤਾਂ ਨੂੰ ਵੀ ਆਧਾਰ ਬਣਾਇਆ ਗਿਆ ਹੈ। ਸਿੱਖਾਂ ਦਾ ਇਹ ਸੰਘਰਸ਼ ਸਰਵਪੱਖੀ ਕਲਿਆਣ ਅਤੇ ਸੁਤੰਤਰਤਾ ਦੇ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੀ। ਉਕਤ ਅਧਿਆਵਾਂ ਵਿਚ ਅਸੀਂ ਵੱਖ-ਵੱਖ ਵਿਦਵਾਨਾਂ ਦੀਆਂ ਦਲੀਲਾਂ ਨਾਲ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਸੰਘਰਸ਼ ਸੁਤੰਤਰਤਾ ਲਈ ਸੀ।

ਚੌਥੇ ਅਧਿਆਇ 'ਅੰਗਰੇਜ਼ ਸਾਮਰਾਜ ਅਤੇ ਸਿੱਖ ਰਾਜਨੀਤੀ' ਵਿੱਚ ਅੰਗਰੇਜ਼ ਸਾਮਰਾਜ ਦੀ ਲੁੱਟ-ਖਸੁੱਟ ਅਤੇ ਗੁਰਦੁਆਰਿਆਂ ਵਿਚ ਕੀਤੀ ਗਈ ਦਖ਼ਲ-ਅੰਦਾਜ਼ੀ ਨੂੰ ਦੱਸਿਆ ਗਿਆ ਹੈ ਜੋ ਸੁਤੰਤਰਤਾ ਲਈ ਜੱਦੋਜਹਿਦ ਦਾ ਆਧਾਰ ਬਣਿਆ। ਅਕਾਲੀ ਲਹਿਰਾਂ ਦੇ ਰੂਪ ਵਿਚ ਸਿੱਖਾਂ ਨੇ ਇਸ ਸੰਘਰਸ਼ ਵਿਚ ਵੀ ਸ਼ਾਂਤਮਈ ਅੰਦੋਲਨ ਅਤੇ ਬੱਬਰ ਅਕਾਲੀ ਲਹਿਰ ਵਿਚ ਹਥਿਆਰਬੰਦ ਸੰਘਰਸ਼ ਰਾਹੀਂ ਮੀਰੀ-ਪੀਰੀ ਦਾ

ਪ੍ਰਗਟਾਵਾ ਕੀਤਾ ਅਤੇ ਅੰਗਰੇਜ਼ ਸਾਮਰਾਜ ਨੂੰ ਹਿਲਾਇਆ। ਇਸ ਵਿਚ ਅਕਾਲੀ ਦਲ ਦੇ ਰਾਜ ਸਿਧਾਂਤ ਦਾ ਜ਼ਿਕਰ ਕੀਤਾ ਗਿਆ ਹੈ। ਇਸਨੂੰ ਭਿੰਨ-ਭਿੰਨ ਭਾਗਾਂ ਵਿਚ ਵੰਡ ਕੇ ਵੱਖ-ਵੱਖ ਲਹਿਰਾਂ ਦਾ ਵਿਸਥਾਰ ਪੂਰਵਕ ਅਧਿਐਨ ਕੀਤਾ ਹੈ।

ਖੋਜ ਕਾਰਜ ਦੇ ਅੰਤਿਮ ਅਧਿਆਇ 'ਦੇਸ਼ ਦੀ ਸੁਤੰਤਰਤਾ, ਵੰਡ ਅਤੇ ਸਿੱਖ ਹਿਤ' ਹੈ। ਇਸ ਵਿਚ ਦੇਸ਼ ਦੀ ਵੰਡ ਸਮੇਂ ਸਿੱਖਾਂ ਦੀ ਸਥਿਤੀ ਅਤੇ ਵੱਖਰੇ ਰਾਜ ਦੀ ਮੰਗ ਨਾਲ ਜੁੜੇ ਪਹਿਲੂਆਂ ਦਾ ਵਰਣਨ ਕੀਤਾ ਗਿਆ ਹੈ। ਦੇਸ਼ ਦੀ ਸੁਤੰਤਰਤਾ ਅਤੇ ਵੰਡ ਸਮੇਂ ਸਿੱਖਾਂ ਦੁਆਰਾ ਭੋਗੇ ਗਏ ਸੰਤਾਪ ਅਤੇ ਕੁਰਬਾਨੀਆਂ ਨੂੰ ਦਰਸਾਇਆ ਗਿਆ ਹੈ। ਸਿੱਖਾਂ ਨੇ ਸੁਤੰਤਰਤਾ ਲਈ ਆਪਣੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਵੱਧ ਕੁਰਬਾਨੀਆਂ ਕੀਤੀਆਂ ਹਨ।

ਅੰਤ ਵਿਚ ਨਿਸ਼ਕਰਸ਼ ਦੇ ਅੰਤਰਗਤ ਇਸ ਵਿਸ਼ੇ ਦੇ ਸਮੁੱਚੇ ਖੋਜ ਕਾਰਜ ਤੋਂ ਉਪਲਬਧ ਸਿੱਟਿਆਂ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਖੋਜ ਕਾਰਜ ਵਿਚ ਸਿੱਖ ਰਾਜਨੀਤਿਕ ਵਿਚਾਰਧਾਰਾ 'ਚ ਸੁਤੰਤਰਤਾ ਸਬੰਧੀ ਅਨੇਕ ਪੱਖਾਂ ਨੂੰ ਪ੍ਰਗਟ ਕੀਤਾ ਗਿਆ ਹੈ। ਸ਼ੁਕਰ ਹੈ ਪਰਮ ਪੁਰਖ ਵਾਹਿਗੁਰੂ ਜੀ ਦਾ ਜਿਸਦੀ ਮਿਹਰ ਸਦਕਾ ਖੋਜ ਕਾਰਜ ਸੰਪੂਰਨ ਹੋਇਆ ਹੈ। ਮੈਂ ਆਪਣੀ ਨਿਗਰਾਨ ਡਾ. ਸੁਰਿੰਦਰ ਕੌਰ ਧਾਲੀਵਾਲ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀ ਸੁਯੋਗ ਅਗਵਾਈ ਸਦਕਾ ਹੀ ਮੈਂ ਇਸ ਖੋਜ ਕਾਰਜ ਨੂੰ ਪੂਰਾ ਕਰਨ ਵਿਚ ਸਫ਼ਲ ਹੋ ਸਕਿਆਂ ਹਾਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਸੈਂਟਰਲ ਲਾਇਬਰੇਰੀ ਪਟਿਆਲਾ, ਆਰਕਾਈਵਜ਼ ਵਿਭਾਗ ਪਟਿਆਲਾ, ਸਿੱਖ ਇਤਿਹਾਸ ਰਿਸਰਚ ਬੋਰਡ (ਐਸ. ਜੀ. ਪੀ. ਸੀ.) ਅੰਮ੍ਰਿਤਸਰ, ਖਾਲਸਾ ਕਾਲਜ ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਦੇ ਲਾਇਬਰੇਰੀ ਦੇ ਇੰਚਾਰਜਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਪੁਸਤਕਾਂ ਦੇ ਸਬੰਧ ਵਿਚ ਮੇਰੀ ਸੁਯੋਗ ਮਦਦ ਕੀਤੀ। ਅੰਤ ਵਿਚ ਸਮੂਹ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਮੈਨੂੰ ਉਤਸ਼ਾਹ ਦਿੱਤਾ। ਇਨ੍ਹਾਂ ਸਤਰਾਂ ਨਾਲ ਮੈਂ ਇਹ ਖੋਜ ਕਾਰਜ ਪੇਸ਼ ਕਰਦਾ ਹਾਂ।

ਅਜੀਤਪਾਲ ਸਿੰਘ

*ਅਜੀਤਪਾਲ ਸਿੰਘ*

# ਤਤਕਰਾ


| ਅਧਿਆਇ | ਪੰਨਾ ਨੰ. |
|---|---|
| **ਭੂਮਿਕਾ** | i–v |
| **ਅਧਿਆਇ–ਪਹਿਲਾ** | 1–48 |
| ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ ਦਾ ਅਰਥ, ਸਰੂਪ ਅਤੇ ਸਰਵੇਖਣ | |
| **ਅਧਿਆਇ–ਦੂਜਾ** | 49–136 |
| ਸਿੱਖ ਰਾਜਨੀਤਿਕ ਵਿਚਾਰਧਾਰਾ ਵਿਚ ਸੁਤੰਤਰਤਾ: ਆਰੰਭ ਅਤੇ ਵਿਕਾਸ | |
| **ਅਧਿਆਇ–ਤੀਜਾ** | 137–210 |
| ਸੁਤੰਤਰ ਸਿੱਖ ਰਾਜ ਲਈ ਜੱਦੋਜਹਿਦ ਅਤੇ ਸਥਾਪਤੀ | |
| **ਅਧਿਆਇ–ਚੌਥਾ** | 211–282 |
| ਅੰਗਰੇਜ਼ ਸਾਮਰਾਜ ਅਤੇ ਸਿੱਖ ਰਾਜਨੀਤੀ | |
| **ਅਧਿਆਇ–ਪੰਜਵਾਂ** | 283–306 |
| ਦੇਸ਼ ਦੀ ਸੁਤੰਤਰਤਾ, ਵੰਡ ਅਤੇ ਸਿੱਖ ਹਿੱਤ | |
| **ਨਿਸ਼ਕਰਸ਼** | 307–313 |
| **ਪੁਸਤਕ–ਸੂਚੀ** | 314–329 |

# ਪੁਸਤਕ ਸੂਚੀ

## ਮੂਲ ਸਰੋਤ


ਅਮਰ ਸਿੰਘ ਚਾਕਰ (ਸੰਪਾਦਕ), *ਵਾਰਾਂ ਭਾਈ ਗੁਰਦਾਸ ਜੀ ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ੍ਰੀ ਅੰਮ੍ਰਿਤਸਰ, 2005,

ਸ਼ਾਹ ਮੁਹੰਮਦ, *ਜੰਗਨਾਮਾ ਹਿੰਦ-ਪੰਜਾਬ,* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2005

ਸ੍ਰੀ ਗੁਰੂ ਅਰਜਨ ਦੇਵ ਜੀ (ਸੰਪਾਦਕ), *ਸ੍ਰੀ ਗੁਰੂ ਗ੍ਰੰਥ ਸਾਹਿਬ ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, 2002

ਸੂਰੀ, ਸੋਹਨ ਲਾਲ , *ਉਮਦਾਤ-ਉਤ-ਤਵਾਰੀਖ (ਪੰਜਾਬੀ ਤਰਜਮਾ ),* ਦਫ਼ਤਰ ਦੂਜਾ , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1985

ਸੱਯਦ ਅਬੁਲ ਆਲਾ ਮੌਦੂਦੀ (ਸੰਪਾਦਕ), *ਕੁਰਆਨ ਮਜ਼ੀਦ,* ਰਮਜਾਨ ਸਈਦ (ਅਨੁਵਾਦਕ), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 2013

ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਸੂਰਜ ਪ੍ਰਕਾਸ਼ ਗ੍ਰੰਥ ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ੍ਰੀ ਅੰਮ੍ਰਿਤਸਰ, 2010, (14 ਜਿਲਦਾਂ)

ਕਨ੍ਹੱਈਆ ਲਾਲ, *ਤਾਰੀਖ-ਇ-ਪੰਜਾਬ,* ਜੀਤ ਸਿੰਘ ਸ਼ੀਤਲ (ਡਾ.)(ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968

ਕਵੀ ਸੋਹਨ ਸਿੰਘ, *ਗੁਰ ਬਿਲਾਸ ਪਾਤਸ਼ਾਹੀ-6,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਕਵੀ ਸੈਨਾਪਤਿ , *ਸ੍ਰੀ ਗੁਰੂ ਸੋਭਾ* (ਸਮਸ਼ੇਰ ਸਿੰਘ ਅਸ਼ੋਕ (ਸੰਪਾਦਕ), ਸਿੱਖ ਇਤਿਹਾਸ ਰਿਸਰਚ ਬੋਰਡ(ਐਸ. ਜੀ. ਪੀ. ਸੀ.), ਅੰਮ੍ਰਿਤਸਰ, 1967

ਕਵੀ ਸੋਹਨ ਜੀ , *ਸ੍ਰੀ ਗੁਰੂ ਬਿਲਾਸ ਪਾਤਸ਼ਾਹੀ -6,* ਗਿਆਨੀ ਇੰਦਰ ਸਿੰਘ ਗਿੱਲ (ਸੰਪਾਦਕ), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1968

ਕੁਇਰ ਸਿੰਘ , *ਗੁਰਬਿਲਾਸ ਪਾਤਸ਼ਾਹੀ -10,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), ਪੰਜਾਬੀ ਯੂਨੀਵਰਸਿਟੀ , ਪਟਿਆਲਾ, 1968

ਕੌਟਲਿਆ, *ਅਰਥਸ਼ਾਸਤਰ,* ਵਾਚਸਪਤਿ ਗ਼ੈਰੋਲਾ(ਵਿਆਖਿਆਕਾਰ), ਚੋਖੰਬਾ ਵਿੱਦਿਆ ਭਵਨ, ਵਾਰਾਣਸੀ, 1962

ਕੌਟਲਿਆ, *ਅਰਥਸ਼ਾਸ਼ਤਰ,* ਡਾ. ਗੋਵਿੰਦ ਨਾਥ ਰਾਜਗੁਰੂ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਖੁਸ਼ਵਕਤ ਰਾਇ, *ਤਵਾਰੀਖ-ਏ-ਸਿੱਖਾਂ,* (ਅਪ੍ਰਕਾਸ਼ਿਤ ਖਰੜਾ ਲਾਇਬਰੇਰੀ ), ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਗਣਪਤਿ ਸ਼ਾਸ਼ਤ੍ਰੀ, (ਅਨੁਵਾਦਕ) *ਕੌਟਲਿਆ ਅਰਥ ਸ਼ਾਸਤਰ,* ਭਾਰਤੀ ਵਿਕਾਸ, ਪ੍ਰਕਾਸ਼ਨ, ਦਿੱਲੀ, 1924

ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987

ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ, 1999, (ਦੋ ਭਾਗ )

ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ ,* ਰਤਨ ਸਿੰਘ ਜੱਗੀ (ਡਾ.) ( ਸੰਪਾਦਕ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972

ਜੱਗੀ, ਰਤਨ ਸਿੰਘ (ਡਾ.), (ਅਧਿਐਨ, ਸੰਪਾਦਨ ਅਤੇ ਵਿਆਖਿਆ ), *ਤੁਲਸੀ ਰਮਾਇਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਨਈਅਰ, ਗੁਰਚਰਨ ਸਿੰਘ (ਡਾ.) ( ਸੰਪਾਦਕ), *ਗੁਰ ਰਤਨ ਮਾਲ (ਸੌ ਸਾਖੀ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਪਦਮ, ਪਿਆਰਾ ਸਿੰਘ, (ਸੰਪਾਦਕ), *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995

ਪਰਮਾਤਮਾ ਸ਼ਰਨ, *ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ,* ਸਾਹਿਤ ਪ੍ਰਕਾਸ਼ਨ, ਮਾਲੀਵਾੜਾ ਦਿੱਲੀ, 1977

ਬਾਬਾ ਗੁਰਦਿੱਤ ਸਿੰਘ, *ਜ਼ੁਲਮੀ ਕਥਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998, (ਦੋ ਭਾਗ)

ਬਾਬਾ ਸੰਤਾ ਸਿੰਘ (ਟੀਕਾਕਾਰ ਅਤੇ ਪ੍ਰਕਾਸ਼ਕ), *ਸ੍ਰੀ ਸਰਬ ਲੋਹ ਗ੍ਰੰਥ,* ਗੁਰੂ ਕਾਸ਼ੀ, ਬਠਿੰਡਾ, 2000 (ਦੋ ਭਾਗ)

ਬਾਲਮੀਕ, *ਰਮਾਇਣ (ਅਯੋਧਿਆ ਕਾਂਡ),* ਸ੍ਰੀ ਰਾਮ ਲਾਲ ਕਪੂਰ ਟ੍ਰਸਟ, ਅੰਮ੍ਰਿਤਸਰ, 1962

ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971 (ਦੋ ਭਾਗ)

ਭੰਗੂ, ਭਾਈ ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾਦਕ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1998

ਭੰਗੂ, ਭਾਈ ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸ਼ੀਤਲ (ਡਾ.) (ਸੰਪਾਦਕ), ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 2001

ਭੰਡਾਰੀ, ਸੁਜਾਨ ਰਾਇ, *ਖਾਲਸਤੁਤ ਤਵਾਰੀਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005

ਮਹਾਂ ਭਾਰਤ, ਤੀਜਾ ਖੰਡ *(ਸ਼ਾਂਤੀ ਪਰਵ),* ਭੰਡਾਰਕਰ ਓਰੀਐਂਟਲ ਰਿਸਰਚ ਇੰਸਟੀਚਿਊਟ, ਪੂਨਾ, 1974

ਮਹੇਂਦਰ ਮਿੱਤਲ (ਡਾ.) (ਸੰਪਾਦਕ), *ਸ਼ੁਕ੍ਰਨੀਤੀ,* ਮਨੋਜ ਪਬਲੀਕੇਸ਼ਨ, ਜੈਪੁਰ, 2009

ਮਿਸਕੀਨ, ਤਹਮਾਸਿਪ ਖ਼ਾਂ, *ਤਜਕਿਰਾ-ਇ-ਤਹਿਮਾਸਪ,* ਅਪ੍ਰਕਾਸ਼ਿਤ ਖਰੜਾ, ਖ਼ਾਲਸਾ ਕਾਲਜ, ਅੰਮ੍ਰਿਤਸਰ

ਮੋਹਨ ਲਾਲ ਸ਼ਰਮਾ (ਅਨੁਵਾਦਕ), *ਮੰਨੂ ਸਿਮ੍ਰਤੀ (ਪੁਰਾਤਨ ਹਿੰਦੂ ਧਰਮ ਸ਼ਾਸਤ੍ਰ ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1976

ਰੇਓ, ਪੰਡਿਤ ਵਿਸ਼ਵੇਸ਼ਵਰਨਾਥ, *ਰਿਗਵੇਦ ਪਰ ਏਕ ਇਤਿਹਾਸਕ ਦ੍ਰਿਸ਼ਟੀ ,* ਮੋਤੀ ਲਾਲ ਬਨਾਰਸੀ ਦਾਸ , ਦਿੱਲੀ, 1967

ਰਣਧੀਰ ਸਿੰਘ ਭਾਈ (ਸੰਪਾਦਕ) *ਪ੍ਰੇਮ ਸੁਮਾਰਗ ਗ੍ਰੰਥ ,* ਨਿਊ ਬੁੱਕ ਕੰਪਨੀ , ਮਾਈ ਹੀਰਾ ਗੇਟ , ਜਲੰਧਰ, 1965

ਰਣਧੀਰ ਸਿੰਘ ਭਾਈ (ਸੰਪਾਦਕ), *ਦਸਮ ਗ੍ਰੰਥ ਸਾਹਿ ਬ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 1995

ਵਯਾਸ, *ਬ੍ਰਾਹਮਣਤ ਪੁਰਾਣ,* ਜਗਦੀਸ਼ ਸ਼ਾਸਤ੍ਰੀ (ਸੰਪਾਦਕ), ਮੋਤੀ ਲਾਲ ਬਨਾਰਸੀਦਾਸ, ਦਿੱਲੀ, 1973

ਵਿਦਿਆਲੰਕਾਰ, ਸੁਮੇਧਾ (ਡਾ.), *ਮਹਾਂਭਾਰਤ ਮੇਂ ਸ਼ਾਂਤੀਪਰਵ ਕਾ ਆਲੋਚਨਾਤਮਕ ਅਧਿਐਨ ,* ਈਸਟਰ ਬੁੱਕ, ਲਿੰਕਰਸ, ਦਿੱਲੀ, 1984

## ਕੋਸ਼

ਅਤਰ ਸਿੰਘ (ਡਾ.) ਅਤੇ ਹੋਰ (ਸੰਪਾਦਕ), *ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ, 2001,

ਅਮਰਵੰਤ ਸਿੰਘ (ਡਾ.) (ਸੰਕਲਨ ਕਰਤਾ), *ਅਰਬੀ-ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਬਲੀ (ਸਰੋਤ ਤੇ ਵਿਆਖਿਆ ਸਹਿਤ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

ਸ਼ੀਤਲ, ਜੀਤ ਸਿੰਘ (ਡਾ.) (ਸੰਕਲਨ ਕਰਤਾ ), *.ਫ਼ਾਰਸੀ-ਪੰਜਾਬੀ ਕੋਸ਼ ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਹਰਕੀਰਤ ਸਿੰਘ (ਡਾ.)(ਸੰਪਾਦਕ), *ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼* , ਸ਼ਬਦ ਜੋੜ ਕੋਸ਼ ਸੈੱਲ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਗੁਰਚਰਨ ਸਿੰਘ (ਡਾ.) (ਸੰਪਾਦਕ), *ਸ੍ਰੀ ਗੁਰੂ ਗ੍ਰੰਥ ਕੋਸ਼* , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੋ ਜਿਲਦਾਂ)

ਜੋਸ਼ੀ, ਐਸ. ਐਸ. ਅਤੇ ਹੋਰ (ਸੰਪਾਦਕ), *ਪੰਜਾਬੀ-ਅੰਗਰੇਜ਼ੀ ਕੋਸ਼,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994

ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵ-ਕੋਸ਼,* ਗਰੇਸ਼ੀਅਸ ਬੁੱਸਕ, ਪਟਿਆਲਾ, 2014 (ਚਾਰ ਭਾਗ)

ਜੰਮੂ, ਪਰਕਾਸ਼ ਸਿੰਘ (ਸੰਪਾਦਕ), *ਸਮਾਜ ਵਿ ਗਿਆਨ ਦਾ ਵਿਸ਼ਾ -ਕੋਸ਼,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਨਾਭਾ, ਭਾਈ ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ ਮਹਾਨ-ਕੋਸ਼, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013*

ਪ੍ਰੇਮ ਪ੍ਰਕਾਸ਼ ਸਿੰਘ, (ਡਾ.)(ਸੰਪਾਦਕ), *ਸੰਸਕ੍ਰਿਤ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

## ਪੰਜਾਬੀ–ਪੁਸਤਕਾਂ

ਅਸ਼ੋਕ ਸ਼ਮਸ਼ੇਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਸਿੱਖ ਇਤਿਹਾਸ ਰਿਸਰਚ ਬੋਰਡ(ਐਸ. ਜੀ. ਪੀ. ਸੀ.), ਅੰਮ੍ਰਿਤਸਰ, 2003

ਅਜੀਤ ਸੈਣੀ , *ਆਜ਼ਾਦ ਹਿੰਦ ਫ਼ੌਜ ਦਾ ਇਤਿਹਾਸ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 1994

ਅਜਮੇਰ ਸਿੰਘ, *20ਵੀਂ ਸਦੀ ਦੀ ਸਿੱਖ ਰਾਜਨੀਤੀ (ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ),* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003-2004

ਅਬਦੁਲ ਲਤੀਫ਼ , *1857 ਦਾ ਤਾਰੀਖ਼ੀ ਰੋਜ਼ਨਾਮਚਾ* , ਖਲੀਫ਼ ਅਹਿਮਦ ਨਿਜ਼ਾਮੀ (ਸੰਪਾਦਕ) ਨਟਵਤੁਲ ਮੁਸਨਿਫੀਮ, ਦਿੱਲੀ, 1858

ਅਰਸ਼ੀ, ਸਾਹਿਬ ਸਿੰਘ (ਡਾ.) *ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ* , ਅਰੋੜਾ ਪਬਲਿਸ਼ਰਜ਼, ਚੰਡੀਗੜ੍ਹ, 1987

ਅਰਸਤੂ, *ਰਾਜਨੀਤੀ,* ਦਲੀਪ ਸਿੰਘ ਉੱਪਲ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2008

ਆਹਲੂਵਾਲੀਆ, ਐਮ. ਐਲ., *ਭਾਈ ਮਹਿਰਾਜ ਸਿੰਘ,* ਭਗਵੰਤ ਸਿੰਘ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਆਹਲੂਵਾਲੀਆ, ਐਮ. ਐਲ., ਕ੍ਰਿਪਾਲ ਸਿੰਘ (ਡਾ.), *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ* , ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999

ਐਸ. ਤਰਸੇਮ (ਡਾ.) (ਸੰਪਾਦਕ), *ਭਗਤ ਸਿੰਘ ਸੰਘਰਸ਼ ਅਤੇ ਸ਼ਹਾਦਤ,* ਨਜ਼ਰੀਆ, ਮਲੇਰਕੋਟਲਾ, 2007

ਸਤਬੀਰ ਸਿੰਘ (ਪ੍ਰਿੰ.), *ਸਾਡਾ ਇਤਿਹਾਸ ਦਸ ਪਾਤਸ਼ਾਹੀਆਂ (1469-1708),* ਨਿਊ ਬੁੱਕ ਕੰਪਨੀ, ਜਲੰਧਰ, 1979

ਸਤਬੀਰ ਸਿੰਘ (ਪ੍ਰਿੰ.), *ਅਠਾਰ੍ਹਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ* , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਸੇਠੀ, ਇੰਦਰਜੀਤ ਸਿੰਘ (ਡਾ.), *ਪੱਛਮੀ ਰਾਜਨੀਤਿਕ ਚਿੰਤਨ,* ਕਲਪਨਾ ਪ੍ਰਕਾਸ਼ਨ, ਦਿੱਲੀ, 2009

ਸ਼ੇਰ ਸਿੰਘ (ਡਾ.), *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010

ਸੈਂਸਰਾ, ਗੁਰਚਰਨ ਸਿੰਘ, *.ਗ਼ਦਰ ਪਾਰਟੀ ਦਾ ਇਤਿਹਾਸ* , ਗੁਰਚਰਨ ਸਿੰਘ ਸੈਂਸਰਾ, ਜਲੰਧਰ 1985 (ਦੋ ਭਾਗ)

ਸੁਖਦਿਆਲ ਸਿੰਘ (ਡਾ.), *ਸ਼੍ਰੋਮਣੀ ਸਿੱਖ ਇਤਿਹਾਸ (1469-1799),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, (ਦੋ ਭਾਗ)

ਸੁਖਦਿਆਲ ਸਿੰਘ (ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਰਾਜਸੀ ਚਿੱਤਰਣ ਅਤੇ ਵਿਚਾਰਧਾਰਾ,* ਸੰਗਮ ਪਬਲੀਕੇਸ਼ਨ, ਸਮਾਣਾ, 2011,

ਸੁਖਦਿਆਲ ਸਿੰਘ (ਡਾ.), *ਖ਼ਾਲਸਾ ਰਾਜ ਦਾ ਸੰਕਲਪ,* ਫੋਰ ਸਟਾਰ ਪ੍ਰਿੰਟਰਜ਼, ਪਟਿਆਲਾ, 1982

ਸੁਖਦਿਆਲ ਸਿੰਘ (ਡਾ.) *ਖ਼ਾਲਸਾ ਪ੍ਰਭੁਸੱਤਾ ਸਿਧਾਂਤ ਅਰਥਾਤ ਖ਼ਾਲਸੇ ਦੀਆਂ ਰਾਜਨੀਤਿਕ ਸੰਸਥਾਵਾਂ,* ਫੋਰ ਸਟਾਰ ਪ੍ਰਿੰਟਰਜ, ਪਟਿਆਲਾ, 1987

ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2003

ਸਰਹੱਦੀ, ਕਰਤਾਰ ਸਿੰਘ, *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ* , ਲਾਹੌਰ ਬੁੱਕ ਸ਼ਾਪ, ਲੁਧਿਆਣਾ, 1974

ਸ਼ਮਸੁਲ ਇਸਲਾਮ , *1857 ਦੇ ਬਾਗੀ ਸਿੱਖ* , ਪਰਮਜੀਤ ਸਿੰਘ ਢੀਂਗਰਾ (ਡਾ.) ( ਅਨੁਵਾਦਕ), ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, 2011

ਸੁੰਦਰ ਸਿੰਘ, *ਇਤਿਹਾਸ ਬੱਬਰ ਅਕਾਲੀ ਲਹਿਰ,* ਹੀਰਾ ਸਿੰਘ ਦਰਦ (ਸੋਧਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003

ਸ਼ੀਤਲ, ਸੋਹਣ ਸਿੰਘ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987

ਸ਼ੀਤਲ, ਜੀਤ ਸਿੰਘ (ਡਾ.) (ਸੰਪਾਦਕ), *ਬੁੱਲੇ ਸ਼ਾਹ ਜੀਵਨ ਤੇ ਰਚਨਾ* , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਹੋਤੀ, ਬਾਬਾ ਪ੍ਰੇਮ ਸਿੰਘ, *ਨਵਾਬ ਕਪੂਰ ਸਿੰਘ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1952

ਹੋਤੀ, ਬਾਬਾ ਪ੍ਰੇਮ ਸਿੰਘ, *ਪੰਜਾਬ ਦਾ ਸਮਾਜਕ ਇਤਿਹਾਸ ਖ਼ਾਲਸਾ ਰਾਜ -ਕਾਲ ਵਿਖੇ,* ਫ਼ੌਜਾ ਸਿੰਘ (ਡਾ.) (ਸੰਪਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

ਕਪੂਰ ਸਿੰਘ, ਸਿਰਦਾਰ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਗੁਰਮੁਖ ਸਿੰਘ (ਸੰਪਾਦਕ), ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009

ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ,* ਬਲਦੇਵ ਸਿੰਘ, ਇੰਡਸਟਰੀਅਲ ਕੰਪਲੈਕਸ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ, ਮਿਤੀ ਰਹਿਤ

ਕਰਮ ਸਿੰਘ ਹਿਸਟੋਰੀਅਨ, *ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ ਸੀ* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਿਤੀ ਰਹਿਤ

ਕਨਿੰਘਮ, ਜੇ. ਡੀ., *ਸਿੱਖ ਇਤਿਹਾਸ,* ਗੁਰਮੁਖ ਸਿੰਘ ਗੁਰਮੁਖ (ਅਨੁਵਾਦਕ), ਲੋ ਪਰਾਈਸ ਪਬਲੀਕੇਸ਼ਨ, ਦਿੱਲੀ, 1967

ਕਿਰਪਾਲ ਸਿੰਘ (ਡਾ.), *ਪੰਜਾਬ ਦਾ ਬਟਵਾਰਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਖੁਸ਼ਵੰਤ ਸਿੰਘ, *ਸਿੱਖ ਹਿਸਟਰੀ,* ਪਿਆਰਾ ਸਿੰਘ ਐਮ. ਏ. (ਅਨੁਵਾਦਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2004

ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ (ਅਨੁਵਾਦਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, (ਦੋ ਭਾਗ)

ਗਰਜਾ ਸਿੰਘ, ਗਿਆਨੀ (ਸੰਪਾਦਕ), *ਸ਼ਹੀਦ ਬਿਲਾਸ ਭਾਈ ਮਨੀ ਸਿੰਘ* , ਪੰਜਾਬ ਸਾਹਿਤ ਅਕਾਦਮੀ, ਲੁਧਿਆਣਾ, 1961

ਗਿੱਲ, ਅਮਨਪ੍ਰੀਤ ਸਿੰਘ, *ਰਾਜਨੀਤਿਕ ਸਿਧਾਂਤ ਦੇ ਪ੍ਰਮੁੱਖ ਸੰਕਲਪ,* ਆਦਿਕਾ ਪ੍ਰਕਾਸ਼ਨ, ਅੰਮ੍ਰਿਤਸਰ, 2003

ਗਿੱਲ, ਮਹਿੰਦਰ ਕੌਰ (ਡਾ.) (ਸੰਪਾਦਕ), *ਸ਼ਹੀਦੀ ਪਰੰਪਰਾ ਤੇ ਸਿੱਖ ਇਤਿਹਾਸ*, ਵਿਜਯ ਪਬਲੀਕੇਸ਼ਨ, ਨਵੀਂ ਦਿੱਲੀ, 1997

ਗਰੇਵਾਲ, ਜੇ. ਐਸ. (ਡਾ.), *ਅਕਾਲੀਆਂ ਦੇ 75 ਸਾਲ,* ਪੰਜਾਬ ਸਟੱਡੀਜ਼ ਪਬਲੀਕੇਸ਼ਨਜ਼, ਚੰਡੀਗੜ੍ਹ, 1996

ਗੁਪਤਾ, ਅੰਮ੍ਰਿਤ ਲਾਲ, *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ,* ਪੰਜਾਬੀ ਪਬਲੀਸ਼ਰਜ, ਜਲੰਧਰ, 1964

ਗੁਪਤਾ, ਹਰੀ ਰਾਮ, *ਸਿੱਖ ਇਤਿਹਾਸ (1739-1799),* ਬਲਦੇਵ ਸਿੰਘ (ਅਨੁਵਾਦਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀ ਰਹਿਤ

ਗੁਰਭਗਤ ਸਿੰਘ (ਡਾ.) *ਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕਤਾ: ਵਿਸ਼ਵ ਸਭਿਆਚਾਰ ਨੂੰ ਦੇਣ,* ਸਤਿੰਦਰ ਸਿੰਘ ਨੂਰ (ਸੰਪਾਦਕ), ਪੰਜਾਬੀ ਸਹਿਤ ਸਭਾ, ਨਵੀਂ ਦਿੱਲੀ, 1999

ਗੁਰਚਰਨ ਸਿੰਘ (ਡਾ.), *ਸ਼ਹੀਦ ਊਧਮ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਗੁਰਦੇਵ ਸਿੰਘ ਸਿੱਧੂ, (ਸੰਪਾਦਕ), *ਰੋਜ਼ਨਾਮਚਾ ਮੋਰਚਾ ਗੁਰੂ ਕਾ ਬਾਗ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

*ਗੁਰਦੁਆਰਾ ਗਜ਼ਟ,* (ਸੰਪਾਦਕ ਸਕੱਤਰ), ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1987

ਗੁਰਮੀਤ ਸਿੰਘ, *ਫ਼ੇਲੂਅਰਜ਼ ਆਫ਼ ਅਕਾਲੀ ਲੀਡਰਸ਼ਿਪ,* ਬਲਦੇਵ ਸਿੰਘ (ਪ੍ਰਕਾਸ਼ਕ), ਸਿਰਸਾ, 1981

ਗੰਡਾ ਸਿੰਘ (ਡਾ.), *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਰਹਿਤ

ਗੰਡਾ ਸਿੰਘ (ਡਾ.), *ਕੂਕਿਆਂ ਦੀ ਵਿਥਿਆ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000

ਗੰਡਾ ਸਿੰਘ (ਡਾ.), *ਬੰਦਾ ਸਿੰਘ ਬਹਾਦਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਗੋਬਿੰਦ ਸਿੰਘ ਨਿਰਮਲ ਉਦਾਸੀ, *ਇਤਿਹਾਸ ਗੁਰੂ ਖ਼ਾਲਸਾ*, ਪ੍ਰਿਥੀਪਾਲ ਸਿੰਘ ਕਪੂਰ (ਸੰਪਾਦਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991

ਘੁੰਮਣ, ਬਿਕਰਮ ਸਿੰਘ, *ਗ਼ਦਰੀ ਬਾਬਾ ਵਿਸਾਖਾ ਸਿੰਘ*, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982

ਚਾਵਲਾ, ਹਰਬੰਸ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਿਕ ਚਿੱਤਰ*, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1990

ਜਸਪਾਲ ਸਿੰਘ (ਡਾ.), *ਰਾਜ ਦਾ ਸਿੱਖ ਸੰਕਲਪ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2009

ਜਸਪਾਲ ਸਿੰਘ, *ਸਿੱਖ ਧਰਮ ਤੇ ਰਾਜਨੀਤੀ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997

ਜ਼ਖ਼ਮੀ, ਕਰਮ ਸਿੰਘ, *ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ,* ਪ੍ਰੀਤ ਪ੍ਰਕਾਸ਼ਨ, ਅੰਮ੍ਰਿਤਸਰ, 1987

ਜਗਜੀਤ ਸਿੰਘ, *ਸਿੱਖ ਇਨਕਲਾਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2002

ਜਗਜੀਤ ਸਿੰਘ, *.ਗ਼ਦਰ ਪਾਰਟੀ ਲਹਿਰ,* ਸਿੱਖਿਆ ਸੀਕਰਜ਼, ਚੰਡੀਗੜ੍ਹ, 2012, (ਦੋ ਭਾਗ)

ਜਗਮੋਹਨ ਸਿੰਘ (ਸੰਪਾਦਕ) ਅਤੇ ਗੁਰਸ਼ਰਨ ਸਿੰਘ (ਅਨੁਵਾਦਕ), *ਪਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007

ਜੋਸ਼, ਸੋਹਣ ਸਿੰਘ, *ਅਕਾਲੀ ਮੋਰਚਿਆਂ ਦਾ ਇਤਿਹਾਸ,* ਨਵਯੁਗ ਪਬਲਿਸ਼ਰਜ਼, ਦਿੱਲੀ, 1972

ਜੱਗੀ, ਰਤਨ ਸਿੰਘ (ਡਾ.), *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤ੍ਰਤਾ ਦੀ ਭਾਵਨਾ,* ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1967

ਜੋਗਿੰਦਰ ਸਿੰਘ (ਪ੍ਰੋ.), *ਸਿੱਖ ਧਰਮ ਤੇ ਸਿੱਖ ਪੰਥ,* ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 1971

ਜੁਮਿੰਡਾ, ਹਰਭਜਨ ਸਿੰਘ, *ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਅਤੇ ਸਵੈ ਜੀਵਨੀ (1895-1982),* ਮਾਲਵਿੰਦਰ ਸਿੰਘ ਵੜੈਚ ਅਤੇ ਸੀਤਾ ਰਾਮ ਬਾਂਸਲ (ਸੰਪਾਦਕ), ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਝੱਬਰ, ਕਰਤਾਰ ਸਿੰਘ, *ਅਕਾਲੀ ਮੋਰਚੇ ਤੇ ਝੱਬਰ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, 1967

ਝੱਬਰ, ਕਰਤਾਰ ਸਿੰਘ, *ਅਕਾਲੀ ਮੋਰਚੇ 'ਤੇ ਝੱਬਰ,* ਨਰੈਣ ਸਿੰਘ ਐਮ . ਏ. (ਸੰਪਾਦਕ), ਨੈਸ਼ਨਲ ਬੁੱਕ ਸ਼ਾਪ, ਦਿੱਲੀ, 1967

ਤਾਰਨ ਸਿੰਘ (ਸੰਪਾਦਕ), *ਗੁਰੂ ਤੇਗ਼ ਬਹਾਦਰ ਜੀਵਨ , ਸੰਦੇਸ਼ ਤੇ ਸ਼ਹਾਦਤ ,* ਪੰਜਾਬੀ ਯੂਨੀਵਰਸਿਟੀ , ਪਟਿਆਲਾ, 1976,

ਤਾਰਾ ਚੰਦ (ਡਾ.), *ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ ,* ਭਾਸ਼ਾ ਵਿਭਾਗ, ਪੰਜਾਬ, 1961, (ਦੋ ਭਾਗ)

ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ.), *ਸਿੱਖ ਇਤਿਹਾਸ* (1469-1765), ਭਗਤ ਸਿੰਘ (ਡਾ.), (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਦਰਸ਼ਨ ਸਿੰਘ, *ਸਿੱਖ ਅਤੇ ਆਜ਼ਾਦੀ ਦੀ ਲਹਿਰ,* ਈਸਟਰਨ ਪੰਜਾਬ ਪਬਲਿਸ਼ਰ, ਦਿੱਲੀ, 1977

ਦੱਤ, ਵੀ. ਐਨ., *ਜੱਲ੍ਹਿਆਂ ਵਾਲਾ ਬਾਗ਼,* ਸੂਬਾ ਸਿੰਘ (ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972

ਦਿਲਗੀਰ, ਹਰਜਿੰਦਰ ਸਿੰਘ , (ਡਾ.), *ਸਿੱਖ ਤਵਾਰੀਖ਼ (1469-1947),* ਸਿੱਖ ਯੂਨੀਵਰਸਿਟੀ ਪ੍ਰੈੱਸ , ਬੈਲਜੀਅਮ, 2008, (ਤਿੰਨ ਭਾਗ)

ਨਰੈਣ ਸਿੰਘ (ਐਮ. ਏ), *ਅਕਾਲੀ ਮੋਰਚੇ ਤੇ ਝੱਬਰ ,* ਧਰਮ ਪ੍ਰਚਾਰ ਕਮੇਟੀ (ਐਸ. ਜੀ. ਪੀ. ਸੀ.), ਸ੍ਰੀ ਅੰਮ੍ਰਿਤਸਰ, 2009

ਨਾਰੰਗ, ਗੋਕਲ ਚੰਦ, *ਸਿੱਖ ਮੱਤ ਦਾ ਪਰਿਵਰਤਨ,* ਗੁਰਚਰਨ ਸਿੰਘ (ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਪ੍ਰਤੀਮ ਸਿੰਘ (ਪ੍ਰੋ.), *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003

ਪੰਨੂ, ਹਰਪਾਲ ਸਿੰਘ (ਡਾ.), *ਗੌਤਮ ਤੋਂ ਤਾਸਕੀ ਤੱਕ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਫਰਾਂਸਿਸ ਡਬਲਿਊ ਕੋਚਰ, *ਆਧੁਨਿਕ ਰਾਜਨੀਤਿਕ ਚਿੰਤਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਬਰਾੜਾ, ਗੁਰਚਰਨ ਸਿੰਘ, *ਭਾਰਤੀ ਆਜ਼ਾਦੀ ਦਾ ਅੰਦੋਲਨ ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1975

ਬੱਬਰ, ਸੁੰਦਰ ਸਿੰਘ, *ਇਤਿਹਾਸ ਬੱਬਰ ਅਕਾਲੀ ਲਹਿਰ ,* ਹੀਰਾ ਸਿੰਘ ਦਰਦ (ਸੋਧਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ 2003

ਬੈਨਰਜੀ, ਇੰਦੂਭੂਸ਼ਨ, *ਖ਼ਾਲਸੇ ਦੀ ਉਤਪਤੀ ,* ਪ੍ਰਿਤਪਾਲ ਸਿੰਘ , ਐਸ. ਐਸ. ਸੋਢੀ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009 (ਦੋ ਜਿਲਦਾਂ)

ਭਜਨ ਸਿੰਘ ਗਿਆਨੀ, *ਸਾਡੇ ਇਤਿਹਾਸਕ ਗੁਰਧਾਮ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012

ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2000

ਭਾਈ ਸਾਹਿਬ, *ਭਾਈ ਮਨੀ ਸਿੰਘ ਜੀ,* ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2002

ਭੋਰਛੀ, ਚਰਨ ਸਿੰਘ , *ਆਜ਼ਾਦੀ ਦਾ ਘੋਲ ਸਿੱਖਾਂ ਦਾ ਰੋਲ ,* ਸ੍ਰੀਮਤੀ ਪਿਆਰ ਕੌਰ (ਪ੍ਰਕਾਸ਼ਕ), ਸ੍ਰੀ ਅੰਮ੍ਰਿਤਸਰ, 2000

ਮਹਿੰਦਰ ਸਿੰਘ, *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005

ਮੋਹਣ ਸਿੰਘ (ਜਨਰਲ), *ਫੌਜੀਆਂ ਦੀ ਆਜ਼ਾਦੀ ਨੂੰ ਦੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975

ਮੁਹੰਮਦ ਇਕਬਾਲ (ਡਾ.), *ਬਾਂਗਿ-ਦਰਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961

ਮੁਹੰਮਦ ਲਤੀਫ਼ , *ਪੰਜਾਬ ਦਾ ਇਤਿਹਾਸ ,* ਗੁਰਮੁਖ ਸਿੰਘ ਗੁਰਮੁਖ (ਅਨੁਵਾਦਕ), ਲਾਹੌਰ ਬੁੱਕ ਸ਼ਾਪ , ਲੁਧਿਆਣਾ, 1993

ਮੈਕਾਲਿਫ, ਮੈਕਸ ਆਰਥਰ , *ਸਿੱਖ ਇਤਿਹਾਸ ,* ਅਜਾਇਬ ਸਿੰਘ (ਅਨੁਵਾਦਕ), ਲਾਹੌਰ ਬੁੱਕ ਸ਼ਾਪ , ਲੁਧਿਆਣਾ, 2010

ਮੈਕਾਲਿਫ, ਮੈਕਸ ਆਰਥਰ , *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ ,* ਧਰਮ ਸਿੰਘ(ਡਾ.) (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਮੈਥਿਲੀ ਸ਼ਰਨ ਗੁਪਤ, *ਗੁਰੂ ਕੁਲ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਮਦਨ ਗੋਪਾਲ ਆਚਾਰੀਆ (ਡਾ.), *ਆਦਿ-ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ, ਪੰਜਾਬ, 2001

ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005

ਰਾਏ, ਸਤਿਆ ਐਮ ., *ਪੰਜਾਬੀ ਵੀਰ ਪਰੰਪਰਾ (1900-1947)* ਦਲੀਪ ਸਿੰਘ ਉੱਪਲ (ਅਨੁਵਾਦਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਲਾਸਕੀ, ਜੇ. ਐਚ., *ਰਾਜਨੀਤੀ ਵਿਆਕਰਣ,* ਹਰਮੰਦਰ ਸਿੰਘ (ਪ੍ਰੋ.)( ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਲਾਲਾ ਦੌਲਤ ਰਾਇ , *ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ,* ਗੁਰਮਤਿ ਸਾਹਿਤ ਚੈਰੀਟੇਬਲ ਟਰੱਸਟ , ਅੰਮ੍ਰਿਤਸਰ, 2006

ਲਾਲ ਸਿੰਘ, ਗਿਆਨੀ, *ਪੰਜਾਬ ਦੀ ਵੀਰ ਪਰੰਪਰਾ (ਆਦਿ ਕਾਲ ਤੋਂ ਆਧੁਨਿਕ ਕਾਲ ਤੱਕ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

**ਅਖ਼ਬਾਰ ਤੇ ਰਸਾਲੇ**

*ਅਕਾਲੀ ਤੇ ਪ੍ਰਦੇਸੀ* (ਅੰਮ੍ਰਿਤਸਰ)

*ਰੋਜ਼ਾਨਾ ਅਕਾਲੀ* (ਲਾਹੌਰ)

*The Tribune* (Lahore)

*ਜਵਾਹਰ ਲਾਲ ਨਹਿਰੂ ਅਤੇ ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975

## ENGLISH

### Encyclopedia, Dictionary And Thesises

Attar Singh(Dr.), *The Principle in modern punjabi poetry,* Modern india language Dept., Delhi University, 1971 (Thesis)

Erwin Von Beckrnath, *Encyclopedia of Social Science***,** Macmillan Company, the Free Press, USA, 1968

Karon, Jacobs, spark, (Editor), *Encyclopedia Britannica,* macropaedia Knowledge in depth, Chicago, 2006 (vol.6),

*LATIN DICTIONARY* (Latin-English) Revised by J. R. V. Merchant, M. A, & Joseph F. Charles, B.A. Class ell and Company, Limited, London, 1897

Willam Geddie (Editor), *Chamber's Twentieth Centaury Dictionary,* Allied Publishers, New Delhi, 1969,

## ENGLISH BOOKS

Ahluwalia, Jasbir Singh, *Sovereignty of Sikh the doctrine( Sikhism in the perspective of modern thought*), Singh Brothers, Amritsar, 2006

Ahluwalia, M.L., *Kuka's; The Freedom Fighters of The Punjab***,** Allied Publishers, Bombay, 1965

Alexander, *On The Political Power of Sikh beyond the Indus,* **,** Harmod Worth's, New York, 1944

Anderson, J. D, *The people of India,* W. Crooke (Ed.), Thacker, Spink, Calcutta 1915

Aristotle, *Politics,* Random House, The Modern Library, New York, 1943

Arvinder Singh, Sikh Political Thought, (1469-1708), Unistar books, Chandigarh, 2015

Asharf, K.M., *Life and Condition of the People of Hindustan,* Navyug Publishers, New Delhi, 1970

Askari, Hasan, "*Society and State in Islam An introduction,* New Delhi, Islam and the Modern Age Society, Jamia Nagar, 1978

Baddan, Baldev Singh (Dr.), *Fighter for freedom, Maharaja Daleep Singh***,** National Book Shop, Delhi, 2007

Barker, Earnest**:** *Greek political ; Theory Plato and His Predecessors.,* Methuen & Co. Ltd., London, Reprint, 1957

Baron Huge, *Travels in Kashmir* , Johan Pathern-71, chancery Lane, London, 1845

Benoy Kumar Sarkar (Translator), *The Sukraniti,* Oriental book reprinting, New Delhi, 1978,

Bhagat Singh, *Sikh Polity( In the eighteen and nineteenth centuries),* Orient publishers, New Delhi, 1978

Bhagwan, Vishnoo, *Indian Political Thinkers, Atma ram,* Delhi, 1976

Bukhs, S. Khuda, *"Essays Indian and Islamic,* Idarah-1, Adabigat-1, Delhi,1993

Chawla, Harbans Singh(Editor), *Guru Nanak, The Prophet Of The people, Advent Of Sikh Religion***,** Gurdwara Shri Guru Singh Sabha, New Delhi, 1970

Col. pollier, *Early European Accounts of the Sikhs,* Ganda Singh (Dr.) (Editor), Todays Tomorrow's printers publishers, Faridabad, 1974

Cook, *History of Political philosophy,* The Modern Library, New York, 1967

Das, Abinas Chandra, *RG Vedic Culture,* Bhatia Publication House, Delhi, 1979

Dubois, ABBE J.A. (Editor), *Hindu Manners, Customs and Ceremonies, Henry*. K. Beauchamp, (Translator), 3rd Oxford Clare don press, London, 1959

Day, U.N., *The Mugal Government L A; D 1556-1707,* Bhatia vidya prakashan, New Delhi, 1970

Dunning, William, Archibald, *A History of Political Theories***,** Allahabad, Central, Book Depot, 1976 (2-Part)

Durga Dass (Editor), *Sardar Patel's correspondent,* George Allen and unwin, Bombay, 1970

Ebenstien, William, *Great Political Thinkers,* Oxford & IBH Publishing Co., Calcutta, Indian Edition, 1969

Ebenstien, William, *Modern Political Thought-The Great Issues***,** Oxford & IBH Publishing Co., New Delhi, 1960

Everyman (Editor.),*Utilitarianism, Liberty & Represent Government***,** Introduction by A.D Lindsay, Bombay, 1959

Fauja Singh (Dr.), *A Brief Account of the Freedom Movement in the Punjab***,** Punjabi, Uni., Patiala, 1972

Fauja Singh (Dr.), *Kuka Movement, (An Important Phase in Punjab's role in Indians Struggle for freedom,)* Motilal Banarsidass, Delhi, 1965

Forster, George, *A Journey from Bengal to England,* Language Dept. Punjab, Patiala, 1970

Forster, M. B., *Master of Political Thought***,** George G. H. & Co. Ltd., London, reprint, 1969

Forster, William, *Early Travels in India (1583-1619),* Oxford University, London, 1824,

Gandhi, Surjit Singh, *Sikh in the Eighteenth Century***,** Singh Brothers, Amritsar, 1999,

Gettell**,** R. G., *History of Political Thought,* Lawrence L Wan lass, Surjeet Publication, Delhi, 1981

Gian Abdulalah sahib (Translator), *Pvitar kuran* (*text with Gurumukhi Translation),* Fazle Umar printing press, Qudian, 2009

Gopal Singh (Dr.), *A History of The Sikh People (1469-1988),* World Book Center, New Delhi, 1988

Gopal Singh (Dr.), *Guru Gobind Singh***,** National Book Trust, New Delhi, 1969,

Gordon, J.H., *The Sikhs,* William Blackwood and sons, London, 1883

Grewal, J S, *Miscellaneous articles,* Guru Nank dev University, Amritsar, 1974

Griffin, Lepel, H., *Rajas of Punjab,* Ludgate, London, 1873

Gulati, Kailash Chander**,** *Akali,s Past and Present,* Asha Janak Publications, Delhi, 1974

Gupta, Hari Ram, *History of The Sikh s (1469-1708)* **,** Munshiram Manoharlal Pvt. Ltd, New Delhi, 2008,(vol .5)

Hardas, Balshastri, *Armed Struggle for Freedom in Indian 1857,* Kal parkashan, 1958, Poona, 1978

Harnam Dass (Dr.), *Guru Nanak,s Philosophy of Divine Life,* Juneja Publications, Chandigarh, 1969

Henry Beveridge (Editor) *Tuzuk-I-Jahangiri***.**, Munshiram Manoharlal, New Delhi 1978 (3rd Edition)

Hodson, H. V., *The great divide*, *Britain- India-Pakistan*, H. V. Hodson, Hutchinson, London, 1969

Hughes, Cook, *Sikh's Wars, The British Army in Punjab (1845-1849),* Thomson press, Delhi, 1975

Hutton, J. H., *Cast In India, Its nature, Function, and Origins* **,** Oxford University press, Bombay, 1963

Irwin William, *The Later Mughals,* Jadunath sarkar(Editor), Munshiram manoharlal Publishers Pvt. Ltd., New Delhi, 1996

J S Mill, *Man and State,* Political Philophoer**,** Augustus M Kelley, New York, 1963

Jacque Mont, Victor, *Letters from India,* Edward Chariton, 26 Holes Street, London, 1834

Jaswant Singh, *Master Tara Singh***,** Super Press, New Delhi, 1960

Joad, C.E.M., *Introduction to Modern Political Theory,* Oxford University press, Delhi, 1974

Johan mender, *The Sikh Problem in Punjab(1923),* Thacker Spink, Calcutta, 1967

Johari, J. C., *Contemporary Political Theory,* Sterling Publishers Pvt. Ltd, Bombay, 2001

Kapur Singh, (ICS), *Parasharprasna or The Baisakhi of Guru Gobind Singh,* Hind Publishers Ltd., Jallandur, 1959

Karl Marx , *Man & State Political Philosophy,* Communist Manifesto, Bombay, 1968

Karnail Singh, *Anglo Sikh Wars and inside tale***s,** Dharm parchar committee (SGPC), Amritsar, 1998

Khosla, Gopal Dass, *Seter Reckoning,* Bhawani,s Sons, New Delhi 1949

Kohli, Sita Ram, *Sunset of the Sikh Empire*, Orient Longmans Ltd., Bombay, 1967

Kurmi, Seema Roy, *Liberty in Indian Political Thinking, (A comparative Study of Gandhi and Nehru,),* Radha publications, New Delhi, 2006

Lock Hume and Rousseau, Jean, Jacques, *Social contract,* Maurice Cranston (Translator), Penquin Books, England, 1975

Lock, *Treatises on Civil Government,* Maurice Cranston (Translator), Penquin Books, England, 1968

M' Gregor, W.L., *History of the Sikhs (vol.1),* James Madam, London, 1846

M. K Gandhi, *Hind Swaraj or Home India Rule,* Navjivan Publishing House, Ahmedabad, 1938

Machiavelli, Niccole, *The Prince and Discourse*, The Modern Library,New York, 1950

Malcom, *Sketch Of The Sikhs,* Prithipal Singh Kapur (Editor)**,** Satvic Media PVT. Limited, Amritsar, 2007

Malleson, G.B., *Decisive Battles of India (1746-1849)*, Reeves & Turner, London 1914

Mawlana Abul Kalam Azad, (Ed .), *The Tarjuman ai-Qura'n,* Dr. Syed Abdul Latif (Translator) vol-II, Dr. Syed Abdul Latif Trust for Quran, Other Cultures hides, Hyderabad, 1967.

Max Weber, *Religion in India; the Sociology of Hinduism and Buddhism,* Hans H. Girth and Don, (Translator and Editor) The Free Press, Glencoe, 1960

Mohanty, D.K, *Indian Political Tradition,* Anmol Publication Pvt. Ltd, New Delhi, 1997

Narayan, J P., *Towards Total Revolution***,** Brahman (Editor), popular parkashan, Bombay, 1978.

Nehru, Jawaharlal Nehru, *The Discovery of India,* Asia publishing House, Bombay, 1972

Nicholas Mansergh (Editor), *The Transfer of power 1942-71* Her Majestry,s , Stationary, Office, London, 1970

P.N.K Bazmai, *A History of Kashmir*, Metropolitan Book Co., Delhi, 1973

Parmar( Dr.), *A Study of Kautlya, Arthsathstra,* Bhartya Vidya parkashn, New Delhi, 1985

Penderal Moon, *Divide And Quite***,** Chatto and winds, London, 1962

Roy, B.N., R. K. Mishra, *Indian political Thought*, Kaveri Books, New Delhi, 2012

Roy, M.N., New *Humanism A Manifesto,* Ajanta Publication, Delhi, 1981

Sabine, George. H., *A History of Political Theory,* Oxford & IBh Publishing Co., Indian Edition, New Delhi, 1973

Sahni, Ruchi Ram, *The Struggle For Sikh Shrines***,** Ganda Singh (Edtior), Sikh Ithas research Board (S.G.P.C.), Amritsar, 1964

Sardul Singh Kavisher, The *Akali Movement 1944,* Ganda Singh (Dr.) (Edtior), National Publication, Delhi, 1950

Seervai, H.M. *Partition of India,* Legend and reality N.M Tripathi, Bombay, 1994

Singh, Sukhbir: A *History of Political Thought,* Rastogi & Co. Meerut, 1974 (vol.ll,)

Surjit Singh Hans, *A Reconstruction Of Sikh History From Sikh Literature,.*ABC Publication, Jalandhar, 1988

Teja Singh, *Gurdwara Reform Movement and Sikh Awakening,* Sikh Itihas Research Board, (SGPC), Amritsar, 2000

Teja Singh, *Martyrdom of Guru Arjan,* Bhai Chattar Singh jiven Singh, Amritsar, 2004

Tuteja, Kundan lal, *Sikh Politics, 1920-40*, Vishal Publications, University Campus, Kurukshetra, 1984

Verma, V. P., *Modern Indian Political Thought,* Agarwal Publications, Patna, 1971

Vigne, G. T., *Travels in Kashmir,* Ladakh, Iskarede, Henry Colburn, London, 1844

Wayper, C. L., *Political Thought*, English University Press Ltd., London, 1958

Whrite, *Religion and Society in ancient India***,** Bhatia vidya prakashan, New Delhi, 1985